# ਭਾਈ ਗੁਰਦਾਸ ਦੀਆਂ ਵਾਰਾਂ ਦਾ
# ਬਿਰਤਾਂਤ-ਸ਼ਾਸਤਰੀ ਅਧਿਐਨ
(ਪਹਿਲੀ ਅਤੇ ਗਿਆਰਵੀਂ ਵਾਰ ਦੇ ਆਧਾਰ ’ਤੇ)

**BHAI GURDAS DIAN WARAN DA**
**BIRTANT-SHASTRI ADHIYAN**
**(PEHLI ATE GIARVIN WAR DE ADHAR TE)**

**A THESIS**
**Submitted to the**
**FACULTY OF LANGUAGES**
**PANJAB UNIVERSITY, CHANDIGARH**
**for the Degree of**
**DOCTOR OF PHILOSOPHY**
**2012**

P.U. LIBRARY ★ CHANDIGARH ★

**SUKHDEV SINGH**
**SCHOOL OF PANJABI STUDIES**
**PANJAB UNIVERSITY,**
**CHANDIGARH**

# ਤਤਕਰਾ


**ਭੂਮਿਕਾ** 1-8

ਅਧਿਆਇ ਪਹਿਲਾ : 9-65

**ਬਿਰਤਾਂਤ-ਸ਼ਾਸਤਰ: ਸਿਧਾਂਤ ਤੇ ਅਧਿਐਨ ਵਿਧੀ**

(ੳ) ਬਿਰਤਾਂਤ : ਪਰਿਭਾਸ਼ਾ, ਸੰਕਲਪ ਅਤੇ ਰੂਪ-ਵਿਧਾ

(ਅ) ਬਿਰਤਾਂਤ ਅਤੇ ਬਿਰਤਾਂਤ-ਸ਼ਾਸਤਰ

(ੲ) ਬਿਰਤਾਂਤ-ਸ਼ਾਸਤਰੀ ਅਧਿਐਨ ਵਿਧੀ
ਅਕਤਾਂਸ਼ੀਅਲ ਮਾਡਲ-ਰੂਪਵਾਦੀ-ਸੰਰਚਨਾਵਾਦੀ-ਉੱਤਰ ਆਧੁਨਿਕ ਪਰਿਪੇਖ

(ਸ) ਪੂਰਬੀ ਬਿਰਤਾਂਤਾਂ ਦੀ ਦੂਹਰੀ ਅਰਥ-ਸਿਰਜਣ ਪ੍ਰਕਿਰਿਆ ਅਤੇ
ਉਸ ਦਾ ਅਧਿਐਨ-ਚੌਖਟਾ

ਅਧਿਆਇ ਦੂਜਾ : 66-110

**ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਬਿਰਤਾਂਤਕ-ਪ੍ਰਗਟਾਅ**

(ੳ) ਗੁਰੂ ਦੀ ਸੰਕਲਪਨਾ ਦਾ ਬਿਰਤਾਂਤ

(ਅ) ਗੁਰੂ ਨਾਨਕ ਦੇ ਜੀਵਨ ਦੇ ਪ੍ਰਮਾਰਥੀ ਸੰਦਰਭ

(ੲ) ਗੁਰਮਤਿ ਦਰਸ਼ਨ ਦੇ ਨਿਵੇਕਲੇ ਸੰਦਰਭਾਂ ਦਾ ਪ੍ਰਗਟਾਅ

ਅਧਿਆਇ ਤੀਜਾ: 111-154

**ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਬਿਰਤਾਂਤਕ ਅਰਥ-ਵਿਉਂਤ**

(ੳ) ਆਤਮ ਅਤੇ ਗੁਰੂ ਦੇ ਅੰਤਰ-ਸੰਬੰਧ

(ਅ) ਗੁਰੂ ਅਤੇ ਪਰਮ-ਆਤਮ ਵਿਚ ਸੁਮੇਲ

(ੲ) ਗਿਆਨ ਤੇ ਰੋਸ ਅਤੇ ਪ੍ਰਮਾਰਥ ਤੇ ਹਿੰਸਾ ਦੀ ਨਿਵੇਕਲੀ ਅਰਥ-ਵਿਉਂਤ

ਅਧਿਆਇ ਚੌਥਾ: 155-211

**ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦਾ ਬਿਰਤਾਂਤਕ ਪ੍ਰਗਟਾਅ**

(ੳ) ਸਮਕਾਲ ਅਤੇ ਮਿਥਿਹਾਸ ਦੇ ਬਿਰਤਾਂਤਕ-ਪਾਸਾਰ

(ਅ) ਕਾਵਿਕਤਾ ਅਤੇ ਬਿਰਤਾਂਤਕਤਾ ਦਾ ਰਚਨਾਕਾਰੀ ਰਿਸ਼ਤਾ

(ੲ) ਤੱਥ ਤੇ ਕੱਥ (fact and fiction) ਦਾ ਆਪਸੀ ਰੂਪਾਂਤਰਨ

(ਸ) ਇਤਿਹਾਸ ਅਤੇ ਬਿਰਤਾਂਤ ਸਿਰਜਣ ਵਿਚ ਸੰਜਮ

ਅਧਿਆਇ ਪੰਜਵਾਂ: 212-252

ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਬਿਰਤਾਂਤਕ-ਅਰਥ ਵਿਉਂਤ

(ੳ) ਇਕਾਲਕ ਅਤੇ ਪਾਰਗਾਮੀ ਸੰਦਰਭਾਂ ਦਾ ਸੁਮੇਲ

(ਅ) ਦੂਹਰੀ ਅਰਥ-ਸਿਰਜਣ ਪ੍ਰਕਿਰਿਆ

(ੲ) ਸਿੱਖ ਅਤੇ ਗੁਰੂ ਦੇ ਆਪਸੀ ਰਿਸ਼ਤੇ ਦੀ ਰੂਪ-ਵਿਧੀ

ਅਧਿਆਇ ਛੇਵਾਂ: 253-292

ਭਾਈ ਗੁਰਦਾਸ ਦੀਆਂ ਵਾਰਾਂ: ਬਿਰਤਾਂਤਕ ਪ੍ਰਵਚਨ

(ੳ) ਨਵੇਂ ਅਧਿਆਤਮਕ ਅਤੇ ਵਿਵਹਾਰਕ ਆਚਾਰ ਦੀ ਪਰਿਕਲਪਨਾ

(ਅ) ਗਿਆਨ ਅਤੇ ਰੋਸ ਦੇ ਸੰਤੁਲਿਤ ਪਾਸਾਰਾਂ ਦੀ ਸਿਰਜਣਾ

(ੲ) ਮਾਨਵੀ ਪਹਿਚਾਣ ਦੀ ਬਿਰਤਾਂਤਕਤਾ

(ਸ) ਵਿਅਕਤੀ, ਸਮੂਹ ਅਤੇ ਪ੍ਰਮਾਰਥ ਦੇ ਸੰਤੁਲਨ ਦੀ ਜਗਿਆਸਾ

**ਨਿਸ਼ਕਰਸ਼ :** 293-298

**ਪੁਸਤਕ ਸੂਚੀ :** 299-311

# ਭੂਮਿਕਾ

ਮੱਧ ਕਾਲ ਵਿਚ ਭਾਵੇਂ ਇਸਲਾਮੀ ਸਾਮਰਾਜ ਨੇ ਪੰਜਾਬੀਆਂ ਉਤੇ ਰਾਜਨੀਤਿਕ ਗ਼ਲਬਾ ਕਾਇਮ ਕਰ ਲਿਆ ਸੀ ਪਰ ਉਹ ਇਹਨਾਂ ਵਿਚਲੀ ਅਣਖ ਦੀ ਚਿਣਗ ਨੂੰ ਖ਼ਤਮ ਨਾ ਕਰ ਸਕਿਆ। ਪੰਜਾਬ ਦੇ ਰਵਾਇਤੀ ਆਗੂ ਬ੍ਰਾਹਮਣ, ਪੁਜਾਰੀ ਅਤੇ ਖ਼ਤਰੀ ਰਾਜੇ-ਮਹਾਰਾਜਿਆਂ ਨੇ ਰਾਜਨੀਤਿਕ ਅਤੇ ਮਾਨਸਿਕ ਤੌਰ ’ਤੇ ਵਿਦੇਸ਼ੀ ਹਾਕਮਾਂ ਦੀ ਸਰਦਾਰੀ ਕਬੂਲ ਕਰ ਲਈ ਸੀ। ਪਰ ਪੰਜਾਬੀਆਂ ਵਿਚ ਸੂਰਬੀਰਤਾ ਦਾ ਜ਼ਜ਼ਬਾ ਕਿਸੇ ਨਾ ਕਿਸੇ ਰੂਪ ਵਿਚ ਉਹਨਾਂ ਦੇ ਅਚੇਤ ਮਨ ਵਿਚ ਸੁਲਗਦਾ ਰਿਹਾ। ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਪੰਜਾਬ ਦੀ ਸੁੱਤੀ ਹੋਈ ਬੀਰਤਾ ਨੇ ਮੁੜ ਕਰਵਟ ਲਈ। ਗੁਰੂ ਨਾਨਕ ਦੇਵ ਜੀ ਇਕ ਨਿਰਭੈ ਅਤੇ ਸਿਰਲੱਥ ਸੂਰਮੇ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਏ, ਉਹਨਾਂ ਨੇ ਭਾਵੇਂ ਤਲਵਾਰ ਹੱਥ ਵਿਚ ਨਹੀਂ ਫੜੀ ਪਰ ਆਪਣੇ ਮਾਨਵਵਾਦੀ ਵਿਚਾਰਾਂ ਨਾਲ ਸਾਰੇ ਪੰਜਾਬੀ ਸਮਾਜ ਵਿਚ ਮਾਨਸਿਕ ਇਨਕਲਾਬ ਪੈਦਾ ਕਰ ਦਿੱਤਾ। ਜਦੋਂ ਜ਼ੁਲਮ, ਅਤਿਆਚਾਰ ਅਤੇ ਅਨਿਆਂ ਦੇ ਵਿਰੁਧ ਬੋਲਣ ਦੀ ਕੋਈ ਹਿੰਮਤ ਨਹੀਂ ਰੱਖਦਾ ਸੀ। ਉਸ ਵੇਲੇ ਇਸ ਅਦੁੱਤੀ ਸੂਰਬੀਰ ਯੋਧੇ ਨੇ ਸਭ ਨੂੰ ਬਿਨਾਂ ਕਿਸੇ ਡਰ-ਭੈਅ ਦੇ ਸੱਚੀਆਂ ਅਤੇ ਖ਼ਰੀਆਂ ਖ਼ਰੀਆਂ ਸੁਣਾਈਆਂ ਤੇ ਜਨ-ਸਧਾਰਨ ਵਿਚ ਸਵੈ-ਅਣਖ ਨਾਲ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਪੈਦਾ ਕਰ ਦਿੱਤੀ। ਉਹਨਾਂ ਨੇ ਖ਼ਤਰੀਆਂ ਅਤੇ ਬਹਾਦਰ ਲੋਕਾਂ ਨੂੰ ਆਪਣਾ ਫ਼ਰਜ਼ ਪਛਾਣਨ ਲਈ ਵੰਗਾਰਿਆ ਅਤੇ ਬ੍ਰਾਹਮਣਾਂ, ਜੋਗੀਆਂ ਅਤੇ ਧਾਰਮਿਕ ਆਗੂਆਂ ਦੇ ਪਾਖੰਡ ਨੂੰ ਨੰਗਾ ਕੀਤਾ, ਹਾਕਮਾਂ ਨੂੰ ਉਹਨਾਂ ਦੀ ਆਯੋਗਤਾ, ਆਯਾਸ਼ੀ ਅਤੇ ਫਰਜ਼ਾਂ ਪ੍ਰਤੀ ਅਣਗਹਿਲੀ ਲਈ ਕੋਸਿਆ। ਉਹਨਾਂ ਨੇ ਲੋਕਾਂ ਨੂੰ ਸਵੈ-ਅਣਖ ਅਤੇ ਸਵੈ-ਮਾਣ ਦੀ ਪ੍ਰੇਰਨਾ ਦਿੰਦਿਆਂ ਉਹਨਾਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਕਰਾ ਕੇ ਪੰਜਾਬ ਦੀ ਬੀਰ-ਪਰੰਪਰਾ ਨੂੰ ਸੁਰਜੀਤ ਕੀਤਾ।

ਗੁਰੂ ਨਾਨਕ ਆਗਮਨ ਨਾਲ ਮੱਧਕਾਲੀ ਬੀਰ-ਰਸੀ ਕਾਵਿ ਵਿਚ ਇਕ ਵੱਡੀ ਤਬਦੀਲੀ ਵਾਪਰੀ। ਗੁਰੂ ਨਾਨਕ, ਦੂਜੇ ਸਿੱਖ ਗੁਰੂ ਸਾਹਿਬਾਨਾਂ ਅਤੇ ਭਾਈ ਗੁਰਦਾਸ ਜੀ ਨੇ ਚਲੀ ਆ ਰਹੀ

ਬੀਰ-ਕਾਵਿ ਰਚਨਾ ਨੂੰ ਨਵਾਂ ਮੋੜ ਦਿੱਤਾ ਅਤੇ ਨਾਇਕ ਦਾ ਸੰਕਲਪ ਵੀ ਬਦਲ ਦਿੱਤਾ। ਜਿਥੇ ਪਹਿਲਾਂ ਦੁਨਿਆਵੀ ਸੂਰਬੀਰਾਂ, ਜਾਗੀਰਦਾਰਾਂ ਜਾਂ ਰਜਵਾੜਿਆਂ ਆਦਿ ਨੂੰ ਨਾਇਕ ਮੰਨਿਆ ਜਾਂਦਾ ਸੀ, ਉਥੇ ਸਿੱਖ ਗੁਰੂਆਂ ਅਤੇ ਭਾਈ ਗੁਰਦਾਸ ਨੇ ਪਰਮਾਤਮਾ ਨੂੰ ਮਹਾਂਨਾਇਕ ਵਜੋਂ ਸਿਰਜਿਆ। ਗੁਰੂ ਗ੍ਰੰਥ ਸਾਹਿਬ ਵਿਚਲੀਆਂ ਬਾਈ ਅਧਿਆਤਮਿਕ ਵਾਰਾਂ ਅਤੇ ਭਾਈ ਗੁਰਦਾਸ ਦੀਆ ਉਨਤਾਲੀ ਵਾਰਾਂ ਇਸ ਦੀਆਂ ਮੂੰਹ ਬੋਲਦੀਆਂ ਉਦਾਹਰਣਾਂ ਹਨ।

ਪੰਜਾਬੀ ਵਾਰ-ਕਾਵਿ ਇਤਿਹਾਸ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਨਿਵੇਕਲਾ ਅਤੇ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਵਿਚਾਰ, ਸ਼ਰਧਾ, ਵਿਸ਼ਵਾਸ, ਸ਼ੈਲੀ ਅਤੇ ਕਾਵਿ ਰੂਪ ਦੀ ਵਿਆਖਿਆ ਉੱਤੇ ਜ਼ੋਰ ਦੇਣ ਕਰਕੇ ਭਾਈ ਗੁਰਦਾਸ ਨੂੰ ਆਪਣੇ ਸਮੇਂ ਦੇ ਕਵੀਆਂ ਵਿਚ ਉੱਘਾ ਤੇ ਨਿਵੇਕਲਾ ਸਥਾਨ ਪ੍ਰਾਪਤ ਹੈ। ਪੰਜਾਬੀ ਲੋਕ-ਜੀਵਨ, ਸੰਸਕ੍ਰਿਤੀ ਅਤੇ ਲੋਕ-ਪ੍ਰਤਿਭਾ ਦਾ ਵਰਣਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਬੜੇ ਹੀ ਕਲਾਮਈ ਜੁਗਤਾਂ-ਭਰਪੂਰ ਰੂਪ ਵਿਚ ਵਿਦਮਾਨ ਹੈ। ਇਹਨਾਂ ਵਾਰਾਂ ਵਿਚ ਨਵੀਨ ਆਚਰਨਕ ਆਦਰਸ਼ਾਂ, ਕਲਾ-ਦ੍ਰਿਸ਼ਟੀਆਂ ਅਤੇ ਸੁਹਜ-ਸੁੰਦਰਤਾ ਦੇ ਨਵੇਂ ਮਿਆਰਾਂ ਦੀ ਸਥਾਪਨਾ ਹੋਈ ਹੈ। ਇਹਨਾਂ ਵਾਰਾਂ ਵਿਚ ਭਾਈ ਗੁਰਦਾਸ ਜੀ ਨੇ ਅਪਣੇ ਸਮੇਂ ਦੀਆਂ ਪ੍ਰਸਥਿਤੀਆਂ, ਸਮਾਜਿਕ ਉਲਾਰਾਂ, ਸੰਪਰਦਾਇਕ ਰੂੜ੍ਹੀਆਂ, ਧਾਰਮਿਕ ਅਧਾਰ ਤੇ ਵੰਡੇ ਹੋਏ ਲੋਕਾਂ, ਜਾਤੀਵਾਦ, ਲੂਣ ਹਰਾਮੀਆਂ ਅਤੇ ਨਿੰਦਕਾਂ ਦੀ ਸਖ਼ਤ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਜੀਵਨ ਦੇ ਉਸਾਰੂ ਤੱਤਾਂ ਨੂੰ ਤਾਕਤ ਦੇਣ ਦਾ ਜਤਨ ਕੀਤਾ ਹੈ। ਗੁਰਬਾਣੀ ਦੀ ਵਿਆਖਿਆ ਕਰਦੇ ਹੋਏ ਸਤਿਗੁਰੂ ਦੇ ਸੰਦੇਸ਼ ਨੂੰ ਸਪਸ਼ਟ ਅਤੇ ਸਰਲ ਭਾਸ਼ਾ ਵਿਚ ਲੋਕਾਂ ਤੱਕ ਪਹੁੰਚਾਇਆ ਅਤੇ ਲੋਕਾਂ ਨੂੰ ਜਾਬਰ ਹਾਕਮਾਂ, ਜ਼ਾਲਮਾਂ, ਮੂਰਖਾਂ, ਨਿੰਦਕਾਂ ਅਤੇ ਅਕ੍ਰਿਤਘਣਾਂ ਵਿਰੁਧ ਡਟ ਜਾਣ ਦੀ ਦਲੇਰੀ ਬਖ਼ਸ਼ੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਦੇ ਮਹੱਤਵ ਨੂੰ ਧਿਆਨ ਵਿਚ ਰੱਖਦਿਆਂ ਮੈਂ ਇਹਨਾਂ ਨੂੰ ਆਪਣੇ ਅਧਿਐਨ ਖੇਤਰ ਲਈ ਚੁਣਿਆ ਹੈ। ਇਹਨਾਂ ਵਾਰਾਂ ਦਾ ਵਿਸ਼ਾ ਧਾਰਮਿਕ, ਸਭਿਆਚਾਰਕ ਅਤੇ ਇਤਿਹਾਸਕ ਪੱਖੋਂ ਕਲਾਮਈ ਬੋਲੀ ਅਤੇ ਸ਼ੈਲੀ ਰਾਹੀਂ ਨਿਭਾਇਆ ਗਿਆ ਹੈ। ਇਨ੍ਹਾਂ ਵਾਰਾਂ

ਨੂੰ ਪੜ੍ਹਦਿਆਂ ਮੈਨੂੰ ਇਹਨਾਂ ਵਿਚਲੇ ਬਿਰਤਾਂਤ ਨੇ ਬਹੁਤ ਪ੍ਰਭਾਵਤ ਕੀਤਾ ਕਿਉਂਕਿ ਭਾਈ ਗੁਰਦਾਸ ਨੇ ਬਹੁਪੱਖੀ ਵਿਸ਼ਿਆਂ ਨੂੰ ਬਹੁਤ ਹੀ ਸਰਲ ਭਾਸ਼ਾ ਅਤੇ ਸੰਜਮੀ ਬਿਰਤਾਂਤ ਰਾਹੀਂ ਪ੍ਰਸਤੁਤ ਕੀਤਾ ਹੈ। ਗੁਰਬਾਣੀ ਦੀ ਵਿਆਖਿਆ ਦੇ ਨਾਲ ਨਾਲ ਸਮਾਜ ਨਾਲ ਸਰੋਕਾਰ ਰੱਖਦੇ ਹਰ ਮਨੁੱਖੀ ਪਹਿਲੂ ਨੂੰ ਇਹਨਾਂ ਨੇ ਆਪਣੀਆਂ ਵਾਰਾਂ ਦਾ ਵਿਸ਼ਾ ਬਣਾਇਆ ਹੈ। ਪੰਜਾਬੀ ਸਾਹਿਤ ਖੇਤਰ ਵਿਚੋਂ ਵਾਰ ਕਾਵਿ ਸਾਹਿਤ ਪੜ੍ਹਦਿਆਂ ਮੇਰੀ ਉਤਸੁਕਤਾ ਭਾਈ ਗੁਰਦਾਸ ਦੀਆਂ ਵਾਰਾਂ ਵਿਚਲੇ ਬਿਰਤਾਂਤ ਦੇ ਅਧਿਐਨ ਵਲ ਹੋਈ ਜਿਹੜੀ ਕਿ ਪੰਜਾਬੀ ਸਾਹਿਤ ਦੇ ਖੋਜਾਰਥੀਆਂ ਲਈ ਪ੍ਰੇਰਨਾਮਈ ਸਰੋਤ ਵਜੋਂ ਸਾਰਥਕ ਭੂਮਿਕਾ ਨਿਭਾਉਣ ਦੇ ਸਮਰੱਥ ਹੋ ਸਕਦੀ ਹੈ। ਇਸ ਵਿਸ਼ੇ ਦਾ ਅਧਿਐਨ ਕਰਨ ਲਈ ਮੈਂ ਇਸ ਖੋਜ ਕਾਰਜ ਨੂੰ ਛੇ ਅਧਿਆਇਆਂ ਵਿਚ ਵੰਡ ਕੇ ਭਾਈ ਗੁਰਦਾਸ ਦੀਆਂ ਵਾਰਾਂ ਵਿਚਲੇ ਯਥਾਰਥੀ ਬਿਰਤਾਂਤ ਨੂੰ ਸਮਝਣ ਤੇ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕੀਤਾ ਹੈ।

ਪਹਿਲਾ ਅਧਿਆਇ ਸਿਧਾਂਤਕ ਪੱਖ ਨਾਲ ਸੰਬੰਧਤ ਹੈ ਜਿਸ ਵਿਚ ਬਿਰਤਾਂਤ ਦੀ ਪਰਿਭਾਸ਼ਾ, ਸੰਕਲਪ ਅਤੇ ਰੂਪ ਵਿਧਾ ਬਾਰੇ ਵਿਚਾਰ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਿਰਤਾਂਤ ਅਤੇ ਬਿਰਤਾਂਤ-ਸ਼ਾਸਤਰ ਬਾਰੇ ਵਿਸਤਾਰ ਵਿਚ ਚਰਚਾ ਕੀਤੀ ਗਈ ਹੈ। ਬਿਰਤਾਂਤ-ਸ਼ਾਸਤਰੀ ਅਧਿਐਨ ਵਿਧੀ ਲਈ ਪੱਛਮੀ ਵਿਚਾਰਧਾਰਾ ਜਿਵੇਂ ਅਕਤਾਂਸ਼ੀਅਲ ਮਾਡਲ, ਰੂਪਵਾਦੀ ਸੰਰਚਨਾਵਾਦੀ ਅਤੇ ਇਸ ਦੇ ਉਤਰ-ਆਧੁਨਿਕ ਪਰਿਪੇਖ ਬਾਰੇ ਚਰਚਾ ਕਰਨ ਉਪਰੰਤ ਭਾਰਤੀ (ਪੂਰਬੀ) ਬਿਰਤਾਂਤਾਂ ਦੀ ਦੂਹਰੀ ਅਰਥ-ਸਿਰਜਣ ਪ੍ਰਕਿਰਿਆ ਬਾਰੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਦੂਜੇ ਅਧਿਆਇ ਵਿਚ ਮੈਂ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਬਿਰਤਾਂਤਕ ਪ੍ਰਗਟਾਅ, ਗੁਰੂ ਸੰਕਲਪਨਾ ਦਾ ਬਿਰਤਾਂਤ, ਗੁਰੂ ਨਾਨਕ ਦੇ ਜੀਵਨ ਦੇ ਪਰਮਾਰਥੀ ਸੰਦਰਭਾਂ ਅਤੇ ਗੁਰਮਤਿ ਦਰਸ਼ਨ ਦੇ ਨਿਵੇਕਲੇ ਸੰਦਰਭਾਂ ਬਾਰੇ ਅਧਿਐਨ ਪ੍ਰਸਤੁਤ ਕੀਤਾ ਹੈ। ਅਜਿਹਾ ਕਰਦਿਆਂ ਗੁਰਬਾਣੀ ਦੀ ਵਿਚਾਰਧਾਰਾ ਅਤੇ ਇਸ ਦੇ ਮਾਨਵਵਾਦੀ ਸੰਦੇਸ਼ ਨੂੰ ਸਮਝਣਾ ਵੀ ਬਹੁਤ ਜ਼ਰੂਰੀ

ਸੀ ਜਿਸ ਤੋਂ ਬਿਨ੍ਹਾਂ ਇਹ ਖੋਜ-ਕਾਰਜ ਸਿਰੇ ਖੜ੍ਹਨਾ ਨਾ ਮੁਮਕਿਨ ਸੀ। ਭਾਰਤੀ ਧਰਮ ਪਰੰਪਰਾ ਦੇ ਸੰਦਰਭ ਵਿਚ ਗੁਰਮਤਿ ਵਿਚਾਰਧਾਰਾ ਇਕ ਵਿਲੱਖਣ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ ਜੋ ਤੱਤਕਾਲੀ ਸਮਾਜ ਦੇ ਪਾਖੰਡ, ਅੰਧ-ਵਿਸ਼ਵਾਸ ਅਤੇ ਅਖੌਤੀ (Putative) ਸਾਧਨਾ ਨੂੰ ਰੱਦ ਕਰਦੀ ਹੋਈ, ਮਾਨਵਵਾਦੀ ਪਹੁੰਚ ਅਖ਼ਤਿਆਰ ਕਰਦੀ ਹੈ।

ਇਸ ਸ਼ੋਧ-ਪ੍ਰਬੰਧ ਦੇ ਤੀਜੇ ਅਧਿਆਇ ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਬਿਰਤਾਂਤਕ ਅਰਥ ਵਿਉਂਤ ਦਾ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਆਤਮ ਅਤੇ ਗੁਰੂ ਦੇ ਅੰਤਰ-ਸੰਬੰਧ, ਗੁਰੂ ਅਤੇ ਪਰਮ-ਆਤਮ ਵਿਚ ਸੁਮੇਲ ਤੋਂ ਇਲਾਵਾ ਗਿਆਨ ਤੇ ਰੋਸ ਅਤੇ ਪਰਮਾਰਥ ਤੇ ਹਿੰਸਾ ਦੀ ਨਿਵੇਕਲੀ ਅਰਥ ਵਿਉਂਤ ਬਾਰੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਚੌਥੇ ਅਧਿਆਇ ਵਿਚ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦਾ ਬਿਰਤਾਂਤਕ ਅਧਿਐਨ ਪੇਸ਼ ਕੀਤਾ ਗਿਆ ਹੈ ਜਿਸ ਵਿਚ ਸਮਕਾਲ ਅਤੇ ਮਿਥਿਹਾਸ ਦੇ ਬਿਰਤਾਂਤਕ ਪਾਸਾਰ, ਕਾਵਿਕਤਾ ਅਤੇ ਬਿਰਤਾਂਤਕਤਾ ਦਾ ਰਚਨਾਕਾਰੀ ਰਿਸ਼ਤਾ ਆਦਿ ਬਾਰੇ ਵਿਸਤਾਰ ਵਿਚ ਵਿਚਾਰ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਤੱਥ ਤੇ ਕੱਥ ਦਾ ਅਧਿਐਨ ਕਰਦਿਆਂ ਇਨ੍ਹਾਂ ਦੇ ਆਪਸੀ ਰੂਪਾਂਤਰਨ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚਲੇ ਇਤਿਹਾਸ ਅਤੇ ਬਿਰਤਾਂਤ ਦਾ ਅਧਿਐਨ ਕਰਦਿਆਂ ਇਸ ਦੀ ਸੰਜਮ ਮਈ ਕਾਵਿ-ਕਲਾ ਦੀ ਪਰਖ ਕਰਦਿਆਂ ਇਸ ਦੇ ਇਤਿਹਾਸ ਅਤੇ ਬਿਰਤਾਂਤ ਸਿਰਜਣ ਵਿਚ ਸੰਜਮ ਆਦਿ ਬਾਰੇ ਭਾਈ ਗੁਰਦਾਸ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੇ ਸੰਦਰਭਾਂ ਨੂੰ ਮੁੱਖ ਰੱਖ ਕੇ ਵਿਸਤਾਰ ਪੂਰਬਕ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਪੰਜਵੇਂ ਅਧਿਆਇ ਵਿਚ ਮੈਂ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਬਿਰਤਾਂਤਕ ਅਰਥ-ਵਿਉਂਤ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦੇ ਇਕਾਲਕ ਅਤੇ ਪਾਰਗਾਮੀ ਸੰਦਰਭਾਂ ਦਾ ਸੁਮੇਲ, ਦੂਹਰੀ ਅਰਥ ਸਿਰਜਣ ਪ੍ਰਕਿਰਿਆ ਦਾ ਵਿਸਤਾਰ ਪੂਰਵਕ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਭਾਈ ਗੁਰਦਾਸ ਦੀਆਂ

ਸਮੁੱਚੀਆਂ ਵਾਰਾਂ ਗੁਰਬਾਣੀ ਦੀ ਵਿਚਾਰਧਾਰਾ ਉਪਰ ਆਧਾਰਿਤ ਹਨ ਅਤੇ ਇਸ ਸੰਦਰਭ ਵਿਚ ਇਸ ਵਾਰ ਵਿਚਲੇ ਸਿੱਖ ਅਤੇ ਗੁਰੂ ਦੇ ਰਿਸ਼ਤੇ ਦੀ ਰੂਪ-ਵਿਧੀ ਰਾਹੀਂ ਗੁਰਮਤਿ ਵਿਚ ਇਹਨਾਂ ਦੇ ਆਪਸੀ ਰਿਸ਼ਤੇ ਦੀ ਮਹੱਤਤਾ ਅਤੇ ਸਾਰਥਿਕਤਾ ਨੂੰ ਵਿਸਤਾਰ ਪੂਰਬਕ ਵਿਚਾਰਿਆ ਗਿਆ ਹੈ।

ਅਖੀਰਲੇ ਅਤੇ ਛੇਵੇਂ ਅਧਿਆਇ ਵਿਚ ਮੈਂ ਭਾਈ ਗੁਰਦਾਸ ਦੀਆਂ ਸਮੁੱਚੀਆਂ ਵਾਰਾਂ ਦੇ ਬਿਰਤਾਂਤਕ ਪ੍ਰਵਚਨ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਅਧਿਆਇ ਵਿਚ ਮੈਂ ਭਾਈ ਗੁਰਦਾਸ ਦੀਆਂ ਵਾਰਾਂ ਵਿਚਲੇ ਨਵੇਂ ਅਧਿਆਤਮਿਕ ਅਤੇ ਵਿਵਹਾਰਿਕ ਆਚਾਰ ਦੀ ਪਰਿਕਲਪਨਾ, ਗਿਆਨ ਅਤੇ ਰੋਸ ਦੇ ਸੰਤੁਲਿਤ ਪਾਸਾਰਾਂ ਦੀ ਸਿਰਜਨਾ, ਮਾਨਵੀ ਪਹਿਚਾਣ ਦੀ ਬਿਰਤਾਂਤਕਤਾ ਅਤੇ ਵਿਅਕਤੀ, ਸਮੂਹ ਅਤੇ ਪ੍ਰਮਾਰਥ ਦੇ ਸੰਤੁਲਨ ਦੀ ਜਗਿਆਸਾ ਆਦਿ ਪੱਖਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਅਧਿਆਇ ਵਿਚ ਉਹ ਸੰਦਰਭ ਪੇਸ਼ ਕੀਤੇ ਗਏ ਹਨ ਜਿਹਨਾਂ ਵਿਚ ਭਾਈ ਗੁਰਦਾਸ ਨੇ ਸਮਕਾਲੀ ਸਮਾਜਕ ਵਿਵਸਥਾ ਦੀ ਜਟਲ ਪ੍ਰਕਿਰਿਆ ਕਰਕੇ ਪੈਦਾ ਹੋਈਆਂ ਸਮੱਸਿਆਵਾਂ ਨੂੰ ਕਿਧਰੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਸਗੋਂ ਇਹਨਾਂ ਸਮੱਸਿਆਵਾਂ ਨੂੰ ਬਿਰਤਾਂਤਦਿਆਂ ਤੱਤਕਾਲੀ ਸਮੇਂ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਵਿਵਸਥਾ ਦੇ ਵਿਰੋਧ ਵਿਚ ਸਧਾਰਨ ਲੋਕਾਂ ਨੂੰ ਮੁਖ਼ਾਤਬ ਹੋ ਕੇ ਜੀਵਨ-ਜੁਗਤ ਦਾ ਕਰਮਸ਼ੀਲ ਪ੍ਰਮਾਰਥੀ ਮਾਡਲ ਪੇਸ਼ ਕੀਤਾ ਹੈ। ਆਪਣੇ ਸ਼ੋਧ-ਪ੍ਰਬੰਧ ਦੇ ਵਿਸ਼ੇ ਦੁਆਰਾ ਭਾਈ ਗੁਰਦਾਸ ਦੇ ਫਲਸਫ਼ੇ ਨੂੰ ਗੁਰਬਾਣੀ ਦੇ ਸੰਦਰਭ ਵਿਚ ਬਿਰਤਾਂਤਕ ਪੱਖ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਸ਼ੋਧ-ਪ੍ਰਬੰਧ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਕਈ ਥਾਵਾਂ 'ਤੇ ਵਾਰ-ਤੁੱਕਾਂ ਦਾ ਦੁਹਰਾਓ ਹੋਇਆ ਹੈ ਪਰੰਤੂ ਇਹ ਦੁਹਰਾਓ ਵਿਭਿੰਨ ਪ੍ਰਸੰਗਾਂ ਤੇ ਭਾਵਾਂ ਦੇ ਪੱਧਰ ਤੇ ਹੋਇਆ ਹੈ ਇਸ ਲਈ ਇਸ ਨੂੰ ਦੁਹਰਾਓ ਨਾ ਸਮਝਿਆ ਜਾਵੇ।

ਅੰਤ ਵਿਚ ਸ਼ੋਧ-ਪ੍ਰਬੰਧ ਬਾਰੇ ਨਿਸ਼ਕਰਸ਼ ਲਿਖਕੇ ਆਪਣੇ ਖੋਜ-ਕਾਰਜ ਦੇ ਮੂਲ ਸਾਰ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਹੈ। ਇਹ ਸਥਾਪਨਾਵਾਂ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਇਸ ਦੀ

ਬਿਰਤਾਂਤਕ ਵਿਧਾ 'ਤੇ ਆਧਾਰਤ ਹਨ। ਭਾਈ ਗੁਰਦਾਸ ਦੇ ਅਧਿਆਤਮਿਕ ਅਤੇ ਨੈਤਿਕਤਾ ਦੇ ਰੰਗ ਵਿਚ ਰੰਗੇ ਜਾਣ ਵਾਲੇ ਮਨੁੱਖ ਦਾ ਸਮਾਜਕ ਸੰਦਰਭਾਂ ਦੇ ਪੱਖ ਤੋਂ ਉੱਚਾ ਉਠਾਣ ਦਾ ਇਕ ਸਫ਼ਲ ਤੇ ਕਾਰਜਸ਼ੀਲ ਆਦਰਸ਼ ਮਾਡਲ ਪੇਸ਼ ਕੀਤਾ ਹੈ। ਅਖ਼ੀਰ ਵਿਚ ਉਹਨਾਂ ਸਹਾਇਕ ਪੁਸਤਕਾਂ ਅਤੇ ਉਹਨਾਂ ਦੇ ਲੇਖਕਾਂ ਦੀ ਸੂਚੀ ਦਰਜ ਕੀਤੀ ਗਈ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਇਸ ਸ਼ੋਧ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਵਿਚ ਸਹਾਈ ਹੋਈ ਹੈ।

ਚੰਡੀਗੜ੍ਹ ਰਹਿੰਦਿਆਂ ਅਤੇ ਕਾਲਜ ਵਿਚ ਪੜ੍ਹਾਉਂਦਿਆਂ ਕੋਈ ਪੰਝੀ ਵਰ੍ਹਿਆਂ ਤੋਂ ਵੀ ਜ਼ਿਆਦਾ ਸਮਾਂ ਬੀਤ ਚੁੱਕਿਆ ਹੈ। ਸ਼ੁਰੂ ਤੋਂ ਹੀ ਮੇਰੀ ਤੀਬਰ ਇੱਛਾ ਰਹੀ ਹੈ ਕਿ ਮੈਂ ਆਪਣੇ ਵਿਸ਼ੇ ਦੀ ਉਚੇਰੀ ਡਿਗਰੀ ਪ੍ਰਾਪਤ ਕਰਾਂ। ਪਰ ਪਤਾ ਹੀ ਨਹੀਂ ਲੱਗਿਆ ਕਿ ਨੌਕਰੀ, ਪਰਿਵਾਰਕ ਅਤੇ ਸਮਾਜਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਏਨਾ ਸਮਾਂ ਕਿਵੇਂ ਬੀਤ ਗਿਆ। ਸਮੇਂ ਸਮੇਂ ਤੇ ਬਹੁਤ ਸੂਝਵਾਨ ਵਿਅਕਤੀਆਂ ਨੇ ਮੈਨੂੰ ਪੀ-ਐਚ. ਡੀ. ਕਰਨ ਲਈ ਪ੍ਰੇਰਿਆ ਅਤੇ ਮੈਨੂੰ ਉਹਨਾਂ ਦਾ ਅਜਿਹੀ ਸਲਾਹ ਦੇਣਾ ਬਹੁਤ ਚੰਗਾ ਵੀ ਲੱਗਦਾ ਸੀ। ਪਰ ਪਤਾ ਨਹੀਂ ਕਿਉਂ ਮੈਂ ਚਾਹੁੰਦਿਆਂ ਹੋਇਆਂ ਵੀ ਇਸ ਲਈ ਕੋਈ ਸਮਾਂ ਹੀ ਨਾ ਕੱਢ ਸਕਿਆ ਪਰ ਖੋਜ-ਕਾਰਜ ਕਰਨ ਦੀ ਇੱਛਾ ਸਦਾ ਹੀ ਮੇਰੇ ਮਨ ਵਿਚ ਇਕ ਰੀਝ ਬਣ ਕੇ ਜਗਮਗਾਉਂਦੀ ਰਹੀ। ਮੈਂ ਸ਼ੁਰੂ ਤੋਂ ਲੈ ਕੇ ਪੰਜਾਬੀ ਵਿਭਾਗ ਦੇ ਪਰਾ-ਅਧਿਆਪਕਾਂ ਨਾਲ ਖੋਜ-ਕਾਰਜ ਕਰਨ ਸੰਬੰਧੀ ਚਰਚਾ ਕਰਦਾ ਰਿਹਾ ਪਰ ਕਿਸੇ ਨਾ ਕਿਸੇ ਕਾਰਨ ਕਰਕੇ ਮੇਰੀ ਇਹ ਇੱਛਾ ਅਧੂਰੀ ਹੀ ਰਹੀ।

ਮੈਂ ਆਪਣੇ ਖੋਜ-ਕਾਰਜ ਸੰਬੰਧੀ ਡਾ. ਮਲਕੀਤ ਸਿੰਘ ਬਾਜਵਾ ਨਾਲ ਗੱਲ ਕੀਤੀ ਕਿ ਮੈਂ ਹਰ ਹਾਲਤ ਵਿਚ ਪੀ-ਐਚ. ਡੀ. ਕਰਨੀ ਚਾਹੁੰਦਾ ਹਾਂ ਤਾਂ ਉਹਨਾਂ ਇਸ ਸ਼ਰਤ ਤੇ ਅਗਵਾਈ ਕਰਨੀ ਮੰਨ ਲਈ ਕਿ ਇਸ ਲਈ ਮਿਹਨਤ ਤਾਂ ਕਰਨੀ ਹੀ ਪਵੇਗੀ, ਬਾਕੀ ਜਿੰਨਾਂ ਵੀ ਹੋ ਸਕਿਆ ਉਹ ਮੇਰੀ ਸਹਾਇਤਾ ਕਰਨਗੇ। ਉਹਨਾਂ ਵਲੋਂ ਮਿਲੀ ਹੌਂਸਲਾ ਅਫ਼ਜਾਈ ਅਤੇ ਨਿੱਘੀ ਮਿੱਤਰਤਾ ਦੇ ਵਿਵਹਾਰ ਨੇ ਮੈਨੂੰ ਖੋਜ-ਕਾਰਜ ਕਰਨ ਲਈ ਪ੍ਰੇਰਿਆ। ਇਹ ਡਾ. ਮਲਕੀਤ ਸਿੰਘ ਬਾਜਵਾ ਦੀ ਪ੍ਰੇਰਨਾ, ਖਿੜੇ ਮੱਥੇ ਸਮਾਂ ਦੇਣਾ ਅਤੇ ਹਰ ਤਰ੍ਹਾਂ ਦੀ ਸਹਾਇਕ ਸਮੱਗਰੀ ਮੁਹੱਈਆ ਕਰਵਾਉਣਾ

ਆਦਿ ਕਰਕੇ ਹੀ ਸੰਭਵ ਹੋ ਸਕਿਆ ਹੈ ਕਿ ਮੈਂ ਆਪਣਾ ਖੋਜ-ਕਾਰਜ ਨੇਪਰੇ ਚਾੜ੍ਹਨ ਵਿਚ ਸਫ਼ਲ ਹੋਇਆ ਹਾਂ। ਮੈਂ ਆਪਣੇ ਨਿਗਰਾਨ ਡਾ. ਮਲਕੀਤ ਸਿੰਘ ਬਾਜਵਾ ਦਾ ਸੁਚੱਜੀ ਅਗਵਾਈ ਅਤੇ ਕੀਮਤੀ ਸਮਾਂ ਦੇਣ ਲਈ ਸਦਾ ਕ੍ਰਿਤਾਰਥ ਰਹਾਂਗਾ।

ਡਾ. ਗੁਰਪਾਲ ਸਿੰਘ ਸੰਧੂ ਦਾ ਵੀ ਮੈਂ ਵਿਸ਼ੇਸ਼ ਤੌਰ ’ਤੇ ਧੰਨਵਾਦੀ ਹਾਂ ਜਿਹਨਾਂ ਨੇ ਸਦਾ ਹੀ ਮੇਰੀ ਸੁਚੱਜੀ ਅਗਵਾਈ ਕੀਤੀ ਅਤੇ ਮੁਲਵਾਨ ਸੁਝਾਅ ਦਿੱਤੇ ਅਤੇ ਸਮੇਂ ਸਮੇਂ ’ਤੇ ਸਮੱਸਿਆਵਾਂ ਦੇ ਸਮਾਧਾਨ ਲਈ ਵਿਚਾਰ-ਚਰਚਾ ਕਰਨ ਲਈ ਆਪਣਾ ਕੀਮਤੀ ਸਮਾਂ ਦਿੱਤਾ। ਉਹਨਾਂ ਦੇ ਸੁਹਿਰਦ ਅਤੇ ਪਿਆਰ ਭਰੇ ਵਿਵਹਾਰ ਨੇ ਮੇਰੇ ਖੋਜ-ਕਾਰਜ ਨੂੰ ਸੰਪੂਰਨ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਡਾ. ਸੁਖਦੇਵ ਸਿੰਘ ਸਿਰਸਾ, ਮੌਜੂਦਾ ਚੇਅਰਮੈਨ, ਪੰਜਾਬੀ ਵਿਭਾਗ ਦਾ ਵੀ ਮੈਂ ਦਿਲੋਂ ਧੰਨਵਾਦੀ ਹਾਂ ਜਿਹਨਾਂ ਦੀ ਦੋਸਤਾਨਾ ਤਬੀਅਤ ਨੇ ਸਦਾ ਮੇਰੀ ਹੌਸਲਾ ਅਫ਼ਜਾਈ ਕੀਤੀ ਅਤੇ ਮੈਨੂੰ ਆਪਣਾ ਖੋਜ-ਕਾਰਜ ਸੰਪੂਰਨ ਕਰਨ ਲਈ ਪ੍ਰੇਰਿਆ।

ਮੇਰੇ ਵੱਡੇ ਭਰਾਵਾਂ ਵਰਗੇ ਦੋਸਤਾਂ ਅਤੇ ਸਹਿ-ਕਰਮੀ ਰਹੇ ਪ੍ਰੋ. ਕੁਲਵੰਤ ਸਿੰਘ ਅਤੇ ਡਾ. ਅਮਰ ਸਿੰਘ ਹੋਰਾਂ ਦਾ ਮੈਂ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਸਦਾ ਹੀ ਮੈਨੂੰ ਆਪਣਾ ਖੋਜ-ਕਾਰਜ ਸੰਪੂਰਨ ਕਰਨ ਲਈ ਪ੍ਰੇਰਿਆ ਅਤੇ ਸਮੇਂ ਸਮੇਂ ਉੱਤੇ ਮੇਰੀ ਲਾਪ੍ਰਵਾਹੀ ਅਤੇ ਕੰਮ ਨਾ ਕਰਨ ਦੀ ਪ੍ਰਵਿਰਤੀ ਨੂੰ ਝੰਜੋੜਿਆ। ਸ਼ੋਧ-ਪ੍ਰਬੰਧ ਲਿਖਣ ਦੌਰਾਨ ਬਹੁਤ ਦੋਸਤਾਂ ਨੇ ਮੇਰੀ ਹੌਸਲਾ ਅਫ਼ਜਾਈ ਕੀਤੀ ਅਤੇ ਉਹਨਾਂ ਵਿਚੋਂ ਮੈਂ ਆਪਣੇ ਸਹਿ-ਕਰਮੀ ਡਾ. ਹੇਮ ਨਾਗਪਾਲ ਅਤੇ ਡਾ. ਅਰੁਣ ਕੁਮਾਰ ਦਾ ਖ਼ਾਸ ਕਰਕੇ ਧੰਨਵਾਦੀ ਹਾਂ ਜਿਹਨਾਂ ਨੇ ਹਮੇਸ਼ਾਂ ਹੀ ਮੈਨੂੰ ਆਪਣਾ ਖੋਜ-ਕਾਰਜ ਕਰਨ ਲਈ ਪ੍ਰੇਰਿਆ ਅਤੇ ਹਰ ਤਰ੍ਹਾਂ ਦਾ ਮਿਲਵਰਤਨ ਦਿੱਤਾ।

ਮੈਂ ਆਪਣੇ ਸਤਿਕਾਰਯੋਗ ਪਰਿਵਾਰਕ ਮੈਂਬਰਾਂ, ਭੈਣ-ਭਰਾਵਾਂ, ਦੋਸਤਾਂ ਅਤੇ ਸ਼ੁਭ-ਚਿੰਤਕਾਂ ਦਾ ਧੰਨਵਾਦੀ ਹਾਂ ਜਿਹਨਾਂ ਦੇ ਪਿਆਰ ਅਤੇ ਸ਼ੁਭ-ਇਛਾਵਾਂ ਸਦਕਾ ਮੈਂ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਫ਼ਲ ਹੋਇਆ ਹਾਂ। ਮੈਂ ਆਪਣੀ ਸੁਪਤਨੀ ਸ੍ਰੀਮਤੀ ਬਲਵਿੰਦਰ ਕੌਰ ਦਾ ਦਿਲੋਂ ਧੰਨਵਾਦੀ ਹਾਂ ਜਿਸ ਨੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ

ਮੈਨੂੰ ਚਿੰਤਾ-ਮੁਕਤ ਕਰੀ ਰੱਖਿਆ ਅਤੇ ਖੁਸ਼ੀ ਖੁਸ਼ੀ ਹਰ ਤਰ੍ਹਾਂ ਨਾਲ ਮਿਲਵਰਤਨ ਦਿੰਦਿਆਂ ਖੋਜ-ਕਾਰਜ ਕਰਨ ਲਈ ਉਤਸ਼ਾਹਤ ਕੀਤਾ। ਮੇਰੇ ਸਮਝਦਾਰ ਬੱਚਿਆਂ ਪੁੱਤਰੀ ਸੁਖਪ੍ਰੀਤ ਕੌਰ, ਪੁੱਤਰ ਇੰਦਰਜੋਤ ਸਿੰਘ ਅਤੇ ਸਰਬਜੋਤ ਸਿੰਘ ਜਿਹਨਾਂ ਨੇ ਸਦਾ ਹੀ ਮੇਰੇ ਖੋਜ-ਕਾਰਜ ਨੂੰ ਸਿਰੇ ਚੜ੍ਹਨ ਵਿਚ ਮਾਣ ਅਤੇ ਖੁਸ਼ੀ ਮਹਿਸੂਸ ਕੀਤੀ ਅਤੇ ਮੈਨੂੰ ਆਪਣਿਆਂ ਰੁਝੇਵਿਆਂ ਵਿਚ ਉਲਝਣ ਤੋਂ ਦੂਰ ਰੱਖਿਆ, ਮੇਰੇ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ।

ਉਹਨਾਂ ਸਾਰੇ ਵਿਦਵਾਨਾਂ, ਚਿੰਤਕਾਂ, ਲੇਖਕਾਂ ਅਤੇ ਆਲੋਚਕਾਂ ਦਾ ਵੀ ਧੰਨਵਾਦੀ ਹਾਂ, ਜਿਹਨਾਂ ਦੀਆਂ ਪੁਸਤਕਾਂ, ਖੋਜ-ਨਿਬੰਧਾਂ ਅਤੇ ਹੋਰ ਸਹਾਇਕ ਸਾਮਗਰੀ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਮੈਂ ਆਪਣੇ ਖੋਜ-ਕਾਰਜ ਨੂੰ ਸੰਪੂਰਨ ਕਰਨ ਹਿੱਤ ਸਹਾਇਤਾ ਲਈ ਹੈ। ਮੈਂ ਸ. ਜਗਤਾਰ ਸਿੰਘ ਦਾ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਇਸ ਸ਼ੋਧ-ਪ੍ਰਬੰਧ ਨੂੰ ਸ਼ੁਧ ਰੂਪ ਪ੍ਰਦਾਨ ਕਰਨ ਲਈ ਕਰੜੀ ਮਿਹਨਤ ਕੀਤੀ ਅਤੇ ਆਧੁਨਿਕ ਤਕਨੀਕ ਦੁਆਰਾ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਸੁੰਦਰ ਤੇ ਕਲਾਤਮਕ ਰੂਪ ਦਿੱਤਾ ਹੈ।

ਅੰਤ ਵਿਚ ਮੈਨੂੰ ਇਹ ਕਹਿਣ ਤੋਂ ਕੋਈ ਸੰਕੋਚ ਨਹੀਂ ਕਿ ਮੇਰਾ ਇਹ ਖੋਜ-ਕਾਰਜ ਪੰਜਾਬੀ ਵਾਰ-ਕਾਵਿ ਖੇਤਰ ਨਾਲ ਸੰਬੰਧਤ ਖੋਜ-ਵਿਦਿਆਰਥੀਆਂ ਅਤੇ ਚਿੰਤਕਾਂ ਲਈ ਲਾਹੇਵੰਦ ਹੋਣ ਦੀ ਪੂਰੀ ਪੂਰੀ ਸੰਭਾਵਨਾ ਰੱਖਦਾ ਹੈ।

ਸੁਖਦੇਵ ਸਿੰਘ

ਮਿਤੀ: 10-01-2012. (ਸੁਖਦੇਵ ਸਿੰਘ)

# ਅਧਿਆਇ ਪਹਿਲਾ

*

*

*

## ਬਿਰਤਾਂਤ-ਸ਼ਾਸਤਰ: ਸਿਧਾਂਤ ਤੇ ਅਧਿਐਨ ਵਿਧੀ

(ੳ) ਬਿਰਤਾਂਤ : ਪਰਿਭਾਸ਼ਾ, ਸੰਕਲਪ ਅਤੇ ਰੂਪ-ਵਿਧਾ

(ਅ) ਬਿਰਤਾਂਤ ਅਤੇ ਬਿਰਤਾਂਤ-ਸ਼ਾਸਤਰ

(ੲ) ਬਿਰਤਾਂਤ-ਸ਼ਾਸਤਰੀ ਅਧਿਐਨ ਵਿਧੀ
ਅਕਤਾਂਸ਼ੀਅਲ ਮਾਡਲ-ਰੂਪਵਾਦੀ-ਸੰਰਚਨਾਵਾਦੀ-ਉੱਤਰ ਆਧੁਨਿਕ ਪਰਿਪੇਖ

(ਸ) ਪੂਰਬੀ ਬਿਰਤਾਂਤਾਂ ਦੀ ਦੂਹਰੀ ਅਰਥ-ਸਿਰਜਣ ਪ੍ਰਕਿਰਿਆ ਅਤੇ
ਉਸ ਦਾ ਅਧਿਐਨ-ਚੌਖਟਾ

# ਅਧਿਆਇ ਪਹਿਲਾ

# ਬਿਰਤਾਂਤ-ਸ਼ਾਸਤਰ : ਸਿਧਾਂਤ ਅਤੇ ਅਧਿਐਨ ਵਿਧੀ

## ਬਿਰਤਾਂਤ : ਪਰਿਭਾਸ਼ਾ, ਸੰਕਲਪ ਅਤੇ ਰੂਪ ਵਿਧਾ

ਬਿਰਤਾਂਤ ਅੰਗਰੇਜ਼ੀ ਸ਼ਬਦ Narrative ਦਾ ਪੰਜਾਬੀ ਅਨੁਵਾਦ ਹੈ। ਨੈਰੇਟਿਵ ਦਾ ਅਰਥ ਹੈ ਕਥਾ ਦਾ ਬਿਆਨ। ਬਿਰਤਾਂਤ ਕਿਸੇ ਪ੍ਰਵਚਨ ਦਾ ਉਹ ਹਿੱਸਾ ਹੈ ਜੋ ਕਿਸੇ ਕਾਰਜ ਜਾਂ ਉਸ ਦੇ ਤੱਥਾਂ ਨੂੰ ਬਿਆਨ ਕਰਦਾ ਹੈ। ਮਾਨਵ ਇਕ ਚੇਤੰਨ ਪ੍ਰਾਣੀ ਹੈ ਅਤੇ ਉਸ ਕੋਲ ਜ਼ੁਬਾਨ (ਬੋਲਣ ਦੀ ਸਮਰਥਾ) ਤੇ ਭਾਸ਼ਾ ਦੋ ਅਜਿਹੇ ਸਾਧਨ ਹਨ ਜੋ ਉਸ ਨੂੰ ਬਿਰਤਾਂਤਕ-ਜੀਵ ਬਣਾਉਂਦੇ ਹਨ। ਆਦਿ ਮਾਨਵ ਨੇ ਜਦੋਂ ਭੁੱਖ ਮਿਟਾਉਣ ਲਈ ਪਥਰੀਲੇ ਨੁਕੀਲੇ ਹਥਿਆਰਾਂ ਨਾਲ ਕਿਸੇ ਜੰਗਲੀ ਜੀਵ ਦਾ ਸ਼ਿਕਾਰ ਕੀਤਾ ਹੋਵੇਗਾ ਤੇ ਫੇਰ ਆਪਣੇ ਪਰਿਵਾਰ ਤੇ ਸੰਬੰਧੀਆਂ ਨੂੰ ਇਸ਼ਾਰਿਆਂ ਤੇ ਅਵਾਜ਼ਾਂ ਰਾਹੀਂ ਘਟਨਾ ਅਤੇ ਕਥਾ ਰੂਪ ਵਿਚ ਬਿਆਨ ਕੀਤਾ ਹੋਵੇਗਾ ਉਥੋਂ ਹੀ ਮਨੁੱਖ ਦੇ ਬਿਰਤਾਂਤਕ ਜੀਵ ਬਣਨ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਬਿਰਤਾਂਤ ਤੇ ਮਨੁੱਖੀ ਵਿਕਾਸ ਦਾ ਇਤਿਹਾਸ ਸਮਕਾਲੀ ਹਨ। ਡਾ. ਅਮਨਦੀਪ ਵਾਤਿਸ਼ ਬਿਰਤਾਂਤ ਸ਼ਾਸਤਰ ਵਿਚ ਇਸੇ ਵਿਚਾਰ ਨੂੰ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕਰਦਾ ਹੈ:

> ਇਕ ਬਿਰਤਾਂਤਕ ਜੀਵ ਹੋਣ ਦੇ ਨਾਤੇ ਮਨੁੱਖ ਦੁਆਰਾ ਘੱਟੋ ਘੱਟ ਦੋ ਅਸਲੀ ਜਾਂ ਕਾਲਪਨਿਕ ਘਟਨਾਵਾਂ ਦਾ ਕ੍ਰਮਿਕ ਕਥਾ ਕਾਰਜ ਬਿਰਤਾਂਤ ਅਖਵਾਉਂਦਾ ਹੈ। ਸਰਲ ਢੰਗ ਨਾਲ ਇਉਂ ਸਮਝਿਆ ਜਾ ਸਕਦਾ ਹੈ ਕਿ ਬਿਰਤਾਂਤ ਕਥਾ ਤੱਤਾਂ ਦੀ ਭਾਸ਼ਾਈ ਪ੍ਰਸਤੁਤੀ ਹੈ।[1]

ਜਦੋਂ ਤੱਕ ਮਨੁੱਖ ਵਿਚ ਪ੍ਰਾਣਧਾਰਾ ਚਲਦੀ ਹੈ ਸਮਾਜਕ ਜੀਵ ਹੋਣ ਦੇ ਨਾਤੇ ਉਹ ਕੁੱਝ ਕਹਿੰਦਾ ਤੇ ਸੁਣਦਾ ਹੈ। ਕਹਿਣਾ ਤੇ ਸੁਣਨਾ ਉਸ ਦੀ ਸਮਾਜਕਤਾ ਦਾ ਕੇਂਦਰੀ ਧੁਰਾ ਹੈ। ਜਾਂਗਲੀ

ਜੀਵਨ ਤੋਂ ਲੈ ਕੇ ਅੱਜ ਦੇ ਸਭਿਆ ਜੀਵਨ ਤੱਕ, ਪ੍ਰਕ੍ਰਿਤੀ ਤੋਂ ਸੰਸਕ੍ਰਿਤੀ ਤੱਕ, ਪੱਥਰ ਯੁਗ ਦੀ ਗੁਰੀਲਾ ਲੜਾਈ ਤੋਂ ਅੱਜ ਦੇ ਆਣਵਿਕ ਤੇ ਤਕਨੀਕੀ ਯੁੱਧਾਂ ਦੀ ਕਾਰਜਸ਼ੈਲੀ ਵਿਚ ਬਿਰਤਾਂਤ ਵਿਦਮਾਨ ਹੈ। ਮਨੁੱਖ ਬਿਰਤਾਂਤ ਰਾਹੀਂ ਅਨੁਭਵ ਦਾ ਬਿਆਨ ਤੇ ਸੰਚਾਰ ਹੀ ਨਹੀਂ ਕਰਦਾ ਸਗੋਂ ਸਿਰਜਣਾ ਵੀ ਕਰਦਾ ਹੈ। ਗਿਆਨ ਵਿਗਿਆਨ ਦੇ ਵੱਡੇ ਪਸਾਰੇ ਵਿਚ ਅਧਾਰਭੂਤ ਨਿਯਮ ਬਿਰਤਾਂਤ ਹੀ ਹੈ। ਡਾ. ਸੁਖਪਾਲ ਸਿੰਘ ਥਿੰਦ ਇਸੇ ਲਈ ਬਿਰਤਾਂਤ ਨੂੰ ਇਕ ਸਰਬ ਵਿਆਪਕ ਹੋਂਦ ਦੀ ਸੰਗਿਆ ਦਿੰਦਾ ਹੋਇਆ ਲਿਖਦਾ ਹੈ:

> ਬਿਰਤਾਂਤ ਪ੍ਰਵਚਨ ਸਿਰਜਣਾ ਮਨੁੱਖ ਦਾ ਕਦੀਮੀ ਕਾਰਜ ਹੈ ਵਿਸ਼ਵ ਦੇ ਹਰ ਯੁੱਗ, ਹਰ ਖਿੱਤੇ 'ਤੇ ਹਰ ਸਾਹਿਤ ਪਰੰਪਰਾ ਵਿਚ ਬਿਰਤਾਂਤਕ ਰਚਨਾਵਾਂ ਮਿਲਦੀਆਂ ਹਨ।[2]

ਬਿਰਤਾਂਤ ਮਨੁੱਖ ਦੀ ਮੂਲ ਸੰਚਾਰ ਬਿਰਤੀ ਹੈ। ਮਨੁੱਖ ਬਿਰਤਾਂਤ ਵਿਚ ਸੋਚਦਾ ਤੇ ਬਿਰਤਾਂਤ ਰਾਹੀਂ ਇਸ ਦਾ ਪ੍ਰਗਟਾਉ ਕਰਦਾ ਹੈ। ਬਿਰਤਾਂਤ ਦਾ ਮਾਧਿਅਮ ਜ਼ਰੂਰੀ ਨਹੀਂ ਭਾਸ਼ਾ ਹੀ ਹੋਵੇ, ਗੈਰ-ਭਾਸ਼ਕ (ਚਿਤ੍ਰਕਾਰੀ) ਪੇਸ਼ਕਾਰੀ ਵੀ ਇਸ ਦੀ ਪ੍ਰਗਟਾਓ ਵਿਧੀ ਹੋ ਸਕਦੀ ਹੈ।

ਬਿਰਤਾਂਤ ਮਿੱਥ, ਕਠਪੁਤਲੀ ਨਾਚ, ਦੰਦਕਥਾ, ਨੀਤੀ ਕਥਾ, ਲੋਕ ਕਥਾ, ਨਾਵਲ, ਮਹਾਂਕਾਵਿ, ਇਤਿਹਾਸ, ਤ੍ਰਾਸਦੀ ਨਾਟਕ, ਕਾਮ ਦੀ ਨਕਲ, ਚਿੱਤਰਕਾਰੀ, ਸਿਨੇਮਾ, ਚਿੱਤਰਕਥਾ, ਅਖਬਾਰੀ ਖ਼ਬਰਾਂ ਤੇ ਵਿਚਾਰ ਵਟਾਂਦਰੇ ਵਿਚ ਵਿਦਮਾਨ ਮਿਲਦਾ ਹੈ। ਮਾਨਵ ਆਪਣੇ ਤੋਂ ਬਾਹਰਲੇ ਸੰਸਾਰ ਨਾਲ ਕਹਿਣ ਸੁਣਨ ਦੀ ਦੋਹਰੀ ਪ੍ਰਕ੍ਰਿਆ ਨਾਲ ਹੀ ਜੁੜਦਾ ਹੈ। ਮਨੁੱਖ ਹਾਵ-ਭਾਵ ਤੇ ਸੰਕੇਤਾਂ ਦੀ ਭਾਸ਼ਾ ਨਾਲ ਵੀ ਸੰਚਾਰ ਕਰਦਿਆਂ ਬਿਰਤਾਂਤ ਹੀ ਸਿਰਜ ਰਿਹਾ ਹੁੰਦਾ ਹੈ। ਬਿਰਤਾਂਤ ਲਈ ਬੋਲ ਤੇ ਲਿਖਤ ਹੀ ਲਾਜ਼ਮੀ ਨਹੀਂ। ਇਮੇਜ ਮਿਊਜ਼ਿਕ ਟੈਕਸਟ ਵਿਚ ਰੋਲਾਂ ਬਾਰਤ ਵੀ ਉਪਰੋਕਤ ਵਿਚਾਰਾਂ ਨਾਲ ਹਾਮੀ ਭਰਦਾ ਲਿਖਦਾ ਹੈ:

> ਇਹ ਉਚਾਰੀ ਭਾਸ਼ਾ ਬੋਲ ਜਾਂ ਲਿਖਤ, ਸਿਖਰ ਜਾਂ ਗਤੀਸ਼ੀਲ ਬਿੰਬ, ਹਾਵ ਭਾਵ ਤੇ ਇਨ੍ਹਾਂ ਸਾਰਿਆਂ ਮਾਧਿਅਮਾਂ ਦੇ ਮਿਸ਼ਰਣ ਰਾਹੀਂ ਪੇਸ਼ ਹੋ ਸਕਦੇ ਹਨ।[3]

ਡਾ. ਧਨਵੰਤ ਕੌਰ ਆਪਣੀ ਪੁਸਤਕ, 'ਆਧੁਨਿਕ ਪੰਜਾਬੀ ਕਹਾਣੀ ਬਿਰਤਾਂਤ ਸ਼ਾਸਤਰੀ ਅਧਿਐਨ' ਵਿਚ ਲਿਖਦੀ ਹੈ:

> ਬਿਰਤਾਂਤ ਆਪਣੇ ਆਪ ਵਿਚ ਨਾ ਕੋਈ ਸਾਹਿਤਕ ਰੂਪ (ਵਾਰਤਕ ਜਾਂ ਕਾਵਿ) ਹੈ ਤੇ ਨਾ ਹੀ ਕੋਈ ਸਾਹਿਤਕ ਯਾਨਰ (ਨਾਵਲ ਨਾਟਕ ਕਿੱਸਾ ਕਹਾਣੀ ਆਦਿ)। ਇਹ ਅਜਿਹੀ ਵਿਆਪਕ ਮਨੁੱਖੀ ਸਿਰਜਣਾ ਵਿਧੀ ਹੈ ਜਿਹੜੀ ਕਿਸੇ ਘਟਨਾਵੀ ਵਰਤਾਰੇ ਦੀ ਸ਼੍ਰਿੰਖਲਾ ਪ੍ਰਤਿ ਮਨੁੱਖੀ ਹੁੰਗਾਰੇ ਨੂੰ ਰਮਜ਼ਮਈ ਪੱਧਰ ਤੇ ਚਿਤਵਦੀ ਤੇ ਸਮੇਂ ਦੀ ਤਰਤੀਬ ਵਿਚ ਵਿਉਂਤਦੀ/ਪ੍ਰਗਟਾਉਂਦੀ ਹੈ। ਇਕ ਪ੍ਰਗਟਾਉ ਵਿਧੀ ਵਜੋਂ ਹੀ ਇਹ ਵਿਭਿੰਨ ਸੰਚਾਰ ਮਾਧਿਅਮਾਂ ਵਿਚ ਘੱਟ ਵੱਧ ਮਾਤਰਾ ਵਿਚ ਹਾਜ਼ਰ ਹੋਈ ਮਿਲਦੀ ਹੈ।[4]

ਵੈਬਸਟਰ ਡਿਕਸ਼ਨਰੀ ਵਿਚ ਬਿਰਤਾਂਤ ਦੀ ਪਰਿਭਾਸ਼ਾ ਕੁੱਝ ਇਸ ਤਰ੍ਹਾਂ ਹੈ:

> ਬਿਰਤਾਂਤ ਕਿਸੇ ਪ੍ਰਵਚਨ ਦਾ ਉਹ ਹਿੱਸਾ ਹੈ ਜੋ ਕਿਸੇ ਕਾਰਜ ਜਾਂ ਉਹਦੇ ਤੱਥਾਂ ਦਾ ਬਿਆਨ ਕਰਦਾ ਹੈ ਜਾਂ ਕਿਸੇ ਪ੍ਰਵਚਨ ਜਾਂ ਉਸ ਦੀ ਕਿਸੇ ਇਕ ਉਦਾਹਰਣ ਨੂੰ ਕ੍ਰਮਵਾਰ, ਘਟਨਾਵਾਂ ਦੀ ਰੂਪ ਰੇਖਾ ਰਾਹੀਂ ਪੇਸ਼ ਕਰੇ।[5]

'ਜਬ ਲਗ ਦੁਨੀਆਂ ਰਹੀਏ ਨਾਨਕ, ਕੁੱਝ ਸੁਣੀਏ ਕੁੱਝ ਕਹੀਏ' - ਬਜ਼ੁਰਗਾਂ ਦੇ ਜੀਵਨ ਤੱਤ ਦਾ ਸਾਰੰਸ਼ ਹੈ। ਇਹ ਉਪਰੋਕਤ ਕਥਨ, ਕਿਸੇ ਵੀ ਹੋਈ ਬੀਤੀ ਗੱਲ ਨੂੰ ਜਦੋਂ ਪਾਤਰਾਂ/ਘਟਨਾਵਾਂ ਦੇ ਸਮੇਂ ਤੋਂ ਵਾਂਝਿਆਂ ਰੱਖ ਕੇ ਸੁਣਾਇਆ ਜਾਵੇ ਤਾਂ ਉਹ ਪ੍ਰਗੀਤ ਅਖਵਾਉਂਦਾ ਹੈ ਪਰ ਪਾਤਰਾਂ/ਘਟਨਾਵਾਂ ਤੇ ਸਮੇਂ 'ਚ ਪਾ ਕੇ ਸੁਣਾਈ ਗੱਲ ਬਿਰਤਾਂਤ ਬਣ ਜਾਂਦੀ ਹੈ। ਮਨੁੱਖੀ ਮਨ ਕਦੇ ਵਿਚਾਰ ਸੂਨਯ ਨਹੀਂ ਹੁੰਦਾ - ਮਨ ਦਾ ਸੁਭਾਉ ਹੈ ਕੁੱਝ ਬਣਾਉਂਦੇ ਢਾਹੁੰਦੇ ਰਹਿਣਾ, ਮਨ ਸੋਚਾਂ ਦਾ ਬਿਰਤਾਂਤ ਸਿਰਜਦਾ ਹੈ। ਬਿਰਤਾਂਤ ਮਨੁੱਖੀ ਸੋਚ ਦਾ ਮੂਲ ਲੱਛਣ ਹੈ,

ਜਿਸ ਰਾਹੀਂ ਮਨੁੱਖੀ ਅਨੁਭਵ ਦੇ ਵੱਖ-ਵੱਖ ਗਿਆਨ ਅਨੁਸ਼ਾਸ਼ਨਾਂ ਦਾ ਪ੍ਰਗਟਾਅ ਰੂਪ ਸੰਭਵ ਹੁੰਦਾ ਹੈ। ਅੱਜ ਤਕ ਜਿੰਨਾਂ ਵੀ ਗਿਆਨ ਵਿਗਿਆਨ ਦਾ ਪਸਾਰਾ ਹੈ ਇਹ ਸਭ ਬਿਰਤਾਂਤ ਦੇ ਨਿਯਮਾਂ ਵਿਚ ਹੀ ਮਨੁੱਖ ਨੇ ਆਪਣੀ ਹੋਂਦ ਨੂੰ ਸਾਰਥਕ ਬਣਾਉਣ ਲਈ ਵਿਸਤਾਰਿਆ ਹੈ। ਬਿਰਤਾਂਤ ਕਿਸੇ ਪ੍ਰਵਚਨ ਦੀ ਪੇਸ਼ਕਾਰੀ ਚਿਹਨਾਂ ਰਾਹੀਂ ਕਰਦਾ ਹੈ। ਮਨੁੱਖ ਜਦੋਂ ਕਿਸੇ ਪ੍ਰਵਚਨ ਜਾਂ ਵਰਤਾਰੇ ਨੂੰ ਇਕ ਖਾਸ ਸਮੇਂ ਤੇ ਸਥਾਨ ਵਿਚ ਬਿਰਤਾਂਤ ਰਾਹੀਂ ਰੂਪਾਂਤਰਿਤ ਕਰਕੇ ਸਾਰਥਕਤਾ ਤੇ ਅਰਥ ਪ੍ਰਦਾਨ ਕਰਦਾ ਹੈ ਤਾਂ ਉਸ ਵਿਸ਼ੇਸ਼ ਮਨੁੱਖੀ ਅਨੁਭਵ ਵਿਚ ਧਰਤੀ ਤੋਂ ਲੈ ਕੇ ਦੁਮੇਲ ਤੱਕ ਜੁੜੀਆਂ ਸਿਮਰਤੀਆਂ ਤੇ ਅਕਾਂਖਿਆਵਾਂ ਸ਼ਾਮਲ ਹੋ ਜਾਂਦੀਆਂ ਹਨ। ਇਸ ਤਰ੍ਹਾਂ ਬਿਰਤਾਂਤ ਵਿਸ਼ੇਸ਼ ਤੇ ਵਿਸ਼ਾਲ ਅਨੁਭਵ ਨੂੰ ਸੰਗਠਿਤ ਕਰਦਾ ਹੈ।

ਸਾਰ ਰੂਪ ਵਿਚ ਆਦਿ ਸਮੇਂ ਤੋਂ ਬਿਰਤਾਂਤ ਮਨੁੱਖੀ ਜੀਵਨ ਦਾ ਅਟੁੱਟ ਅੰਗ ਰਿਹਾ ਹੈ। ਆਦਿ ਤੋਂ ਹੁਣ ਤੱਕ ਜਿੰਨੀਆਂ ਵੀ ਖੋਜਾਂ/ਕਾਢਾਂ ਰਾਹੀਂ ਮਨੁੱਖ ਨੇ ਪ੍ਰਕ੍ਰਿਤੀ ਤੋਂ ਸਭਿਅਤਾ ਵਲ ਵਿਕਾਸ ਕੀਤਾ ਹੈ ਉਸ ਪਿੱਛੇ ਬਿਰਤਾਂਤਕ ਚੇਤਨਾ ਹੀ ਅਚੇਤ ਸੁਚੇਤ ਰੂਪ ਵਿਚ ਕਾਰਜਸ਼ੀਲ ਰਹੀ ਹੈ। ਡਾ. ਧਨਵੰਤ ਕੌਰ ਅਨੁਸਾਰ:

> ਮਨੁੱਖੀ ਸਭਿਆਚਾਰ ਦੇ ਇਤਿਹਾਸ ਦੇ ਤਿੰਨਾਂ — ਯੁਗਾਂ (ਮਿਥ, ਧਰਮ ਅਤੇ ਵਿਗਿਆਨ) ਦੇ ਵਿਭਿੰਨ ਪ੍ਰਗਟਾ ਮਾਧਿਅਮਾਂ ਵਿਚ ਬਿਰਤਾਂਤ ਦੀ ਹੋਂਦ ਵਿਦਮਾਨ ਰਹੀ ਹੈ।[6]

ਬਿਰਤਾਂਤ ਦਾ ਇਜ਼ਹਾਰ ਸਾਹਿਤ ਵਿਚ ਮਿੱਥ, ਧਰਮ ਤੇ ਵਿਗਿਆਨ ਵਾਂਗ ਨਹੀਂ ਹੁੰਦਾ। ਜੇ ਅਸੀਂ ਮਧਕਾਲੀਨ ਸਾਹਿਤ ਪਰੰਪਰਾ ਨੂੰ ਵੇਖੀਏ ਤਾਂ ਗੀਤ ਕਾਵਿ ਦੀਆਂ ਕੁੱਝ ਵੰਨਗੀਆਂ ਛੱਡ ਕੇ ਬਾਕੀ ਸਾਰੀਆਂ ਸਾਹਿਤਕ ਵਿਧਾਵਾਂ ਵਿਚ ਬਿਰਤਾਂਤਕ ਪ੍ਰਗਟਾ ਵਿਧੀ ਦੀ ਪ੍ਰਧਾਨਤਾ ਵੇਖੀ ਜਾ ਸਕਦੀ ਹੈ। ਕਿੱਸਾ ਕਾਵਿ, ਵਾਰ ਕਾਵਿ, ਸਾਖੀਆਂ, ਲੋਕ ਕਥਾਵਾਂ ਦੀ ਸੰਰਚਨਾ ਦੀ ਬੁਨਿਆਦ ਬਿਰਤਾਂਤ ਹੀ ਹੈ। ਬਿਰਤਾਂਤ ਸਾਹਿਤ ਰੂਪੀ ਭਵਨ ਦਾ ਬੁਨਿਆਦੀ ਥੰਮ੍ਹ ਹੈ। ਆਧੁਨਿਕ ਮਸ਼ੀਨੀ, ਤਕਨੀਕੀ ਤੇ ਵਿਗਿਆਨਕ ਯੁੱਗ ਵਿਚ, ਯੁੱਗ ਦੀਆਂ ਆਪਣੀਆਂ ਲੋੜਾਂ ਤੇ ਸੀਮਾਵਾਂ

ਕਰਕੇ ਸਾਹਿਤਕ ਪਰੰਪਰਾ ਵਿਚ ਕਾਵਿ ਦੀ ਥਾਂ ਵਾਰਤਕ ਨੂੰ ਪ੍ਰਾਥਮਿਕਤਾ ਮਿਲੀ ਹੈ। ਆਧੁਨਿਕ ਕਾਲ ਦੇ ਵੱਖੋ ਵੱਖਰੇ ਸਾਹਿਤਕ ਯਾਨਰ, ਨਾਵਲ, ਨਾਟਕ, ਕਹਾਣੀ, ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਸੰਸਮਰਣ ਤੇ ਰੇਖਾ ਚਿੱਤਰ ਵਿਚ ਮੂਲ ਭੂਤ ਵਰਤਾਰਾ ਬਿਰਤਾਂਤ ਹੀ ਹੈ।

ਬਿਰਤਾਂਤ ਕਿਉਂਕਿ ਕਥਾ ਤੱਤਾਂ ਦੀ ਭਾਸ਼ਾਈ ਪ੍ਰਸਤੁਤੀ ਹੈ ਇਹ ਦੋ ਧਰੁਵੀ ਪ੍ਰਕਿਰਿਆ ਹੈ ਜਿਸਦੇ ਇਕ ਬੰਨ੍ਹੇ ਕਹਿਣ ਵਾਲਾ ਤੇ ਦੂਜੇ ਬੰਨੇ ਸੁਣਨ ਵਾਲਾ ਹੁੰਦਾ ਹੈ। The Rhetoric of Fiction ਵਿਚ Wayne. C ਲਿਖਦੇ ਹਨ:

> ਅਸਲੋਂ ਬਿਰਤਾਂਤ ਇਕ ਅਜਿਹੀ ਕਥਾ ਦਾ ਨਾਂ ਹੈ ਜੋ ਕਹਿਣ ਵਾਲੇ ਵਲੋਂ ਸੁਣਨ ਵਾਲੇ ਨੂੰ ਸੰਬੋਧਿਤ ਹੁੰਦੀ ਹੈ। ਇਹ ਕੋਈ ਸਾਹਿਤ ਰੂਪ ਜਾਂ ਰੂਪਾਕਾਰ ਨਹੀਂ ਸਗੋਂ ਪ੍ਰਗਟਾਅ ਵਿਧੀ ਹੈ ਜੋ ਸਾਹਿਤ ਦੇ ਵਿਭਿੰਨ ਰੂਪਾਂ ਤੇ ਰੂਪਾਕਾਰਾਂ ਵਿਚ ਅਕਸਰ ਵਿਦਮਾਨ ਹੁੰਦੀ ਹੈ। ਬਿਰਤਾਂਤ ਭਾਸ਼ਕ ਤੇ ਗੈਰ ਭਾਸ਼ਕ ਵੀ ਹੋ ਸਕਦੇ ਹਨ। ਕਈ ਵਾਰ ਚੁੱਪ ਦਾ ਬਿਰਤਾਂਤ ਬੋਲ ਦੇ ਬਿਰਤਾਂਤ ਨਾਲੋਂ ਵਧੇਰੇ ਗੰਭੀਰ, ਗਹਿਰਾ ਤੇ ਸੰਜੀਦਾ ਹੁੰਦਾ ਹੈ।[7]

ਹੁਣ ਬਿਰਤਾਂਤ ਦਾ ਕਾਰਜ ਖੇਤਰ ਤੇ ਕਾਰਜ ਸ਼ੈਲੀ ਦੂਰ ਦਰਾਜ਼ ਤੱਕ ਫੈਲ ਚੁੱਕੀ ਹੈ। ਬਿਰਤਾਂਤ ਕੇਵਲ ਸਾਹਿਤ ਤੇ ਕੁੱਝ ਕਹੀਏ, ਕੁੱਝ ਸੁਣੀਏ ਦੀਆਂ ਚਿਰ ਪਛਾਤੀਆਂ ਗਲੀਆਂ ਵਿਚੋਂ ਲੰਘ ਕੇ ਫਿਲਮਾਂ, ਸੰਗੀਤ, ਵਿਗਿਆਪਨ, ਅਖਬਾਰਾਂ, ਰਸਾਲੇ, ਚਿਤਰਕਲਾ, ਗੀਤਾਂ, ਬਾਤਾਂ, ਚੁਟਕਲਿਆਂ, ਸੰਕੇਤਾਂ ਅਤੇ ਇਸ਼ਾਰਿਆਂ ਦੀ ਦੁਨੀਆਂ ਵਿਚ ਪਹੁੰਚ ਗਿਆ ਹੈ। ਦਾਇਰਾ ਵਸੀਹ ਹੋਣ ਨਾਲ ਕਾਨੂੰਨ ਪ੍ਰਬੰਧ, ਮਨੋਵਿਸ਼ਲੇਸ਼ਣ, ਵਿਗਿਆਨਕ ਵਿਸ਼ਲੇਸ਼ਣ, ਅਰਥ ਸ਼ਾਸਤਰ, ਦਰਸ਼ਨ ਸ਼ਾਸਤਰ ਤੇ ਇਤਿਹਾਸ ਵਿਚ ਇਸ ਦਾ ਵਿਸ਼ੇਸ਼ ਮਹੱਤਵ ਹੈ।

ਬਿਰਤਾਂਤ ਘਟਨਾਵਾਂ ਦੀ ਪੇਸ਼ਕਾਰੀ ਹੈ। ਬਿਰਤਾਂਤ ਤੇ ਸੂਚਨਾ ਵਿਚ ਬਹੁਤ ਅੰਤਰ ਹੁੰਦਾ ਹੈ। 'ਰਾਜਾ ਮਰ ਗਿਆ', ਇਕ ਖ਼ਬਰ ਹੈ, ਇਕ ਸੂਚਨਾ ਹੈ। ਰਾਜੇ ਦੀ ਮੌਤ ਉਪਰੰਤ ਰਾਣੀ ਵੀ ਮਰ

ਗਈ, ਇਹ ਬਿਰਤਾਂਤ ਹੈ। ਇਕ ਪ੍ਰਕਾਰ ਦੀ ਸਥਿਤੀ/ਕਾਰਜ ਤੋਂ ਦੂਜੀ ਸਥਿਤੀ/ਕਾਰਜ ਵਲ ਵਧਣ ਦਾ ਨਾਂ ਬਿਰਤਾਂਤ ਹੈ। ਪ੍ਰਿੰਸ ਅਨੁਸਾਰ:

> ਘੱਟੋ ਘੱਟ ਦੋ ਅਸਲੀ ਜਾਂ ਗਾਲਪਨਿਕ ਘਟਨਾਵਾਂ ਜਿਸ ਵਿਚ ਕੋਈ ਵੀ ਦੂਜੇ ਤੇ ਆਰੋਪਿਤ ਜਾਂ ਪੂਰਵ ਅਨੁਮਾਨਿਤ ਨਹੀਂ ਹੁੰਦੀਆਂ, ਦੀ ਕਾਲ ਤਰਤੀਬ ਵਿਚ ਪੇਸ਼ਕਾਰੀ ਨੂੰ ਬਿਰਤਾਂਤ ਕਿਹਾ ਜਾਂਦਾ ਹੈ।[8]

ਟੱਕਰ ਬਿਰਤਾਂਤ ਦਾ ਵਿਸ਼ੇਸ਼ ਗੁਣ ਹੈ। ਟੱਕਰ ਨਾਲ ਰਚਨਾ ਦਾ ਅੰਦਰੂਨੀ ਜਗਤ ਪਾਠਕਾਂ ਸਨਮੁੱਖ ਜਾਹਰ ਹੋ ਜਾਂਦਾ ਹੈ। ਟੱਕਰ ਨਾਲ ਪਾਤਰਾਂ ਦੀ ਮਨੋਸਥਿਤੀ, ਵਸਤੂ ਸਥਿਤੀ ਦਾ ਕੱਜਣ ਚੁੱਕਿਆ ਜਾਂਦਾ ਹੈ। ਪਾਠਕ/ਸਰੋਤੇ ਬਿਰਤਾਂਤ ਰਚਨਾ ਦੀ ਅੱਖ ਵਿਚ ਅੱਖ ਪਾ ਕੇ ਵੇਖਣ ਯੋਗ ਹੁੰਦੇ ਹਨ। ਬਿਰਤਾਂਤ ਵਿਚ ਘਟਨਾਵਾਂ ਦੀ ਅਦ੍ਰਿਸ਼ ਕੜੀ ਹੈ। ਰਚਨਾ ਜਗਤ ਵਿਚ ਬਿਰਤਾਂਤ ਦੇ ਹੱਥ ਵਿਚ ਉਹ ਮੁਸਵਰੀ ਬੁਰਸ਼ ਤੇ ਰੰਗ ਹੈ ਜਿਸ ਨਾਲ ਕੜੀਆਂ ਜੋੜ ਜੋੜ ਕੇ ਉਹ ਸਜੀਵ ਮੂਰਤਾਂ ਬਣਾਉਂਦਾ ਹੈ।

ਬਿਰਤਾਂਤ ਵਿਚ ਘਟਨਾਵਾਂ ਦੀ ਅਹਿਮ ਭੂਮਿਕਾ ਹੈ। ਬਿਰਤਾਂਤ ਸ਼ਾਸਤਰ ਦੀ ਸੰਕਲਪਵਾਚੀ ਸ਼ਬਦਾਵਲੀ ਵਿਚ ਕਥਾ ਵਿਚਲੀ ਇਕ ਸਥਿਤੀ ਤੋਂ ਦੂਜੀ ਤੱਕ ਦੇ ਪਰਿਵਰਤਨ ਨੂੰ ਘਟਨਾ ਕਿਹਾ ਜਾਂਦਾ ਹੈ। ਸਥਿਤੀਆਂ ਪਰਿਵਰਤਨਸ਼ੀਲ ਹਨ। ਵੈਸੇ ਤਾਂ ਸੰਸਾਰ ਦੀ ਹਰ ਵਸਤੂ ਦੇ ਸੰਬੰਧ ਪ੍ਰਕ੍ਰਿਆ ਤੇ ਵਰਤਾਰੇ ਵਿਚ ਪਰਿਵਰਤਨ ਹੋਣਾ ਲਾਜ਼ਮੀ ਹੈ। "ਸਥਿਤੀਆਂ ਵਿਚ ਵਾਪਰਨ ਵਾਲੀ ਤਬਦੀਲੀ ਨੂੰ ਪ੍ਰਕਿਰਿਆ ਕਿਹਾ ਜਾਂਦਾ ਹੈ ਜੋ ਕਥਾ ਦਾ ਬਦਲਣਸ਼ੀਲ ਤੱਤ ਹੈ ਅਤੇ ਕਾਲ ਕ੍ਰਮਿਕ ਵਿਕਾਸ ਪੱਖੋਂ ਇਸ ਦੇ ਤਿੰਨ ਤੱਤ ਨਿਖੇੜੇ ਜਾ ਸਕਦੇ ਹਨ: ਪ੍ਰਕਿਰਿਆ ਦੀ ਸੰਭਾਵਨਾ, ਘਟਨਾ ਅਤੇ ਨਤੀਜਾ।[9] ਇਹ ਘਟਨਾਵਾਂ ਸਮੇਂ ਸਥਾਨ ਤੇ ਕਾਰਜ ਕਾਰਨੀ ਸੰਬੰਧਾਂ ਦੇ ਸਹਾਰੇ ਕਾਲਕ੍ਰਮਿਕ ਵਿਉਂਤ ਵਿਚ ਬੱਝੀਆਂ ਹੁੰਦੀਆਂ ਹਨ। ਕਿਸੇ ਵੀ ਬਿਰਤਾਂਤਕ ਸੰਰਚਨਾ ਵਿਚ ਘਟਨਾਵਾਂ ਦੀ ਵੱਧੋ-ਵੱਧ ਗਿਣਤੀ ਬਾਰੇ ਕੋਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ਪਰ ਇਸ ਦਾ ਘੱਟੋ ਘੱਟ ਦੋ ਹੋਣਾ ਜ਼ਰੂਰੀ ਹੈ ਕਿਉਂਕਿ ਸਿਰਫ ਸਥਾਨ ਵਿਚ ਸਥਿਤ ਘਟਨਾ/ਹਾਲਤ

ਦਾ ਸਥਿਰ ਬਿਆਨ ਬਿਰਤਾਂਤ ਨਹੀਂ ਹੋ ਸਕਦਾ। ਘਟਨਾ ਇਕ ਪ੍ਰਕ੍ਰਿਆ ਹੈ ਤੇ ਹਰ ਘਟਨਾ ਨਿਸ਼ਚਿਤ ਵਿਊਂਤ ਅਤੇ ਮਿਆਦ (Order and duration) ਵਿਚ ਵਾਪਰਦੀ ਹੈ। ਘਟਨਾਵਾਂ ਕਿਸੇ ਖਾਸ ਤਰੀਕੇ ਅਤੇ ਸਲੀਕੇ ਨਾਲ ਪੇਸ਼ ਕੀਤੀਆਂ ਗਈਆਂ ਹੁੰਦੀਆਂ ਹਨ। ਬਿਰਤਾਂਤਕਾਰ ਬਿਰਤਾਂਤਣ ਦੇ ਅਮਲ ਦੌਰਾਨ ਘਟਨਾਵਾਂ ਨੂੰ ਇਕ ਕਲਾਤਮਕ ਤਰਤੀਬ ਦਿੰਦਾ ਹੈ। ਘਟਨਾ ਨੂੰ ਬਿਆਨ ਕਰਨ ਲਈ ਪਾਤਰਾਂ ਦੀ ਲੋੜ ਪੈਂਦੀ ਹੈ।

**ਬਿਰਤਾਂਤ ਅਤੇ ਬਿਰਤਾਂਤ-ਸ਼ਾਸਤਰ**

ਬਿਰਤਾਂਤ ਸਾਹਿਤ ਦੀਆਂ ਪ੍ਰਮੁੱਖ ਤੇ ਪ੍ਰਤੀਨਿਧ ਵਿਧੀਆਂ ਵਿਚੋਂ ਹੈ। ਇਹ ਹੀ ਕਾਰਨ ਹੈ ਕਿ ਅਤਿਅੰਤ ਪ੍ਰਾਚੀਨ ਸਮੇਂ ਤੋਂ ਬਿਰਤਾਂਤ ਰਚਨਾ ਵੀ ਤੇ ਇਸ ਸੰਬੰਧੀ ਸ਼ਾਸਤਰੀ ਟਿੱਪਣੀਆਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ। ਦੋ ਵਾਸਤਵਿਕ ਜਾਂ ਗਲਪੀ ਰਚਨਾਵਾਂ ਦੀ ਕਿਸੇ ਨਿਸ਼ਚਤ ਤਰਤੀਬ ਵਿਚ ਪੇਸ਼ਕਾਰੀ ਨੂੰ ਬਿਰਤਾਂਤ ਕਿਹਾ ਜਾਂਦਾ ਹੈ। ਬਿਰਤਾਂਤ ਮਨੁੱਖ ਦੀ ਆਦਿ ਬਿਰਤੀ ਹੈ। ਇਸ ਤੋਂ ਪਹਿਲਾਂ ਜਦੋਂ ਮਾਈ ਹਵਾ ਤੇ ਆਦਮ ਨੇ ਵਰਜਿਤ ਫਲ ਖਾਣ ਦੀ ਇੱਛਾ ਪ੍ਰਗਟ ਕੀਤੀ ਹੋਵੇਗੀ ਉਹ ਬਿਰਤਾਂਤ ਦਾ ਸ਼੍ਰੀ ਗਣੇਸ਼ ਸੀ। ਆਦਿ ਕਾਲ ਵਿਚ ਆਪਣੀ ਉਦਰ ਪੂਰਤੀ ਲਈ ਪਹਿਲੋਂ ਮਾਨਵ ਨੇ ਜਦੋਂ ਕਿਸੇ ਜੰਗਲੀ ਜਾਨਵਰ ਦਾ ਸ਼ਿਕਾਰ ਕਰਕੇ, ਆਪਣੀ ਜਿੱਤ, ਸਫ਼ਲਤਾ ਤੇ ਪ੍ਰਾਪਤੀ ਦੀ ਖੁਸ਼ੀ ਨੂੰ ਭਾਸ਼ਕ ਜਾਂ ਕਿਸੇ ਗੈਰਭਾਸ਼ਕ ਢੰਗ ਨਾਲ ਜ਼ਾਹਰ ਕੀਤਾ ਹੋਵੇਗਾ ਤਾਂ ਉਹ ਦੁਨੀਆਂ ਦਾ ਅੱਵਲੀਨ ਬਿਰਤਾਂਤ ਰਿਹਾ ਹੋਵੇਗਾ।

ਆਪਣੀ ਲੋੜ ਪੂਰਤੀ ਤੇ ਸੁਖ ਸੁਵਿਧਾਵਾਂ ਦਾ ਸੰਸਾਰ ਸਿਰਜਣ ਲਈ ਮਨੁੱਖ ਨੂੰ ਬਹੁਤ ਸੰਘਰਸ਼ ਕਰਨਾ ਪਿਆ। ਇਸ ਲੰਮੇਰੇ ਸੰਘਰਸ਼ ਦੀਆਂ ਕਥਾ ਕਹਾਣੀਆਂ ਵੀ ਲੰਮੀਆਂ ਹਨ। ਪਹਿਲਾਂ ਇਹ ਕਥਾ ਕਹਾਣੀਆਂ ਲੰਮੇਰੇ ਸਾਹਿਤ ਰੂਪਾਂ (ਮਹਾਂ ਕਾਵਿ, ਕਿੱਸਾ ਕਾਵਿ, ਵੀਰ ਕਾਵਿ) ਵਿਚ ਕਾਵਿਬੱਧ ਹੋ ਕੇ ਪ੍ਰਗਟ ਹੋਈਆਂ। ਫਿਰ ਹੌਲੀ ਹੌਲੀ ਕਵਿਤਾ ਦੀ ਥਾਂ ਗਦ ਜਾਂ ਵਾਰਤਕ ਨੇ ਲੈ ਲਈ ਤੇ ਗਲਪ ਦੇ ਕਈ ਰੂਪ (ਨਾਵਲ, ਨਾਟਕ, ਕਹਾਣੀ, ਇਕਾਂਗੀ, ਜੀਵਨੀ, ਸਫਰਨਾਮਾ) ਸਾਹਮਣੇ ਆਏ।

ਪੂਰਬ ਤੇ ਪੱਛਮ ਦੇ ਸਾਹਿਤ ਸ਼ਾਸਤਰੀਆਂ ਨੇ ਇਨ੍ਹਾਂ ਰਚਨਾਵਾਂ ਦੇ ਅਧਿਐਨ ਉਪਰੰਤ ਅਦ੍ਰਿਸ਼ ਸੂਤਰ ਨੇਮ ਤੇ ਨਿਯਮ ਲੱਭੇ ਜਿਸ ਨੂੰ ਉਨ੍ਹਾਂ ਕਾਵਿ ਸ਼ਾਸਤਰ ਦਾ ਨਾਂ ਦਿੱਤਾ। ਇਹ ਇਕ ਅਟੱਲ ਸਚਾਈ ਹੈ ਕਿ ਪਹਿਲਾਂ ਹਰ ਵਰਤਾਰੇ ਵਿਚ ਸਾਹਿਤ ਰੂਪ ਹੋਂਦ ਵਿਚ ਆਉਂਦੇ ਹਨ ਫਿਰ ਉਨ੍ਹਾਂ ਦਾ ਕਾਵਿ-ਸ਼ਾਸਤਰ ਤਿਆਰ ਹੁੰਦਾ ਹੈ। ਸਾਹਿਤਕ ਰਚਨਾਵਾਂ ਦੇ ਨੇਮ ਬੰਨਣ ਦੀ ਕਿਰਿਆ ਪੱਛਮ ਵਿਚ ਪਲੈਟੋ ਤੇ ਅਰਸਤੂ ਅਤੇ ਭਾਰਤ ਵਿਚ ਭਰਤਮੁਨੀ ਤੋਂ ਪ੍ਰਚਲਿਤ ਰਹੀ ਹੈ। ਹੁਣ ਆਵਾਜਾਈ ਤੇ ਸੰਚਾਰ ਸਾਧਨਾਂ ਨਾਲ ਪੂਰਬ ਪੱਛਮ ਇਕ ਦੂਜੇ ਤੋਂ ਦੂਰ ਨਹੀਂ ਸਗੋਂ ਪੂਰਾ ਵਿਸ਼ਵ ਹੀ ਗਲੋਬਲ ਵਿਲੇਜ (ਵਿਸ਼ਵ ਗਰਾਂ) ਬਣ ਗਿਆ ਹੈ।

ਵੀਹਵੀਂ ਸਦੀ ਦੌਰਾਨ ਗਿਆਨ, ਵਿਗਿਆਨ ਅਤੇ ਟੈਕਨਾਲੋਜੀ ਦੇ ਖੇਤਰ ਵਿਚ ਹੋਏ ਭਰਪੂਰ ਵਿਕਾਸ ਨੇ ਜਿਥੇ ਮਨੁੱਖ ਦੇ ਅਨੁਭਵ ਅਤੇ ਬੋਧ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ, ਉਥੇ ਚਿੰਤਨ ਅਤੇ ਚੇਤਨਾ ਨੂੰ ਵੀ ਕ੍ਰਾਂਤੀਕਾਰੀ ਤੌਰ ਤੇ ਪਰਿਵਰਤਿਤ ਕਰਨ ਦਾ ਜਤਨ ਕੀਤਾ ਹੈ। ਅਜਿਹੀ ਸਥਿਤੀ ਵਿਚ ਸਾਹਿਤ ਚਿੰਤਨ ਅਤੇ ਸਮੀਖਿਆ ਦਾ ਪ੍ਰਭਾਵਿਤ ਹੋਣਾ ਵੀ ਸੁਭਾਵਿਕ ਹੀ ਸੀ। ਇਸੇ ਸਦੀ ਦੌਰਾਨ ਅਮਰੀਕੀ ਨਵ ਆਲੋਚਨਾ, ਰੂਸੀ ਰੂਪਵਾਦ, ਸੰਰਚਨਾਵਾਦ, ਚਿਹਨ ਵਿਗਿਆਨ, ਉੱਤਰ ਸੰਰਚਨਾਵਾਦ, ਮਾਰਕਸਵਾਦ ਅਤੇ ਨਵ ਮਾਰਕਸਵਾਦ ਵਰਗੀਆਂ ਚਿੰਤਨ ਵਿਧੀਆਂ ਅਤੇ ਸਮੀਖਿਆ ਪ੍ਰਣਾਲੀਆਂ ਉੱਭਰ ਕੇ ਸਾਹਮਣੇ ਆਈਆਂ ਜਿਨ੍ਹਾਂ ਨੇ ਸਾਹਿਤਕ ਤੇ ਸਭਿਆਚਾਰਕ ਸਿਰਜਣਾਵਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨ ਲਈ ਨਵੀਨ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ। ਚਿੰਤਨ ਅਤੇ ਚੇਤਨਾ ਦੇ ਇਸ ਨਵੇਂ ਮਾਹੌਲ ਨੇ ਪਰੰਪਰਕ ਸਮੀਖਿਆ ਦ੍ਰਿਸ਼ਟੀ ਨੂੰ ਵਿਸਥਾਪਿਤ ਕਰਕੇ ਸਾਹਿਤਕ ਰਚਨਾਵਾਂ ਦੇ ਅਧਿਐਨ ਲਈ ਨਵੇਂ ਪ੍ਰਤਿਮਾਨ ਸਥਾਪਤ ਕੀਤੇ ਹਨ।

ਬਿਰਤਾਂਤ ਸੰਬੰਧੀ ਪ੍ਰਮਾਣਕ ਟਿੱਪਣੀ ਯੂਨਾਨ ਦੇ ਕਲਾਸਕੀ ਵਿਦਵਾਨ ਅਰਸਤੂ ਦੇ ਕਾਵਿ-ਸ਼ਾਸਤਰ ਤੇ ਪੂਰਬ ਦੇ ਸਾਹਿਤ ਚਿੰਤਕ ਭਰਤਮੁਨੀ ਦੇ ਕਾਵਿ ਸ਼ਾਸਤਰ ਵਿਚ ਮਿਲ ਜਾਂਦੀ ਹੈ। ਅਰਸਤੂ ਅਤੇ ਭਰਤਮੁਨੀ ਨੇ ਕਾਵਿ-ਸ਼ਾਸਤਰ ਦਾ ਮੁੱਢ ਬੰਨ ਦਿੱਤਾ ਸੀ।

ਡਾ. ਜਗਬੀਰ ਸਿੰਘ ਆਪਣੀ ਪੁਸਤਕ 'ਸ਼ਬਦ ਤੇ ਸੰਵਾਦ' ਵਿਚ ਉਪਰੋਕਤ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦਾ ਲਿਖਦੇ ਹਨ:

> ਇਸ ਦੇ ਕੇਂਦਰੀ ਤੱਤ (ਬਿਰਤਾਂਤ) ਸੰਬੰਧੀ ਸਿਧਾਂਤ ਚਿੰਤਨ ਦਾ ਮੁੱਢ ਪ੍ਰਾਚੀਨ ਭਾਰਤੀ ਤੇ ਯੂਨਾਨੀ ਸਾਹਿਤ ਚਿੰਤਕਾਂ ਦੀਆਂ ਅੰਤਰ ਦ੍ਰਿਸ਼ਟੀਆਂ ਵਿਚ ਲੱਭਿਆ ਜਾ ਸਕਦਾ ਹੈ ਭਾਵੇਂ ਇਨ੍ਹਾਂ ਦੋਹਾਂ ਸੋਮਿਆਂ ਤੋਂ ਪ੍ਰਾਪਤ ਕਾਵਿ ਸ਼ਾਸਤਰੀ ਚਿੰਤਨ ਵਧੇਰੇ ਨਾਟਕ ਦੇ ਪ੍ਰਸੰਗ ਨਾਲ ਸੰਬੰਧਿਤ ਹੈ।[10]

ਪੱਛਮ ਦੀ ਕਾਵਿ ਸ਼ਾਸਤਰੀ ਪਰੰਪਰਾ ਵਿਚ ਅਰਸਤੂ ਦੇ ਕਾਵਿ ਸ਼ਾਸਤਰ ਦਾ ਅੱਜ ਤੱਕ ਬੋਲਬਾਲਾ ਹੈ। ਅਰਸਤੂ ਤੋਂ ਲੈ ਕੇ ਅੱਜ ਦੇ ਅਤਿ ਤਕਨੀਕੀ ਯੁੱਗ ਤੱਕ ਕਈ ਸਕੂਲ ਤੇ ਦ੍ਰਿਸ਼ਟੀਕੋਣ ਸਾਹਮਣੇ ਆਏ ਪਰ ਸਭ ਨੇ ਆਪੋ-ਆਪਣੇ ਤਰੀਕੇ ਨਾਲ ਅਰਸਤੂ ਦੇ ਕਾਵਿ ਸ਼ਾਸਤਰ ਨੂੰ ਚਿੰਤਨ ਦਾ ਆਧਾਰ ਬਣਾਇਆ। ਅਸੀਂ ਆਪਣੇ ਸ਼ੋਧ-ਪ੍ਰਬੰਧ "ਭਾਈ ਗੁਰਦਾਸ ਦੀਆਂ ਵਾਰਾਂ ਦਾ ਬਿਰਤਾਂਤ ਸ਼ਾਸਤਰੀ ਅਧਿਐਨ" ਨੂੰ ਅਰਸਤੂ ਦੇ ਕਾਵਿ ਸ਼ਾਸਤਰ ਤੋਂ ਅੱਗੇ ਵਰਤਮਾਨ ਸਾਹਿਤਕ ਪ੍ਰਸੰਗ ਵਿਚ ਤੋਰਨ ਦੀ ਕੋਸ਼ਿਸ਼ ਕਰਾਂਗੇ।

ਅਰਸਤੂ ਕਾਵਿ ਨੂੰ ਕਲਾ ਮੰਨਦਾ ਹੈ ਤੇ ਅਗੋਂ ਇਸ ਨੂੰ ਤਿੰਨ ਵਿਧੀਆਂ ਵਿਚ ਵੰਡਦਾ ਹੈ। ਇਹ ਨੰਬਰ ਇਕ ਪ੍ਰਗੀਤ, ਦੋ ਨਾਟਕ ਤੇ ਤਿੰਨ ਬਿਰਤਾਂਤ ਦੀ ਵਿਧੀ ਹੈ। ਪ੍ਰਗੀਤ ਵਿਚ ਚਿਤਰਣ, ਨਾਟਕ ਵਿਚ ਕਾਰਜ (ਟੱਕਰ) ਤੇ ਬਿਰਤਾਂਤ ਵਿਚ ਪ੍ਰਦਰਸ਼ਨ ਹੈ। ਅਰਸਤੂ ਇਨ੍ਹਾਂ ਤਿੰਨਾਂ ਨੂੰ ਹੀ ਅਨੁਕਰਣ ਦੀ ਕੋਟੀ ਵਿਚ ਰੱਖਦਾ ਹੈ ਪਰ ਪ੍ਰਗੀਤ ਤੇ ਨਾਟਕ ਨਾਲੋਂ ਬਿਰਤਾਂਤ ਵਿਚ ਅਨੁਕਰਣ ਦੀ ਕੋਟੀ ਵਧੇਰੇ ਮਕਬੂਲ ਹੋਈ ਹੈ। ਅਰਸਤੂ ਅਤੇ ਭਰਤਮੁਨੀ ਦੋਵੇਂ ਅਨੁਕਰਣ (memesis) ਸਿਧਾਂਤ ਬਾਰੇ ਇਕ ਮੱਤ ਸਨ। ਤ੍ਰਾਸਦੀ ਦੀ ਪਰਿਭਾਸ਼ਾ ਕਰਦਿਆਂ ਅਰਸਤੂ ਲਿਖਦਾ ਹੈ:

"ਤ੍ਰਾਸਦੀ ਕਿਸੇ ਗੰਭੀਰ ਅਤੇ ਮੁਕੰਮਲ ਮਨੁੱਖੀ ਕਾਰਜ ਦਾ ਅਨੁਕਰਣ ਹੈ, ਜਿਹੜਾ ਗੰਭੀਰ ਅਤੇ ਖਾਸ ਆਕਾਰ ਦਾ ਹੁੰਦਾ ਹੈ।"[11] ਪੂਰਬ ਤੇ ਪੱਛਮ ਦੇ ਚਿੰਤਕਾਂ ਨੇ ਅਨੁਕਰਣ ਨੂੰ

ਪ੍ਰਤਿਮਾਨ ਵਜੋਂ ਗ੍ਰਹਿਣ ਕੀਤਾ। ਸੰਰਚਨਾਵਾਦੀ ਕਾਵਿ ਸ਼ਾਸਤਰ ਦੇ ਉਦੈ ਹੋਣ ਤੱਕ ਅਰਸਤੂ ਦੇ ਕਾਵਿ-ਸ਼ਾਸਤਰੀ ਮਾਡਲ ਉੱਪਰ ਬਿਰਤਾਂਤ ਸ਼ਾਸਤਰ ਨੇ ਕਥਾ ਤੇ ਕਥਾਨਕ ਦੀ ਸਾਰਥਕਤਾ ਜੀਵਨ ਅਤੇ ਯਥਾਰਥ ਦੇ ਅਨੁਕਰਣ ਰਾਹੀਂ ਸਥਾਪਤ ਕਰਨ ਦਾ ਜਤਨ ਕੀਤਾ। "ਭਾਰਤੀ ਕਾਵਿ ਸ਼ਾਸਤਰ ਦੇ ਅੰਤਰਗਤ ਵੀ ਕਥਾ ਤੱਤਾਂ ਦੀ ਵਿਆਖਿਆ ਰਸ, ਧੁਨੀ, ਅਲੰਕਾਰ, ਵਕ੍ਰੋਕਤੀ ਰੀਤੀ ਅਤੇ ਔਚਿਤਯ ਵਰਗੇ ਕਾਵਿਕ ਪ੍ਰਤਿਮਾਨਾਂ ਦੇ ਸੰਦਰਭ ਵਿਚ ਹੀ ਕੀਤੀ ਗਈ ਹੈ ਜੋ ਅੰਤਿਮ ਤੌਰ ਤੇ ਬਿਰਤਾਂਤ ਦਾ ਸ਼ਾਸਤਰ ਉਸਾਰਨ ਦੀ ਹੀ ਲਖਾਇਕ ਹੋ ਨਿਬੜਦੀ ਹੈ।"[12]

ਅਰਸਤੂ ਅਨੁਕਰਣ ਦੇ ਸੰਕਲਪ ਨੂੰ ਕਾਰਜ, ਚਰਿੱਤਰ, ਘਟਨਾਵਾਂ, ਕਹਾਣੀ ਤੇ ਪਲਾਟ ਆਦਿ ਨਾਲ ਨਿਸ਼ਚਿਤ ਕਰਦਾ ਹੈ। ਰੋਬਰਟ ਸਕੋਲਜ਼ The Nature of Narrative ਵਿਚ ਬਿਰਤਾਂਤ ਬਾਰੇ ਅਨੁਕਰਣ ਤੋਂ ਅਗਲੀ ਪੰਕਤੀ ਜਮ੍ਹਾ ਕਰਦਾ ਹੋਇਆ ਲਿਖਦਾ ਹੈ: "ਬਿਰਤਾਂਤ ਸ਼ਾਸਤਰ ਦੀ ਇਕ ਵਿਧਾ (Genre) ਹੈ ਜਿਸ ਦਾ ਮੁੱਖ ਪਛਾਣ ਚਿੰਨ ਕਥਾਤਮਕਤਾ ਹੁੰਦੀ ਹੈ। ਬਿਰਤਾਂਤ ਸ਼ਾਸਤਰੀਆਂ ਅਨੁਸਾਰ ਉਹ ਸਾਰੀਆਂ ਸਾਹਿਤਕ ਕਿਰਤਾਂ ਬਿਰਤਾਂਤ ਅਖਵਾਉਂਦੀਆਂ ਹਨ ਜਿਨ੍ਹਾਂ ਵਿਚ ਕਹਾਣੀ ਅਤੇ ਬਿਰਤਾਂਤਕਾਰ (Story teller) ਦੀ ਮੌਜੂਦਗੀ (Presence) ਲਾਜ਼ਮੀ ਹੰਦੀ ਹੈ।"[13]

ਬਿਰਤਾਂਤਕਾਰ ਦੀ ਮੌਜੂਦਗੀ ਕਾਰਨ ਇਹ ਨਾਟਕ ਵਿਧਾ ਤੋਂ ਵੱਖਰੇਵਾਂ ਥਾਪ ਲੈਂਦੀ ਹੈ। ਡਾ.ਬਲਦੇਵ ਸਿੰਘ ਧਾਲੀਵਾਲ ਬਿਰਤਾਂਤਕਾਰ ਦੀ ਮੌਜੂਦਗੀ ਬਾਰੇ ਆਪਣੇ ਵਿਚਾਰ ਇਉਂ ਪ੍ਰਗਟ ਕਰਦੇ ਹਨ:- ਬਿਰਤਾਂਤਕਾਰ ਉਹ ਅਹਿਮ ਤੱਤ ਹੈ ਜਿਸ ਬਿਨਾਂ ਬਿਰਤਾਂਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਤੱਥ ਅਤੇ ਵੇਰਵੇ ਆਪਣੇ ਆਪ ਕੁੱਝ ਨਹੀਂ ਦਸਦੇ। ਉਨ੍ਹਾਂ ਨੂੰ ਪੇਸ਼ ਕਰਨ ਲਈ ਬਿਰਤਾਂਤਕਾਰ ਸਥਿਤੀ ਵਿਸ਼ੇਸ਼ ਅਨੁਸਾਰ ਬਿਰਤਾਂਤਕਾਰੀ ਦੇ ਦੋ ਢੰਗਾਂ ਵਿਚੋਂ ਕਿਸੇ ਇਕ ਰਾਹੀਂ ਆਪਣਾ ਬਿਰਤਾਂਤ ਪੇਸ਼ ਕਰ ਸਕਦਾ ਹੈ। ਉਹਨਾਂ ਅਨੁਸਾਰ ਇਹ ਢੰਗ ਦੋ ਤਰ੍ਹਾਂ ਦੇ ਹੁੰਦੇ ਹਨ:

I. ਸਰਬ ਗਿਆਤਾ ਬਿਰਤਾਂਤਕਾਰ ਵਜੋਂ

II. ਚਰਿਤਰ ਰੂਪੀ ਬਿਰਤਾਂਤਕਾਰ ਵਜੋਂ।[14]

ਬਿਰਤਾਂਤ ਕਿਸੇ ਘਟਨਾ ਕ੍ਰਮ ਦਾ ਇਕ ਆਰੰਭ ਤੋਂ ਲੈ ਕੇ ਅੰਤਲੇ ਸਿਰੇ ਤੱਕ ਕੀਤਾ ਗਿਆ ਇਸ ਤਰ੍ਹਾਂ ਦਾ ਬਿਆਨ ਹੁੰਦਾ ਹੈ ਕਿ ਉਸ ਵਿਚ ਕਥਾ ਕਹਿਣ (Telling) ਜਾਂ ਵਿਖਾਉਣ (Showing) ਦੀ ਵਿਧੀ ਵਰਤੀ ਜਾਂਦੀ ਹੈ।

ਸਰਬ ਗਿਆਤਾ ਬਿਰਤਾਂਤਕਾਰ ਵਜੋਂ ਲੇਖਕ/ਕਵੀ ਆਪ ਬਿਰਤਾਂਤ ਦੇ ਬਾਹਰ ਰਹਿ ਕੇ ਕਿਸੇ ਅਨਯਪੁਰਖੀ 'ਉਹ' ਦਾ ਬਿਰਤਾਂਤ ਸਿਰਜਦਾ ਹੈ। ਬਿਰਤਾਂਤ ਵਿਚਲੀ ਵਾਸਤਵਿਕਤਾ ਤੇ ਇਤਿਹਾਸਕ ਤੱਥਾਂ ਉੱਪਰ ਅਧਾਰਤ ਵਾਸਤਵਿਕਤਾ ਵਿਚ ਫ਼ਰਕ ਹੁੰਦਾ ਹੈ। ਇਤਿਹਾਸਕ ਬਿਰਤਾਂਤ ਵਿਚ ਸਾਰਾ ਵਿਵਰਣ ਤੱਥਾਂਧਾਰੀ ਹੁੰਦਾ ਹੈ। ਕਾਵਿ ਤੇ ਸਾਹਿਤ ਆਧਾਰੀ ਬਿਰਤਾਂਤ ਵਿਚਲਾ ਵਿਵਰਣ ਲੋੜ ਅਧਾਰਿਤ (Need based) ਅਤੇ ਸੰਭਾਵਨਾ (Probability) ਅਧਾਰਿਤ ਹੁੰਦਾ ਹੈ। ਸੋ ਬਿਰਤਾਂਤ ਅਨੁਕਰਣ ਵਿਚਲੇ ਵਿਵਰਣ ਨੂੰ ਵਿਸ਼ੁਧ ਵਾਸਤਵਿਕਤਾ ਨਹੀਂ, ਵਾਸਤਵਿਕਤਾ ਦਾ ਆਭਾਸ ਮਾਤਰ ਸਮਝਿਆ ਜਾਂਦਾ ਹੈ। ਬਿਰਤਾਂਤ ਵਿਚਲੇ ਨਜ਼ਾਰੇ ਨੂੰ ਪਲਾਟ ਰਾਹੀਂ ਹੀ ਸਮਝਿਆ ਜਾ ਸਕਦਾ ਹੈ।

ਅਰਸਤੂ ਅਨੁਸਾਰ ਬਿਰਤਾਂਤ ਦਾ ਪ੍ਰਯੋਜਨ ਵਿਰੇਚਨ ਹੈ, ਵਿਰੇਚਨ ਇਕ ਚਿਕਿਤਸਾ ਦਾ ਸ਼ਬਦ ਹੈ। ਸਰੀਰ ਵਿਚਲੇ ਮਲਬੰਧ ਨੂੰ ਤੋੜਨ ਲਈ ਜਾਂ ਸਾਫ ਕਰਨ ਲਈ ਵੈਦ ਜ਼ੁਲਾਬ ਪ੍ਰਕ੍ਰਿਆ ਨਾਲ ਸਰੀਰ, ਮਿਹਦੇ ਤੇ ਵੱਡੀ ਆਂਤ ਦੀ ਸਫਾਈ ਕਰਦੇ ਹਨ। ਇਸੇ ਵਿਰੇਚਨ ਸਿਧਾਂਤ ਉਤੇ ਮਾਨਸਿਕਤਾ ਦਾ ਵਿਰੇਚਨ (Catharsis) ਸਿਧਾਂਤ ਬਣਿਆ।

ਡਾ. ਤਰਲੋਕ ਸਿੰਘ ਕੰਵਰ ਦਾ ਵਿਚਾਰ ਹੈ:

> ਬਿਰਤਾਂਤ ਆਪਣੀ ਗਲਪੀ ਵਿਧੀ ਰਾਹੀਂ ਵਾਸਤਵਿਕਤਾ ਦਾ ਐਸਾ ਚਿੱਤਰ ਪੇਸ਼ ਕਰਦਾ ਹੈ ਜੋ ਸਮਾਜਕ ਯਥਾਰਥ ਦਾ ਪ੍ਰਤੀਬਿੰਬ ਹੁੰਦਾ ਹੈ।[15]

ਭਾਵ ਬਿਰਤਾਂਤਕਾਰ ਬਿਰਤਾਂਤਕਤਾ ਵਿਚ ਕਿਸੇ ਵਿਸ਼ੇਸ਼ ਸਮਾਜਕ ਪ੍ਰਸੰਗ ਦੀ ਵਾਸਤਵਿਕਤਾ ਦਾ ਵਿਸਤ੍ਰਿਤ, ਭਰਪੂਰ ਤੇ ਜਟਿਲ ਚਿਤਰਣ ਕਰੇ ਅਤੇ ਇਹ ਚਿਤਰਣ ਯਥਾਰਥ ਦੀਆਂ ਪਰਤਾਂ ਨੂੰ ਉਘਾੜਨ ਵਾਲਾ ਹੋਵੇ।

> ਇਸ ਤਰ੍ਹਾਂ ਸਾਡੇ ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਕਾਰਜ ਕੇਵਲ ਬਿਰਤਾਂਤਕ ਪ੍ਰਸੰਗਾਂ ਵਿਚ ਹੀ ਸਮਝੇ ਜਾ ਸਕਦੇ ਹਨ। ਅਸਲ ਵਿਚ ਮਨੁੱਖ ਅਤੇ ਮਨੁੱਖੀ ਜੀਵਨ ਅੱਜ ਤੱਕ ਬਿਰਤਾਂਤਕ ਪ੍ਰਵਚਨ ਦੀਆਂ ਜੁਗਤਾਂ ਵਿਚ ਹੀ ਪਰਿਭਾਸ਼ਿਤ ਹੁੰਦੇ ਆਏ ਹਨ। ਬਿਰਤਾਂਤਕ ਪ੍ਰਵਚਨ ਮਨੁੱਖੀ ਭਾਸ਼ਾ ਅਤੇ ਅਭਿਆਸ ਵਿਚ ਨਿਰੰਤਰ ਸ਼ਾਮਲ ਹੁੰਦਾ ਹੈ।[16]

ਬਿਰਤਾਂਤ ਦੀ ਆਧਾਰਸ਼ਿਲਾ ਪਾਤਰ ਬਣਦੇ ਹਨ। ਬਿਰਤਾਂਤ ਵਿਚ ਪਾਤਰਾਂ ਦੀ ਗਿਣਤੀ ਨਿਸਚਿਤ ਨਹੀਂ। ਬ੍ਰਹਿਮੰਡ ਦੀ ਕਿਸੇ ਵੀ ਪ੍ਰਾਣਹੀਣ ਜਾਂ ਪ੍ਰਾਣਵਾਨ ਇਕਾਈ ਨੂੰ ਪਾਤਰ ਬਣਾਇਆ ਜਾ ਸਕਦਾ ਹੈ।

ਕਿਸੇ ਕਾਰਜ ਦੇ ਵਾਪਰਨ ਦਾ ਬੋਧ ਹੀ ਘਟਨਾ ਹੁੰਦੀ ਹੈ। ਕਿਸੇ ਬਿਰਤਾਂਤ ਦੀ ਟੇਕ ਅਜਿਹੇ ਕਾਰਜ ਉਤੇ ਹੁੰਦੀ ਹੈ ਜਿਸ ਰਾਹੀਂ ਸਥਿਤੀ ਦੇ ਪਰਿਵਰਤਨ ਦੀ ਕਨਸੋਅ ਮਿਲਦੀ ਹੈ। ਬਿਰਤਾਂਤ ਦੇ ਬਾਹਰ ਘਟਨਾਵਾਂ ਕੁਦਰਤੀ ਕਾਲਕ੍ਰਮ ਵਿਚ ਵਾਪਰਦੀਆਂ ਹਨ ਪਰ ਬਿਰਤਾਂਤਕਾਰ ਉਨ੍ਹਾਂ ਨੂੰ ਮਸਨੂਈ ਸਮੇਂ ਤੇ ਰੂਪਾਂਤਰਿਤ ਕਰ ਲੈਂਦਾ ਹੈ। ਘਟਨਾ ਹਮੇਸ਼ਾਂ ਸਥਾਨ ਅਤੇ ਕਾਲ ਦੇ ਸੰਦਰਭ ਵਿਚ ਹੀ ਵਾਪਰ ਸਕਦੀ ਹੈ। ਇਸ ਕਰਕੇ ਘਟਨਾ ਦੇ ਵਾਪਰਨ ਸਮੇਂ ਸਥਾਨ ਅਤੇ ਕਾਲ ਦਾ ਆਭਾਸ ਜ਼ਰੂਰ ਹੁੰਦਾ ਹੈ। ਭਾਵੇਂ ਬਿਰਤਾਂਤਕਾਰ ਕਿਸੇ ਨਿਸ਼ਚਿਤ ਸਥਾਨ ਜਾਂ ਕਾਲ ਦਾ ਬਿਆਨ ਨਾ ਵੀ ਕਰੇ ਤਾਂ ਵੀ ਪਾਠਕ ਕਲਪਨਾ ਰਾਹੀਂ ਉਨ੍ਹਾਂ ਦੀ ਸਿਰਜਣਾ ਕਰ ਲੈਂਦਾ ਹੈ। ਬਿਰਤਾਂਤਕਾਰ ਦੇ ਘਟਨਾਵਾਂ ਨੂੰ ਮਸਨੂਈ ਸਮੇਂ ਦੇ ਰੂਪਾਂਤਰਣ ਕਰ ਲੈਣ ਨਾਲ ਹੀ ਕਹਾਣੀ ਦੀ ਬਿਰਤਾਂਤਕ ਗਤੀ ਨਿਰਧਾਰਤ ਹੁੰਦੀ ਹੈ। ਘਟਨਾਵਾਂ ਦੀ ਤਰਤੀਬ ਦੁਹਰਾਉ ਅਤੇ ਵੱਧ ਘੱਟ ਸਪੇਸ ਬਿਰਤਾਂਤਕਾਰ ਦੀ ਵਿਸ਼ੇਸ਼ ਰਚਨਾ ਦ੍ਰਿਸ਼ਟੀ ਜਾਂ ਵਿਚਾਰਧਾਰਾ ਅਨੁਸਾਰ ਹੀ ਹੁੰਦੀ ਹੈ। ਡਾ.

ਬਲਦੇਵ ਸਿੰਘ ਧਾਲੀਵਾਲ 'ਪੰਜਾਬੀ ਬਿਰਤਾਂਤਕ ਪ੍ਰਵਚਨ' ਵਿਚ ਇਸ ਵਿਚਾਰ ਨੂੰ ਇਉਂ ਪੇਸ਼ ਕਰਦਾ ਹੈ:

> ਵਾਸਤਵਿਕ ਜੀਵਨ ਵਿਚ ਘਟਨਾਵਾਂ ਵਿਸ਼ੇਸ਼ ਸਥਾਨ ਅਤੇ ਕਾਲ ਵਿਚ ਲਕੀਰੀ ਪਾਸਾਰ ਅਨੁਸਾਰ ਕਾਰਜ ਅਤੇ ਪ੍ਰਭਾਵ ਦੇ ਸੂਤਰ ਵਿਚ ਬੱਝ ਕੇ ਵਾਪਰਦੀਆਂ ਹਨ। ਇਸ ਕੁਦਰਤੀ ਕ੍ਰਮ ਨੂੰ ਬਿਰਤਾਂਤਕਾਰ ਜਦੋਂ ਮਸਨੂਈ ਸਮੇਂ (Pseudo -Time) ਵਿਚ ਰੂਪਾਂਤਰਤ ਕਰਦਾ ਹੈ ਤਾਂ ਉਸ ਵਿਚ ਉਸ ਦਾ ਵਿਚਾਰਧਾਰਕ ਪ੍ਰਯੋਜਨ ਹੁੰਦਾ ਹੈ। ਇਸ ਰੂਪਾਂਤਰਨ ਸਮੇਂ ਉਸ ਨੇ ਕਿਸ ਘਟਨਾ ਨੂੰ ਵਿਸਥਾਰ ਦੇਣਾ ਹੈ ਕਿਸ ਨੂੰ ਸੰਖੇਪ ਕਰਨਾ ਹੈ ਕਿਸ ਦੀ ਦੁਹਰਾਈ ਕਰਨੀ ਹੈ, ਪੂਰੇ ਪ੍ਰਬੰਧ ਵਿਚ ਕਿਸ ਨੂੰ ਕਿਥੇ ਸਥਿਤ ਕਰਨਾ ਹੈ, ਆਦਿ ਦਾ ਸੰਬੰਧ ਵੀ ਬਿਰਤਾਂਤਕਾਰ ਦੇ ਨਜ਼ਰੀਏ ਨਾਲ ਹੈ। [17]

Webstert's third New International Dictionary ਅਨੁਸਾਰ:-ਬਿਰਤਾਂਤ ਦੇ ਕੋਸ਼ਗਤ ਅਰਥ ਤਾਂ ਘਟਨਾਵਾਂ ਜਾਂ ਕਥਾ ਦੀ ਪੇਸ਼ਕਾਰੀ ਵਿਚ ਹੀ ਪ੍ਰਾਪਤ ਹੁੰਦੇ ਹਨ।ਪਰ ਜਦੋਂ ਬਿਰਤਾਂਤ ਨੂੰ ਸਾਹਿਤ ਨਾਲ ਜੋੜ ਕੇ ਪੜ੍ਹਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਧਾਰਨ ਅਰਥਾਂ ਵਿਚ ਪਾਤਰ, ਘਟਨਾ ਸਥਿਤੀ ਤੇ ਮਾਹੌਲ ਦੇ ਆਧਾਰ ਤੇ ਉਸਰੇ ਕਥਾ ਦੇ ਪ੍ਰਬੰਧ ਨੂੰ ਬਿਰਤਾਂਤ ਕਹਿ ਦਿੱਤਾ ਜਾਂਦਾ ਹੈ।"[18]

ਬਿਰਤਾਂਤ ਦੇ ਕੋਸ਼ਗਤ ਅਰਥਾਂ ਤੋਂ ਉਪਰੰਤ ਬਿਰਤਾਂਤ ਸ਼ਾਸਤਰ ਦਾ ਮਾਡਲ ਸਪਸ਼ਟ ਹੋ ਜਾਂਦਾ ਹੈ। ਬਿਰਤਾਂਤ ਸ਼ਾਸਤਰ ਇਕ ਇਹੋ ਜਿਹੀ ਵਿਸ਼ਲੇਸ਼ਣ ਵਿਧੀ ਹੈ ਜੋ ਬਿਰਤਾਂਤ ਦੇ ਖ਼ਾਸ ਗੁਣਾਂ, ਉਨ੍ਹਾਂ ਦੀ ਵਿਆਖਿਆ ਅਤੇ ਉਨ੍ਹਾਂ ਦੀ ਪਿੱਠਭੂਮੀ ਵਿਚ ਸਰਗਰਮ ਨਿਯਮ-ਪ੍ਰਬੰਧਾਂ ਦੀ ਵਿਆਖਿਆ ਕਰਦੀ ਹੈ। ਇਸ ਤਰ੍ਹਾਂ ਬਿਰਤਾਂਤ ਕਿਸੇ ਰਚਨਾ ਦੇ ਅਧਿਐਨ ਲਈ ਇਕ ਅਜਿਹਾ ਯੰਤਰ ਹੈ ਜਿਸ ਦੀ ਸਹਾਇਤਾ ਰਾਹੀਂ ਰਚਨਾ ਦੇ ਅੰਤਰੀਵੀ ਅਤੇ ਬਾਹਰੀ ਅਰਥਾਂ ਨੂੰ ਸਮਝਿਆ ਜਾ ਸਕਦਾ ਹੈ। ਬਿਰਤਾਂਤ ਸ਼ਾਸਤਰ ਸਾਨੂੰ ਬਿਰਤਾਂਤਕ ਚਿਹਨਾਂ ਦੀ ਵਰਤੋਂ ਨੂੰ ਨਿਯਮਬੱਧ ਕਰਨ

ਵਾਲੇ ਸਿਧਾਂਤ ਪ੍ਰਤੀ ਅੰਤਰ ਦ੍ਰਿਸ਼ਟੀ ਪ੍ਰਸਤੁਤ ਕਰਦਾ ਹੈ। ਬਿਰਤਾਂਤਕ ਪਾਠਾਂ ਦੀ ਪ੍ਰਕਿਰਤੀ ਦੇ ਰੂਪ ਅਤੇ ਕਾਰਜ, ਉਨ੍ਹਾਂ ਨੂੰ ਸਮਝਣ, ਤੱਤ-ਨਿਚੋੜ, ਵਿਸਤਾਰ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਸ਼੍ਰੇਣੀਆਂ, ਕਥਾਨਕ, ਕਥਾਵਾਚਕ, ਸਰੋਤਾ ਅਤੇ ਪਾਤਰ ਦੇ ਤੌਰ ਤੇ ਵੰਡ ਕਰਨਾ, ਬਿਰਤਾਂਤ ਨੂੰ ਸਮਝਣ ਦੀਆਂ ਅਜਿਹੀਆਂ ਵਿਧੀਆਂ ਦਾ ਨਿਰਮਾਣ ਕਰਨਾ ਜਿਨ੍ਹਾਂ ਰਾਹੀਂ ਬਿਰਤਾਂਤ ਦੀ ਸਹੀ ਸਮਝ ਹੋ ਸਕੇ, ਸਭ ਬਿਰਤਾਂਤ-ਸ਼ਾਸਤਰ ਦੇ ਅਧੀਨ ਆਉਂਦੇ ਹਨ। ਨਤੀਜੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਬਿਰਤਾਂਤ ਸ਼ਾਸਤਰ ਸਾਨੂੰ ਮਨੁੱਖੀ ਜੀਵਨ ਨੂੰ ਸਮਝਣ-ਯੋਗ ਬਣਾਉਂਦਾ ਹੈ। ਇਸ ਤਰ੍ਹਾਂ ਬਿਰਤਾਂਤ ਸ਼ਾਸਤਰ ਆਪਣੇ ਆਪ ਵਿਚ ਬਿਰਤਾਂਤ ਦੀ ਵਿਸਤ੍ਰਿਤ ਅਧਿਐਨ ਕਰਨ ਵਾਲੀ ਇਕ ਵੱਖਰੀ ਪਹੁੰਚ ਬਣ ਗਈ ਅਤੇ ਇਹ ਪਹੁੰਚ ਆਮ ਪ੍ਰਚਲਤ ਹੋ ਗਈ।

ਮਨੁੱਖੀ ਸਭਿਆਚਾਰ ਦੇ ਇਤਿਹਾਸ ਦੇ ਤਿੰਨਾਂ ਯੁਗਾਂ (ਮਿਥ, ਧਰਮ ਅਤੇ ਵਿਗਿਆਨ) ਦੇ ਵਿਭਿੰਨ ਪ੍ਰਗਟਾ ਮਾਧਿਅਮਾਂ ਵਿਚ ਬਿਰਤਾਂਤ ਦੀ ਹੋਂਦ ਵਿਦਮਾਨ ਰਹੀ ਹੈ। ਪਰ ਵਿਭਿੰਨ ਸੰਚਾਰ ਮਾਧਿਅਮਾਂ ਵਿਚੋਂ ਸਾਹਿਤ ਇਕ ਅਜਿਹਾ ਮਾਧਿਅਮ ਹੈ ਜਿਸ ਵਿਚ ਬਿਰਤਾਂਤ ਨਿਆਰੀ ਵੰਨ ਸੁਵੰਨਤਾ ਦਾ ਇਜ਼ਹਾਰ ਕਰਦਾ ਹੈ। ਪੰਜਾਬੀ ਸਾਹਿਤ ਦੀ ਮੱਧਕਾਲੀਨ ਸਾਹਿਤਕ ਪਰੰਪਰਾ ਨੂੰ ਵੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਈ ਬਿਰਤਾਂਤਕ ਕਾਵਿ ਰੂਪ ਜਿਵੇਂ ਕਿੱਸਾ ਕਾਵਿ ਅਤੇ ਵਾਰ ਕਾਵਿ ਹੀ ਨਹੀਂ ਸਗੋਂ ਕਈ ਵਾਰਤਕ ਭੇਦਾਂ, ਮਿਥਾਂ, ਸਾਖੀਆਂ ਤੇ ਲੋਕ ਕਥਾਵਾਂ ਦੀ ਸੰਰਚਨਾ ਦਾ ਆਧਾਰਭੂਤ ਵਰਤਾਰਾ ਵੀ ਬਿਰਤਾਂਤ ਹੀ ਹੈ।

'ਸਾਹਿੱਤ ਅਧਿਐਨ ਵਿਧੀਆਂ' (ਸੰਪਾ. ਡਾ. ਰਤਨ ਸਿੰਘ ਜੱਗੀ) ਪੁਸਤਕ ਵਿਚ ਆਪਣੇ ਨਿਬੰਧ 'ਮਿੱਥ ਅਧਿਐਨ ਵਿਧੀ' ਵਿਚ ਡਾ. ਕੁਲਵੰਤ ਸਿੰਘ ਬਿਰਤਾਂਤ ਦਾ ਜਨਮ ਅਨੁਸ਼ਠਾਨ ਤੋਂ ਮੰਨਦੇ ਹਨ "ਬਿਰਤਾਂਤ ਮਨੁੱਖੀ ਕਿਰਿਆਵਾਂ ਦੀ ਕਾਲਗਤ ਲੜੀ ਹੈ। ਇਸ ਪਿੱਛੇ ਕੋਈ ਲੁਪਤ ਅਰਥ ਟਿਕਿਆ ਹੁੰਦਾ ਹੈ। ਦੁਹਰਾਉ ਇਸ ਵਿਚ ਸਹਿਜ ਸੁਭਾਵਿਕ ਸ਼ਾਮਲ ਹੁੰਦਾ ਹੈ। ਚਿੰਨ੍ਹਕ ਹੋਣ ਕਾਰਨ ਇਸ ਦਾ ਸੁਭਾ ਸ਼ੁੱਧ ਬਿਰਤਾਂਤ ਵਲ ਪ੍ਰੇਰਿਤ ਹੁੰਦਾ ਹੈ। ਪ੍ਰਕ੍ਰਿਤੀ ਵਿਚਲੀ ਲੈਅ ਤੇ ਗਤੀ ਮਾਨਵੀ ਅਨੁਭਵ ਦਾ ਆਧਾਰ ਬਣ ਕੇ ਮੁਹਾਵਰਾ, ਬੁਝਾਰਤ ਅਤੇ ਕਥਾ ਦੇ ਸਰੂਪ ਵਿਚੋਂ ਹੀ

ਵਿਕਸਦੀਆਂ ਹਨ। ਹੌਲੀ ਹੌਲੀ ਇਨ੍ਹਾਂ ਵਿਚ ਬਿਰਤਾਂਤਕ ਫੈਲਾਉ ਸ਼ਾਮਲ ਹੋ ਜਾਂਦਾ ਹੈ। ਅਨੁਭਵ ਤੇ ਵਿਆਖਿਆ ਬ੍ਰਿਤਾਂਤ ਦੇ ਸੁਭਾਅ ਨੂੰ ਗਿਆਨ ਗੰਗਾ (Encyclopaedic ) ਬਣਾ ਦਿੰਦੇ ਹਨ।"[19] ਲੋਕ ਬਿਰਤਾਂਤ ਕਿਸੇ ਪ੍ਰਦੇਸ਼ ਜਾਂ ਇਲਾਕੇ ਦੀਆਂ ਮੌਖਿਕ ਪਰੰਪਰਾਵਾਂ ਦੀ ਉਪਜ ਹੁੰਦਾ ਹੈ। ਮਨੁੱਖੀ ਇਤਿਹਾਸ ਵਿਚ ਮੌਖਿਕ ਪਰੰਪਰਾਵਾਂ ਅਧਿਆਤਮਕ ਅਤੇ ਸਭਿਆਚਾਰਕ ਸ਼ਕਤੀ ਦੇ ਸੋਮੇ ਵਜੋਂ ਕਾਰਜਸ਼ੀਲ ਰਹਿੰਦੀਆਂ ਹਨ। ਲੋਕ ਰਵਾਇਤਾਂ ਦਾ ਵਰਤਾਰਾ ਜੋ ਕਿਸੇ ਇਲਾਕੇ ਦੇ ਲੋਕਾਂ ਵਿਚ ਪ੍ਰਚਲਿਤ ਹੁੰਦਾ ਹੈ। ਉਹ ਉਨ੍ਹਾਂ ਦੇ ਸਭਿਆਚਾਰ ਵਿਚੋਂ ਪੈਦਾ ਹੋਏ ਵਿਚਾਰਾਂ ਅਤੇ ਵਿਸ਼ਵਾਸਾਂ ਦੀ ਦੇਣ ਹੁੰਦਾ ਹੈ। ਇਹੀ ਵਿਚਾਰ ਅਤੇ ਵਿਸ਼ਵਾਸ ਕਿਸੇ ਸਭਿਆਚਾਰ ਦਾ ਦਾਰਸ਼ਨਿਕ ਪ੍ਰਬੰਧ ਜਾਂ ਉਸਦੀ ਵਿਚਾਰਧਾਰਾ/ਸੋਚ ਦਾ ਆਧਾਰ ਹੁੰਦੇ ਹਨ।

> ਸਾਡੇ ਵਿਸ਼ਵਾਸ ਕਦਰਾਂ-ਕੀਮਤਾਂ ਅਤੇ ਕਾਰਜ ਕੇਵਲ ਬਿਰਤਾਂਤਕ ਪ੍ਰਸੰਗਾਂ ਵਿਚ ਹੀ ਸਮਝੇ ਜਾ ਸਕਦੇ ਹਨ। ਅਸਲ ਵਿਚ ਮਨੁੱਖ, ਮਨੁੱਖੀ ਜੀਵਨ ਅੱਜ ਤੱਕ ਬਿਰਤਾਂਤਕ ਪ੍ਰਵਚਨ ਦੀਆਂ ਜੁਗਤਾਂ ਵਿਚ ਹੀ ਪਰਿਭਾਸ਼ਤ ਹੁੰਦੇ ਆਏ ਹਨ। ਬਿਰਤਾਂਤਕ ਪ੍ਰਵਚਨ ਮਨੁੱਖੀ ਭਾਸ਼ਾ ਅਤੇ ਅਭਿਆਸ ਵਿਚ ਨਿਰੰਤਰ ਸ਼ਾਮਲ ਹੁੰਦਾ ਹੈ।[20]

ਕਥਾ ਸਾਹਿਤ ਜਾਂ ਬਿਰਤਾਂਤ ਦੇ ਵਿਭਿੰਨ ਤੱਤਾਂ ਬਾਰੇ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਚਰਚਾ ਹੁੰਦੀ ਰਹੀ ਹੈ ਪਰ ਇਸ ਬਾਰੇ ਗੰਭੀਰ ਅਤੇ ਅਨੁਸ਼ਾਸਨ ਚਿੰਤਨ ਕਦੇ ਵੀ ਸਾਹਮਣੇ ਨਹੀਂ ਆਇਆ। ਬਾਕਾਇਦਾ ਅਨੁਸ਼ਾਸਨ ਦੇ ਰੂਪ ਵਿਚ ਬਿਰਤਾਂਤ ਸ਼ਾਸਤਰ ਦਾ ਵਿਕਾਸ ਵੀਹਵੀਂ ਸਦੀ ਦੌਰਾਨ ਹੀ ਹੋਇਆ। ਸੱਚ ਤਾਂ ਇਹ ਹੈ ਕਿ ਇਸ ਨੂੰ ਅਜੋਕੇ ਸਾਹਿਤ ਚਿੰਤਨ ਦੀ ਸਰਬੋਤਮ ਪ੍ਰਾਪਤੀ ਮੰਨਿਆ ਜਾ ਸਕਦਾ ਹੈ।

ਬਿਰਤਾਂਤ ਨਿਤ ਵਰਤੋਂ ਦਾ ਸਾਧਾਰਣ ਸ਼ਬਦ ਨਹੀਂ ਸਗੋਂ ਇਸ ਦਾ ਸੰਬੰਧ ਸਮਕਾਲੀ ਆਲੋਚਨਾ ਦੀ ਤਕਨੀਕੀ ਸ਼ਬਦਾਵਲੀ ਨਾਲ ਹੈ। ਆਮ ਤੌਰ ਤੇ ਇਸ ਦੀ ਵਰਤੋਂ ਕਥਾ ਸਾਹਿਤ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ ਪਰ ਇਸ ਨੂੰ ਨਿਰੋਲ ਕਥਾ ਦਾ ਸਮਾਨਾਰਥਕ ਨਹੀਂ ਸਮਝਿਆ

ਜਾ ਸਕਦਾ। ਇਹ ਰਚਨਾ ਦੇ ਤਕਨੀਕੀ ਪੱਖ ਵਲ ਸੰਕੇਤ ਕਰਨ ਵਾਲਾ ਸ਼ਬਦ ਹੈ। ਇਸ ਦਾ ਸੰਬੰਧ ਉਨ੍ਹਾਂ ਸਮੂਹ ਉਪਕਰਣਾਂ ਨਾਲ ਹੈ ਜਿਨ੍ਹਾਂ ਦੇ ਮਾਧਿਅਮ ਰਾਹੀਂ ਕੋਈ ਕਥਾ ਹੋਂਦ ਵਿਚ ਆਉਂਦੀ ਹੈ। ਬਿਰਤਾਂਤ ਗਾਲਪਨਿਕ ਵੀ ਹੋ ਸਕਦਾ ਹੈ ਤੇ ਵਾਸਤਵਿਕ ਵੀ। ਬਿਰਤਾਂਤ ਨਿਰੋਲ ਗਲਪ ਦਾ ਸਮਾਨਾਰਥਕ ਸ਼ਬਦ ਹੀ ਨਹੀਂ ਰਹਿੰਦਾ ਸਗੋਂ ਇਸ ਦੇ ਘੇਰੇ ਵਿਚ ਜੀਵਨੀ, ਸਵੈ-ਜੀਵਨੀ ਅਤੇ ਇਤਿਹਾਸ ਵਰਗੀਆਂ ਉਹ ਸਿਰਜਨਾਵਾਂ ਵੀ ਆ ਜਾਂਦੀਆਂ ਹਨ ਜਿਨ੍ਹਾਂ ਵਿਚ ਕਥਾਕਾਰੀ ਦੀ ਰਚਨਾ ਵਿਧੀ ਕਾਰਜਸ਼ੀਲ ਹੁੰਦੀ ਹੈ। ਮਨੁੱਖ ਆਪਣੀ ਵਿਅਕਤੀਗਤ ਸਭਿਆਚਾਰਕ ਜਾਂ ਕੌਮੀ ਪਛਾਣ ਉਸਾਰਨ ਲਈ ਵੀ ਸਵੈ-ਬਿਰਤਾਂਤ ਦਾ ਸਹਾਰਾ ਲੈਂਦਾ ਹੈ।[21]

ਇਕ ਨਵੇਂ ਅਨੁਸ਼ਾਸਨ ਵਜੋਂ ਬਿਰਤਾਂਤ ਸ਼ਾਸਤਰ ਦਾ ਸੰਕਲਪ ਪਹਿਲੀ ਵਾਰ ਪ੍ਰਸਿੱਧ ਸੰਰਚਨਾਵਾਦੀ ਚਿੰਤਕ ਤੋਦੋਰੋਵ ਨੇ ਆਪਣੀ ਪੁਸਤਕ 'Grammaire du Decameron' ਵਿਚ ਕੀਤਾ ਜਿਹੜੀ 1969 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਵਿਚ ਉਸ ਨੇ ਰਚਨਾਵਾਂ ਨੂੰ ਭਾਸ਼ਾਈ ਵਿਆਕਰਣ ਦੇ ਮਾਡਲ ਦੇ ਆਧਾਰ ਤੇ ਪਰਖਦਿਆਂ ਇਨ੍ਹਾਂ ਦੇ ਸੰਗਠਨਕਾਰੀ ਨਿਯਮਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਤੋਦੋਰੋਵ ਨੇ ਇਸ ਵਿਧੀ ਨੂੰ ਨੈਰੇਟਾਲੋਜੀ (Narratologie) ਜਾਂ ਬਿਰਤਾਂਤ ਵਿਗਿਆਨ ਦਾ ਨਾਮ ਦਿੱਤਾ। ਮੀਕਬਲ ਅਨੁਸਾਰ:

> ਬਿਰਤਾਂਤਕ ਪਾਠਾਂ ਦਾ ਵਿਗਿਆਨਕ ਅਧਿਐਨ ਹੀ ਬਿਰਤਾਂਤ ਸ਼ਾਸਤਰ ਹੈ। ਬਿਰਤਾਂਤ ਸ਼ਾਸਤਰ ਪਾਠਾਂ ਦਾ ਸਿਧਾਂਤ ਹੈ। ਬਿਰਤਾਂਤ ਸ਼ਾਸਤਰ ਅਜਿਹੀ ਅਧਿਐਨ ਵਿਧੀ ਹੈ ਜੋ ਬਿਰਤਾਂਤ ਦੇ ਲੱਛਣ, ਉਨ੍ਹਾਂ ਦਾ ਵਰਣਨ, ਉਨ੍ਹਾਂ ਪਿੱਛੇ ਕਾਰਜਸ਼ੀਲ ਨਿਯਮ ਪ੍ਰਬੰਧ ਦੀ ਵਿਆਖਿਆ ਕਰਦੀ ਹੈ।[22]

ਪ੍ਰਿੰਸ ਦਾ ਵਿਚਾਰ ਹੈ:

> ਬਿਰਤਾਂਤ ਦੇ ਪ੍ਰਬੰਧ (ਮਕੈਨਿਜ਼ਮ) ਨੂੰ ਲੱਭਣਾ, ਵਰਣਨ ਕਰਨਾ ਤੇ ਵਿਆਖਿਆਉਣਾ ਹੀ ਬਿਰਤਾਂਤ ਸ਼ਾਸਤਰ ਦਾ ਮਨਸ਼ਾ ਹੈ। ਬਿਰਤਾਂਤ

> ਸ਼ਾਸਤਰ ਸਾਨੂੰ ਚਿਹਨ ਪ੍ਰਬੰਧ ਦੇ ਸੰਚਾਲਕ ਸਿਧਾਂਤਾਂ, ਸੰਭਵ ਬਿਰਤਾਂਤਾਂ ਦੇ ਸੁਭਾਅ ਰੂਪ ਅਤੇ ਪ੍ਰਕਾਰਜ ਨੂੰ ਅਧਿਐਨ ਕਰਨ ਲਈ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।[23]

ਬਿਰਤਾਂਤ ਸ਼ਾਸਤਰੀ ਵਿਸ਼ਲੇਸ਼ਣ ਦੇ ਨਤੀਜੇ ਸਾਨੂੰ ਬਿਰਤਾਂਤ ਦੀਆਂ ਸਮਸਿਆਵਾਂ ਸੁਲਝਾਉਣ ਵਿਚ ਮਦਦ ਹੀ ਨਹੀਂ ਕਰਦੇ ਸਗੋਂ ਮਨੋਵਿਗਿਆਨਕ, ਮਾਨਵਸ਼ਾਸਤਰੀ, ਇਤਿਹਾਸਕਤਾ, ਸਾਹਿਤ ਆਲੋਚਨਾਤਮਕ ਅਤੇ ਸੁਹਜ ਸ਼ਾਸਤਰ ਦੀਆਂ ਸਮਸਿਆਵਾਂ ਨੂੰ ਸਮਝਣ ਵਿਚ ਵੀ ਮਦਦ ਕਰਦੇ ਹਨ। ਕਲਾਡ ਬ੍ਰੈਮੋ ਦਾ ਵਿਚਾਰ ਹੈ:

> ਬਿਰਤਾਂਤਕ ਬ੍ਰਹਿਮੰਡ ਵੀ ਉਨ੍ਹਾਂ ਨਿਯਮਾਂ ਰਾਹੀਂ ਸੰਚਾਲਿਤ ਹੁੰਦਾ ਹੈ ਜੋ ਮਨੁੱਖੀ ਸੋਚ ਅਤੇ ਕਾਰਜ ਨੂੰ ਨਿਯੰਤ੍ਰਿਤ ਕਰਦੇ ਹਨ। ਇਹ ਨਿਯਮ ਤਾਰਕਿਕ ਅਤੇ ਮਰਿਆਦਾਤਮਕ ਬੰਦਸ਼ਾਂ (Conventional restrictions) ਰਾਹੀਂ ਨਿਰਧਾਰਿਤ ਹੁੰਦੇ ਹਨ।[24]

**ਬਿਰਤਾਂਤ ਸ਼ਾਸਤਰੀ ਅਧਿਐਨ ਵਿਧੀ**

(ਐਕਤਾਂਸ਼ੀਅਲ ਮਾਡਲ -ਰੂਪਵਾਦੀ-ਸੰਰਚਨਾਵਾਦੀ-ਉਤਰ ਆਧੁਨਿਕ ਪਰਿਪੇਖ)

ਪੰਜਾਬੀ ਆਲੋਚਨਾ ਦਾ ਮੁੱਢ ਅਰਸਤੂ ਦੇ ਕਾਵਿ-ਸ਼ਾਸਤਰ ਨਾਲ ਹੋਇਆ ਮੰਨਿਆ ਜਾਂਦਾ ਹੈ। ਪੰਜਾਬੀ ਆਲੋਚਨਾ ਦਾ ਮੁੱਢ ਨਿਰਧਾਰਤ ਕਰਨ ਸੰਬੰਧੀ ਪੰਜਾਬੀ ਦੇ ਵਿਦਵਾਨਾਂ ਵਿਚ ਇਕਸੁਰਤਾ ਨਹੀਂ। ਪਰ ਇਸ ਬਾਰੇ ਕੋਈ ਮਤਭੇਦ ਨਹੀਂ ਕਿ ਭਾਸ਼ਾ ਵਿਗਿਆਨ ਹੀ ਰੂਪਵਾਦੀ ਆਲੋਚਨਾ ਦਾ ਧਰਾਤਲ ਬਣਿਆ। ਅਜੋਕੇ ਸਮੇਂ ਦੇ ਸਾਰੇ ਪੰਜਾਬੀ ਵਿਦਵਾਨ ਇਸ ਮਤ ਨਾਲ ਸਹਿਮਤ ਹਨ ਕਿ ਪੰਜਾਬੀ ਵਿਚ ਇਸ ਆਲੋਚਨਾ ਦਾ ਆਰੰਭ 1970 ਦੇ ਆਸਪਾਸ, ਡਾ. ਹਰਿਭਜਨ ਸਿੰਘ ਵਲੋਂ ਸਥਾਪਤ 'ਦਿੱਲੀ ਸਕੂਲ' ਦੇ ਮੁਖੀ ਵਜੋਂ ਜਾਣੇ ਜਾਂਦੇ ਵਿਦਵਾਨ ਦੀ ਦੇਖ-ਰੇਖ ਵਿਚ ਹੋਇਆ। ਡਾ. ਹਰਿਭਜਨ ਸਿੰਘ ਦੀਆਂ ਪੁਸਤਕਾਂ 'ਅਧਿਐਨ ਤੇ ਅਧਿਆਪਨ' ਅਤੇ 'ਮੁੱਲ ਤੇ ਮੁਲਾਂਕਣ' ਨੇ ਇਸ ਆਲੋਚਨਾ ਪੱਧਤੀ ਦੀ ਸਥਾਪਤੀ ਲਈ ਮੋਢੀ ਭੂਮਿਕਾ

ਨਿਭਾਈ। ਇਨ੍ਹਾਂ ਪੁਸਤਕਾਂ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਆਈ ਖੜੋਤ, ਮਕਾਨਕੀਅਤਾ ਅਤੇ ਪੰਜਾਬੀ ਆਲੋਚਨਾ ਦੇ ਏਕਾਧਿਕਾਰ ਨੂੰ ਗੰਭੀਰ ਚੁਣੌਤੀ ਦਿੰਦਿਆਂ ਉਨ੍ਹਾਂ ਲਈ ਨਵੇਂ ਦ੍ਰਿਸ਼ਟੀਕੋਣ ਤੋਂ ਸੋਚਣ ਲਈ ਰਾਹ ਪੱਧਰਾ ਕੀਤਾ। ਇਹ ਆਲੋਚਨਾ ਸਿਰਫ਼ ਆਲੋਚਨਾ ਲਈ ਨਹੀਂ ਸਗੋਂ ਗੰਭੀਰ ਬਾਹਰੀ ਤੇ ਅੰਦਰੂਨੀ ਵਿਚਾਰ-ਚਰਚਾ ਵਿਚੋਂ ਪੈਦਾ ਹੋਈ। ਇਸ ਨਵੀਂ ਆਲੋਚਨਾ ਪੱਧਤੀ ਨੇ ਪੰਜਾਬੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ।

'ਭਾਰਤੀ ਕਾਵਿ ਸ਼ਾਸਤਰ' ਤੋਂ ਭਾਰਤੀ ਚਿੰਤਨ ਦੇ ਨਾਲ ਨਾਲ ਪੰਜਾਬੀ ਚਿੰਤਨ ਵੀ ਪ੍ਰਭਾਵਤ ਹੋਇਆ। ਉਸ ਵਿਚ ਆਈ ਖੜੋਤ ਕਰਕੇ ਉਹ ਸਮੇਂ ਦੀਆਂ ਚੁਣੌਤੀਆਂ ਅਤੇ ਬਦਲਦੇ ਹਾਲਾਤਾਂ ਵਿਚ ਪੈਦਾ ਹੋਏ ਸਾਹਿਤ ਸਭਿਆਚਾਰ ਦੇ ਹਾਣ ਦਾ ਨਾ ਹੋਣ ਕਰਕੇ, ਪੰਜਾਬੀ ਵਿਦਵਾਨ ਪੱਛਮੀ ਫ਼ਲਸਫ਼ੇ ਅਤੇ ਆਲੋਚਨਾ ਵਿਧੀਆਂ ਵਲ ਝੁਕ ਗਏ। ਵਸਤੂ ਯਥਾਰਥ ਅਤੇ ਇਸ ਅਧੀਨ ਉਪਜੇ ਸਾਹਿਤ ਨੂੰ ਸਮਝਣ ਲਈ ਮਾਰਕਸ ਦਾ ਫ਼ਲਸਫ਼ਾ ਉਨ੍ਹਾਂ ਨੂੰ ਕਿਸੇ ਗਿੱਦੜ ਸਿੰਘੀ ਤੋਂ ਘੱਟ ਨਹੀਂ ਸੀ ਲੱਗ ਰਿਹਾ।

ਸੰਤ ਸਿੰਘ ਸੇਖੋਂ ਅਤੇ ਕਿਸ਼ਨ ਸਿੰਘ ਵਰਗੇ ਵਿਦਵਾਨਾਂ ਨੇ ਪੰਜਾਬੀ ਆਲੋਚਨਾ ਵਿਚ ਇਸ ਫ਼ਲਸਫ਼ੇ ਦੀ ਪੂਰੇ ਜ਼ੋਰ-ਸ਼ੋਰ ਨਾਲ ਵਰਤੋਂ ਕੀਤੀ। ਉਨ੍ਹਾਂ ਤੋਂ ਬਾਅਦ ਦੇ ਸਾਹਿਤ ਸਿਰਜਕਾਂ ਅਤੇ ਸਾਹਿਤ ਆਲੋਚਕਾਂ ਨੂੰ ਇਸ ਫ਼ਲਸਫ਼ੇ ਦੀਆਂ ਅੰਤਰ ਧੁਨੀਆਂ ਨੇ ਇਸ ਹੱਦ ਤੱਕ ਪ੍ਰਭਾਵਤ ਕੀਤਾ ਕਿ ਇਹ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦੀ ਸਿਰਜਣਾ ਅਤੇ ਸਮੀਖਿਆ ਵਿਚ ਸ਼ਾਮਲ ਹੋ ਗਿਆ। ਮਾਰਕਸੀ ਦਰਸ਼ਨ ਪੂਰੀ ਦੁਨੀਆਂ ਦੇ ਸਾਹਿਤਕ ਹਲਕਿਆਂ ਵਿਚ ਸਿਰਮੌਰ ਆਲੋਚਨਾ ਪੱਧਤੀ ਦੇ ਰੂਪ ਵਿਚ ਸਥਾਪਤ ਹੋਇਆ। ਮਾਰਕਸ ਦੀ ਚੜ੍ਹਤ ਕਰਕੇ ਇਸ ਦਾ ਏਕਾਧਿਕਾਰ ਸਥਾਪਤ ਹੋ ਗਿਆ। ਮਾਰਕਸੀ ਆਲੋਚਕਾਂ ਨੇ ਸਾਹਿਤ ਦੀ ਅੰਦਰੂਨੀ ਮਰਮ ਨੂੰ ਸਮਝਣ ਤੋਂ ਬਿਨਾਂ ਹੀ ਉਲਾਰਪੱਖੀ ਰਵਈਆ ਅਖਤਿਆਰ ਕਰਦਿਆਂ ਉਸ ਨੂੰ ਰੱਦਣ ਦਾ ਅਮਲ ਸ਼ੁਰੂ ਕਰ ਦਿੱਤਾ। ਲੇਖਕ ਦੀ ਰਚਨਾ ਨੂੰ ਉਸ ਦੇ ਪਿਛੋਕੜ, ਸ਼ਖ਼ਸੀਅਤ, ਸਮਾਜੀ ਅਤੇ ਰਾਜਸੀ ਸਰੋਕਾਰਾਂ ਦੇ ਆਧਾਰ ਉੱਤੇ ਰੱਦ ਕਰਨਾ ਮਾਰਕਸੀ ਆਲੋਚਨਾ ਨੇ ਆਪਣਾ ਅਧਿਕਾਰ ਬਣਾ ਲਿਆ।

ਅਜਿਹੀਆਂ ਪ੍ਰਸਥਿਤੀਆਂ ਵਿਚ ਪੰਜਾਬੀ ਦੇ ਕੁੱਝ ਸਾਹਿਤ ਸਿਰਜਕਾਂ ਅਤੇ ਸਾਹਿਤ ਆਲੋਚਕਾਂ ਨੇ ਪੰਜਾਬੀ ਵਿਚ ਇਸ ਉਲਾਰਵਾਦੀ ਸੋਚ ਨਾਲ ਸਿੱਝਣ ਲਈ ਨਵੀਆਂ ਦਿਸ਼ਾਵਾਂ ਵਲ ਸੋਚਣ, ਵਿਚਾਰਨ ਅਤੇ ਆਤਮ ਚਿੰਤਨ ਕਰਨ ਲਈ ਬੌਧਿਕ ਪੱਧਰ ਉੱਪਰ ਆਪਣੇ ਆਪ ਤਿਆਰ ਕਰ ਲਿਆ। ਡਾ. ਹਰਿਭਜਨ ਸਿੰਘ ਇਨ੍ਹਾਂ ਲੇਖਕਾਂ ਦੇ ਮੋਹਰੀ ਵਜੋਂ ਉਭਰ ਕੇ ਸਾਹਮਣੇ ਆਏ। ਰੂਪਵਾਦ ਦੇ ਉਭਾਰ ਵਿਚ ਕੁੱਝ ਅਜਿਹੀਆਂ ਸਥਿਤੀਆਂ ਵੀ ਬਣ ਗਈਆਂ ਜਿਨ੍ਹਾਂ ਕਰਕੇ ਚਿੰਤਕਾਂ ਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਹੋਣਾ ਪਿਆ। ਪੂੰਜੀਵਾਦ ਦੇ ਪਾਸਾਰ ਕਾਰਨ ਸ਼ਹਿਰੀ ਮੱਧ-ਸ਼੍ਰੇਣੀ ਵਿਚ ਵਾਧਾ ਹੋਇਆ ਅਤੇ ਭੂਪਵਾਦੀ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਖੋਰਾ ਲਗਣਾ ਸ਼ੁਰੂ ਹੋ ਗਿਆ। ਸਾਂਝੇ ਪਰਿਵਾਰਾਂ ਦੇ ਟੁੱਟਣ ਨਾਲ ਇਕੱਲਤਾ, ਨਿਰਾਸ਼ਾ, ਉਦਰੇਵਾਂ ਅਤੇ ਅਪ੍ਰਮਾਣਿਕ ਹੋਣ ਦੇ ਪ੍ਰਭਾਵ ਨੇ ਅਜਿਹੇ ਸਾਹਿਤ ਨੂੰ ਜਨਮ ਦਿੱਤਾ ਜਿਸ ਪ੍ਰਤੀ ਮਾਰਕਸਵਾਦੀ ਆਲੋਚਨਾ ਦਾ ਰੁਖ਼ ਵਿਰੋਧੀ ਭਾਵਨਾ ਵਾਲਾ ਸੀ। ਇਸ ਨਾਲ ਪੜ੍ਹੀ-ਲਿਖੀ ਸ਼ਹਿਰੀ ਮੱਧ ਸ਼੍ਰੇਣੀ ਦੇ ਸਿਰਜਕਾਂ ਅਤੇ ਆਲੋਚਕਾਂ ਦੇ ਇਕ ਵਰਗ ਨੇ ਪੰਜਾਬੀ ਵਿਚ ਪ੍ਰਚਲਿਤ ਮਾਰਕਸੀ ਸਮੀਖਿਆ ਦੇ ਮਕਾਨਕੀ, ਅੰਤਰਮੁਖੀ ਅਤੇ ਤਾਨਾਸ਼ਾਹੀ ਰਵਈਏ ਪ੍ਰਤੀ ਅਸੰਤੁਸ਼ਟਤਾ ਜ਼ਾਹਰ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਦੀ ਆਲੋਚਨ੍ਹਾ ਦੇ ਉਲਾਰ ਪੱਖੀ ਦ੍ਰਿਸ਼ਟੀਕੋਣ ਸੰਬੰਧੀ ਡਾ. ਹਰਿਭਰਜਨ ਸਿੰਘ ਭਾਟੀਆ ਲਿਖਦੇ ਹਨ, "ਸਾਹਿਤ ਦੇ ਹੋਣ-ਯਥਾਰਥ ਜਾਂ ਮੁੱਲ-ਮੁਕਤ ਦਿਸ਼ਾ ਅਤੇ ਉਸਦੀ ਵਿਹਾਰਕ ਕਾਰਜਸ਼ੀਲਤਾ ਦੀ ਦਿਸ਼ਾ ਨਿਰਸੰਦੇਹ ਦੋ ਨਿਖੜਵੀਆਂ ਕ੍ਰਿਆਵਾਂ ਹਨ ਅਰਥਾਤ ਇਕ ਦੂਸਰੇ ਦੀਆਂ ਵਿਰੋਧੀ ਨਹੀਂ ਪਰ ਇਨ੍ਹਾਂ ਨਿੱਖੜਵੀਆਂ ਕ੍ਰਿਆਵਾਂ ਵਿਚਕਾਰ ਸੰਬੰਧ-ਸਥਾਪਤੀ ਦੀ ਜ਼ਰੂਰਤ ਹੈ। ਸੇਖੋਂ-ਕਿਸ਼ਨ ਸਿੰਘ ਆਲੋਚਨਾ ਨੇ ਸਾਰਾ ਬਲ ਵਿਹਾਰਕ ਉਪਯੋਗਤਾ ਉੱਪਰ ਦਿੱਤਾ ਹੈ ਅਤੇ ਸਾਹਿਤ ਦੇ ਹੋਣ-ਯਥਾਰਥ ਅਤੇ ਮੂਲ ਪ੍ਰਕਿਰਤੀ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਹੈ।"[25]

1970 ਦੇ ਦਹਾਕੇ ਦੌਰਾਨ ਪੱਛਮ ਵਿਚ ਮਾਰਕਸਵਾਦੀ ਚਿੰਤਨ ਦੇ ਅੰਦਰਲੇ ਸੰਕਟ ਉਭਰ ਕੇ ਸਾਹਮਣੇ ਆਉਣੇ ਸ਼ੁਰੂ ਹੋ ਗਏ। ਮਾਰਕਸਵਾਦੀ ਚਿੰਤਨ ਦੇ ਆਧਾਰ ਤੇ ਉਸਰੇ ਦੇਸ਼ਾਂ ਵਿਚ

ਪੈਦਾ ਹੋਈ ਨਰਾਜ਼ਗੀ ਸਾਹਮਣੇ ਆਉਣੀ ਸ਼ੁਰੂ ਹੋ ਗਈ। ਇਸ ਕਰਕੇ ਪੱਛਮੀ ਦੇਸ਼ਾਂ ਦੇ ਵਿਦਵਾਨਾਂ ਵਿਚ ਇਸ ਚਿੰਤਨ ਪ੍ਰਤੀ ਮੋਹ ਭੰਗ ਦੀ ਸਥਿਤੀ ਪੈਦਾ ਹੋ ਗਈ ਅਤੇ ਉਨ੍ਹਾਂ ਨੇ ਆਲੋਚਨਾ ਦੇ ਨਵੇਂ ਨਵੇਂ ਮਾਡਲਾਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਰੂਸੀ ਰੂਪਵਾਦੀਆਂ ਦੀਆਂ ਲਿਖਤਾਂ ਵੀ ਪੱਛਮੀ ਵਿਦਵਾਨਾਂ ਕੋਲ ਪਹੁੰਚ ਚੁੱਕੀਆਂ ਸਨ। ਅਮਰੀਕਾ ਵਿਚ ਪੈਦਾ ਹੋਈ ਨਵ-ਅਮਰੀਕਨ ਆਲੋਚਨਾਂ ਦੀਆਂ ਖੋਜਾਂ ਵੀ ਇਸ ਦੇ ਨਾਲ ਮਿਲਦੀਆਂ ਜੁਲਦੀਆਂ ਸਨ। ਪਹਿਲਾਂ ਇਹ ਮਾਡਲ ਅੰਗਰੇਜ਼ੀ ਰਾਹੀਂ ਦੁਨੀਆਂ ਵਿਚ ਫੈਲੇ ਅਤੇ 1970 ਦੇ ਆਸ ਪਾਸ ਇਹ 'ਦਿਲੀ ਸਕੂਲ' ਕੋਲ ਵੀ ਪਹੁੰਚ ਗਏ। ਪੱਛਮ ਵਿਚ ਗਿਆਨ-ਵਿਗਿਆਨ ਦੀ ਤਰੱਕੀ, ਸੂਚਨਾ ਅਤੇ ਤਕਨਾਲੋਜੀ ਵਿਚ ਹੋਈ ਕ੍ਰਾਂਤੀ ਨੇ ਇਸ ਫ਼ਲਸਫ਼ੇ ਦੀ ਅਜਾਰੇਦਾਰੀ ਟੁੱਟਣ ਲਈ ਰਾਹ ਪੱਧਰਾ ਕਰ ਦਿੱਤਾ। ਮੱਧ ਵਰਗੀ ਸ਼ਹਿਰੀ ਪੰਜਾਬੀ ਵਿਦਵਾਨਾਂ ਨੇ ਵੀ ਇਸ ਤਬਦੀਲੀ ਨੂੰ ਖ਼ੁਸਆਮਦੀਦ ਕਿਹਾ। ਪੰਜਾਬੀ ਸਾਹਿਤ ਸਿਰਜਣਾ ਅਤੇ ਸਮੀਖਿਆ ਵਿਚ ਕੁੱਝ ਨਵਾਂ ਕਰਨ, ਵਿਚਾਰਧਾਰਕ ਤੌਰ ਤੇ ਸਥਾਪਿਤ ਹੋਣ ਅਤੇ ਪੰਜਾਬੀ ਸਾਹਿਤ ਆਲੋਚਨਾ ਦੇ ਪ੍ਰਮੁੱਖ ਵਿਦਵਾਨ ਬਣਨ ਦੀ ਲਾਲਸਾ ਨੇ ਇਸ ਮਾਡਲ ਨੂੰ ਹੋਰ ਵੀ ਤੇਜ਼ੀ ਨਾਲ ਵਧਣ ਫੁਲਣ ਦਾ ਅਵਸਰ ਪੈਦਾ ਕੀਤਾ।

ਰੂਪਵਾਦੀ ਸਮੀਖਿਆ ਦੀਆਂ ਪੰਜਾਬੀ ਵਿਚ ਆਪਣੀ ਕਿਸਮ ਦੀਆਂ ਪ੍ਰਾਪਤੀਆਂ ਹਨ। ਰੂਪਵਾਦ ਨੇ ਪੰਜਾਬੀ ਆਲੋਚਨਾ ਵਿਚ ਬਹਿਰੰਗ ਆਲੋਚਨਾ ਦੀ ਬਜਾਇ ਅੰਤਰੰਗ ਆਲੋਚਨਾ ਤੇ ਜ਼ੋਰ ਦਿੱਤਾ ਅਤੇ ਸਾਹਿਤ ਦੀ ਸਾਹਿਤਕਤਾ ਨੂੰ ਨਿਰਧਾਰਤ ਕਰਨਾ ਆਪਣਾ ਬੁਨਿਆਦੀ ਨਿਸ਼ਾਨਾ ਮਿਥਿਆ। ਰੂਸੀ ਰੂਪਵਾਦ ਦੀ ਸ਼ੁਰੂਆਤ ਸਾਹਿਤ ਕਿਰਤ ਦੀ ਨਿਵੇਕਲੀ ਅਤੇ ਸੁਤੰਤਰ ਹੋਂਦ ਉਪਰ ਜ਼ੋਰ ਦੇਣ ਤੋਂ ਹੁੰਦੀ ਹੈ। ਰੂਪ ਦੀ ਏਕਤਾ ਉਨ੍ਹਾਂ ਦਾ ਕੇਂਦਰੀ ਨੁਕਤਾ ਹੈ। ਅਜਨਬੀਕਰਣ ਦੇ ਸਿਧਾਂਤ ਨੂੰ ਉਨ੍ਹਾਂ ਸਾਹਿਤਕ ਕਿਰਤਾਂ ਦੇ ਅੰਦਰੂਨੀ ਨੇਮ-ਪ੍ਰਬੰਧ ਨੂੰ ਸਮਝਣ ਲਈ ਵਰਤਿਆ। ਅਜਿਹੇ ਨੇਮ ਪ੍ਰਬੰਧ ਦੀ ਜਾਣਕਾਰੀ ਲਈ ਰਚਨਾ ਵਿਚ ਵਰਤੀਆਂ ਵਿਭਿੰਨ ਜੁਗਤਾਂ ਤੇ ਉਨ੍ਹਾਂ ਨੇ ਆਪਣਾ ਧਿਆਨ ਕੇਂਦਰਿਤ ਕੀਤਾ। ਸਾਹਿਤ ਨੂੰ ਹਰ ਪ੍ਰਕਾਰ ਦੇ ਪ੍ਰਸੰਗਾਂ ਤੋਂ

ਮੁਕਤ ਕਰਕੇ ਕਵੀ ਦੀ ਜੀਵਨੀ, ਇਤਿਹਾਸ, ਮਨੋਵਿਗਿਆਨ ਆਦਿ ਇਕ ਅੰਗ ਸਮਝਣ ਦੀ ਥਾਂ ਸਾਹਿਤ-ਰਚਨਾ ਨੂੰ ਸੁਤੰਤਰ ਰਚਨਾ ਮੰਨਣ ਤੇ ਜ਼ੋਰ ਦਿੱਤਾ। ਕਾਵਿ ਕਿਰਤ ਦੇ ਕਿਸੇ ਇਕ ਸਥਿਰ ਤੱਤ ਨੂੰ ਅੰਤਿਮ ਮੰਨਦਿਆਂ ਕਾਵਿ ਦੇ ਸਮੁੱਚੇ ਸਿਸਟਮ ਨੂੰ ਉਨ੍ਹਾਂ ਕੇਵਲ ਸਥਿਰ ਤੱਤ ਤੇ ਆਧਾਰਿਤ ਕੀਤਾ। ਇਹ ਅਧਿਐਨ ਰਚਨਾਵਾਂ ਦੇ ਵੱਖਰੇਵੇਂ ਦੀ ਬਜਾਇ ਉਨ੍ਹਾਂ ਦੇ ਸਥਿਰ ਤੱਤਾਂ ਦੇ ਆਧਾਰ ਉੱਤੇ ਉਨ੍ਹਾਂ ਦੇ ਰਲੇਵੇਂ ਤੇ ਜ਼ਿਆਦਾ ਜ਼ੋਰ ਦਿੰਦਾ ਸੀ।[26] ਇਸ ਸਮੀਖਿਆ ਦੇ ਮੁੱਢਲੇ ਲੱਛਣ 'ਰੂਪਕੀ' ਵਿਚ ਪੇਸ਼ ਹੋਈ ਵਿਹਾਰਕ-ਸਮੀਖਿਆ ਵਿਚ ਵੇਖੇ ਜਾ ਸਕਦੇ ਹਨ। ਇਸ ਪੁਤਸਕ ਵਿਚ ਡਾ. ਹਰਿਭਜਨ ਸਿੰਘ ਵਿਭਿੰਨ ਕਵਿਤਾਵਾਂ ਵਿਚ ਤਣਾਓ, ਅਜਨਬੀਕਰਣ, ਵਿਰੋਧਾਭਾਸ, ਬਹੁਅਰਥਤਾ, ਰਚਨਾ-ਸੰਰਚਨਾ ਆਦਿ ਸਥਿਰ ਤੱਤਾਂ ਦੀ ਭਾਲ ਦੁਆਰਾ ਇਨ੍ਹਾਂ ਕਵਿਤਾਵਾਂ ਦੇ ਅੰਤਰੀਵ ਸਿਸਟਮ ਨੂੰ ਸਮਝਣ ਦਾ ਯਤਨ ਕਰਦਾ ਹੈ।

ਪੰਜਾਬੀ ਸਮੀਖਿਆ ਦੇ ਸੰਦਰਭ ਵਿਚ ਇਹ ਮਹੱਤਵਪੂਰਨ ਹੈ ਕਿ ਇਸ ਵਿਚ ਰੂਪਵਾਦ ਅਤੇ ਸੰਰਚਨਾਵਾਦ ਕੋਈ ਜ਼ਿਆਦਾ ਸਮੇਂ ਦੇ ਅੰਤਰ ਜਾਂ ਵੱਡੀਆਂ ਧਾਰਨਾਵਾਂ ਦੇ ਅੰਤਰ ਨਾਲ ਦਾਖ਼ਲ ਨਹੀਂ ਹੁੰਦੇ। ਇਸ ਦਾ ਇਕ ਕਾਰਨ ਤਾਂ ਇਹ ਹੈ ਜਦ ਤੱਕ ਰੂਪਵਾਦ ਜਾਂ ਨਵ-ਅਮਰੀਕਨ ਆਲੋਚਨਾ ਦੇ ਸੰਕਲਪ ਪੰਜਾਬੀ ਵਿਚ ਪਹੁੰਚੇ, ਉਸ ਸਮੇਂ ਤੱਕ ਪੱਛਮ ਵਿਚ ਇਹ ਆਪਣੀ ਅਉਧ ਹੰਢਾ ਚੁੱਕੇ ਸਨ ਅਤੇ ਸੰਰਚਨਾਵਾਦ, ਉਤਰ-ਸੰਰਚਨਾਵਾਦ ਲਈ ਰਾਹ ਪੱਧਰਾ ਕਰ ਚੁੱਕਾ ਸੀ। 'ਰੂਪਕੀ' ਤੋਂ 'ਸਿਸਟਮੀ' ਤੱਕ ਤਿੰਨ ਸਾਲ ਦੇ ਸਮੇਂ ਵਿਚ ਹੀ ਸੰਰਚਨਾਵਾਦ ਦੇ ਮੂਲ ਸੰਕਲਪਾਂ ਨਾਲ 'ਦਿੱਲੀ ਸਕੂਲ' ਦੇ ਵਿਦਵਾਨ ਜਾਣੂ ਹੋ ਚੁੱਕੇ ਸਨ। ਵੈਸੇ ਵੀ ਰੂਸੀ ਰੂਪਵਾਦ, ਸੰਰਚਨਾਵਾਦ ਦੇ ਸੰਕਲਪਾਂ ਲਈ ਆਧਾਰ ਭੂਮੀ ਤਿਆਰ ਕਰਦਾ ਹੈ। ਇਸ ਕਾਰਨ ਇਨ੍ਹਾਂ ਦਾ ਆਪਸੀ ਸੰਬੰਧ ਅਨਿੱਖੜ ਬਣ ਜਾਂਦਾ ਹੈ।

ਸੋਸਿਊਰ ਅਨੁਸਾਰ "ਭਾਸ਼ਾ ਦਾ ਵਿਗਿਆਨਕ ਅਧਿਐਨ ਉਸ ਦੀ ਇਕਾਲਕ ਸੰਰਚਨਾ ਨੂੰ ਮੁਖ ਰੱਖ ਕੇ ਹੀ ਕੀਤਾ ਜਾ ਸਕਦਾ ਹੈ।"[27] ਉਸਨੇ ਭਾਸ਼ਾ ਦੀ ਵਿਹਾਰਕ ਵਰਤੋਂ (Parole) ਨਾਲੋਂ (Langue) ਭਾਸ਼ਾਈ ਪ੍ਰਬੰਧ ਉੱਤੇ ਵਧੇਰੇ ਜ਼ੋਰ ਦਿੱਤਾ। ਸੰਰਚਨਾਵਾਦੀ ਸਾਹਿਤ ਚਿੰਤਕਾਂ ਨੇ

ਸੋਸਿਊਰ ਦੇ ਇਸੇ ਭਾਸ਼ਾ ਵਿਗਿਆਨਕ ਮਾਡਲ ਨੂੰ ਆਧਾਰ ਬਣਾ ਕੇ ਬਿਰਤਾਂਤ ਦਾ ਵਿਗਿਆਨ/ਸ਼ਾਸਤਰ ਉਸਾਰਨ ਦਾ ਉਪਰਾਲਾ ਕੀਤਾ। ਇਨ੍ਹਾਂ ਚਿੰਤਕਾਂ ਨੇ ਕਥਾਕਾਰੀ ਨੂੰ ਚਿਹਨਕ ਤੇ ਕਥਾ ਨੂੰ ਚਿਹਨ ਦੇ ਸੰਕਲਪਾਂ ਰਾਹੀਂ ਸਮਝਣ ਸਮਝਾਉਣ ਦਾ ਜਤਨ ਕੀਤਾ।

ਭਾਸ਼ਾ ਚਿਹਨਾਂ ਦਾ ਪ੍ਰਬੰਧ ਹੈ। ਸੋਸਿਊਰ ਅਨੁਸਾਰ ਚਿਹਨ ਕੇਵਲ ਕਿਸੇ ਵਸਤੂ ਦਾ ਨਾਂ ਹੀ ਨਹੀਂ ਸਗੋਂ ਇਹ ਤਾਂ ਇਕ ਅਜਿਹੀ ਜਟਿਲ ਇਕਾਈ ਹੈ ਜਿਸ ਵਿਚ ਆਵਾਜ਼ ਬਿੰਬ ਅਤੇ ਸੰਕਲਪ ਦਾ ਸੁਮੇਲ ਹੁੰਦਾ ਹੈ। ਇਨ੍ਹਾਂ ਦੋਹਾਂ ਦੀ ਹੋਂਦ ਮਨੁੱਖੀ ਦਿਮਾਗਾਂ ਵਿਚ ਹੁੰਦੀ ਹੈ ਉਸ ਨੇ ਇਸ ਨੂੰ ਦੋ ਪਾਸੜ ਮਾਨਸਿਕ ਵਜੂਦ ਮੰਨਿਆ ਹੈ। ਸੰਕਲਪ, ਆਵਾਜ਼ ਬਿੰਬ ਰਾਹੀਂ ਜੋ ਪ੍ਰਗਟ ਹੁੰਦਾ ਹੈ, ਸੋਸਿਊਰ ਉਸ ਨੂੰ (Signified) ਚਿਹਨਤ ਅਤੇ ਜਿਹੜਾ ਪ੍ਰਗਟ ਕਰਦਾ ਹੈ ਉਸ ਨੂੰ ਆਵਾਜ਼ ਬਿੰਬ (signifier) ਕਹਿੰਦਾ ਹੈ।

ਸੋਸਿਊਰ ਦੇ ਭਾਸ਼ਾ ਵਿਗਿਆਨ ਚਿੰਤਨ ਨੇ ਰੂਪਵਾਦ ਅਤੇ ਸੰਰਚਨਾਵਾਦ ਨੂੰ ਆਧਾਰ ਮੁਹੱਈਆ ਕੀਤਾ। ਜਦ ਸੋਸਿਊਰ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਭਾਸ਼ਾ ਕਿਸੇ ਵਸਤੂ ਦਾ ਅਨੁਕਰਣ ਨਹੀਂ ਸਗੋਂ ਚਿਹਨਾਂ ਦਾ ਪ੍ਰਬੰਧ ਹੈ ਅਤੇ ਇਹ ਚਿਹਨ, ਚਿਹਨਕ ਅਤੇ ਚਿਹਨਤ ਦੀ ਸੰਯੁਕਤੀ ਵਜੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ ਅਤੇ ਹਰ ਸਭਿਆਚਾਰ ਵਿਚ ਇਹ ਸੰਯੋਗ ਉਸਦੇ ਸਾਰ ਮੁਤਾਬਿਕ ਹੈ ਤਾਂ ਸਮੁੱਚੇ ਸਾਹਿਤ ਅਧਿਐਨ ਨੇ ਨਵੀਂ ਕਰਵਟ ਲਈ। ਇਨ੍ਹਾਂ ਸਿਧਾਂਤਾਂ ਨੂੰ ਅਪਣਾ ਕੇ ਸਾਹਿਤਕ ਟੈਕਸਟ ਨੂੰ ਇਕ ਸੁਤੰਤਰ, ਖ਼ੁਦਮੁਖ਼ਤਾਰ ਪ੍ਰਬੰਧ ਵਜੋਂ ਸਥਾਪਤ ਕਰਨ ਦੇ ਯਤਨ ਕੀਤੇ ਗਏ। ਟੈਕਸਟ ਨੂੰ ਇਕ ਚਿਹਨ ਮੰਨਦੇ ਹੋਏ ਅਜਿਹੇ ਚਿਹਨਕ ਵਜੋਂ ਸਥਾਪਤ ਕੀਤਾ ਗਿਆ, ਜਿਸਦਾ ਚਿਹਨਤ ਇਸਦੀਆਂ ਡੂੰਘਾਣਾਂ ਵਿਚ ਲੁਪਤ ਹੋ ਜਾਂਦਾ ਹੈ। ਇਸ ਦੇ ਆਧਾਰ ਉੱਪਰ ਪਾਠ, ਅੰਤਰ ਪਾਠ, ਭਾਸ਼ਾਈ ਅਵਚੇਤਨ, ਰਾਜਨੀਤਕ ਅਵਚੇਤਨ ਅਤੇ ਟੈਕਸਟ ਦੀਆਂ ਖਾਮੋਸ਼ੀਆਂ ਜਿਹੇ ਸੰਕਲਪਾਂ ਨਾਲ ਪਾਠਕਾਂ ਦਾ ਵਾਹ ਪਿਆ। ਰੂਪਵਾਦ ਨੇ ਸਾਹਿਤ ਕਿਰਤਾਂ ਦੀਆਂ ਜੁਗਤਾਂ ਨੂੰ ਜਿਹੜੇ ਸਮਾਜ ਨਿਰਪੇਖ ਆਧਾਰ ਦਿਤੇ ਸਨ, ਉਹ ਸੰਰਚਨਾਵਾਦ ਨਾਲ ਸਮਾਜ ਸਾਪੇਖ ਸੰਬੰਧਾਂ ਵਿਚ ਤਬਦੀਲ ਹੋ ਗਏ। ਸਾਹਿਤ ਕਿਰਤ ਦੀ ਹੋਂਦ-ਵਿਧੀ ਦਾ ਪ੍ਰਸ਼ਨ

ਕੇਂਦਰੀ ਮਹੱਤਤਾ ਗ੍ਰਹਿਣ ਕਰ ਗਿਆ। ਇਸ ਵਿਚੋਂ ਹੀ ਸਾਹਿਤ ਦਾ ਕਾਵਿ-ਸ਼ਾਸਤਰ ਉਸਾਰੇ ਜਾਣ ਦਾ ਵਿਚਾਰ ਉਤਪੰਨ ਹੋਇਆ।

ਸੰਰਚਨਾਵਾਦ ਨੂੰ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਪੇਸ਼ ਕਰਨ ਲਈ ਡਾ. ਹਰਿਭਜਨ ਸਿੰਘ ਨਾਲ ਡਾ. ਤਰਲੋਕ ਸਿੰਘ ਕੰਵਰ, ਡਾ. ਆਤਮਜੀਤ ਸਿੰਘ, ਡਾ. ਸੁਤਿੰਦਰ ਸਿੰਘ ਨੂਰ, ਡਾ. ਸਤਿੰਦਰ ਸਿੰਘ, ਡਾ. ਗੁਰਚਰਨ ਸਿੰਘ ਅਰਸ਼ੀ, ਡਾ. ਗੁਰਚਰਨ ਸਿੰਘ, ਡਾ. ਅਮਰੀਕ ਸਿੰਘ ਪੂੰਨੀ, ਡਾ. ਜਗਬੀਰ ਸਿੰਘ, ਡਾ. ਮਨਜੀਤ ਸਿੰਘ, ਡਾ. ਮਹਿੰਦਰ ਕੌਰ ਗਿੱਲ, ਡਾ. ਮਨਜੀਤ ਕੌਰ, ਡਾ. ਹਰਚਰਨ ਕੌਰ, ਡਾ. ਦਵਿੰਦਰ ਕੌਰ ਆਦਿ ਵਿਦਵਾਨ ਸਾਹਮਣੇ ਆਏ। ਇਸ ਤਰ੍ਹਾਂ 1980 ਤੱਕ ਇਕ ਦਹਾਕੇ ਦੇ ਸਮੇਂ ਵਿਚ ਹੀ ਸੰਰਚਨਾਵਾਦ ਪੰਜਾਬੀ ਵਿਦਵਾਨਾਂ ਦੇ ਇਕ ਵੱਡੇ ਹਿੱਸੇ ਦੀ ਅਧਿਐਨ ਪ੍ਰਕਿਰਿਆ ਦਾ ਅੰਗ ਬਣ ਗਿਆ। ਇਹ ਉਹ ਸਮਾਂ ਸੀ ਜਿਥੇ ਸੰਰਚਨਾਵਾਦ ਦੇ ਵਧ ਰਹੇ ਪ੍ਰਭਾਵ ਤੋਂ ਸੁਚੇਤ ਹੁੰਦਿਆਂ ਮਾਰਕਸਵਾਦੀ ਵਿਦਵਾਨਾਂ ਨੇ ਇਸ ਨਾਲ ਤਿੱਖਾ ਸੰਵਾਦ ਰਚਾਇਆ ਅਤੇ ਦੂਜੇ ਪਾਸੇ ਸੰਰਚਨਾਵਾਦ ਨਾਲ ਜੁੜੇ ਵਿਦਵਾਨਾਂ ਵਿਚੋਂ ਹੀ ਡਾ. ਸੁਤਿੰਦਰ ਸਿੰਘ ਨੂਰ ਨੇ ਸੰਰਚਨਾਵਾਦੀ ਸਮੀਖਿਆ ਦੀਆਂ ਸੀਮਾਵਾਂ ਨੂੰ ਪਹਿਚਾਣਦੇ ਹੋਏ ਇਸ ਨੂੰ ਸਵੈ-ਮੁਲਾਂਕਣੀ ਪ੍ਰਕਿਰਿਆ ਵਿਚ ਪਾਉਂਦੇ ਹੋਏ ਪੱਛਮੀ ਗਿਆਨ ਦੀ ਰੌਸ਼ਨੀ ਵਿਚ ਮਾਰਕਸਵਾਦ ਨਾਲ ਇਸ ਦੇ ਸੰਬੰਧਾਂ ਨੂੰ ਮੁੜ ਪਰਿਭਾਸ਼ਿਤ ਕੀਤਾ। ਇਸ ਤੋਂ ਪਹਿਲਾਂ ਪੰਜਾਬੀ ਸਮੀਖਿਆ ਮਾਰਕਸਵਾਦੀ ਅਤੇ ਰੂਪਵਾਦੀ/ਸੰਰਚਨਾਵਾਦੀ ਵਿਦਵਾਨਾਂ ਦੇ ਗਰੁਪਾਂ ਤੱਕ ਸਿਮਟੀ ਹੋਈ ਸੀ। ਇਸ ਸੰਵਾਦ ਕਾਰਨ ਪੰਜਾਬੀ ਸਮੀਖਿਆ ਤਿੰਨ ਦਿਸ਼ਾਵਾਂ ਵਿਚ ਵਿਚਰਦੀ ਦਿਖਾਈ ਦੇਣ ਲੱਗੀ। ਰੂਪਵਾਦ/ਸੰਰਚਨਾਵਾਦ ਤੋਂ ਪ੍ਰਾਪਤ ਹੋਏ ਨਵੇਂ ਬੌਧਿਕ ਹੁੰਗਾਰੇ ਦੀ ਚਕਾਚੌਂਧ ਅਤੇ ਸੁਰਖਿਅਤ ਛੱਤਰੀ ਅਧੀਨ ਸਮੀਖਿਆ ਹੋਣ ਲੱਗੀ। ਮਾਰਕਸਵਾਦੀ ਦਰਸ਼ਨ ਪ੍ਰਤਿ ਕੱਟੜਮਈ ਸ਼ਰਧਾ ਬਿਰਤੀ ਅਧੀਨ ਸੰਰਚਨਾਵਾਦ ਦੀਆਂ ਪ੍ਰਾਪਤੀਆਂ ਨੂੰ ਮੁੱਢੋਂ ਹੀ ਰੱਦ ਕਰਨ ਵਾਲੀ ਸਮੀਖਿਆ ਦਿਖਾਈ ਦਿੰਦੀ ਹੈ। ਮਾਰਕਸਵਾਦ ਅਤੇ ਸੰਰਚਨਾਵਾਦ ਦੀਆਂ ਪ੍ਰਾਪਤੀਆਂ ਨੂੰ ਆਪਣੀਆਂ

ਆਪਣੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦੇ ਪਰਿਪੇਖ ਵਿਚ ਇਨ੍ਹਾਂ ਦੇ ਆਪਸੀ ਸੰਵਾਦ ਵਿਚੋਂ ਭਵਿੱਖ ਦੀ ਸਮੀਖਿਆ ਦੇ ਨਕਸ਼ ਦਿਖਾਈ ਦੇਣ ਲੱਗੇ।

ਇਸ ਤਰ੍ਹਾਂ ਸੰਰਚਨਾਵਾਦ ਨੇ ਆਪਣੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦੋਵਾਂ ਨਾਲ ਹੀ ਪੰਜਾਬੀ ਸਮੀਖਿਆ ਵਿਚ ਨਵੀਂ ਬੌਧਿਕ ਦਸ਼ਾ ਪ੍ਰਦਾਨ ਕੀਤੀ। ਇਸ ਦੇ ਨਾਲ ਹੀ ਇਹ ਲਗਭਗ ਨਿਸਚਿਤ ਹੋ ਗਿਆ ਕਿ ਸੰਰਚਨਾਵਾਦ ਦੀਆਂ ਸੰਭਾਵਨਾਵਾਂ ਬਾਰੇ ਜ਼ਿਕਰ ਹੋਵੇ ਅਤੇ ਭਾਵੇਂ ਸੀਮਾਵਾਂ ਬਾਰੇ, ਪਰ ਭਵਿੱਖ ਦੀ ਪੰਜਾਬੀ ਸਮੀਖਿਆ ਵਿਚੋਂ ਇਸ ਨੂੰ ਮਨਫ਼ੀ ਨਹੀਂ ਕੀਤਾ ਜਾ ਸਕੇਗਾ। ਸੰਰਚਨਾਵਾਦ ਨੇ ਰੂਪਵਾਦ ਤੋਂ ਅੱਗੇ ਚਲਦਿਆਂ 'ਸਾਹਿਤ ਦੀ ਸੁਤੰਤਰਤਾ' ਅਤੇ 'ਖੁਦਮੁਖਤਾਰੀ' ਦੇ ਸੰਕਲਪਾਂ ਨੂੰ ਸਮਾਜ ਦੀ ਵਡੇਰੀ ਸੰਰਚਨਾ ਨਾਲ ਸੰਬੰਧਿਤ ਕਰਕੇ 'ਅੰਤਰ-ਅਨੁਸ਼ਾਸਨੀ' ਪਹੁੰਚ ਨੂੰ ਪ੍ਰੋਤਸਾਹਿਤ ਕੀਤਾ। ਇਸ ਪ੍ਰਸੰਗ ਵਿਚ ਸਾਹਿਤ ਪਾਠ ਨੂੰ 'ਅਨੁਕਰਣ' ਮੰਨਣ ਦੀ ਬਜਾਇ 'ਚਿਹਨੀਕਰਣ' ਮੰਨਣ ਦੇ ਸੰਕਲਪ ਨੇ ਠੋਸ ਅਧਾਰ ਦਿੱਤਾ। ਸੁਰਜੀਤ ਸਿੰਘ ਭੱਟੀ ਇਸ ਆਲੋਚਨਾ ਦੀਆਂ ਸੰਕਲਪਗਤ ਸੰਭਾਵਨਾਵਾਂ ਸੰਬੰਧੀ ਸੰਵਾਦ ਰਚਾਉਂਦੇ ਹੋਏ ਲਿਖਦੇ ਹਨ:

> ਇਸ ਪਹੁੰਚ ਨੇ ਵਿਅਕਤੀ ਦੇ ਮੁਕਾਬਲੇ ਸਮਾਜ, ਉਚਾਰ ਦੇ ਮੁਕਾਬਲੇ ਸਿਸਟਮ, ਦਿੱਖ ਦੇ ਮੁਕਾਬਲੇ ਸਾਰ, ਖਿਡਾਓ ਦੇ ਮੁਕਾਬਲੇ ਸੰਜਮ, ਅਰਾਜਕਤਾ ਦੇ ਵਿਰੋਧ ਵਿਚ ਵਿਧੀ ਵਿਗਿਆਨ, ਸਾਧਾਰਣ ਬੁੱਧ ਦੇ ਮੁਕਾਬਲੇ ਤੇ ਵਿਸ਼ੇਸ਼ੀਕ੍ਰਿਤ ਗਿਆਨ, ਅੰਤਰਮੁਖੀ ਪਹੁੰਚ ਦੇ ਵਿਰੋਧ ਵਿਚ ਬਾਹਰਮੁਖਤਾ ਅਤੇ ਵਿਗਿਆਨਕਤਾ, ਬ੍ਰਹਿਰੰਗ ਦੇ ਵਿਰੋਧ ਵਿਚ ਅੰਤਰੰਗ, ਵਰਤਾਰੇ ਦੇ ਪ੍ਰਪੰਚ ਦੇ ਵਿਰੋਧ ਵਿਚ ਨਿਯਮਾਂ ਨੂੰ ਆਪਣੇ ਅਨੁਸਾਸ਼ਨ ਵਿਚ ਵਿਸ਼ੇਸ਼ ਮਹੱਤਤਾ ਦਿੱਤੀ।[28]

ਇਸ ਪੜਾਅ ਉੱਤੇ ਪੰਜਾਬੀ ਸਮੀਖਿਆ ਵਿਚ ਰੂਪਵਾਦ/ਸੰਰਚਨਾਵਾਦ ਦੇ ਮੂਲ ਸਿਧਾਂਤਾਂ ਵਿਚੋਂ ਇਕ ਨੁਕਤੇ 'ਤੇ ਬਲ ਦੇ ਕੇ ਵੱਖ-ਵੱਖ ਆਲੋਚਨਾ ਪ੍ਰਣਾਲੀਆਂ ਦੀ ਸ਼ੁਰੂਆਤ ਹੁੰਦੀ ਹੈ।

ਇਹ ਕੰਮ ਜ਼ਿਆਦਾਤਰ ਡਾਕਟਰੇਟ ਦੀ ਉਪਾਧੀ ਦੀ ਪ੍ਰਾਪਤੀ ਲਈ ਕੀਤੇ ਗਏ ਖੋਜ ਕਾਰਜ ਸਨ। ਇਸ ਸਮੇਂ ਸ਼ੈਲੀ ਵਿਗਿਆਨ (ਡਾ. ਆਤਮਜੀਤ ਸਿੰਘ, ਸਾਹਿਤਕੀ,1980) ਥੀਮ ਵਿਗਿਆਨ (ਡਾ. ਮਨਜੀਤ ਕੌਰ, ਥੀਮ ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ, 1980), ਰੂਪ ਵਿਗਿਆਨ (ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ : ਰੂਪ ਅਧਿਐਨ, 1980), (ਦੇਵਿੰਦਰ ਕੌਰ, ਭਾਈ ਵੀਰ ਸਿੰਘ ਕਾਵਿ ਦਾ ਰੂਪ ਵਿਗਿਆਨਕ ਅਧਿਐਨ, 1985), ਸਿਸਟਮੀ ਅਧਿਐਨ (ਡਾ. ਹਰਚਰਨ ਕੌਰ, ਅੰਮ੍ਰਿਤਾ ਕਾਵਿ ਦਾ ਸਿਸਟਮੀ ਅਧਿਐਨ), ਸੰਰਚਨਾਤਮਕ ਅਧਿਐਨ (ਜੋਗਿੰਦਰ ਸਿੰਘ ਕੈਰੋਂ, ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ, 1987) ਆਦਿ ਸਾਹਮਣੇ ਆਏ। ਇਨ੍ਹਾਂ ਪੁਸਤਕਾਂ ਦੇ ਪੁਨਰ ਮੁਲਾਂਕਣ ਨੇ ਰੂਪਵਾਦੀ/ ਸੰਰਚਨਾਵਾਦੀ ਸਿਧਾਂਤਾਂ ਦੀਆਂ ਸੀਮਾਵਾਂ ਨੂੰ ਪੇਸ਼ ਕੀਤਾ। ਇਹ ਸਮੀਖਿਅਕ ਸਾਹਿਤ ਰਚਨਾਵਾਂ ਨੂੰ ਬੰਦ ਸਿਸਟਮ (closed system) ਵਜੋਂ ਗ੍ਰਹਿਣ ਕਰਕੇ ਰੂਪ ਅਤੇ ਵਸਤੂ ਦੇ ਦਵੰਦਾਤਮਕ ਸਰੂਪ ਨੂੰ ਗ੍ਰਹਿਣ ਕਰਨ ਦੀ ਥਾਂ ਕੇਵਲ ਰੂਪ ਨੂੰ ਹੀ ਧਿਆਨ ਵਿਚ ਰੱਖਣ ਅਤੇ ਵਸਤੂ ਨੂੰ ਅਣਗੌਲਿਆਂ ਕਰਨ ਕਰਕੇ ਸ਼ੁਧ ਅਦਵੈਤਵਾਦੀ ਬਣ ਗਏ। ਇਕਾਲਕ ਪਹੁੰਚ ਨੂੰ ਗਲਤ ਰੂਪ ਵਿਚ ਸੰਕਲਪਗਤ ਕਰਨ ਕਰਕੇ ਸਾਹਿਤ ਅਧਿਐਨ ਨੂੰ ਕਾਲਮੁਕਤ, ਇਤਿਹਾਸ ਮੁਕਤ ਬਣਾਉਂਦੇ ਮਕਾਨਕੀ ਜੁਗਤਾਂ ਦੀ ਭਾਲ ਰਾਹੀਂ ਬੰਦ ਸਿਸਟਮ ਵਜੋਂ ਫੈਲਾਉਣ ਜਾਂ ਪ੍ਰਚਾਰਨ ਦੇ ਜ਼ਿੰਮੇਵਾਰ ਬਣੇ। ਸਾਹਿਤ ਸਿਸਟਮ ਦੀ ਭਾਲ ਲਈ ਲੇਖਕ, ਸਮਾਜ ਨੂੰ ਅੱਖੋਂ ਪਰੋਖੇ ਕਰਨ ਅਤੇ ਦੂਸਰੇ ਅਨੁਸ਼ਾਸਨਾਂ ਦਰਸ਼ਨ, ਰਾਜਨੀਤੀ, ਆਰਥਿਕਤਾ, ਸਮਾਜ ਵਿਗਿਆਨ ਅਤੇ ਮਨੋ-ਵਿਗਿਆਨ ਜਿਹੇ ਸਾਹਿਤ-ਸੰਬੰਧਿਤ ਖੇਤਰਾਂ ਤੋਂ ਮੂੰਹ ਮੋੜ ਲੈਣ ਕਰਕੇ ਉਹ ਸੰਰਚਨਾਵਾਦੀ ਸਮੀਖਿਆ ਦੀ ਅੰਤਰ-ਅਨੁਸ਼ਾਸਨੀ ਪਹੁੰਚ ਦੀ ਸੰਭਾਵਨਾ ਨੂੰ ਉਜਾਗਰ ਨਾ ਕਰ ਸਕੇ। ਇਹ ਵਿਧੀ ਜੀਵਨ, ਸਾਹਿਤ, ਚਿੰਤਨ ਦੇ ਖੇਤਰ ਵਿਚ ਅਨੇਕਤਾ ਨੂੰ ਏਕਤਾ ਅਤੇ ਵਿਲੱਖਣਤਾ ਨੂੰ ਵਿਆਪਕਤਾ, ਨਵੀਨ ਨੂੰ ਪਰੰਪਰਾ ਅਤੇ ਵਿਅਕਤੀ ਨੂੰ ਸਿਸਟਮ ਦੇ ਅਧੀਨ ਕਰ ਦਿੰਦੀ ਹੈ।

ਅੰਤਰੰਗ ਅਧਿਐਨ ਨੂੰ ਸਿਧਾਂਤਕ ਰੂਪ ਵਿਚ ਫੈਲਾਂਦਿਆਂ ਇਹ ਵਿਦਵਾਨ ਵਿਭਿੰਨ ਸਾਹਿਤ ਕਿਰਤਾਂ ਵਿਚੋਂ ਉਨ੍ਹਾਂ ਦੇ ਵਿਲੱਖਣ ਮਾਡਲਾਂ ਨੂੰ ਲੱਭਣ ਦੇ ਰਾਹ ਪਏ ਪਰੰਤੂ ਆਪਣੇ ਇਸ ਯਤਨ ਵਿਚ ਜ਼ਿਆਦਾਤਰ ਉਹ ਯੁਗਤਾਂ ਜਾਂ ਸਿਧਾਂਤਿਕ ਮਾਡਲਾਂ ਨੂੰ ਸਾਹਿਤ ਰਚਨਾਵਾਂ ਤੇ ਢੁਕਾਉਣ ਜਾਂ ਆਰੋਪਿਤ ਕਰਨ ਦੇ ਰਸਤੇ ਹੀ ਤੁਰ ਸਕੇ। ਜੇ ਉਨ੍ਹਾਂ ਕੁੱਝ ਇੱਕ ਮੌਲਿਕ ਮਾਡਲਾਂ ਦੀ ਤਲਾਸ ਕੀਤੀ ਵੀ ਤਾਂ ਉਹ ਇਨ੍ਹਾਂ ਮਾਡਲਾਂ ਨੂੰ ਮੁਲਹੀਣ ਸਮਝਣ ਦੀ ਸੋਚ ਕਾਰਨ, ਇਨ੍ਹਾਂ ਮਾਡਲਾਂ ਦੀ ਵਿਸ਼ਾਲ ਸਮਾਜਕ, ਸਭਿਆਚਾਰਕ ਪ੍ਰਸੰਗ ਵਿਚ ਸਾਰਥਿਕਤਾ ਨੂੰ ਨਿਰਧਾਰਤ ਕਰਨ ਵਿਚ ਅਸਫ਼ਲ ਰਹੇ। ਇਸ ਤਰ੍ਹਾਂ ਜਿਵੇਂ ਮਾਰਕਸਵਾਦੀ ਆਲੋਚਨਾ ਵਿਚ ਜਿਸ ਉਲਾਰ ਅਤੇ ਮਕਾਨਕੀਪੁਣੇ ਪ੍ਰਤੀ ਰੋਸ ਕਰਦਿਆਂ ਇਨ੍ਹਾਂ ਆਪਣੇ ਲਈ ਨਵਾਂ ਰਾਹ ਲੱਭਿਆ ਸੀ, ਇਹ ਆਪ ਹੀ ਉਸੇ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਆਪਣੇ ਅਸਲੀ ਮੰਤਵ ਤੋਂ ਭਟਕ ਗਏ। ਇਸ ਪੜਾਅ ਤੇ ਕੁੱਝ ਵਿਦਵਾਨਾਂ ਨੇ ਇਨ੍ਹਾਂ ਮਾਡਲਾਂ ਦੀਆਂ ਅੰਤਰਦ੍ਰਿਸ਼ਟੀਆਂ ਨਾਲ ਇਕਮਿਕ ਹੁੰਦਿਆਂ, ਆਪਣੇ ਮਾਡਲ ਚੇਤਨਾ ਨੂੰ ਮਾਰਕਸੀ ਆਧਾਰ ਪ੍ਰਦਾਨ ਕਰਕੇ ਅਧਿਐਨ ਅਧੀਨ ਰਚਨਾਵਾਂ ਦੇ ਅੰਤ੍ਰੀਵ ਵਿਚ ਲੁਪਤ ਅਰਥਾਂ ਨੂੰ ਸਮਝਣ ਵਿਚ ਕਾਫ਼ੀ ਹੱਦ ਤੱਕ ਸਫ਼ਲਤਾ ਪ੍ਰਾਪਤ ਕੀਤੀ। ਇਨ੍ਹਾਂ ਵਿਦਵਾਨਾਂ ਵਿਚ ਡਾ. ਟੀ. ਆਰ. ਵਿਨੋਦ, ਡਾ. ਜੋਗਿੰਦਰ ਸਿੰਘ ਰਾਹੀ ਅਤੇ ਡਾ. ਅਤਰ ਸਿੰਘ ਆਦਿ ਨੇ ਸਨਾਤਨੀ ਕਿਸਮ ਦੇ ਮਾਰਕਸਵਾਦੀ ਸਮੀਖਿਅਕਾਂ ਨੂੰ ਚੁਣੌਤੀ ਦਿੰਦਿਆਂ ਸੰਰਚਨਾਵਾਦੀ ਆਲੋਚਨਾ ਨੂੰ ਵੀ ਆਪਣੀ ਮਾਡਲ ਚੇਤਨਾ ਅਨੁਸਾਰ ਮਾਰਕਸਵਾਦੀ ਦਰਸ਼ਨ ਦੇ ਸੰਦਰਭ ਵਿਚ ਅਪਣਾਉਣ ਲਈ ਮਜ਼ਬੂਰ ਕੀਤਾ।

ਪਰ ਮਾਰਕਸਵਾਦ ਅਤੇ ਸੰਰਚਨਾਵਾਦ ਵਿਚ ਵਿਰੋਧ ਹੋਰ ਵੀ ਉਭਰਵੇਂ ਰੂਪ ਵਿਚ ਪਗਟ ਹੋਇਆ। ਇਨ੍ਹਾਂ ਦੇ ਵਾਦ, ਪ੍ਰਤੀਵਾਦ ਵਿਚੋਂ ਪੰਜਾਬੀ ਸਮੀਖਿਆ ਲਈ ਉਹ ਰਾਹ ਤਿਆਰ ਹੋਇਆ, ਜਿਸ ਵਿਚ ਮਾਰਕਸਵਾਦ ਅਤੇ ਸੰਰਚਨਾਵਾਦ ਨੂੰ ਅੰਤਰ ਸੰਬੰਧਿਤ ਰੂਪ ਵਿਚ ਚਿੰਤਨ ਮਨਨ ਕਰਨ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਡਾ. ਹਰਿਭਜਨ ਸਿੰਘ, ਡਾ. ਤਰਲੋਕ ਸਿੰਘ ਕੰਵਰ ਅਤੇ ਡਾ. ਸੁਤਿੰਦਰ ਸਿੰਘ ਨੂਰ ਨੇ ਮਾਰਕਸਵਾਦੀ ਦਰਸ਼ਨ ਦੀ ਅੰਦਰੂਨੀ ਸ਼ਕਤੀ ਨੂੰ

ਪਹਿਚਾਣਦਿਆਂ ਇਸ ਨੂੰ ਵਿਸ਼ਵ ਗਿਆਨ ਦੇ ਸੰਰਚਨਾਵੀਂ ਪ੍ਰਸੰਗਾਂ ਵਿਚ ਨਵੀਆਂ ਲੀਹਾਂ ਤੇ ਤੋਰਨ ਦੀ ਵਕਾਲਤ ਕੀਤੀ। ਇਨ੍ਹਾਂ ਨੇ ਮਾਰਕਸਵਾਦ ਅਤੇ ਸੰਰਚਨਾਵਾਦ ਦੇ ਵਿਰੋਧ ਨੂੰ ਨਿਕਾਰਦਿਆਂ ਇਨ੍ਹਾਂ ਵਿਦਵਾਨਾਂ ਨੂੰ ਅੰਤਰ ਸੰਬੰਧਿਤ ਅਧਿਐਨ ਕਰਨ ਲਈ ਪ੍ਰੇਰਿਤ ਕੀਤਾ।

> ਮਾਰਕਸਵਾਦ ਸੰਰਚਨਾਵਾਦ ਦਾ ਵਿਰੋਧੀ ਨਹੀਂ ਰਹਿੰਦਾ ਸਗੋਂ ਇਹ ਦੋਵੇਂ ਮਾਨਵੀ ਸਮਾਜ ਤੇ ਚਿੰਤਨ ਨੂੰ ਸਿਸਟਮ ਦੀ ਪੱਧਰ ਉੱਤੇ ਵਧੇਰੇ ਸਪਸ਼ਟਤਾ ਤੇ ਬਾਰੀਕੀ ਨਾਲ ਸਮਝਣ ਦਾ ਨਵਾਂ ਪਰਿਪੇਖ ਪ੍ਰਸਤੁਤ ਕਰਦੇ ਹਨ। ਜਿਥੇ ਸੰਰਚਨਾਵਾਦ ਨੇ ਆਪਣੇ ਵਿਚਲੀ ਸਿਸਟਮੀ ਤੇ ਸੁਨਿਸਚਤ ਬਿਰਤੀ ਸਦਕਾ ਮਾਰਕਸਵਾਦ ਨੂੰ ਇਕ ਸੁੰਗਠਿਤ ਪ੍ਰਬੰਧ ਦੇ ਅਰਥਾਂ ਵਿਚ ਸਿਧਾਂਤਿਕ ਇਕਾਗਰਤਾ ਵਿਚ ਬੱਝਣ ਦਾ ਪੈਗ਼ਾਮ ਦਿੱਤਾ ਹੈ ਉਥੇ ਮਾਰਕਸਵਾਦ ਨੇ ਆਪਣੇ ਵਿਚਲੀ ਗਤੀਸ਼ੀਲ ਵਿਸ਼ੇਸ਼ਤਾ ਕਾਰਨ ਸੰਰਚਨਾਵਾਦ ਨੂੰ ਅਤਿਅੰਤ ਕਰੜੀ ਤੇ ਬੰਦ ਸਿਸਟਮੀ ਕੈਦ ਵਿਚੋਂ ਬਾਹਰ ਆ ਕੇ ਵਾਤਾਵਰਣ ਨਾਲ ਇਕ ਖੁਲ੍ਹੇ ਰਿਸ਼ਤੇ ਵਿਚ ਬੱਝਣ ਲਈ ਪ੍ਰੇਰਣਾ ਦਿੱਤੀ ਹੈ।[29]

ਮਾਰਕਸੀ ਵਿਦਵਾਨਾਂ ਵਲੋਂ ਸਿਧਾਂਤਕ ਅਤੇ ਵਿਹਾਰਕ ਪੱਖੋਂ ਪੇਸ਼ ਚੁਣੌਤੀਆਂ ਦੇ ਪਰਿਪੇਖ ਵਿਚ ਡਾ. ਸੁਤਿੰਦਰ ਸਿੰਘ ਨੂਰ ਮਾਰਕਸੀ ਚਿੰਤਨ ਵਿਚਲੀ ਸਿਸਟਮੀ ਚੇਤਨਾ ਨੂੰ ਅੱਗੇ ਰੱਖਦਿਆਂ ਆਪਣੀ ਅਧਿਐਨ ਪ੍ਰਕਿਰਿਆ ਦਾ ਹਿੱਸਾ ਬਣਾਉਂਦਾ ਹੈ। ਇਕ ਤੱਤ (ਕਮਾਡਿਟੀ) ਦੀ ਬਿਰਤੀ ਨੂੰ ਮਾਰਕਸ ਸਮਾਜਕ ਸਿਸਟਮ ਦੇ ਪ੍ਰਸੰਗ ਵਿਚ ਹੀ ਸਪਸ਼ਟ ਕਰਦਾ ਹੈ:

> ਸਮਾਜਕ ਸਿਸਟਮ ਜੋ ਕਿ ਗਤੀਸ਼ੀਲ ਹੈ। ਮਾਰਕਸ ਨੇ ਕੇਵਲ ਤੱਤ ਚੇਤਨਾ ਨੂੰ ਰੱਦ ਕਰਕੇ ਧਿਆਨ ਸਿਸਟਮੀ ਵੱਲ ਮੋੜਿਆ ਤੇ ਇਸ ਦੇ ਨਾਲ ਹੀ ਉਸ ਵਿਗਿਆਨ ਨੂੰ ਵੀ ਰੱਦ ਕਰ ਦਿੱਤਾ, ਜਿਸਦਾ ਸੰਬੰਧ ਮਕੈਨਕੀ ਦ੍ਰਿਸ਼ਟੀ ਨਾਲ ਰਿਹਾ ਸੀ।[30]

'ਦਿੱਲੀ ਸਕੂਲ' ਦੇ ਵਿਦਵਾਨਾਂ ਨੇ ਜਦ ਮਾਰਕਸੀ ਦਰਸ਼ਨ ਨਾਲ ਸੰਰਚਨਾਵਾਦ ਦੀ ਅੰਤਰ ਸੰਬੰਧਤਾ ਨੂੰ ਦ੍ਰਿੜ ਕਰਨਾ ਸ਼ੁਰੂ ਕੀਤਾ ਤਾਂ ਪੰਜਾਬੀ ਦੇ ਮਾਰਕਸੀ ਵਿਦਵਾਨਾਂ ਨੇ ਆਪਣੇ ਰੁਖ ਨੂੰ ਕਰੜੇ ਕਰਦੇ ਹੋਏ ਸੰਰਚਨਾਵਾਦ ਦੇ ਸੰਕਲਪਾਂ ਤੇ ਹਮਲੇ ਕਰਕੇ ਇਸ ਨੂੰ ਮਾਰਕਸਵਾਦ ਵਿਰੋਧੀ ਸਾਬਤ ਕੀਤਾ। ਤੇਜਵੰਤ ਸਿੰਘ ਗਿੱਲ ਅਤੇ ਰਵਿੰਦਰ ਰਵੀ ਨੇ 'ਸੇਧ' ਮੈਗਜ਼ੀਨ ਵਿਚ ਛਪੇ ਆਪਣੇ ਖੋਜ-ਪੱਤਰਾਂ ਵਿਚ ਸੰਰਚਨਾਵਾਦ ਦੇ ਸੰਕਲਪਾਂ ਦੇ ਵਿਚਾਰਧਾਰਕ ਆਧਾਰਾਂ ਅਤੇ ਉਸ ਦੀ ਸਮਾਜਿਕ ਪ੍ਰਾਸੰਗਿਕਤਾ ਨੂੰ ਤਰਕ ਪੂਰਨ ਢੰਗ ਨਾਲ ਮਾਰਕਸ ਵਿਰੋਧੀ ਕਹਿੰਦੇ ਹੋਏ ਰੱਦ ਕੀਤਾ।

ਰਵਿੰਦਰ ਰਵੀ ਨੇ ਸੰਰਚਨਾਵਾਦ ਨੂੰ ਕੇਵਲ ਇਕ 'ਵਿਧੀ' ਵਜੋਂ ਨਿਰਧਾਰਤ ਕਰਦਿਆਂ ਇਸ ਦੀ ਸਿਸਟਮੀ ਪਹੁੰਚ ਨੂੰ ਮਕਾਨਕੀਪੁਣੇ ਕਾਰਨ ਮਾਰਕਸੀ ਦਰਸ਼ਨ ਵਿਰੋਧੀ ਕਹਿੰਦਿਆਂ ਇਸਦਾ ਇਸ ਦਰਸ਼ਨ ਨਾਲ 'ਬੁਨਿਆਦੀ ਅਤੇ ਡਟਵਾਂ ਵਿਰੋਧ' ਮੰਨਿਆ ਹੈ।[31]

ਤੇਜਵੰਤ ਸਿੰਘ ਗਿੱਲ ਨੇ ਸੰਰਚਨਾਵਾਦੀ ਪ੍ਰਣਾਲੀ ਨੂੰ ਪ੍ਰਸੰਗ ਵਿਹੂਣੇ ਕੱਚ ਘਰੜ ਅਤੇ ਆਂਸ਼ਿਕ ਰੂਪ ਵਿਚ ਪੰਜਾਬੀ ਵਿਚ ਲਾਗੂ ਕਰਨ ਕਰਕੇ, ਸੰਰਚਨਾਵਾਦੀ ਆਲੋਚਕਾਂ ਦੀ ਡਟ ਕੇ ਖਿਚਾਈ ਕੀਤੀ ਅਤੇ ਉਨ੍ਹਾਂ ਨੂੰ 'ਨਕਲੀ ਸੰਰਚਨਾਵਾਦੀ'[32] ਜਿਹੇ ਵਿਸ਼ੇਸ਼ਣ ਨਾਲ ਨਿਵਾਜਿਆ।

ਰਘੁਬੀਰ ਸਿੰਘ ਸਿਰਜਣਾ ਇਸ ਸਮੁੱਚੀ ਸਮੀਖਿਆ ਨੂੰ 'ਦਿੱਲੀ ਸਕੂਲ' ਦੇ ਵਿਦਵਾਨਾਂ ਦੀ ਨਵੇਂ ਗਿਆਨ ਨੂੰ 'ਫੈਸ਼ਨ' ਵਜੋਂ ਗ੍ਰਹਿਣ ਕਰਨ ਤੋਂ ਵੱਧ ਹੋਰ ਕੋਈ ਅਹਿਮੀਅਤ ਨਹੀਂ ਦਿੰਦਾ। ਸੰਰਚਨਾਵਾਦ ਤੇ ਮਾਰਕਸਵਾਦ ਦਾ ਸਮੇਲ ਕਰਨ ਦੇ ਐਲਾਨੇ ਉਦੇਸ਼ਾਂ ਦੇ ਬਾਵਜੂਦ ਦਿੱਲੀ ਸਕੂਲ ਦਾ ਪੰਜਾਬੀ ਸਾਹਿਤ ਆਲੋਚਨਾ ਵਿਚ ਇਸ ਤੋਂ ਵੱਧ ਕੋਈ ਬਿੰਬ ਨਹੀਂ ਬਣਿਆ ਕਿ ਇਸ ਸਕੂਲ ਨਾਲ ਜੁੜੇ ਵਿਦਵਾਨ ਫ਼ੈਸਨ ਦੇ ਰੂਪ ਵਿਚ ਕਿਸੇ ਨਵੀਂ ਗੱਲ ਨੂੰ ਅਪਣਾ ਕੇ ਤੇ ਫੇਰ ਉਨੀ ਹੀ ਤੇਜ਼ੀ ਨਾਲ ਉਸਦਾ ਤਿਆਗ ਕਰਕੇ ਕਿਸੇ ਹੋਰ ਨਵੀਂ ਗੱਲ ਨੂੰ ਪਕੜਨ ਦੇ ਆਹਰ ਵਿਚ ਰਹੇ ਹਨ।[33]

ਏ. ਜੇ. ਗ੍ਰੇਮਾਸ ਨੇ 1966 ਈ. ਵਿਚ ਆਪਣੀ ਪੁਸਤਕ 'ਸਟਰਕਚਰਲ ਸੀਮੈਂਟਕਸ' (Structural semantics) ਰਾਹੀਂ ਵਲਾਦਿਮਿਰ-ਪ੍ਰਾੱਪ ਦੀਆਂ ਧਾਰਨਾਵਾਂ ਨੂੰ ਘੋਖਦਿਆਂ ਬਿਰਤਾਂਤਕ-ਰਚਨਾਵਾਂ ਦੇ ਅਧਿਐਨ ਲਈ ਨੇਮ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਪ੍ਰਾੱਪ ਨੇ ਆਪਣੇ ਅਧਿਐਨ ਨੂੰ ਇਕ ਰੂਪਾਕਾਰ ਉੱਤੇ ਹੀ ਕੇਂਦਰਿਤ ਕੀਤਾ ਪਰੰਤੂ ਗ੍ਰੇਮਾਸ ਨੇ 'ਅਕਤਾਂਸ਼ੀਅਲ ਮਾਡਲ' ਤਿਆਰ ਕੀਤਾ ਜਿਸ ਰਾਹੀਂ ਸਮੁੱਚੀਆਂ ਬਿਰਤਾਂਤਕ ਰਚਨਾਵਾਂ ਦਾ ਅਧਿਐਨ ਕੀਤਾ ਜਾ ਸਕੇ। ਗ੍ਰੇਮਾਸ ਨੂੰ ਪ੍ਰਾੱਪ ਅਤੇ ਸੌਰਿਉ (Souriau) ਦੀਆਂ ਮਾਨਤਾਵਾਂ ਨੂੰ ਘੋਖਦਿਆਂ ਗਿਆਨ ਹੋਇਆ ਕਿ ਲਘੂ ਸੰਸਾਰ ਦੇ ਸੰਗਠਨ ਨੂੰ ਅਕਤਾਂਸ਼ੀਅਲ ਮਦਾਂ ਦੀ ਛੋਟੀ ਗਿਣਤੀ ਅਧਿਐਨ ਕਰਨ ਦੇ ਸਮਰੱਥ ਹੁੰਦੀ ਹੈ। ਗ੍ਰੇਮਾਸ ਭਾਸ਼ਾ ਵਿਗਿਆਨ ਦੇ ਨੇਮਾਂ ਅਨੁਸਾਰ ਐਕਟੈਂਟ ਦੇ ਵਰਤਾਰੇ ਨੂੰ ਦੇਖਦਾ ਹੈ। ਪਰੰਪਰਿਕ ਭਾਸ਼ਾ ਵਿਗਿਆਨ ਅਨੁਸਾਰ ਸਬਜੈਕਟ ਕਾਰਜ ਕਰਦਾ ਹੈ ਅਤੇ ਆਬਜੈਕਟ ਲਈ ਕਾਰਜ ਕੀਤਾ ਜਾਂਦਾ ਹੈ। ਵਾਚਣ ਯੋਗ ਗੱਲ ਇਹ ਹੈ ਕਿ ਪਾਤਰ ਅਤੇ ਕਾਰਜਾਂ ਦੀ ਵੱਥ ਤਾਂ ਨਿਰੰਤਰ ਬਦਲਦੀ ਰਹਿੰਦੀ ਹੈ ਪਰੰਤੂ ਪ੍ਰਦਰਸ਼ਨ ਭੂਮਿਕਾਵਾਂ ਦੀ ਵੰਡ ਦੁਆਰਾ ਨਿਰਧਾਰਿਤ ਹੁੰਦਾ ਹੈ ਅਤੇ ਸਥਿਰ ਰਹਿੰਦਾ ਹੈ। ਗ੍ਰੇਮਾਸ ਨੇ ਵਾਕ ਵਿਗਿਆਨ ਦੀ ਸੂਝ ਨੂੰ ਅਪਣਾਉਂਦਿਆਂ ਹੋਇਆਂ ਆਪਣੇ ਮਾਡਲ ਵਿਚ ਐਕਟੈਂਟ ਦੇ ਅਰਥਮਈ ਰੁਤਬੇ ਨੂੰ ਮਹੱਤਵ ਦਿੱਤਾ ਹੈ। ਗ੍ਰੇਮਾਸ ਅਨੁਸਾਰ "ਬਿਰਤਾਂਤ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ 'ਪਾਤਰ ਕੀ ਹੈ? ਨਾਲੋਂ ਪਾਤਰ ਕੀ ਕਰਦਾ ਹੈ? ਵਧੇਰੇ ਮਹੱਤਵਪੂਰਨ ਹੈ।'[34] ਜਿਵੇਂ ਕਿ ਕਮਲਾ ਨੇ ਆਖਿਰ ਪਾਣੀ ਪੀ ਹੀ ਲਿਆ' ਅਤੇ 'ਪਾਣੀ ਆਖਿਰ ਕਮਲਾ ਦੁਆਰਾ ਪੀਤਾ ਹੀ ਗਿਆ' ਦੋਨਾਂ ਵਾਕਾਂ ਵਿਚ ਕਮਲਾ ਹੀ ਪ੍ਰਾਪਤ ਕਰਤਾ ਰਹਿੰਦੀ ਹੈ।

ਪ੍ਰਾੱਪ ਦੇ ਲੋਕ ਕਥਾ ਅਧਿਐਨ ਨੂੰ ਘੋਖਦਿਆਂ ਐਂਕਟੈਂਟ ਦਾ ਸੰਕਲਪ ਉਸ ਵਿਚ ਸਮਾਇਆ ਹੋਇਆ ਪ੍ਰਾਪਤ ਹੁੰਦਾ ਹੈ। ਪ੍ਰਾੱਪ ਦੁਆਰਾ ਲੋਕ ਕਥਾ ਵਿਚ ਇਕੱਤੀ ਪ੍ਰਕਾਰਜਾਂ ਦੀ ਖੋਜ ਤੇ ਉਹਨਾਂ ਦੀ ਸਭ ਪ੍ਰਕਾਰ ਦੇ ਪਾਤਰਾਂ ਦੇ ਕਾਰਜ ਖੇਤਰ ਵਿਚ ਵੰਡ ਅਕਟੈਂਟ ਦੇ ਸੰਕਲਪ ਅਨੁਸਾਰ ਹੀ ਹੈ। ਇਸੇ ਆਧਾਰ ਉੱਤੇ ਸੋਰਿਉ ਨੇ 200, 000 ਨਾਟਕੀ ਸਥਿਤੀਆਂ ਦੇ ਆਧਾਰ ਤੇ ਛੇ ਨਾਟਕੀ ਪ੍ਰਕਾਰਜ ਸਥਾਪਿਤ ਕੀਤੇ ਹਨ।

ਗ੍ਰੇਮਾਸ ਨੇ ਭਾਸ਼ਾ ਵਿਗਿਆਨ ਦੇ ਸਿਧਾਂਤ ਨੂੰ ਪ੍ਰਚੋਲਣ ਅਤੇ ਗਿਆਨ ਗ੍ਰਹਿਣ ਕਰਨ ਦੇ ਨਾਲ-ਨਾਲ ਪ੍ਰਾੱਪ ਅਤੇ ਸੌਰਿਉ ਦੇ ਸੰਪੂਰਨ ਕਾਰਜ ਦਾ ਅਧਿਐਨ ਕਰਦਿਆਂ ਅਕਤਾਂਸ਼ੀਅਲ ਮਾਡਲ ਦੀ ਸਿਰਜਣਾ ਕੀਤੀ ਹੈ। ਜਿਸ ਨੂੰ ਹੇਠ ਲਿਖੇ ਸੂਤਰ ਅਨੁਸਾਰ ਪੇਸ਼ ਕੀਤਾ ਹੈ।

ਭੇਜਣ ਵਾਲਾ ⟶ ਆਬਜੈਕਟ ⟶ ਪ੍ਰਾਪਤ ਕਰਤਾ
↑
ਸਹਾਇਕ ⟶ ਸਬਜੈਕਟ ⟵ ਵਿਰੋਧੀ

(ਗ੍ਰੇਮਾਸ ਦਾ ਐਕਤਾਂਸ਼ੀਅਲ ਮਾਡਲ)[35]

ਅਕਤਾਂਸ਼ੀਅਲ ਮਾਡਲ ਦਾ ਪਹਿਲਾ ਪ੍ਰਵਰਗ ਸਬਜੈਕਟ, ਆਬਜੈਕਟ ਹੈ। ਇਹਨਾਂ ਦੋਹਾਂ ਵਿਚਕਾਰ ਇੱਛਾ ਦਾ ਰਿਸ਼ਤਾ ਹੁੰਦਾ ਹੈ। ਸੋ ਇਸ ਪ੍ਰਕਾਰ ਸਮੁੱਚੇ ਬਿਰਤਾਂਤ ਵਿਚ ਸਬਜੈਕਟ, ਆਬਜੈਕਟ ਦੀ ਇੱਛਾ ਪੂਰਤੀ ਲਈ ਜੂਝਦਾ ਹੈ। ਪ੍ਰਾੱਪ ਦੇ ਨਾਇਕ ਵਿਅਕਤੀ ਦੀ ਭਾਲ ਵੀ ਇਸੇ ਪ੍ਰਕਾਰ ਹੈ।

ਅਕਤਾਂਸ਼ੀਅਲ ਮਾਡਲ ਦਾ ਦੂਜਾ ਪ੍ਰਵਰਗ ਭੇਜਣ ਵਾਲਾ ਅਤੇ ਪ੍ਰਾਪਤ ਕਰਤਾ ਹੈ। ਇਸੇ ਪ੍ਰਵਰਗ ਦੇ ਅੰਤਰਗਤ ਗ੍ਰੇਮਾਸ, ਪ੍ਰਾੱਪ ਅਤੇ ਸੌਰਿਉ ਉੱਤੇ ਕਿੰਤੂ ਕਰਦਾ ਹੈ, ਕਿਉਂਕਿ ਕੁੱਝ ਬਿਰਤਾਂਤਾਂ ਵਿਚ ਦੋ ਐਕਟੈਂਟ, ਇਕ ਐਕਟੈਂਟ ਦੀ ਅਤੇ ਦੋ ਐਕਟੈਂਟ ਚਾਰ ਐਕਟੈਂਟਾਂ ਦੀ ਭੂਮਿਕਾ ਨਿਭਾਉਂਦੇ ਹਨ। ਇਸ ਤਰ੍ਹਾਂ ਐਕਟਰ ਤੇ ਐਕਟੈਂਟ ਦਾ ਵਰਤਾਰਾ ਗੁੰਝਲਦਾਰ ਹੈ। ਇਕ ਐਕਟੈਂਟ ਵਿਚ ਅਨੰਤ ਐਕਟਰ ਆ ਸਕਦੇ ਹਨ ਪਰ ਕਈ ਵਾਰ ਇਕ ਐਕਟਰ ਵੀ ਇਕ ਤੋਂ ਵੱਧ ਐਕਟੈਂਟਾਂ ਦਾ ਰੋਲ ਨਿਭਾ ਸਕਦਾ ਹੈ ਜਿਵੇਂ "ਕਿਸੇ ਪ੍ਰੇਮ ਕਹਾਣੀ ਵਿਚ ਕੋਈ ਰਾਜਕੁਮਾਰ ਕਿਸੇ ਰਾਜ ਕੁਮਾਰੀ ਨਾਲ ਘਰਦਿਆਂ ਦੇ ਰੁਕਾਵਟ ਖੜ੍ਹੇ ਕੀਤੇ ਬਿਨਾਂ ਪ੍ਰੇਮ ਵਿਆਹ ਕਰਵਾ ਲੈਂਦਾ ਹੈ। ਇਥੇ ਰਾਜ ਕੁਮਾਰ ਸਬਜੈਕਟ ਦੇ ਨਾਲ ਨਾਲ ਪਾ੍ਪਤ ਕਰਤਾ (Destinataire) ਵੀ ਹੈ ਰਾਜਕੁਮਾਰੀ (She), ਆਬਜੈਕਟ (Object) ਦੇ ਨਾਲ-ਨਾਲ ਪ੍ਰੇਮ ਨੂੰ ਭੇਜਣ ਵਾਲੀ (Destinateur) ਵੀ ਹੈ।

He Subject + destinataire

She Object + destinataire

ਅਕਤਾਂਸ਼ੀਅਲ ਮਾਡਲ ਦਾ ਤੀਸਰਾ ਪ੍ਰਵਰਗ ਸਹਾਇਕ/ਵਿਰੋਧੀ ਹੈ। ਇਸ ਦੀ ਉਤਪਤੀ ਸਬਜੈਕਟ ਦੀ ਆਬਜੈਕਟ ਲਈ ਇੱਛਾ ਵਿਚੋਂ ਹੁੰਦੀ ਹੈ। ਸਹਾਇਕ, ਸਬਜੈਕਟ ਦੀ ਇੱਛਾ ਪੂਰਤੀ ਲਈ ਮੱਦਦਗਾਰ ਵਜੋਂ ਭੂਮਿਕਾ ਨਿਭਾਉਂਦਾ ਹੈ ਅਤੇ ਵਿਰੋਧੀ ਇੱਛਾ ਪੂਰਤੀ ਵਿਚ ਰੋਕਾਂ, ਅੜਿੱਚਣਾਂ ਖੜੀਆਂ ਕਰਕੇ ਵਿਰੋਧ ਕਰਦਾ ਹੈ। ਪ੍ਰਾੱਪ ਦਾ ਖਲਨਾਇਕ ਜਾਂ ਗੱਦਾਰ ਵਿਰੋਧੀ ਅਤੇ ਸਹਾਇਕ ਅਤੇ ਦਾਤਾ, ਸਹਾਇਕ (Adjutant) ਨਾਲ ਸਬੰਧਿਤ ਹੈ।[36]

ਗ੍ਰੇਮਾਸ ਨੇ ਅਗਲਾ ਮਹੱਤਵਪੂਰਨ ਕਾਰਜ ਬਿਰਤਾਂਤਕ ਸੰਰਚਨਾਵਾਂ ਨੂੰ ਦੋ ਹਿੱਸਿਆਂ ਵਿਚ ਵੰਡਣ ਦਾ ਕੀਤਾ ਹੈ। ਉਹ ਸੰਰਚਨਾਵਾਂ ਦੀ ਵੰਡ ਇਕਸੁਰਤਾਮਈ-ਸੰਰਚਨਾਵਾਂ ਅਤੇ ਵਿਯੋਗਤਾਮਈ-ਸੰਰਚਨਾਵਾਂ ਵਿਚ ਕਰਦਾ ਹੈ। ਇਕਸੁਰਤਾ ਵਾਲੀਆਂ ਸੰਰਚਨਾਵਾਂ ਦੇ ਤੱਤ ਉਹਨਾਂ ਸੰਰਚਨਾਵਾਂ ਦੇ ਸਹਿਯੋਗੀ ਹੁੰਦੇ ਹਨ ਅਤੇ ਵਿਯੋਗਤਾਮਈ-ਸੰਰਚਨਾਵਾਂ ਦੇ ਤੱਤ ਉਹਨਾਂ ਸੰਰਚਨਾਵਾਂ ਦਾ ਵਿਰੋਧ ਕਰਦੇ ਹੋਏ ਉਸ ਨੂੰ ਨਾ ਸਹਿ ਸਕਣ ਦੇ ਭਾਵ ਪ੍ਰਗਟਾਉਂਦੇ ਹਨ। ਗ੍ਰੇਮਾਸ ਨੇ ਇਸੇ ਆਧਾਰ ਤੇ ਬਿਰਤਾਂਤ ਦੀ ਵੰਡ ਦੋ ਭਾਗਾਂ ਵਿਚ ਕੀਤੀ ਹੈ। "ਇਕ ਪਾਸੇ ਉਹ ਬਿਰਤਾਂਤ ਹੈ ਜੋ ਵਰਤਮਾਨ ਪ੍ਰਬੰਧ ਨੂੰ ਸਵੀਕਾਰ ਕਰਦਾ ਹੈ ਅਤੇ ਉਸਨੂੰ ਠੀਕ ਸਿੱਧ ਕਰਦਾ ਹੋਇਆ ਉਸ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਦੂਜੇ ਪਾਸੇ ਉਹ ਬਿਰਤਾਂਤ ਹੈ ਜੋ ਵਰਤਮਾਨ ਪ੍ਰਬੰਧ ਨੂੰ ਨਕਾਰਦਾ ਹੋਇਆ ਨਵੇਂ ਪ੍ਰਬੰਧ ਨੂੰ ਸਿਰਜਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ।"[37] ਅਜਿਹੇ ਬਿਰਤਾਂਤ ਦੀ ਭੂਮਿਕਾ ਮਨੁੱਖੀ ਮੁਕਤੀ ਲਈ ਵਿਚੋਲੇ ਵਜੋਂ ਉਭਰ ਕੇ ਸਾਹਮਣੇ ਆਉਂਦੀ ਹੈ। ਇਹ ਅਤਿ ਮਹੱਤਵਪੂਰਨ ਹੈ ਕਿ ਮਨੁੱਖ ਸੰਸਾਰ ਦੀ ਕਿਸਮਤ ਵਿਚ ਸੰਘਰਸ਼ ਦੁਆਰਾ ਤਬਦੀਲੀ ਲਿਆਵੇ। ਇਹ ਬਿਰਤਾਂਤਕ ਮਾਡਲ ਹਰ ਅੱਤ ਅਤੇ ਬਦਕਿਸਮਤੀ ਦੀ ਅਵਸਥਾ ਨੂੰ ਹੱਲ ਕਰਨ ਦਾ ਸੁਝਾਅ ਪੇਸ਼ ਕਰਦਾ ਹੈ। ਬਿਰਤਾਂਤ ਦੀ ਵਿਚੋਲੇ ਵਜੋਂ ਭੂਮਿਕਾ ਬਾਰੇ ਗ੍ਰੇਮਾਸ ਲਿਖਦਾ ਹੈ:

> ਬਿਰਤਾਂਤ ਸਥਿਰ ਤੇ ਰੂਪਾਂਤਰੀ ਮਾਡਲਾਂ ਵਿਚਕਾਰ ਮਹੱਤਵਪੂਰਣ ਕੜੀ ਹੈ। ਇਸੇ ਕਾਰਨ ਹੀ ਬਿਰਤਾਂਤ ਵਿਚ ਬਹੁਤ ਸਾਰੀਆਂ ਅੰਤਰ-ਵਿਰੋਧਤਾਵਾਂ ਹੁੰਦੀਆਂ ਹਨ। ਇਹ ਇਕ ਪਾਸੇ ਕੁੱਝ ਵਿਸ਼ੇਸ਼ ਨੂੰ ਦ੍ਰਿੜਾਉਣ ਅਤੇ ਦੂਜੇ ਪਾਸੇ ਤਬਦੀਲੀ ਦੀ ਸੰਭਾਵਨਾ ਲਈ ਯਤਨਸ਼ੀਲ ਹੋਣ ਦੇ ਤਨਾਉ ਵਜੋਂ ਪੇਸ਼ ਹੁੰਦੀਆਂ ਹਨ। ਇਹ ਵਿਰੋਧਤਾਵਾਂ ਸੱਤਹੀ ਪੱਧਰ ਤੇ ਨਜ਼ਰ ਨਹੀਂ ਆਉਂਦੀਆਂ ਅਤੇ ਬਿਰਤਾਂਤ, ਸੰਤੁਲਨ ਅਤੇ ਨਿਰਪੱਖੀਕਰਣ ਦਾ ਪ੍ਰਭਾਵ ਸਿਰਜਦਾ ਹੈ। ਇਸੇ ਤਰ੍ਹਾਂ ਬਿਰਤਾਂਤ, ਸੰਰਚਨਾ ਅਤੇ ਵਿਹਾਰ, ਸਥਿਰਤਾ ਅਤੇ ਇਤਿਹਾਸ ਅਤੇ ਸਮਾਜ ਅਤੇ ਵਿਅਕਤੀ ਵਿਚਕਾਰ ਵਿਚੋਲੇ ਦੀ ਭੂਮਿਕਾ ਨਿਭਾਉਂਦਾ ਹੈ।[38]

ਇਸ ਵਿਰੋਧ ਦੇ ਬਾਵਜੂਦ 1980-86 ਦੇ ਸਮੇਂ ਦੌਰਾਨ ਸੰਰਚਨਾਵਾਦ ਅਤੇ ਮਾਰਕਸਵਾਦ ਨੂੰ ਅੰਤਰ ਸੰਬੰਧਿਤ ਰੂਪ ਵਿਚ ਪਹਿਚਾਨਣ, ਘੋਖਣ ਅਤੇ ਮੁਲਾਂਕਣੀ ਪ੍ਰਕਿਰਿਆ ਵਿਚ ਪਾਉਣ ਦਾ ਕਾਰਜ ਤੇਜ਼ ਹੋ ਜਾਂਦਾ ਹੈ। ਡਾ. ਤਰਲੋਕ ਸਿੰਘ ਕੰਵਰ, ਡਾ. ਸੁਤਿੰਦਰ ਸਿੰਘ ਨੂਰ ਅਤੇ ਡਾ. ਗੁਰਬਚਨ ਇਸ ਸਿਲਸਿਲੇ ਵਿਚ ਸਿਧਾਂਤਿਕ ਅਤੇ ਵਿਹਾਰਕ ਰੂਪ ਵਿਚ ਪਹਿਲ ਕਦਮੀ ਕਰਦੇ ਹਨ। 'ਇਕੱਤੀ ਫਰਵਰੀ' ਦੇ ਪ੍ਰਕਾਸ਼ਨ ਨਾਲ ਹੀ ਇਹ ਪਰਿਪੇਖ ਬਣਨਾ ਸ਼ੁਰੂ ਹੋ ਜਾਂਦਾ ਹੈ ਅਤੇ ਰੂਪਵਾਦੀ ਪ੍ਰਣਾਲੀ ਨੂੰ ਰੱਦ ਕਰਨ, ਸੰਰਚਨਾਵਾਦ ਦੀਆਂ ਸੀਮਾਵਾਂ ਦੀ ਗੱਲ ਦੱਸਣ ਅਤੇ ਸੰਰਚਨਾਵਾਦ ਤੋਂ 'ਪਾਰ' ਲੰਘਣ ਦੀ ਚੇਤਨਾ ਉਘੜਨੀ ਸ਼ੁਰੂ ਹੁੰਦੀ ਹੈ। ਲੈਵੀ ਸਤ੍ਰਾਸ ਨੂੰ ਫਰਾਂਸ, ਅਮਰੀਕਾ ਤੇ ਉਸ ਖੇਤਰ ਦੇ ਹੋਰ ਦੇਸ਼ਾਂ ਵਿਚ ਸੰਚਨਾਵਾਦ ਦੀ ਅਸਫਲਤਾ ਦਾ ਅਹਿਸਾਸ ਹੈ। ਅਸੀਂ 'ਤੀਜੀ ਦੁਨੀਆਂ' ਦੇ ਬੰਦੇ ਹਾਂ। ਕੀ ਅਸੀਂ ਸੰਰਚਨਾਵਾਦ ਨੂੰ ਉਸੇ ਰੂਪ ਵਿਚ ਅਪਣਾ ਸਕਦੇ ਹਾਂ? ਇਸ ਬਾਰੇ ਕੋਈ ਸ਼ੰਕਾ ਹੀ ਨਹੀਂ ਰਹਿੰਦਾ। ਇਸ ਲਈ ਤੀਜੀ ਦੁਨੀਆਂ ਦੇ ਸਮਾਜ ਵਿਚ ਬਿਗਾਨੀਆਂ ਸਥਿਤੀਆਂ ਚੋਂ ਪੈਦਾ ਹੋਏ ਰੂਪਵਾਦੀ ਸੰਰਚਨਾਵਾਦ ਤੇ ਉਸੇ ਤਰ੍ਹਾਂ ਹੀ ਅਸਫ਼ਲ ਸਿੱਧ ਹੋਏ ਕਲਾਸਕੀ ਮਾਰਕਸਵਾਦ ਤੋਂ ਪਾਰ ਲੰਘਣ ਦੀ ਲੋੜ ਹੈ।[39]

ਇਸੇ ਤਰ੍ਹਾਂ ਹੀ ਡਾ. ਗੁਰਬਚਨ ਨੇ ਸਾਹਿਤ ਸਿਰਜਣਾ ਨੂੰ 'ਸੁਚੇਤ ਉਤਪਾਦਨ' ਮੰਨਦੇ ਹੋਏ ਇਸ ਨੂੰ ਭਾਸ਼ਕ ਚਿਹਨਾਂ (Linguistic Gains) ਰਾਹੀਂ ਯਥਾਰਥ ਦਾ ਮਾਡਲ ਪ੍ਰਸਤੁਤ ਕਰਨ ਵਾਲੀ ਮੰਨਿਆ। ਉਹ ਸੁਹਜਾਤਮਕਤਾ, ਵਿਚਾਰਧਾਰਕ ਅਤੇ ਸਭਿਆਚਾਰਕ ਅਰਥਾਂ ਨੂੰ ਕਿਸੇ ਸਾਹਿਤ ਕਿਰਤ ਦੇ ਜ਼ਰੂਰੀ ਲੱਛਣ ਮੰਨਦਾ ਹੋਇਆ ਇਸ ਦੇ ਅਰਥਾਂ ਤੱਕ ਪੁੱਜਣ ਲਈ ਸੰਰਚਨਾ ਤੱਕ ਪੁੱਜਣ ਨੂੰ ਜ਼ਰੂਰੀ ਸ਼ਰਤ ਮੰਨਦਾ ਹੈ। ਇਸ ਲਈ ਉਹ ਕਹਿੰਦਾ ਹੈ ਕਿ ਇਨ੍ਹਾਂ ਦਾ ਵਿਗਿਆਨਕ ਅਧਿਐਨ ਹੋਣਾ ਚਾਹੀਦਾ ਹੈ, ਜਿਸ ਲਈ ਸੰਰਚਨਾਵਾਦ, ਮਾਰਕਸਵਾਦ/ਮਨੋਵਿਸ਼ਲੇਸ਼ਣ, ਚਿਹਨ ਵਿਗਿਆਨ ਆਦਿ ਪ੍ਰਬੰਧਾਂ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਤੋਂ ਸਹਾਇਤਾ ਲਈ ਜਾ ਸਕਦੀ ਹੈ।[40]

1985 ਤੋਂ ਬਾਅਦ ਇਕ ਪਾਸੇ ਤਾਂ ਸੰਰਚਨਾਵਾਦ ਨੂੰ ਮਾਰਕਸਵਾਦ ਨਾਲ ਜੋੜੇ ਜਾਣ ਲਈ ਸੁਚੇਤ ਪੱਧਰ ਤੇ ਯਤਨ ਹੋ ਰਹੇ ਸਨ ਤਾਂ ਦੂਸਰੇ ਪਾਸੇ ਸੰਰਚਨਾਵਾਦ ਨੂੰ ਸਾਹਿਤ ਕਿਰਤ ਦੇ ਅੰਤਰੰਗ ਅਤੇ ਬਹਿਰੰਗ ਅਧਿਐਨ ਲਈ ਇਸ ਦੇ ਜ਼ਿਆਦਾ ਵਿਕਸਿਤ ਮਾਡਲ 'ਚਿਹਨ ਵਿਗਿਆਨ' ਨੂੰ ਸਾਹਿਤ ਅਧਿਐਨ ਲਈ ਵਰਤਣ ਦੇ ਯਤਨ ਸ਼ੁਰੂ ਹੋਏ। ਬੁਨਿਆਦੀ ਰੂਪ ਵਿਚ ਅਧਿਐਨ ਵਿਧੀ ਸੰਰਚਨਾਤਮਕ ਭਾਸ਼ਾ ਵਿਗਿਆਨ ਅਤੇ ਤਰਕ-ਸ਼ਾਸਤਰ ਦੇ ਸੰਕਲਪਾਂ ਅਤੇ ਵਿਧੀਆਂ ਨੂੰ ਹੀ ਆਧਾਰ ਰੂਪ ਵਿਚ ਗ੍ਰਹਿਣ ਕਰਦੀ ਹੈ। ਭਾਸ਼ਾ ਦੀ ਵਸਤੂਵਾਦੀ ਹੋਂਦ ਤੋਂ ਮੁਨਕਰ ਹੋ ਕੇ 'ਚਿਹਨ' ਨੂੰ ਇਸ ਹੋਂਦ ਲਈ ਬੁਨਿਆਦੀ ਮੰਨਣ ਦੇ ਸਿਧਾਂਤ ਵਿਚੋਂ ਹੀ 'ਚਿਹਨ ਵਿਗਿਆਨਕ ਵਿਧੀ' ਉਦੈ ਹੁੰਦੀ ਹੈ। ਇਸ ਵਿਧੀ ਨੇ ਸਾਹਿਤਿਕ ਰਚਨਾਵਾਂ ਨੂੰ 'ਰੂਪਕ ਕਾਰਿਕ ਪ੍ਰੇਰਿਕਤਾ' ਦੇ ਅੰਤਰਗਤ, ਅੰਤਰੰਗਾਂ ਅਤੇ ਬਹਿਰੰਗਾਂ ਦੇ ਰੂਪ ਵਿਚ ਸਮਝਣ ਨੂੰ ਆਪਣਾ ਉਦੇਸ਼ ਬਣਾਇਆ। "ਸਾਹਿਤਕ ਚਿਹਨ ਵਿਗਿਆਨਕ ਵਿਧੀ ਦਾ ਉਦੇਸ਼ ਸਾਹਿਤਕ ਵਿਚਾਰ ਦੀ ਉਤਪਤੀ, ਕਲਾਤਮਕ ਅਤੇ ਸੁਹਜਾਤਮਕ ਰੂਪ ਅਤੇ ਰੂਪਾਕਾਰਿਕ ਤੇ ਭਾਸ਼ਿਕ ਪ੍ਰਗਟਾਉ ਵਿਧੀਆਂ ਨੂੰ ਸਮਝਦੇ ਹੋਏ ਸਾਹਿਤਕ ਪ੍ਰਵਚਨ ਦੀ ਚਿਹਨੀਕਰਣ ਦੀ ਪ੍ਰਕਿਰਿਆ ਦੇ ਅਮੂਰਤ ਅਤੇ ਸਮੂਰਤ ਆਧਾਰਾਂ ਨੂੰ ਉਲੀਕਣਾ ਹੈ।"[41]

ਇਸ ਮਾਡਲ ਨੂੰ ਵਿਕਸਤ ਕਰਨ ਵਿਚ ਡਾ. ਤਰਲੋਕ ਸਿੰਘ ਕੰਵਰ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਇਨ੍ਹਾਂ ਤੋਂ ਇਲਾਵਾ ਡਾ. ਓਮ ਪ੍ਰਕਾਸ਼ ਵਸ਼ਿਸ਼ਟ, ਡਾ. ਜਸਵਿੰਦਰ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਜਸਵਿੰਦਰ ਸਿੰਘ ਸੈਣੀ ਆਦਿ ਨੇ ਇਸ ਮਾਡਲ ਨੂੰ ਰੂਪਾਕਾਰਿਕ ਪ੍ਰੇਰਿਕਤਾ ਦੇ ਅੰਤਰਗਤ ਵਿਚਾਰਿਆ। ਕਿਸੇ ਵਿਸ਼ੇਸ਼ ਰੂਪਾਕਾਰ ਸੰਬੰਧੀ ਸਿਧਾਂਤਿਕ ਅਦਾਨ ਪ੍ਰਦਾਨ ਕਰਨਾ ਇਸ ਮਾਡਲ ਦਾ ਵਿਸ਼ੇਸ਼ ਲੱਛਣ ਬਣਿਆ। ਇਸ ਨੇ ਕਿਸੇ ਵੀ ਕਿਰਤ ਦੇ ਚਿਹਨ-ਪ੍ਰਬੰਧ ਦੇ ਚਿਹਨੀਕਰਣ ਦੀ ਪ੍ਰਕਿਰਿਆ ਨੂੰ ਗਲਪੀ ਸਬਜੈਕਟ ਅਤੇ ਇਤਿਹਾਸਕ ਪ੍ਰਗਟਾਓ ਜੁਗਤਾਂ ਦੀ ਦਵੰਦਾਤਮਕ ਪ੍ਰਕਾਰਜਸ਼ੀਲਤਾ ਰਾਹੀਂ ਸੰਭਵ ਹੁੰਦਾ ਸਵੀਕਾਰ ਕੀਤਾ। ਸਾਹਿਤ ਕਿਰਤ ਦੇ ਚਿਹਨ ਪ੍ਰਬੰਧ ਸੰਬੰਧੀ ਮਤ ਪ੍ਰਸਤੁਤ ਕੀਤਾ ਕਿ ਸਮਕਾਲੀਨ ਅਤੇ ਪੂਰਵ ਕਾਲੀਨ ਸੰਦਰਭ, ਘਟਨਾਵਾਂ, ਭਾਸ਼ਿਕ ਰੂਪ, ਮੁਹਾਵਰੇ, ਅਖੌਤਾਂ, ਮਿੱਥਾਂ, ਵਿਸ਼ਵਾਸ, ਚਰਿੱਤਰ ਆਦਿ ਤੱਤਾਂ ਦਾ ਸੰਗਠਨ ਇਸ ਨੂੰ ਵਸਤੂ ਯਥਾਰਥ ਵਰਗਾ ਹੀ ਅਰਥਹੀਣ ਪ੍ਰਬੰਧ ਬਣਾ ਦਿੰਦਾ ਹੈ। ਇਸ ਨੂੰ ਡੀਕੋਡ ਕਰਨ ਲਈ ਚੁਸਤ ਪਾਠਕੀ ਹੁੰਗਾਰੇ ਦੀ ਲੋੜ ਹੁੰਦੀ ਹੈ। ਡਾ. ਸੁਖਪਾਲ ਸਿੰਘ ਥਿੰਦ ਇਸ ਸੰਬੰਧੀ ਲਿਖਦੇ ਹਨ:

> ਸੰਰਚਨਾਵਾਦ ਦੇ ਬੁਨਿਆਦੀ ਸੰਕਲਪਾਂ ਅਤੇ ਚਿਹਨ ਵਿਗਿਆਨ ਦੀ 'ਰੂਪਾਕਾਰਿਕ ਪ੍ਰੇਰਿਕਤਾ' ਦੇ ਸਿਧਾਂਤ ਤੋਂ ਪ੍ਰੇਰਨਾ ਗ੍ਰਹਿਣ ਕਰਕੇ ਹੀ ਪੰਜਾਬੀ ਵਿਚ 'ਬਿਰਤਾਂਤ ਸ਼ਾਸਤਰੀ ਅਧਿਐਨ ਮਾਡਲ' ਦਾ ਵਿਕਾਸ ਹੁੰਦਾ ਹੈ। ਇਸ ਨੂੰ ਪੰਜਾਬੀ ਵਿਚ 'ਵਿਧਾਗਤ ਵਿਸ਼ੇਸ਼ੀਕ੍ਰਿਤ ਆਲੋਚਨਾ' ਦੇ ਅਗਲੇ ਵਿਕਾਸ ਨਾਲ ਜੋੜਿਆ ਜਾ ਸਕਦਾ ਹੈ। ਇਹ ਅਧਿਐਨ ਮਾਡਲ ਸਮੁੱਚੀਆਂ ਸਾਹਿਤ ਰਚਨਾਵਾਂ ਦੀ ਬਜਾਇ ਸਾਹਿਤ ਦੀਆਂ 'ਬਿਰਤਾਂਤਕ ਰਚਨਾਵਾਂ' ਦੇ ਵਿਗਿਆਨਕ-ਅਧਿਐਨ ਕਰਨ ਸੰਬੰਧੀ ਮੁੱਲਵਾਨ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ। ਇਸ ਮਾਡਲ ਦੇ ਮੁੱਢਲੇ ਨਕਸ਼ ਡਾ. ਹਰਿਭਜਨ ਸਿੰਘ ਦੁਆਰਾ ਲਿਖਤ ਤਿੰਨ ਪੁਸਤਕਾਂ -

> 'ਪਿਆਰ ਤੇ ਪਰਿਵਾਰ', 'ਖ਼ਾਮੋਸ਼ੀ ਦਾ ਜ਼ਜ਼ੀਰਾ' ਅਤੇ 'ਮੇਰੀ ਪਸੰਦ' ਵਿਚ ਪਹਿਚਾਣੇ ਜਾ ਸਕਦੇ ਹਨ। ਇਨ੍ਹਾਂ ਪੁਸਤਕਾਂ ਵਿਚ ਪੇਸ਼ ਅੰਤਰ-ਦ੍ਰਿਸ਼ਟੀਆਂ ਜਿਥੇ ਡਾ. ਹਰਿਭਜਨ ਸਿੰਘ ਦੀ ਆਲੋਚਨਾ ਦੇ ਨਿਰੰਤਰ ਵਿਕਾਸ ਦੇ ਨਵੇਂ ਪਾਸਾਰ ਸਾਡੇ ਸਨਮੁੱਖ ਕਰਦੀਆਂ ਹਨ, ਉਥੇ ਹੀ ਡਾ. ਹਰਿਭਜਨ ਸਿੰਘ ਦੇ ਪਹਿਲਾਂ ਪੇਸ਼ ਸਿਧਾਂਤਿਕ-ਚਿੰਤਨ ਨਾਲ ਨਿਰੰਤਰ ਤਨਾਉ, ਟਕਰਾਉ ਦੇ ਸੂਤਰ ਵਿਚ ਬੱਝੀਆਂ ਹੋਈਆਂ ਹਨ।[42]

ਇਸ ਮਾਡਲ ਨੂੰ ਵਧੇਰੇ ਵਿਸ਼ਾਲ ਰੂਪ ਵਿਚ ਵਰਤਣ ਵਾਲਿਆਂ ਵਿਚ ਡਾ. ਧਨਵੰਤ ਕੌਰ (ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, 1994), ਡਾ. ਸੁਖਪਾਲ ਸਿੰਘ ਥਿੰਦ (ਹੀਰ ਵਾਰਿਸ ਦਾ ਬਿਰਤਾਂਤ ਸ਼ਾਸਤਰੀ ਅਧਿਐਨ, 1994, ਅਣਪ੍ਰਕਾਸ਼ਿਤ ਖੋਜ-ਪ੍ਰਬੰਧ), ਡਾ. ਦਵਿੰਦਰ ਸਿੰਘ (ਲੋਕ-ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ, 1996, ਅਣਪ੍ਰਕਾਸ਼ਿਤ ਖੋਜ-ਪ੍ਰਬੰਧ) ਸ਼ਾਮਲ ਹਨ।

ਇਸ ਪੜਾਅ ਤੇ ਪਹੁੰਚ ਕੇ ਇਹ ਗੱਲ ਮਹੱਤਵਪੂਰਨ ਹੋ ਜਾਂਦੀ ਹੈ ਕਿ ਪੰਜਾਬੀ ਆਲੋਚਨਾ 1985 ਤੋਂ ਉਪਰੰਤ ਦੇ ਸਮੀਖਿਆ ਚਿੰਤਨ ਵਿਚ ਮਾਰਕਸਵਾਦੀ ਵਿਦਵਾਨਾਂ ਅਤੇ ਸੰਰਚਨਾਵਾਦੀ/ਚਿਹਨ ਸ਼ਾਸਤਰੀ/ਬਿਰਤਾਂਤ-ਸ਼ਾਸਤਰੀ ਵਿਦਵਾਨਾਂ ਵਿਚ 1980 ਤੋਂ ਪਹਿਲਾਂ ਵਾਲੀ ਖਿੱਚੀ ਲਕੀਰ ਕਾਫ਼ੀ ਹੱਦ ਤੱਕ ਮਿਟਣੀ ਸ਼ੁਰੂ ਹੋ ਜਾਂਦੀ ਹੈ। ਇਸ ਦਾ ਇਕ ਕਾਰਨ ਉਨ੍ਹਾਂ ਕੋਲ ਫ਼ਰਾਂਸੀਸੀ ਉਤਰ-ਮਾਰਕਸਵਾਦੀ, ਉਤਰ-ਸੰਰਚਨਾਵਾਦੀ ਵਿਦਵਾਨਾਂ ਦੀਆਂ ਨਵੀਆਂ ਚੁਣੌਤੀਆਂ ਭਰਪੂਰ ਲਿਖਤਾਂ ਦਾ ਪੁੱਜਣਾ ਹੈ। ਸੋਵੀਅਤ ਸੰਘ ਦੇ ਅੰਦਰੂਨੀ ਸੰਕਟ ਨੇ ਇਸ ਪ੍ਰਕਿਰਿਆ ਨੂੰ ਹੋਰ ਵੀ ਤੇਜ਼ ਕੀਤਾ ਹੈ। ਇਸੇ ਕਾਰਨ ਹੀ ਅਜੋਕੇ ਪੰਜਾਬੀ ਦੇ ਕਈ ਸਥਾਪਤ ਵਿਦਵਾਨਾਂ ਵਿਚ ਆਪਣੇ ਤੇ 'ਮਾਰਕਸੀ' ਜਾਂ 'ਸੰਰਚਨਾਵਾਦੀ' ਦੇ ਲੇਬਲਾਂ ਨੂੰ ਨਕਾਰਨ ਦੀ ਰੁਚੀ ਹੈ। ਇਸੇ ਸੰਦਰਭ ਵਿਚ ਦੋਨਾਂ ਪੱਖਾਂ ਦੇ ਸਮਰਥਕ ਵਿਦਵਾਨਾਂ ਵਿਚ ਇਕ ਦੂਜੇ ਪ੍ਰਤੀ ਕੱਟੜ ਵਿਰੋਧਤਾ ਘਟਦੀ ਹੈ ਅਤੇ ਆਪਸੀ ਵਿਚਾਰ-ਵਟਾਂਦਰੇ ਦੀ ਭਾਵਨਾ ਦਾ ਅਮਲ ਤੇਜ਼ ਹੁੰਦਾ ਹੈ।

ਭਾਵੇਂ ਕੁੱਝ ਮਾਰਕਸਵਾਦੀ ਫ਼ਲਸਫ਼ੇ ਨੂੰ ਪ੍ਰਣਾਏ ਵਿਦਵਾਨ ਸੰਰਚਨਾਵਾਦ, ਉਤਰ-ਸੰਰਚਨਾਵਾਦ, ਚਿਹਨ-ਵਿਗਿਆਨ ਅਤੇ ਬਿਰਤਾਂਤ-ਸ਼ਾਸਤਰ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੇ ਪ੍ਰਸੰਗ ਵਿਚ ਮਾਰਕਸੀ ਸੰਦਰਭਾਂ ਨੂੰ ਵਿਸਤਾਰ ਦਿੰਦੇ ਅਤੇ ਸਥਾਪਤ ਕਰਦੇ ਵੇਖੇ ਜਾ ਸਕਦੇ ਹਨ। ਇਨ੍ਹਾਂ ਵਿਚ ਟੀ. ਆਰ. ਵਿਨੋਦ , ਕੇਸਰ ਸਿੰਘ ਕੇਸਰ, ਤੇਜਵੰਤ ਗਿੱਲ, ਰਵਿੰਦਰ ਰਵੀ, ਜੁਗਿੰਦਰ ਸਿੰਘ ਰਾਹੀ, ਕਰਨਜੀਤ ਸਿੰਘ, ਰਘੁਬੀਰ ਸਿੰਘ ਸਿਰਜਣਾ, ਗੁਰਬਖਸ਼ ਸਿੰਘ ਫਰੈਂਕ, ਤੇਜਵੰਤ ਮਾਨ, ਜਸਵਿੰਦਰ ਸਿੰਘ, ਅਮਰਜੀਤ ਸਿੰਘ ਕਾਂਗ, ਕੁਲਬੀਰ ਸਿੰਘ ਕਾਂਗ, ਗੁਰਲਾਲ ਸਿੰਘ, ਸੁਖਦੇਵ ਸਿੰਘ ਖਾਹਰਾ, ਧਨਵੰਤ ਕੌਰ, ਬਲਦੇਵ ਸਿੰਘ ਧਾਲੀਵਾਲ, ਸੁਰਜੀਤ ਸਿੰਘ ਭੱਟੀ, ਹਰਿਭਜਨ ਸਿੰਘ ਭਾਟੀਆ ਅਤੇ ਸੁਖਦੇਵ ਸਿੰਘ ਆਦਿ ਸ਼ਾਮਲ ਹਨ। ਉਥੇ ਹੀ ਦੂਜੇ ਪਾਸੇ ਤਰਲੋਕ ਸਿੰਘ ਕੰਵਰ, ਸੁਤਿੰਦਰ ਸਿੰਘ ਨੂਰ, ਜਗਬੀਰ ਸਿੰਘ, ਪ੍ਰੀਤਮ ਸਿੰਘ, ਗੁਰਬਚਨ, ਅਮਰੀਕ ਸਿੰਘ ਪੂੰਨੀ, ਗੁਰਚਰਨ ਸਿੰਘ ਅਰਸ਼ੀ, ਹਰਚਰਨ ਸਿੰਘ, ਮਨਜੀਤ ਸਿੰਘ, ਜੁਗਿੰਦਰ ਸਿੰਘ ਕੈਰੋਂ, ਦਵਿੰਦਰ ਸਿੰਘ, ਹਰਚਰਨ ਕੌਰ, ਮਹਿੰਦਰ ਜੀਤ ਕੌਰ, ਗੁਰਪਾਲ ਸਿੰਘ ਸੰਧੂ, ਜਗਮੋਹਨ ਸਿੰਘ ਆਦਿ ਸੰਰਚਨਾਵਾਦੀ, ਚਿਹਨ ਵਿਗਿਆਨੀ, ਬਿਰਤਾਂਤ ਸ਼ਾਸਤਰੀ ਵਿਦਵਾਨ ਆਪਣੀ ਮਾਡਲ ਚੇਤਨਾ ਨੂੰ ਸਮਾਜਿਕ-ਸਾਂਸਕ੍ਰਿਤਿਕ ਆਧਾਰ ਭੂਮੀ ਪ੍ਰਦਾਨ ਕਰਨ ਲਈ ਮਾਰਕਸਵਾਦ ਦੀਆਂ ਅੰਤਰ-ਦ੍ਰਿਸ਼ਟੀਆਂ ਤੋਂ ਪ੍ਰੇਰਣਾ ਲੈਂਦੇ ਹਨ। ਦੋਨੋਂ ਵਰਗਾਂ ਦੇ ਵਿਦਵਾਨ ਸਮੇਂ-ਸਮੇਂ ਆਪਣੀ ਬੌਧਿਕ ਸਮਰੱਥਾ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਸਹਿਤ ਕਾਰਜਸ਼ੀਲ ਰਹਿੰਦੇ ਹਨ।

ਦੋਨਾਂ ਹੀ ਤਰ੍ਹਾਂ ਦੇ ਵਿਦਵਾਨ ਆਪਣੀਆਂ-ਆਪਣੀਆਂ ਸਥਾਪਨਾਵਾਂ ਵਿਚ ਇਕ ਦੂਜੇ ਦੇ ਨੇੜੇ ਵਿਚਰਨ ਦੇ ਬਾਵਜੂਦ ਗਤੀਸ਼ੀਲ ਸੰਵਾਦ ਦੀ ਅਣਹੋਂਦ ਵਿਚ ਆਪੋ-ਆਪਣੇ ਖੋਜ ਕਾਰਜ ਵਿਚ ਜੁਟੇ ਰਹੇ ਹਨ। ਦੋਨੋਂ ਹੀ ਤਰ੍ਹਾਂ ਦੇ ਵਿਦਵਾਨ ਪੰਜਾਬੀ ਸਾਹਿਤ ਚਿੰਤਨ ਲਈ ਮੌਲਿਕ ਮਾਡਲ ਦੀ ਉਸਾਰੀ ਅਤੇ ਪੰਜਾਬੀ ਸਾਹਿਤ ਦੇ ਕਾਵਿ-ਸ਼ਾਸਤਰ ਨੂੰ ਉਸਾਰਨਾ ਆਪਣਾ ਨਿਸ਼ਾਨਾ ਨਿਰਧਾਰਤ ਕਰਦੇ ਹਨ। ਇਨ੍ਹਾਂ ਵਿਚ ਗਤੀਸ਼ੀਲ ਸੰਵਾਦ ਦੀ ਘਾਟ ਕਾਰਨ ਅਤੇ ਆਪਣੇ-ਆਪਣੇ ਦਾਇਰਿਆਂ ਵਿਚ ਵਿਚਰਨ ਕਾਰਨ ਉਹ ਨਵੇਂ ਗਿਆਨ ਦੀ ਪ੍ਰਾਪਤੀ ਲਈ

ਯਤਨਸ਼ੀਲ ਤਾਂ ਰਹਿੰਦੇ ਹਨ ਪਰ ਪ੍ਰਾਪਤ ਗਿਆਨ ਨੂੰ ਮੁਲਾਂਕਣੀ ਪ੍ਰਕਿਰਿਆ ਵਿਚ ਪਾਉਣ ਅਤੇ ਉਸ ਦੇ ਆਧਾਰ ਉੱਪਰ ਨਵੀਨ ਗਿਆਨ ਸ਼ਾਸਤਰੀ ਪਾਸਾਰਾਂ ਨੂੰ ਸਥਾਪਤ ਕਰਨ ਦੀ ਥਾਂ ਉਹਨਾਂ ਵਿਚ ਆਪੋ-ਆਪਣੀਆਂ ਖੋਜਾਂ ਨੂੰ 'ਅੰਤਮ ਸੱਚ' ਵਜੋਂ ਪੇਸ਼ ਕਰਨ ਦੀ ਰੁਚੀ ਭਾਰੂ ਰਹਿੰਦੀ ਹੈ। ਪੰਜਾਬੀ ਸਾਹਿਤ ਸਮੀਖਿਆ ਵਿਚ ਇਹ ਰੁਚੀ 1985 ਤੋਂ ਲੈ ਕੇ 1990 ਤੱਕ ਕਾਰਜਸ਼ੀਲ ਰਹੀ। ਪੰਜਾਬ ਸੰਕਟ ਦੀ ਵੀ ਇਸ ਪ੍ਰਕਿਰਿਆ ਵਿਚ ਅਹਿਮ ਭੂਮਿਕਾ ਰਹੀ ਹੈ। ਪੰਜਾਬ ਸੰਕਟ ਤੋਂ ਬਿਨਾ ਸੰਸਾਰ ਪੱਧਰ ਉੱਪਰ ਵਾਪਰੀਆਂ ਵੱਡੀਆਂ ਤਬਦੀਲੀਆਂ ਵੀ ਇਸ ਲਈ ਜ਼ਿੰਮੇਵਾਰ ਹਨ। ਸੋਵੀਅਤ ਸੰਘ ਦੇ ਟੁੱਟਣ ਉਪਰੰਤ ਇਸ ਚਿੰਤਨ ਵਿਚ ਪੈਦਾ ਹੋਏ ਖਲਾਅ ਦੇ ਨਾਲ ਨਾਲ ਪੱਛਮੀ ਗਿਆਨ ਵਿਚ ਨਿਤ ਦਿਨ ਆਏ ਨਵੇਂ ਵਿਸਫੋਟਾਂ ਨੂੰ ਵੀ ਇਸ ਲਈ ਜ਼ਿੰਮੇਵਾਰ ਸਮਝਿਆ ਜਾ ਸਕਦਾ ਹੈ। ਜਦ ਤੱਕ ਕਿਸੇ ਆਲੋਚਨਾ ਮਾਡਲ ਦੇ ਮੂਲ ਸੰਕਲਪ ਸਪਸ਼ਟ ਹੋਣ ਲਗਦੇ ਹਨ ਅਤੇ ਸੰਵਾਦ ਦੀ ਸਥਿਤੀ ਵਿਚ ਵਿਚਰਨ ਲਈ ਤਿਆਰ ਹੁੰਦੇ ਹਨ ਉਸ ਸਮੇਂ ਪੱਛਮੀ ਗਿਆਨ ਨਾਲ ਆਏ ਨਵੇਂ ਸੰਕਲਪ ਆਪਣੀ ਥਾਂ ਬਣਾਉਣੀ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਪੰਜਾਬੀ ਸਮੀਖਿਆ ਵਿਚ ਸਥਿਰ ਅਤੇ ਪ੍ਰਤੀਬੱਧ ਸੰਵਾਦ ਦੀ ਕਮੀ ਕਰਕੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਖੜੋਤ ਦੀ ਸਥਿਤੀ ਬਣੀ ਹੋਈ ਹੈ। ਇਸ ਸੰਵਾਦ ਦੀ ਕਮੀ ਨੂੰ ਪੂਰਾ ਕਰਨ ਲਈ ਪੰਜਾਬੀ ਦੇ ਸਿਰਜਣਾ, ਸਮਦਰਸ਼ੀ, ਲਕੀਰ, ਕਹਾਣੀ ਪੰਜਾਬ, ਆਲੋਚਨਾ, ਚਿਰਾਗ ਜਿਹੇ ਰਸਾਲੇ ਅਤੇ ਰੋਜ਼ਾਨਾ ਪੰਜਾਬੀ ਦੇ ਅਖ਼ਬਾਰ ਆਪਣਾ ਯੋਗਦਾਨ ਪਾ ਰਹੇ ਹਨ। ਸੁਤਿੰਦਰ ਸਿੰਘ ਨੂਰ ਦੇ ਇਸ ਲੜੀ 'ਚ ਸ਼ੁਰੂ ਕੀਤੇ ਨਿਬੰਧਾਂ ਤੋਂ ਦੋ ਪੁਸਤਕਾਂ 'ਪੜ੍ਹਦਿਆਂ ਲਿਖਦਿਆਂ' ਅਤੇ ' ਸੰਵਾਦ ਸਿਰਜਣਾ' ਹੋਂਦ ਵਿਚ ਆਈਆਂ। ਇਨ੍ਹਾਂ ਪੁਸਤਕਾਂ ਵਿਚ ਉਹ ਪੱਛਮੀ ਸਾਹਿਤ, ਸਮੀਖਿਆ ਅਤੇ ਕਾਵਿ-ਸ਼ਾਸਤਰ ਦੇ ਮਸਲਿਆਂ ਨੂੰ ਹਲਕੀ-ਫੁਲਕੀ ਸ਼ੈਲੀ ਵਿਚ ਪੇਸ਼ ਕਰਦਾ ਨਵੀਂ ਵਿਧਾ ਦੀ ਤਲਾਸ਼ ਦੇ ਰਾਹ ਪੈਂਦਾ ਹੈ।[43]

ਸੁਤਿੰਦਰ ਸਿੰਘ ਨੂਰ ਦੀ ਸਮੀਖਿਆ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਾਹਿਤ ਦੇ ਮਸਲਿਆਂ ਨੂੰ ਸਮਝਣ ਅਤੇ ਉਸ ਸੰਬੰਧੀ ਪ੍ਰਸ਼ਨ ਪੈਦਾ ਕਰਨ ਵਿਚ ਵਧੇਰੇ ਰੁਚੀ ਦਿਖਾਉਂਦਾ ਹੈ

ਅਤੇ ਇਸ ਦੇ ਸਮਾਧਾਨ ਲਈ ਰਾਹ ਦਿਸੇਰੇ ਵਜੋਂ ਘੱਟ ਵਿਚਰਦਾ ਦਿਖਾਈ ਦਿੰਦਾ ਹੈ। ਇਸ ਦਾ ਕਾਰਨ ਉਸ ਦਾ ਨਵੀਨ ਚਿੰਤਨ ਨਾਲ ਜਲਦੀ ਜਲਦੀ ਜੁੜਨ ਦੀ ਇੱਛਾ ਹੈ ਜੋ ਉਸ ਨੂੰ ਪਹਿਲਾਂ ਤੋਂ ਹੀ ਪ੍ਰਾਪਤ ਗਿਆਨ ਨਾਲ ਗੰਭੀਰ, ਡੂੰਘਾ ਅਤੇ ਵਿਸਤ੍ਰਿਤ ਸੰਵਾਦ ਰਚਾਉਣ ਤੋਂ ਦੂਰ ਲਿਜਾਂਦੀ ਹੈ।

ਪੰਜਾਬੀ ਸਮੀਖਿਅਕਾਂ ਦੀ ਇਸ ਰੁਚੀ ਕਰਕੇ ਹੀ ਉਤਰ-ਮਾਰਕਸਵਾਦ, ਉਤਰ-ਸੰਰਚਨਾਵਾਦ ਤੋਂ ਪ੍ਰਾਪਤ ਹੋਈਆਂ ਅੰਤਰ-ਦ੍ਰਿਸ਼ਟੀਆਂ ਤੋਂ ਮਿਲਦੀ ਸੂਝ ਤੇ ਆਪਸੀ ਸੰਵਾਦ ਰਾਹੀਂ ਠੋਸ ਅਤੇ ਵਿਵੇਕਸ਼ੀਲ ਧਰਾਤਲ ਤੇ ਪਹੁੰਚਣ ਤੋਂ ਪਹਿਲਾਂ ਹੀ 1995 ਦੇ ਆਸ ਪਾਸ ਪੰਜਾਬੀ ਸਮੀਖਿਆ ਵਿਚ ਉਤਰ-ਆਧੁਨਿਕਤਾ ਪੂਰੇ ਜ਼ੋਰ-ਸ਼ੋਰ ਨਾਲ ਪ੍ਰਵੇਸ਼ ਕਰਦੀ ਹੈ। ਹਿੰਦੀ ਆਲੋਚਕ ਦਵਿੰਦਰ ਇਸ਼ਰ ਇਸ ਬਾਰੇ ਲਿਖਦਾ ਹੈ:

> ਖਬਰ ਮਿਲੀ ਹੈ ਕਿ ਆਧੁਨਿਕਤਾ ਦਾ ਅੰਤ ਹੋ ਗਿਆ ਹੈ ਅਤੇ ਹੁਣ ਉੱਤਰ-ਆਧੁਨਿਕਤਾ ਦਾ ਯੁੱਗ ਹੈ।[44]

ਪੱਛਮੀ ਸਮੀਖਿਆ ਦੇ ਇਸ ਨਵੇਂ ਮਾਡਲ ਨਾਲ ਪੈਦਾ ਹੋਏ ਸੰਕਟ ਸੰਬੰਧੀ ਇਸ਼ਾਰਾ ਕਰਦੇ ਹੋਏ ਸੁਧੀਸ਼ ਪਚੌਰੀ ਲਿਖਦਾ ਹੈ:

> ਉਤਰ-ਆਧੁਨਿਕ ਸਥਿਤੀਆਂ ਦੇ ਹੋਣ ਦਾ ਇਸ ਤੋਂ ਵੱਡਾ ਸਬੂਤ ਹੋਰ ਕੁੱਝ ਨਹੀਂ ਹੋ ਸਕਦਾ ਕਿ ਉਹ ਕਿਸੀ ਵਿਚਾਰ ਨੂੰ ਸਿਧਾਂਤ ਰੂਪ ਵਿਚ ਸਥਾਪਤ ਕਰਨ ਦੀ ਚਿੰਤਾ ਦਾ ਮੌਕਾ ਵੀ ਨਹੀਂ ਦਿੰਦੀ।[45]

ਪੰਜਾਬੀ ਸਮੀਖਿਆ ਵਿਚ ਉਤਰ ਆਧੁਨਿਕਤਾ ਦੇ ਪ੍ਰਵੇਸ਼ ਹੁੰਦਿਆਂ ਹੀ ਇਸ ਨੇ ਸਮੁੱਚੇ ਚਿੰਤਨ ਨੂੰ ਨਵੀਆਂ ਚੁਣੌਤੀਆਂ ਪੇਸ਼ ਕੀਤੀਆਂ। ਇਸ ਵਿਚਾਰਧਾਰਾ ਦੇ ਪ੍ਰਫੁਲਤ ਹੋਣ ਅਤੇ ਵਿਕਾਸ ਵਿਚ ਕਈ ਪ੍ਰਸਥਿਤੀਆਂ ਨੇ ਭੂਮਿਕਾ ਨਿਭਾਈ। । ਸੋਵੀਅਤ ਯੂਨੀਅਨ ਦੇ ਵੱਖਰੇਵੇਂ ਕਰਕੇ ਮਾਰਕਸਵਾਦੀ ਚਿੰਤਕਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਵਾਲੇ ਪੱਛਮੀ ਸਰੋਤ ਸੁਕਣ ਲੱਗ ਪਏ। ਭਾਸ਼ਾ ਵਿਗਿਆਨ ਨੂੰ ਆਧਾਰ ਬਣਾਉਂਦੇ ਸਮੀਖਿਆ ਮਾਡਲ ਸਿਧਾਂਤਕ ਰੂਪ ਵਿਚ ਨਵੀਂ

ਉਤੇਜਨਾ ਪੈਦਾ ਕਰਨ ਦੇ ਬਾਵਜੂਦ ਵਿਹਾਰਕ ਰੂਪ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਸੰਬੰਧੀ ਮੌਲਿਕ ਸਥਾਪਨਾਵਾਂ ਨੂੰ ਸਿਰਜਣ ਵਿਚ ਬਹੁਤੇ ਕਾਰਗਰ ਸਿੱਧ ਨਾ ਹੋਏ। ਇਸ ਦੇ ਨਾਲ ਨਾਲ ਸੂਚਨਾ ਅਤੇ ਸੰਚਾਰ ਸਾਧਨਾਂ ਦੇ ਵਿਸਫੋਟ, ਬਦਲਦੀਆਂ ਸੰਸਾਰਕ ਪ੍ਰਸਥਿਤੀਆਂ, ਭਾਰਤ ਵਿਚ ਪੈਦਾ ਹੋਈ ਰਾਜਨੀਤਿਕ ਅਸਥਿਰਤਾ ਵਿਚਾਰਧਾਰਾ ਰਹਿਤ ਸੰਗਠਨਾਂ ਦੀ ਹੋਂਦ, ਘੱਟ ਗਿਣਤੀਆਂ, ਦਲਿਤਾਂ ਅਤੇ ਪਛੜੀਆਂ ਜਾਤੀਆਂ ਦੇ ਸਮਾਜੀ ਰਾਜਨੀਤਿਕ ਉਭਾਰ, ਖੇਤਰੀਵਾਦ ਆਦਿ ਕਾਰਨਾਂ ਕਰਕੇ ਉਤਰ-ਆਧੁਨਿਕਤਾ ਦੇ ਪਾਸਾਰ ਲਈ ਹਾਲਾਤ ਪੂਰੇ ਸਾਜਗਾਰ ਬਣ ਗਏ।

ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਇਸ ਨਜ਼ਰੀਏ ਤੋਂ ਪੇਸ਼ ਕਰਨ ਲਈ ਕਈ ਵਿਦਵਾਨ ਅੱਗੇ ਆਏ। ਇਨ੍ਹਾਂ ਵਿਚ ਅਮਰਜੀਤ ਸਿੰਘ ਗਰੇਵਾਲ (ਇਕੀਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਾਸੰਗਿਕਤਾ: ਇਕ ਦ੍ਰਿਸ਼ਟੀਕੋਣ, 1994, ਪੰਜਾਬੀ ਸਭਿਆਚਾਰ ਪਹਿਚਾਣ ਅਤੇ ਸ਼ਕਤੀ, 1998, ਅਤੇ ਸ਼ਬਦਾਂ ਦੀ ਰਾਜਨੀਤੀ 2000), ਗੁਰਭਗਤ ਸਿੰਘ (ਕਾਵਿ-ਸ਼ਾਸਤਰ, ਦੇਹ ਅਤੇ ਕ੍ਰਾਂਤੀ, 1995) ਅਤੇ ਉੱਤਰ ਆਧੁਨਿਕਵਾਦ, 2001), ਡਾ. ਸੁਤਿੰਦਰ ਸਿੰਘ ਨੂਰ (ਸੰਪਾ. 'ਸਮਦਰਸ਼ੀ', ਉਤਰ-ਆਧੁਨਿਕਤਾ ਵਿਸ਼ੇਸ਼ ਅੰਕ-49, 1997) ਗੁਰਚਰਨ ਸਿੰਘ ਅਰਸ਼ੀ (ਪੱਛਮੀ ਕਾਵਿ-ਸ਼ਾਸਤਰ 1995), ਡਾ. ਵਨੀਤਾ ਉਤਰ -ਆਧੁਨਿਕਤਾ ਅਤੇ ਕਵਿਤਾ, 1998) ਅਤੇ ਡਾ. ਜਸਬੀਰ ਸਿੰਘ ਆਹਲੂਵਾਲੀਆ (ਸਿੱਖ ਚਿੰਤਨ: ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ, ਪ੍ਰਗਟਿ ਅਕਾਲ ਖ਼ਾਲਸਾ ਦੇਹਾ, 1999) ਜਿਹੇ ਵਿਦਵਾਨ ਸ਼ਾਮਲ ਹਨ। ਇਨ੍ਹਾਂ ਦੀਆਂ ਉਪਰ ਲਿਖੀਆਂ ਪੁਸਤਕਾਂ ਵਿਚੋਂ ਸਿਧਾਂਤਿਕ ਅਤੇ ਵਿਹਾਰਕ ਪੱਖ ਸਪਸ਼ਟ ਹੋਣੇ ਸ਼ੁਰੂ ਹੋਏ।

ਪੰਜਾਬੀ ਸਾਹਿਤ ਸਮੀਖਿਆ ਵਿਚ ਇਸ ਦ੍ਰਿਸ਼ਟੀ ਨਾਲ 'ਗੁਰੂ ਗ੍ਰੰਥ ਸਾਹਿਬ', ਪੰਜਾਬੀ ਸਭਿਆਚਾਰ ਅਤੇ ਆਧੁਨਿਕ ਕਵਿਤਾ ਨੂੰ ਵਿਸ਼ੇਸ਼ ਰੂਪ ਵਿਚ ਇਸ ਵਿਧੀ ਅਧੀਨ ਅਧਿਐਨ ਲਈ ਚੁਣਿਆ ਗਿਆ । ਉਤਰ-ਆਧੁਨਿਕਤਾ ਨੇ ਅਜਿਹੀ ਦ੍ਰਿਸ਼ਟੀ ਦਾ ਪਾਸਾਰ ਕਰਨਾ ਸ਼ੁਰੂ ਕੀਤਾ ਹੈ ਕਿ ਕਿਸੇ ਕਾਲ ਵਿਸ਼ੇਸ਼ ਦੇ ਬੰਧਨ ਤੋਂ ਪਰ੍ਹੇ ਵਿਚਰਦੀ ਇਹ ਦ੍ਰਿਸ਼ਟੀ ਹਰ ਕਾਲ ਵਿਚ

ਉਪਜੇ ਕਿਸੇ ਖਿੱਤੇ ਵਿਸ਼ੇਸ਼ ਦੇ ਸਾਹਿਤ ਸਭਿਆਚਾਰ ਵਿਚਲੀ 'ਵਿਸ਼ੇਸ਼ ਵਿਚਾਰਧਾਰਕ ਸਥਿਤੀ' ਨੂੰ ਉਘਾੜਨ ਲਈ ਤਤਪਰ ਨਜ਼ਰ ਆਉਂਦੀ ਹੈ। ਇਹ ਕਿਸੇ ਸਾਹਿਤ ਸਭਿਆਚਾਰ ਦੇ ਉਤਰ-ਆਧੁਨਿਕ ਚਰਿੱਤਰ ਨੂੰ ਉਘਾੜਨਾ ਆਪਣਾ ਲੱਛਣ ਮੰਨਦੀ ਹੈ। ਇਸ ਸੰਦਰਭ ਵਿਚ ਅਮਰਜੀਤ ਸਿੰਘ ਗਰੇਵਾਲ ਇਸ ਵਿਚਾਰਧਾਰਾ ਤੋਂ ਪ੍ਰਾਪਤ ਸੂਝ ਦੇ ਪਰਿਪੇਖ ਵਿਚ ਸਾਡੇ ਪੂਰਵ ਪ੍ਰਾਪਤ ਸਾਹਿਤ ਅਧਿਐਨ ਨੂੰ ਨਵੇਂ ਸਿਰਿਉਂ ਜਾਚਣ-ਪਰਖਣ ਦੇ ਆਹਰ ਵਿਚ ਲੱਗਿਆ ਨਜ਼ਰ ਆਉਂਦਾ ਹੈ। ਉਤਰ-ਆਧੁਨਿਕ ਵਿਚਾਰਧਾਰਾ, ਕਿਸੇ ਤਰ੍ਹਾਂ ਨਾਲ ਵੀ ਪੂਰਵ-ਆਧੁਨਿਕ ਪਰੰਪਰਾ ਜਾਂ ਪੂਰਵ ਆਧੁਨਿਕ ਅੰਤਰਾਂ ਦੀ ਨਿਰੰਤਰਤਾ ਨਹੀਂ, ਸਗੋਂ ਆਪਣੇ ਹੱਕਾਂ ਤੋਂ ਵੰਚਿਤ ਘੱਟ ਗਿਣਤੀਆਂ ਦੇ ਪਰਿਪੇਖ ਤੋਂ ਨਵੇਂ ਸਾਂਸਕ੍ਰਿਤਿਕ, ਰਾਜਨੀਤਿਕ ਭਾਈਚਾਰਿਆਂ ਦੇ ਨਿਰਮਾਣ ਦੀ ਨਵੀਂ ਰਣਨੀਤੀ ਹੈ।[46]

ਇਸ ਸਮੇਂ ਮਹੱਤਵਪੂਰਨ ਮਸਲਾ ਇਹ ਹੈ ਕਿ ਇਸ ਨੂੰ ਲਕੀਰ ਦੇ ਫਕੀਰ ਬਣ ਕੇ ਸਵੀਕਾਰ ਕਰਨ ਦੀ ਥਾਂ ਇਸ ਅਧਿਐਨ ਦ੍ਰਿਸ਼ਟੀ ਦੁਆਰਾ ਪੇਸ਼ ਨਵੀਆਂ ਲੱਭਤਾਂ ਨਾਲ ਪੈਦਾ ਹੋਈਆਂ ਚੁਣੌਤੀਆਂ ਨੂੰ ਮੂਲ ਸੰਕਲਪਾਂ ਦੀ ਸਮਝ, ਸੰਕਲਪਾਂ ਦੇ ਸ਼ਾਸਤਰੀ ਪਾਸਾਰਾਂ ਦੀ ਸਪਸ਼ਟਤਾ, ਪੰਜਾਬੀ ਸਾਹਿਤ ਸਭਿਆਚਾਰ ਲਈ ਇਨ੍ਹਾਂ ਦੀ ਸਾਰਥਿਕਤਾ ਅਤੇ ਪੂਰਵ ਪ੍ਰਸਤੁਤ ਸਮੀਖਿਆ ਚਿੰਤਨ ਅਤੇ ਉਸ ਦੀਆਂ ਸਥਾਪਨਾਵਾਂ ਨਾਲ ਗੰਭੀਰ ਸੰਵਾਦ ਉਪਰੰਤ ਸਪਸ਼ਟ ਹੋਏ ਸੰਕਲਪਾਂ ਦੇ ਪ੍ਰਸੰਗ ਵਿਚ ਹੀ ਗ੍ਰਹਿਣ ਕਰੀਏ। ਅਜਿਹੇ ਯਤਨਾਂ ਲਈ ਗੰਭੀਰ, ਵਿਸਤ੍ਰਿਤ ਅਤੇ ਪ੍ਰਤਿਬੱਧਤਾਮਈ ਸੰਵਾਦ ਰਚਾਉਣ ਦੀ ਜ਼ਰੂਰਤ ਹੈ। ਅਜਿਹੇ ਸੰਵਾਦ ਦੀ ਅਣਹੋਂਦ ਵਿਚ ਪੰਜਾਬੀ ਸਾਹਿਤ ਸ਼ਾਸਤਰ ਦੇ ਮੌਲਿਕ ਮਾਡਲ ਦੀ ਪਹਿਚਾਣ ਅਤੇ ਸਿਰਜਣਾ ਦੇ ਸ਼ੁਰੂ ਹੋਏ ਕਾਰਜ ਨੂੰ ਕਦੇ ਵੀ ਤਰਕਪੂਰਨ ਢੰਗ ਨਾਲ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਜਿਵੇਂ 1970 ਤੋਂ ਬਾਅਦ ਮਾਰਕਸਵਾਦ ਅਤੇ ਸੰਰਚਨਾਵਾਦ ਇਕ ਦੂਜੇ ਦੇ ਸੰਦਰਭ ਵਿਚ ਗਤੀਸ਼ੀਲਤਾ ਪ੍ਰਾਪਤ ਕਰਦੇ ਰਹੇ ਹਨ, ਇਕੀਵੀਂ ਸਦੀ ਵਿਚ ਇਹੀ ਗਤੀਸ਼ੀਲਤਾ ਉਤਰ-ਆਧੁਨਿਕਤਾ ਨੂੰ ਲਾਂਭੇ ਰੱਖ ਕੇ ਪ੍ਰਾਪਤ ਨਹੀਂ ਕੀਤੀ ਜਾ ਸਕੇਗੀ। ਉਤਰ-ਮਾਰਕਸਵਾਦ, ਉਤਰ-ਸੰਰਚਨਾਵਾਦ ਅਤੇ

ਉਤਰ-ਆਧੁਨਿਕਤਾ ਦੇ ਆਪਸੀ ਸੰਵਾਦ ਵਿਚੋਂ ਹੀ ਭਵਿੱਖ ਦੇ ਪੰਜਾਬੀ ਸਮੀਖਿਆ-ਚਿੰਤਨ ਦੇ ਨਕਸ਼ ਘੜੇ ਜਾਣਗੇ। ਸਨਾਤਨੀ ਮੁਹਾਂਦਰੇ ਵਾਲੇ ਮਾਰਕਸਵਾਦ ਅਤੇ ਸੰਰਚਨਾਵਾਦ ਦੇ ਗਲਬੇ ਤੇ ਉਸਰੇ ਇਸ ਚਿੰਤਨ ਦੇ ਹਾਣੀ ਬਣਨ-ਬਣਾਉਣ ਲਈ ਸਾਨੂੰ ਆਪਣੇ ਆਪ ਨੂੰ ਇਸ ਦੇ ਸਮਰਥ ਬਣਾਉਣਾ ਹੋਵੇਗਾ।

**ਪੂਰਬੀ ਬਿਰਤਾਂਤਾਂ ਦੀ ਦੂਹਰੀ ਅਰਥ-ਸਿਰਜਣ ਪ੍ਰਕਿਰਿਆ ਅਤੇ ਉਸਦਾ ਅਧਿਐਨ-ਚੌਖਟਾ:**

ਪੂਰਬੀ ਬਿਰਤਾਂਤਾਂ ਤੋਂ ਭਾਵ ਉਸ ਸਾਹਿਤ ਤੋਂ ਹੈ ਜਿਥੋਂ ਪੰਜਾਬੀ ਸਾਹਿਤ ਦਾ ਆਰੰਭ ਮੰਨਿਆ ਜਾਂਦਾ ਹੈ। ਨਾਥ ਜੋਗੀਆਂ ਤੋਂ ਸ਼ੁਰੂ ਹੋ ਕੇ ਕਿੱਸਾ-ਕਾਵਿ, ਵਾਰ, ਜਨਮ-ਸਾਖੀਆਂ, ਗੋਸ਼ਟਾਂ, ਗਿਆਨ ਰਤਨਾਵਲੀ ਅਤੇ ਗੁਰਬਿਲਾਸ ਆਦਿ ਸਾਹਿਤ ਰੂਪ ਬਿਰਤਾਂਤ ਸਿਰਜਣ ਦੀ ਪੰਜਾਬੀ ਸਾਹਿਤ ਪਰੰਪਰਾ ਵਿਚੋਂ ਉਦਾਹਰਣ ਰੂਪ ਵਿਚ ਪ੍ਰਸਤੁਤ ਹੁੰਦੇ ਹਨ। ਪੂਰਬੀ ਬਿਰਤਾਂਤਾਂ ਦਾ ਅਧਿਐਨ ਚੌਖਟਾ ਤਿਆਰ ਕਰਦੇ ਸਮੇਂ ਸੋਲੋਮਿਥ[47] ਅਨੁਸਾਰ ਬੁਨਿਆਦੀ ਨੁਕਤਾ ਧਿਆਨ ਵਿਚ ਰੱਖਣਾ ਪਵੇਗਾ ਕਿ "ਬਿਰਤਾਂਤ ਸਿਰਫ਼ ਗਲਪੀ ਘਟਨਾਵਾਂ ਦੀ ਲੜੀਦਾਰ ਪੇਸ਼ਕਾਰੀ ਨੂੰ ਹੀ ਨਹੀਂ ਸਮਝਿਆ ਜਾ ਸਕਦਾ ਸਗੋਂ ਇਹ ਬਿਰਤਾਂਤ ਦੀ ਸਿਰਜਣ ਪ੍ਰਕਿਰਿਆ ਸੁਹਜਾਤਮਕ ਵਿਉਂਤ ਹੋਣ ਦੇ ਨਾਲ ਨਾਲ ਪ੍ਰਤੀਨਿਧਤਾਕਾਰੀ (representational) ਤੇ ਵਿਆਖਿਆ-ਸ਼ਾਸਤਰੀ (hermeneutic) ਸੰਦਰਭਾਂ ਅਤੇ ਸਰੋਕਾਰਾਂ ਨਾਲ ਓਤ-ਪੋਤ ਮਾਨਵੀ ਕਲਾ ਕਿਰਤੀ ਵੀ ਹੈ। ਮਾਈਕਲ[48] ਵੀ ਇਸ ਗੱਲ ਨਾਲ ਸਹਿਮਤੀ ਪ੍ਰਗਟ ਕਰਦੇ ਲਗਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਅਸਲ ਵਿਚ 'ਦੁਨੀਆਂ' ਦਾ ਗਿਆਨ ਮਨੁੱਖ ਨੇ ਬਿਰਤਾਂਤ ਰਾਹੀਂ ਹੀ ਰੂਪ ਬੱਧ ਕੀਤਾ ਹੈ। ਅਸੀਂ ਅਜਿਹੀ ਦੁਨੀਆਂ ਵਿਚ ਆਏ ਹਾਂ, ਜਿਹੜੀ ਪਹਿਲਾਂ ਹੀ ਸਾਡੇ ਤੋਂ ਪੂਰਵਲੇ ਬਿਰਤਾਂਤਾਂ ਨਾਲ ਸਰਸ਼ਾਰ ਸੀ। ਇਸ ਕਰਕੇ ਸਾਡੀਆਂ ਸਾਰੀਆਂ ਵਿਵਹਾਰਿਕ, ਭਾਸ਼ਿਕ ਅਤੇ ਚਿਹਨਾਂਤਮਕ ਗਤੀ-ਵਿਧੀਆਂ ਪਹਿਲੀਆਂ ਬਿਰਤਾਂਤਕ ਧਾਰਨਾਵਾਂ ਅਤੇ ਰਚਨਾ-ਵਿਊਂਤਾਂ ਨੂੰ ਸਿਰਜਤ ਅਤੇ ਪੁਨਰ ਸਿਰਜਤ ਕਰਦੀਆਂ ਹਨ। ਇਸ ਤਰ੍ਹਾਂ ਸਾਡੀਆਂ ਮੌਲਿਕ, ਭਾਸ਼ਿਕ, ਗਿਆਨ-ਮੂਲਕ ਅਤੇ ਸਿਰਜਣਾਤਮਕ ਰਚਨਾ-ਵਿਊਂਤਾਂ ਵੀ ਬਿਰਤਾਂਤਕਾਰੀ ਦੇ ਵਿਸ਼ਾਲ ਖੇਤਰੀ ਸੰਦਰਭਾਂ ਵਿਚ ਜੁੜ

ਕੇ ਹੀ ਆਪਣੀ ਸਿਰਜਣਾਤਮਕ ਵੱਖਰਤਾ ਦਾ ਰੂਪ ਅਖਤਿਆਰ ਕਰਦੀਆਂ ਹਨ। ਇਸੇ ਕਰਕੇ ਪਾਲ ਕੌਬਲੇ[49] (Paul Cobley) ਵਰਗਾ ਚਿੰਤਕ, ਰੂਸੀ ਰੂਪਵਾਦ, ਸੰਰਚਨਾਵਾਦ ਅਤੇ ਉਤਰ ਸੰਰਚਨਾਵਾਦੀ ਸਿਧਾਂਤ-ਚੇਤਨਾ ਨਾਲ ਓਤਪੋਤ ਹੋਏ ਬਿਰਤਾਂਤਾਂ ਦੀ ਚਿਹਨਾਂਤਮਕਤਾ ਦੇ ਸਿਧਾਂਤ ਦੀ ਆਲੋਚਨਾ ਕਰਦਾ ਹੈ। ਉਸ ਦੇ ਖਿਆਲ ਅਨੁਸਾਰ "ਇਹ ਰੁਚੀ ਬਿਰਤਾਂਤ ਨੂੰ ਵਿਕਾਲਕ੍ਰਮਤਾ (dechornologize) ਦੀ ਵਿਧੀ ਰਾਹੀਂ ਸੰਬੰਧਿਤ ਸਹਾਇਕ ਪ੍ਰਕਾਰਜਾਂ ਤੱਕ ਸੀਮਤ ਕਰਦੀ ਹੋਈ ਰਸਮੀ ਵਿਸ਼ਲੇਸ਼ਣ ਤਕ ਹੀ ਸੀਮਤ ਹੋ ਜਾਂਦੀ ਹੈ। ਇਸੇ ਲਈ ਇਹ ਵਿਧੀ ਨਿਰੋਲ ਪਾਠ-ਕੇਂਦਰਤ ਰਚਨਾ-ਵਿਧੀਆਂ ਉਤੇ ਧਿਆਨ ਕੇਂਦਰਤ ਕਰਦੀ ਹੈ। ਅਸਲ ਵਿਚ ਬਿਰਤਾਂਤ ਘਟਨਾਵਾਂ ਦੀ ਅਜਿਹੀ ਪੇਸ਼ਕਾਰੀ ਹੈ, ਜੋ ਮੁੱਖ ਤੌਰ ਤੇ ਸਮੇਂ ਅਤੇ ਸਥਾਨ ਦੀ ਪ੍ਰਤੀਨਿਧਤਾ ਕਰਦੀ ਹੈ। ਬਿਰਤਾਂਤ ਹਰ ਇਕ ਸਭਿਆਚਾਰ ਦੀ ਬੁਨਿਆਦ ਦੇ ਰੂਪ ਵਿਚ ਹੋਂਦਸ਼ੀਲ ਪਹਿਚਾਣ ਸੰਬੰਧੀ ਜਾਣਕਾਰੀ ਨੂੰ ਸਾਂਭ ਕੇ ਰੱਖਦਾ ਹੈ। ਅਜਿਹਾ ਕਰਨ ਸਮੇਂ ਇਹ ਉਸੇ ਸਭਿਆਚਾਰ ਨਾਲ ਜੁੜੇ ਹੋਏ ਕੁੱਝ ਵਿਸਤਾਰ ਦੂਜੇ ਸਭਿਆਚਾਰਾਂ ਦੀ ਵਿਲੱਖਣਤਾ ਦੇ ਸੰਦਰਭ ਵਿਚ ਤਿਆਗਦਾ ਰਹਿੰਦਾ ਹੈ।"[50]

ਇਸ ਤਰ੍ਹਾਂ ਬਿਰਤਾਂਤ ਮਨੁੱਖ ਦੇ ਸਮੇਂ ਅਤੇ ਸਥਾਨ ਨਾਲ ਸਿਰਜੇ ਜਾਣ ਵਾਲੇ ਵਿਭਿੰਨ ਅਤੇ ਬਹੁ-ਦਿਸ਼ਾਵੀ ਸੰਬੰਧਾਂ.ਦਾ ਰੂਪਾਂਤਰਣ ਕਰਦਾ ਹੈ। ਬਿਰਤਾਂਤ-ਸ਼ਾਸਤਰ ਦਾ ਉਦੇਸ਼ ਬਿਰਤਾਂਤ ਦੇ ਅਜਿਹੇ ਹੀ ਰਚਨਾਕਾਰੀ ਸੰਦਰਭਾਂ ਅਤੇ ਸਰੋਕਾਰਾਂ ਦਾ ਯੋਜਨਾਮਈ ਵਿਸ਼ਲੇਸ਼ਣ ਕਰਨਾ ਹੈ।

ਕਿਸੇ ਵੀ ਬਿਰਤਾਂਤਕ ਪਾਠ ਦਾ ਵਿਸ਼ਲੇਸ਼ਣ ਕਰਨ ਲਈ ਬਿਰਤਾਂਤ ਸ਼ਾਸਤਰ ਦੇ ਸਮੀਖਿਆ ਸਿਧਾਂਤ ਜ਼ਿਆਦਾ ਸਹਾਈ ਨਹੀਂ ਹੋ ਸਕਦੇ। ਇਸ ਦੇ ਨਾਲ ਹੀ ਦੂਜੇ ਪੱਧਰ ਉੱਤੇ ਉਹ ਬਿਰਤਾਂਤ-ਸ਼ਾਸਤਰੀ ਆਉਂਦੇ ਹਨ ਜੋ ਬਿਰਤਾਂਤ ਦੀ ਅਰਥ ਸਿਰਜਣ ਪ੍ਰਕਿਰਿਆ ਨੂੰ ਅਰਥ-ਸੰਚਾਰ ਦੇ ਪੱਧਰ ਤੱਕ ਲਿਜਾਂਦੇ ਹਨ। ਇਨ੍ਹਾਂ ਲਈ ਬਿਰਤਾਂਤਕ ਅਰਥਾਂ ਨੂੰ ਪਾਠਗਤ ਗਤੀਸ਼ੀਲਤਾ ਦੇ ਨਾਲ ਨਾਲ ਬਿਰਤਾਂਤੀਕਰਨ ਦੀ ਸਰਗਰਮੀ ਤੱਕ ਪਹਿਚਾਣਨਾ ਬੜਾ ਜ਼ਰੂਰੀ ਹੈ। ਇਸ ਦ੍ਰਿਸ਼ਟੀ ਤੋਂ ਸ਼ਲੋਮਿਥ ਰੀਮੋਨ ਕੀਨਨ[51] ਦੁਆਰਾ ਪੇਸ਼ ਕਥਾ, ਪਾਠ ਅਤੇ

ਬਿਰਤਾਂਤੀਕਰਨ, ਮੀਕਬਲ ਦੇ ਫੇਬੂਲਾ, ਕਹਾਣੀ ਅਤੇ ਪਾਠ ਦੇ ਨਿਖੇੜੇ ਰਾਹੀਂ ਅਰਥ ਸੰਚਾਰ ਅਤੇ ਅਰਥ ਉਤਪਾਦਨ ਸੰਭਵ ਨਹੀਂ ਅਤੇ ਨਾ ਬਿਰਤਾਂਤਕ-ਜੁਗਤ, ਅਰਥ-ਸੰਚਾਰ ਅਤੇ ਅਰਥ-ਸਿਰਜਣ ਪ੍ਰਕਿਰਿਆ ਨੂੰ ਸਮਝਣ ਦੀ ਕੋਸ਼ਿਸ਼ ਵੀ ਬਿਰਤਾਂਤਕ ਪਾਠ ਦਾ ਸਹੀ ਵਿਸ਼ਲੇਸ਼ਣ ਕਰਨ ਦੇ ਯੋਗ ਨਹੀਂ ਹੁੰਦੇ। ਇਹ ਸਪਸ਼ਟ ਹੈ ਕਿ ਇਨ੍ਹਾਂ ਸਿਧਾਂਤਕਾਰਾਂ ਦੁਆਰਾ ਪੇਸ਼ ਕੀਤੇ ਗਏ ਸਿਧਾਂਤ ਬਿਰਤਾਂਤਕਾਰੀ ਦੇ ਨਿਯਮਾਂ ਦੀ ਪਹਿਚਾਣ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ, ਪਰ ਇਹ ਬਿਰਤਾਂਤਕ ਪਾਠ ਦੇ ਅਰਥ-ਸੰਚਾਰ ਦੇ ਮੁੱਖ ਪ੍ਰੇਰਕਾਂ ਅਤੇ ਉਨ੍ਹਾਂ ਦੇ ਵਿਆਖਿਆ-ਸ਼ਾਸਤਰੀ ਸਰੋਕਾਰਾਂ ਨੂੰ ਸਪਸ਼ਟ ਕਰਨ ਵਿਚ ਸਫ਼ਲ ਨਹੀਂ ਹੁੰਦੇ।

ਕਿਸੇ ਵਿਸ਼ੇਸ਼ ਬਿਰਤਾਂਤਕ ਸੰਦਰਭ ਦਾ ਵਿਆਪਕ ਸਮੇਂ ਅਤੇ ਖੇਤਰ ਨਾਲ ਵੀ ਖਾਸ ਰਿਸ਼ਤਾ ਕਾਇਮ ਹੁੰਦਾ ਹੈ। ਇਸ ਕਰਕੇ ਹਰ ਇਕ ਬਿਰਤਾਂਤ ਜਿਥੇ ਵਿਸ਼ੇਸ਼ ਮਾਨਵੀ ਸਥਿਤੀਆਂ, ਸੰਦਰਭਾਂ ਅਤੇ ਮੁੱਲਾਂ ਦੀ ਪੇਸ਼ਕਾਰੀ ਕਰਦਾ ਹੈ ਉਥੇ ਉਹ ਵਿਆਪਕ ਮਾਨਵੀ ਸਥਿਤੀਆਂ, ਸੰਦਰਭਾਂ ਅਤੇ ਮੁੱਲਾਂ ਨੂੰ ਵੀ ਰੂਪਮਾਨ ਕਰਦਾ ਹੈ। ਇਹ ਹੀ ਬਿਰਤਾਂਤ ਦੀ ਦੂਹਰੀ ਸਿਰਜਣ ਪ੍ਰਕਿਰਿਆ ਮੰਨੀ ਜਾ ਸਕਦੀ ਹੈ। ਇਹ ਬਿਰਤਾਂਤਕਾਰੀ ਦਾ ਦੂਜਾ ਪੱਧਰ ਹੈ। ਇਸ ਪੱਧਰ ਉੱਤੇ ਹੀ ਹਰ ਇਕ ਬਿਰਤਾਂਤ ਦੇ ਵਿਸ਼ੇਸ਼ ਸੰਦਰਭ ਅਤੇ ਅਰਥ ਵਿਆਪਕ ਸੰਦਰਭਾਂ ਅਤੇ ਅਰਥਾਂ ਵਿਚ ਬਦਲ ਜਾਂਦੇ ਹਨ। ਇਸ ਵਿਧੀ ਰਾਹੀਂ ਹੀ ਬਿਰਤਾਂਤਕ ਪੇਸ਼ਕਾਰੀ, ਬਿਰਤਾਂਤਕ ਪ੍ਰਤੀਨਿਧਤਾ ਵਿਚ ਰੂਪਾਂਤਰਿਤ ਹੁੰਦੀ ਹੈ। ਪਾਲ ਰਿਕਉਰ[52] ਇਸੇ ਪ੍ਰਕਿਰਿਆ ਨੂੰ ਅੰਤਰਮੁਖੀ ਕਾਲ (subjective time) ਅਤੇ ਬਾਹਰਮੁਖੀ ਕਾਲ (objective time) ਦੀ ਅੰਤਰ ਸੰਬੰਧਿਤ ਰਚਨਾਤਮਕ ਪ੍ਰਕਿਰਿਆ ਨਾਲ ਜੋੜਦਾ ਹੈ। ਅੰਤਰਮੁਖੀ ਕਾਲ ਵਿਸ਼ੇਸ਼ ਬਿਰਤਾਂਤ ਦੁਆਰਾ ਮਨੁੱਖੀ ਘਟਨਾਵਾਂ ਅਤੇ ਸਥਿਤੀਆਂ ਨੂੰ ਵਿਊਂਤ ਪ੍ਰਦਾਨ ਕਰਨ ਦੀ ਵਿਧੀ ਹੈ, ਜਦ ਕਿ ਬਾਹਰਮੁਖੀ ਕਾਲ ਉਨ੍ਹਾਂ ਹੀ ਘਟਨਾਵਾਂ ਅਤੇ ਸਥਿਤੀਆਂ ਨੂੰ ਖ਼ਾਸ ਤਰਤੀਬ ਤੋਂ ਬਾਹਰ ਕੱਢ ਕੇ, ਉਸ ਨੂੰ ਯਥਾਰਥ ਦੇ ਵਿਆਪਕ ਸੰਦਰਭਾਂ ਨਾਲ ਨਵੇਂ ਸਿਰੇ ਤੋਂ ਜੋੜਨ ਦੀ ਵਿਊਂਤ ਹੈ। ਇਸ ਕਰਕੇ ਹਰ ਇਕ ਬਿਰਤਾਂਤ ਦੋ ਕਹਾਣੀਆਂ ਨੂੰ ਪੇਸ਼ ਕਰਦਾ ਹੈ, ਇਕ ਕਹਾਣੀ ਬਿਰਤਾਂਤ ਦੇ ਕਿਰਦਾਰ ਦੇ ਸੰਦਰਭ

ਵਿਚ ਪੇਸ਼ ਹੁੰਦੀ ਹੈ, ਜਦ ਕਿ ਦੂਜੀ ਕਹਾਣੀ ਅਜਿਹੇ ਘਟਨਾਤਮਕ ਸੰਦਰਭਾਂ ਵਿਚ ਫਸੀ ਹੋਈ ਮਨੁੱਖੀ ਹੋਂਦ ਦੀ ਕਹਾਣੀ ਹੁੰਦੀ ਹੈ।

ਬਿਰਤਾਂਤ ਪਾਠਾਂ ਦੀ ਦੋਹਰੀ ਸਿਰਜਣ ਪ੍ਰਕਿਰਿਆ ਨੂੰ ਅਸੀਂ ਹੋਰ ਵੀ ਸਪਸ਼ਟ ਰੂਪ ਵਿਚ ਪੰਚਤੰਤਰ ਦੀਆਂ ਕਹਾਣੀਆਂ ਦੀ ਕਥਾ-ਵਿਊਂਤ ਦੇ ਹਵਾਲੇ ਨਾਲ ਸਮਝ ਸਕਦੇ ਹਾਂ। ਇਸ ਬਿਰਤਾਂਤ ਦਾ ਇਕ ਪਾਠ ਤਾਂ ਪੰਡਿਤ ਵਿਸ਼ਨੂੰ ਸ਼ਰਮਾ ਦਾ ਸ਼ਰਾਰਤੀ ਅਤੇ ਅਗਿਆਨੀ ਰਾਜਕੁਮਾਰਾਂ ਨੂੰ ਪਸ਼ੂ ਪੰਛੀਆਂ ਦੀਆਂ ਕਹਾਣੀਆਂ ਰਾਹੀਂ ਵਿਦਿਆ ਪ੍ਰਦਾਨ ਕਰਨ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ ਅਤੇ ਨਾਲ ਦੀ ਨਾਲ ਦੂਜਾ ਪਾਠ ਹਰ ਇਕ ਕਥਾ ਵਿਚਲੀ ਪਸ਼ੂ ਪੰਛੀ ਦੀ ਆਪਣੀ ਸਿਆਣਪ ਰਾਹੀਂ ਸਫ਼ਲਤਾ ਹਾਸਲ ਕਰਨ ਦੀ ਵਿਧੀ ਨਾਲ ਜੁੜਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਵਚਨ ਵਿਧੀ ਵੀ ਇਸੇ ਬਿਰਤਾਂਤਕ ਜੁਗਤ ਰਾਹੀਂ ਆਪਣੀਆਂ ਦੋ ਜੁਗਤਾਂ ਨੂੰ ਉਭਾਰਦੀ ਹੈ। ਇਕ ਪਾਸੇ ਤਾਂ ਇਸ ਦਾ ਸੰਦੇਸ਼ 'ਨਾਨਕ ਸ਼ਾਇਰ ਏਵ ਕਹਿਤ ਹੈ' ਰਾਹੀਂ ਅਰਥ ਦੀ ਇਤਿਹਾਸਕਤਾ ਨੂੰ ਉਜਾਗਰ ਕਰਦਾ ਹੈ ਅਤੇ ਨਾਲ ਹੀ 'ਜੈਸੀ ਮੈਂ ਆਵੇ ਖਸਮ ਕੀ ਬਾਣੀ, ਤੈਸੜਾ ਕਰੀਂ ਗਿਆਨ ਵੇ ਲਾਲੋ' ਰਾਹੀਂ ਵਿਸ਼ੇਸ਼ ਅਰਥਾਂ ਨੂੰ ਵਿਆਪਕ ਅਰਥਾਂ ਵਿਚ ਰੂਪਾਂਤਰਿਤ ਕਰ ਲੈਂਦਾ ਹੈ।

ਇਸੇ ਤਰ੍ਹਾਂ ਭਾਈ ਗੁਰਦਾਸ ਆਪਣੀ ਪਹਿਲੀ ਵਾਰ ਵਿਚ ਪਹਿਲਾਂ ਆਪਣੇ ਬਿਰਤਾਂਤ ਰਾਹੀਂ 'ਕਾਜ਼ੀ ਹੋਇ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ' ਰਾਹੀਂ ਕਾਜ਼ੀਆਂ ਦੇ ਪਵਿੱਤਰ ਫਰਜ਼ ਨੂੰ ਭੁਲ ਕੇ ਨੈਤਿਕਤਾ ਤੋਂ ਦੂਰ ਜਾਣ ਦਾ ਅਰਥ ਪੇਸ਼ ਕਰਦੇ ਹਨ ਅਤੇ ਨਾਲ ਹੀ 'ਇਸਤ੍ਰੀ ਪੁਰਖੇ ਦਾਮ ਹਿਤ ਭਾਵੇਂ ਆਇ ਕਿਥਾਉਂ ਜਾਈ' ਦੇ ਬਿਰਤਾਂਤ ਰਾਹੀਂ ਦੌਲਤ ਦੇ ਲਾਲਚ ਵਿਚ ਮਨੁੱਖੀ ਰਿਸ਼ਤਿਆਂ ਦੇ ਵਿਆਪਕ ਪ੍ਰੇਮ ਸੰਬੰਧਾਂ ਨੂੰ ਗਲਤ ਕਰਮ ਕਰਕੇ ਪ੍ਰਾਪਤ ਕੀਤੇ ਪੈਸੇ ਦੀ ਭੇਟ ਚੜ੍ਹਨ ਦੇ ਵਿਆਪਕ ਅਰਥਾਂ ਦੇ ਬਿਰਤਾਂਤ ਵਿਚ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਭਾਈ ਗੁਰਦਾਸ ਆਪਣੀਆਂ ਵਾਰਾਂ ਰਾਹੀਂ ਗੁਰਮੁੱਖ ਦੁਆਰਾ ਵਿਕਾਰਾਂ ਉਤੇ ਜਿੱਤ ਪ੍ਰਾਪਤ ਕਰਨ ਦੇ ਅਰਥਾਂ ਦਾ ਸੰਚਾਰ ਕਰਦੇ ਹਨ। ਦੁਨਿਆਵੀ ਜੀਵਾਂ ਨੂੰ ਇਨ੍ਹਾਂ ਵਿਕਾਰਾਂ ਰੂਪੀ ਦੁਸ਼ਮਣ ਉਤੇ ਜਿੱਤ ਪ੍ਰਾਪਤ

ਕਰਨ ਦੀ ਜੁਗਤ ਦਾ ਬਿਰਤਾਂਤ ਸੰਦਰਭ ਸਿਰਜਦਿਆਂ ਉਸ ਨੂੰ ਬਹੁਤ ਹੀ ਔਖੀ ਪ੍ਰੀਖਿਆ ਵਿਚੋਂ ਨਿਕਲ ਕੇ ਇਸ ਅਧਿਆਤਮਕ ਯੁੱਗ ਵਿਚ ਨੇਕੀ ਦੀ ਜਿੱਤ ਦੇ ਅਰਥ ਦਾ ਸੰਚਾਰ ਕਰਦਿਆਂ 'ਗੁਰਸਿੱਖੀ ਬਾਰੀਕ ਹੈ ਖੰਡੇ ਧਾਰ' ਰਾਹੀਂ ਜਿੱਤ ਦੇ ਕਠਿਨ ਅਰਥਾਂ ਦਾ ਸੰਚਾਰ ਕਰਦੇ ਹਨ। ਨਾਲ ਹੀ ਜੋ ਵਿਅਕਤੀ ਗੁਰਮੁੱਖ ਬਣ ਕੇ ਇਨ੍ਹਾਂ ਵਿਕਾਰਾਂ ਰੂਪੀ ਦੁਸ਼ਮਣ ਨੂੰ ਜਿੱਤ ਲੈਂਦਾ ਹੈ। 'ਗੁਰਮੁਖਿ ਸੁਖੁ ਫਲੁ ਸਹਿਜ ਅਲੀੜੀ' ਦੀ ਜੁਗਤ ਰਾਹੀਂ ਆਪਣੇ ਬਿਰਤਾਂਤਕ ਸੰਦਰਭ ਨੂੰ ਵਿਆਪਕ ਅਰਥਾਂ ਵਿਚ ਬੰਨ੍ਹ ਦਿੰਦੀ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਦੀਆਂ ਵਾਰਾਂ (ਪਹਿਲੀ ਵਾਰ) 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਵਿਚ ਵਾਰ ਦੇ ਬਿਰਤਾਂਤਕ ਸੰਦਰਭ ਰਾਹੀਂ ਵਿਆਪਕ ਅਰਥਾਂ ਦੀ ਸਿਰਜਣਾ ਹੁੰਦੀ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਿਰਤਾਂਤ-ਸ਼ਾਸਤਰ ਦਾ ਮਕਸਦ ਸਿਰਫ਼ ਪਾਠਗਤ ਵਿਊਂਤਾਂ, ਜੁਗਤਾਂ ਅਤੇ ਅਰਥ ਸਿਰਜਣ ਪ੍ਰਕਿਰਿਆ ਦੀ ਹੀ ਨਿਸ਼ਾਨਦੇਹੀ ਕਰਨਾ ਨਹੀਂ ਹੈ, ਸਗੋਂ ਬਿਰਤਾਂਤੀਕਰਨ ਦੀ ਸਮੁੱਚੀ ਪ੍ਰਕਿਰਿਆ ਨੂੰ ਸਮਝਣਾ ਅਤੇ ਉਸਦਾ ਵਿਸ਼ਲੇਸ਼ਣ ਕਰਨਾ ਹੈ।

ਪੰਜਾਬੀ ਸਾਹਿਤਕ ਬਿਰਤਾਂਤ ਦਾ ਬਿਰਤਾਂਤ-ਸ਼ਾਸਤਰੀ ਵਿਸ਼ਲੇਸ਼ਣ ਕਰਨ ਸਮੇਂ ਵੀ ਮੱਧਕਾਲੀ ਪੰਜਾਬੀ ਬਿਰਤਾਂਤ ਵਿਚ ਪ੍ਰਵਾਹਮਾਨ ਬਿਰਤਾਂਤ ਦੀ ਹੋਂਦ-ਵਿਧੀ ਨੂੰ ਇਸੇ ਸੰਦਰਭ ਵਿਚ ਪੇਸ਼ ਕਰਨਾ ਬੜਾ ਜ਼ਰੂਰੀ ਹੈ। ਇਸ ਦੇ ਦੋ ਕਾਰਨ ਹਨ: ਪਹਿਲਾ ਮੱਧਕਾਲੀ ਪੰਜਾਬੀ ਬਿਰਤਾਂਤ ਵਿਚ ਕਿਸੇ ਵੀ ਪਾਠ ਨੂੰ ਉਸ ਦੇ ਸਮਕਾਲ ਵਿਚ ਪ੍ਰਚਲਤ ਰਚਨਾਤਮਕ ਪ੍ਰਵਿਰਤੀ ਤੋਂ ਤੋੜ ਕੇ ਪੇਸ਼ ਕਰਨਾ, ਜ਼ਿਆਦਾ ਨਿਆਂਸ਼ੀਲ ਨਹੀਂ ਹੈ। ਦੂਜਾ, ਹਰ ਇਕ ਰਚਨਾਕਾਰ ਦੀ ਇਕ ਰਚਨਾ ਨੂੰ ਸੰਦਰਭ ਪਾਠ ਨਹੀਂ ਮੰਨਿਆ ਜਾ ਸਕਦਾ। ਇਸ ਸੂਰਤ ਵਿਚ ਅਸੀਂ ਹਰ ਇਕ ਬਿਰਤਾਂਤਕ ਪਾਠ ਦਾ ਬਿਰਤਾਂਤ-ਸ਼ਾਸਤਰੀ ਅਧਿਐਨ ਤਿੰਨਾਂ ਪੱਧਰਾਂ ਦੀ ਅੰਤਰ-ਸੰਬੰਧਤ ਸਰਗਰਮੀ ਦੇ ਰੂਪ ਵਿਚ ਕਰ ਸਕਦੇ ਹਾਂ। ਪਹਿਲਾ ਪੱਧਰ ਬਿਰਤਾਂਤਕ ਪਾਠ ਦੇ ਬਿਰਤਾਂਤਕ-ਪ੍ਰਗਟਾਅ ਦਾ ਹੈ, ਦੂਜਾ ਪੱਧਰ ਅਰਥਾਂ ਦੇ ਸੰਚਾਰ ਕਰਨ ਦਾ ਹੈ ਅਤੇ ਤੀਜਾ ਪੱਧਰ

ਬਿਰਤਾਂਤਕ ਪ੍ਰਵਚਨ ਦੀ ਰਚਨਾਕਾਰੀ ਵਿਉਂਤ ਰਾਹੀਂ ਬਿਰਤਾਂਤਕ ਅਰਥਾਂ ਨੂੰ ਵਿਆਪਕ ਮਾਨਵੀ ਸੰਦਰਭਾਂ ਅਤੇ ਸਰੋਕਾਰਾਂ ਦੀ ਰੋਸ਼ਨੀ ਵਿਚ ਪੁਨਰ-ਸਿਰਜਤ ਕਰਨਾ ਹੈ। ਇਸ ਪ੍ਰਕਿਰਿਆ ਰਾਹੀਂ ਹੀ ਮੱਧਕਾਲੀ ਪੰਜਾਬੀ ਸਾਹਿਤਕ ਬਿਤਰਾਂਤ ਦੇ ਹਵਾਲੇ ਨਾਲ ਅਸੀਂ ਪੰਜਾਬੀ ਸਭਿਆਚਾਰਕ ਬਣਤਰਾਂ ਵਿਚ ਪ੍ਰਵਾਹਮਾਨ ਅਤੇ ਪੰਜਾਬੀ ਅਵਚੇਤਨ ਨੂੰ ਸੰਰਚਨਿਤ ਕਰਨ ਵਾਲੀ ਬਿਰਤਾਂਤਕਾਰੀ ਦੀ ਪ੍ਰਕਿਰਿਆ ਦੀ ਹੋਂਦ-ਵਿਧੀ ਦੀ ਪਛਾਣ ਕਰਨ ਦੇ ਯੋਗ ਹੋ ਸਕਾਂਗੇ।

ਪੰਜਾਬੀ ਵਿਚ ਮੁੱਖ ਤੌਰ ਤੇ ਕਿੱਸਾ-ਕਾਵਿ, ਵਾਰ-ਕਾਵਿ, ਜਨਮ ਸਾਖੀ ਅਤੇ ਗੁਰਬਿਲਾਸ ਆਦਿ ਰੂਪਾਕਾਰ ਪੂਰਬੀ ਬਿਰਤਾਂਤਾਂ ਦੀ ਦੋਹਰੀ ਅਰਥ-ਸਿਰਜਣ ਪ੍ਰਕਿਰਿਆ ਦੀ ਕਸਵੱਟੀ ਤੇ ਪੂਰਾ ਉਤਰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਰਚਨਾਵਾਂ ਵਿਚ ਜਿਥੇ ਮੁੱਖ ਪਾਤਰਾਂ ਦੇ ਜੀਵਨ-ਸੰਦਰਭ, ਘਟਨਾਵਾਂ ਅਤੇ ਕਾਰਜ-ਸ਼ੈਲੀਆਂ ਦੇ ਭਰਵੇਂ ਦ੍ਰਿਸ਼ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ ਉਥੇ ਤੱਤਕਾਲੀਨ ਇਤਿਹਾਸਕ ਸੰਵੇਦਨਾ ਦੇ ਭੌਤਿਕ ਅਤੇ ਪਰਾ-ਭੌਤਿਕ ਦ੍ਰਿਸ਼ ਵੀ ਸਾਡੇ ਸਾਹਮਣੇ ਸਾਕਾਰ ਹੁੰਦੇ ਹਨ। ਇਨ੍ਹਾਂ ਬਿਰਤਾਂਤਾਂ ਦੀ ਬਿਰਤਾਂਤਕਾਰੀ ਦੀ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਪੇਸ਼ ਕਰਦੇ ਹੋਣ, ਹੀਰ-ਰਾਂਝੇ ਦੇ ਇਸ਼ਕ ਦੀ ਕਹਾਣੀ ਨੂੰ ਬਿਆਨ ਕਰਦੇ ਹੋਣ, ਚੰਡੀ ਦੇ ਦੈਂਤਾਂ ਦਾ ਦਮਨ ਅਤੇ ਦੇਵਤਿਆਂ ਦੀ ਰੱਖਿਆ ਦੇ ਯੁੱਧ ਨੂੰ ਪੇਸ਼ ਕਰਦੇ ਹੋਣ, ਫ਼ਕੀਰਾਂ ਦੀ ਰਹਿਤ ਮਰਯਾਦਾ ਦਸਦੇ ਹੋਣ, ਜਾਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਜਦੋ-ਜਹਿਦ ਦੀ ਦਾਸਤਾਨ ਬਿਆਨ ਕਰਦੇ ਹੋਣ, ਉਥੇ ਇਹ ਪੇਸ਼ ਕੀਤੇ ਜਾਣ ਵਾਲੇ ਘਟਨਾ-ਸੰਦਰਭਾਂ ਦੇ ਨਾਲ ਨਾਲ ਭਾਰਤੀ ਬਿਰਤਾਂਤ ਸਿਰਜਣ ਪਰੰਪਰਾ ਅਤੇ ਮਾਨਵਵਾਦੀ ਪ੍ਰਤਿਮਾਨਾਂ ਨਾਲ ਸਰਸ਼ਾਰ ਇਤਿਹਾਸਕ ਅਤੇ ਗਿਆਨ-ਮੂਲਕ ਸਰੋਕਾਰਾਂ ਨੂੰ ਵੀ ਪੇਸ਼ ਕਰਦੇ ਹਨ। ਇਸੇ ਕਰਕੇ ਇਹ ਬਿਰਤਾਂਤ ਆਪਣੇ ਪਾਠਗਤ ਪ੍ਰਸੰਗਾਂ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਨਾਲ ਨਾਲ ਦੀ ਆਪਣੇ ਇਤਿਹਾਸਕ ਅਤੇ ਵਿਆਖਿਆ ਸ਼ਾਸਤਰੀ ਪ੍ਰਸੰਗਾਂ ਵਿਚ ਵੀ ਅਹਿਮੀਅਤ ਹਾਸਲ ਕਰ ਜਾਂਦੇ ਹਨ।

ਇਸ ਪਸੰਗ ਵਿਚ ਕਿੱਸਾ ਕਾਵਿ ਧਾਰਾ ਮੱਧਕਾਲੀ ਪੰਜਾਬੀ ਸਾਹਿਤਕ ਬਿਰਤਾਂਤ ਦੀ ਮਹੱਤਵਪੂਰਨ ਵੰਨਗੀ ਹੈ। ਇਸ ਬਿਰਤਾਂਤ ਦੇ ਆਧਾਰ-ਸਰੋਤਾਂ ਵਿਚ ਇਕ ਪਾਸੇ ਤਾਂ ਫ਼ਾਰਸੀ ਮਸਨਵੀ ਪਰੰਪਰਾ ਵੀ ਮੌਜੂਦ ਹੈ ਅਤੇ ਦੂਜੇ ਪਾਸੇ ਭਾਰਤੀ ਪਰੰਪਰਾ ਦੇ ਪ੍ਰੇਮਾ ਵਿਖਿਆਨ ਵੀ ਸ਼ਾਮਲ ਹਨ। ਇਸੇ ਕਰਕੇ ਕਿੱਸਾ ਪੰਜਾਬੀ ਬਿਰਤਾਂਤ ਸਿਰਜਣ ਪ੍ਰਕਿਰਿਆ ਸਾਮੀ ਗਿਆਨ-ਸ਼ਾਸਤਰੀ ਅਤੇ ਕਾਵਿ-ਸ਼ਾਸਤਰੀ ਸਰੋਕਾਰਾਂ ਨਾਲ ਜੋੜਦੇ ਹੋਏ, ਪੰਜਾਬੀ ਦੁਖਾਂਤ ਸੰਵੇਦਨਾ ਨੂੰ ਪੇਸ਼ ਕਰਨ ਵਾਲੇ ਬਿਰਤਾਂਤ-ਰਚਨ ਦੀ ਰਵਾਇਤ ਕਾਇਮ ਕਰਦਾ ਹੈ। ਇਸ ਤਰ੍ਹਾਂ ਕਿੱਸੇ ਦੀ ਬਿਰਤਾਂਤਕਾਰੀ ਦੀ ਪ੍ਰਕਿਰਿਆ ਵਿਚ ਇਕ ਪਾਸੇ ਤਾਂ ਸਮਕਾਲੀਨ ਇਤਿਹਾਸਕ ਤੱਤ ਹਾਜ਼ਰ ਹੁੰਦੇ ਹਨ ਅਤੇ ਨਾਲ ਦੀ ਨਾਲ ਭਾਰਤੀ ਅਤੇ ਸਾਮੀ ਬਿਰਤਾਂਤਕਾਰੀ ਦੇ ਪੁਰਾਤੱਤਵੀ ਸਰੋਕਾਰ ਵੀ ਇਸ ਵਿਚ ਸੰਜੋਏ ਹੋਏ ਹਨ। ਕਿੱਸਾ-ਕਾਵਿਧਾਰਾ ਦਾ ਬਿਰਤਾਂਤ-ਸ਼ਾਸਤਰ ਉਸਾਰਨ ਸਮੇਂ ਇਸ ਵਿਚ ਬਿਰਤਾਂਤ ਦੀ ਬਿਰਤਾਂਤਕ-ਵਿਊਂਤ ਵਿਚ ਸਮਕਾਲੀ ਯਥਾਰਥ ਦੇ ਵੇਰਵਿਆਂ ਦੇ ਹਵਾਲੇ ਨਾਲ ਮਨੁੱਖੀ ਹੋਂਦ ਦੇ ਵ੍ਰਿਤੀਆਤਮਕ ਸਰੋਕਾਰਾਂ ਅਤੇ ਪਾਰਲੌਕਿਕ ਪ੍ਰਤੀਮਾਨਾ ਦਾ ਬਹੁਪਰਤੀ ਰਚਨਾਤਮਕ ਪ੍ਰਬੰਧ ਉਸਾਰਿਆ ਗਿਆ ਹੈ। ਇਸ ਕਰਕੇ ਇਹ ਬਿਰਤਾਂਤ ਕਾਮਨਾਮਈ ਵੇਗ ਦੀ ਨਿਆਂਸ਼ੀਲਤਾ ਕਾਇਮ ਕਰਦਾ ਹੋਇਆ ਮਨੁੱਖੀ ਆਜ਼ਾਦੀ ਦੀ ਮਰਯਾਦਾ ਸਥਾਪਤੀ ਵਲ ਯਤਨਸ਼ੀਲ ਹੁੰਦਾ ਹੈ:

> ਕਿੱਸਾ-ਕਾਵਿ ਦੇ ਬਿਰਤਾਂਤਕ-ਪ੍ਰਗਟਾਅ ਵਿਚ ਕਾਮਨਾਮਈ ਵੇਗ ਦੀ ਨਿਆਂਸ਼ੀਲਤਾ ਨੂੰ ਕਾਇਮ ਰੱਖਣ ਦੀ ਬਿਰਤਾਂਤਕਾਰੀ ਦੇ ਮਕਸਦ ਵਜੋਂ ਇਸ ਵਿਚ ਮੰਗਲਾਚਰਨ, ਇਸ਼ਕ ਦੀ ਸਿਫ਼ਤ, ਯਾਰਾਂ ਦੀ ਫਰਮਾਇਸ਼, ਲਾਸਾਨੀ ਪਿਆਰ ਪ੍ਰਤਿ ਪ੍ਰਤਿਬੱਧਤਾ, ਪਿਆਰ ਦੀ ਪ੍ਰਾਪਤੀ ਲਈ ਸੰਘਰਸ਼ ਅਤੇ ਕੁਰਬਾਨੀ ਆਦਿ ਭਾਵਾਂ ਨੂੰ ਪੇਸ਼ ਕਰਨ ਲਈ ਘਟਨਾਤਮਕ ਸੰਦਰਭ ਸਿਰਜੇ ਜਾਂਦੇ ਹਨ।[53]

ਇਸੇ ਕਰਕੇ ਕਿੱਸਾ ਧਾਰਾ ਦਾ ਬਿਰਤਾਂਤਕ-ਪ੍ਰਗਟਾਅ ਅਜਿਹੀਆਂ ਰਚਨਾਤਮਕ ਜੁਗਤਾਂ ਅਤੇ ਵਿਧੀਆਂ ਦੀ ਵਰਤੋਂ ਕਰਦਾ ਹੈ, ਜੋ ਇਸ਼ਕ ਦੇ ਵ੍ਰਿਤੀਆਤਮਕ ਆਧਾਰਾਂ ਅਤੇ ਪ੍ਰੇਰਣਾ-ਸਰੋਤਾਂ ਨੂੰ ਸੰਜਮ ਵਿਚ ਬੰਨਦਾ ਹੋਇਆ ਇਸ ਨੂੰ ਮਨੁੱਖ ਦੇ ਪ੍ਰਮਾਰਥੀ ਅਤੇ ਪ੍ਰਾਭੌਤਿਕੀ ਪ੍ਰਸੰਗਾਂ ਅਤੇ ਸਰੋਕਾਰਾਂ ਨਾਲ ਜੋੜ ਦਿੰਦਾ ਹੈ। ਇਸ ਸੰਦਰਭ ਵਿਚ ਕਿੱਸਾ-ਕਾਵਿ ਧਾਰਾ ਦੀ ਬਿਰਤਾਂਤਕਤਾ ਦੀ ਸਰਗਰਮੀ ਵਿਚ ਲੀਨ ਮਨੁੱਖ ਦੀ ਵ੍ਰਿਤੀਆਤਮਕ ਸੋਚ ਵੀ ਕਾਮੁਕਤਾ ਦੀ ਪ੍ਰਕਿਰਿਆ ਤੋਂ ਵਿ-ਕਾਮੁਕਤਾ ਵਿਚ ਰੂਪਾਂਤਰਿਤ ਹੋ ਜਾਂਦੀ ਹੈ। ਇਥੇ ਇਸ਼ਕ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਯਤਨ, ਮਾਨਵੀ ਵਿਕਾਰਾਂ ਜਾਂ ਕਾਮਨਾਮਈ ਹਿਰਸਾਂ ਦਾ ਪ੍ਰਤੀਕ-ਪ੍ਰਬੰਧ ਸਿਰਜਣ ਦੀ ਥਾਂ ਮਨੁੱਖੀ ਚੋਣ ਦੀ ਆਜ਼ਾਦੀ ਅਤੇ ਸੰਤੁਲਿਤ ਮਾਨਵੀ ਰਿਸ਼ਤਿਆਂ ਦੀ ਰਚਨਾ-ਵਿਊਂਤ ਦਾ ਪ੍ਰਤੀਕ-ਪ੍ਰਬੰਧ ਕਾਇਮ ਕਰਨ ਦੀ ਸਰਗਰਮੀ ਬਣ ਜਾਂਦਾ ਹੈ।

ਪੰਜਾਬੀ ਕਿੱਸਾ-ਕਾਵਿ ਧਾਰਾ ਵਿਚ ਇਸ਼ਕ ਨੂੰ ਰੱਬੀ ਕਾਰਜ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਦਾ ਬਿਰਤਾਂਤਕ ਅਰਥ ਇਸ਼ਕ ਨੂੰ ਸਾਰਥਕ ਅਤੇ ਜ਼ਰੂਰੀ ਮਾਨਵੀ-ਕਾਰਜ ਦੇ ਰੂਪ ਵਿਚ ਨਿਆਂਸ਼ੀਲਤਾ ਪ੍ਰਦਾਨ ਕਰਦਾ ਹੈ। ਇਸੇ ਲਈ ਇਥੇ ਸਾਰਾ ਮਾਨਵਵਾਦੀ ਮੁੱਲ-ਵਿਧਾਨ ਨਾਇਕ-ਨਾਇਕਾਵਾਂ ਦਾ ਪ੍ਰਤੀਕ ਬਣ ਕੇ ਪੇਸ਼ ਹੁੰਦਾ ਹੈ। ਇਸ਼ਕ ਮਨੁੱਖ ਦੀਆਂ ਲੌਕਿਕ ਅਤੇ ਪਾਰਲੌਕਿਕ ਗਤੀਵਿਧੀਆਂ ਦਾ ਸਾਕਾਰਾਤਮਕ ਕੇਂਦਰ ਬਣਦਾ ਹੋਇਆ, ਉੱਚੀਆਂ ਮਾਨਵੀ ਕਦਰਾਂ-ਕੀਮਤਾਂ ਦਾ ਵਾਹਕ ਹੋ ਨਿਬੜਦਾ ਹੈ। ਹੀਰ ਵਾਰਿਸ ਦੇ ਪ੍ਰਗਟਾਅ ਅਨੁਸਾਰ ਇਸ ਨੂੰ 'ਇਸ਼ਕ ਕੀਤਾ ਸੁ ਜੱਗ ਦਾ ਮੂਲ ਮੀਆਂ' ਅਤੇ ਸੱਸੀ ਹਾਸ਼ਮ ਦੇ ਪ੍ਰਸੰਗ ਵਿਚ, 'ਜੋ ਮਖ਼ਲੂਕ ਨਾ ਬਾਹਰ ਇਸ ਥੀਂ' ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਜ਼ਾਹਿਰ ਹੈ ਕਿ ਇਸ਼ਕ ਦੀ ਪ੍ਰੇਰਿਕਤਾ ਰਾਹੀਂ ਮਨੁੱਖ ਦੇ ਕਾਮਨਾਮਈ ਕਾਰਜ ਹਿਰਸ ਦੀ ਕੋਟੀ ਵਿਚੋਂ ਨਿਕਲ ਕੇ ਉਚੇਰੇ ਮਾਨਵੀ ਅਮਲ ਵਿਚ ਰੂਪਾਂਤਰਿਤ ਹੋ ਜਾਂਦੇ ਹਨ।

ਵਾਰ-ਕਾਵਿ ਵਿਚ ਸ਼ਕਤੀ, ਸੱਤਾ, ਦਮਨ ਅਤੇ ਨਿੱਜ ਕੇਂਦਰਿਤ ਸਰੋਕਾਰਾਂ ਦੇ ਨਿਖੇਧ ਅਤੇ ਮਾਨਵਵਾਦੀ ਸੁਭਾਵ ਵਾਲੇ ਕਲਿਆਣਕਾਰੀ ਹਾਂ ਪੱਖੀ ਸੋਚਾਂ ਦੀ ਸਥਾਪਤੀ ਦਾ ਬਿਰਤਾਂਤ

ਸਿਰਜਣ ਦੀ ਕੋਸ਼ਿਸ਼ ਬਿਰਤਾਂਤਕਾਰੀ ਦੀ ਬੁਨਿਆਦੀ ਵਿਸ਼ੇਸ਼ਤਾ ਹੈ। ਵਾਰ ਦਾ ਬਿਰਤਾਂਤਕ-ਸੰਦਰਭ ਭਾਵੇਂ ਅਧਿਆਤਮਕ ਹੋਵੇ ਜਾਂ ਜੁਝਾਰੂ, ਉਸਦੀ ਬਿਰਤਾਂਤਕਾਰੀ ਦੀ ਪ੍ਰਕਿਰਿਆ ਦਮਨ ਦਾ ਨਿਖੇਧ, ਦਮਨਕਾਰ ਦਾ ਖਾਤਮਾ ਅਤੇ ਕਲਿਆਣੀ ਸੋਚ ਦੇ ਸਿਮਰਨ ਨੂੰ ਰਚਨਾਕਾਰੀ ਵਿਚ ਪਾਉਂਦੀ ਹੈ। ਇਸੇ ਕਰਕੇ ਵਾਰ ਕਾਵਿ ਦਾ ਬਿਰਤਾਂਤਕ ਵਿਸਤਾਰ ਵਿਰੋਧ ਮੁੱਖੀ ਮਾਨਵੀ ਸਰੋਕਾਰਾਂ ਅਤੇ ਸੰਦਰਭਾਂ ਦਾ ਵਿਆਪਕ ਟਕਰਾਓ ਵੀ ਪੇਸ਼ ਕਰਦਾ ਹੈ ਅਤੇ ਨਾਲ ਦੀ ਨਾਲ ਨੇਕੀ ਦੀ ਬਦੀ ਉੱਤੇ ਜਿੱਤ ਨੂੰ ਵੀ ਰੂਪਮਾਨ ਕਰਦਾ ਹੈ। ਇਥੇ ਜਿੱਤ ਜਾਂ ਨਿਆਂਇਸ਼ੀਲਤਾ ਸੱਚ ਆਧਾਰਤ ਅਤੇ ਕਲਿਆਣਕਾਰੀ ਕਦਰਾਂ-ਕੀਮਤਾਂ ਉੱਤੇ ਪਹਿਰਾ ਦੇਣ ਵਾਲੇ ਜੁਝਾਰੂ ਨਾਇਕ ਦੀ ਵਿਧੀ ਰਾਹੀਂ ਹੀ ਸੰਭਵ ਹੁੰਦੀ ਹੈ। ਹਿਰਸ, ਦਮਨ, ਸ਼ਕਤੀ ਅਤੇ ਸੱਤਾ ਦੀ ਲਾਲਸਾ ਰੱਖਣ ਵਾਲੇ ਵਿਅਕਤੀ ਕਿਸੇ ਸੰਦਰਭ ਵਿਚ ਵੀ ਦੁਨਿਆਵੀ ਮਾਨਤਾ ਨੂੰ ਹਾਸਲ ਨਹੀਂ ਕਰਦੇ। ਨਤੀਜੇ ਵਜੋਂ ਉਨ੍ਹਾਂ ਦੀ ਹਰ ਇਕ ਬਿਰਤਾਂਤਕ ਚਾਲ ਵਿਚ ਹਾਰ ਪੱਕੀ ਹੁੰਦੀ ਹੈ।

ਅਧਿਆਤਮਕ ਵਾਰ ਦੇ ਨਾਇਕ ਦੁਆਰਾ ਆਪਣੇ ਮਨ ਨੂੰ ਕਾਬੂ ਕਰਕੇ ਅਤੇ ਗੁਰੂ ਦੀ ਸਿੱਖਿਆ ਉਤੇ ਅਮਲ ਕਰਕੇ, ਬੁਰਾਈ ਉੱਤੇ ਜਿੱਤ ਪ੍ਰਾਪਤ ਕੀਤੀ ਜਾਂਦੀ ਹੈ। ਇਹ ਸੰਸਾਰ ਮਾਨਵੀ ਜੀਵਨ ਦੇ ਸੰਘਰਸ਼ ਅਤੇ ਘੋਲ ਦਾ ਅਖਾੜਾ ਹੈ। ਗੁਰਮੁਖ ਇਸ ਅਖਾੜੇ ਵਿਚ ਉੱਤਰਦਾ ਹੈ ਅਤੇ ਮਨ ਜੋ ਬਹੁਤ ਵੱਡਾ ਖਲਨਾਇਕ ਹੈ, ਉਸ ਨਾਲ ਗੁਰੂ ਦੀ ਦੱਸੀ ਸਿੱਖਿਆ ਉਪਰ ਅਮਲ ਕਰਦਾ ਹੋਇਆ, ਆਪਣੇ ਮਨ ਉਤੇ ਕਾਬੂ ਪਾ ਕੇ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਆਪਣੇ ਵਸ ਵਿਚ ਕਰਕੇ, ਇਨ੍ਹਾਂ ਵਿਕਾਰਾਂ ਅਤੇ ਮਨਮੁੱਖਾਂ ਨਾਲ ਘੋਲ ਕਰਦਾ ਹੋਇਆ ਉਨ੍ਹਾਂ ਨੂੰ ਪਛਾੜ ਦਿੰਦਾ ਹੈ ਅਤੇ ਅੰਤ ਵਿਜੈਈ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਦੁਨਿਆਵੀ ਅਖਾੜੇ ਦਾ ਬਿਰਤਾਂਤ ਲੈ ਕੇ ਅਧਿਆਤਮਕ ਵਿਚਾਰਾਂ ਨੂੰ ਪੇਸ਼ ਕੀਤਾ ਹੈ:

> ਹਉ ਗੋਸਾਈ ਦਾ ਪਹਿਲਵਾਨੜਾ। ਮੈਂ ਗੁਰ ਮਿਲ ਉਚ ਦਮਾਲੜਾ।
> ਸਭ ਹੋਈ ਛਿੰਜ ਇਕੱਠੀਆਂ ਦਯੁ ਬੈਠਾ ਵੇਖੈ ਆਪਿ ਜੀਉ।
> ਵਾਤ ਵਜਨ ਟਮਕ ਭੇਰੀਆਂ ਨਿਹੜੇ ਪੰਜ ਜਵਾਨ ਮੈਂ।

ਗੁਰ ਥਾਪੀ ਦਿੱਤੀ ਕੰਡਿ ਜੀਉ।[54]

ਵਾਰ ਦਾ ਵਿਸ਼ਾ ਨੇਕੀ ਅਤੇ ਬਦੀ ਵਿਚ ਟਕਰਾਓ ਵਾਲਾ ਹੁੰਦਾ ਹੈ। ਜੁਝਾਰੂ ਕਾਰਜਾਂ ਨਾਲ ਭਰਪੂਰ ਵਾਰਾਂ ਵਿਚ ਬਿਰਤਾਂਤਕ ਪ੍ਰਗਟਾਅ ਦਾ ਆਰੰਭ ਸ਼ਕਤੀ ਦੀ ਅਰਾਧਨਾ ਰਾਹੀਂ ਸੰਭਵ ਹੁੰਦਾ ਹੈ ਅਤੇ ਇਸ ਸ਼ਕਤੀ ਨੂੰ ਧਾਰਨ ਕਰਨ ਵਾਲਾ ਜਾਂ ਇਸ ਵਿਚ ਵਿਸ਼ਵਾਸ ਰੱਖਣ ਵਾਲਾ ਨਾਇਕ, ਕਪਟ ਅਤੇ ਹਿਰਸ ਨਾਲ ਵਰੋਸਾਏ ਹੋਏ ਖਲਨਾਇਕ ਵਿਰੁਧ ਜੰਗ ਦਾ ਐਲਾਨ ਕਰਦਾ ਹੈ। ਉਦਾਹਰਣ ਵਜੋਂ 'ਚੰਡੀ ਦੀ ਵਾਰ' ਵਿਚ ਗੁਰੂ ਗੋਬਿੰਦ ਸਿੰਘ ਜੀ ਮੰਗਲਾਚਰਣ ਵਿਚ 'ਪ੍ਰਿਥਮ ਭਗਾਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ' ਜਾਂ 'ਖੰਡਾ ਪ੍ਰਿਥਮੈ ਸਾਜਕੈ' ਆਦਿ ਉਕਤੀਆਂ ਰਾਹੀਂ ਹੀ ਸ਼ਕਤੀ, ਸ਼ਕਤੀਵਰ ਅਤੇ ਪ੍ਰਮਾਤਮਾ ਦੀ ਰਾਸਾਈ ਨੂੰ ਸਿਰਜਣ ਵਾਲੇ ਬਿਰਤਾਂਤ ਦਾ ਆਰੰਭ ਕਰਦੇ ਹਨ। ਇਹ ਸ਼ਕਤੀਵਰ ਮਨੁੱਖ, ਹਿਰਸੀ ਹੋਣ ਦੀ ਥਾਂ ਕਲਿਆਣਕਾਰੀ ਹੈ। ਨਿੱਜ ਕੇਂਦਰਿਤ ਹੋਣ ਦੀ ਥਾਂ ਪਰ ਕੇਂਦਰਤ ਅਤੇ ਨਿਮਾਣਿਆਂ ਦਾ ਸਹਾਇਕ ਹੈ। ਰਾਜ ਸਥਾਪਤ ਕਰਨ ਦੀ ਥਾਂ ਧਰਮ ਨੂੰ ਸਥਾਪਤ ਕਰਨ ਵਾਲਾ ਹੈ। ਇਸੇ ਕਰਕੇ ਹੀ ਭਗਾਉਤੀ ਦੀ ਅਰਾਧਨਾ, ਸੋਚ ਦੀ ਅਰਾਧਨਾ ਹੈ। ਸ਼ਕਤੀ ਸੱਚ ਦੀ ਸਥਾਪਤੀ ਦਾ ਸਾਧਨ ਹੈ, ਹਿਰਸ ਅਤੇ ਦਬਦਬਾ ਕਾਇਮ ਕਰਨ ਦੀ ਜੁਗਤ ਨਹੀਂ। ਵਾਰ-ਕਾਵਿ ਧਾਰਾ ਦਾ ਬਿਰਤਾਂਤਕ ਪ੍ਰਗਟਾਅ ਉਚੇਚੇ ਤੌਰ ਤੇ ਨਾਇਕ ਦੀ ਸੋਚ ਪ੍ਰਤਿਬੱਧਤਾ ਅਤੇ ਖਲਨਾਇਕ ਦੀ ਸੱਚ ਦੀ ਤਬਾਹੀ ਦੇ ਵਿਰੋਧ-ਜੁੱਟ ਦੀ ਪੇਸ਼ਕਾਰੀ ਰਾਹੀਂ ਨਾਇਕ ਦੀ ਜਿੱਤ ਦੀ ਪੇਸ਼ਕਾਰੀ ਕਰਦਾ ਹੈ। ਵਾਰ ਦੇ ਬਿਰਤਾਂਤਕ ਪ੍ਰਗਟਾਅ ਵਿਚ ਖਲਨਾਇਕ ਦੀ ਹਾਰ ਯਕੀਨੀ ਹੈ। ਹਾਲਾਂਕਿ ਕੁੱਝ ਵਾਰਾਂ ਦਾ ਬਿਰਤਾਂਤਕ ਪ੍ਰਗਟਾਅ ਕਿਸੇ ਜਾਬਰ ਜਾਂ ਹਮਲਾਵਰ ਦੀ ਸਿਫ਼ਤ ਨੂੰ ਰਚਨਾਕਾਰੀ ਦਾ ਕੇਂਦਰ ਵੀ ਮਿੱਥਦਾ ਹੈ, ਪਰ ਤਾਂ ਵੀ ਬਿਰਤਾਂਤ ਸਥਾਨਕ ਸ਼ਾਸ਼ਕਾਂ ਦਾ ਅਵੇਸਲਾਪਣ, ਬਦਦਿਆਨਤਦਾਰੀ ਅਤੇ ਕਾਇਰਤਾ ਨੂੰ ਹਾਰ ਦਾ ਪ੍ਰਤੀਕ ਬਣਾ ਕੇ ਪੇਸ਼ ਕਰਦਾ ਹੈ ਅਤੇ ਨਾਇਕ ਨੂੰ ਬਹਾਦਰੀ ਅਤੇ ਮਾਨਵੀ ਗੁਣਾਂ ਨਾਲ ਭਰਪੂਰ ਦੱਸਦਾ ਹੈ। ਵਾਰ-ਕਾਵਿ ਦੇ ਬਿਰਤਾਂਤ ਦਾ ਸਮੁੱਚਾ ਪਾਸਾਰ ਮੰਡਲ, ਅਜਿਹੇ ਬਿਰਤਾਂਤਕ ਕਾਰਜਾਂ, ਘਟਨਾਵਾਂ, ਸਥਿਤੀਆਂ ਅਤੇ ਯੁਗਤਾਂ ਦਾ ਨਿਰਮਾਣ ਕਰਦਾ ਹੈ, ਜੋ ਦਮਨ ਵਿਰੋਧੀ ਹੁੰਦਾ ਹੋਇਆ

ਸ਼ਕਤੀ ਦਾ ਪ੍ਰਯੋਗ ਮਾਨਵਵਾਦੀ ਅਤੇ ਮਨੁੱਖਤਾ ਦੇ ਭਲੇ ਹਿੱਤ ਸਤਿਜੁਗ ਦੀ ਬਹਾਲੀ ਲਈ ਵਰਤੋਂ ਵਿਚ ਲਿਆਉਂਦਾ ਹੈ। ਇਸੇ ਕਰਕੇ ਵਾਰ-ਕਾਵਿ ਦੇ ਬਿਰਤਾਂਤਕ ਅਰਥਾਂ ਦੀ ਸਿਰਜਣਾ ਦੀ ਪ੍ਰਕਿਰਿਆ ਨੂੰ ਸਕਾਰਾਤਮਕ ਨਿਜ਼ਾਮ ਦੀ ਬਹਾਲੀ ਜਾਂ ਸਥਾਪਤੀ ਦੀ ਸਰਗਰਮੀ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਬਿਰਤਾਂਤਕ ਪ੍ਰਵਚਨ ਦੇ ਪੱਧਰ ਉੱਤੇ ਵੀ ਵਾਰ-ਕਾਵਿ ਦੀ ਬਿਰਤਾਂਤਕਾਰੀ ਦੀ ਪ੍ਰਕਿਰਿਆ ਦਮਨ ਪ੍ਰਤੀ ਰੋਸ ਦੇ ਪ੍ਰਵਚਨ ਦਾ ਨਿਰਮਾਣ ਕਰਦੀ ਹੈ। ਇਹ ਪ੍ਰਕਿਰਿਆ ਸਾਰੇ ਹੀਲੇ ਖ਼ਤਮ ਹੋਣ ਤੋਂ ਬਾਅਦ ਤਲਵਾਰ ਦੀ ਵਰਤੋਂ ਕਰਨ ਦੀ ਪ੍ਰਕਿਰਿਆ ਹੈ। ਵਾਰ ਕਾਵਿ ਦਾ ਬਿਰਤਾਂਤਕ ਪਾਸਾਰ ਮੰਡਲ ਅਜਿਹੇ ਰਚਨਾਕਾਰੀ ਤਰਕ ਦੀ ਪੇਸ਼ਕਾਰੀ ਕਰਦਾ ਹੈ, ਜਿਥੇ ਦਮਨ ਪ੍ਰਤਿ ਮੁਜਾਹਮਤੀ ਸਾਕਾਰਾਤਮਕ ਅਤੇ ਨਿਆਂਸ਼ੀਲ ਮਨੁੱਖੀ ਸਰਗਰਮੀ ਦੇ ਰੂਪ ਵਿਚ ਪਰਿਭਾਸ਼ਤ ਹੁੰਦੀ ਹੈ। ਇਸ ਤਰ੍ਹਾਂ ਵਾਰ ਕਾਵਿ ਦਾ ਬਿਰਤਾਂਤ ਸ਼ਾਸਤਰ ਉਸਾਰਨ ਸਮੇਂ ਦਮਨ ਦੀ ਪੇਸ਼ਕਾਰੀ, ਦਮਨ ਪ੍ਰਤੀ ਮੁਜਾਹਮਤੀ ਅਤੇ ਕਲਿਆਣਕਾਰੀ ਮੁੱਲਾਂ ਦੀ ਬਹਾਲੀ ਦੀ ਗਤੀਸ਼ੀਲ ਪ੍ਰਕਿਰਿਆ ਨੂੰ ਸਮਝਣਾ ਨਿਹਾਇਤ ਜ਼ਰੂਰੀ ਹੈ। ਵਾਰ ਕਾਵਿ ਦਾ ਬਿਰਤਾਂਤਕ ਸੰਗਠਨ ਬਿਰਤਾਂਤਕ ਪ੍ਰਗਟਾਅ, ਅਰਥ ਸਿਰਜਣਾ ਅਤੇ ਪ੍ਰਵਚਨ ਦੇ ਪੱਧਰ ਉੱਤੇ ਇਸ ਵਿਧੀ ਨੂੰ ਹੀ ਰੂਪਮਾਨ ਕਰਦਾ ਹੈ।

ਪੰਜਾਬੀ ਬਿਰਤਾਂਤ ਵਿਚ ਸਾਹਿਤ ਰੂਪ ਜਨਮ ਸਾਖੀ ਅਤੇ ਗੁਰਬਿਲਾਸ ਮਹੱਤਵਪੂਰਨ ਅਤੇ ਸੰਜੀਦਗੀ ਨਾਲ ਵਿਚਾਰੀਆਂ ਜਾਣ ਵਾਲੀਆਂ ਬਿਰਤਾਂਤਕ ਰਚਨਾਵਾਂ ਹਨ। ਅਸਲ ਵਿਚ ਜਨਮ-ਸਾਖੀ ਅਤੇ ਗੁਰਬਿਲਾਸ ਇਕ ਪਾਸੇ ਤਾਂ ਭਾਰਤੀ ਬਿਰਤਾਂਤ ਸਿਰਜਣਾ ਵਿਚ ਪਈਆਂ ਸਦੀਆਂ ਪੁਰਾਣੀਆਂ ਬਿਰਤਾਂਤਕ ਪਰੰਪਰਾਵਾਂ ਦੀਆਂ ਜੁਗਤਾਂ ਨੂੰ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਾ ਕੇ ਆਪਣੇ ਬਿਰਤਾਂਤਕ ਪ੍ਰਗਟਾਅ ਦਾ ਨਿਰਮਾਣ ਕਰਦੇ ਹਨ, ਦੂਜੇ ਪਾਸੇ ਇਹ ਬਿਰਤਾਂਤ ਪੰਜਾਬੀ ਬਿਰਤਾਂਤਕਾਰੀ ਦੇ ਰਚਨਾ-ਸੰਗਠਨਾਂ ਨੂੰ ਵਿਉਂਤ-ਬੱਧ ਕਰਨ ਵਿਚ ਬੁਨਿਆਦੀ ਭੂਮਿਕਾ ਅਦਾ ਕਰਦੇ ਹਨ। ਇਸੇ ਕਰਕੇ ਇਹ ਬਿਰਤਾਂਤ ਮਹਾਂਕਰਮੀ ਅਤੇ ਪਰਮ ਸਰੂਪ ਗੁਰੂਆਂ ਦੇ ਜੀਵਨ ਵਿਵਹਾਰ ਨੂੰ ਵੀ ਪੇਸ਼ ਕਰਦੇ ਹਨ ਅਤੇ ਨਾਲ ਦੀ ਨਾਲ ਮਨੁੱਖ ਦੇ ਚੌਗਿਰਦੇ ਪਸਰੇ ਹੋਏ, ਪਰਮ-ਸੱਚ ਨਾਲ ਓਤਪੋਤ ਪਾਸਾਰ-ਮੰਡਲ ਦੀ ਵੀ ਨਿਸ਼ਾਨਦੇਹੀ ਕਰਦੇ

ਹਨ। ਇਸ ਕਰਕੇ ਇਨ੍ਹਾਂ ਬਿਰਤਾਂਤਾਂ ਦੇ ਨਾਇਕ ਲੌਕਿਕ ਅਤੇ ਪਾਰਲੌਕਿਕ ਰਚਨਾ-ਵਿਊਂਤਾਂ ਵਿਚ ਖ਼ਾਸ ਕਿਸਮ ਦੀ ਸਾਂਝ ਅਤੇ ਰਵਾਂਦਾਰੀ ਨੂੰ ਪੇਸ਼ ਕਰਨ ਵਿਚ ਸਫ਼ਲ ਹੁੰਦੇ ਹੋਏ, ਅਜਿਹੇ ਵਿਸ਼ੇ ਦੀ ਪੇਸ਼ਕਾਰੀ ਕਰਨ ਵਿਚ ਸਫ਼ਲ ਹੁੰਦੇ ਹਨ, ਜੋ ਆਪ ਤਾਂ ਤਰਣਹਾਰ ਹੈ ਹੀ ਸਗੋਂ ਤਾਰਣਹਾਰ ਵੀ ਸਾਬਤ ਹੁੰਦਾ ਹੈ।

ਬਿਰਤਾਂਤਕ ਪ੍ਰਗਟਾਅ ਦੇ ਪੱਧਰ ਉੱਤੇ ਜਨਮ-ਸਾਖੀ ਅਤੇ ਗੁਰਬਿਲਾਸ ਦਾ ਬਿਰਤਾਂਤ ਗੁਰੂ ਨਾਨਕ ਦੇਵ ਜੀ ਜਾਂ ਗੁਰੂ ਸਾਹਿਬਾਨ ਦੇ ਜੀਵਨ-ਬਿਰਤਾਂਤ ਦੀ ਪੇਸ਼ਕਾਰੀ ਕਰਦਾ ਹੈ। ਇਸੇ ਕਰਕੇ ਇਹ ਅਵਤਾਰਨੁਮਾ ਹਸਤੀਆਂ ਦੇ ਪੈਗੰਬਰੀ ਸਰੂਪ ਨੂੰ ਰੂਪਮਾਨ ਕਰਨ ਵਿਚ ਕਾਮਯਾਬ ਹੁੰਦਾ ਹੈ। ਜਨਮ ਸਾਖੀ ਅਤੇ ਗੁਰਬਿਲਾਸ ਦੇ ਬਿਰਤਾਂਤਕ-ਪ੍ਰਗਟਾਅ ਵਿਚ ਵਿਊਂਤ ਬੱਧ ਕਾਰਜਾਂ, ਸਥਿਤੀਆਂ ਅਤੇ ਕਰਮਾਂ-ਪ੍ਰਤੀਕਰਮਾਂ ਵਿਚ ਇਹਲੌਕਿਕਤਾ ਅਤੇ ਪਾਰਲੌਕਿਕਤਾ ਕੋਈ ਨਿਖੜੇ ਹੋਏ ਅਤੇ ਵਿਰੋਧੀ ਵਿਧਾਨ ਨਹੀਂ ਸਾਬਤ ਹੁੰਦੇ ਸਗੋਂ ਇਹ ਇਕ ਦੂਜੇ ਵਿਚ ਰਲੇ ਮਿਲੇ ਅਤੇ ਅੰਤਰ-ਸੰਬੰਧਤ ਵਰਤਾਰਿਆਂ ਦੇ ਰੂਪ ਵਿਚ ਪੇਸ਼ ਹੁੰਦੇ ਹਨ। ਜਨਮ ਸਾਖੀ ਸਾਹਿਤ ਵਿਚ ਬਿਰਤਾਂਤ ਅਜਿਹੇ ਯੋਜਨਾਬੱਧ ਤਰੀਕੇ ਨਾਲ ਪੇਸ਼ ਹੁੰਦਾ ਹੈ ਜੋ ਲੌਕਿਕ ਅਤੇ ਪਾਰਲੌਕਿਕ ਵਿਚ ਸਪਸ਼ਟ ਨਿਖੇੜਾ ਕਰਦਾ ਹੈ। ਇਥੇ ਲੌਕਿਕਤਾ ਅਤੇ ਪਾਰਲੌਕਿਕਤਾ ਇਕ ਦੂਜੇ ਦੇ ਆਹਮੋ-ਸਾਹਮਣੇ ਖੜੇ ਦਿਖਾਈ ਦਿੰਦੇ ਹਨ। ਲੌਕਿਕਤਾ ਦੀਆਂ ਬੁਰਾਈਆਂ ਪਾਰਲੌਕਿਕਤਾ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਪਾਰਲੌਕਿਕਤਾ ਦੀ ਅਧਿਆਤਮਿਕ ਉੱਚਤਾ ਲੌਕਿਕਤਾ ਵਿਚ ਸੰਤੁਲਨ ਦੇ ਅਰਥਾਂ ਦਾ ਸੰਚਾਰ ਕਰਕੇ ਲੋਕਾਈ ਨੂੰ ਮਾਨਸਿਕ ਬਲ ਬਖ਼ਸਦੀ ਹੈ। ਜਨਮ ਸਾਖੀ ਦਾ ਨਾਇਕ ਇਕ ਅਜਿਹੇ ਰਚਨਾਕਾਰੀ ਬਿਰਤਾਂਤਕ ਪ੍ਰਬੰਧ ਦੀ ਸਿਰਜਣਾ ਕਰਦਾ ਦਿਖਾਈ ਦਿੰਦਾ ਹੈ ਜਿਸ ਰਾਹੀਂ ਲੌਕਿਕ-ਜਗਤ ਦੀਆਂ ਬਦਇੰਤਜਾਮੀਆਂ ਨੂੰ ਬਿਰਤਾਂਤਕ ਵਿਉਂਤਕਾਰੀ ਵਿਧੀ ਨਾਲ ਨਿਯਮਬੱਧ ਕਰਦਾ ਹੋਇਆ ਨਿਰੰਤਰ ਸੰਬਾਦ ਅਤੇ ਸੰਚਾਰ ਦੀ ਵਿਧੀ ਦੁਆਰਾ ਸਤਿਯੁਗੀ ਵਿਵਸਥਾ ਸਥਾਪਿਤ ਕਰਦਾ ਹੈ। ਇਸ ਤਰ੍ਹਾਂ ਬਿਰਤਾਂਤ ਦੀ ਪ੍ਰਵਚਨਕਾਰੀ ਦੀ ਪ੍ਰਕਿਰਿਆ ਭਾਰਤੀ

ਬਿਰਤਾਂਤ-ਪਰੰਪਰਾ ਨਾਲ ਸੰਜਮ ਅਤੇ ਸੰਵਾਦ ਦੇ ਰਿਸ਼ਤੇ ਵਿਚ ਬੱਝ ਕੇ ਪੇਸ਼ ਹੁੰਦੀ ਹੋਈ ਪੰਜਾਬੀ ਬਿਰਤਾਂਤਕਾਰੀ ਦੀ ਰਚਨਾ-ਵਿਧੀ ਨੂੰ ਸਾਰਥਕ ਦਿਸ਼ਾ ਪ੍ਰਦਾਨ ਕਰਦੀ ਹੈ।

ਇਸ ਲਈ ਪੂਰਬੀ ਬਿਰਤਾਂਤਾਂ ਨੂੰ, ਉਨ੍ਹਾਂ ਦੀ ਦੂਹਰੀ ਅਰਥ ਸਿਰਜਣ ਪ੍ਰਕਿਰਿਆ ਦੇ ਸੰਦਰਭ ਵਿਚ ਰੱਖਦਿਆਂ ਇਸਦੀ ਵਿਆਪਕਤਾ ਨੂੰ ਕੇਂਦਰਿਤ ਕਰਦਿਆਂ ਸਮਝਿਆ ਜਾਣਾ ਚਾਹੀਦਾ ਹੈ। ਪੂਰਬੀ ਬਿਰਤਾਂਤਾਂ ਦੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਵਿਚ ਇਸ ਦੀ ਬਿਰਤਾਂਤਕਾਰੀ ਦੀ ਪੇਸ਼ਕਾਰੀ ਨੂੰ ਨਿਰੋਲ-ਪਾਠਗਤ ਜੁਗਤਾਂ ਅਤੇ ਅਰਥ ਸੰਚਾਰ ਦੀਆਂ ਪ੍ਰਕਿਰਿਆਵਾਂ ਤੱਕ ਹੀ ਸੀਮਿਤ ਨਾ ਕੀਤਾ ਜਾਵੇ। ਪੂਰਬੀ ਬਿਰਤਾਂਤਾਂ ਦੀ ਦੂਹਰੀ ਅਰਥ ਸਿਰਜਣ ਪ੍ਰਕਿਰਿਆ, ਬਿਰਤਾਂਤਕ ਪ੍ਰਗਟਾਅ, ਅਰਥ-ਸਿਰਜਣ ਅਤੇ ਪ੍ਰਵਚਨ ਵਿਧੀ ਦੇ ਰਵਾਇਤੀ ਰਚਨਾਕਾਰੀ ਸੰਦਰਭਾਂ ਨੂੰ ਸਮੁੱਚੇ ਰੂਪ ਵਿਚ ਦ੍ਰਿਸ਼ਟੀਗੋਚਰ ਕਰਨ ਉੱਪਰ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਨ੍ਹਾਂ ਬਿਰਤਾਂਤਾਂ ਦੇ ਨਿਰੰਤਰ ਗਤੀਸ਼ੀਲ ਸਿਰਜਣ-ਪ੍ਰਬੰਧ ਨੂੰ ਵਧੇਰੇ ਵਿਸ਼ਾਲ ਅਤੇ ਬਹੁ-ਪਾਸਾਰੀ ਸੰਦਰਭਾਂ ਵਿਚ ਰੱਖਦਿਆਂ ਦੂਹਰੀ ਅਰਥ ਸਿਰਜਣ ਪ੍ਰਕਿਰਿਆ ਅਤੇ ਬਿਰਤਾਂਤਕ ਪ੍ਰਗਟਾਅ ਨੂੰ ਸਮਝਿਆ ਜਾਣਾ ਚਾਹੀਦਾ ਹੈ। ਆਧੁਨਿਕ ਬਿਰਤਾਂਤ-ਸ਼ਾਸਤਰ ਦੇ ਸਿਧਾਂਤ ਦੀ ਬਿਰਤਾਂਤਕ ਹੋਂਦ-ਵਿਧੀ ਅਜਿਹਾ ਹੀ ਵਿਧੀਗਤ ਪਰਿਪੇਖ ਤਿਆਰ ਕਰਨ ਵਿਚ ਦ੍ਰਿਸ਼ਟੀਗੋਚਰ ਹੁੰਦੀ ਨਜ਼ਰ ਆ ਰਹੀ ਹੈ।

# ਹਵਾਲੇ ਅਤੇ ਟਿੱਪਣੀਆਂ


1. ਡਾ. ਅਮਨਦੀਪ ਵਾਤਿਸ, ***ਬਿਰਤਾਂਤ ਸ਼ਾਸਤਰ***, ਪੰਨਾ 40
2. ਡਾ. ਸੁਖਪਾਲ ਸਿੰਘ ਥਿੰਦ, ***ਬਿਰਤਾਂਤ ਸ਼ਾਸਤਰ ਉਤਰ–ਆਧੁਨਿਕ ਪਰਿਪੇਖ***, ਪੰਨਾ 51
3. Roland Barthes, ***Image, Music Text***, page 79
4. ਡਾ. ਧਨਵੰਤ ਕੌਰ, ***ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ***, ਪੰਨਾ 14
5. ***Webster's New Inaternational Dictionary of English Language Duage***, page 162
6. ਡਾ. ਧਨਵੰਤ ਕੌਰ, ਉਹੀ, ਪੰਨਾ 15
7. Booth Wayne C., ***The Phetoric of Fiction***, page 13
8. Gerald Prince, ***Narratology***, page 16
9. Mieke Bal, ***Narratology***, page 19
10. ਡਾ. ਜਗਬੀਰ ਸਿੰਘ, ***ਸ਼ਬਦ ਤੇ ਸੰਬਾਦ***, ਪੰਨਾ 117
11. ਡਾ. ਰੋਸ਼ਨ ਲਾਲ ਆਹੂਜਾ, ***ਪੰਜਾਬੀ ਦੁਨੀਆਂ***, 1960, ਪੰਨਾ 30
12. ਡਾ. ਜਗਬੀਰ ਸਿੰਘ, ***ਸ਼ਬਦ ਤੇ ਸੰਬਾਦ***, ਪੰਨਾ 118
13. Robert Scholes and Robert Kellogg, ***The Nature of Narrative***, page 4
14. ਡਾ. ਬਲਦੇਵ ਸਿੰਘ ਧਾਲੀਵਾਲ, ***ਪੰਜਾਬੀ ਬਿਰਤਾਂਤਕ ਪ੍ਰਵਚਨ***, ਪੰਨਾ 12
15. ਡਾ. ਤਰਲੋਕ ਸਿੰਘ ਕੰਵਰ, ***ਸਭਿਆਚਾਰ ਵਿਗਿਆਨ, ਬਿਰਤਾਂਤ ਸ਼ਾਸਤਰ***, ਪੰਨਾ 35
16. ਡਾ. ਗੁਰਜੀਤ ਸਿੰਘ ਸੰਧੂ, ***ਦਰਸ਼ਨ ਸਿੰਘ ਧੀਰ ਦਾ ਨਾਵਲੀ ਬਿਰਤਾਂਤ***, ਪੰਨਾ 41
17. ਡਾ. ਬਲਦੇਵ ਸਿੰਘ ਧਾਲੀਵਾਲ, ***ਪੰਜਾਬੀ ਬਿਰਤਾਂਤਕ ਪ੍ਰਵਚਨ***, ਪੰਨਾ 24

18. ***Webster's New Inaternational Dictionary of English Language Duage***, page 1503
19. ਡਾ. ਰਤਨ ਸਿੰਘ ਜੱਗੀ (ਸੰਪਾ.), ***ਸਾਹਿਤ ਅਧਿਐਨ ਵਿਧੀਆਂ***, ਪੰਨਾ 272-273
20. Donald Munro John, F. Schunker Stuart C. Carr (ed). ***Motivation and Culture***, page 18
21. ਡਾ. ਜਗਬੀਰ ਸਿੰਘ, ***ਸਮਕਾਲੀ ਪੰਜਾਬੀ ਬਿਰਤਾਂਤ***, ਪੰਨਾ 28
22. Mieke Bal, ***Narratology Introductin to the Theory of Narrative***, page 3
23. Gerald Prince, Narratology, ***The Form and Functioning of Narrative***, page 164
24. Quoted by Mieke Bal in Narratology, ***Introduction to the Theory of Narrative***, page 19
25. ਡਾ. ਹਰਭਜਨ ਸਿੰਘ ਭਾਟੀਆ, ***ਪੰਜਾਬੀ ਆਲੋਚਨਾ : ਸਿਧਾਂਤ ਤੇ ਵਿਹਾਰ,*** ਪੰਨਾ 228
26. ਡਾ. ਹਰਿਭਜਨ ਸਿੰਘ, ***ਰੂਪਕੀ***, ਪੰਨਾ 9
27. ਡਾ. ਜਗਬੀਰ ਸਿੰਘ, ***ਸਮਕਾਲੀ ਪੰਜਾਬੀ ਬਿਰਤਾਂਤ***, ਪੰਨਾ 31
28. ਡਾ. ਸੁਰਜੀਤ ਸਿੰਘ ਭੱਟੀ, ਰੂਪਵਾਦ ਅਤੇ ਸੰਰਚਨਾਵਾਦ ਆਲੋਚਨਾ: ਇਕ ਸੰਵਾਦ, ***ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ: ਸੰਬਾਦ ਤੇ ਮੁੱਲਾਂਕਣ*** (ਸੰਪਾ. ਹਰਿਭਜਨ ਸਿੰਘ ਭਾਟੀਆ), ਪੰਨਾ 165
29. ਡਾ. ਤਰਲੋਕ ਸਿੰਘ ਕੰਵਰ, ਮਾਰਕਸਵਾਦ ਤੇ ਸੰਰਚਨਾਵਾਦ, ***ਸਿਸਟਮੀ,*** (ਮੁੱਖ ਸੰਪਾ. ਹਰਿਭਜਨ ਸਿੰਘ), ਪੰਨਾ 84
30. ਡਾ. ਸੁਤਿੰਦਰ ਸਿੰਘ ਨੂਰ, ***ਸਾਹਿਤ ਸਿਧਾਂਤ ਤੇ ਵਿਹਾਰ,*** ਪੰਨਾ 14
31. ਡਾ. ਰਵਿੰਦਰ ਰਵੀ, ***ਮਾਰਕਸਵਾਦ ਅਤੇ ਸੰਰਚਨਾਵਾਦ***, ਪੰਨਾ 39-61
32. ਤੇਜਵੰਤ ਸਿੰਘ ਗਿੱਲ, ***ਪੁਨਰ ਸੰਵਾਦ***, ਪੰਨਾ 215

33. ਡਾ. ਰਘਬੀਰ ਸਿੰਘ ਸਿਰਜਣਾ, ***ਸਮਕਾਲੀ ਪੰਜਾਬੀ ਸਾਹਿਤ ਆਲੋਚਨਾ: ਸੰਬਾਦ ਤੇ ਮੁੱਲਾਂਕਣ*** (ਸੰਪਾ. ਹਰਿਭਜਨ ਸਿੰਘ ਭਾਟੀਆ), ਪੰਨਾ 96

34. A.J. Greimas, ***Structural Semantics***, page 232-316

35. Ibid, page 270

36. ਡਾ. ਸੁਖਪਾਲ ਸਿੰਘ ਥਿੰਦ, ***ਬਿਰਤਾਂਤ ਸ਼ਾਸਤਰ, ਉਤਰ ਆਧੁਨਿਕ ਪਰਿਪੇਖ***, ਪੰਨਾ 69

37. A.J. Greimas, Ibid, page 269-280

38. Ibid, page 299-300

39. ਡਾ. ਸੁਤਿੰਦਰ ਸਿੰਘ ਨੂਰ, ***ਸਾਹਿਤ ਸਿਧਾਂਤ ਤੇ ਵਿਹਾਰ***, ਪੰਨਾ 23

40. ਡਾ. ਗੁਰਬਚਨ, ***ਚਿਹਨ ਸੰਰਚਨਾ ਅਤੇ ਮਾਰਕਸਵਾਦ***, ਪੰਨਾ 19

41. ਡਾ. ਗੁਰਪਾਲ ਸਿੰਘ ਸੰਧੂ, ***ਪੰਜਾਬੀ ਨਾਵਲ: ਚਿਹਨ ਵਿਗਿਆਨਕ ਅਧਿਐਨ***, ਪੰਨਾ 10

42. ਡਾ. ਸੁਖਪਾਲ ਸਿੰਘ ਥਿੰਦ, 'ਹਰਿਭਜਨ ਸਿੰਘ ਦਾ ਬਿਰਤਾਂਤ-ਸ਼ਾਸਤਰੀ ਚਿੰਤਨ: ਸੰਕਲਪ ਅਤੇ ਸਿਰਜਣਾ ਦੀ ਪ੍ਰਕਿਰਤੀ', ***ਆਲੋਚਨਾ*** ਅੰਕ 181, ਪੰਨਾ 134-147

43. ਡਾ. ਸੁਤਿੰਦਰ ਸਿੰਘ ਨੂਰ, ***ਸੰਵਾਦ ਸਿਰਜਨਾ***, ਪੰਨਾ 48

44. ਦਵਿੰਦਰ ਇਸਰ, ***ਉਤਰ ਆਧੁਨਿਕਤਾ: ਸਾਹਿਤਯ ਔਰ ਸੰਸਕ੍ਰਿਤੀ ਕੀ ਨਯੀ ਸੋਚ***, ਪੰਨਾ 29

45. ਸੁਧੀਰ ਪਚੌਰੀ, ***ਉਤਰ ਆਧੁਨਿਕਤਾ ਔਰ ਉਤਰ ਸੰਰਚਨਾਵਾਦ***, ਪੰਨਾ 98

46. ਅਮਰਜੀਤ ਸਿੰਘ ਗਰੇਵਾਲ, ***ਪੰਜਾਬੀ ਸਭਿਆਚਾਰ: ਪਹਿਚਾਣ ਅਤੇ ਸ਼ਕਤੀ***, ਪੰਨਾ 176

47. Scholomith, Rimmon-Kenon, ***Narrative Fiction: Contemporary Poetics***, page 131

48. W.J. T. Mitchels (Ed.), ***On Narrative***, page 181

49. Paul Cobley, ***Narrative***, page 20

50. Mark Currie, ***Post Modern Narrative Theory***, page 95

51. Sholomith, Rimmon-Kenon, ***Narrative Fiction: Contemporary Poetics***, page 159
52. Paul Riocoeur, ***Times and Narrative*** Vol. I, page 157
53. ਡਾ. ਗੁਰਪਾਲ ਸਿੰਘ ਸੰਧੂ, ***ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ***, ਪੰਨਾ 106
54. ***ਆਦਿ ਗ੍ਰੰਥ***, ਪੰਨਾ 74

# ਅਧਿਆਇ ਦੂਜਾ

*

*

*

## ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਬਿਰਤਾਂਤਕ-ਪ੍ਰਗਟਾਅ

(ੳ) ਗੁਰੂ ਦੀ ਸੰਕਲਪਨਾ ਦਾ ਬਿਰਤਾਂਤ

(ਅ) ਗੁਰੂ ਨਾਨਕ ਦੇ ਜੀਵਨ ਦੇ ਪ੍ਰਮਾਰਥੀ ਸੰਦਰਭ

(ੲ) ਗੁਰਮਤਿ ਦਰਸ਼ਨ ਦੇ ਨਿਵੇਕਲੇ ਸੰਦਰਭਾਂ ਦਾ ਪ੍ਰਗਟਾਅ

## ਅਧਿਆਇ ਦੂਜਾ

# ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਬਿਰਤਾਂਤਕ ਪ੍ਰਗਟਾਅ

ਪਹਿਲੀ ਵਾਰ ਦੀਆਂ ਕੁਲ 49 ਪਉੜੀਆਂ ਹਨ। ਵਿਸ਼ੈ ਵਸਤੂ ਦੇ ਪੱਖੋਂ ਪਹਿਲੀ ਵਾਰ ਸਭ ਤੋਂ ਮਹੱਤਵਪੂਰਨ ਵਾਰ ਹੈ। ਸਾਹਿਤ ਆਲੋਚਕਾਂ ਨੇ ਭਾਈ ਗੁਰਦਾਸ ਦੇ ਗੁਰਮਤ ਇਤਿਹਾਸ, ਫ਼ਲਸਫ਼ੇ ਤੇ ਸਿਧਾਂਤ ਦੀ ਇਸ ਨੂੰ ਭੂਮਿਕਾ ਵੀ ਕਿਹਾ ਹੈ। ਭਾਈ ਗੁਰਦਾਸ ਮੰਗਲਾਚਰਨ ਨਾਲ ਵਾਰ ਦਾ ਆਰੰਭ ਕਰਦੇ ਹਨ। ਮੰਗਲਾਚਰਨ ਉਪਰੰਤ ਜਗਤ ਦੀ ਉਤਪਤੀ, ਮਨੁੱਖੀ ਜਾਮੇ ਦੀ ਸ੍ਰੇਸ਼ਟਤਾ, ਜੁਗਾਂ ਦੀ ਰਚਨਾ, ਛੇ ਸ਼ਾਸਤਰਾਂ ਦੇ ਫ਼ਲਸਫ਼ੇ ਦਾ ਸੰਖੇਪ ਵਰਣਨ, ਗੁਰੂ ਨਾਨਕ ਪੂਰਵ ਜੁਗਗਰਦੀ ਬਾਰੇ ਪ੍ਰਭਾਵਸ਼ਾਲੀ ਵਿਚਾਰ ਪ੍ਰਗਟ ਕੀਤੇ ਹਨ। ਨਾਨਕ ਪੂਰਵ ਸਮੇਂ ਦੇ ਹਾਲਾਤ ਦਾ ਬਿਆਨ ਬਹੁਤ ਹੀ ਕਰੁਣਾਜਨਕ ਢੰਗ ਨਾਲ ਕੀਤਾ ਹੈ। ਭਾਈ ਗੁਰਦਾਸ ਦੇ ਅਵਚੇਤਨ ਵਿਚ ਇਹ ਗੱਲ ਬੈਠੀ ਹੋਈ ਹੈ ਕਿ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ, ਅਧਰਮ ਦਾ ਵਾਧਾ ਹੁੰਦਾ ਹੈ, ਤਦ ਹੀ ਕੋਈ ਅਗੰਮੜਾ ਮਨੁੱਖ ਜਨਮ ਲੈਂਦਾ ਹੈ। ਗੀਤਾ ਵਿਚ ਲਿਖਿਆ ਹੈ:

ਯਦਾ ਯਦਾ ਹਿ ਧਰਮਸਯ ਗਲਾਇਨ ਭਵਤੀ ਭਾਰਤ।
ਅਭਯੂਤਥੁਨਮ ਧਰਮ ਅਸਯ ਤਦਾਤ ਮਾਨੰ ਸ੍ਰਿਜਾਮਿਹਸ।
ਅਸੁਕਾਨਮ ਧਰਮਸਯ ਤਦਾਤਮਾਨਯ ਸੁਜਾਮਯਹਮ।[1]

ਭਾਈ ਗੁਰਦਾਸ ਨੇ ਤੱਤਕਾਲੀ ਸਮਾਜਿਕ ਦਸ਼ਾ ਦੇ ਬਿਤਰਾਂਤ ਨੂੰ ਇਉਂ ਸਿਰਜਿਆ ਹੈ:

ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।।[2]
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।।[3]
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।।[4]
ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।।[5]

ਇਨ੍ਹਾਂ ਹਾਲਤਾਂ ਵਿਚ ਕਿਸੇ ਪਰਮ ਪੁਰਖ ਦੀ ਆਮਦ ਲਾਜ਼ਮੀ ਸੀ। ਕੁਦਰਤ ਨੇ ਪੁਕਾਰ ਸੁਣ ਕੇ ਜਗਤ ਤਾਰਣ ਤੇ ਨਿਸਤਾਰਣ ਲਈ ਭੇਖ ਦੰਭ ਤੇ ਅਧਰਮ ਦੇ ਖਾਤਮੇ ਲਈ, ਪ੍ਰਿਥਵੀ ਨੂੰ ਪਾਪਾਂ ਦੇ ਬੋਝ ਤੋਂ ਮੁਕਤ ਕਰਨ ਲਈ ਨਾਨਕ ਨੂੰ ਮਾਤ ਲੋਕ ਵਿਚ ਭੇਜਿਆ। "ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।"[6] ਵਾਰ ਦਾ ਦੂਜਾ ਹਿੱਸਾ 23 ਵੀ ਤੋਂ 44 ਵੀਂ ਪਉੜੀ ਤੱਕ ਗੁਰੂ ਨਾਨਕ ਦਾ ਜੀਵਨ ਬਿਰਤਾਂਤ ਹੈ। ਇਕ ਪਾਸੇ ਤਾਂ ਭਾਈ ਗੁਰਦਾਸ ਗੁਰੂ ਨਾਨਕ ਦੇ ਜੀਵਨ ਦਾ ਸਹਿਜ ਚਿਤਰ ਪੇਸ਼ ਕਰ ਰਹੇ ਹਨ ਤੇ ਦੂਜੇ ਪਾਸੇ ਸਿਧਾਂ ਯੋਗੀਆਂ, ਨਾਥਾਂ, ਕਾਜੀਆਂ, ਬ੍ਰਾਹਮਣਾਂ ਨਾਲ ਗੁਰੂ ਨਾਨਕ ਸੰਵਾਦ ਰਚਾ ਰਹੇ ਹਨ। ਸੰਵਾਦ ਵਿਚ ਟੱਕਰ ਹੈ। ਭਾਈ ਗੁਰਦਾਸ ਦੀ ਲਿਖਣ ਵਿਧੀ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਨ ਵਾਲੀ ਹੈ। ਪੂਰੇ ਸਮਾਜ ਦੇ ਰਾਜਨੈਤਿਕ, ਸਮਾਜਕ, ਸੰਸਕ੍ਰਿਤਕ, ਆਰਥਿਕ ਤੇ ਧਾਰਮਿਕ ਹਨੇਰੇ ਦੇ ਪਸਾਰੇ ਨੂੰ ਪਉੜੀ 30 ਵਿਚ ਸੰਖੇਪ ਰੂਪ ਵਿਚ ਪੇਸ਼ ਕੀਤਾ ਹੈ। 'ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈਂ' ਤੋਂ ਲੈ ਕੇ 'ਵਰਤਿਆ ਪਾਪੁ ਸਭਸਿ ਜਗਿ ਮਾਹੀ' ਆਖਿ ਕੇ ਹਾਲਾਤਾਂ ਦਾ ਪੂਰਾ ਵੇਰਵਾ ਦੇ ਦਿੱਤਾ ਹੈ।

45ਵੀਂ, 46ਵੀ ਅਤੇ 47ਵੀਂ ਪਉੜੀ ਵਿਚ ਕ੍ਰਮਵਾਰ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਦੀ ਮਹਿਮਾ ਗਾਈ ਹੈ।

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥[7]
ਗੁਰ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ॥[8]
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥[9]
ਫਿਰਿ ਆਈ ਘਰ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ॥[10]

48 ਵੀਂ ਪਉੜੀ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਦੀ ਸਿਫ਼ਤ ਸਲਾਹ ਤੇ 49ਵੀਂ ਪਉੜੀ ਵਿਚ ਮਨੁੱਖੀ ਭਲਾਈ 'ਸ਼ਬਦ' ਵਾਹਿਗੁਰੂ ਦੀ ਵਿਆਖਿਆ ਕੀਤੀ ਹੈ। 49ਵੀਂ ਪਉੜੀ ਵਿਚ ਸਤਹੀ ਨਜ਼ਰੇ ਵੇਖਿਆਂ ਇਉਂ ਲਗਦਾ ਹੈ ਜਿਵੇਂ ਭਾਈ ਗੁਰਦਾਸ ਵਾਹਿਗੁਰੂ ਸ਼ਬਦ ਦੀ ਉਤਪਤੀ ਦੇ

ਇਤਿਹਾਸਕ ਪ੍ਰਕਰਣ ਦਾ ਵੇਰਵਾ ਦੇ ਰਹੇ ਹੋਣ ਪਰ ਅੰਤਮ ਅੱਧੀ ਸਤਰ 'ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ' ਵਿਚ ਪੂਰੇ ਸੈਮੈਟਿਕ, ਕੈਥੋਲਿਕ, ਹਿੰਦੂ, ਬੁੱਧ, ਜੈਨ ਤੇ ਸਿੱਖ ਮਤ ਦਾ ਨਿਚੋੜ ਪੇਸ਼ ਕੀਤਾ ਹੈ। ਜਗਤ/ਦੁਨੀਆਂ ਇਕ ਵਰਤਾਰਾ ਹੈ, ਪੈਦਾ ਹੁੰਦਾ ਹੈ, ਬਿਨਸਦਾ ਹੈ। ਇਸ ਨੂੰ ਕੌਣ ਨਿਅੰਤਰਿਤ ਕਰਦਾ ਹੈ, ਕਿਥੋਂ ਪੈਦਾ ਹੁੰਦਾ ਹੈ? ਕਿਥੇ ਸਮਾ ਜਾਂਦਾ ਹੈ? ਹਰ ਧਰਮ ਦਾ ਸਿਧਾਂਤ ਜਗਤ ਦੇ ਵਿਧਾਨ ਨੂੰ ਇਹ ਕਹਿ ਕੇ ਹੀ ਖ਼ਤਮ ਕਰਦਾ ਹੈ ਕਿ ਜਿਥੋਂ ਸਾਰਾ ਪਸਾਰਾ ਸ਼ੁਰੂ ਹੁੰਦਾ ਹੈ ਉਥੇ ਹੀ ਖ਼ਤਮ ਹੋ ਜਾਂਦਾ ਹੈ ਯਾਨਿ ਆਦਿ ਬਿੰਦੂ ਤੇ ਵਿਦਾ ਬਿੰਦੂ ਇਕ ਦੂਜੇ ਵਿਚ ਸਮਾ ਜਾਂਦੇ ਹਨ।

ਭਾਈ ਗੁਰਦਾਸ ਵਾਰ ਕਾਵਿ ਦੇ ਮਾਧਿਅਮ ਦੁਆਰਾ ਗੁਰੂ ਇਤਿਹਾਸ, ਗੁਰ ਮਰਯਾਦਾ, ਗੁਰਮਤਿ ਫ਼ਲਸਫ਼ੇ ਦਾ ਪ੍ਰਵਚਨ ਸਿਰਜਨ ਵਿਚ ਪੂਰੀ ਤਰ੍ਹਾਂ ਸਫ਼ਲ ਹੈ। ਗੁਰਮਤ ਦੇ ਸੰਕਲਪਾਂ, ਸਿਧਾਂਤਾਂ, ਉਪਕਾਰ ਬਚਨ, ਹੁਕਮ, ਰਹਿਮਤ ਦਇਆ, ਗੁਰੂ ਮਹਿਮਾ, ਗੁਰਮਤ ਦੀ ਜੋਗ ਜੁਗਤਿ ਤੇ ਸਭ ਤੋਂ ਵੱਧ ਗੁਰ ਪ੍ਰਸਾਦਿ ਦੀ ਮਹਿਮਾ ਨੂੰ ਸ਼ਬਦ ਚਿਤਰਾਂ ਵਿਚ ਪੇਸ਼ ਕੀਤਾ ਹੈ। ਪੰਜਾਬੀ ਵਾਰ ਇਤਿਹਾਸ ਵਿਚ ਭਾਈ ਗੁਰਦਾਸ ਦੀ ਅਦੁਤੀ ਦੇਣ ਕਰਕੇ ਆਪ ਨੂੰ ਗੁਰੂ ਘਰ ਦਾ ਵੇਦ ਵਿਆਸ, ਸੇਂਟਪਾਲ, ਜਿਉਂਦਾ ਜਾਗਦਾ ਮਹਾਂਕੋਸ਼ ਕਹਿ ਕੇ ਸਤਿਕਾਰਿਆ ਜਾਂਦਾ ਹੈ। ਆਪ ਦੀ ਕਲਮ ਰਾਹੀਂ ਸਿੱਖੀ ਦੀ ਸੇਵਾ ਬੇਮਿਸਾਲ ਹੈ। ਕਾਲਾ ਸਿੰਘ ਬੇਦੀ ਆਪ ਦੀ ਕਾਵਿਕ ਪ੍ਰਤਿਭਾ ਦੀ ਵਡਿਆਈ ਕਰਦਿਆਂ ਲਿਖਦੇ ਹਨਃ

"ਇਨ੍ਹਾਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਐਵੇਂ ਨਹੀਂ ਕਿਹਾ ਗਿਆ। ਇਨ੍ਹਾਂ ਵਿਚ ਇਕ ਸਚਾਈ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ਾ ਇਕ ਬੰਨੇ ਗੁਰਬਾਣੀ ਦੀ ਵਿਆਖਿਆ ਹੈ, ਦੂਜੇ ਬੰਨੇ ਗੁਰੂ ਵਿਅਕਤੀਆਂ ਦੇ ਜੀਵਨ ਅਤੇ ਗੁਰਸਿੱਖੀ ਦੇ ਮਾਰਗ ਨਾਲ ਜੁੜਿਆ ਹੋਇਆ ਹੈ।"[11]

ਭਾਈ ਗੁਰਦਾਸ ਸਿੱਖ ਰਹਿਣੀ ਬਹਿਣੀ, ਕਹਿਣੀ ਤੇ ਕਥਨੀ ਦੇ ਮੁਹਾਵਰੇ ਤੋਂ ਭਲੀ ਪ੍ਰਕਾਰ ਪਰੀਚਿਤ ਸਨ ਇਸ ਲਈ ਉਹ ਅਧਿਆਤਮ ਤੇ ਭੌਤਿਕਤਾ ਨੂੰ ਆਤਮਸਾਤ ਕਰ ਕੇ ਇਕ

ਨਵਾਂ ਬਿਰਤਾਂਤ ਸਿਰਜਣ ਦੇ ਸਮਰਥ ਹਨ। ਗੁਰਮਤਿ ਫ਼ਲਸਫ਼ਾ ਨਿਰਾਪੁਰਾ ਦੇਵ-ਮੁੱਖ ਨਹੀਂ, ਲੋਕ-ਮੁੱਖ ਵੀ ਹੈ। ਭਾਈ ਗੁਰਦਾਸ ਲੋਕਮੁੱਖਤਾ ਦੀ ਚੂਲ ਨੂੰ ਬਾਖੂਬੀ ਸਮਝਦੇ ਸਨ ਤੇ ਉਹ ਗੁਰਮਤਿ ਸਿਧਾਂਤਾਂ ਤੇ ਸੰਕਲਪਾਂ ਦੀ ਮਦਦ ਨਾਲ ਜਨ ਮਾਨਸ ਨੂੰ ਦੱਸਣਾ ਵੀ ਚਾਹੁੰਦੇ ਸਨ ਕਿ ਅਗਲਾ ਜੀਵਨ ਤਾਂ ਹੀ ਸੁਧਰੇਗਾ ਜੇ ਹੁਣ ਦਾ ਜੀਵਨ ਵਧੀਆ ਹੋਵੇਗਾ। ਕਲਿਜੁਗ ਬੇਸਮਝੀ ਦਾ ਸਾਗਰ ਹੈ।

ਕੋਈ ਪੂਜੈ ਚੰਦ ਸੂਰੁ ਕੋਈ ਧਰਤਿ ਅਕਾਸੁ ਮਨਾਵੈ।।
ਪਉਣੁ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ।।
ਫੋਕਟਿ ਧਰਮੀ ਭਰਮਿ ਭੁਲਾਵੈ।।[12]

ਆਪਣੀ ਆਪਣੀ ਬੁੱਧੀ ਤੇ ਮਨੌਤਾਂ ਅਨੁਸਾਰ ਲੋਕ, ਚੰਦ, ਸੂਰਜ, ਧਰਤੀ, ਅਕਾਸ਼ ਦੀ ਪੂਜਾ ਕਰ ਰਹੇ ਹਨ। ਕੁੱਝ ਧਰਮ ਦੇ ਅਡੰਬਰ ਵਿਚ ਫਸੇ ਲੋਕ ਪਵਨ, ਪਾਣੀ, ਅੱਗ ਤੇ ਮੌਤ ਦੇ ਦੇਵਤੇ ਦੀ ਪੂਜਾ ਕਰ ਕੇ ਰਿਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਦੇਵ ਲੋਕ ਜਾਂ ਅਗਲੇ ਜੀਵਨ ਦੀ ਲਾਲਸਾ ਵਿਚ ਇਸ ਮਨੁੱਖੀ ਜੀਵਨ ਨੂੰ ਬਰਬਾਦ ਕਰ ਰਹੇ ਹਨ। ਬਹੁ ਗਿਣਤੀ ਅਜਿਹੇ ਲੋਕਾਂ ਦੀ ਹੈ ਜਿਨ੍ਹਾਂ ਨੂੰ ਚੰਗੇ ਮੰਦੇ ਦੀ ਪਛਾਣ ਨਹੀਂ ਹੈ। ਲੋਕ ਤੰਤਰ ਮੰਤਰ ਜੰਤਰ ਵਿਚ ਸਮਾਂ, ਧਨ ਤੇ ਆਤਮ ਬਲ ਦਾ ਨਾਸ ਕਰ ਰਹੇ ਹਨ। ਪੱਥਰਾਂ ਤੇ ਮੜੀਆਂ ਦਾ ਪੂਜਨ ਕਰ ਕੇ ਗਲਤ ਤੇ ਦੂਸ਼ਿਤ ਭਰਮ ਜਾਲ ਵਿਚ ਫਸ ਰਹੇ ਹਨ। ਅਜਿਹੇ ਆਪੋ ਧਾਪੀ ਦੇ ਸਮੇਂ ਕੋਈ ਕਿਸੇ ਦੀ ਸੁਣਦਾ ਨਹੀਂ। ਸੱਚ ਦੇ ਅਭਿਲਾਸ਼ੀ ਸਭ ਹਨ ਪਰ ਸੱਚ ਦਾ ਮਾਰਗ ਕਿਸੇ ਨੂੰ ਨਹੀਂ ਪਤਾ।

ਭਾਈ ਗੁਰਦਾਸ ਆਪਣੇ ਵਕਤ ਦੀਆਂ ਕਦਰਾਂ-ਕੀਮਤਾਂ ਨੂੰ ਮਾਨਸਿਕ ਤਰਾਜੂ ਵਿਚ ਤੋਲਦੇ ਹੋਏ ਇਕ ਨਵਾਂ ਬਿਰਤਾਂਤ ਸਿਰਜ ਰਹੇ ਹਨ ਤੇ ਇਸ ਬਿਰਤਾਂਤ ਦਾ ਕੇਂਦਰੀ ਪਾਤਰ ਗੁਰੂ ਨਾਨਕ ਦਾ ਆਗਮਨ ਹੈ। ਭੌਤਿਕ ਤੇ ਪ੍ਰਮਾਰਥੀ ਤਬਦੀਲੀ ਗੁਰੂ ਨਾਨਕ ਦੇ ਆਗਮਨ ਤੋਂ ਬਾਅਦ ਵਾਪਰਦੀ ਹੈ। ਇਸੇ ਲਈ ਕਈ ਸਾਹਿਤ ਆਲੋਚਕਾਂ ਨੇ ਪਹਿਲੀ ਵਾਰ ਨੂੰ ਗੁਰੂ ਨਾਨਕ ਦੀ ਵਾਰ ਵੀ ਕਿਹਾ ਹੈ। ਭਾਈ ਗੁਰਦਾਸ ਨੇ ਇਸ ਵਾਰ ਵਿਚ ਵੱਖ ਵੱਖ ਬਿਰਤਾਂਤ ਸਿਰਜੇ ਹਨ। ਇਨ੍ਹਾਂ

ਬਿਰਤਾਂਤਾਂ ਵਿਚ ਅੰਦਰੂਨੀ ਸਾਂਝ ਕਾਇਮ ਹੈ। ਪਹਿਲਾ ਬਿਰਤਾਂਤ ਹੈ ਕਿ ਗੁਰੂ ਨਾਨਕ ਤੋਂ ਪਹਿਲਾਂ ਸਮਾਜ ਵਿਚ ਦਸ਼ਾ ਤੇ ਦਿਸ਼ਾ ਹੀਨਤਾ ਸੀ। ਧਰਮ ਦੇ ਨਾਂ ਤੇ ਅਧਰਮ ਦਾ ਕਾਰੋਬਾਰ ਸੀ। ਗੁਰੂ ਨਾਨਕ ਦਾ ਜਨਮ ਮਨੋਰਥ ਮੁੱਖ ਹੈ, ਉਹ ਸੜਦੀ ਹੋਈ ਧਰਤੀ ਨੂੰ ਸ਼ਾਂਤ ਕਰਨ ਆਏ ਹਨ। ਜਨਮ ਉਪਰੰਤ ਗੁਰੂ ਨਾਨਕ ਆਮ ਵਿਅਕਤੀ ਦੀ ਤਰ੍ਹਾਂ ਜਨਮ ਭੂਮੀ (ਸਥਾਨਕ ਥਾਂ) ਤੱਕ ਹੀ ਮਹਿਦੂਦ ਨਹੀਂ ਰਿਹਾ। ਉਹ ਧਰਤੀ ਦੇ ਚਾਰੇ ਕੋਨਿਆਂ ਤੱਕ ਪਹੁੰਚਦਾ ਹੈ। ਚਾਰ ਉਦਾਸੀਆਂ ਕਰਕੇ ਯਾਨਿ ਸੰਸਾਰ ਭ੍ਰਮਣ ਕਰਕੇ ਸੱਚ ਦਾ ਸੰਦੇਸ਼ ਆਪਣੀ ਜਾਹਰੀ ਕਲਾ ਦੇ ਬਿਰਤਾਂਤ ਰਾਹੀਂ ਘਰ ਘਰ ਪਹੁੰਚਾਉਂਦਾ ਹੈ। ਕੁਦਰਤ ਦੇ ਨਿਯਮ ਅਨੁਸਾਰ ਤਬਦੀਲੀ ਲਾਜ਼ਮੀ ਹੈ ਆਪਣੇ ਪੰਜ ਭੌਤਿਕ ਸਰੀਰ ਨੂੰ ਛੱਡਣ ਤੋਂ ਪਹਿਲਾਂ ਉਹ ਆਪਣੇ ਵਿਚਾਰਾਂ ਤੇ ਫਿਲਾਸਫੀ ਦੀ ਵਾਗਡੋਰ ਯੋਗ ਅਧਿਕਾਰੀ ਹੱਥ ਸੌਂਪਦੇ ਹਨ। ਇਥੋਂ ਹੀ ਗੁਰਮਤ ਦਰਸ਼ਨ ਵਿਚ ਗੁਰੂ ਸ਼ਿਸ਼ ਪਰੰਪਰਾ ਦਾ ਸ਼ੁਭ ਆਰੰਭ ਹੁੰਦਾ ਹੈ।

ਬਿਰਤਾਂਤ ਵਿਚ ਜ਼ਿੰਦਗੀ ਦਾ ਮਾਨਵੀ ਰੂਪ ਪਾਤਰ/ਪਾਤਰਾਂ ਰਾਹੀਂ ਪੇਸ਼ ਹੁੰਦਾ ਹੈ। ਪਹਿਲੀ ਵਾਰ ਵਿਚ ਭਾਈ ਗੁਰਦਾਸ ਇਤਿਹਾਸ ਤੇ ਤੱਥ ਸੱਚ ਦੀ ਪੇਸ਼ਕਾਰੀ ਦਾ ਬਿਰਤਾਂਤ ਨਹੀਂ ਸਿਰਜ ਰਹੇ ਸਗੋਂ ਇਤਿਹਾਸ ਤੇ ਤੱਥ ਸੱਚ ਨੂੰ ਮਾਧਿਅਮ ਬਣਾ ਕੇ ਗੁਰੂ ਨਾਨਕ ਦੇ ਆਗਮਨ, (ਜੋ ਕਿ ਆਪਣੇ ਆਪ ਵਿਚ ਨਿਵੇਕਲਾ ਬਿਰਤਾਂਤ ਹੈ) ਉਨ੍ਹਾਂ ਦੀ ਨਿਰਾਲੀ ਤੇ ਸਹਿਜ ਸੁਖਾਲੀ ਵਿਚਾਰਧਾਰਾ ਤੇ ਉਸ ਸਮੇਂ ਅਨੁਕੂਲ ਨਵੀਆਂ ਪਰੰਪਰਾਵਾਂ ਦੀ ਸਥਾਪਨਾ ਦੀ ਆਵਸ਼ਕਤਾ ਦੇ ਵਰਣਨ ਦਾ ਬਿਰਤਾਂਤ ਸਿਰਜ ਰਹੇ ਹਨ। ਭਾਈ ਗੁਰਦਾਸ ਨੇ ਪੂਰਵ ਗੁਰੂ ਨਾਨਕ ਦੇ ਸਮਾਜਕ ਰਾਜਨੀਤਕ, ਧਾਰਮਿਕ ਤੇ ਸੰਸਕ੍ਰਿਤਕ ਸਥਿਤੀ ਨੂੰ ਜੁਗਿ ਗਰਦੀ ਤੇ ਪਾਪ ਦੇ ਵਰਤਾਰੇ ਦੀ ਸੰਗਿਆ ਦਿੱਤੀ ਹੈ।

ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ॥[13]
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ॥
ਪਾਪੇ ਦਾ ਵਰਤਿਆ ਵਰਤਾਰਾ॥[14]

ਪਹਿਲੀ ਵਾਰ ਵਿਚ ਇਤਿਹਾਸ, ਮਿਥਿਹਾਸ ਤੇ ਦਰਸ਼ਨ ਦੇ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਤੇ ਤਰਕ ਪੂਰਣ ਢੰਗ ਨਾਲ ਗੁੰਦਿਆ ਗਿਆ ਹੈ। ਭਾਈ ਗੁਰਦਾਸ ਦੀਆਂ ਸਮੁੱਚੀਆਂ ਵਾਰਾਂ ਵਿਚੋਂ ਵਿਸ਼ੇ, ਰੂਪ ਤੇ ਆਕਾਰ ਦੇ ਮਹੱਤਵ ਪੱਖੋਂ ਇਸ ਵਾਰ ਦਾ ਮਹੱਤਵ ਵਧੇਰੇ ਹੈ। ਪਹਿਲੀ ਵਾਰ ਦੀ ਪਹਿਲੀ ਪਉੜੀ ਮੰਗਲਾਚਰਨ ਦੀ ਹੈ। ਵਾਰ ਦੇ ਨਿਯਮਾਂ ਅਨੁਸਾਰ ਵਾਰ ਕਵੀ ਆਪਣੇ ਧਰਮ ਤੇ ਵਿਸ਼ਵਾਸ ਅਨੁਸਾਰ ਆਪਣੇ ਇਸ਼ਟ ਦੀ ਅਰਾਧਨਾ ਕਰਦਾ ਹੈ। ਉਸ ਤੋਂ ਕਾਰਜ ਦੇ ਸੰਪੂਰਣ ਲਈ ਰਹਿਮਤ ਤੇ ਕ੍ਰਿਪਾ ਦੀ ਮੰਗ ਕਰਦਾ ਹੈ। ਮੰਗਲਾਚਰਣ 'ਨਮਸਕਾਰ ਗੁਰਦੇਵ ਕਉ' ਦੇ ਆਰੰਭ ਨਾਲ ਹੀ ਕਵੀ, ਜੀਵਨ-ਕੀਮਤਾਂ ਦੇ ਬਿਰਤਾਂਤ ਦੀ ਸ਼ੁਰੂਆਤ ਕਰਦਾ ਹੈ।

**(ੳ) ਗੁਰੂ ਦੀ ਸੰਕਲਪਨਾ ਦਾ ਬਿਰਤਾਂਤ**

ਭਾਈ ਗੁਰਦਾਸ ਪੰਜਾਬੀ ਸਾਹਿਤ ਇਤਿਹਾਸ ਵਿਚ ਪਹਿਲਾ ਵਾਰ ਕਰਤਾ ਹੈ ਜਿਸਨੇ ਵਾਰ ਨੂੰ, ਵਾਰ ਰੱਖਦਿਆਂ ਗੁਰਮਤਿ ਵਿਆਖਿਆ, ਗੁਰੂ ਦਰਸ਼ਨ, ਗੁਰੂ ਉਪਮਾ, ਗੁਰੂ ਜੀਵਨ ਤੇ ਗੁਰੂ ਉਪਦੇਸ਼ ਦਾ ਵਾਹਨ ਬਣਾਇਆ। ਆਪ ਨੇ ਵਾਰਾਂ ਸਿੱਖ ਲਹਿਰ ਦੀ ਵਿਆਖਿਆ ਲਈ ਲਿਖੀਆਂ। ਪਹਿਲੀ ਵਾਰ ਵਿਚ ਉਨ੍ਹਾਂ ਸਿੱਖ ਸਿਧਾਂਤਾਂ ਤੇ ਗੁਰਮਤਿ ਫ਼ਲਸਫ਼ੇ ਨੂੰ ਦੇਸ਼ ਵਿਚ ਪ੍ਰਚਲਿਤ ਹੋਰਨਾਂ ਸਿਧਾਂਤਾਂ ਦੇ ਟਾਕਰੇ ਉੱਤੇ ਸਮੇਂ ਦੀਆਂ ਲੋੜਾਂ ਦੇ ਵਧੇਰੇ ਅਨੁਕੂਲ ਦਰਸਾਇਆ ਹੈ। ਭਾਈ ਗੁਰਦਾਸ ਦੀ, ਜੀਵਨ ਦ੍ਰਿਸ਼ਟੀ ਤੇ ਫ਼ਲਸਫ਼ੇ ਦਾ ਆਧਾਰ, ਆਦਿ ਗ੍ਰੰਥ ਦੀ ਬਾਣੀ ਤੇ ਚਾਰ ਗੁਰੂਆਂ ਦੀ ਸੰਗਤ ਤੇ ਨੇੜਤਾ ਹੈ। ਗੁਰਬਾਣੀ ਧਰਮ ਦੇ ਖੇਤਰ ਦੀ ਵਸਤੂ ਹੈ ਇਸਦੇ ਆਲੇ-ਦੁਆਲੇ ਸ਼ਰਧਾ ਅਤੇ ਵਿਸ਼ਵਾਸ ਦੀਆਂ ਤੀਬਰ ਭਾਵਨਾਵਾਂ ਦਾ ਵਾਯੂਮੰਡਲ ਪਸਰਿਆ ਹੋਇਆ ਹੈ। ਇਹ 'ਧੁਰ ਕੀ ਬਾਣੀ', 'ਇਲਾਹੀ ਬਾਣੀ' ਤੇ ਰੱਬੀ ਸੰਦੇਸ਼ ਹੈ। ਇਹ ਬਾਣੀ ਜਿਗਿਆਸੂ ਬਿਨਾਂ ਕਿਸੇ ਮਨੁੱਖ ਦੀ ਧਾਰਮਿਕ ਤੇ ਅਧਿਆਤਮਕ ਅਗਵਾਈ ਦਾ ਗਹਿਰ ਗੰਭੀਰ ਸੋਮਾ ਹੈ। ਜਿਗਿਆਸੂ (ਰੰਗ, ਨਸਲ, ਜਾਤ, ਧਰਮ ਦਾ ਕੋਈ ਭੇਦ ਭਾਵ ਨਹੀਂ) ਬਿਨਾਂ ਕਿਸੇ ਵੀ ਵਿਤਕਰੇ ਤੋਂ ਬਾਣੀ ਵਿਚ ਵਿਸ਼ਵਾਸ ਰੱਖਦਿਆਂ ਇਸ ਫ਼ਲਸਫ਼ੇ ਦਾ ਚਿੰਤਨ ਕਰਕੇ ਪਰਮਾਰਥੀ ਜੀਵਨ ਜਾਚ ਦਾ ਮਾਰਗ ਲੱਭ ਸਕਦਾ ਹੈ। ਭਾਈ ਗੁਰਦਾਸ ਦੇ ਚੇਤਨ ਅਵਚੇਤਨ ਵਿਚਲਾਤ

ਗੁਰਬਾਣੀ ਵਿਚ ਵਿਦਮਾਨ ਜੀਵਨ ਜਾਚ ਦਾ ਮਨੋ ਮੰਥਨ ਚਲਦਾ ਰਹਿੰਦਾ ਹੈ। ਉਸ ਦੇ ਸਮੁੱਚੇ ਸਾਹਿਤ ਵਿਚ ਇਸ ਦੀ ਝਲਕ ਸਪਸ਼ਟ ਵਿਖਾਈ ਦਿੰਦੀ ਹੈ।

ਗੁਰਬਾਣੀ ਅਨੁਸਾਰ ਜੀਵ ਦਾ ਅੰਤਿਮ ਲਕਸ਼ ਪ੍ਰਭੂ ਦਰਸ਼ਨ ਤੇ ਪ੍ਰਮਾਰਥ ਦੀ ਪ੍ਰਤੀਤੀ ਹੈ। ਇਹ ਯਥਾਰਥ ਨੂੰ ਪਰਮਾਰਥ ਦੇ ਰੂਪ ਵਿਚ ਪਰਿਭਾਸ਼ਿਤ ਕਰਨ ਦਾ ਉਪਰਾਲਾ ਕਰਦੀ ਹੈ। ਆਪਣੀ ਸਾਹਿਤ ਪ੍ਰਤਿਭਾ ਨੂੰ ਪ੍ਰਗਟਾਉਣ ਲਈ ਭਾਈ ਗੁਰਦਾਸ ਨੇ ਵਾਰ ਕਾਵਿ ਰੂਪ ਨੂੰ ਚੁਣਿਆ ਹੈ। ਵਾਰ ਕਾਵਿ ਰੂਪ ਅਜਿਹਾ ਬਿਰਤਾਂਤ ਹੈ ਜਿਸ ਵਿਚ ਪ੍ਰਸੰਸਾ ਤੇ ਸੂਰਬੀਰਤਾ ਦਾ ਪ੍ਰਸੰਗ ਹੋਵੇ। ਵਾਰ ਵਿਚ ਯੁੱਧ ਦਾ ਵਰਣਨ ਹੁੰਦਾ ਹੈ। ਇਹ ਜੰਗ ਚਾਹੇ ਸਰੀਰਿਕ ਹੋਵੇ, ਚਾਹੇ ਮਾਨਸਿਕ ਅੰਤ ਫਤਹਿ ਨਾਇਕ ਦੀ ਹੁੰਦੀ ਹੈ। ਪਹਿਲੀ ਪ੍ਰਕਾਰ ਦੇ ਯੁੱਧ ਵਿਚ ਨਾਇਕ ਆਪਣੇ ਵੈਰੀ ਨੂੰ ਹਰਾਉਂਦਾ/ਮਾਰਦਾ ਹੈ ਦੂਜੀ ਕਿਸਮ ਦੀ ਵਾਰ ਵਿਚ ਮਨ ਬੁੱਧੀ ਕਰਕੇ ਬਲਵਾਨ ਸੂਰਾ ਨੇਕੀ ਦਾ ਰੂਪ ਧਾਰ ਕੇ ਬਦੀ ਉੱਪਰ ਵਿਜੈ ਪ੍ਰਾਪਤ ਕਰਦਾ ਹੈ।

ਭਾਈ ਗੁਰਦਾਸ ਦੀ ਕਵਿਤਾ ਵਿਚ ਇਨਕਲਾਬੀ ਦੌਰ ਦਾ ਵਾਯੂਮੰਡਲ ਪ੍ਰਤੱਖ ਹੈ। ਉਹ ਇਕ ਐਸੀ ਜੱਦੋ-ਜਹਿਦ ਵਿਚ ਸ਼ਾਮਲ ਹਨ ਜਿਸ ਦਾ ਮੁਕਾਬਲਾ ਸਮੇਂ ਦੀਆਂ ਪ੍ਰਬਲ ਸ਼ਕਤੀਆਂ ਨਾਲ ਸੀ। ਭਾਈ ਗੁਰਦਾਸ ਦਾ ਜੰਗਜੂ ਮੋਰਚਾ ਇਕ ਤੋਂ ਵੱਧ ਪੱਧਰਾਂ ਤੇ ਲੜਿਆ ਜਾ ਰਿਹਾ ਸੀ। ਇਹ ਲੜਾਈ ਹਕੂਮਤ, ਜਾਤ-ਪਾਤ ਦੇ ਹਾਮੀ ਉੱਚੇ ਲੋਕਾਂ ਨਾਲ, ਧਰਮ ਨੂੰ ਕਸਬ ਬਣਾ ਕੇ ਵਰਤਣ ਵਾਲੇ ਗੱਦੀਦਾਰਾਂ ਨਾਲ ਤੇ ਗੁਰੂ ਘਰ ਦੇ ਅੰਦਰੂਨੀ ਵਿਰੋਧੀਆਂ ਨਾਲ ਸੀ। ਇਸ ਜਦੋ ਜਹਿਦ ਦੇ ਵਾਤਾਵਰਣ ਵਿਚ ਲਿਖੀ ਹੋਈ ਕਵਿਤਾ ਦਾ ਲਹਿਜਾ, ਬਣਤਰ ਤੇ ਜ਼ਜ਼ਬਾ ਇਸ ਦੇ ਬਿਲਕੁਲ ਅਨੁਕੂਲ ਦ੍ਰਿਸ਼ਟਮਾਨ ਹੁੰਦੇ ਹਨ। ਵਾਰ ਕਾਵਿ ਰੂਪ ਦੀ ਚੋਣ ਅਜਿਹੀ ਕਵਿਤਾ ਲਈ ਬਿਲਕੁਲ ਢੁਕਵੀਂ ਸੀ। ਭਾਈ ਗੁਰਦਾਸ ਜਿਸ ਮੰਤਵ ਲਈ ਲੜ ਰਹੇ ਸਨ ਉਹ ਯਥਾਰਥਕ ਪੱਧਰ ਤੇ ਉਨ੍ਹਾਂ ਦੇ ਮਨ ਵਿਚ ਬਿਲਕੁਲ ਸਪਸ਼ਟ ਸੀ। ਯਥਾਰਥਕ ਪੱਧਰ ਤੇ ਉਨ੍ਹਾਂ ਨੂੰ ਇਕ ਸਮਾਜਕ ਤਬਦੀਲੀ ਦੇ ਆਸਾਰ ਨਜ਼ਰ ਆ ਰਹੇ ਸਨ ਤੇ ਉਹ ਆਪਣੇ ਪੂਰੇ ਮਨੋਬਲ ਨਾਲ ਇਸ ਹੋਣੀ ਨੂੰ ਸਾਕਾਰ ਕਰਨ ਲਈ ਮੈਦਾਨ ਵਿਚ ਕੁੱਦੇ ਹੋਏ ਸਨ।

ਪਹਿਲੀ ਵਾਰ ਵਿਚ ਹੀ ਭਾਈ ਗੁਰਦਾਸ ਦਾ ਮੰਤਵ, ਮੰਤਵ ਪ੍ਰਾਪਤੀ ਲਈ ਪ੍ਰਾਪਤ ਸਾਧਨਾਂ ਅਤੇ ਉਨ੍ਹਾਂ ਦੀ ਵਰਤੋਂ ਤੋਂ, ਪ੍ਰਤਖ ਹੋ ਜਾਂਦਾ ਹੈ। ਬੀਰ ਕਾਵਿ ਵਿਚ ਉਤਸ਼ਾਹ ਦਾ ਲਛਣ ਕੇਂਦਰੀ ਮਹੱਤਵ ਰੱਖਦਾ ਹੈ। ਯੁੱਧ ਦੇ ਵਰਨਣ ਤੋਂ ਬਿਨਾਂ ਵੀਰ ਕਾਵਿ ਹੋ ਸਕਦਾ ਹੈ ਪਰੰਤੂ ਉਤਸ਼ਾਹ ਬਿਨਾਂ ਬੀਰ ਕਾਵਿ ਸੰਭਵ ਨਹੀਂ। ਮੁੱਖ ਵਿਸ਼ਾ ਨਾਇਕ ਦੀ ਬਹਾਦਰੀ ਦਾ ਹੁੰਦਾ ਹੈ। ਜਿਹੜਾ ਹਾਰਨ ਦੀ ਥਾਂ ਜੂਝ ਮਰਨਾ ਵਧੇਰੇ ਪਸੰਦ ਕਰਦਾ ਹੈ। ਉਹ ਸ਼ਾਂਤਮਈ ਬਲੀਦਾਨ ਵੀ ਦਿੰਦਾ ਹੈ ਤੇ ਮਨ ਦੇ ਵਿਸ਼ੇ ਵਿਕਾਰਾਂ ਤੇ ਕਾਬੂ ਪਾਉਣ ਲਈ ਵੀ ਜੂਝਦਾ ਹੈ। ਇਹ ਵਿਸ਼ਾ ਅਧਿਆਤਮਕ ਵਾਰਾਂ ਦਾ ਮੁੱਖ ਵਿਸ਼ਾ ਹੈ। ਵਿਸ਼ੇ ਵਿਕਾਰਾਂ ਤੇ ਕਾਬੂ ਪਾਉਣਾ ਰਣ ਭੂਮੀ ਦੀ ਜਿੱਤ ਤੋਂ ਵੱਡੀ ਮਹੱਤਤਾ ਵਾਲਾ ਮੋਰਚਾ ਹੈ। ਅਧਿਆਤਮਕ ਵਾਰਾਂ ਵਿਚ ਇਸ ਆਂਤਰਿਕ ਲੜਾਈ ਨੂੰ ਲੜਨ ਲਈ ਸਭ ਤੋਂ ਕਾਰਗਰ, ਵੱਡਾ ਤੇ ਸਾਥੀ ਹਥਿਆਰ ਗੁਰੂ ਹੈ:

> ਆਪੇ ਛਿੰਝ ਪਵਾਇ ਮਲਾਖਾੜਾ ਰਚਿਆ।
> ਲਥੇ ਭੜਥੂ ਪਾਇ ਗੁਰਮੁਖਿ ਮਚਿਆ॥
> ਮਨ ਮੁਖ ਮਾਰੇ ਪਛਾੜਿ ਮੂਰਖ ਕਚਿਆ
> ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥[15]

ਗੁਰੂ ਨਾਨਕ ਦੀ ਧਰਮ ਸਾਧਨਾ ਦਾ ਆਦਿ ਬਿੰਦੂ ਗੁਰੂ ਹੈ। ਗੁਰਬਾਣੀ ਤੇ ਭਾਈ ਗੁਰਦਾਸ ਦੀ ਵਾਰ ਅਨੁਸਾਰ ਗੁਰੂ ਕੌਣ ਹੈ? ਗੁਰੂ ਕੀ ਕਰਦਾ ਹੈ? ਗੁਰੂ ਕਿੰਨਾਂ ਸਮਰੱਥ ਹੈ? ਯਥਾਰਥੀ ਜਾਂ ਪਰਮਾਰਥੀ ਜੀਵਨ ਵਿਚ ਗੁਰੂ ਦੀ ਕੀ ਲੋੜ ਹੈ? ਕੀ ਗੁਰੂ ਤੋਂ ਬਿਨਾਂ ਗਿਆਨ ਸੰਭਵ ਹੈ? ਆਦਿ ਪ੍ਰਸ਼ਨ ਆਮ ਵਿਅਕਤੀ ਦੇ ਜ਼ਹਿਨ ਵਿਚ ਜਨਮ ਲੈਂਦੇ ਹਨ। ਭਾਈ ਗੁਰਦਾਸ ਦੀ ਰਚਨਾ ਗੁਰਮਤ ਸਿਧਾਂਤਾਂ ਤੇ ਆਧਾਰਤ ਹੈ ਇਸ ਲਈ ਭਾਈ ਗੁਰਦਾਸ ਦੀ ਰਚਨਾ ਵਿਚ ਗੁਰਬਾਣੀ ਵਿਚਲੇ ਗੁਰੂ ਦੇ ਸੰਕਲਪ ਨੂੰ ਹੀ ਪੇਸ਼ ਕੀਤਾ ਗਿਆ ਹੈ।

ਗੁਰਬਾਣੀ ਵਾਂਗ ਭਾਈ ਗੁਰਦਾਸ ਨੇ ਵੀ ਸੱਚੇ ਗੁਰੂ ਦੇ ਮਹੱਤਵ ਨੂੰ ਦਰਸਾਇਆ ਹੈ। ਗੁਰੂ ਜੀਵ ਨੂੰ ਸੱਚ ਦੇ ਮਾਰਗ ਤੇ ਤੋਰ ਕੇ ਪ੍ਰਭੂ ਨਾਲ ਮਿਲਣ ਵਿਚ ਸਹਾਈ ਹੁੰਦਾ ਹੈ। ਗੁਰੂ ਸਾਹਿਬਾਨ

ਨੇ 'ਗੁਰੂ' ਦੇ ਨਾਲ 'ਸਤਿ' ਸ਼ਬਦ ਵਿਸ਼ੇਸ਼ ਤੌਰ ਤੇ ਜੋੜਿਆ ਹੈ ਕਿਉਂਕਿ ਭਾਈ ਸਾਹਿਬ ਦੇ ਯੁੱਗ ਵਿਚ ਅਖੌਤੀ ਗੁਰੂ ਥਾਂ ਥਾਂ ਤੇ ਝੂਠ ਦੀਆਂ ਦੁਕਾਨਾਂ ਚਲਾ ਰਹੇ ਸਨ। ਉਨ੍ਹਾਂ ਨੂੰ ਨਾ ਸੱਚ ਦੀ ਸੋਝੀ ਸੀ ਨਾ ਉਹਨਾਂ ਦਾ ਜੀਵਨ ਸੱਚਾ ਸੀ ਤੇ ਨਾ ਉਹ ਜਿਗਿਆਸੂ ਨੂੰ ਸੱਚ ਦੇ ਮਾਰਗ ਤੇ ਤੋਰਨ ਦੇ ਸਮਰੱਥ ਸਨ। ਪਹਿਲੀ ਵਾਰ ਦੀ ਨੌਵੀਂ ਪਉੜੀ ਤੋਂ ਗੁਰੂ ਬਿਰਤਾਂਤ ਦੀ ਸ਼ੁਰੂਆਤ ਹੁੰਦੀ ਹੈ। ਉਹ ਪ੍ਰਭੂ ਪ੍ਰਾਪਤੀ ਨੂੰ ਪ੍ਰਚਲਿਤ ਗਿਆਨ ਸੂਤਰਾਂ ਰਾਹੀਂ ਸਮਝਾਉਣ ਦੀ ਗੱਲ ਕਰਦੇ ਹਨ ਪਰ ਅੰਤ ਵਿਚ ਸਤਿਗੁਰੂ ਦੀ ਸਹਾਇਤਾ/ਕਿਰਪਾ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਅਸੰਭਵ ਹੈ, ਕਹਿ ਕੇ ਆਪਣੇ ਬਿਰਤਾਂਤ ਨੂੰ ਵਿਰਾਮ ਦਿੰਦੇ ਹਨ।

ਉਪਰੋਕਤ ਨੌਵੀਂ ਪਉੜੀ ਵਿਚ ਗਿਆਨ ਤੇ ਸ਼ਾਸਤਰ ਦਾ ਬਿਰਤਾਂਤ ਕੁੱਝ ਇਸ ਤਰ੍ਹਾਂ ਚਲਦਾ ਹੈ। ਗੌਤਮ ਰਿਸ਼ੀ ਨੇ ਰਿਗਵੇਦ ਦਾ ਡੂੰਘਾ ਵਿਸ਼ਲੇਸ਼ਣ ਕਰਕੇ ਆਪਣੇ ਸ਼ਾਸਤਰ ਦੀ ਰਚਨਾ ਕੀਤੀ। ਗੌਤਮ ਰਿਸ਼ੀ ਦੀ ਮਾਨਤਾ ਸੀ ਕਿ ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਚਲ ਰਹੀ ਹੈ। ਉਸ ਤੋਂ ਬਿਨਾਂ ਹੋਰ ਕਿਸੇ ਦਾ ਹੁਕਮ ਨਹੀਂ ਚਲਦਾ, ਸਭ ਕੁੱਝ ਉਹ ਕਰਨ ਕਾਰਨ ਸਮਰਥ ਹੈ। ਕਿਸੇ ਜੀਵ ਜਾਂ ਕਿਸੇ ਹੋਰ ਦੀ ਕੋਈ ਤਾਕਤ ਨਹੀਂ ਅਤੇ ਪ੍ਰਮਾਤਮਾ ਲਾਸ਼ਰੀਕ ਹੈ। ਪਾਪ ਪੁੰਨ ਦੇ ਦੋਹਾਂ ਸਿਰਿਆਂ ਤੇ ਵੀ ਉਹ ਆਪ ਹੀ ਖਲੋਤਾ ਹੈ। ਸ੍ਰਿਸ਼ਟੀ ਵਿਚ ਮੌਜੂਦ ਹੈ ਸ੍ਰਿਸ਼ਟੀ ਉਸਦੇ ਹੁਕਮ ਅਨੁਸਾਰ ਚਲ ਰਹੀ ਹੈ। ਪਰ ਆਪ ਸ੍ਰਿਸ਼ਟੀ ਦਾ ਮਾਲਕ ਆਦ੍ਰਿਸ਼ਟ ਹੈ। ਸਾਰੀ ਦੁਨੀਆਂ ਮਾਇਆ ਦੇ ਆਕ੍ਰਸ਼ਣ ਵਿਚ ਆਪਣੀ ਸੁੱਧ-ਬੁੱਧ ਖੋਈ ਬੈਠੀ ਹੈ। ਉਸ ਨੇ ਬ੍ਰਹਮ ਦੇ ਪਰਦੇ ਪਿਛੇ ਆਪਣੇ ਆਪ ਨੂੰ ਛੁਪਾਇਆ ਹੋਇਆ ਹੈ। ਰਿਗਵੇਦ ਵਿਚ ਅੰਕਿਤ ਹੈ ਕਿ ਸਭ ਕੁੱਝ ਉਹ ਪ੍ਰਮਾਤਮਾ ਆਪ ਹੀ ਹੈ। ਉਸ ਵਿਚ ਅਤੇ ਸ੍ਰਿਸ਼ਟੀ ਵਿਚ ਰਤੀ ਭਰ ਵੀ ਦਵੈਤ ਨਹੀਂ ਪਰੰਤੂ ਇਸ ਸੱਚ ਦੀ ਸੋਝੀ ਸੱਚੇ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਹੁੰਦੀ ਹੈ। ਸਤਿਗੁਰੂ ਤੋਂ ਬਿਨਾਂ ਜੀਵ ਦੀ ਸ਼ੰਕਾ ਨਿਵਰਤੀ ਵੀ ਨਹੀਂ ਹੋ ਸਕਦੀ।

ਗੁਰੂ ਬ੍ਰਹਮ ਨਾਲ ਇਕ ਰੂਪ ਹੋਇਆ ਹੁੰਦਾ ਹੈ। ਧਰਤੀ ਤੇ ਅਧਰਮ ਫੈਲ ਜਾਣ ਤੇ ਉਹ ਪ੍ਰਭੂ ਦੀ ਆਗਿਆ ਨਾਲ ਅਵਤਾਰ ਧਾਰਦਾ ਹੈ। ਗੁਰੂ ਨਾਨਕ ਨਾਲ ਚਰਚਾ ਕਰਦਿਆਂ ਸਿੱਧਾਂ ਨੇ

ਇਹ ਜਾਣ ਲਿਆ ਸੀ ਕਿ ਗੁਰੂ ਨਾਨਕ ਕਲਜੁਗ ਨੂੰ ਤਾਰਨ ਵਾਲਾ ਅਵਤਾਰ ਹੈ ਜੋ ਸੱਚ ਦੀ ਭਾਲ ਵਿਚ ਨਿਕਲਿਆ ਹੈ। ਇਥੇ ਭਾਈ ਗੁਰਦਾਸ ਹਿੰਦੂਆਂ ਵਾਲੇ ਅਵਤਾਰਵਾਦ ਦੀ ਗੱਲ ਨਹੀਂ ਕਰਦੇ। ਸਗੋਂ ਉਹ ਤੱਤਕਾਲੀ ਯਥਾਰਥਕ ਸਥਿਤੀ ਨੂੰ ਪੇਸ਼ ਕਰਦੇ ਹਨ:

ਸਭ ਸਿਧੀ ਏ ਬੁਝਿਆ ਕਲਿ ਤਾਰਨਿ ਨਾਨਕ ਅਵਤਾਰਾ।

ਬਾਬੇ ਆਖਿਆ, ਨਾਥ ਜੀ ! ਸਚੁ ਚੰਦ੍ਰਮਾ ਕੂੜੁ ਅੰਧਾਰਾ।[16]

ਕਈ ਵਿਦਵਾਨਾਂ ਨੇ ਭਾਈ ਗੁਰਦਾਸ ਨੂੰ ਗੁਰੂ ਨਾਨਕ ਦਾ ਜਜ਼ਬਾਤੀ ਸ਼ਰਧਾਲੂ ਦੱਸਿਆ ਹੈ ਅਤੇ ਭਾਈ ਗੁਰਦਾਸ ਬਾਰੇ ਕਿਹਾ ਹੈ ਕਿ ਉਹ ਅਵਿਵੇਕਸ਼ੀਲ ਹੋ ਕੇ ਗੁਰੂ ਨਾਨਕ ਨੂੰ ਬ੍ਰਹਮ ਦਾ ਅਵਤਾਰ ਦੱਸਦੇ ਹਨ। ਭਾਈ ਸਾਹਿਬ ਜਦੋਂ ਗੁਰੂ ਨਾਨਕ ਨੂੰ ਪਰਮੇਸ਼ਰ ਦਾ ਅਵਤਾਰ ਆਖਦੇ ਹਨ ਉਦੋਂ ਉਨ੍ਹਾਂ ਦੇ ਕਹਿਣ ਦਾ ਇਹ ਭਾਵ ਕਤਈ ਨਹੀਂ ਕਿ ਪਰਮੇਸ਼ਰ ਉਨ੍ਹਾਂ ਦੇ ਸਰੀਰ ਵਿਚ ਅਵਤਾਰ ਧਾਰ ਕੇ ਆਇਆ ਹੈ। ਭਾਈ ਸਾਹਿਬ ਨੇ ਗੁਰੂ ਨਾਨਕ ਦੀ ਵਡਿਆਈ ਕੀਤੀ ਹੈ ਕਿ ਨਾਨਕ ਪਰਮੇਸ਼ਰ ਰੂਪ ਹਨ। ਪਰਮੇਸਰ ਦੇ ਗੁਣ ਉਨ੍ਹਾਂ ਵਿਚ ਵਿਦਮਾਨ ਹੋਣ ਕਾਰਨ ਉਹ ਉਹੋ ਜਿਹੇ ਹਨ। ਇਹ ਗੱਲ ਗੁਰਬਾਣੀ ਤੋਂ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ। ਇਸ ਦੀ ਮਿਸਾਲ ਹੈ 'ਕੀਰਤ ਭਟ' ਗੁਰੂ ਅਮਰਦਾਸ ਜੀ ਦੀ ਉਪਮਾ ਵਿਚ ਕਹਿੰਦਾ ਹੈ:

ਆਪ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ

ਨਿਰੰਕਾਰਿ ਅਕਾਰੁ ਜੋਤਿ ਜਗ ਮੰਡਲਿ ਕਰਿਯਉ ।। [17]

ਬਾਣੀ ਵਿਚ ਬ੍ਰਹਮ ਨੂੰ 'ਅਜੂਨੀ' ਕਿਹਾ ਹੈ। ਭਾਈ ਗੁਰਦਾਸ ਗੁਰੂ ਪ੍ਰਮਾਤਮਾ ਦੇ ਗਰਭ ਵਾਸ ਵਿਚ ਆਉਣ ਦੇ ਵਿਚਾਰ ਨੂੰ ਕਿਵੇਂ ਆਪਣੀ ਰਚਨਾ ਵਿਚ ਦਰਜ ਕਰ ਸਕਦੇ ਸਨ? ਗੁਰੂ ਗੋਬਿੰਦ ਸਿੰਘ ਦੀ ਆਤਮਕਥਾ ਇਸ ਪੱਖ ਤੋਂ ਹੋਰ ਵੀ ਸਪਸ਼ਟੀਕਰਨ ਕਰਦੀ ਹੈ ਜਿਸ ਵਿਚ ਉਨ੍ਹਾਂ ਦੱਸਿਆ ਹੈ ਕਿ ਹੇਮਕੁੰਟ ਪਰਬਤ ਤੇ ਤਪਸਿਆ ਕਰਦਿਆਂ ਉਹ ਪ੍ਰਮਾਤਮਾ ਨਾਲ ਇਕ ਰੂਪ ਹੋ ਗਏ। ਸੰਤ ਆਤਮਾਵਾਂ ਦੀ ਰੱਖਿਆ ਕਰਨ ਲਈ ਅਤੇ ਦੁਸ਼ਟਾਂ ਦਾ ਦਮਨ ਕਰਨ ਲਈ ਅਕਾਲ ਪੁਰਖ ਨੇ ਉਨ੍ਹਾਂ ਨੂੰ ਪੁੱਤਰ ਬਣਾ ਕੇ ਭੇਜਿਆ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹੋ ਜਿਹੇ ਵਿਚਾਰ ਦੀ

ਸਮਾਨਤਾ ਹੀ ਮਿਲਦੀ ਹੈ। ਧਰਤ ਨਿਵਾਸੀਆਂ ਦੀ ਪੁਕਾਰ ਪ੍ਰਮਾਤਮਾ ਨੇ ਸੁਣੀ ਤੇ ਉਸ ਦੀ ਆਗਿਆ ਨਾਲ ਗੁਰੂ ਨਾਨਕ ਜਗਤ ਵਿਚ ਆਏ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।
ਕਲਿ ਤਾਰਣਿ ਗੁਰੁ ਨਾਨਕੁ ਆਇਆ। [18]
ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚ ਪਰਗਟ ਹੋਆ।।[19]

ਭਾਈ ਗੁਰਦਾਸ ਅਨੁਸਾਰ ਅਗਿਆਨਤਾ ਰੂਪੀ ਧੁੰਧ ਦੂਰ ਕਰਨ ਲਈ, ਮਾਨਵ ਜਗਤ ਵਿਚ ਸੱਚ ਦੇ ਸੂਰਜ ਦੀ ਸਥਾਪਨਾ ਲਈ ਗੁਰੂ ਨਾਨਕ ਇਸ ਮਾਤ ਲੋਕ ਵਿਚ ਆਏ।

ਭਾਈ ਗੁਰਦਾਸ ਨੇ ਜਗਤ ਉਤਪਤੀ ਬਾਰੇ ਵਿਭਿੰਨ ਫਲਸਫਿਆਂ ਦਾ ਜ਼ਿਕਰ ਕੀਤਾ ਹੈ ਪਰ ਗੁਰੂ ਨਾਨਕ ਬਾਣੀ ਵਿਚ ਪ੍ਰਗਟਾਏ ਵਿਚਾਰ ਨਾਲ ਅੰਤਿਮ ਸਹਿਮਤੀ ਪ੍ਰਗਟ ਕੀਤੀ ਹੈ। ਮਾਰੂ ਰਾਗ ਅਨੁਸਾਰ 'ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ ਨਾ ਦਿਨੁ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ।'[20]

ਗੁਰੂ ਨਾਨਕ ਦੇਵ ਜੀ ਦੇ ਜਪੁਜੀ ਵਿਚ ਆਏ ਵਿਚਾਰ ਹਨ:

ਵੇਲ ਨਾ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨ ਪਾਇਓ ਕਾਦੀਆਂ ਜਿ ਲਿਖਨਿ ਲੇਖ ਕੁਰਾਣੁ।।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ।।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।[21]

ਕੀਤਾ ਪਸਾਉ ਏਕੋ ਕਵਾਉ॥

ਤਿਸ ਤੇ ਹੋਏ ਲਖ ਦਰੀਆਉ॥[22]

ਗੁਰਮਤਿ ਵਿਚ ਜਗਤ ਉਤਪਤੀ ਬਾਰੇ ਕਿਸੇ ਪੌਰਾਣਿਕ ਜਾਂ ਮਿਥਿਹਾਸਕ ਵਿਧੀ ਦੀ ਪੇਸ਼ਕਾਰੀ ਨਹੀਂ ਕੀਤੀ ਗਈ। ਗੁਰੂ ਨਾਨਕ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਬ੍ਰਹਿਮੰਡ ਵਿਚ ਪਸਰੀ ਸੁੰਨ (ਸੁਨਯ) ਦਾ ਜ਼ਿਕਰ ਕਰਦੇ ਹਨ। ਭਾਈ ਸਾਹਿਬ ਕਹਿੰਦੇ ਹਨ: "ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰ ਨ ਪਾਈ।"[23] ਗੁਰੂ ਨਾਨਕ ਪ੍ਰਮਾਤਮਾ ਨੂੰ 'ਅਜੂਨੀ' ਤੇ ਸੈਭੰ ਮੰਨਦੇ ਹਨ ਯਾਨਿ ਪ੍ਰਮਾਤਮਾ ਅਕਾਲ ਹੈ ਨਾ ਮਰਦਾ ਹੈ ਨਾ ਜੰਮਦਾ ਹੈ। ਸ੍ਰਿਸ਼ਟੀ ਆਪਣੀ ਸੈਭੰ ਤੇ ਸੰਕਲਪ ਸ਼ਕਤੀ ਨਾਲ ਸਾਜਦਾ ਹੈ। ਰੱਬ ਸ੍ਰਿਸ਼ਟੀ ਵਿਚ ਵਿਦਮਾਨ ਹੈ ਉਸ ਨੂੰ ਦੇਖਣ/ਜਾਣਨ ਤੇ ਪਾਉਣ ਲਈ ਮਾਰਗ ਨਿਰਦੇਸ਼ਕ ਗੁਰੂ ਦੀ ਲੋੜ ਹੈ। ਪ੍ਰਮਾਤਮਾ ਸ੍ਵੈ ਪ੍ਰਕਾਸ਼ ਹੈ, ਉਸਨੇ ਸ੍ਰਿਸ਼ਟੀ, ਖੰਡ ਬ੍ਰਹਿਮੰਡ, ਪਾਤਾਲ, ਆਕਾਸ਼ ਅਤੇ ਜੀਵ ਜੰਤੂ ਦੀ ਸਿਰਜਣਾ ਆਪੇ ਕੀਤੀ। ਉਸਨੇ ਆਪਣੇ ਬਾਰੇ ਤੇ ਆਪਣੀ ਰਚਨਾ ਸਾਜਨ ਦਾ ਭੇਦ ਵੀ ਕਿਸੇ ਨੂੰ ਨਹੀਂ ਦਿੱਤਾ। ਗੁਰੂ ਨਾਨਕ ਦੇਵ ਨੇ ਜਪੁਜੀ ਮੂਲ ਮੰਤਰ ਵਿਚ ਗੁਰੂ ਦੇ ਮਹੱਤਵ ਦਾ ਜ਼ਿਕਰ ਕੀਤਾ 'ਗੁਰਪ੍ਰਸਾਦਿ' ਪ੍ਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਨਾਲ ਹੋ ਸਕਦੀ ਹੈ। ਗੁਰੂ ਕ੍ਰਿਪਾ ਪ੍ਰਾਪਤ ਕਰਨ ਲਈ ਗੁਰਮੁਖ ਬਣਨਾ ਜ਼ਰੂਰੀ ਹੈ। ਗੁਰੂ ਸ਼ਿਸ਼ ਦੀ ਘਾੜਤ ਘੜਦਾ ਹੈ। ਭਾਈ ਗੁਰਦਾਸ ਮੰਗਲਾਚਰਣ ਵਿਚ ਪਹਿਲੀ ਵਾਰ ਦੀ ਪਹਿਲੀ ਸਤਰ ਵਿਚ ਆਪਣੇ ਗੁਰਦੇਵ ਨੂੰ 'ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ'[24] ਕਹਿ ਕੇ ਆਪਣੀ ਅਨਿਨ ਸ਼ਰਧਾ ਦਾ ਪ੍ਰਸਤਾਵ ਬਿਨਾਂ ਸ਼ਰਤ ਰੱਖ ਰਹੇ ਹਨ। ਭਾਈ ਗੁਰਦਾਸ ਗੁਰੂ ਦੀ ਲਾਸਾਨੀ ਪਦਵੀ ਤੋਂ ਭਲੀਭਾਂਤ ਪਰਿਚਿਤ ਹਨ। ਗੁਰੂ, ਮਾਰਗ ਨਿਰਦੇਸ਼ਕ ਹੈ ਦੁਨੀਆਂ ਰੂਪੀ ਭਵਸਾਗਰ ਚੋਂ ਪਾਰ ਲੰਘਾਉਣ ਵਾਲਾ ਰੂਹਾਨੀ ਮਲਾਹ ਹੈ, ਧਰਮ ਅਰਥ ਤੇ ਕਾਮ ਪੂਰਤੀ ਉਪਰੰਤ ਮੋਕਸ਼ ਦਾਤਾ ਹੈ, ਜਨਮ ਮਰਨ ਦੇ ਆਵਾਗਮਨੀ ਚੱਕਰ ਉਪਰੰਤ ਮੁਕਤੀ ਦਾਤਾ ਹੈ। ਸਤਿਗੁਰੂ ਤੋਂ ਬਿਨਾਂ ਜਿਗਿਆਸੂ ਨੂੰ ਨਾ ਗਿਆਨ ਹੁੰਦਾ ਹੈ ਤੇ ਨਾ ਉਸ ਦੀ ਸ਼ੰਕਿਆ ਤੇ ਕਿੰਤੂਆਂ ਪਰੰਤੂਆਂ ਦੀ ਲੜੀ ਟੁੱਟਦੀ ਹੈ। ਜਿਗਿਆਸੂ ਹਨੇਰੇ ਦੇ ਭੰਵਰ ਵਿਚ ਫਸਿਆ, ਭੌਤਿਕ ਆਕਰਸ਼ਣਾ ਵਲ

ਖਿੱਚਿਆ ਗਤੀ ਤਾਂ ਮਹਿਸੂਸ ਕਰਦਾ ਹੈ, ਕਰਮਸ਼ੀਲ ਵੀ ਰਹਿੰਦਾ ਹੈ ਪਰ ਕੋਲਹੂ ਦੇ ਬੈਲ ਵਾਂਗ ਸਭ ਕੁੱਝ ਮੋਹ ਮਾਇਆ ਦੀ ਪੱਟੀ ਬੰਨ ਕੇ ਕਰਦਾ ਹੈ ਇਸ ਲਈ ਪਹੁੰਚਦਾ ਕਿਤੇ ਵੀ ਨਹੀਂ। ਮਨੁੱਖ ਨੂੰ ਮੋਹ ਮਾਇਆ ਦੇ ਹਨ੍ਹੇਰੇ ਵਿਚੋਂ ਗੁਰੂ ਜੋਤ ਹੀ ਰੋਸ਼ਨੀ ਵਿਖਾਉਂਦੀ ਹੈ। ਇਸ ਦੀ ਸਪਸ਼ਟਤਾ ਵਿਚ ਇਕ ਅਦੁੱਤੀ ਮਿਸਾਲ ਭਗਵਤ ਗੀਤਾ ਵਿਚੋਂ ਮਿਲਦੀ ਹੈ। ਕ੍ਰਿਸ਼ਨ ਤੇ ਅਰਜਨ ਦੋਸਤ ਵੀ ਹਨ ਤੇ ਗੁਰੂ ਚੇਲਾ ਵੀ। ਕੁਰੂਕਸ਼ੇਤਰ ਦੇ ਮੈਦਾਨ ਵਿਚ ਲੜਾਈ ਆਰੰਭ ਤੋਂ ਪੂਰਵ ਕ੍ਰਿਸ਼ਨ ਆਪਣੇ ਸ਼ਿਸ਼ ਅਰਜਨ ਨੂੰ ਆਤਮ ਸ਼ਾਕਸਾਤਕਾਰਨੀ ਕਰ ਰਹੇ ਹਨ ਤੇ ਜੀਵਨ ਦੇ ਅੰਤਿਮ ਸੱਚ ਦੀ ਅਨੁਭੂਤੀ ਵੀ ਕਰਵਾ ਰਹੇ ਹਨ। ਡਾਵਾਂ ਡੋਲ ਅਵਸਥਾ ਵਿਚ ਉਸ ਦੇ ਮਨੋਬਲ ਨੂੰ ਸਥਿਰ ਵੀ ਕਰਵਾ ਰਹੇ ਹਨ। ਯੋਗ ਦੀ ਪੂਰਨ ਪ੍ਰਮਾਣਿਕ ਪੁਸਤਕ 'ਭਗਤੀ ਵੇਦਾਂਤ' ਵਿਚ ਸਵਾਮੀ ਪ੍ਰਭੂਪਾਦ ਲਿਖਦੇ ਹਨ:

> ਕਿਸੀ ਵਸਤੂ ਕੋ ਕਾਟਨੇ ਹੇਤੂ ਏਕ ਨੁਕੀਲੇ ਯੰਤਰ ਕੀ ਆਵਸ਼ਕਤਾ ਹੋਤੀ ਹੈ। ਔਰ ਮਨ ਕੀ ਆਸਕਤੀਯੋਂ ਕੋ ਕਾਟਨੇ ਹੇਤੂ ਤੀਕਸ਼ਨ ਸਬਦੋਂ ਕੀ ਆਵਸਕਤਾ ਹੋਤੀ ਹੈ। ਸਾਧੂ ਔਰ ਸ਼ਿਕਸ਼ਕਗਣ, ਵਿਦਿਆਰਥੀ ਕੇ ਮਨ ਸੇ ਭੌਤਿਕ ਆਕਰਸਣੋਂ ਕੋ ਕਾਟਨੇ ਹੇਤੂ ਤੀਕਸ਼ਣ ਸ਼ਬਦੋਂ ਕਾ ਪ੍ਰਯੋਗ ਕਰਨੇ ਮੇਂ ਦਇਆ ਨਹੀਂ ਦਿਖਾਤੇ। ਵਹ ਬਿਨਾਂ ਕੋਈ ਸਮਝੌਤਾ ਕਿਯੇ ਸਤਯ ਬੋਲ ਕਰ ਬੰਧਨ ਕਾਟਨੇ ਮੇਂ ਸਮਰਥ ਹੋਤੇ ਹੈਂ।[25]

ਭਾਈ ਗੁਰਦਾਸ ਗੁਰੂ ਤੋਂ ਪ੍ਰਾਪਤ ਗਿਆਨ ਦੀ ਗੱਲ ਕਰਦੇ ਹਨ:

> ਗਿਆਨ ਮਤੇ ਸੁਖੁ ਊਪਜੈ ਜਨਮ ਮਰਨ ਕਾ ਭਰਮ ਚੁਕਾਈ।
> ਗੁਰਮੁਖਿ ਗਿਆਨੀ ਸਹਜਿ ਸਮਾਈ।।[26]

ਆਤਮ ਸ਼ਾਕਸ਼ਾਤਕਾਰ (enlightment) ਜਾਂ ਵਿਵੇਕ ਪ੍ਰਾਪਤੀ/ਪ੍ਰਭੂ ਪ੍ਰਾਪਤੀ ਤੋਂ ਪਹਿਲਾਂ ਸਹਿਜ ਅਵਸਥਾ ਦੀ ਬਹੁਤ ਲੋੜ ਹੈ। ਸਾਡੇ ਇਤਿਹਾਸ/ਮਿਥਿਹਾਸ ਵਿਚ ਅਨੇਕਾਂ ਲਘੂ ਕਹਾਣੀਆਂ ਦੇ ਬਿਰਤਾਂਤ ਮੌਜੂਦ ਹਨ ਜਿਥੇ ਗੁਰੂ ਨੇ ਸ਼ਿਸ਼ ਦੀ ਪ੍ਰੀਖਿਆ ਲਈ। ਉਸਦੀ ਅਸਹਿਜਤਾ ਤੇ ਅਧੀਰਤਾ

ਨੂੰ ਸਹਿਜ ਵਿਚ ਸੁਦ੍ਰਿੜ ਕੀਤਾ। ਅੰਤਿਮ ਕਸੌਟੀ ਗੁਰੂ ਹੈ। ਗੁਰੂ, ਸ਼ਿਸ਼ ਦੇ ਸਹਿਜ ਦਾ ਪਾਰਖੀ ਹੈ। ਆਦਿ ਗ੍ਰੰਥ ਵਿਚ ਸਤਿਗੁਰੂ ਨੂੰ 'ਬੋਹਿਥਾ' ਦੀ ਸੰਗਿਆ ਦਿੱਤੀ ਗਈ ਹੈ। 'ਸਤਿਗੁਰ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ।'[27] ਇਥੇ ਇਹ ਗੱਲ ਵਿਚਾਰਨੀ ਮੁਨਾਸਬ ਹੋਵੇਗੀ ਕਿ ਕਿਸੇ ਵੀ ਗੁਰੂ-ਵਿਅਕਤੀ ਨੇ ਆਪਣੇ ਆਪ ਨੂੰ ਗੁਰੂ ਨਹੀਂ ਸਗੋਂ ਗੁਰਬਾਣੀ ਸ਼ਬਦ ਨੂੰ ਗੁਰੂ ਮੰਨਿਆ ਹੈ। 'ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ।'[28] ਕਿਸੇ ਵੀ ਗੁਰੂ-ਵਿਅਕਤੀ ਨੇ ਆਪਣੀ ਵਿਅਕਤੀਗਤ ਪੂਜਾ ਦੀ ਆਗਿਆ ਨਹੀਂ ਦਿੱਤੀ। ਇਸ ਗੱਲ ਦੀ ਪੁਸ਼ਟੀ ਉਹਨਾਂ ਦੇ ਅਮਲੀ ਜੀਵਨ ਦਰਪਣ ਤੋਂ ਸਹਿਜੇ ਹੀ ਸਮਝੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਦਾ ਫੁਰਮਾਣ ਹੈ:

ਜੋ ਹਮ ਕੋ ਪਰਮੇਸਰੁ ਉਚਰਿ ਹੈ। ਤੇ ਸਭ ਨਰਕ ਕੁੰਡ ਮਹਿ ਪਰਿ ਹੈ।
ਮੋ ਕੋ ਦਾਸੁ ਤਵਨ ਕਾ ਜਾਨੋ। ਯਾ ਮੈ ਭੇਦ ਨ ਰੰਚ ਪਛਾਨੋ।
(ਬਚਿਤ੍ਰ ਨਾਟਕ)

ਗੁਰੂ ਨਾਨਕ ਕਹਿੰਦੇ ਹਨ ਕਿ ਅਸਲ ਗੁਰੂ ਸ਼ਬਦ ਹੈ ਅਤੇ ਅਸਲ ਸ਼ਿਸ਼ ਸੁਰਤ ਜਾਂ ਆਤਮਾ ਹੈ। ਸੁਰਤ ਵੀ ਅੰਦਰ ਹੈ ਤੇ ਸ਼ਬਦ ਵੀ ਅੰਦਰ ਹੈ। ਇਸ ਲਈ ਸੁਰਤ ਨੂੰ ਅੰਦਰੋਂ ਸ਼ਬਦ ਗੁਰੂ ਨਾਲ ਜੋੜਨਾ ਹੈ। ਪਰ ਇਹ ਜੋੜਨ ਦਾ ਕੰਮ ਸਮਰਥ ਗੁਰੂ ਹੀ ਕਰ ਸਕਦਾ ਹੈ। ਗੁਰੂ ਕੋਲ ਅੰਤਰ ਦ੍ਰਿਸ਼ਟੀ ਹੁੰਦੀ ਹੈ ਉਹ ਆਪਣੇ ਸ਼ਿਸ਼ ਦੀ ਅੰਦਰਲੀ ਅੱਖ ਵੀ ਖੋਲ ਸਕਦਾ ਹੈ ਤੇ ਪ੍ਰਮਾਤਮਾ ਦੇ ਦਰਸ਼ਨ ਕਰਵਾ ਸਕਦਾ ਹੈ। ਸੱਚਾ ਗੁਰੂ ਅਜਿਹਾ ਸਾਬੁਣ ਹੈ ਜੋ ਜਨਮਾਂ ਦੀ ਜੰਮੀ ਮੈਲ ਨੂੰ ਸ਼ਿਸ਼ ਦੇ ਮਨ ਤੋਂ ਉਤਾਰ ਸਕਦਾ ਹੈ। ਪੂਰਾ ਗੁਰੂ ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਨਿਰਲੇਪ ਰਹਿੰਦਾ ਹੈ। ਸੰਸਾਰ ਦੀ ਧਨ ਦੌਲਤ ਤੇ ਮਾਣ ਵਡਿਆਈ ਉਹਦੇ ਪੈਰਾਂ ਵਿਚ ਹੁੰਦੀ ਹੈ। ਸਿੱਧ ਗੁਰੂ ਨਾਨਕ ਨੂੰ ਪਰਖਦੇ ਹਨ ਤੇ ਉਹ ਆਪਣੀ ਕਰਾਮਾਤੀ ਤਾਕਤ ਨਾਲ ਰਤਨ ਜਵਾਹਰ ਦਾ ਭਰਿਆ ਸਮੁੰਦਰ ਸਿਰਜਦੇ ਹਨ ਤੇ ਨਾਨਕ ਨੂੰ ਇਕ ਚਿੱਪੀ ਦੇ ਕੇ ਕਹਿੰਦੇ ਹਨ ਕਿ ਜਾ ਪਾਣੀ ਭਰ ਲਿਆ।

ਖਪਰੁ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।[29]

ਗੁਰੂ ਨਾਨਕ ਪੂਰਨ ਸਤਿਗੁਰੂ ਹੈ। ਤ੍ਰਿਕਾਲ ਦਰਸ਼ੀ ਹੈ। ਉਸਨੂੰ ਦੁਨੀਆਂ ਦੇ ਰਤਨ ਜਵਾਹਰ ਨਹੀਂ ਭਰਮਾ ਸਕਦੇ। ਸਿੱਧਾਂ ਦੀ ਸਮਝ ਨਾਨਕ ਦੀ ਗਹਿਰਾਈ ਨੂੰ ਨਹੀਂ ਨਾਪ ਸਕਦੀ। ਇਸ ਲਈ ਉਹ ਕੀਮਤੀ ਰਤਨ ਜਵਾਹਰ ਦਾ ਤ੍ਰਿਸ਼ਨਾ ਜਾਲ ਫੈਲਾ ਰਹੇ ਹਨ। ਨਾਨਕ ਇਨ੍ਹਾਂ ਰਤਨ ਜਵਾਹਰਾਂ ਦੀ ਚਮਕ ਅੱਗੇ ਸਹਿਜ ਹਨ। ਉਨ੍ਹਾਂ ਨੇ ਸਿੱਧਾਂ ਨੂੰ ਸਹਿਜ ਹੀ ਜਵਾਬ ਦਿੱਤਾ ਕਿ ਉਥੇ ਤਾਂ ਪਾਣੀ ਮੌਜੂਦ ਨਹੀਂ। ਸਹਿਜਤਾ ਵਿਚ ਆਉਣ ਲਈ ਤੇ ਹਮੇਸ਼ਾਂ ਉਸ ਸਹਿਜਤਾ ਦੀ ਸਥਿਤੀ ਬਣਾਈ ਰੱਖਣ ਲਈ ਨਾਨਕ ਕੋਲ ਇਕ ਮੰਤਰ ਹੈ, ਇਕ ਤਾਕਤ ਹੈ ਜਿਸ ਦੀ ਕਰਾਮਾਤੀ ਸ਼ਕਤੀ ਨਾਲ ਗੁਰੂ ਨਾਨਕ ਪੂਰੀ ਸਿੱਧ ਮੰਡਲੀ ਦਾ ਵਿਸ਼ਵਾਸ ਜਿੱਤ ਲੈਂਦੇ ਹਨ।

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ॥

ਕਲਜੁਗਿ ਨਾਨਕ ਨਾਮੁ ਸੁਖਾਲਾ॥ [30]

ਪਉੜੀ 32 ਵਿਚ ਭਾਈ ਗੁਰਦਾਸ ਨਾਨਕ ਨੂੰ ਗੁਰੂ ਸਿੱਧ ਕਰਨ ਲਈ ਮੱਕੇ ਵਾਲੀ ਸਾਖੀ ਦਾ ਬਿਰਤਾਂਤ ਸੁਣਾਉਂਦੇ ਹਨ। ਉਸ ਸਾਖੀ ਦਾ ਮੂਲ ਮੰਤਵ ਇਹ ਹੈ ਕਿ ਪ੍ਰਮਾਤਮਾ ਕਿਸੇ ਇਕ ਵਿਸ਼ੇਸ਼ ਦਿਸ਼ਾ, ਸਥਾਨ ਜਾਂ ਕੋਣ ਵਿਚ ਸਥਿਤ ਨਹੀਂ। ਨਾਨਕ ਦੇ ਜ਼ਮਾਨੇ ਵਿਚ ਧਰਮ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਸਨ ਤੇ ਵਹਿਮਾਂ-ਭਰਮਾਂ ਵਿਚ ਫਸੇ ਅਣਜਾਣ ਤੇ ਭੋਲੇ ਭਾਲੇ ਲੋਕਾਂ ਦਾ ਉਥੇ ਸ਼ੋਸ਼ਣ ਕੀਤਾ ਜਾਂਦਾ ਸੀ। ਨਾਨਕ ਨੇ ਚਾਰ ਉਦਾਸੀਆਂ ਵੇਲੇ ਵੀ ਲੋਕਾਂ ਨੂੰ ਪਾਖੰਡ ਅਤੇ ਵਹਿਮਾਂ ਭਰਮਾਂ ਦੇ ਚਿੱਕੜ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ।

ਗੁਰੂ ਨਾਨਕ ਇਸਲਾਮੀ ਪਹਿਰਾਵਾ ਪਾ ਕੇ ਕਿਸੇ ਮਸੀਤ ਵਿਚ ਜਾ ਸੁੱਤੇ। ਮਸੀਤ ਮੁਸਲਮਾਨਾਂ ਦੀ ਇਕ ਮਕੱਦਸ ਥਾਂ ਹੈ। ਰਾਤ ਵੇਲੇ ਨਾਨਕ ਮੱਕੇ ਦੇ ਮਜੌਰਾਂ ਦਾ ਧਿਆਨ ਆਪਣੇ ਵਲ ਖਿੱਚਣ ਲਈ ਮੱਕੇ ਦੇ ਮਹਿਰਾਬੇ ਵੱਲ ਲੱਤਾਂ ਪਸਾਰ ਕੇ ਸੌਂ ਗਏ। ਜੀਵਨ ਨਾਂ ਦੇ ਇਕ ਮੁੱਲਾਂ ਨੇ ਗੁਸੇ ਵਿਚ ਆ ਕੇ ਬਾਬੇ ਦੇ ਰਾਤ ਨੂੰ ਲੱਤ ਮਾਰੀ ਤੇ ਪੁੱਛਿਆ ਕਿ ਕਿਹੜਾ ਕਾਫ਼ਰ ਕਾਅਬੇ ਵਲ ਪੈਰ ਕਰਕੇ ਕੇ ਸੁੱਤਾ ਪਿਆ ਹੈ ਤੇ ਖ਼ੁਦਾ ਦੇ ਘਰ ਵਲ ਲੱਤਾਂ ਪਸਾਰੀਆਂ ਹਨ। ਇਹ ਕਹਿ ਕੇ ਅਭਿਮਾਨ ਵਿਚ ਨਾਨਕ ਦੀਆਂ ਲੱਤਾਂ ਨੂੰ ਪਕੜ ਕੇ ਘਸੀਟਿਆ ਤੇ ਮੱਕੇ ਤੋਂ ਪੱਛਮ

ਵਲ ਨਾਨਕ ਦੇ ਪੈਰ ਕਰਨੇ ਚਾਹੇ ਪਰ ਉਸ ਜੀਵਨ ਨਾਂ ਦੇ ਮੁਸਲਮਾਨ ਦੁਆਰਾ ਨਾਨਕ ਦੇ ਪੈਰ ਘੁੰਮਾਉਂਦਿਆਂ ਹੀ ਮੱਕਾ ਵੀ ਘੁੰਮ ਗਿਆ।

ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਰੀ।[31]

ਗੁਰੂ ਨਾਨਕ ਕਰਾਮਾਤ ਦਿਖਾਉਂਦੇ ਨਹੀਂ ਕਰਾਮਾਤ ਸਹਿਜ ਸੁਭਾਵਕ ਵਾਪਰ ਜਾਂਦੀ ਹੈ। ਨਾਨਕ ਪ੍ਰਮਾਤਮਾ ਨਾਲ ਇੱਕਮਿੱਕ ਹਨ। ਉਹ ਇਸ ਮਾਤਲੋਕ ਵਿਚ ਭੋਲੀ ਭਾਲੀ ਜਨਤਾ ਨੂੰ ਅਗਿਆਨ ਦੇ ਹਨੇਰੇ ਵਿਚੋਂ ਕੱਢ ਕੇ ਸੱਚ ਦਾ ਮਾਰਗ ਦਿਖਾਉਣ ਆਏ ਹਨ। ਆਮ ਜਨਤਾ ਅਗਿਆਨਤਾ ਦੇ ਹਨੇਰੇ ਵਿਚ ਇਸ ਕਦਰ ਡੁੱਬੀ ਹੋਈ ਹੈ ਕਿ ਸੱਚ/ਝੂਠ ਦੀ ਪਹਿਚਾਣ ਵੀ ਭੁੱਲ ਜਾਂਦੀ ਹੈ। ਸੱਚ ਦੀ ਨਵੀਂ ਪਹਿਚਾਨ ਕਾਇਮ ਕਰਨੀ ਸੁਭਾਵਕ ਹੈ। ਪੂਰਨ ਗੁਰੂ ਦੀ ਆਮਦ ਤਾਂ ਹੁੰਦੀ ਹੀ ਜੀਵਾਂ ਦੇ ਕਲਿਆਣ ਲਈ ਹੈ। ਪ੍ਰਭੂ ਵਿਚ ਸਮਾ ਕੇ ਪ੍ਰਭੂ ਦਾ ਰੂਪ ਹੋ ਚੁੱਕਾ ਮਹਾਤਮਾ/ਸੰਤ ਹੀ ਪੂਰਾ ਗੁਰੂ ਹੁੰਦਾ ਹੈ ਅਜਿਹੇ ਪੂਰਨ ਗੁਰੂ ਨੂੰ ਮੁਕਤੀ ਦਾ ਦੁਆਰ ਕਿਹਾ ਜਾਂਦਾ ਹੈ। ਆਪਣੇ ਸਿੱਖਾਂ ਸੇਵਕਾਂ ਨੂੰ ਉਸ ਅਗੰਮ ਅਗੋਚਰ ਪ੍ਰਮਾਤਮਾ ਦੇ ਪ੍ਰਤੱਖ ਦਰਸ਼ਨ ਕਰਵਾਉਣ ਵਾਲੀ ਆਤਮਾ ਹੀ ਸੱਚਾ ਗੁਰੂ ਹੁੰਦਾ ਹੈ। ਉਸ ਮੁਕਤੀ ਦਾਤਾ ਗੁਰੂ ਬਾਰੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥[32]

ਗੁਰੂ ਨਾਨਕ ਦੀ ਮੱਕੇ ਘੁਮਾਉਣ ਦੀ ਕਰਾਮਾਤ ਤੋਂ ਮੁਸਲਮਾਨ ਇੰਨੇ ਪ੍ਰਭਾਵਤ ਹੋਏ ਕਿ ਗੁਰੂ ਸਾਹਿਬ ਨਾਲ ਸੰਵਾਦ ਰਚਾਉਣ ਲੱਗੇ। ਕਾਜੀ ਮੁਲਾਂ ਅਜੇ ਵੀ ਜਾਤਾਂ ਧਰਮਾਂ ਦੇ ਫ਼ਿਕਰ ਵਿਚ ਹਨ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸ਼ੁਭਿ ਅਮਲਾ ਬਾਝਹੁ ਦੋਨੋ ਰੋਈ।[33]

ਕੋਈ ਵਿਅਕਤੀ ਜਾਤ, ਧਰਮ, ਰੰਗ, ਲਿੰਗ, ਨਸਲ, ਦੇਸ਼ ਤੇ ਵੇਸ ਕਰਕੇ ਵੱਡਾ/ਛੋਟਾ ਨਹੀਂ ਹੁੰਦਾ। ਚੰਗੇ ਕਰਮ ਕਰਨ ਵਾਲਾ ਵਿਅਕਤੀ ਹੀ ਸ੍ਰੇਸ਼ਠ ਹੁੰਦਾ ਹੈ। ਹਿੰਦੂ ਜਾਂ ਮੁਸਲਮਾਨ ਕੇਵਲ ਆਪਣੀਆਂ ਧਾਰਮਿਕ ਮਾਨਤਾਵਾਂ ਪੂਜਾ, ਪਾਠ ਕਾਰਨ ਹੀ ਰੱਬੀ ਕਚਹਿਰੀ ਵਿਚ ਮਕਬੂਲ ਜਾਂ ਦੁਰਕਾਰੇ ਨਹੀਂ ਜਾ ਸਕਦੇ।

ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ।।[34]

ਹਿੰਦੂ ਅਤੇ ਮੁਸਲਮਾਨ ਦੋਵੇਂ ਇਕ ਦੂਜੇ ਨਾਲ ਈਰਖਾ ਕਰ ਰਹੇ ਹਨ। ਰਾਮ ਤੇ ਰਹੀਮ ਇਕ ਹਨ ਤੇ ਇਕ ਹੀ ਰਹਿਣਗੇ। ਦੁਨੀਆਂ ਬਦੀ ਦੇ ਰਾਹ 'ਤੇ ਤੁਰ ਕੇ ਆਪਣੇ ਨੇਕ ਕਰਮਾਂ ਨੂੰ ਭੁਲ ਕੇ ਆਪਣੇ ਫਰਜ਼ ਭੁੱਲ ਬੈਠੀ ਹੈ। ਗੁਰੂ ਨਾਨਕ ਦੀ ਆਮਦ ਹਰ ਕਿਸੇ ਨੂੰ ਉਸਦੇ ਨੇਕ ਕਰਮਾਂ ਵਲ ਰਜੂ ਹੋਣ (ਤੁਰਨਾ) ਦੀ ਇਕ ਦਸਤਕ ਸੀ।

### (ਅ) ਗੁਰੂ ਨਾਨਕ ਦੇ ਜੀਵਨ ਦੇ ਪ੍ਰਮਾਰਥੀ ਸੰਦਰਭ

ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਰਮਾਰਥ ਦਾ ਅਰਥ ਹੈ। "ਪਰਮ ਉਤਮ, ਪਦਾਰਥ, ਸਾਰ, ਵਸਤੂ, ਆਤਮ ਵਿਦਿਯਾ, ਮੁਕਤਿ, ਸਿਧਾਂਤ, ਵਾਕਯ ਦਾ ਭਾਵਾਰਥ, ਆਤਮ ਵਿਦਯਾ ਦਾ ਖੋਜੀ, ਜਿਗਯਾਸੂ, ਤਤ੍ਵ ਦੇ ਢੂੰਢਣ ਵਾਲਾ ਆਦਿ ਮੰਨਿਆ ਗਿਆ ਹੈ।"[35]

ਪੰਜਾਬੀ ਅੰਗਰੇਜ਼ੀ ਕੋਸ਼ ਵਿਚ ਪ੍ਰਮਾਰਥ ਦਾ ਅਰਥ ਹੈ The path of religion and good deeds।[36] ਪ੍ਰਮਾਰਥੀ ਦਾ ਸ਼ਾਬਦਿਕ ਅਰਥ ਪ੍ਰਮਾਰਥ ਕਰਨ ਵਾਲਾ, ਪ੍ਰਮਾਰਥ ਪ੍ਰਤੀ ਝੁਕਾਉ ਰੱਖਣ ਵਾਲਾ।

ਭਾਈ ਗੁਰਦਾਸ, ਗੁਰਮਤਿ ਨੂੰ ਆਪਣੇ ਜੀਵਨ ਵਿਚ ਧਾਰਨ ਕਰਕੇ ਦ੍ਰਿੜਤਾ ਨਾਲ ਪਹਿਰਾ ਦੇਣ ਵਾਲੀ ਸ਼ਖ਼ਸੀਅਤ ਦਾ ਨਾਂ ਹੈ। ਉਹਨਾਂ ਨੂੰ ਚਾਰ ਗੁਰੂ ਸਾਹਿਬਾਨ ਨਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਦੀ ਦੂਰ-ਅੰਦੇਸ਼ੀ ਨੂੰ ਸਹੀ ਮਾਅਨਿਆਂ ਵਿਚ ਭਾਈ ਗੁਰਦਾਸ ਨੇ ਅਮਲੀ ਜਾਮਾ ਪਹਿਨਾਂਇਆ। ਉਨ੍ਹਾਂ ਗੁਰਮਤਿ ਤੇ ਗੁਰੂ ਇਤਿਹਾਸ ਦਾ ਡੂੰਘਾ

ਚਿੰਤਨ ਕੀਤਾ। ਡਾ. ਸੁਰਿੰਦਰ ਸਿੰਘ ਕੋਹਲੀ, ਭਾਈ ਗੁਰਦਾਸ ਜੀ ਬਾਰੇ ਲਿਖਦੇ ਹਨ: "ਉਹ ਸਿੱਖ ਮੱਤ ਦੇ ਪਹਿਲੇ ਅਤੇ ਪ੍ਰਮਾਣਿਕ ਵਿਆਖਿਆਕਾਰ ਸਨ।"[37]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਗੁਰਦਾਸ ਦੀ ਬਾਣੀ "ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। ਇਹ ਆਖਣਾ ਅਤਿਕਥਨੀ ਨਹੀਂ ਕਿ ਸਿੱਖੀ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵਧ ਕੇ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਦੇਵ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹ ਕੇ ਸਿੱਖੀ ਪ੍ਰਾਪਤ ਹੁੰਦੀ ਹੈ।"[38]

ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਸਾਹਿਤ ਤੇ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਨਾਨਕ ਦੇਵ ਤੋਂ ਗੁਰੂ ਹਰਗੋਬਿੰਦ ਜੀ ਤੱਕ ਛੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਭਾਈ ਗੁਰਦਾਸ ਦੀਆਂ ਵਾਰਾਂ ਬਹੁਤ ਉਪਯੋਗੀ ਸਿੱਧ ਹੁੰਦੀਆਂ ਹਨ। ਇਤਿਹਾਸ ਦੇ ਸੰਦਰਭ ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਸਿੱਖ ਇਤਿਹਾਸ ਦੇ ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਲਿਖਦੇ ਹਨ:

> ਇਹ ਵਾਰਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਲੋਕ ਗਮਨ ਹੋਣ ਤੋਂ ਪੰਜਾਹ ਤੋਂ ਸੱਤਰ ਸਾਲਾਂ ਦੇ ਦਰਮਿਆਨ ਉਨ੍ਹਾਂ ਲੋਕਾਂ ਦੇ ਜੀਵਨ ਕਾਲ ਵਿਚ ਰਚੀਆਂ ਗਈਆਂ ਜੋ ਗੁਰੂ ਸਾਹਿਬ ਨੂੰ ਜਾਣਦੇ ਸਨ, ਵਿਸ਼ੇਸ਼ ਤੌਰ ਤੇ ਬਾਬਾ ਬੁੱਢਾ ਜੀ, ਜਿਸ ਨੂੰ ਭਾਈ ਗੁਰਦਾਸ ਚੰਗੀ ਤਰ੍ਹਾਂ ਜਾਣਦੇ ਸਨ। ਦੁਰਭਾਗਵਸ ਭਾਈ ਗੁਰਦਾਸ ਨੇ ਗੁਰੂ ਨਾਨਕ ਦੀ ਜੀਵਨੀ ਲਿਖਣ ਲਈ ਪ੍ਰਾਪਤ ਗਿਆਨ ਦੀ ਵਰਤੋਂ ਨਹੀਂ ਕੀਤੀ ਪਰ ਫਿਰ ਵੀ ਜੋ ਸੰਕੇਤ ਉਨ੍ਹਾਂ ਆਪਣੀਆਂ ਵਾਰਾਂ ਵਿਚ ਦਿੱਤੇ ਉਨ੍ਹਾਂ ਨੂੰ ਪ੍ਰਮਾਣਿਕ ਮੰਨਿਆ ਜਾ ਸਕਦਾ ਹੈ।[39]

ਭਾਈ ਗੁਰਦਾਸ ਦੀਆਂ ਵਾਰਾਂ ਵਿਚਲੇ ਸਰੋਕਾਰ ਅਣ-ਸਬੰਧਿਤ ਨਹੀਂ ਸਗੋਂ ਇਹ ਕਾਰਜਸ਼ੀਲ ਹਨ ਅਤੇ ਵਿਵਹਾਰਿਕ ਨੁਕਤਿਆਂ ਨੂੰ ਉਘਾੜਦੇ ਹਨ। ਇਸੇ ਕਰਕੇ ਗੁਰੂ ਅਰਜਨ

ਦੇਵ ਦਾ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਹਿਣਾ ਮਾਅਨੇ ਭਰਪੂਰ ਹੈ। ਡਾ. ਫੌਜਾ ਸਿੰਘ ਨੇ ਭਾਈ ਗੁਰਦਾਸ ਦੀਆਂ ਵਾਰਾਂ ਨੂੰ "ਗੁਰੂ ਨਾਨਕ ਦਾ ਜੀਵਨ ਬਿਰਤਾਂਤ ਲਿਖਣ ਲਈ ਵਧੀਆ ਤੇ ਪੁਰਾਤਨ ਸਰੋਤ ਮੰਨਿਆ ਹੈ।"[40]

ਗੁਰਬਾਣੀ ਇਕ ਪਾਸੇ ਅਧਿਆਤਮਕਤਾ ਨਾਲ ਜੁੜੀ ਹੈ ਤਾਂ ਦੂਜੇ ਪਾਸੇ ਭੌਤਿਕ ਜੀਵਨ ਜਾਚ ਨਾਲ ਜੁੜੀ ਹੋਈ ਹੈ। ਬਿਨਾਂ ਸ਼ਕ ਗੁਰੂ ਨਾਨਕ ਦਾ ਮੁੱਖ ਮਕਸਦ ਮਨੁੱਖੀ ਜੀਵਨ ਵਿਚ ਆਦਰਸ਼ਕ ਤੇ ਅਮਲੀ ਜਾਂ ਵਿਵਹਾਰਕ ਕ੍ਰਾਂਤੀ ਦਾ ਹੈ। ਪਰ ਅਜਿਹੀ ਕ੍ਰਾਂਤੀ ਵਾਪਰਨ ਤੋਂ ਪਹਿਲਾਂ ਅਜਿਹਾ ਸਮਾਜਕ, ਰਾਜਨੀਤਿਕ ਅਤੇ ਆਰਥਿਕ ਵਾਤਾਵਰਣ ਉਪਲਬਧ ਹੋਣਾ ਚਾਹੀਦਾ ਹੈ ਕਿਉਂਕਿ ਭੌਤਿਕਤਾ ਵਲੋਂ ਸੁਰਖਿਅਤ ਹੋ ਕੇ, ਭੌਤਿਕ ਜੀਵਨ ਜਾਚ ਨੂੰ ਦਰੁਸਤ ਕਰਕੇ ਰੂਹਾਨੀ ਤੇ ਅਧਿਆਤਮੀ ਮਾਰਗ ਦਾ ਰਾਹ ਖੁਲ੍ਹਦਾ ਹੈ। 'ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗਲਾਂ ਖੋਟੀਆਂ' ਲੋਕ ਅਖਾਣ ਵੀ ਇਸ ਸਚਾਈ ਦੀ ਹਾਮੀ ਭਰਦਾ ਹੈ। ਗੁਰੂ ਨਾਨਕ ਅੰਤਰ-ਜਗਤ ਦੀ ਕ੍ਰਾਂਤੀ ਲਈ ਬਦਲਾਓ ਦੇ ਸੂਤਰਧਾਰ ਹਨ। ਇਸ ਦੁਨੀਆਂ ਵਿਚ ਕ੍ਰਾਂਤੀ, ਸਮਾਜਕ ਕ੍ਰਾਂਤੀ, ਰਾਜਨੀਤਿਕ ਕ੍ਰਾਂਤੀ, ਸਾਹਿਤ ਤੇ ਕਲਾ ਜਗਤ ਵਿਚ ਕਿੰਨੀਆਂ ਹੀ ਕ੍ਰਾਂਤੀਆਂ ਵਾਪਰ ਚੁੱਕੀਆਂ ਹਨ ਤੇ ਆਏ ਦਿਨ ਵਾਪਰ ਰਹੀਆਂ ਹਨ। ਬਦਲਾਓ ਪ੍ਰਕਿਰਤੀ ਦਾ ਨਿਯਮ ਹੈ। ਹਰ ਬਦਲਾਓ, ਹਰ ਕ੍ਰਾਂਤੀ ਕੁੱਝ ਆਪਣੀ ਪੈੜ-ਛਾਪ ਛੱਡ ਕੇ ਜਾਂਦੀ ਹੈ। ਮਨੁੱਖ ਦੇ ਅੰਤਰ ਜਗਤ ਨੂੰ ਸੰਵਾਰਨ ਲਈ ਤੇ ਉਨਤੀ ਦੇ ਰਾਹ ਪਾਉਣ ਲਈ ਉਪਰੋਕਤ ਭਾਂਤ ਦੀ ਕ੍ਰਾਂਤੀ ਦੀ ਲੋੜ ਹੈ, ਕਿਉਂਕਿ ਸਾਡੇ ਵਿਚਾਰ ਹੀ ਚਰਿੱਤਰ ਵਿਚ ਤਬਦੀਲ ਹੁੰਦੇ ਹਨ ਤੇ ਵਿਚਾਰ ਦਾ ਜਨਮ ਮਨ ਦੀ ਅੰਤਰਧਾਰਾ ਵਿਚੋਂ ਹੁੰਦਾ ਹੈ।

ਪਹਿਲੀ ਵਾਰ ਦੀਆਂ 22 ਪਉੜੀਆਂ ਤੱਕ ਭਾਈ ਗੁਰਦਾਸ, ਨਾਨਕ-ਕ੍ਰਾਂਤੀ ਲਈ ਇਕ ਪ੍ਰਿਸ਼ਟ ਭੂਮੀ ਤਿਆਰ ਕਰ ਰਹੇ ਹਨ। ਨਾਨਕ ਤੋਂ ਪਹਿਲਾਂ ਸਮਾਜ ਦੀ ਆਰਥਿਕ, ਸਮਾਜਿਕ ਅਤੇ ਧਾਰਮਿਕ ਸਥਿਤੀ ਪਤਨ ਮੁੱਖ ਹੈ। ਜਨਤਾ ਤ੍ਰਾਹ ਤ੍ਰਾਹ ਕਰ ਰਹੀ ਹੈ। ਜਨਤਾ ਦੀ ਪੁਕਾਰ ਸੁਣ ਕੇ ਕੁਦਰਤ ਨੇ ਕ੍ਰਿਸਮਾਂ ਕੀਤਾ। ਕਲਜੁਗ ਨੂੰ ਤਾਰਣ ਹਿਤ ਬਾਬੇ ਨਾਨਕ ਨੂੰ ਪ੍ਰਭੂ ਨੇ ਇਸ ਦੁਨੀਆਂ ਤੇ ਭੇਜਿਆ। ਭਾਈ ਗੁਰਦਾਸ ਇਸ ਕ੍ਰਿਸ਼ਮਈ ਵਰਤਾਰੇ ਦਾ ਬਿਰਤਾਂਤ ਸਿਰਜਦੇ ਹੋਏ ਪ੍ਰਮਾਰਥੀ ਸੰਦਰਭ ਪ੍ਰਸਤੁਤ ਕਰ ਰਹੇ ਹਨ:

ਸੁਣੀ ਪੁਕਾਰਿ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਇਆ।

ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰ ਸੁਣਾਇਆ।

ਕਲਿ ਤਾਰਣਿ ਗੁਰੁ ਨਾਨਕੁ ਆਇਆ।।[41]

ਪ੍ਰਮਾਤਮਾ ਦੀ ਸ਼ਬਦ ਸੰਕਲਪਾਤਮਕ ਪਰਿਭਾਸ਼ਾ ਅਨੁਸਾਰ ਉਹੀ ਵਿਅਕਤੀ ਜਾਂ ਸ਼ਖ਼ਸੀਅਤ ਪ੍ਰਮਾਰਥੀ ਹੈ ਜੋ ਸਵੈ ਨੂੰ ਛੱਡ ਕੇ ਦੂਜਿਆਂ ਦਾ ਅਰਥ ਤੇ ਜੀਵਨ ਨੂੰ ਸੰਵਾਰ ਰਿਹਾ ਹੈ, ਜੋ ਨਿਰਸੁਆਰਥ ਹੋ ਕੇ ਸੱਚ ਉਤੇ ਪਹਿਰਾ ਦੇ ਰਿਹਾ ਹੈ, ਜੀਵਨ ਦੇ ਆਤਮ ਤੱਤ ਦਾ ਖੋਜੀ ਹੋਵੇ, ਜੀਵਨ ਦੀ ਸਾਰ ਵਸਤੂ ਨੂੰ ਆਪ ਵੀ ਪਹਿਚਾਣੇ ਤੇ ਦੂਜਿਆਂ ਨੂੰ ਗਿਆਨ ਦੇਣ ਵਿਚ ਮਦਦਗਾਰ ਤੇ ਸਹਾਈ ਵੀ ਹੋਵੇ, ਧਰਮ ਦੇ ਮਾਰਗ ਤੇ ਮਰਿਯਾਦਾ ਵਿਚ ਆਪ ਵੀ ਰਹੇ ਤੇ ਦੂਜਿਆਂ ਲਈ ਪ੍ਰੇਰਣਾ ਵੀ ਬਣੇ। ਹੰਸ ਬਿਰਤੀ ਦਾ ਹੋਵੇ ਜੋ ਦੁੱਧ ਤੇ ਪਾਣੀ ਦੀ ਪਛਾਣ ਕਰ ਸਕਦਾ ਹੈ। ਅਜਿਹਾ ਵਿਅਕਤੀ ਹੀ ਲੋਕਾਂ ਦਾ ਮਸੀਹਾ ਬਣ ਸਕਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਤੋਂ ਅਤਿਰਿਕਤ ਗੁਰੂ ਨਾਨਕ ਦੀ ਬਾਣੀ ਚਾਰ ਉਦਾਸੀਆਂ, ਦੇਸ਼ ਦੇਸ਼ਾਂਤਰ ਵਿਚ ਜਾ ਕੇ ਰੰਗ, ਨਸਲ, ਧਰਮ ਤੇ ਦੇਸ਼ ਦੇ ਭੇਦ ਭਾਵ ਤੋਂ ਉੱਪਰ ਉੱਠ ਕੇ ਹਰ ਇਨਸਾਨ ਵਿਚ ਪਰਮ ਪਿਤਾ ਦੀ ਜੋਤ ਨੂੰ ਵੇਖਣਾ ਪ੍ਰਮਾਰਥ ਦੀਆਂ ਉਚਤਮ ਉਦਾਹਰਣਾਂ ਹਨ।

ਭਾਈ ਗੁਰਦਾਸ ਗੁਰੂ ਨਾਨਕ ਦੇ ਸਮਕਾਲੀ ਨਹੀਂ ਪਰ ਉਨ੍ਹਾਂ ਦੀ ਇਸ ਵਾਰ ਦੀ ਸੰਰਚਨਾ ਵਿਚਲੇ ਸੂਝ ਮਾਡਲ ਰਾਹੀਂ ਗੁਰੂ ਦੇ ਪ੍ਰਮਾਰਥੀ ਚਰਿੱਤਰ, ਅਧਿਆਤਮੀ ਬਿਰਤੀ ਤੇ ਗੁਰੂ ਮਰਿਯਾਦਾ ਦੀ ਖੁਸ਼ਬੂ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੀ ਫਿਜ਼ਾ ਵਿਚ ਘੁਲੀ ਹੋਈ ਹੈ। ਉਸ ਨੇ ਗੁਰੂ ਨਾਨਕ ਨਹੀਂ, ਗੁਰੂ ਨਾਨਕ ਦੀ ਜੋਤ, ਉਸਦਾ ਰੂਪ, ਤੀਜੇ ਗੁਰੂ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਤੇ ਗੁਰੂ ਹਰਗੋਬਿੰਦ ਵਿਚ ਸਾਕਾਰ ਵੇਖੀ ਹੈ। ਗੁਰੂ ਨਾਨਕ ਦਾ ਵਿਅਕਤਿਤਵ ਤੇ ਉਸ ਦੀ ਫਿਲਾਸਫ਼ੀ ਗੁਰਮਤਿ ਬਿਰਛ ਦਾ ਬੀਜ ਹੈ, ਆਧਾਰ ਹੈ ਤਾਂ ਉਸ ਉੱਪਰ ਦੂਜੇ ਗੁਰੂਆਂ ਦਾ ਚਰਿੱਤਰ, ਰੂਹਾਨੀਅਤ ਤੇ ਸਮਾਜ ਸੇਵਾ ਦਾ ਉਸਾਰ ਭਾਈ ਗੁਰਦਾਸ ਅੱਖਾਂ ਨਾਲ ਵੇਖ ਰਹੇ ਹਨ, ਉਸ ਸਾਰੇ ਸੱਚ ਨੂੰ ਆਪ ਜੀਅ ਰਹੇ ਹਨ। ਗੁਰੂ ਨਾਨਕ ਦੇ ਪਾਏ

ਪੂਰਨਿਆਂ ਤੇ ਜੀਵਨ ਜਾਚ ਨੂੰ ਦੂਜੇ ਗੁਰੂਆਂ ਨੇ ਆਪਣੇ ਜੀਵਨ ਵਿਚ ਆਤਮਸਾਤ ਕੀਤਾ ਇਸ ਲਈ ਭਾਈ ਗੁਰਦਾਸ ਦੇ ਅਵਚੇਤਨ ਵਿਚ ਗੁਰੂ ਨਾਨਕ ਦਾ ਪ੍ਰਮਾਰਥੀ ਚਰਿੱਤਰ ਸਾਕਾਰ ਹੈ। ਜਨਮ ਸਾਖੀ ਵਿਚ ਮੌਜੂਦ ਉਨ੍ਹਾਂ ਦੇ ਜੀਵਨ ਦੇ ਪ੍ਰਮਾਰਥੀ ਬਿਰਤਾਂਤ, ਸੱਚੇ ਸੌਦੇ ਤੋਂ ਲੈ ਕੇ ਦੇਹ-ਵਿਦਾਈ ਸਮੇਂ ਹਿੰਦੂ ਤੇ ਮੁਸਮਲਾਨ ਦੇ ਭੇਦ ਭਾਵ ਨੂੰ ਮਿਟਾਉਣ ਲਈ ਉਨ੍ਹਾਂ ਜੋ ਸਹਿਜ ਕਰਾਮਾਤਾਂ ਕੀਤੀਆਂ, ਉਹ ਉਨ੍ਹਾਂ ਦੇ ਅਵਚੇਤਨ ਦਾ ਅੰਗ ਬਣ ਗਈਆਂ। ਕਰਾਮਾਤੀ ਸਰੋਕਾਰਾਂ ਦਾ ਮੰਤਵ ਵਿਅਕਤੀ ਪੂਜਾ ਦੀ ਧਾਰਨਾ ਨਹੀਂ, ਵਰਤਾਰੇ ਦੇ ਸੰਦਰਭ ਵਿਚ ਗੁਰੂ ਨਾਨਕ ਕਰਾਮਾਤਾਂ ਦਿਖਾਉਂਦੇ ਨਹੀਂ, ਸਹਿਜ ਵਰਤ ਜਾਂਦੀਆਂ ਹਨ।

ਦੂਜੀ ਗੱਲ ਗੁਰੂ ਨਾਨਕ ਦੇ ਸਾਹਮਣੇ ਪ੍ਰਮਾਰਥ ਦੀ ਦਿਸ਼ਾ ਸੁਨਿਸ਼ਚਿਤ ਹੈ, ਜੇ ਦਿਸ਼ਾ ਦਰੁਸਤ ਹੋਵੇ ਤਾਂ ਦਸ਼ਾ ਠੀਕ ਕਰਨ ਲਈ ਕੁਦਰਤ ਆਪ ਮਦਦ ਕਰਦੀ ਹੈ। ਗੁਰੂ ਨਾਨਕ ਤੋਂ ਪਹਿਲਾਂ 'ਧਰਮ' ਵਿਚ ਅਧਰਮ ਦਾ ਅਨੁਪਾਤ ਅਸਤੁੰਲਿਤ ਹੈ। ਧਰਮ ਲੁੱਟ-ਖਸੁੱਟ, ਅੰਧ-ਵਿਸ਼ਵਾਸ, ਸ਼ੋਸ਼ਣ ਦਾ ਅੱਡਾ ਬਣਿਆ ਪਿਆ ਸੀ। ਤੱਤਕਾਲੀ ਰਾਜਨੀਤਕ ਵਰਤਾਰੇ ਦੀ ਸਥਾਪਤੀ ਵੀ ਅਜਿਹੇ ਅਧਰਮ ਦੀ ਹਾਂ ਵਿਚ ਹਾਂ ਮਿਲਾ ਰਹੀ ਸੀ। ਗੁਰੂ ਨਾਨਕ ਬਾਣੀ 'ਆਸਾ ਦੀ ਵਾਰ' ਵਿਚ ਅਜਿਹੇ ਅਨੇਕਾਂ ਬਿਰਤਾਂਤ ਮੌਜੂਦ ਹਨ ਜਿਥੇ ਆਪ ਸਮਾਜ ਦੇ ਇਸ ਗਲ਼ੇ ਸੜੇ ਬਦਬੂਦਾਰ ਹਿੱਸੇ ਵਲ ਸਿਰਫ਼ ਸੰਕੇਤ ਹੀ ਨਹੀਂ ਕਰਦੇ ਸਗੋਂ ਮੁੱਢੋਂ ਸੁੱਢੋਂ ਹੀ ਇਸ ਤੋਂ ਲੋਕਾਂ ਨੂੰ ਸਹੀ ਮਾਰਗ ਦੱਸ ਕੇ ਨਿਜਾਤ ਦਿਵਾਉਂਦੇ ਹਨ।

ਆਦਿ ਗ੍ਰੰਥ ਵਿਚ ਉਨ੍ਹਾਂ ਵਾਰ ਮਾਝ ਕੀ ਦੁਆਰਾ ਤੱਤਕਾਲੀ ਧਾਰਮਿਕ ਘੜਮਸ ਦਾ ਸਮਾਜਕ ਤੇ ਰਾਜਸੀ ਰੂਪ ਪੇਸ਼ ਕੀਤਾ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ।।

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।[42]

ਗੁਰੂ ਨਾਨਕ ਦੇ ਪ੍ਰਮਾਰਥੀ ਤੇ ਮਾਨਵਵਾਦੀ ਪ੍ਰਚਾਰ ਦੀ ਲਹਿਰ ਨੇ ਤੱਤਕਾਲੀ ਰਾਜਨੀਤਿਕ ਵਿਵਸਥਾ ਦੇ ਦਮਨਕਾਰੀ ਅਤੇ ਰੂੜੀਵਾਦੀ ਸੰਸਥਾਵਾਂ ਦੇ ਮਾਨਵ-ਵਿਰੋਧੀ

ਸੰਗਠਨਾਂ ਨੂੰ ਵੰਗਾਰਦਿਆਂ, ਪੀੜਤ-ਲੋਕਾਈ ਨੂੰ ਹਰ ਪੱਖੋਂ ਅਜ਼ਾਦੀ ਪ੍ਰਾਪਤ ਕਰਨ ਲਈ ਜਗਾਇਆ। ਭਾਈ ਗੁਰਦਾਸ ਵੀ ਤਤਕਾਲੀ ਸਮਾਜ ਵਿਚ ਫੈਲੀ ਹਫੜਾ-ਦਫ਼ੜੀ ਅਤੇ ਹਨੇਰ ਗਰਦੀ ਦਾ ਬਿਰਤਾਂਤ ਆਪਣੀ ਵਾਰ ਵਿਚ ਇਸ ਤਰ੍ਹਾਂ ਸਿਰਜਦੇ ਹਨ:

ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗਸਾਈ।।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ,
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤ ਬਿਧਿ ਭਾਈ
ਕਾਜੀ ਹੋਏ ਰਿਸਵਤੀ ਵੱਢੀ ਲੈ ਕੇ ਹੱਕ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊ ਜਾਈ।।
ਵਰਤਿਆ ਪਾਪ ਸਭਸ ਜਗ ਮਾਂਹੀ।। [43]

ਭਾਈ ਗੁਰਦਾਸ ਅਨੁਸਾਰ ਰਾਜੇ ਤੇ ਕਾਜ਼ੀ ਹੀ ਨਿੰਦਣਯੋਗ ਨਹੀਂ ਸਨ ਸਗੋਂ ਉਹਨਾਂ ਨੇ ਗੁਰੂ ਤੇ ਉਨ੍ਹਾਂ ਦੇ ਚੇਲੇ ਵੀ ਪਾਖੰਡ ਵਿਚ ਰੱਤੇ ਦਿਖਾਏ ਹਨ। ਗਿਆਨ ਬਿਨਾਂ ਅੰਨ੍ਹੀ ਪਰਜਾ ਵਿਚ ਆਚਰਣ ਦੀ ਦ੍ਰਿੜਤਾ, ਆਤਮ ਅਭਿਮਾਨ ਤੇ ਸਤ ਦਾ ਅਭਾਵ ਹੈ।

ਗੁਰੂ ਨਾਨਕ ਦੇ ਸਮੇਂ ਤੱਕ ਇਸ ਲਹਿਰ ਨੇ ਆਦਰਸ਼ਵਾਦ ਦੀ ਮਿੱਠੀ ਗੋਲੀ ਨਾਲ ਸਮਾਜਕ, ਧਾਰਮਿਕ, ਰਾਜਸੀ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਘੁਲ ਚੁੱਕੀ ਕੜਵਾਹਟ, ਸ਼ੈਤਾਨੀਅਤ ਤੇ ਅਮਨੁੱਖਤਾ ਨੂੰ ਸਮੇਂ ਸਮੇਂ ਉਜਾਗਰ ਕੀਤਾ। ਜਨਤਾ ਸਮੇਂ ਦੇ ਅਨਿਆਈ, ਧਕੜ ਅਤੇ ਜਾਲਮਾਨਾਂ ਸ਼ਾਸਨ ਤੋਂ ਦੁਖੀ ਸੀ। ਗੁਰੂ ਨਾਨਕ ਨੇ ਜਨਤਾ ਦੇ ਖੋਏ ਵਕਾਰ ਨੂੰ ਉੱਚਾ ਚੁੱਕਣ ਲਈ ਬਾਬਰ ਨਾਲ ਟੱਕਰ ਲਈ, ਬਾਬਰ ਦੀ ਹਾਂ ਵਿਚ ਹਾਂ ਮਿਲਾ ਕੇ ਗੁਰੂ ਨਾਨਕ ਕੋਲ ਦੁਨਿਆਵੀ ਪਦ ਪ੍ਰਤਿਸ਼ਠਤਾ ਦੀ ਕਮੀ ਨਾ ਰਹਿੰਦੀ ਪਰ ਉਸਦਾ ਮਕਸਦ ਲੋਕ ਹਿੱਤ ਤੇ ਸੱਚ ਦੀ ਖੋਜ ਹੈ। ਅਜੇਹੀ ਪ੍ਰਸਥਿਤੀ ਨੂੰ ਸੰਤ ਸਿੰਘ ਸੇਖੋਂ ਨੇ ਇਉਂ ਬਿਆਨ ਕੀਤਾ ਹੈ: "ਜਦੋਂ ਕੋਈ ਵੀ ਸੰਸਥਾ ਅਜਿਹਾ ਪ੍ਰਚਾਰ ਕਰੇਗੀ ਅਤੇ ਜੇ ਉਹ ਆਪਣੇ ਪ੍ਰਚਾਰ ਵਿਚ ਸੱਚੀ ਤੇ

ਪੱਕੀ ਹੈ ਤਾਂ ਉਸ ਦੀ ਰਾਜ ਅਧਿਕਾਰੀਆਂ ਨਾਲ ਟੱਕਰ ਅਵਸ਼ਕ ਹੋਵੇਗੀ। ਜਿਹੜਾ ਆਗੂ ਕਾਜ਼ੀਆਂ ਨੂੰ ਰਿਸ਼ਵਤੀ, ਵੱਢੀ ਖਾ ਕੇ ਹੱਕ ਗੁਆਉਣ ਵਾਲੇ ਕਹਿੰਦਾ ਹੈ, ਜੋ ਆਪਣੇ ਬਚਨਾਂ ਦਾ ਸੱਚਾ ਹੈ, ਆਪਣੇ ਗਵਾਂਢ ਵਿਚ ਅਜਿਹੇ ਕਾਜ਼ੀਆਂ ਦਾ ਵਿਰੋਧ ਕਰਨ ਤੋਂ ਕਿਸ ਤਰ੍ਹਾਂ ਰਹਿ ਸਕਦਾ ਹੈ?"[44] ਇਤਿਹਾਸ ਗਵਾਹ ਹੈ ਅਜਿਹੇ ਹਾਲਾਤ ਸਿੱਖ ਗੁਰੂਆਂ ਤੇ ਆਗੂਆਂ ਦੇ ਅੱਗੇ ਆਏ, ਕਿ ਉਹਨਾਂ ਦੀ ਸਮੇਂ ਦੇ ਰਾਜ ਅਧਿਕਾਰੀਆਂ ਨਾਲ ਟੱਕਰ ਹੋ ਗਈ, ਜੋ ਵਧਦੀ ਵਧਦੀ ਰਾਜਸੀ ਬਗਾਵਤ ਦਾ ਰੂਪ ਧਾਰਨ ਕਰ ਗਈ। ਇਸ ਤਰ੍ਹਾਂ ਬਗਾਵਤ ਦੇ ਇਹ ਬੀਜ ਨਾਨਕ ਬਾਣੀ ਅਤੇ ਨਾਨਕ ਜੀਵਨ ਵਿਚ ਮੌਜੂਦ ਸਨ। ਜੋ ਬਾਅਦ ਵਿਚ ਸਿੱਖ ਸੰਸਥਾ ਤੇ ਗੁਰਮਤਿ ਫਿਲਾਸਫ਼ੀ ਨੂੰ ਆਪਣੇ ਪੈਰਾਂ ਤੇ ਖੜ੍ਹੋਣ ਦਾ ਬਲ ਪ੍ਰਦਾਨ ਕਰਦੇ ਹਨ।

ਗੁਰੂ ਨਾਨਕ ਨਾ ਤਾਂ ਕਿਸੇ ਧਾੜਵੀ ਰਾਜਸੀ ਹਕੂਮਤ ਨਾਲ ਤੇ ਨਾ ਹੀ ਧਾਰਮਿਕ ਸੰਪਰਦਾ ਨਾਲ ਸਮਝੌਤਾ ਕਰਦੇ ਹਨ ਤੇ ਨਾ ਵਿਅਕਤੀਗਤ ਹਿਤਾਂ ਲਈ ਜਨ ਸਮੂਹ ਨੂੰ ਅਣਗੌਲਿਆਂ ਕਰਦੇ ਹਨ। ਗੁਰੂ ਨਾਨਕ ਦੀ ਪ੍ਰਮਾਰਥੀ ਤੇ ਮਾਨਵੀ ਪ੍ਰੇਮ ਦੀ ਭਾਵਨਾ ਦੇਸ਼, ਧਰਮ, ਰੰਗ, ਲਿੰਗ, ਨਸਲ ਆਦਿ ਦੀਆਂ ਵਲਗਣਾਂ ਤੋਂ ਆਜ਼ਾਦ ਹੈ। ਭਾਈ ਗੁਰਦਾਸ ਇਸ ਬਿਰਤਾਂਤ ਨੂੰ ਇਉਂ ਸਿਰਜਦੇ ਹਨ:

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।[45]

ਇਥੇ 'ਸਭਿ' ਸੰਬੋਧਨ ਪੂਰੇ ਵਿਸ਼ਵ ਨੂੰ ਹੈ, ਨਾਨਕ ਵਿਸ਼ਵ ਤੋਂ ਵੀ ਅਗਾਂਹ ਦੇਖਦੇ ਸੋਚਦੇ ਹਨ। ਭਾਈ ਗੁਰਦਾਸ ਦੀ ਦ੍ਰਿਸ਼ਟੀ ਅਨੁਸਾਰ:

ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ॥[46]

ਗੁਰੂ ਨਾਨਕ ਦੇਵ ਜੀ ਦੀ ਵਿਸ਼ਵੀ ਦ੍ਰਿਸ਼ਟੀ ਨੇ ਚਾਰੇ ਦਿਸ਼ਾਵਾਂ, ਸਮੁੱਚੀ ਪ੍ਰਿਥਵੀ ਅਤੇ ਮਨੁੱਖੀ ਕਲਿਆਣ ਹਿੱਤ ਸਾਜੀ ਕੁਦਰਤ ਦੇ ਨਉ ਖੰਡ ਵੀ ਇਸ ਵਿਚ ਸ਼ਾਮਲ ਕਰ ਲਏ। ਸਾਰੇ ਪਾਸੇ ਸੱਚ ਦਾ ਪ੍ਰਕਾਸ਼ ਹੋ ਗਿਆ। ਭਾਈ ਗੁਰਦਾਸ ਪਹਿਲੀ ਵਾਰ ਵਿਚ ਇਸ ਕਥਨ ਦੇ ਬਿਰਤਾਂਤ

ਦਾ ਦੁਹਰਾਉ ਵਾਰ ਦੀ ਅੰਤਿਮ ਸਤਰ ਵਿਚ ਕਈ ਵਾਰ ਕਰਦੇ ਹਨ ਕਿ ਕਲਯੁਗ ਵਿਚ ਮਨੁੱਖੀ ਜੀਵਾਂ ਦੇ ਪਾਪਾਂ ਦੀ ਨਿਵ੍ਰਿਤੀ ਕਰਨ ਲਈ ਹੀ ਗੁਰੂ ਨਾਨਕ ਇਸ ਧਰਤੀ ਉਤੇ ਆਏ।

ਕਲਿ ਤਾਰਣਿ ਗੁਰੁ ਨਾਨਕੁ ਆਇਆ॥[47]

ਚੜ੍ਹਿਆ ਸੋਧਣਿ ਧਰਤਿ ਲੁਕਾਈ॥[48]

ਗੁਰਮੁਖਿ ਕਲਿ ਵਿਚਿ ਪਰਗਟ ਹੋਆ॥[49]

ਸਭ ਸਿਧੀ ਇਹ ਬੁਝਿਆ ਕਲਿ ਤਾਰਨਿ ਨਾਨਕ ਅਵਤਾਰਾ॥[50]

ਕਲਜੁਗਿ ਨਾਨਕ ਨਾਮੁ ਸੁਖਾਲਾ॥[51]

ਧਰਤਿ ਆਕਾਸ ਚਹੂ ਦਿਸਿ ਜਾਨਾ।[52]

ਹਿੰਦੂਆਂ ਦੇ ਬ੍ਰਾਹਮਣੀ ਫ਼ਲਸਫ਼ੇ (ਵੇਦ ਉਪਨਿਸ਼ਦ, ਦੇਵੀ ਦੇਵਤਿਆਂ ਦੀ ਪੂਜਾ), ਇਸਲਾਮਕ ਫ਼ਲਸਫ਼ੇ ਤੇ ਸਿੱਧਾਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਗੁਰੂ ਜੀ ਨੇ ਮੱਕੇ ਮਦੀਨੇ ਵਿਚ ਆਪਣੇ ਮਾਨਵੀ ਪ੍ਰੇਮ ਦੇ ਪ੍ਰਮਾਰਥੀ ਫ਼ਲਸਫ਼ੇ ਦੀ ਧਾਕ ਜਮਾ ਦਿੱਤੀ। ਗੁਰੂ ਨਾਨਕ ਨਾਲ ਪ੍ਰਮਾਰਥੀ ਵਿਚਾਰ ਵਟਾਂਦਰਾ ਕੀਤਿਆਂ ਜੋਗੀਆਂ, ਸੰਨਿਆਸੀਆਂ, ਸਿੱਧਾਂ, ਬ੍ਰਾਮਣਾਂ ਤੇ ਕਾਜ਼ੀ ਮੁਲਾਣਿਆਂ ਨੂੰ ਮਨੁੱਖਤਾ ਪ੍ਰਤਿ ਸਹੀ ਸੋਚ ਦੀ ਸੋਝੀ ਹੁੰਦੀ ਹੈ। ਗੁਰੂ ਨਾਨਕ ਦੀ ਉਦਾਰਤਾ ਨੂੰ ਵੇਖਦਿਆਂ ਸਾਰੇ ਦੇਵਤਿਆਂ, ਰਾਖਸ਼ਾਂ, ਦਾਨਵਾਂ ਅਤੇ ਚਿੱਤਰ ਗੁਪਤ ਆਦਿ ਸਭ ਨੇ ਉਹਨਾਂ ਦੇ ਚਰਨੀ ਨਤਮਸਤਕ ਕੀਤੀ। ਇੰਦਰ ਦੀਆਂ ਅਪਸਰਾਵਾਂ ਦੀ ਚਿੱਤ ਸ਼ੁੱਧੀ ਹੋ ਗਈ ਤੇ ਉਨ੍ਹਾਂ ਮੰਗਲ ਗੀਤ ਗਾਏ। ਭਾਈ ਗੁਰਦਾਸ ਦੀਆਂ ਇਹਨਾਂ ਵਿਚਾਰ ਲੜੀਆਂ ਦਾ ਬਿਰਤਾਂਤ ਖੇਤਰ ਅਤਿਅੰਤ ਵਿਸ਼ਾਲ ਹੈ। ਇਹ ਬਿਰਤਾਂਤ ਸਮੁੱਚੇ ਭਾਰਤੀ-ਫਲਸਫ਼ੇ ਨੂੰ ਆਪਣੇ ਪ੍ਰਮਾਰਥੀ ਸੰਦਰਭਾਂ ਵਿਚ ਸਮੋ ਲੈਂਦਾ ਹੈ। ਇਹਨਾਂ ਪ੍ਰਮਾਰਥੀ ਸਰੋਕਾਰਾਂ ਸਦਕੇ ਹੀ ਪੂਰੇ ਵਿਸ਼ਵ ਵਿਚ, ਪੂਰੇ ਬ੍ਰਹਿਮੰਡ ਵਿਚ ਆਨੰਦ ਦੀ ਮਿਠੀ ਫੁਹਾਰ ਚਲਦੀ ਪ੍ਰਤੀਤ ਹੁੰਦੀ ਹੈ ਕਿਉਂਕਿ ਭਾਈ ਗੁਰਦਾਸ ਅਨੁਸਾਰ ਕਲਜੁਗਿ ਦੇ ਭਲੇ ਲਈ ਗੁਰੂ ਨਾਨਕ ਪ੍ਰਗਟ ਹੋ ਚੁੱਕੇ ਹਨ।

ਭਇਆ ਆਨੰਦ ਜਗਤੁ ਵਿਚ ਕਲਿ ਤਾਰਨ ਗੁਰੁ ਨਾਨਕੁ ਆਇਆ।[53]

ਅੰਤਿਮ ਅਨੰਦ ਦੀ ਪ੍ਰਾਪਤੀ ਲਈ ਹੀ ਦੁਨਿਆਵੀ ਜੀਵ ਜੀਵਨ ਵਿਚ ਜਦੋ-ਜਹਿਦ ਕਰਦਾ ਹੈ ਪਰੰਤੂ ਕਿਰਤਾਰਥੀ ਜੀਵ ਨੂੰ ਤਾਂ ਆਨੰਦ ਗੁਰੂ ਨਾਨਕ ਦੀ ਰੱਬੀ ਰਹਿਮਤ ਨਾਲ ਹੀ ਮਿਲ ਜਾਂਦਾ ਹੈ।

ਭਾਈ ਗੁਰਦਾਸ ਦੀ ਵਾਰ ਦੀਆਂ ਸੰਖੇਪ ਤੁਕਾਂ ਬਿਰਤਾਂਤ ਨੂੰ ਸਿਰਜਦੀਆਂ ਹਨ। ਗੁਰੂ ਨਾਨਕ ਨੇ ਪ੍ਰਭੂ ਦੇ ਸ਼ਬਦ ਦੁਆਰਾ ਆਪਣੇ ਪ੍ਰਮਾਰਥੀ ਪ੍ਰਵਚਨ ਤਰਕ ਅਤੇ ਵਿਵੇਕ ਦੇ ਆਧਾਰ ਤੇ ਸ਼ਬਦ ਸ਼ਕਤੀ ਰਾਹੀਂ ਸਿੱਧਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ ਅਤੇ ਗੁਰੂ ਨਾਨਕ ਦੇ ਅਡੋਲ, ਸਾਂਤ ਤੇ ਧੀਰਜਮਈ ਵਿਅਕਤਿਤਵ ਸਾਹਮਣੇ ਜੋਗੀਆਂ ਦੇ ਕਰਾਮਾਤੀ ਝੁਣਝਣੇ ਨਾਨਕ ਨੂੰ ਆਪਣੇ ਵਲ ਅਕਰਸ਼ਿਤ ਨਹੀਂ ਕਰ ਸਕੇ। ਉਹ ਆਪਣਾ ਪੂਰਾ ਜ਼ੋਰ ਲਾ ਹਟੇ ਤੇ ਅੰਤ ਨੂੰ ਹਾਰ ਗਏ। ਸਿੱਧਾਂ, ਨਾਥਾਂ, ਜੋਗੀਆਂ ਕੋਲ ਆਪਣੇ ਆਪਣੇ ਵਜਾਉਣ ਵਾਲੇ ਕਰਾਮਾਤਾਂ ਦੇ ਵਕਤੀ ਤੇ ਅਸਥਾਈ ਹਥਿਆਰ ਹਨ ਜਦ ਕਿ ਗੁਰੂ ਨਾਨਕ ਕੋਲ ਸਤਿਨਾਮ ਸ਼ਬਦ ਦੀ ਅਖੁਟ ਤਾਕਤ ਮੌਜੂਦ ਹੈ।

ਸ਼ਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ।।

ਕਲਿਜੁਗਿ ਨਾਨਕ ਨਾਮੁ ਸੁਖਾਲਾ।।[54]

ਨਾਨਕ ਨੇ ਕਿਸੇ ਪ੍ਰਚਲਤ ਧਰਮ ਦੇ ਮਾਰਗ ਦੀ ਲੀਹ ਵਿਚ ਪੈਰ ਨਹੀਂ ਰਖਿਆ ਸਗੋਂ ਇਕ ਪ੍ਰਮਾਰਥੀ ਧਰਮ, ਨਿਰਾਲਾ ਪੰਥ ਚਲਾਇਆ। ਗੁਰੂ ਨਾਨਕ ਦੇ ਪ੍ਰਮਾਰਥੀ ਫ਼ਲਸਫ਼ੇ ਦੀ ਧੁਮ ਚਾਰੇ ਦਿਸ਼ਾਵਾਂ ਤੱਕ ਫੈਲ ਗਈ ਸੀ ਕਿਉਂਕਿ ਗੁਰੂ ਨਾਨਕ ਕੋਲ ਸੱਚ ਦੀ ਤਾਕਤ ਹੈ ਅਤੇ ਇਸ ਸੱਚ ਦੀ ਤਾਕਤ ਦੇ ਅਧਿਆਤਮਕ ਕਲੇਵਰ ਦੇ ਬਿਰਤਾਂਤਕ ਫੈਲਾਅ ਵਿਚੋਂ ਲੋਕਾਈ ਨੂੰ ਮਾਰਗ ਦਰਸਾਉਂਦੇ ਗਿਆਨ ਦਾ ਫੁਹਾਰਾ ਫੁੱਟਦਾ ਹੈ।

ਗੁਰੂ ਨਾਨਕ ਦੀ ਮਨੁੱਖਤਾ ਪ੍ਰਤਿ ਹਾਂ-ਪੱਖੀ ਸੋਚ ਰਾਹੀਂ ਮਨੁੱਖੀ ਜੀਵ ਪ੍ਰਮਾਤਮਾ ਦੀਆਂ ਬਰਕਤਾਂ ਦੇ ਭਾਗੀ ਹੋ ਜਾਂਦੇ ਹਨ, ਇਕ ਕਤਰਾ ਜਿਵੇਂ ਸਮੁੰਦਰ ਦੀ ਥਾਹ ਨਹੀਂ ਪਾ ਸਕਦਾ, ਪਰੰਤੂ ਉਹ ਸਮੁੰਦਰ ਵਿਚ ਜਾ ਕੇ ਸਮੁੰਦਰ ਰੂਪ ਹੋ ਜਾਂਦਾ ਹੈ ਇਵੇਂ ਹੀ ਰੂਹਾਨੀਅਤ/ਅਧਿਆਤਮਕਤਾ ਤੇ

ਪ੍ਰਮਾਰਥੀ ਮਾਰਗ ਤੇ ਤੁਰਿਆ ਜੀਵ ਪ੍ਰਮਾਤਮਾ ਦੀ ਵਿਸ਼ੇਸ਼ ਕ੍ਰਿਪਾ ਦਾ ਭਾਗੀ ਹੋ ਜਾਂਦਾ ਹੈ। ਸਮਾਜ ਦੀਆਂ ਕਦਰਾਂ-ਕੀਮਤਾਂ ਬਦਲ ਜਾਂਦੀਆਂ ਹਨ। ਸਵਾਰਥ ਦੀ ਥਾਂ ਪਰਮਾਰਥ, ਝੂਠ ਦੀ ਥਾਂ ਸੱਚ, ਅਧਰਮ ਦੀ ਥਾਂ ਧਰਮ ਦਾ ਬੋਲਬਾਲਾ ਹੋ ਜਾਂਦਾ ਹੈ, ਨਾਨਕ ਦਾ ਮਕਸਦ ਵੀ ਅਜਿਹੇ ਪ੍ਰਮਾਰਥ ਨੂੰ ਉਜਾਗਰ ਕਰਨਾ ਹੈ। ਗੁਰੂ ਨਾਨਕ ਦੀ ਵਿਸ਼ਵੀ ਦ੍ਰਿਸ਼ਟੀ ਤੋਂ ਪ੍ਰਭਾਵਿਤ ਹੋਏ ਭਾਈ ਗੁਰਦਾਸ ਨੇ ਇਸ ਵਾਰ ਵਿਚ ਉਪਰੋਕਤ ਸਾਰਾ ਬਿਰਤਾਂਤ ਸਮੋ ਕੇ ਰੱਖ ਦਿੱਤਾ ਹੈ।

### (ੲ) ਗੁਰਮਤਿ ਦਰਸ਼ਨ ਦੇ ਨਿਵੇਕਲੇ ਸੰਦਰਭਾਂ ਦਾ ਪ੍ਰਗਟਾਅ

ਗੁਰਮਤਿ ਦਰਸ਼ਨ ਦਾ ਆਧਾਰ ਤੇ ਸਰੋਤ ਗੁਰਬਾਣੀ ਹੈ। "ਗੁਰਬਾਣੀ ਮਧਕਾਲੀਨ ਭਾਰਤ ਦੇ ਸ਼ਬਦ ਸਭਿਆਚਾਰ ਦੀ ਅਜਿਹੀ ਮਹੱਤਵਪੂਰਨ ਵਿਰਾਸਤ ਹੈ ਜੋ ਆਪਣੇ ਵੇਲੇ ਦੀ ਇਤਿਹਾਸਕ ਸਥਿਤੀ ਵਿਚ ਹੀ ਸਾਰਥਕ ਨਹੀਂ ਸਗੋਂ ਵਰਤਮਾਨ ਵਿਚ ਵੀ ਅਤਿਅੰਤ ਸਾਰਥਕ ਤੇ ਪ੍ਰਾਸੰਗਿਕ ਹੈ।"[55] ਇਹ ਵਿਰਾਸਤ, ਟੈਕਸਟ ਰੂਪ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਪ੍ਰਾਪਤ ਹੈ। ਗੁਰਮਤਿ ਦਰਸ਼ਨ ਦੀ ਡੂੰਘੀ ਨੀਂਹ ਗੁਰੂ ਨਾਨਕ ਦੀ ਨਿਵੇਕਲੀ ਕ੍ਰਾਂਤੀਕਾਰੀ, ਸਮਾਜਕ, ਸਭਿਆਚਾਰਕ ਤੇ ਅਧਿਆਤਮੀ ਸਰੋਕਾਰਾਂ ਉਪਰ ਉਸਰੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਰਤਕ ਗੁਰੂ ਨਾਨਕ ਦੇਵ ਤੇ ਹੋਰ ਗੁਰੂ ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਮੱਧਕਾਲੀਨ ਭਾਰਤ ਦੀ ਭਗਤੀ ਲਹਿਰ ਨਾਲ ਸੰਬੰਧ ਰਖਣ ਵਾਲੇ ਭਗਤਾਂ ਨਾਮਦੇਵ, ਜੈ ਦੇਵ, ਕਬੀਰ, ਰਵਿਦਾਸ ਆਦਿ ਅਤੇ ਸੂਫ਼ੀ ਫਕੀਰ ਬਾਬਾ ਫਰੀਦ ਦੀ ਰਚਨਾ ਵੀ ਸ਼ਾਮਿਲ ਹੈ। ਇਹ ਸਮੁੱਚੀ ਰਚਨਾ ਇਲਾਹੀ ਸੰਦੇਸ਼ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਧਾਰਮਕ ਅਨੁਭਵ ਅਤੇ ਬੋਧ ਨੂੰ ਮੂਰਤੀਮਾਨ ਕਰਦੀ ਹੋਈ ਆਪਣੇ ਪਰਮਾਰਥੀ ਮੁਹਾਵਰੇ ਰਾਹੀਂ ਯਥਾਰਥ ਨੂੰ ਸੰਬੋਧਿਤ ਹੋਣ ਦਾ ਸਫ਼ਲ ਉਪਰਾਲਾ ਕਰਦੀ ਹੈ। ਨਿਵੇਕਲੇ ਸੰਦਰਭਾਂ ਦਾ ਪ੍ਰਗਟਾਅ ਵੇਖਣ ਲਈ ਇਸ ਮੁੱਲਵਾਨ ਸਭਿਆਚਾਰਕ ਤੇ ਅਧਿਆਤਮੀ ਟੈਕਸਟ ਦਾ ਅਧਿਐਨ ਤੇ ਵਿਸ਼ਲੇਸ਼ਣ ਅਨੇਕਾਂ ਪੱਖਾਂ ਤੇ ਪਹਿਲੂਆਂ ਨੂੰ ਮੁੱਖ ਰੱਖ ਕੇ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਵਿਚੋਂ ਅਰਥ ਸਾਰਥਕਤਾ ਦੇ ਅਨੇਕਾਂ ਪਾਸਾਰ ਮਨੁੱਖੀ ਜੀਵਨ ਦੇ ਹਰ ਪਹਿਲੂ ਤੋਂ ਉਜਾਗਰ ਹੁੰਦੇ ਵਿਖਾਈ ਦਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸਭਿਆਚਾਰ ਚੇਤਨਾ ਦੀ ਇਕ ਨਿਰੰਤਰ ਧਾਰਾ ਪ੍ਰਵਾਹਿਤ ਹੁੰਦੀ ਨਜ਼ਰ ਆਉਂਦੀ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਨੂੰ ਸਭਿਆਚਾਰਕ ਜਾਗ੍ਰਿਤੀ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ। ਆਦਿ ਗ੍ਰੰਥ ਦੇ ਸਮੂਹ ਬਾਣੀਕਾਰ ਮੱਧਕਾਲੀਨ ਭਾਰਤ ਦੀ ਉਸ ਵਿਆਪਕ ਲਹਿਰ (ਭਗਤੀ ਲਹਿਰ) ਦੀ ਪ੍ਰਤੀਨਿਧਤਾ ਕਰਦੇ ਹਨ ਜਿਸ ਨੂੰ ਹਿੰਦੂ ਮੁਸਲਿਮ ਸਭਿਆਚਾਰਕ ਸਮਨਵੈ ਦੇ ਰੂਪ ਵਿਚ ਇਕ ਵਿਸ਼ੇਸ਼ ਭਾਂਤ ਦੇ ਸੰਯੁਕਤ ਸਭਿਆਚਾਰ (Composite culture) ਨੂੰ ਜਨਮ ਦਿੱਤਾ। ਇਸ ਲਈ ਮੱਧਕਾਲ ਦੇ ਇਸ ਦਰਸ਼ਨ ਨੂੰ ਨਵ-ਜਾਗਰਿਤੀ ਦੀ ਲਹਿਰ ਵੀ ਕਿਹਾ ਜਾਂਦਾ ਹੈ।

ਸੰਤਾਂ, ਭਗਤਾਂ, ਸੂਫੀਆਂ ਅਤੇ ਗੁਰੂ ਵਿਅਕਤੀਆਂ ਨੇ ਆਪਣੇ ਸਿਰਜਿਤ ਪ੍ਰਵਚਨਾਂ ਰਾਹੀਂ ਧਾਰਮਿਕ ਕੱਟੜਤਾ, ਫਿਰਕੂ ਸੰਕੀਰਣਤਾ ਅਤੇ ਆਡੰਬਰ ਯੁਕਤ ਸਾਧਨਾਂ ਤੇ ਮਾਨਵ ਦੋਖੀ ਜਾਤੀ ਪ੍ਰਥਾ ਨੂੰ ਨਕਾਰਦਿਆਂ ਹੋਇਆਂ ਪ੍ਰੇਮਾ ਭਗਤੀ ਤੇ ਇਸ਼ਕ ਹਕੀਕੀ ਦਾ ਮਾਨਵ ਹਿਤਕਾਰੀ ਨਵਾਂ ਤੇ ਨਿਵੇਕਲਾ ਸੰਦਰਭ ਸਿਰਜਿਆ। ਡਾ. ਜਗਬੀਰ ਸਿੰਘ ਦੇ ਸ਼ਬਦਾਂ ਵਿਚ "ਜੋ ਮਨੁੱਖ ਨੂੰ ਆਪੇ ਅਤੇ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਜਿਊਣ ਦੀ ਪ੍ਰੇਰਣਾ ਜਗਾਉਂਦਾ ਹੈ।"[56]

ਗੁਰਮਤਿ ਦਰਸ਼ਨ ਅਨੁਸਾਰ ਸੱਚ ਇੱਕ ਹੈ ਇਸ ਦੇ ਨਾਂ ਅਨੇਕ ਹੋ ਸਕਦੇ ਹਨ ਤੇ ਇਸ ਦੀ ਪ੍ਰਾਪਤੀ ਦੇ ਮਾਰਗ ਵੀ ਅਨੇਕ ਹੋ ਸਕਦੇ ਹਨ। ਇਹ ਦਰਸ਼ਨ ਵਿਭਿੰਨ ਸਭਿਆਚਾਰਾਂ ਦੀ ਵੱਖਰੀ ਵਿਚਾਰਧਾਰਾ ਨੂੰ ਇਕਸੁਰਤਾ ਤੇ ਸੁਮੇਲ ਦੇ ਧਰਾਤਲ ਤੇ ਲਿਆ ਖੜਾ ਕਰਦਾ ਹੈ। ਗੁਰਬਾਣੀ ਵਿਰੋਧਾਂ ਤੇ ਭਿੰਨਤਾਵਾਂ ਨੂੰ ਤਾਨਾਸ਼ਾਹੀ ਢੰਗ ਨਾਲ ਨਕਾਰਨ ਦੀ ਬਜਾਇ ਉਨ੍ਹਾਂ ਵਿਚ ਰੂਹਾਨੀ ਏਕਤਾ ਨੂੰ ਤਲਾਸ਼ ਕਰਨ ਉਤੇ ਜ਼ੋਰ ਦਿੰਦੀ ਹੈ। ਗੁਰਬਾਣੀ ਵੇਦਾਂ, ਉਪਨਿਸ਼ਦਾਂ ਗੀਤਾ, ਰਮਾਇਣ, ਕੁਰਾਨ, ਅੰਜ਼ੀਲ, ਬੁੱਧ ਸੂਤਰ ਤੇ ਬਾਕੀ ਮੌਜੂਦਾ ਧਰਮਾਂ ਦਾ ਸਾਰ ਹੈ। ਨਾਨਕ ਸੱਚ ਦਾ ਸਾਥ ਦੇ ਰਹੇ ਹਨ। ਗੁਰਮਤਿ ਦਰਸ਼ਨ ਭਾਰਤੀ ਲੋਕਮਨ ਵਿਚ ਸਰਬ ਸਾਂਝੇ ਸਭਿਆਚਾਰ ਦਾ ਸੁਪਨਾ ਜਗਾਉਂਦਾ ਹੈ। ਗੁਰਮਤਿ ਦਰਸ਼ਨ ਨਿਡਰਤਾ ਦਾ ਪ੍ਰਵਚਨ ਉਚਾਰ ਰਿਹਾ ਹੈ।

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।"[57]

ਗੁਰੂ ਤੇਗ ਬਹਾਦਰ ਦੇ ਇਹ ਸ਼ਬਦ ਡਰ ਦੇ ਕਾਰਨ ਸਕੁੰਚਿਤ ਰਾਗ ਨੂੰ ਖੋਲਦੇ ਹੀ ਨਹੀਂ ਸਗੋਂ ਭਿੰਨ ਭਿੰਨ ਧਰਮਾਂ ਤੇ ਫਿਰਕਿਆਂ ਨੂੰ ਪਰਸਪਰ ਤਣਾਓ, ਟਕਰਾਉ, ਵੈਰ ਵਿਰੋਧ ਨੂੰ ਛੱਡ ਕੇ ਸੁਲਾਹ ਕੁੱਲ ਮਾਰਗ ਅਖਤਿਆਰ ਕਰਨ ਦਾ ਬਿਰਤਾਂਤ ਸਿਰਜਦੇ ਹਨ। ਭਾਈ ਗੁਰਦਾਸ ਵੀ ਗੁਰੂ ਨਾਨਕ ਨੂੰ ਪਰਮੇਸਰੁ ਰੂਪ 'ਚ ਚਿਤਵਦੇ ਹੋਏ ਲਿਖਦੇ ਹਨ।

ਗੁਰ ਪਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ॥

ਚੜੇ ਸੂਰ ਮਿਟਿ ਜਾਇ ਅੰਧਾਰਾ॥[58]

ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ॥

ਧਰਤਿ ਆਕਾਸ ਚਹੂ ਦਿਸਿ ਜਾਨਾ॥[59]

ਗੁਰਮਤਿ ਪਰੰਪਰਾ ਵਿਚ ਸਭ ਤੋਂ ਕ੍ਰਾਂਤੀਕਾਰੀ ਤੇ ਸਾਕਾਰਾਤਮਕ ਜਤਨ, ਆਰਥਿਕ ਸ਼ੋਸ਼ਣ ਅਤੇ ਸਮਾਜਿਕ ਅਨਿਆਂ ਦਾ ਸ਼ਿਕਾਰ ਹੋਏ ਦੱਬੇ- ਕੁਚਲੇ ਵਰਗਾਂ ਦੇ ਹੱਕ ਵਿਚ ਡਟਣ ਦੇ ਰੂਪ ਵਿਚ ਪ੍ਰਸਤੁਤ ਹੁੰਦਾ ਹੈ। ਬਾਣੀ ਰਾਹੀਂ ਗੁਰੂਆਂ ਨੇ ਨੀਵੀਆਂ ਜਾਤੀਆਂ ਦੇ ਮਨੋਬਲ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਨੂੰ ਨੈਤਿਕ ਤੌਰ ਤੇ ਬਲਵਾਨ ਕਰਨ ਦਾ ਸਾਹਸੀ ਕਾਰਜ ਕੀਤਾ ਜਿਸ ਸਦਕਾ ਉਨ੍ਹਾਂ ਵਿਚਲੀ ਨੀਵੀਂ ਜਾਤੀ ਵਾਲੀ ਭਾਵਨਾਂ ਖ਼ਤਮ ਹੋਈ ਅਤੇ ਉਨ੍ਹਾਂ ਵਿਚ ਉੱਚੀ ਜਾਤ ਦੇ ਲੋਕਾਂ ਦੀ ਬਰਾਬਰਤਾ ਦਾ ਆਤਮ ਵਿਸ਼ਵਾਸ ਪੈਦਾ ਹੋਇਆ। ਗੁਰੂ ਨਾਨਕ ਨੇ ਸਭ ਮਨੁੱਖਾਂ ਦੀ ਬਰਾਬਰੀ ਅਤੇ ਜਾਤੀ ਮੁਕਤ ਸਮਾਜ ਦੀ ਸਿਰਜਨਾ ਵਲ ਅੱਗੇ ਵਧਦਿਆਂ ਨੀਵੀਂ ਜਾਤੀ ਦੇ ਲੋਕਾਂ ਵਿਚ ਸਵੈ-ਮਾਣ ਅਤੇ ਸਵੈ-ਵਿਸ਼ਵਾਸ ਪੈਦਾ ਕਰਨ ਹਿੱਤ ਆਪਣੀ ਬਾਣੀ ਵਿਚ ਇਨ੍ਹਾਂ ਭਾਵਨਾਵਾਂ ਦਾ ਇਜ਼ਹਾਰ ਕੀਤਾ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕ ਤਿਨ ਕੈ ਸੰਗ ਸਾਥ ਵਡਿਆ ਸਿਉ ਕਿਆ ਰੀਸੁ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[60]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਆਦਿ ਗ੍ਰੰਥ ਦਾ ਬਿਰਤਾਂਤ ਧਾਰਮਿਕ ਸੰਵੇਦਨਾ ਦੇ ਮਾਧਿਅਮ ਰਾਹੀਂ ਮਨੁੱਖੀ ਜੀਵਨ ਦੇ ਸਮਾਜਿਕ ਅਤੇ ਸਭਿਆਚਾਰਕ ਪੱਖਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਗੁਰਮਤਿ ਦਰਸ਼ਨ ਹਾਕਮ ਜਮਾਤਾਂ ਦੇ ਦਮਨ ਦੁਆਰਾ ਪੀੜਤ ਲੋਕਾਂ ਨੂੰ ਦਾਸ ਭਾਵਨਾਂ ਤੋਂ ਮੁਕਤ ਹੋ ਕੇ ਦਲੇਰੀ ਨਾਲ ਜ਼ਿੰਦਗੀ ਬਸਰ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਉਨ੍ਹਾਂ ਨੂੰ ਨਿਰਭਉ ਅਤੇ ਨਿਰਵੈਰ ਹੋ ਕੇ ਸਵੈ-ਮਾਣ ਨਾਲ ਜ਼ਿੰਦਗੀ ਜਿਊਣ ਦੀ ਜਾਚ ਸਿਖਾਉਂਦਾ ਹੈ। ਗੁਰਮਤਿ ਦੇ ਪਹਿਲੇ ਤੇ ਪ੍ਰਮਾਣਿਕ ਵਿਆਖਿਆਕਾਰ ਦੇ ਤੌਰ ਤੇ ਗੁਰਮਤਿ ਸਾਹਿਤ ਵਿਚ ਭਾਈ ਗੁਰਦਾਸ ਨੂੰ ਸ਼ਿਰੋਮਣੀ ਸਥਾਨ ਪ੍ਰਾਪਤ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦਾ ਪ੍ਰਮੁੱਖ ਉਦੇਸ਼ ਗੁਰਬਾਣੀ ਦੀ ਮੂਲ ਭਾਵਨਾ ਨੂੰ ਉਜਾਗਰ ਕਰਨਾ ਹੈ। ਗੁਰਮਤ ਦਰਸ਼ਨ ਦਾ ਇਹ ਰੂਹਾਨੀ ਸੰਦੇਸ਼ ਨਵੀਂ ਸਭਿਆਚਾਰਕ ਕ੍ਰਾਂਤੀ ਦਾ ਬਿਰਤਾਂਤ ਸਿਰਜਦਾ ਹੈ।

ਭਾਈ ਗੁਰਦਾਸ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਦਾ ਰੁਤਬਾ ਵੀ ਦਿੱਤਾ ਅਤੇ ਹੁਣ ਵੀ ਸਿੱਖ ਜਗਤ ਅਤੇ ਗੁਰੂ ਘਰ ਵਿਚ ਆਪ ਦੀ ਬਾਣੀ ਪ੍ਰਤੀ ਸਿੱਖਾਂ ਦੀ ਸ਼ਰਧਾ ਅਤੁਲਨੀਯ ਹੈ। ਗੁਰੂ ਦਾ ਆਦਿ ਬਿੰਦੂ ਗੁਰੂ ਨਾਨਕ ਦੇਵ ਦੁਆਰਾ ਰਚਿਤ 'ਮੂਲ ਮੰਤਰ' ਹੈ। ਮੂਲ ਮੰਤਰ ਗੁਰਮਤਿ ਫ਼ਲਸਫ਼ੇ ਤੇ ਸਿੱਖ ਸੰਸਕ੍ਰਿਤੀ ਦਾ ਮੂਲ ਅਧਾਰ ਹੈ। ਪੁਰਾਤਨ ਅਧਿਆਤਮ ਗ੍ਰੰਥਾਂ ਵਿਚ ਪ੍ਰਸੰਗ ਅਤੇ ਸੰਦਰਭ ਅਨੁਸਾਰ ਮੰਤਰ ਸ਼ਬਦ ਦੇ ਕਈ ਅਰਥ ਪ੍ਰਚਲਿਤ ਰਹੇ ਹਨ। ਦੇਵੀ ਦੇਵਤਿਆਂ ਦੀ ਉਸਤਤੀ ਵਿਚ ਰਚੇ ਪ੍ਰਾਰਥਨਾ ਰੂਪ ਵਿਚ ਮੰਤਰ, ਰਿਸ਼ੀਆਂ ਜਾਂ ਪਰੋਹਿਤਾਂ ਦੁਆਰਾ ਦਿਤੇ ਗਏ ਵਰ-ਸਰਾਪ ਬਚਨਾਂ ਨੂੰ ਵੀ ਮੰਤਰ ਕਿਹਾ ਜਾਂਦਾ ਸੀ। ਅਧਿਆਤਮ ਸਾਧਨਾ ਦੇ ਖੇਤਰ ਵਿਚ 'ਮੰਤਰ' ਦਾ ਅਰਥ ਹੈ ਪ੍ਰਮਾਤਮਾ ਲਈ ਸ਼ਕਤੀਵਾਚਕ ਸ਼ਬਦ, ਜਿਸ ਦਾ ਨਿਰੰਤਰ ਮਨਨ/ਧਿਆਨ ਕਰਨ ਨਾਲ ਮੁਕਤੀ ਮਿਲਦੀ ਹੈ। 'ਸੰਤ ਸਾਹਿਤਯ ਕੀ ਭੂਮਿਕਾ' ਵਿਚ ਪਰਸੁਰਾਮ ਚਤੁਰਵੇਦੀ ਮੰਤਰ ਸ਼ਬਦ ਦਾ ਸੰਧੀ ਛੇਦ ਕਰਦੇ ਲਿਖਦੇ ਹਨ।

ਮ ਤੋਂ ਮਨਨ ਦਾ ਅਰਥ ਲਿਆ ਜਾਂਦਾ ਹੈ ਤ੍ਰ ਤੋਂ ਪ੍ਰਾਣ ਯਾਨਿ ਮਨਨ ਦੁਆਰਾ ਤ੍ਰਾਣ (ਮੁਕਤੀ) ਮਿਲੇ। ਮੰਤਰ ਦਾ ਸਧਾਰਨ ਅਰਥ ਸਲਾਹ ਜਾਂ ਮੰਤਰਣਾ ਵੀ ਹੁੰਦਾ ਹੈ। ਇਸੇ ਲਈ

ਰਾਜਿਆਂ ਨੂੰ ਸਲਾਹ ਦੇਣ ਵਾਲੇ ਰਾਜ ਅਧਿਕਾਰੀਆਂ ਨੂੰ ਮੰਤਰੀ ਕਿਹਾ ਜਾਂਦਾ ਹੈ। ਮੰਤਰ ਦੇ ਅਨੇਕਾਂ ਭੇਦ ਹਨ। ਦੇਵੀ ਦੇਵਤਿਆਂ ਦੀ ਉਸਤਤੀ ਤੇ ਪ੍ਰਾਪਤੀ (ਸਿੱਧੀ)ਤੋਂ ਲੈ ਕੇ, ਬ੍ਰਹਮ ਦੀ ਅਲੌਕਿਕ ਅਨੁਭੂਤੀ ਵਾਲੇ ਮੰਤਰ, ਸਿੱਧਾਂ, ਨਾਥਾਂ, ਜੋਗੀਆਂ ਦੇ ਮੰਤਰ, ਕਾਲੀ ਸ਼ਕਤੀਆ ਦੀ ਸਿੱਧੀ ਦੇ ਮੰਤਰ, ਭਗਤੀ ਸਾਧਨਾਂ ਦੇ ਖੇਤਰ ਵਿਚ 'ਗਾਇਤਰੀ' ਜਿਹੇ ਅਨੇਕਾਂ ਪ੍ਰਕਾਰ ਦੇ ਮੰਤਰ ਮੌਜੂਦ ਸਨ। ਵੈਦਿਕ ਯੁੱਗ ਤੱਕ ਦੇਵੀ ਦੇਵਤਿਆਂ ਜਾਂ ਰਹੱਸਾਤਮਕ ਸ਼ਕਤੀਆਂ ਦੀ ਸਿੱਧੀ ਲਈ ਕਿਸੇ ਵੀ ਮੰਤਰ ਨੂੰ ਦੋ ਮੁੱਖ ਭੇਦਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਅਨੇਕ ਵਰਣੀ ਮੰਤਰ ਤੇ ਦੂਜਾ ਬੀਜ ਮੰਤਰ। ਅਨੇਕ ਵਰਣੀ ਮੰਤਰ ਵਿਚ ਇਸ਼ਟ ਦਾ ਰੂਪ ਆਕਾਰ, ਸਰੂਪ ਦਿਸ਼ਾ ਨਿਵਾਸ ਸਥਾਨ, ਅਸਤਰ ਸ਼ਸ਼ਤਰ, ਸਰੀਰਕ ਗੁਣ, ਵਾਹਨ ਤੇ ਰੰਗ ਦਾ ਵਰਣਨ ਹੁੰਦਾ ਸੀ ਤੇ ਬੀਜ ਮੰਤਰ ਵਿਚ ਮੂਲ ਸ਼ਕਤੀ ਦਾ ਬੋਧ ਕਰਾਉਣ ਵਾਲਾ ਕੇਵਲ ਪ੍ਰਤੀਕ ਸ਼ਬਦ ਹੁੰਦਾ ਸੀ। ਜਪੁਜੀ ਦਰਸ਼ਨ ਵਿਚ ਡਾ. ਸ਼ੇਰ ਸਿੰਘ ਲਿਖਦੇ ਹਨ:

> ਮੰਤਰ ਦਾ ਧਾਤੂ 'ਮਨ' ਅਥਵਾ 'ਮਨਸ' ਹੈ ਜਿਸ ਪਦ, ਵਾਕੰਸ਼ ਜਾਂ ਵਾਕ ਦਾ ਮਨ ਵਿਚ ਜਪੁ-ਜਾਪੁ ਕੀਤਾ ਜਾਵੇ ਉਸ ਨੂੰ ਮੰਤਰ ਕਹਿੰਦੇ ਹਨ।[61]

ਸਿੱਖ ਵਿਦਵਾਨਾਂ ਦਾ ਵਿਚਾਰ ਹੈ ਕਿ ਪੂਰਾ ਗੁਰੂ ਗ੍ਰੰਥ ਸਾਹਿਬ ਮੂਲ ਮੰਤਰ ਦੀ ਹੀ ਵਿਆਖਿਆ ਹੈ। ਜਿਵੇਂ ਕੁਰਾਨ ਸ਼ਰੀਫ਼ ਵਿਚ ਹਜਰਤ ਮੁਹੰਮਦ ਸਾਹਿਬ ਵਲੋਂ ਕੀਤੀਆਂ ਅਲਾਹ ਦੀਆਂ ਗੈਬੀ ਸਿਫ਼ਤਾਂ ਨੂੰ ਮੁਸਲਮਾਨ ਸੱਚ ਮੰਨਦੇ ਹਨ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਨੇ ਭਾਰਤੀ ਇਸਲਾਮੀ ਅਤੇ ਸਾਮੀ ਧਰਮਾਂ ਦਾ ਗੰਭੀਰ ਨਿਰੀਖਣ ਕਰਨ ਉਪਰੰਤ ਇਸ ਮੰਤਰ ਨੂੰ ਅਨੁਭੂਤੀ ਦੇ ਪੱਧਰ ਤੇ ਉਚਾਰਿਆ।

ਗੁਰੂ ਪੂਰਵ ਮੰਤਰਾਂ ਲਈ ਤਿਥੀ ਮਹੂਰਤ, ਦਿਨ, ਦਿਸ਼ਾ, ਸਥਾਨ, ਪੂਜਾ ਸਮਗਰੀ ਤੇ ਵਿਸ਼ੇਸ਼ ਵਿਧੀ ਨਾਲ ਮਿਥਿਆ ਜਾਪ ਕਰਕੇ ਦੇਵ ਸਿੱਧੀ ਮਿਲਦੀ ਸੀ ਜਾਂ ਜਿਗਿਆਸੂ ਅਲੌਕਿਕ ਸ਼ਕਤੀਆਂ ਦਾ ਮਾਲਕ ਬਣ ਜਾਂਦਾ ਸੀ। ਬੀਜ ਮੰਤਰ ਦੀ ਸਿੱਧੀ ਲਈ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਸ ਦਾ ਜਾਪ ਓ ਤੋਂ ਹੀ ਹੋਵੇ ਪਰ ਗੁਰੂ ਨਾਨਕ ਦੇਵ ਜੀ ਨੇ ਇਸ ਪਰੰਪਰਾਗਤ

ਧਾਰਨਾ ਦਾ ਖੰਡਨ ਕਰਦੇ ਹੋਏ ੧ ਨੂੰ ੳ ਤੋਂ ਪਹਿਲਾਂ ਰੱਖ ਕੇ ੧ੳ ਜਿਹੇ ਨਵੇਂ ਤੇ ਮੌਲਿਕ ਬੀਜ ਮੰਤਰ ਦੀ ਰਚਨਾ ਕੀਤੀ। ਗੁਰੂ ਨਾਨਕ ਦੇਵ ਨੇ ਮੂਲ ਮੰਤਰ ਦਾ ਨਵਾਂ ਸੰਦਰਭ ਪੇਸ਼ ਕੀਤਾ। ਗੁਰੂ ਨਾਨਕ ਨੇ ਮੰਤਰ ਸਾਧਨਾ ਤੇ ਭਗਤੀ ਸਾਧਨਾ ਦੇ ਖੇਤਰ ਵਿਚ ਪੂਰਵ ਪ੍ਰਚਲਿਤ ਅੰਧ-ਵਿਸ਼ਵਾਸੀ, ਰੀਤੀ-ਰਿਵਾਜਾਂ ਅਤੇ ਪ੍ਰਥਾਵਾਂ ਦਾ ਖੰਡਨ ਕੀਤਾ ਜਿਨ੍ਹਾਂ ਦੀ ਵਰਤੋਂ ਪੁਜਾਰੀ ਵਰਗ ਸਦੀਆਂ ਤੋਂ ਆਪਣੇ ਸੁਆਰਥ ਪੂਰਤੀ ਲਈ ਵਰਤ ਰਿਹਾ ਸੀ। ਜੇ ਗੁਰੂ ਨਾਨਕ ਨੇ ਪੁਰਾਣੀ ਰੀਤੀ ਦਾ ਹੀ ਪਾਲਣ ਕਰਨਾ ਹੁੰਦਾ ਤਾਂ ਉਹ '੧' ਤੋਂ 'ੳ' ਦਾ ਪ੍ਰਯੋਗ ਨਾ ਕਰਦੇ। ਸਨਾਤਨੀ ਰੀਤੀ ਅਨੁਸਾਰ ਬੀਜ ਮੰਤਰ ੳ ਤੋਂ ਪਹਿਲਾਂ ਗਣਿਤ ਸ਼ਾਸਤਰ ਦਾ ੧ ਲਾਉਣ ਦੀ ਪ੍ਰਥਾ ਨਹੀਂ ਸੀ। ਗੁਰਬਾਣੀ ਵਿਚ ੧ੳ ਤੋਂ ਲੈ ਕੇ ਸੈਭੰ ਤੱਕ ਨੂੰ ਮੂਲ ਮੰਤਰ ਤੇ ਕੇਵਲ ੧ੳ ਨੂੰ ਬੀਜ ਮੰਤਰ ਮੰਨਿਆ ਜਾਂਦਾ ਹੈ। ਦੂਜਾ ਇਹ ੧ੳ ਬੀਜ ਮੰਤਰ ਕੋਟਿ ਬ੍ਰਹਮੰਡਾਂ ਦੀ ਉਤਪਤੀ ਤੇ ਨਾਸ ਕਰਨ ਵਾਲੀ ਇਕੋ ਇਕ ਅਕਾਲਪੁਰਖ ਦੀ ਅਲੌਕਿਕ ਸ਼ਕਤੀ ਦਾ ਪ੍ਰਤੀਕ ਹੈ। ਗੁਰੂ ਨਾਨਕ ਨੇ ਇਸ ਬੀਜ ਮੰਤਰ ਨੂੰ ਕਿਸੇ ਪ੍ਰਕਾਰ ਦੇ ਵੀ ਵਿਧੀ ਵਿਧਾਨ ਜਾਂ ਮਰਿਯਾਦਾ ਅਨੁਸਾਰ ਨਹੀਂ ਬੰਨਿਆ। ਕੋਈ ਵੀ ਸਿੱਖ ਸਵੇਰੇ ਸ਼ਾਮ, ਦਿਨ-ਰਾਤ ਅਮਾਵਸ ਤੋਂ ਲੈ ਕੇ ਪੂਰਨਮਾਸੀ ਤੱਕ, ਦੇਸ਼-ਵਿਦੇਸ਼, ਜਵਾਨੀ-ਬੁਢਾਪਾ, ਗਮੀ-ਖੁਸ਼ੀ, ਪੂਰਬ-ਪੱਛਮ ਤੇ ਕਿਸੇ ਵੀ ਅਵਸਥਾ ਵਿਚ ਸਾਸ ਗਿਰਾਸ ੧ੳ ਦਾ ਜਾਪ ਕਰ ਸਕਦਾ ਹੈ। ਸ਼ਰਧਾ ਤੇ ਪ੍ਰੇਮ ਨਾਲ ਕੀਤਾ ਜਾਪ ਸਿੱਖ ਲਈ ਸਾਰੇ ਭੌਤਿਕ ਤੇ ਅਧਿਆਤਮਕ ਮਾਰਗ ਖੋਲ੍ਹਦਾ ਹੈ। ਸ੍ਰੀ ਗੁਰੂ ਅਰਜਨ ਦੇਵ ਦੇ ਸ਼ਬਦਾਂ ਵਿਚ:

> ਬੀਜ ਮੰਤ੍ਰ ਸਰਬ ਕੋ ਗਿਆਨ॥
> ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
> ਜੋ ਜੋ ਜਪੈ ਤਿਸ ਕੀ ਗਤਿ ਹੋਇ॥
> ਸਾਧਸੰਗਿ ਪਾਵੈ ਜਨੁ ਕੋਇ॥[62]

ਸਧਾਰਣ ਤੌਰ ਤੇ ਗੁਰਬਾਣੀ ਵਿਚ ਦਰਸਾਏ ਮੁਕਤੀ ਦੇ ਮਾਰਗ ਨੂੰ ਭਗਤੀ ਮਾਰਗ ਕਿਹਾ ਜਾਂਦਾ ਹੈ ਪਰ ਇਹ ਠੀਕ ਨਹੀਂ ਕਿਉਂਕਿ ਗੁਰੂ ਸਾਹਿਬ ਨੇ ਭਗਤੀ ਮਾਰਗ ਸੰਬੰਧੀ ਪੁਰਾਤਨ

ਵਿਚਾਰਧਾਰਾ, ਕਰਮਕਾਂਡ, ਅਵਤਾਰਵਾਦ ਤੇ ਬੁੱਤ-ਪੂਜਾ ਦਾ ਸਖਤ ਵਿਰੋਧ ਕੀਤਾ ਹੈ। ਪ੍ਰਭੂ ਨੂੰ ਬੁਤ ਦੇ ਅਕਾਰ ਵਿਚ ਸੀਮਿਤ ਕਰਕੇ ਵੇਖਣਾ, ਅਸੀਮ ਤੇ ਨਿਰਆਕਾਰ ਨੂੰ ਹੱਦ ਵਿਚ ਬੰਨਣ ਦੀ ਨਿਗੁਣੀ ਜਿਹੀ ਕੋਸ਼ਿਸ਼ ਹੀ ਆਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਭਾਰਤੀ ਵਿਚਾਰਧਾਰਾ ਵਿਚ ਪ੍ਰਚਲਤ ਕਰਮਕਾਂਡਾਂ ਦੀ ਥਾਂ ਤੇ ਆਪਣਾ ਨਿਵੇਕਲਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ ਅਤੇ ਮੁਕਤੀ ਪ੍ਰਾਪਤ ਕਰਨ ਲਈ ਅਧਿਆਤਮ ਕਰਮ ਵਲ ਪ੍ਰੇਰਿਆ ਹੈ। ਸੰਤਾਂ ਦੀ ਸੰਗਤ ਵਿਚ ਰਹਿ ਕੇ ਪਰਮਾਤਮਾ ਦਾ ਨਾਮ ਜਪਣਾ ਅਧਿਆਤਮਕ ਕਰਮ ਹੈ। ਭਾਈ ਗੁਰਦਾਸ ਨਾਮ ਦੀ ਮਹਿਮਾ ਦਾ ਬਿਰਤਾਂਤ ਸਿਰਜਦੇ ਹੋਏ ਲਿਖਦੇ ਹਨ:

> ਕਲਯੁਗ ਕੀ ਸੁਣ ਸਾਧਨਾ ਕਰਮ ਕਿਰਤਿ ਕੀ ਚਲੈ ਨਾ ਕਾਈ।
> ਬਿਨਾ ਭਜਨ ਭਗਵਾਨ ਕੇ ਭਾਉ ਭਗਤ ਬਿਨੁ ਠਉੜਿ ਨਾ ਪਾਈ।
> ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ।
> ਪਾਇਆ ਮਾਨਸ ਦੇਹਿ ਕਉ ਐਥੋ ਚੁਕਿਆ ਠੌਰ ਨ ਠਾਈ।।
> ਕਲਿਜੁਗਿ ਕੇ ਉਪਕਾਰਿ ਸੁਣਿ ਜੈਸੇ ਬੇਦ ਅਥਰਵਣ ਗਾਈ।।
> ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰਗੁਰਬਿ ਕਮਾਈ।
> ਕਰ ਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।
> ਕਲਿਯੁਗਿ ਨਾਵੈ ਕੀ ਵਡਿਆਈ।।[63]

ਇਸ ਤਰ੍ਹਾਂ ਭਾਈ ਗੁਰਦਾਸ ਅਧਿਆਤਮ ਦੇ ਖੇਤਰ ਵਿਚ, ਗੁਰਮਤਿ ਦਰਸ਼ਨ ਦੇ ਇਸ ਨਿਵੇਕਲੇ ਸੰਦਰਭ ਨਾਲ ਪੁਰਾਣੇ ਵੈਦਿਕ ਤੇ ਸਨਾਤਨੀ ਧਰਮਾਂ ਦੀ ਗਿਰਾਵਟ ਦਾ ਬਿਰਤਾਂਤ ਸਿਰਜਦੇ ਹਨ।

ਭਾਈ ਗੁਰਦਾਸ ਪਹਿਲੀ ਵਾਰ ਵਿਚ ਜੁਗਾਂ ਦੀ ਰਚਨਾ ਸਤਿਯੁਗ, ਤ੍ਰੇਤਾ, ਦੁਆਪਰ ਤੇ ਕਲਯੁਗ ਦੇ ਲੱਛਣ ਤੇ ਪ੍ਰਕਿਰਤੀ ਬਾਰੇ ਦਸਦੇ ਹਨ। ਗੁਰੂ ਸਾਹਿਬਾਨ ਦੀ ਬਾਣੀ ਵਿਚ ਅਨੇਕ ਥਾਵਾਂ ਤੇ ਸ੍ਰਿਸ਼ਟੀ ਸੰਬੰਧੀ ਵਿਚਾਰ ਮਿਲਦੇ ਹਨ। ਵੇਦਾਂ ਅਨੁਸਾਰ ਅਗਨੀ, ਜਲ, ਸੋਮ ਇੰਦਰਵਰੁਣ ਆਦਿ ਤੋਂ ਸ੍ਰਿਸਟੀ ਦੀ ਉਤਪਤੀ ਹੋਈ, ਉਪਨਿਸ਼ਦਾਂ ਅਨੁਸਾਰ ਸ੍ਰਿਸਟੀ ਦੇ ਆਦਿ

ਵਿਚ ਸੁੰਨ ਸੀ। ਗੀਤਾ ਅਨੁਸਾਰ ਜਗਤ ਦੀ ਉਤਪਤੀ ਬ੍ਰਹਮ ਤੋਂ ਹੋਈ। ਬੁੱਧ ਮਤ ਅਨੁਸਾਰ ਜਗਤ ਸੁਤੰਤਰ ਸ੍ਰੋਤ ਹੈ ਤੇ ਪਰਿਵਰਤਨਸ਼ੀਲ ਹੈ। ਰਾਮਾਨੁਜ ਅਨੁਸਾਰ ਸ੍ਰਿਸਟੀ ਦੀ ਸਾਜਨਾ ਮਾਇਆ ਨੇ ਕੀਤੀ ਤੇ ਮਾਇਆ ਸਤ, ਰਜ ਤੇ ਤਮ ਦਾ ਸੁਮੇਲ ਹੈ। ਗੁਰੂ ਨਾਨਕ, ਦੂਜੇ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਦਾ ਮੱਤ ਹੈ ਕਿ ਸ੍ਰਿਸਟੀ ਦੀ ਉਤਪਤੀ ਦਾ ਮੂਲ ਕਾਰਨ ਬ੍ਰਹਮ ਦੀ ਇੱਛਾ ਹੈ।

ਪੁਛਿ ਨਾ ਸਾਜੇ ਪੁਛ ਨ ਢਾਹੇ ਪੁਛਿ ਨ ਦੇਵੈ ਲੇਇ।
ਆਪਣੀ ਕੁਦਰਤਿ ਆਪੇ ਜਾਣੇ ਆਪੇ ਕਰਣੁ ਕਰੇਇ।[64]

ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲਾਂ ਕਈ ਯੁੱਗਾਂ ਤੱਕ ਅੰਧਕਾਰ ਦੀ ਅਵਸਥਾ ਸੀ। ਬ੍ਰਹਿਮੰਡ ਦੀ ਉਤਪਤੀ ਤੋਂ ਪਹਿਲਾਂ ਇਥੇ ਕੁੱਝ ਵੀ ਨਹੀਂ ਸੀ। ਸੁੰਨ ਦਾ ਵਰਤਾਰਾ ਵਰਤ ਰਿਹਾ ਸੀ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਇਸ ਸੰਬੰਧੀ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਜੁੱਗਾਂ ਤੋਂ ਇਥੇ ਨਾ ਕੋਈ ਜੀਵ-ਜੰਤੂ ਸੀ, ਨਾ ਪਾਣੀ ਅਤੇ ਨਾ ਹੀ ਚੰਦ-ਸੂਰਜ ਸਨ। ਭਾਈ ਗੁਰਦਾਸ ਨੇ ਵੀ ਜਗਤ ਉਤਪਤੀ ਦਾ ਬਿਰਤਾਂਤ ਸਿਰਜਦਿਆਂ ਇਸ ਨੂੰ ਪ੍ਰਭੂ ਦੀ ਇੱਛਾ ਕਿਹਾ ਹੈ:

ਪ੍ਰਿਥਵੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰਿ ਨ ਪਾਈ॥
ਰਕਤਿ ਬਿੰਦ ਕੀ ਦੇਹਿ ਰਚਿ ਪੰਚਿ ਤਤ ਕੀ ਜੜਿਤ ਜੜਾਈ॥
ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ॥
ਪੰਚਮਿ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦਿਸਟੁ ਸਮਾਈ॥[65]

ਗੁਰੂ ਨਾਨਕ ਦੀ ਫਿਲਾਸਫੀ ਗੁਰਮਤਿ ਤੋਂ ਪਹਿਲਾਂ, ਪ੍ਰਮਾਤਮਾ ਬਾਰੇ ਵੱਖ ਵੱਖ ਵਿਸ਼ਵਾਸ ਤੇ ਵਿਚਾਰ ਪ੍ਰਚਲਤ ਸਨ। ਮੁਸਲਮਾਨ ਇਕ ਰੱਬ ਨੂੰ ਤਾਂ ਮੰਨਦੇ ਹਨ ਪਰ ਨਾਲ ਹੀ ਹਜਰਤ ਮੁਹੰਮਦ ਸਾਹਿਬ ਨੂੰ ਉਸ ਦਾ ਰਸੂਲ ਮੰਨਦੇ ਹਨ। ਹਿੰਦੂ ਪ੍ਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪ ਵਿਚ ਵਿਸ਼ਵਾਸ ਰੱਖਦੇ ਸਨ। ਹਿੰਦੂ ਬ੍ਰਹਮਾ ਵਿਸ਼ਨੂੰ ਤੇ ਮਹਾਂਦੇਵ ਨੂੰ ਸ੍ਰਿਸ਼ਟੀ ਰਚੈਤਾ, ਪਾਲਕ ਤੇ ਸੰਘਾਰਕ ਮੰਨਦੇ ਹਨ। ਬੁੱਧਮਤ ਵਿਚ ਬ੍ਰਹਮ ਨੂੰ ਸੂਨਯ ਕਿਹਾ ਜਾਂਦਾ ਹੈ। ਭਾਈ ਗੁਰਦਾਸ ਸ੍ਰਿਸਟੀ ਦੀ ਉਤਪਤੀ ਦਾ ਬਿਰਤਾਂਤ ਇਸ ਤਰ੍ਹਾਂ ਆਪਣੀਆਂ ਵਾਰਾਂ ਵਿਚ ਪੇਸ਼ ਕਰਦੇ ਹਨ।

ਓਅੰਕਾਰੁ ਆਕਾਰ ਕਰਿ ਏਕ ਕਵਾਉ ਪਸਾਉ ਪਸਾਰਾ।

ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ

ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।

ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ।

ਕੁਦਰਤਿ ਇਕੁ ਏਡਾ ਪਾਸਾਰਾ।।[66]

ਪੂਰਵ ਗੁਰਮਤਿ ਕਾਲ ਵਿਚ ਔਰਤ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਨਹੀਂ ਸੀ। ਹਰ ਖੇਤਰ ਵਿਚ ਔਰਤ ਦੀ ਸਥਿਤੀ ਬੇਬਸੀ ਅਤੇ ਅਧੀਨਗੀ ਵਾਲੀ ਸੀ। ਪੰਜਾਬੀ ਸਾਹਿਤ ਦੇ ਆਦਿ ਕਾਲ ਵਿਚ ਸਿੱਧਾਂ ਤੇ ਜੋਗੀਆਂ ਨੇ ਔਰਤ ਨੂੰ ਆਤਮਿਕ ਰਸਤੇ ਦੀ ਰੁਕਾਵਟ ਸਮਝ ਕੇ ਨਿੰਦਿਆ ਅਤੇ ਇਸ ਤੋਂ ਦੂਰ ਰਹਿਣ ਦੀ ਵਕਾਲਤ ਕੀਤੀ। ਜੋਗੀਆਂ ਨੇ ਭਾਵੇਂ ਸਿੱਧਾਂ ਵਿਚ ਆਈਆਂ ਵਿਸ਼ੇ ਵਿਕਾਰਾਂ ਦੀਆਂ ਕੁਰੀਤੀਆਂ ਤੋਂ ਆਪਣੇ ਆਪ ਨੂੰ ਦੂਰ ਰੱਖਿਆ ਪਰ ਉਹ ਵੀ ਔਰਤ ਪ੍ਰਤੀ ਕੋਈ ਚੰਗੀ ਭਾਵਨਾ ਵਾਲਾ ਮਾਹੌਲ ਸਿਰਜਣ ਵਿਚ ਅਸਫ਼ਲ ਹੋਏ ਸਗੋਂ ਉਨ੍ਹਾਂ ਔਰਤ ਨੂੰ ਹਰ ਪੱਖ ਤੋਂ ਘਟੀਆ ਸਿੱਧ ਕਰਨ ਦਾ ਜਤਨ ਕੀਤਾ। ਇਸੇ ਸੋਚ ਅਧੀਨ ਗੋਰਖ ਨਾਥ ਨੇ ਔਰਤ ਨੂੰ 'ਬਾਘਨ' ਤੱਕ ਆਖਿਆ:

ਬਾਘਨਿ ਜਿੰਦ ਲੈਇ, ਬਾਘਨਿ ਬਿੰਦ ਲੈ, ਬਾਘਨ ਹਮਰੀ ਕਾਇਆ,

ਇਹ ਬਾਘਨਿ ਤ੍ਰੈ ਲੋਈ ਖਾਈ, ਬਧਿਤ ਗੋਰਖ ਰਾਇਆ।[67]

ਬਾਬਾ ਫਰੀਦ ਨੇ ਵੀ ਭਾਵੇਂ ਸਿੱਧੇ ਤੌਰ ਤੇ ਔਰਤ ਦੀ ਨਿੰਦਿਆ ਨਹੀਂ ਕੀਤੀ ਪਰ ਉਨ੍ਹਾਂ ਆਪਣੀ ਬਾਣੀ ਵਿਚ ਆਤਮਾ ਨੂੰ ਪਤਨੀ ਅਤੇ ਪ੍ਰਮਾਤਮਾ ਨੂੰ ਪਤੀ ਰੂਪਕ ਵਜੋਂ ਵਰਤਿਆ। ਇਸੇ ਆਤਮਾ ਰੂਪੀ ਪਤਨੀ(ਔਰਤ) ਨੇ ਹਰ ਹਾਲਤ ਵਿਚ ਅਧੀਨਗੀ ਵਿਚ ਰਹਿੰਦਿਆਂ ਪਰਮਾਤਮਾ ਰੂਪੀ ਪਤੀ ਨੂੰ ਖੁਸ਼ ਕਰਨਾ ਹੈ ਅਤੇ ਉਸ ਦੀ ਮਿਹਰ ਪ੍ਰਾਪਤ ਕਰਨੀ ਹੈ। ਬਾਬਾ ਫਰੀਦ ਕਹਿੰਦਾ ਹੈ:

ਅਜੁ ਨਾ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ।[68]

ਗੁਰਮਤਿ ਕਾਵਿ ਵਿਚ ਔਰਤ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਅਤੇ ਉਸ ਦੇ ਹੱਕ ਵਿਚ ਆਵਾਜ਼ ਉਠਾਈ। ਗੁਰਮਤਿ ਕਾਵਿ ਵਿਚ ਵਿਚਾਰਧਾਰਕ ਸਾਂਝ ਹੋਣ ਕਰਕੇ ਸਮੁੱਚੇ ਕਾਵਿ ਵਿਚ ਔਰਤ ਵਿਰੋਧੀ ਪਰੰਪਰਿਕ ਨਿੰਦਾ ਦਾ ਆਭਾਵ ਹੈ। ਗੁਰੂ ਸਾਹਿਬਾਨ ਦਾ ਨਜ਼ਰੀਆ ਸਦਾ ਔਰਤ ਪ੍ਰਤੀ ਹਾਂ ਪੱਖੀ ਰਿਹਾ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਦੀ ਪ੍ਰਾਪਤੀ ਜਾਂ ਮਨੁੱਖ ਦੀ ਮੁਕਤੀ, ਤਪ, ਤਿਆਗ ਜਾਂ ਹੋਰ ਅਡੰਬਰਾਂ ਦੀ ਥਾਂ ਘਰ ਗ੍ਰਹਿਸਥੀ ਨਿਭਾਉਂਦਿਆਂ, ਪ੍ਰਮਾਤਮਾ ਦਾ ਨਾਮ ਜਪਦਿਆਂ, ਕਿਰਤ ਕਰਦਿਆਂ ਅਤੇ ਵੰਡ ਛਕਦਿਆਂ ਕੀਤੀ ਜਾ ਸਕਦੀ ਹੈ। ਉਨ੍ਹਾਂ ਔਰਤ ਨੂੰ ਨਿੰਦਣ ਦੀ ਥਾਂ ਉਸ ਨੂੰ ਸਨਮਾਨਯੋਗ ਸਥਾਨ ਦਿੱਤਾ।

> ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
> ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
> ਭੰਡੁ ਮੁਆ ਭੰਡਿ ਭਾਲੀਐ ਭੰਡਿ ਹੋਵੈ ਬੰਧਾਨੁ॥
> ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨੁ॥[69]

ਗੁਰੂ ਸਾਹਿਬਾਨ ਨੇ ਉਸ ਸਮੇਂ ਦੇ ਸਮਾਜ ਵਿਚ ਪ੍ਰਚਲਤ ਔਰਤ ਵਿਰੋਧੀ ਸਮਾਜਕ ਰਸਮਾਂ ਦੀ ਨਿੰਦਾ ਕੀਤੀ। ਸਤੀ ਦੀ ਰਸਮ ਉਸ ਸਮੇਂ ਦੀ ਅਜਿਹੀ ਹੀ ਔਰਤ ਵਿਰੋਧੀ ਰਸਮ ਸੀ ਜਿਥੇ ਔਰਤ ਦੀ ਹੋਂਦ ਵਸਤੂ ਤੋਂ ਵੀ ਘਟੀਆ ਸਮਝੀ ਜਾਂਦੀ ਸੀ। ਇਸ ਵਿਰੁੱਧ ਉਨ੍ਹਾਂ ਜ਼ੋਰਦਾਰ ਅਵਾਜ਼ ਉਠਾਉਂਦਿਆਂ ਔਰਤ ਦੇ ਸਦਾਚਾਰਕ ਗੁਣਾਂ ਦੀ ਪ੍ਰਸ਼ੰਸਾ ਕੀਤੀ।

> ਸਤੀਆ ਇਹ ਨਾ ਆਖਿਅਨਿ ਜੋ ਮੜੀਆ ਲਗਿ ਜਲੰਨਿ
> ਨਾਨਕ ਸਤੀਆ ਜਾਣੀਅਨਿ ਜੋ ਬਿਰਹੁ ਚੋਟ ਮਰੰਨਿ।[70]

ਗੁਰਮਤਿ ਦਰਸ਼ਨ ਅਨੁਸਾਰ ਉਨ੍ਹਾਂ ਹਰ ਤਰ੍ਹਾਂ ਔਰਤ ਨੂੰ ਬਰਾਬਰ ਦਾ ਦਰਜਾ ਦਿੱਤਾ। ਕੁੜੀਆਂ ਮਾਰਨ ਵਰਗੀ ਭੈੜੀ ਸਮਾਜਕ ਰੀਤ ਦਾ ਵਿਰੋਧ ਕਰਦੇ ਹੋਏ ਲਿਖਿਆ ਹੈ:

> ਗੁਰੂ ਕਾ ਸਿੱਖ ਕੰਨਯਾ ਨਾ ਮਾਰੇ
> ਕੁੜੀ ਮਾਰ ਨਾਲ ਨਾ ਵਰਤੇ
> ਕੰਨਯ ਕਾ ਪੈਸਾ ਨਾ ਖਾਇ।[71]

ਸਿੱਖ ਧਰਮ ਵਿਚ ਔਰਤ ਨੂੰ ਅੰਮ੍ਰਿਤਪਾਨ ਕਰਨ ਦੀ ਖੁਲ੍ਹ ਦਿੱਤੀ। ਉਸ ਨੂੰ ਹਰ ਤਰ੍ਹਾਂ ਮਰਦ ਦੇ ਬਰਾਬਰ ਅਧਿਕਾਰ ਦਿੱਤੇ। ਪਰਦੇ ਦਾ ਵਿਰੋਧ ਕੀਤਾ ਅਤੇ ਔਰਤ ਵਿਰੋਧੀ ਸਮਾਜਕ ਰਸਮਾਂ-ਰਿਵਾਜਾਂ ਦੀ ਡਟ ਕੇ ਵਿਰੋਧਤਾ ਕੀਤੀ। ਗੁਰੂ ਸਾਹਿਬਾਨ ਨੇ ਆਤਮਾ ਅਤੇ ਪਰਮਾਤਮਾ ਲਈ ਪਤਨੀ ਪਤੀ ਨੂੰ ਪ੍ਰਤੀਕ ਵਜੋਂ ਵਰਤਿਆ। ਇਥੇ ਭਾਵੇਂ ਔਰਤ ਦੀ ਸਥਿਤੀ ਤਿਆਗ, ਸੇਵਾ ਭਾਵਨਾਂ ਅਤੇ ਅਧੀਨਗੀ ਵਾਲੀ ਪ੍ਰਤੀਤ ਹੁੰਦੀ ਹੈ ਪਰ ਗੁਰੂ ਸਾਹਿਬਾਨ ਸੂਖਮ ਨੂੰ ਸਥੂਲ ਪੱਧਰ ਤੇ ਪੇਸ਼ ਕਰਨ ਲਈ ਸਮਾਜਕ ਪਰੰਪਰਾਵਾਂ ਦੀ ਵਰਤੋਂ, ਮਨੁੱਖ ਨੂੰ ਪੂਰਨ ਰੂਪ ਵਿਚ ਸਮਰਪਣ ਕਰਨ ਹਿੱਤ ਕੀਤੀ ਲਗਦੀ ਹੈ। ਗੁਰਮਤਿ ਦਰਸ਼ਨ ਵਿਚ ਔਰਤ ਮਰਦ ਦੀ ਬਰਾਬਰੀ ਦਾ ਸੰਕਲਪ ਅੱਜ ਵੀ ਪ੍ਰਾਸੰਗਿਕ ਹੈ ਅਤੇ ਇਹ ਉਸ ਸਮੇਂ ਦੀ ਕ੍ਰਾਂਤੀਕਾਰੀ ਸਮਾਜਕ ਤਬਦੀਲੀ ਸੀ।

ਭਾਈ ਗੁਰਦਾਸ ਗੁਰੂ ਦੀ ਸਿੱਖਿਆ ਨੂੰ ਅਮਲ ਵਿਚ ਲਿਆਉਣ ਤੇ ਜ਼ੋਰ ਦਿੰਦੇ ਹਨ। ਹਰ ਹਾਲਤ ਵਿਚ ਔਰਤ ਦਾ ਸਤਿਕਾਰ ਯੋਗ ਸਥਾਨ ਹੋਣਾ ਚਾਹੀਦਾ ਹੈ। ਗੁਰਸਿੱਖ ਕੁੜੀ ਜਾਂ ਔਰਤ ਨੂੰ ਘ੍ਰਿਣਾ ਕਰਨ ਵਾਲੇ ਵਿਅਕਤੀ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਨਹੀਂ ਰੱਖੇਗਾ। ਅਜਿਹਾ ਵਿਅਕਤੀ ਗੁਰੂ ਘਰ ਦਾ ਵਿਰੋਧੀ ਹੈ ਅਤੇ ਉਹ ਮਨਮੁੱਖ ਦੀ ਸ਼੍ਰੇਣੀ ਵਿਚ ਆਉਂਦਾ ਹੈ। ਭਾਈ ਗੁਰਦਾਸ ਗੁਰਮੁੱਖ ਨੂੰ ਸਿੱਖਿਆ ਦਿੰਦੇ ਹੋਏ ਉਸ ਉਤੇ ਅਮਲ ਕਰਨ ਦੀ ਨਸੀਅਤ ਦਿੰਦੇ ਹਨ:

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।।

ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।।[72]

ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਉਸ ਤੇ ਅਮਲ ਕਰਨ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਦਾ ਭਗਤੀ ਸਰੂਪ ਉਹੀ ਹੈ ਜੋ ਗੁਰੂ ਨਾਨਕ ਦੀ ਭਗਤੀ ਦਾ ਹੈ। ਗੁਰੂ ਨਾਨਕ ਦੀ ਭਗਤੀ ਦਾ ਸਰੂਪ ਪ੍ਰੇਮਾ ਭਗਤੀ ਹੀ ਹੈ, ਪੂਜਾ ਵਿਧੀਆਂ ਵਾਲੀ ਭਗਤੀ ਵਿਚ ਉਨ੍ਹਾਂ ਨੂੰ ਕੋਈ ਵਿਸ਼ਵਾਸ ਨਹੀਂ। ਅਜਿਹੀ ਭਗਤੀ ਦੇ ਢੰਗਾਂ-ਤਰੀਕਿਆਂ, ਅਡੰਬਰਾਂ ਤੇ ਰਵਾਇਤੀ ਚਿੰਨ੍ਹਾਂ ਆਦਿ ਨੂੰ ਉਹ ਫੋਕਟ ਕਰਮ ਦਸਦੇ ਹਨ। ਗੁਰੂ ਨਾਨਕ ਦੀ ਭਗਤੀ ਦਾ ਸਰੂਪ ਇਕ ਨਿਵੇਕਲਾ ਰੂਪ ਹੈ। ਇਸ ਵਿਚ ਨਾ ਤਾਂ ਭਾਰਤੀ ਪਰੰਪਰਾ ਵਾਲੀ

ਦੇਹ-ਸਾਧਨਾ ਨੂੰ ਪਰਵਾਨਗੀ ਪ੍ਰਾਪਤ ਹੈ ਅਤੇ ਨਾ ਹੀ ਸੂਫ਼ੀ ਫਕੀਰਾਂ ਵਾਲੇ ਬਰਾਬਰੀ ਦੇ ਇਸ਼ਕ ਤੇ ਮਾਦਕਤਾ ਲਈ ਕੋਈ ਥਾਂ ਹੈ। ਇਸ ਭਗਤੀ ਵਿਚ ਤਾਂ ਦੀਨਤਾ, ਨਿਮਰਤਾ, ਵਿਸ਼ਵਾਸ, ਪ੍ਰੇਮ ਤੇ ਵੈਰਾਗ ਦੀ ਪ੍ਰਧਾਨਤਾ ਹੈ।

ਜਿਸ ਤਰ੍ਹਾਂ ਗੁਰੂ ਨਾਨਕ ਦੇਵ ਬਾਹਰੀ ਪੂਜਾ-ਵਿਧੀਆਂ ਨੂੰ ਫੋਕਟ ਕਰਮ ਦਸਦੇ ਹਨ। ਭਾਈ ਗੁਰਦਾਸ ਵੀ ਨੌਂ ਪ੍ਰਕਾਰ ਦੀ ਨਵਧਾ ਭਗਤੀ ਦੀ ਥਾਂ ਪ੍ਰੇਮਾ-ਭਗਤੀ ਉਤੇ ਜ਼ੋਰ ਦਿੰਦੇ ਹਨः

ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰਪੁਰਬਿ ਕਮਾਈ।
ਕਰਿ ਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।।[73]

ਕਲਯੁਗ ਵਿਚ ਪ੍ਰੇਮਾ-ਭਗਤੀ ਹੀ ਪ੍ਰਵਾਨ ਹੈ, ਹੋਮ ਜਗ ਆਦਿ ਪੂਜਾ ਵਿਧੀਆਂ ਤਾਂ ਪੂਰਬਲੇ ਜੁਗਾਂ ਦੀ ਹੀ ਕਮਾਈ ਸੀ। ਹਜਾਰਾਂ ਸਿਆਣਿਆਂ, ਲੱਖਾਂ ਚਤਰਾਈਆਂ ਤੇ ਗਿਆਨ ਧਿਆਨ ਆਦਿ ਨਾਲ ਵੀ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਉਸ ਦਾ ਅੰਤ ਪਾਇਆ ਜਾ ਸਕਦਾ ਹੈ। ਕੇਵਲ ਪ੍ਰੇਮਾ-ਭਗਤੀ ਦੁਆਰਾ ਹੀ ਸੱਚ-ਸਰੂਪ ਪਰਮਾਤਮਾ ਵਿਚ ਸਮਾਈ ਹੋ ਸਕਦੀ ਹੈ ਤੇ ਉਸ ਦਰ ਤੇ ਪੁੱਜ ਸਕਦੇ ਹਾਂ। ਭਾਈ ਗੁਰਦਾਸ ਨੇ ਪ੍ਰਭੂ-ਪ੍ਰਾਪਤੀ ਲਈ ਗਿਆਨ ਮਾਰਗ ਜਾਂ ਕਰਮ ਮਾਰਗ ਦੀ ਥਾਂ ਪ੍ਰੇਮ ਮਾਰਗ ਦੀ ਮਹਾਨਤਾ ਦਰਸਾਈ ਹੈ। ਅਨੁਭਵ-ਕਰਨ ਯੋਗ ਤੇ ਸ਼ਰਧਾ ਸਹਿਤ ਪਿਆਰ-ਕਰਨਯੋਗ ਪਰਮ-ਸੱਚ ਵਾਸਤੇ ਗਿਆਨ ਜਾਂ ਕਰਮ ਕਾਂਡ ਦੇ ਟਾਕਰੇ ਤੇ ਭਾਵਨਾ-ਤੱਤ ਦੀ ਬਹੁਲਤਾ ਪ੍ਰਗਟ ਕੀਤੀ ਹੈ ਤੇ ਇਸ ਨੂੰ ਭਾਉ-ਭਗਤ, ਪ੍ਰੇਮ-ਭਗਤੀ ਭਾਇ ਭਗਤਿ ਆਦਿ ਕਾਵਿ-ਸ਼ਬਦ ਪ੍ਰਯੋਗਾਂ ਦੁਆਰਾ ਉਜਾਗਰ ਕੀਤਾ ਹੈ।

ਜਗਤ ਉਤਪਤੀ ਬਾਰੇ ਗੁਰਮਤਿ ਵਿਚ, ਪੂਰਬਲੇ ਭਰਮ-ਭੁਲੇਖਿਆਂ ਨੂੰ ਦੂਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਇਸ ਨੂੰ ਅਕਾਲ ਪੁਰਖ ਦੀ ਇੱਛਾ ਅਨੁਸਾਰ ਹੋਈ ਮੰਨਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ' ਦੇ ਆਰੰਭ ਵਿਚ ਇਕ ਸ਼ਲੋਕ ਲਿਖਿਆ ਹੋਇਆ ਹੈ ਜਿਸ ਨੂੰ 'ਮੂਲ ਮੰਤਰ' ਕਿਹਾ ਜਾਂਦਾ ਹੈ। ਇਸ ਮੂਲ ਮੰਤਰ ਵਿਚ ਸਦੀਵੀ ਹੋਣ ਵਾਲੇ ਅਕਾਲ ਨੂੰ 'ਕਰਤਾ ਪੁਰਖ' ਭਾਵ ਉਹ 'ਪੁਰਸ਼' ਜੋ ਜਗਤ ਦਾ ਰਚਨਹਾਰ ਹੈ, ਕਿਹਾ ਗਿਆ ਹੈ। ਉਹ ਆਪਣੀ ਇੱਛਾ

ਅਨੁਸਾਰ ਜਗਤ ਉਤਪਤੀ ਤੇ ਜਗਤ ਪ੍ਰਲੈ ਕਰਦਾ ਹੈ। ਜਗਤ ਰਚਨਾ ਤੋਂ ਪਹਿਲਾਂ 'ਸੁੰਨ' ਅਵਸਥਾ ਦਾ ਵਰਣਨ, ਰਿਗ ਵੇਦ ਦੇ 'ਨਾਸਦੀਆਂ ਸੂਤਰ' ਵਿਚ ਅੰਕਿਤ ਹੈ। ਉਸ 'ਸੁੰਨ' ਨੂੰ ਤੋੜ ਕੇ ਹੀ ਕਰਤਾ ਪੁਰਖ ਨੇ ਜਗਤ ਦੀ ਰਚਨਾ ਕੀਤੀ ਹੈ। ਇਸ ਲਈ ਇਹ ਕੋਈ ਨਹੀਂ ਕਹਿ ਸਕਦਾ ਕਿ ਇਹ ਰਚਨਾ ਕਦੋਂ ਹੋਈ। ਇਹੋ ਜਿਹੇ ਵਿਚਾਰ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਪ੍ਰਗਟ ਕੀਤੇ ਹਨ:

ਅਰਬਦ ਨਰਬਦ ਧੁੰਧੂਕਾਰਾ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ
ਜਾ ਤਿਸੁ ਭਾਣਾ ਤਾ ਜਗਤ ਉਪਾਇਆ। ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸ਼ ਉਪਾਏ ਮਾਇਆ ਮੋਹੁ ਵਧਾਇਦਾ।[74]

ਮੂਲ ਮੰਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਕੇਵਲ ਅਕਾਲ ਪੁਰਖ ਲਈ ਹੀ 'ਸੈਭੰ' ਵਿਸ਼ੇਸ਼ਣ ਦਾ ਪ੍ਰਯੋਗ ਕੀਤਾ ਹੈ। ਸ੍ਰਿਸ਼ਟੀ-ਰਚਨਾ ਤੋਂ ਪੂਰਵ ਆਦਿ ਸਥਿਤੀ ਵਿਚ ਉਹ ਆਪਣੀ ਸੱਤਾ ਵਿਚ ਆਪ ਪ੍ਰਤਿਸ਼ਠਿਤ ਸੀ ਅਤੇ ਗੁਪਤ ਅਵਸਥਾ ਵਿਚ ਸਮਾਧਿ ਵਿਚ ਲੀਨ ਸੀ। ਇਸ ਤੋਂ ਬਾਅਦ ਜਦ ਉਸ ਦੀ ਇੱਛਾ ਸ੍ਰਿਸ਼ਟੀ ਰਚਨਾ ਕਰਨ ਦੀ ਹੋਈ ਤਾਂ ਉਸ ਨੇ ਇਸ ਗੁਪਤ ਅਵਸਥਾ ਤੋਂ ਆਪਣੇ ਆਪ ਨੂੰ ਪ੍ਰਗਟ ਕਰ ਦਿੱਤਾ। ਪਰਮਾਤਮਾ ਦੇ ਆਪਣੇ ਆਪ ਨੂੰ ਪ੍ਰਕਾਸ਼ਿਤ ਕਰਨ ਦੀ ਇਹ ਅਵਸਥਾ ਨਾ ਤਾਂ ਵਿਸ਼ੇਸ਼ ਦੇਸ਼ ਤੇ ਕਾਲ ਤੇ ਨਿਰਭਰ ਕਰਦੀ ਹੈ ਅਤੇ ਨਾ ਹੀ ਉਸ ਨੂੰ ਕਿਸੇ ਵਿਸ਼ੇਸ਼ ਪ੍ਰਕਾਰ ਦੀ ਯੋਨੀ (ਉਤਪਤੀ ਦਾ ਮੂਲ ਸਥਾਨ ਅਤੇ ਕਾਰਕ) ਦੀ ਆਵਸ਼ਕਤਾ ਸੀ। ਅਭਿਵਿਅਕਤੀ ਲਈ ਉਸ ਦੀ ਇਕ ਮਾਤਰ ਇੱਛਾ ਹੀ ਮੂਲ ਕਾਰਨ ਹੈ। ਮੂਲ ਮੰਤਰ ਦਾ ਵਿਸ਼ੇਸ਼ਣ ਹੋਣ ਕਾਰਨ 'ਸੈਭੰ' ਵਿਚ ਸੁਰਖਿਆ ਦੇ ਭਾਵ ਦਾ ਹੋਣਾ ਵੀ ਜ਼ਰੂਰੀ ਹੈ। ਕਰਤਾ-ਬ੍ਰਹਮ ਹੋਣ ਕਾਰਨ ਅਕਾਲਪੁਰਖ ਨੇ ਆਪ ਹੀ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਪੁਰਖੁ ਹੋਣ

ਕਾਰਨ ਉਹ ਇਸ ਵਿਚ ਸਮਾਇਆ ਵੀ ਹੋਇਆ ਹੈ ਪਰ ਸੈਭੰ ਹੋਣ ਕਾਰਨ ਉਹ ਆਪਣੇ ਆਪ ਨੂੰ ਪ੍ਰਗਟ ਵੀ ਕਰਦਾ ਹੈ ਪਰ ਕਿਥੇ? ਗੁਰਮਤਿ ਅਨੁਸਾਰ ਉਸ ਦਾ ਨਾਮ ਸਿਮਰਨ, ਭਜਨ ਬੰਦਗੀ ਅਤੇ ਸਾਧ ਸੰਗਤਿ ਵਿਚ ਕਥਾ-ਕੀਰਤਨ ਹੀ ਉਸ ਦੇ ਪ੍ਰਗਟਾਵੇ ਦੇ ਮੁਖ ਸਾਧਨ ਹਨ। ਜਿਸ ਲਈ ਨਾ ਤਾਂ ਯੱਗ ਹਵਨ ਕਰਨਾ ਪੈਂਦਾ ਹੈ ਅਤੇ ਨਾ ਹੀ ਵਿਸ਼ੇਸ਼ ਪ੍ਰਕਾਰ ਦੀਆਂ ਤਾਂਤਰਿਕ ਕਿਰਿਆਵਾਂ ਜਾਂ ਆਡੰਬਰ ਕਰਨੇ ਪੈਂਦੇ ਹਨ। ਪ੍ਰਭੂ ਦੇ ਨਾਮ ਸਿਮਰਨ ਵਾਲੇ ਨੂੰ ਇਹ ਪੂਰਾ ਭਰੋਸਾ ਹੁੰਦਾ ਹੈ ਕਿ ਅਕਾਲ ਪੁਰਖ ਉਸ ਦੇ ਅੰਗ ਸੰਗ ਸਹਾਈ ਹੈ ਅਤੇ ਔਖੀ ਘੜੀ ਵਿਚ ਉਸ ਦੀ ਸਹਾਇਤਾ ਕਰਦਾ ਹੈ।

ਭਾਈ ਗੁਰਦਾਸ ਨੇ ਗੁਰਮਤਿ ਦਰਸ਼ਨ ਦੀ ਨਿਰਗੁਣ ਸਰਗੁਣ ਧਾਰਾ ਦਾ ਸੁਮੇਲ ਕਰ ਦਿੱਤਾ। ਸੂਰਦਾਸ ਤੇ ਤੁਲਸੀ ਦਾਸ ਹਿੰਦੀ ਸਾਹਿਤ ਦੇ ਦੋ ਸਰਗੁਣ ਵਾਦੀ ਭਗਤੀ ਦੇ ਮੋਢੀ ਕਵੀ ਸਨ । ਇਸੇ ਸਮੇਂ ਕਬੀਰ ਨਿਰਗੁਣ ਵਾਦੀ ਭਗਤੀ ਦੇ ਗੀਤ ਫ਼ਿਜ਼ਾ ਵਿਚ ਖਲੇਰ ਰਿਹਾ ਸੀ। ਕਬੀਰ ਦੀ ਨਿਰਗੁਣ ਧਾਰਾ ਵਿਚ ਨਿਰਾ ਦਿਮਾਗੀ ਸਿਧਾਂਤ ਨਹੀਂ ਸਗੋਂ ਪ੍ਰੇਮ ਰੰਗ ਵੀ ਹੈ। ਭਗਤੀ ਲਹਿਰ ਨਿਰਗੁਣ ਈਸ਼ਵਰ ਦੇ ਪ੍ਰੇਮ ਤੋਂ ਚਲ ਕੇ ਸਰਗੁਣ ਈਸ਼ਵਰ ਦੇ ਸ਼ਰਧਾ ਤੇ ਪ੍ਰੇਮ ਤੇ ਅਪੜਦੀ ਹੈ। ਕੇਸ਼ਵ ਦਾਸ ਵਰਗੇ ਕਵੀ ਨੇ 'ਰਸਿਕ ਪ੍ਰਿਯਾ' ਲਿਖਦੇ ਦੁਨਿਆਵੀ ਪ੍ਰੇਮ ਦੇ ਗੀਤ ਗਾਏ।

ਗੁਰਮਤਿ ਅਨੁਸਾਰ ਨਾ ਤਾਂ ਸੰਕਰਾਚਾਰਯ ਵਾਲਾ ਨਿਰਗੁਣ ਬ੍ਰਹਮ ਤੇ ਨਾ ਤੁਲਸੀ, ਸੂਰਦਾਸ ਵਾਲਾ ਵੈਸ਼ਣਵ ਸਰਗੁਣ ਬ੍ਰਹਮ ਪ੍ਰਮਾਣੀਕ ਤੇ ਸੰਤੁਲਿਤ ਹੈ - ਇਹ ਦੋਵੇਂ ਅਸੰਤੁਲਿਤ ਹਨ ਕਿਉਂਕਿ ਇਹ ਦੋਵੇਂ ਜਗਤ ਨੂੰ ਮਿਥਿਆ ਕਹਿੰਦੇ ਹਨ। ਗੁਰਮਤਿ ਨੇ ਇਸ ਜਗਤ ਜਾਂ ਬ੍ਰਹਿਮੰਡ ਵਿਚ ਹੀ ਉਸ ਮਹਾਨ ਚੇਤੰਨਤਾ ਨੂੰ ਵਿਆਪਕ ਦੇਖ ਕੇ ਰੱਬੀ ਪ੍ਰੇਮ ਤੇ ਸੰਸਾਰ ਸੇਵਾ ਦਾ ਪੰਥ ਚਲਾਇਆ। ਦੁਨੀਆਂਦਾਰ ਰੱਬ ਤੋਂ ਦੂਰ ਹੋ ਜਾਂਦੇ ਹਨ ਤੇ ਰੱਬ ਵਾਲੇ ਦੁਨੀਆਂ ਤੋਂ ਉਪਰਾਮ ਹੋ ਜਾਂਦੇ ਹਨ ਪਰ ਭਾਈ ਗੁਰਦਾਸ ਦੀਆਂ ਵਾਰਾਂ ਤੇ ਗੁਰਮਤਿ ਵਿਚ ਇਹਨਾਂ ਦੋਹਾਂ ਮਤਾਂ ਦਾ ਸੰਤੁਲਿਤ ਸੁਮੇਲ ਮਿਲਦਾ ਹੈ ਅਤੇ ਇਸ ਦਰਸ਼ਨ ਦੀ ਸਭ ਤੋਂ ਵੱਡੀ ਦੇਣ ਰਾਜ ਜੋਗ ਹੈ ਜੋ ਜੀਵਨ ਵਿਚ ਸੰਤੁਲਨ ਨੂੰ ਮਹੱਤਵ ਦਿੰਦਾ ਹੈ। ਪ੍ਰਮਾਤਮਾ ਦੀ ਪ੍ਰਾਪਤੀ ਲਈ ਗ੍ਰਿਹਸਥ ਛੱਡ ਕੇ ਜੰਗਲਾ ਕੰਦਰਾਂ ਵਿਚ ਜਾਣ ਦੀ ਲੋੜ ਨਹੀਂ।

ਗੁਰਮੁਖਿ ਕਿਰਤਿ ਕਮਾਵਣੀ ਨਮਸਕਾਰੁ ਡੰਡਉਤਿ ਸਿਞਾਪੈ।

ਗੁਰਮੁਖਿ ਮਾਰਗਿ ਚਲਦਾ ਪਰ ਦਖਣਾ ਪੂਰਨ ਪਰਤਾਪੈ।

ਗੁਰਮੁਖਿ ਖਾਣਾ ਪੈਨਣਾ ਜੋਗ ਭੋਗ ਸੰਜੋਗ ਪਛਾਪੈ।

ਗੁਰਮੁਖਿ ਸਵਣੁ ਸਮਾਧਿ ਹੈ ਆਪੇ ਆਪਿ ਨ ਥਾਪਿ ਉਥਾਪੈ।

ਘਰਬਾਰੀ ਜੀਵਨ ਮੁਕਤਿ, ਲਹਰਿ ਨ ਭਵਜਲ ਭਉਨ ਬਿਆਪੈ।

ਪਾਰਿ ਪਏ ਲੰਘਿ ਵਰੈ ਸਰਾਪੈ।।[75]

ਗੁਰੂ ਨਾਨਕ ਪੂਰਵ ਜੁੱਗ ਵਿਚ ਧਾਰਮਿਕ ਆਗੂਆਂ ਖਾਸ ਕਰਕੇ ਬ੍ਰਾਹਮਣ ਤੇ ਕਾਜ਼ੀ ਆਦਿ ਨੇ ਇਕ ਬਹੁਤ ਵੱਡਾ ਅੰਧ ਵਿਸ਼ਵਾਸ ਤੇ ਕਰਮ ਕਾਂਡ ਦਾ ਜਾਲ ਬੁਣ ਦਿੱਤਾ ਸੀ ਜਿਸ ਵਿਚ ਅਨਪੜ੍ਹ, ਭੋਲੇ-ਭਾਲੇ ਲੋਕ ਪਰਮਾਰਥ ਦੇ ਚੱਕਰ ਵਿਚ ਯਥਾਰਥੀ ਜੀਵਨ ਨੂੰ ਵੀ ਕੁੰਭੀ ਨਰਕ ਬਣਾ ਲੈਂਦੇ ਸਨ। ਭਗਤ ਰਵਿਦਾਸ ਜੀ ਕਹਿੰਦੇ ਹਨ:

ਗਿਆਨੈ ਕਾਰਨ ਕਰਮ ਅਭਿਆਸ

ਗਿਆਨੁ ਭਇਆ ਤਹਿ ਕਰਮਹ ਨਾਸੁ।[76]

ਭਾਈ ਗੁਰਦਾਸ ਅਪਣੀ ਰਚਨਾ ਸਵੱਈਏ ਵਿਚ ਵਿਚਾਰ ਪ੍ਰਗਟ ਕਰਦੇ ਹਨ ਕਿ ਗਿਆਨ ਦਾ ਸੂਰਜ ਚੜ੍ਹਨ ਨਾਲ ਕਰਮ ਕਾਂਡਾਂ ਦਾ ਹਨੇਰਾ ਖ਼ਤਮ ਹੋ ਜਾਂਦਾ ਹੈ:-

ਤੈਸੇ ਖਟ ਕਰਮ ਧਰਮ ਸਰਮ ਗਿਆਨ ਕਾਜ,

ਗਿਆਨ ਭਾਨੁ ਉਦੇ ਕਰਮ ਉਡਾਤ ਹੈ।[77]

ਭਾਈ ਗੁਰਦਾਸ ਇਸ ਉਪਰੋਕਤ ਵਿਚਾਰਧਾਰਾ ਦਾ ਹਾਮੀ ਹੈ ਅਤੇ ਗ੍ਰਹਿਸਥੀ ਮਾਰਗ ਉਤੇ ਚਲਦਿਆਂ ਕਰਮ ਕਾਂਡਾਂ ਨੂੰ ਛੱਡ ਕੇ ਭਗਤੀ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।

ਬਿਨੁ ਦਿਤੇ ਕਛੁ ਹਥਿ ਨ ਆਈ।[78]

ਭਾਈ ਗੁਰਦਾਸ ਆਪਣੀਆਂ ਵਾਰਾਂ ਰਾਹੀਂ ਗੁਰਮਤਿ ਦੇ ਨਿਵੇਕਲੇ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਗੁਰਮੁੱਖ ਨੂੰ ਗ੍ਰਹਿਸਥੀ ਜੀਵਨ ਬਸਰ ਕਰਦਿਆਂ ਪ੍ਰਭੂ ਭਗਤੀ ਵਿਚ ਲੀਨ ਹੋਣ ਦੀ ਸਿਖਿਆ ਦਿੰਦੇ ਹਨ।

ਉਪਰੋਕਤ ਵਿਸ਼ਲੇਸ਼ਣ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਦੀਆਂ ਵਾਰਾਂ ਦੇ ਵਿਸ਼ੇ ਤਾਂ ਗੁਰੂ ਸਾਹਿਬਾਨ ਵਾਂਗ ਗੁਰੂ ਗ੍ਰੰਥ ਸਾਹਿਬ ਵਾਲੀਆਂ ਵਾਰਾਂ ਨਾਲ ਸੰਬੰਧਿਤ ਹੀ ਹਨ ਪਰੰਤੂ ਭਾਈ ਗੁਰਦਾਸ ਨੇ ਇਹਨਾਂ ਵਿਸ਼ਿਆਂ ਨੂੰ ਇਤਿਹਾਸਕ, ਮਿਥਿਹਾਸਕ ਅਤੇ ਭਾਰਤੀ ਪੌਰਾਣਿਕ ਕਥਾਵਾਂ ਨਾਲ ਲਬਰੇਜ਼ ਕਰਕੇ ਪੇਸ਼ ਕੀਤਾ ਹੈ ਜਿਸ ਨਾਲ ਇਹਨਾਂ ਵਿਸ਼ਿਆਂ ਵਿਚ ਇਕ ਨਵੀਂ ਦਿੱਖ ਦ੍ਰਿਸ਼ਟੀਗੋਚਰ ਹੁੰਦੀ ਹੈ। ਪਹਿਲੀ ਵਾਰ ਵਿਚ ਜਗਤ ਉਤਪਤੀ, ਚਾਰੇ ਜੁੱਗਾਂ ਦਾ ਵਰਨਣ ਅਤੇ ਛੇ ਸ਼ਾਸਤਰਾਂ ਦਾ ਜ਼ਿਕਰ ਕਰਨਾ ਅਤੇ ਇਹਨਾਂ ਦੇ ਪਿਛੋਕੜ 'ਚੋਂ ਸਥਿਤੀ ਦਾ ਚਿਤ੍ਰਣ ਕਰਕੇ, ਗੁਰੂ ਦੀ (ਗੁਰੂ ਨਾਨਕ ਦੀ) ਲੋੜ ਦਰਸਾ ਕੇ ਸਥਿਤੀ ਨੂੰ ਮਨੁੱਖਤਾ ਦੇ ਹਾਂ-ਪੱਖੀ ਵਰਤਾਰੇ ਵਿਚ ਪੇਸ਼ ਕਰਨਾ ਆਦਿ ਗੁਰਮਤਿ ਦੇ ਨਿਵੇਕਲੇ ਸੰਦਰਭਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

# ਹਵਾਲੇ ਅਤੇ ਟਿੱਪਣੀਆਂ

1. ***ਸ੍ਰੀ ਮਦਭਗਵਤਗੀਤਾ*** (ਗੋਰਖਪੁਰ: ਗੀਤਾ ਪ੍ਰੈਸ, 1975), ਪੰ. 65
2. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 33
3. ਉਹੀ, ਪੰਨਾ 34
4. ਉਹੀ, ਪੰਨਾ 35
5. ਉਹੀ, ਪੰਨਾ 36
6. ਉਹੀ, ਪੰਨਾ 37
7. ਉਹੀ, ਪੰਨਾ 55
8. ਉਹੀ, ਪੰਨਾ 56
9. ਉਹੀ, ਪੰਨਾ 57
10. ਉਹੀ, ਪੰਨਾ 57
11. ਕਾਲਾ ਸਿੰਘ ਬੇਦੀ, ***ਪੰਜਾਬੀ ਸਾਹਿਤ ਦੇ ਦਸ ਪ੍ਰਮੁੱਖ ਸਾਹਿਤਕਾਰ***, ਪੰਨਾ 79-80
12. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 33
13. ਉਹੀ, ਪੰਨਾ 32
14. ਉਹੀ, ਪੰਨਾ 34
15. ***ਆਦਿ ਗ੍ਰੰਥ***, ਪੰਨਾ 1280
16. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 42
17. ***ਆਦਿ ਗ੍ਰੰਥ, ਸਵੱਈਏ***, ਪੰਨਾ 385
18. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 37

19. ਉਹੀ, ਪੰਨਾ 40

20. ***ਆਦਿ ਗ੍ਰੰਥ,*** ਪੰਨਾ 4

21. ਉਹੀ, ਪੰਨਾ 1035

22. ਉਹੀ, ਪੰਨਾ 3

23. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 20

24. ਉਹੀ, ਪੰਨਾ 19

25. ਸਵਾਮੀ ਪ੍ਰਭੂਪਾਦ, ***ਭਗਤੀ ਵੇਦਾਂਤ***, ਪੰਨਾ 10

26. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ*** , ਪੰਨਾ 28

27. ***ਆਦਿ ਗ੍ਰੰਥ***, ਪੰਨਾ 470

28. ਉਹੀ, ਪੰਨਾ 943

29. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 43

30. ਉਹੀ, ਪੰਨਾ 44

31. ਉਹੀ, ਪੰਨਾ 44

32. ***ਆਦਿ ਗ੍ਰੰਥ***, ਪੰਨਾ 286

33. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 45

34. ਉਹੀ, ਪੰਨਾ 45

35. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 748

36. ਡਾ. ਕੁਲਬੀਰ ਸਿੰਘ ਕਾਂਗ, ਚਤਰ ਸਿੰਘ, ਜੀਵਨ ਸਿੰਘ (ਸੰਪਾ.), ***ਪੰਜਾਬੀ ਅੰਗਰੇਜ਼ੀ ਕੋਸ਼***, ਪੰਨਾ 432

37. Dr. Surinder Singh Kohli, ***Sikh Ethics***, page 10

38. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 416

39. Khushwant Singh, ***A History of Sikhs***, Vol. I, page 301

40. The Image of Guru Nanak in the Vars of Bhai Gurdas, Punjab History Conference (Papers on Guru Nanak), by Dr. Fauja Singh, March 14-15, 1969 Proceedings, page 69

41. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ,*** ਪੰਨਾ 37

42. ਆਦਿ ਗ੍ਰੰਥ, ਪੰਨਾ 145

43. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 42

44. ਸੰਤ ਸਿੰਘ ਸੇਖੋਂ, ***ਭਾਈ ਗੁਰਦਾਸ ਇਕ ਅਧਿਐਨ***, ਪੰਨਾ 86

45. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 38

46. ਉਹੀ, ਪੰਨਾ 40

47. ਉਹੀ, ਪੰਨਾ 37

48. ਉਹੀ, ਪੰਨਾ 38

49. ਉਹੀ, ਪੰਨਾ 40

50. ਉਹੀ, ਪੰਨਾ 42

51. ਉਹੀ, ਪੰਨਾ 44

52. ਉਹੀ, ਪੰਨਾ 47

53. ਉਹੀ, ਪੰਨਾ 49

54. ਉਹੀ, ਪੰਨਾ 44

55. ਡਾ. ਜਗਬੀਰ ਸਿੰਘ (ਡਾ.), ***ਸ਼ਬਦ ਤੇ ਸੰਬਾਦ***, ਪੰਨਾ 44

56. ਉਹੀ, ਪੰਨਾ 61

57. ***ਆਦਿ ਗ੍ਰੰਥ***, ਪੰਨਾ 1423

58. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 32
59. ਉਹੀ, ਪੰਨਾ 47
60. ***ਆਦਿ ਗ੍ਰੰਥ***, ਪੰਨਾ 15
61. ਡਾ. ਸ਼ੇਰ ਸਿੰਘ, ***ਜਪੁਜੀ ਦਰਸ਼ਨ***, ਪੰਨਾ 63
62. ***ਆਦਿ ਗ੍ਰੰਥ***, ਪੰਨਾ 274
63. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 31
64. ***ਆਦਿ ਗ੍ਰੰਥ***, ਪੰਨਾ 53
65. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 20
66. ਉਹੀ, ਪੰਨਾ 21
67. ***ਗੋਰਖਬਾਣੀ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 149
68. ***ਆਦਿ ਗ੍ਰੰਥ***, ਪੰਨਾ 1379
69. ***ਆਦਿ ਗ੍ਰੰਥ***, ਪੰਨਾ 413
70. ਉਹੀ, ਪੰਨਾ 81
71. ਚੌਪਾ ਸਿੰਘ (ਭਾਈ), ***ਰਹਿਤਨਾਮੇ***, ਪੰਨਾ 80
72. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 510
73. ਉਹੀ, ਪੰਨਾ 31
74. ***ਆਦਿ ਗ੍ਰੰਥ***, ਪੰਨਾ 1035
75. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 137
76. ***ਆਦਿ ਗ੍ਰੰਥ***, ਪੰਨਾ 1167
77. ਭਾਈ ਗੁਰਦਾਸ, ***ਕਬਿਤ*** 405/7/8
78. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 51

## ਅਧਿਆਇ ਤੀਜਾ

*

*

*

# ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਬਿਰਤਾਂਤਕ ਅਰਥ-ਵਿਉਂਤ

(ੳ) ਆਤਮ ਅਤੇ ਗੁਰੂ ਦੇ ਅੰਤਰ-ਸੰਬੰਧ

(ਅ) ਗੁਰੂ ਅਤੇ ਪਰਮ-ਆਤਮ ਵਿਚ ਸੁਮੇਲ

(ੲ) ਗਿਆਨ ਤੇ ਰੋਸ ਅਤੇ ਪ੍ਰਮਾਰਥ ਤੇ ਹਿੰਸਾ ਦੀ ਨਿਵੇਕਲੀ ਅਰਥ-ਵਿਉਂਤ

## ਅਧਿਆਇ ਤੀਜਾ

# ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਬਿਰਤਾਂਤਕ ਅਰਥ ਵਿਊਂਤ

ਗੁਰਬਾਣੀ ਦੀ ਅੰਤਰਧਾਰਾ ਵਿਚ ਵਹਿੰਦੀ ਸਿਖਿਆ, ਗਿਆਨ, ਉਪਦੇਸ਼ ਅਤੇ ਆਦਰਸ਼ਕ ਸਮਾਜ ਦੀ ਸਥਾਪਨਾ ਵਰਗੇ ਮਹਾਨ ਵਿਚਾਰਾਂ ਨੂੰ ਬਿਰਤਾਂਤਣ ਲਈ, ਭਾਈ ਗੁਰਦਾਸ ਨੇ ਵਾਰ-ਕਾਵਿ ਨੂੰ ਮਾਧਿਅਮ ਬਣਾਇਆ ਹੈ। ਇਹਨਾਂ ਵਾਰਾਂ ਦਾ ਸੁਭਾਵ ਨਾ ਤਾਂ ਲੋਕ-ਵਾਰਾਂ ਵਾਲਾ ਹੈ ਅਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਸ਼ੁਧ ਅਧਿਆਤਮਕ ਵਾਰਾਂ ਵਾਲਾ ਹੈ। ਇਹਨਾਂ ਵਾਰਾਂ ਦੀ ਵਿਲੱਖਣਤਾ ਗੁਰਮਤਿ ਨੂੰ ਇਕ ਨਵੀਨ ਵਿਚਾਰਧਾਰਾ ਵਜੋਂ ਬਿਰਤਾਂਤਣ ਵਿਧੀ ਅਖ਼ਤਿਆਰ ਕਰਦੇ ਹੋਏ ਲੋਕ-ਚੇਤਨਾ ਸਨਮੁੱਖ ਪੇਸ਼ ਕਰਨਾ ਹੈ। ਲੋਕ-ਮਨਾਂ ਤੇ ਲੋਕ-ਹਿਰਦੇ ਨੂੰ ਪ੍ਰਭਾਵਿਤ ਕਰਨ ਹਿੱਤ, ਨਾਮ ਸਿਮਰਣ, ਨੇਕੀ ਕਰਨ, ਬਦੀ ਤੋਂ ਬਚਣ, ਹੰਕਾਰ-ਤੋੜਨ, ਪ੍ਰਭੂ ਕ੍ਰਿਪਾ, ਗੁਰੂ ਮਹੱਤਤਾ ਆਦਿ ਨੈਤਿਕ ਅਤੇ ਸਦਾਚਾਰਕ ਉਪਦੇਸ਼ ਦੇਣ ਵਰਗੇ ਸੰਕਲਪਾਂ ਨੂੰ ਦ੍ਰਿੜ ਕਰਵਾਉਣ ਲਈ ਵਾਰ-ਕਾਵਿ ਰਾਹੀਂ ਬਿਰਤਾਂਤਕ-ਵਿਧੀ ਨੂੰ ਵਰਤਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ 'ਪ੍ਰੇਰਣਾ' ਦਾ ਸੋਮਾ ਹਨ। ਇਸਦੇ ਸੰਜਮੀ ਬਿਰਤਾਂਤ ਵਿਚ ਸੱਚਾਈ ਅਤੇ ਆਪ-ਮੁਹਾਰਤਾ ਦੀਆਂ ਭਾਵਨਾਵਾਂ ਲੁਪਤ ਹਨ। ਇਹਨਾਂ ਲੁਪਤ ਭਾਵਨਾਵਾਂ ਦੀ ਅਰਥ-ਵਿਉਂਤ ਨੂੰ ਪ੍ਰਗਟਾਉਣ ਲਈ ਵੱਡ-ਅਕਾਰੀ ਬਿਰਤਾਂਤ ਦੀ ਲੋੜ ਪੈਂਦੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦੀ ਅਜਿਹੀ ਅਰਥ-ਵਿਊਂਤ ਹੀ ਇਹਨਾਂ ਦੀ ਪ੍ਰਭਾਵਾਤਮਕ ਪੇਸ਼ਕਾਰੀ ਦਾ ਆਧਾਰ ਬਣਦੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦਾ ਪੰਜਾਬੀ ਅਧਿਆਤਮਕ ਵਾਰ-ਸਾਹਿਤ ਵਿਚ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਹਨਾਂ ਵਾਰਾਂ ਵਿਚ ਖ਼ਾਸ ਤੌਰ ਤੇ ਪਹਿਲੀ ਵਾਰ ਵਿਚ ਪੂਰਵ-ਪ੍ਰਚਲਿਤ ਭਾਰਤੀ ਵਿਚਾਰਧਾਰਾ ਦੇ ਡੂੰਘੇ ਅਧਿਐਨ ਉਪਰੰਤ ਗੁਰਮਤਿ ਨੂੰ ਇਕ ਨਵੀਨ ਵਿਚਾਰਧਾਰਾ ਵਜੋਂ ਪ੍ਰਸਤੁਤ ਹੁੰਦਾ ਵੇਖਦੇ ਹਾਂ।

ਭਾਈ ਗੁਰਦਾਸ ਨੇ ਗੁਰੂ ਨਾਨਕ ਦੇ ਅਵਤਾਰ ਧਾਰਨ ਦੇ ਬਿਰਤਾਂਤ ਨੂੰ ਬਹੁਤ ਹੀ ਕਲਾਤਮਕ ਢੰਗ ਨਾਲ ਅਭਿਵਿਅਕਤ ਕੀਤਾ ਹੈ। ਗੁਰੂ ਨਾਨਕ ਰੂਪੀ ਸੂਰਜ ਦੇ ਉਦੈ ਹੋਣ ਨੂੰ ਬਹੁਤ ਹੀ ਨਾਟਕੀ ਵਿਧੀ ਰਾਹੀਂ ਦਰਸਾਇਆ ਹੈ। ਸ੍ਰਿਸ਼ਟੀ-ਰਚਨਾ ਦਾ ਦ੍ਰਿਸ਼ ਵਰਨਣ ਕਰਕੇ ਚਾਰ ਵੇਦਾਂ ਤੇ ਸੰਬੰਧਿਤ ਅਵਤਾਰਾਂ ਦਾ ਬਿਰਤਾਂਤ ਦਿੱਤਾ ਹੈ। ਹਿੰਦੂ ਧਰਮ ਦੇ ਛੇ ਸ਼ਾਸਤਰ ਜਿਹਨਾਂ ਨੂੰ ਵੱਖ ਵੱਖ ਰਿਸ਼ੀਆਂ ਨੇ ਆਪਣੇ ਅਨੁਭਵਾਂ ਦੇ ਅਧਾਰ ਤੇ ਲਿਖਿਆ ਹੈ, ਬਾਰੇ ਜਾਣਕਾਰੀ ਦਿੱਤੀ ਹੈ। ਬੁੱਧ-ਮੱਤ, ਜੈਨ-ਮੱਤ ਤੇ ਇਸਲਾਮ ਦਾ ਵਰਨਣ ਵੀ ਦਿੱਤਾ ਹੈ। ਤੱਤਕਾਲੀ ਸਮਾਜਿਕ ਹਾਲਾਤਾਂ ਕਾਰਨ ਲੋਕਾਂ ਦੀਆਂ ਬਹੁ-ਪ੍ਰਕਾਰੀ ਨਿਘਾਰੀ ਸਮੱਸਿਆਵਾਂ ਦਾ ਬਿਰਤਾਂਤ ਸਿਰਜਦੇ ਹਨ ਜਿਸ ਦੇ ਪਿਛੋਕੜ ਵਿਚੋਂ ਗੁਰੂ ਨਾਨਕ ਉਪਰੋਕਤ ਸਥਿਤੀ ਵਿਚ ਲੋਕ-ਕਲਿਆਣ ਲਈ ਪ੍ਰਗਟ ਹੁੰਦੇ ਹਨ। ਉਹਨਾਂ ਦੇ ਪ੍ਰਗਟ ਹੋਣ ਨਾਲ ਜੱਗ ਵਿਚ ਗਿਆਨ ਰੂਪੀ ਚਾਨਣ ਦਾ ਪਾਸਾਰਾ ਹੋ ਜਾਂਦਾ ਹੈ ਤੇ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ। ਇਸ ਬਿਰਤਾਂਤ ਵਿਚ ਭਾਈ ਗੁਰਦਾਸ ਨੇ ਕਈ ਢੁਕਵੀਆਂ ਉਦਾਹਰਣਾਂ ਦਿੱਤੀਆਂ ਹਨ ਜਿਵੇਂ ਸੂਰਜ ਦੇ ਉਦੈ ਹੋਣ ਨਾਲ ਤਾਰੇ ਛੁਪ ਜਾਂਦੇ ਹਨ ਤੇ ਹਨੇਰਾ ਲੋਪ ਹੋ ਜਾਂਦਾ ਹੈ। ਸ਼ੇਰ ਦੀ ਉਦਾਹਰਣ ਦਿੰਦੇ ਹਨ ਜਿਸ ਦੀ ਭਬਕ ਨਾਲ ਹਿਰਨਾਂ ਦੀਆਂ ਡਾਰਾਂ (ਇਥੇ ਭਾਵ ਅਗਿਆਨੀ, ਪਾਖੰਡੀ ਅਤੇ ਡਰੂ ਲੋਕ) ਭੱਜ ਰਹੀਆਂ ਹਨ। ਤੱਤਕਾਲੀ ਬਿਪਤਾ ਭਰੀ ਸਮਾਜਿਕ ਸਥਿਤੀ ਵਿਚ ਮਨੁੱਖਤਾ ਦੇ ਮਾਰਗ ਦਰਸ਼ਨ ਲਈ ਗੁਰੂ ਦੀ ਅਤਿਅੰਤ ਲੋੜ ਮਹਿਸੂਸ ਕੀਤੀ ਜਾ ਰਹੀ ਹੈ:

> ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।।
> ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ।।
> ਬਾਝੁ ਗੁਰੂ ਡੁਬਾ ਜਗੁ ਸਾਰਾ।।[1]

ਭਾਈ ਗੁਰਦਾਸ ਉਸ ਸਾਰੀ ਪਿੱਠ-ਭੂਮੀ ਦਾ ਬਿਰਤਾਂਤ ਪੇਸ਼ ਕਰਦੇ ਹਨ ਜਿਸ ਵਿਚੋਂ ਗੁਰੂ ਦੀ ਲੋੜ ਦੀ ਅਵਾਜ਼ ਅਤਿਅੰਤ ਹੀ ਤੀਬਰਮਈ ਵੇਗ ਵਿਚ ਉੱਠਦੀ ਹੈ। ਇਸ ਤਰ੍ਹਾਂ ਇਸ ਵਾਕ ਵਿਚਲੇ ਬਿਰਤਾਂਤ ਵਿਚ ਵਿਚਾਰਆਤਮਕ ਪੱਧਰ ਉੱਪਰ ਇਕ ਇਨਕਲਾਬੀ ਵਾਤਾਵਰਣ

ਵਿਖਾਈ ਦੇਂਦਾ ਹੈ। ਗੁਰੂ ਗ੍ਰੰਥ ਸਾਹਿਬ ਕਮਜ਼ੋਰ ਤੇ ਲਿਤਾੜੇ ਹੋਏ ਗਰੀਬ ਮਨੁੱਖਾਂ ਦੀ ਧਿਰ ਬਣ ਕੇ ਉਹਨਾਂ ਦੇ ਪੱਖ ਨੂੰ ਪੂਰਦੇ ਹਨ।

ਉਪਰੋਕਤ ਵਿਸ਼ੇ ਦੇ ਸੰਦਰਭ ਵਿਚ ਅਸੀਂ ਇਸ ਅਧਿਆਇ ਵਿਚ ਇਸ ਵਾਰ ਵਿਚਲੀ ਸਥਿਤੀ ਦਾ ਅਧਿਐਨ ਖੇਤਰ ਇਸ ਤਰ੍ਹਾਂ ਤਹਿ ਕੀਤਾ ਹੈ।

(ੳ) ਆਤਮ ਅਤੇ ਗੁਰੂ ਦੇ ਅੰਤਰ ਸੰਬੰਧ।

(ਅ) ਗੁਰੂ ਅਤੇ ਪਰਮ-ਆਤਮ ਵਿਚ ਸੁਮੇਲ।

(ੲ) ਗਿਆਨ ਤੇ ਰੋਸ ਅਤੇ ਪ੍ਰਮਾਰਥ ਤੇ ਹਿੰਸਾ ਦੀ ਨਿਵੇਕਲੀ ਅਰਥ-ਵਿਉਂਤ।

## (ੳ) ਆਤਮ ਅਤੇ ਗੁਰੂ ਦੇ ਅੰਤਰ-ਸੰਬੰਧ

ਆਤਮ ਅਤੇ ਗੁਰੂ, ਧਾਰਮਿਕ ਦਰਸ਼ਨ ਦੇ ਦੋ ਸੰਕਲਪ ਹਨ। ਪ੍ਰਕ੍ਰਿਤੀ ਦੇ ਵੱਡੇ ਪਸਾਰੇ ਨੂੰ ਜਾਨਣ ਦੀ ਖਾਹਿਸ਼ ਮਨੁੱਖ ਵਿਚ ਆਦਿ ਕਾਲ ਤੋਂ ਰਹੀ ਹੈ। ਜਨਮ ਅਤੇ ਮੌਤ ਦੇ ਰਹੱਸ, ਜਗਤ, ਜਗਤ ਦੀ ਉਤਪਤੀ, ਜਗਤ ਦੀ ਕਿਰਿਆ, ਪਿਛੇ ਕਿਹੜੀ ਸ਼ਕਤੀ ਜਾਂ ਕਿਹੜੇ ਨਿਯਮ ਕੰਮ ਕਰ ਰਹੇ ਹਨ। ਇਨ੍ਹਾਂ ਨੂੰ ਜਿਗਿਆਸੂ ਮਨੁੱਖ ਜਾਂ ਤਾਂ ਆਸਥਾ-ਵਿਸ਼ਵਾਸ ਦੇ ਰਾਹ ਤੁਰ ਕੇ ਇਹਨਾਂ ਪ੍ਰਸ਼ਨਾਂ ਦਾ ਹਲ ਕਰਦਾ ਹੈ ਜਾਂ ਵਿਗਿਆਨਕ ਤਰਕ ਤੇ ਗਿਆਨ ਦੇ ਰਾਹ ਤੁਰ ਕੇ ਆਪਣੀ ਜਿਗਿਆਸਾ ਨੂੰ ਸ਼ਾਂਤ ਕਰਦਾ ਹੈ। ਗਿਆਨ ਦੇ ਰਾਹ ਤੁਰਨ ਲਈ ਗੁਰੂ ਦੀ ਸਹਾਇਤਾ ਦਾ ਬਿਰਤਾਂਤ ਸਿਰਜਦੇ ਹੋਏ ਅਤੇ ਅਰਥਾਂ ਦਾ ਸਰਲੀਕਰਣ ਕਰਦੇ ਭਾਈ ਗੁਰਦਾਸ ਲਿਖਦੇ ਹਨਃ

ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ॥
ਭਾਉ ਭਗਤਿ ਗੁਰਪੁਰਬਿ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ॥
ਜੇਹਾ ਬੀਉ ਤੇਹਾ ਫਲੁ ਪਾਇਆ॥[2]

ਆਦਿ ਕਾਲ ਤੋਂ ਮਨੁੱਖ ਉਪਾਸਨਾ ਲਈ ਕਿਸੇ ਨਾ ਕਿਸੇ ਰੂਪ ਵਿਚ ਪਰਮਸੱਤਾ ਦੀ ਕਲਪਨਾ ਕਰਦਾ ਆਇਆ ਹੈ। ਇਸ ਕਲਪਨਾ ਦਾ ਵਿਕਾਸ ਸਮੇਂ ਤੇ ਸਥਾਨ ਦੇ ਭੇਦ ਅਨੁਸਾਰ ਰਿਹਾ ਹੈ।

ਇਸੇ ਕਲਪਨਾ ਅਧੀਨ ਆਦਿ ਕਾਲ ਤੋਂ ਬ੍ਰਹਮ ਜੀਵ ਜਗਤ ਦਾ ਆਪਸੀ ਸੰਬੰਧ ਆਤਮ ਤੇ ਗੁਰੂ ਸੰਬੰਧ ਦੀ ਸਮੱਸਿਆ ਵੀ ਜਾਰੀ ਹੈ। ਵੈਦਿਕ ਰਿਸ਼ੀਆਂ ਦੇ ਸਮੇਂ ਵਿਚ ਬਹੁ ਦੇਵਵਾਦ ਵਰੁਣ ਇੰਦਰ-ਅਗਨੀ, ਸੂਰਜ, ਚੰਦਰਮਾ, ਹਵਾ, ਬ੍ਰਹਮਾ, ਵਿਸ਼ਨੂੰ ਆਦਿ ਦੀ ਪੂਜਾ ਇਸੇ ਦਾ ਸਿੱਟਾ ਹੈ। ਵੇਦਾਂਤ ਅਨੁਸਾਰ ਬ੍ਰਹਮ ਹੀ ਸਤਿ ਹੈ। ਵੈਦਿਕ ਕਾਲ ਤੋਂ ਹੀ ਆਤਮਾ ਕੀ ਹੈ? ਇਸ ਦਾ ਸਰੂਪ ਕੀ ਹੈ? ਕੀ ਇਹ ਪਰਮਾਤਮਾ ਦਾ ਅੰਸ਼ ਹੈ ਜਾਂ ਪਰਮਾਤਮਾ ਤੋਂ ਵੱਖਰੀ ਹੋਂਦ ਰੱਖਦੀ ਹੈ, ਆਦਿ ਪ੍ਰਸ਼ਨਾਂ ਬਾਰੇ ਚਰਚਾ ਹੁੰਦੀ ਰਹੀ ਹੈ। ਉਪਨਿਸ਼ਦਾਂ ਵਿਚ ਪਰਮਾਤਮਾ ਅਤੇ ਆਤਮਾ ਨੂੰ ਇਕ ਰੂਪ ਕਿਹਾ ਗਿਆ ਹੈ। ਬੁੱਧ ਮੱਤ ਆਤਮਾ ਦੀ ਸਦੀਵੀ ਹੋਂਦ ਤੋਂ ਇਨਕਾਰ ਕਰਦਾ ਹੈ। ਗੁਰਮਤ ਦਰਸ਼ਨ ਅਨੁਸਾਰ ਪਰਮਾਤਮਾ ਆਤਮਾ ਤੋਂ ਵੱਖਰੀ ਹੋਂਦ ਰੱਖਦਾ ਹੈ। ਜਗਤ ਪਰਮਾਤਮਾ ਦੀ ਇੱਛਾ ਦਾ ਸਿੱਟਾ ਹੈ। ਬ੍ਰਹਮ ਸੁਤੰਤਰ ਹੈ ਪਰ ਜੀਵ ਜਾਂ ਆਤਮਾ ਪਰਤੰਤਰ ਹੈ। ਭਾਈ ਗੁਰਦਾਸ ਅਨੁਸਾਰ ਇਹ ਗਿਆਨ ਪ੍ਰਾਪਤੀ ਗੁਰੂ ਦੀ ਬਾਣੀ ਪੜ੍ਹਕੇ ਹੀ ਹੋ ਸਕਦੀ ਹੈ:

ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।
ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।।[3]

ਜਗਤ ਦਾ ਸਾਰਾ ਪ੍ਰਕਾਸ਼ ਪਰਮ-ਆਤਮਾ ਤੋਂ ਹੈ। ਗੁਰੂ ਨਾਨਕ ਅਨੁਸਾਰ ਜਦੋਂ ਜੀਵ ਆਤਮ ਤੱਤ ਨੂੰ ਪਛਾਣ ਲੈਂਦਾ ਹੈ ਤਾਂ ਉਹ ਪਰਮਾਤਮਾ ਰੂਪ ਹੋ ਜਾਂਦਾ ਹੈ। ਜਿਨ੍ਹਾਂ ਨੇ ਪਰਮਾਤਮਾ ਰੂਪੀ ਬਿਰਖ ਦਾ ਅੰਮ੍ਰਿਤ ਰੂਪੀ ਫਲ ਚੱਖ਼ ਲਿਆ ਹੈ, ਉਹ ਸਤਿ ਸਰੂਪ ਪਰਮਾਤਮਾ ਵਿਚ ਸਮਾਅ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਬਿਆਨਿਆ ਹੈ:

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।।
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ।।
ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ।।
ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ।।[4]

ਉਪਰੋਕਤ ਗੁਰਬਾਣੀ ਵਿਚਾਰ ਅਨੁਸਾਰ ਆਤਮਾ ਪਰਮਾਤਮਾ ਦੀ ਅੰਸ਼ ਹੈ। ਆਤਮਾ ਦੀ ਹੋਂਦ ਅਸਤਿਤਵ ਪਰਮਾਤਮਾ ਤੇ ਨਿਰਭਰ ਕਰਦੀ ਹੈ। ਪਰਮਾਤਮਾ ਸੁਛੰਦ, ਆਜ਼ਾਦ ਹਸਤੀ ਹੈ। ਪਰਮਾਤਮਾ ਤੇ ਆਤਮਾ ਦਾ ਸੰਬੰਧ ਅੰਸ਼-ਅੰਸ਼ੀ ਦਾ ਹੈ। ਆਤਮਾ ਪਰਮਾਤਮਾ ਦਾ ਅੰਸ਼ ਮਾਤਰ ਹੈ। ਗੁਰੂ ਨਾਨਕ ਨੇ ਆਤਮਾ ਬਾਰੇ ਜੋ ਵਿਚਾਰ ਅਭਿਵਿਅਕਤ ਕੀਤੇ ਹਨ ਉਹਨਾਂ ਦਾ ਮੂਲਾਧਾਰ ਸ਼ਾਸਤਰ ਨਹੀਂ ਸਗੋਂ ਸਵੈ-ਅਨੁਭੂਤੀ ਹੈ। ਉਹਨਾਂ ਦੇ ਵਿਚਾਰਾਂ ਨੇ ਉਹਨਾਂ ਦੀ ਬਾਣੀ ਰਚਨਾ ਵਿਚੋਂ ਸਮਝਣ ਤੋਂ ਸਿਧਾਂਤ-ਰੂਪ ਵਿਚ ਕੁੱਝ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ। ਗੁਰੂ ਨਾਨਕ ਦੇਵ ਆਤਮਾ ਨੂੰ ਪਰਮਾਤਮਾ ਦਾ ਅੰਸ਼ ਦੱਸਦੇ ਹੋਏ ਕਹਿੰਦੇ ਹਨ ਕਿ ਇਸ ਸੁੰਦਰ ਦੇਹ ਵਿਚ ਨਿਰਮਲ ਹੰਸ ਅਰਥਾਤ ਪਵਿੱਤਰ ਆਤਮਾ ਦਾ ਵਾਸਾ ਹੈ। ਜਿਸ ਵਿਚ ਪਰਮਾਤਮਾ ਦਾ ਅੰਸ਼ ਮੌਜੂਦ ਹੈ:

- ਨਿਰਮਲ ਕਾਇਆ ਊਜਲ ਹੰਸਾ
  ਤਿਸ ਵਿਚ ਨਾਮ ਨਿਰੰਜਨ ਅੰਸਾ।।[5]
- ਸਭ ਮਹਿ ਜੋਤਿ ਹੈ ਜੋਤਿ ਹੈ ਸੋਇ
  ਤਿਸ ਕੈ ਚਾਨਣਿ ਸਭਿ ਮਹਿ ਚਾਨਣੁ ਹੋਇ।।[6]

ਜਦੋਂ ਆਤਮਾ ਤੱਤ ਸਾਧਕ ਰੂਪ ਵਿਚ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ, ਵਿਚਾਰ ਵਿਚ ਸੰਜਮਤਾ ਆ ਜਾਂਦੀ ਹੈ ਤਾਂ ਆਤਮਾ ਪਰਮਾਤਮਾ ਦੀ ਦਵੈਤ/ਦਿਵਾਰ ਟੁੱਟ ਜਾਂਦੀ ਹੈ। ਇਹਨਾਂ ਵਿਚਾਰਾਂ ਨੂੰ ਗੁਰਬਾਣੀ ਵਿਚ ਅਤਿ ਦੀ ਸੋਹਜਾਤਮਕਤਾ ਨਾਲ ਪ੍ਰਗਟਾਇਆ ਗਿਆ ਹੈ।

ਆਤਮਾ ਪਰਾਤਮਾ ਏਕੋ ਕਰੈ।।
ਅੰਤਰ ਕੀ ਦੁਬਿਧਾ ਅੰਤਰਿ ਮਰੈ।।
ਗੁਰਪਰਸਾਦੀ ਪਾਇਆ ਜਾਇ।।
ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ।।[7]

ਆਤਮਾ ਗੁਰੂ ਸ਼ਬਦ ਰਾਹੀਂ ਬ੍ਰਹਮ ਰੂਪ ਹੋ ਕੇ ਕਿਰਿਆਤਮਕ ਪ੍ਰਵਿਰਤੀ ਧਾਰਨ ਕਰਦੀ ਹੈ। ਆਤਮਾ ਸੁੱਧ ਅਤੇ ਮੁਕਤ ਸਰੂਪ ਹੈ। ਉਪਨਿਸ਼ਦਾਂ ਤੇ ਗੀਤਾ ਅਨੁਸਾਰ ਆਤਮਾ ਅਮਰ ਹੈ।

ਗੁਰਮਤਿ ਦਰਸ਼ਨ ਵਿਚ ਵੀ ਆਤਮਾ ਅਮਰ ਨਿਹਚਲ ਅਬਿਨਾਸੀ ਹੈ। ਗੁਰਬਾਣੀ ਚੇਤਨਾ ਦਾ ਅਲੌਕਿਕ ਪੱਧਰ ਅਜਿਹੀ ਸਥਿਤੀ ਦਾ ਵਰਨਣ ਇਉਂ ਕਰਦਾ ਹੈ:

ਨਾ ਓਹੁ ਮਰਤਾ ਨਾ ਹਮ ਡਰਿਆ।।

ਨਾ ਓਹੁ ਬਿਨਸੈ ਨਾ ਹਮ ਕੜਿਆ।।[8]

ਆਤਮਾ ਅਤੇ ਜੀਵ ਵਿਚ ਕੋਈ ਭੇਦ ਨਹੀਂ ਜੋ ਭੇਦ ਦਿੱਸਦਾ ਹੈ। ਉਹ ਮਾਇਆ ਦੇ ਪ੍ਰਭਾਵ ਪਰਿਮਾਣ ਸਰੂਪ ਹੈ। ਗੁਰਬਾਣੀ ਅਨੁਸਾਰ ਮਾਇਆ ਦੇ ਭਰਮ ਨੂੰ ਕੱਟੇ ਬਿਨਾਂ ਅਨੇਕਤਾ ਦੀ ਪ੍ਰਤੀਤੀ ਦਾ ਨਾਸ਼ ਨਹੀਂ ਹੁੰਦਾ ਅਤੇ ਜਦ ਤਕ ਅਨੇਕਤਾ ਨਾਸ਼ ਨਹੀਂ ਹੁਦੀ ਉਦੋਂ ਤਕ ਏਕਤਾ ਅਤੇ ਸਤਿਅਤਾ ਜਾਂ ਸਤਿਆਰਤਾ ਦੀ ਪ੍ਰਾਪਤੀ ਨਹੀਂ ਹੁੰਦੀ। ਸਤ ਨਿਤਯ ਸ਼ੁਧ ਬੁੱਧ ਅਤੇ ਮੁਕਤ ਸਰੂਪ ਆਤਮਾ ਹੀ ਮਾਇਆ ਦੇ ਪ੍ਰਭਾਵ ਦੇ ਫਲਸਰੂਪ ਆਪਣੇ ਮੂਲ ਰੂਪ ਨੂੰ ਭੁੱਲ ਜਾਣ ਕਰਕੇ ਜੀਵ ਮਨਮੁੱਖ ਕਹਿਲਾਉਂਦਾ ਹੈ। ਜੀਵ ਬ੍ਰਹਮ ਦਾ ਅੰਸ਼ ਤੇ ਰੂਪ ਹੈ ਕਰਮਾਂ ਅਧੀਨ ਹੀ ਜੀਵ ਜੂਨਾਂ ਵਿਚ ਪੈਂਦਾ ਹੈ। ਆਤਮਾ ਦੀ ਯਾਤਰਾ ਪਰਮਾਤਮਾ ਨੂੰ ਮਿਲਕੇ ਹੀ ਪੂਰੀ ਹੁੰਦੀ ਹੈ। ਜਿਵੇਂ ਕਿਰਨ ਸੂਰਜ ਦੇ ਨਾਲ, ਜਲ ਜਲ ਦੇ ਨਾਲ ਤੇ ਜੋਤਿ ਜੋਤਿ ਵਿਚ ਰਲ ਜਾਂਦੀ ਹੈ। ਅਜਿਹੀ ਉਪਰੋਕਤ ਗੁਰਬਾਣੀ ਚੇਤਨਾ ਨੂੰ ਭਾਈ ਗੁਰਦਾਸ ਪਹਿਲੀ ਵਾਰ ਦੀ 10ਵੀਂ ਪਉੜੀ ਵਿਚ ਇਉਂ ਪ੍ਰਗਟਾਉਂਦੇ ਹਨ:

ਕਰਮ ਦ੍ਰਿੜਾਇ ਜਗਤ ਵਿਚਿ ਕਰਮ ਬੰਧਿ ਕਰਿ ਆਵੈ ਜਾਵੈ।।

ਸਤਿਗੁਰੂ ਬਿਨਾ ਨ ਸਹਸਾ ਜਾਵੈ।।[9]

ਮਨੁੱਖ ਜਨਮ ਦੁਰਲੱਭ ਹੈ ਪਰ ਪਰਮਾਤਮਾ ਤੋਂ ਵਿਛੜੇ ਮਨੁੱਖ ਦੀ ਸਥਿਤੀ ਬਹੁਤ ਦੁਖਦਾਇਕ ਹੈ। ਭਾਵੇਂ ਸ੍ਰਿਸ਼ਟੀ ਵਿਚ ਮਨੁੱਖ ਸ਼ਰੋਮਣੀ ਜੀਵ ਹੈ ਪਰੰਤੂ ਇਹ ਸ਼ਰੋਮਣੀ ਪਦ ਇਸ ਨੂੰ ਚੰਗੇ ਕਰਮਾਂ ਤੋਂ ਬਾਅਦ ਹੀ ਮਿਲਦਾ ਹੈ। ਸਾਰੇ ਜੀਵ ਕਰਮਾਂ ਦੇ ਬੰਨ੍ਹੇ ਹੋਏ ਹਨ। ਪਹਿਲੀ ਵਾਰ ਦੀ 15ਵੀਂ ਪਉੜੀ ਵਿਚ ਭਾਈ ਗੁਰਦਾਸ ਇਸੇ ਜੀਵ ਦੇ ਕਰਮ ਚੱਕਰ ਨੂੰ ਪੇਸ਼ ਕਰਦੇ ਹਨ ਕਿ ਹਰ ਇਕ ਯੁੱਗ ਵਿਚ ਵਾਸਨਾਵਾਂ ਦੀ ਬੱਧੀ ਹੋਈ ਜੀਵਾਤਮਾ ਆਵਾਗਵਣ ਦੇ ਚੱਕਰ ਵਿਚ ਫਸੀ

ਰਹਿੰਦੀ ਹੈ। ਉਹ ਵਾਰ-ਵਾਰ ਦੇਹੀਆਂ ਬਦਲਦੀ ਰਹਿੰਦੀ ਹੈ। ਕੋਈ ਗਿਆਨੀ ਹੋਵੇ ਤਾਂ ਇਸ ਭੇਤ ਨੂੰ ਸਮਝੇ ਕਿ ਮੁਕਤੀ ਕਿਵੇਂ ਪ੍ਰਾਪਤ ਹੋਵੇ। ਸਤਿਜੁਗੀ ਜੀਵਾਂ ਦੇ ਮਨ ਦੀਆਂ ਇਛਾਵਾਂ ਤੇ ਵਾਸਨਾਵਾਂ ਉਹਨਾਂ ਨੂੰ ਤ੍ਰੇਤੇ ਯੁੱਗ ਵਿਚ ਜਨਮ ਲੈਣ ਦਾ ਕਾਰਨ ਬਣਦੀਆਂ ਹਨ। ਤ੍ਰੇਤੇ ਯੁੱਗ ਦੇ ਦਵੈਤ ਭਾਵ ਕਾਰਨ ਆਤਮਾਵਾਂ ਦੁਆਪਰ ਵਿਚ ਇੱਛਾ ਪੂਰਤੀ ਲਈ ਜਨਮ ਧਾਰਦੀਆਂ ਹਨ। ਤਿੰਨਾਂ ਯੁੱਗਾਂ ਵਿਚ ਕਰਮ ਕਰਦਾ ਹੋਇਆ ਜੀਵ ਆਪਣੇ ਆਪ ਨੂੰ ਨਸ਼ਟ ਕਰ ਬੈਠਦਾ ਹੈ ਪਰ ਜੰਮਣ ਮਰਨ ਦੇ ਆਵਾਗਮਨ ਤੋਂ ਮੁਕਤ ਨਹੀਂ ਹੁੰਦਾ। ਆਖਰ ਕਲਯੁੱਗ ਵਿਚ ਇਹ ਆਤਮਾ ਮਨੁੱਖਾ ਦੇਹੀ ਲੈ ਕੇ ਮਾਤ ਲੋਕ ਵਿਚ ਆਉਂਦੀ ਹੈ। ਇਸ ਤਰ੍ਹਾਂ ਨੇਕ ਕਰਮ ਕਰਨ ਦਾ ਇਕ ਨਵਾਂ ਅਵਸਰ ਮਿਲਦਾ ਹੈ। ਭਾਈ ਗੁਰਦਾਸ ਮਨੁੱਖੀ ਜੀਵਨ ਦੀ ਮਹੱਤਤਾ, ਸਮੇਂ ਨਾਲ ਪ੍ਰਤਿਬਿੰਬਤ ਕਰਦੇ ਹਨ। ਇਸ ਸਮੇਂ ਵੀ ਆਤਮਾ ਆਪਣੇ ਮੂਲ ਨੂੰ ਨਾ ਪਛਾਣ ਕੇ ਦੁਨਿਆਵੀ ਵਿਕਾਰਾਂ ਦੇ ਚੱਕਰ ਵਿਚ ਫਸੀ ਇਹ ਸੁਨਹਿਰੀ ਮੌਕਾ ਵੀ ਹੱਥੋਂ ਨਾ ਗਵਾ ਲਵੇ:

ਤ੍ਰਿਹੁ ਜੁਗਾਂ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ।
ਫਿਰਿ ਕਲਿਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰਿ ਫੇਰਿ ਫਸਾਵੈ।
ਅਉਸਰੁ ਚੁਕਾ ਹਥ ਨ ਆਵੈ।।[10]

ਗੁਰਮਤਿ ਅਨੁਸਾਰ ਪਰਮਾਤਮਾ ਅਸੀਮ ਹੈ ਤੇ ਆਤਮਾ ਸੀਮਿਤ ਹੈ। ਪਰਮਾਤਮਾ ਨੇ ਪ੍ਰਕਿਰਤੀ ਬਣਾਈ ਪਰ ਉਹ ਆਪ ਪ੍ਰਕਿਰਤੀ ਦੇ ਪ੍ਰਭਾਵ ਤੋਂ ਮੁਕਤ ਹੈ। ਆਤਮਾ ਮਾਇਆ ਵਿਚ ਲਿਪਤ ਰਹਿੰਦੀ ਹੈ। ਇਸ ਲਈ ਜਨਮ ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹੁੰਦੀ। ਆਤਮਾ ਗਿਆਨ ਰਾਹੀਂ ਜਨਮ ਮਰਨ ਦੇ ਭੇਦ ਨੂੰ ਜਾਨਣਾ ਚਾਹੁੰਦੀ ਹੈ। ਇਥੇ ਆਤਮਾ ਨੂੰ ਕਿਸੇ ਸਤਿਗੁਰੂ ਦੇ ਮਾਰਗ ਨਿਰਦੇਸ਼ਨ ਦੀ ਲੋੜ ਪੈਂਦੀ ਹੈ। ਗੁਰੂ ਮਾਰਗ ਦਰਸ਼ਨ ਨੂੰ ਸਮਝਣ ਲਈ 'ਰੱਬੀ ਹੁਕਮ' ਨੂੰ ਸਮਝਣਾ ਜ਼ਰੂਰੀ ਹੈ ਕਿਉਂਕਿ ਗੁਰਬਾਣੀ-ਚਿੰਤਨ ਅਨੁਸਾਰ ਸਾਰਾ ਜਨ ਜੀਵਨ ਪਰਮਾਤਮਾ ਦੇ ਹੁਕਮ-ਵਸ ਹੈ। 'ਪਸਾਉ ਤੇ ਕਵਾਓ' ਸ਼ਬਦਕ ਚਿੰਨ ਇਹ ਦ੍ਰਿੜ ਕਰਵਾਉਂਦੇ ਹਨ ਕਿ ਪਰਮਾਤਮਾ ਦੀ ਇੱਛਾ ਨਾਲ ਪ੍ਰਕਿਰਤੀ ਦੇ ਜੀਵ ਬਣਦੇ ਹਨ। ਗੁਰੂ ਨਾਨਕ ਦੇ ਕਵੀ-ਹਿਰਦੇ ਨੇ ਇਸ ਨੂੰ ਅਧਿਆਤਮਕ ਚਿੰਤਨ ਦੇ ਪਿੜ੍ਹ ਵਿਚ ਲੈ ਆਂਦਾ ਹੈ:

ਕੀਤਾ ਪਸਾਉ ਏਕੋ ਕਵਾਓ। ਤਿਸ ਤੇ ਹੋਏ ਲਖ ਦਰੀਆਉ।[11]

ਭਾਈ ਗੁਰਦਾਸ ਵੀ ਇਸ ਬਿਰਤਾਂਤ ਨੂੰ ਦ੍ਰਿੜਾਉਂਦੇ ਵਿਚਾਰ ਪੇਸ਼ ਕਰਦੇ ਹਨ:

ਓ ਅੰਕਾਰ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।

ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।[12]

ਅਧਿਆਤਮ ਜਗਤ ਵਿਚ ਗੁਰੂ ਦੇ ਅੱਗੇ ਆਤਮ ਦਾ ਸਪੂਰਣ ਸਮਰਪਨ ਹੈ ਅਤੇ ਗੁਰੂ ਮਾਰਗ ਨਿਰਦੇਸ਼ਕ ਵੀ ਹੈ। ਗੁਰੂ ਆਤਮਾ ਤੇ ਪਰਮਾਤਮਾ ਦੇ ਮਿਲਾਪ ਵਿਚ ਸੇਤੂ ਦੀ ਭੂਮਿਕਾ ਨਿਭਾਉਂਦਾ ਹੈ। ਜਿਸ ਤਰ੍ਹਾਂ ਆਤਮਾ ਗੁਰੂ ਦੇ ਅੱਗੇ uncoditional devotion ਦੇ ਨਾਲ ਸਮਰਪਣ ਕਰਦੀ ਹੈ। ਗੁਰੂ ਉਸ ਨੂੰ ਭਵ ਸਾਗਰ ਵਿਚੋਂ ਹੀ ਨਹੀਂ ਉਭਾਰਦਾ ਸਗੋਂ ਪਰਮਾਤਮਾ ਨਾਲ ਜੋੜਨ ਵਾਲਾ ਸੇਤੂ ਵੀ ਬਣਦਾ ਹੈ। ਗੁਰਬਾਣੀ ਵਿਚ ਵੀ ਪਰਮਾਤਮਾ ਨਾਲੋਂ ਗੁਰੂ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਸਾਡੇ ਭੌਤਿਕ ਜਗਤ ਵਿਚ ਵੀ ਗੁਰੂ ਦੀ ਮਹਾਨਤਾ ਅਪੂਰਵ (ਲਾਜਵਾਬ) ਹੈ। ਬਾਣੀ ਵਿਚ ਨਿਗੁਰੇ ਕਾ ਹੈ ਨਾਉਂ ਬੁਰਾ ਕਿਹਾ ਗਿਆ ਹੈ:

ਨਿਗੁਰੇ ਕਉ ਗਤਿ ਕਾਈ ਨਾਹੀ॥[13]

ਗੁਰੂ, ਆਤਮ-ਚਿੰਤਨ ਦੀ ਥਾਹ ਪਾਉਣ, ਅਜੋਕੇ ਸੰਦਰਭਾਂ ਵਿਚ ਇਸਦੀ ਥਾਂ ਮਿੱਥਣ ਅਤੇ ਭਵਿੱਖ ਲਈ ਇਸਦਾ ਮਾਰਗ-ਦਰਸ਼ਨ ਕਰਨ ਲਈ ਇਕ ਦਰਸ਼ਨਵੇਤਾ ਦੇ ਰੂਪ ਵਿਚ ਵਿਚਰਦਾ ਹੈ। ਆਤਮਾ ਤੇ ਗੁਰੂ ਦਾ ਅਟੁੱਟ ਰਿਸ਼ਤਾ ਹੈ। ਗੁਰੂ ਪੁਲ ਹੈ ਜਿਸ ਉੱਤੇ ਆਤਮਾ ਨੇ ਨਿਰਸੰਕੋਚ ਯਾਤਰਾ ਕਰਨੀ ਹੈ। ਆਪਣਾ ਸਫ਼ਰ ਪੂਰਾ ਕਰਕੇ ਮੰਜ਼ਿਲ-ਏ-ਮਕਸੂਦ ਤੱਕ ਪਹੁੰਚਣਾ ਹੈ। ਭਾਈ ਗੁਰਦਾਸ ਆਤਮਾ ਦੇ ਲੱਛਣਾਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:

ਵਿਣੁ ਗੁਰੁ ਹੋਰੁ ਧਿਆਨੁ ਹੈ ਸਭ ਦੂਜਾ ਭਾਉ।

ਵਿਣੁ ਗੁਰ ਸ਼ਬਦ ਗਿਆਨੁ ਹੈ ਫਿਕਾ ਆਲਾਉ।

ਵਿਣੁ ਗੁਰ ਚਰਣਾਂ ਪੂਜਣਾ ਸਭੁ ਕੂੜਾ ਸੁਆਉ।

ਵਿਣੁ ਗੁਰ ਬਚਨੁ ਜੁ ਮੰਨਣਾ ਊਰਾ ਪਰਥਾਉ।

ਸਾਧ ਸੰਗਤਿ ਵਿਣੁ ਸੰਗ ਹੈ ਸਭੁ ਕਚਾ ਚਾਉ।

ਪੀਰ ਮੁਰੀਦਾਂ ਪਿਰਹੜੀ ਜਿਣਿ ਜਾਣਨਿ ਦਾਉ।[14]

ਗੁਰੂ ਆਤਮਾ ਨੂੰ ਸੰਵਾਰਦਾ ਹੈ, ਲਿਸ਼ਕਾਉਂਦਾ ਹੈ। ਉਸ ਨੂੰ ਉਹ ਜੀਵਨ ਜਾਂਚ ਤੇ ਸਹੀ ਮਾਰਗ ਦੱਸਦਾ ਹੈ। ਜਿਸ ਉੱਤੇ ਤੁਰਿਆਂ ਜੀਵ ਹਰ ਹਾਲਤ ਵਿਚ ਨਿਰਸੰਕੋਚ ਆਪਣੇ ਲਕਸ਼ ਦੀ ਪ੍ਰਾਪਤੀ ਵਿਚ ਕਾਮਯਾਬ ਹੋਵੇਗਾ। ਮੁਰੀਦ ਉਹੀ ਬਣ ਸਕਦਾ ਹੈ ਜੋ ਗੁਰੂ ਦੀ ਕਸਵੱਟੀ ਉਤੇ ਪੂਰਾ ਉਤਰਦਾ ਹੈ। ਗੁਰੂ ਦੀ ਕਸਵੱਟੀ ਦਾ ਪਹਿਲਾ ਸੂਤਰ ਹੈ, ਮਰਨਾ ਮੁਰਦਾ ਹੋਣਾ ਪਰ ਮਰਨ ਤੋਂ ਭਾਵ ਸਰੀਰ ਦੀ ਮੌਤ ਨਹੀਂ, ਵਾਸਨਾਵਾਂ ਤੇ ਖਾਹਿਸ਼ਾਂ ਦੀ ਮੌਤ ਹੈ। ਮੁਰੀਦ ਹੋਣ ਲਈ ਬਾਤੂਨੀ ਹੋਣਾ ਜ਼ਰੂਰੀ ਨਹੀਂ ਕਿਉਂਕਿ ਗੁਰੂ ਦੀ ਕਸਵੱਟੀ ਦਾ ਮਾਪ ਬਾਹਰੀ ਅਕਲ ਜਾਂ ਚਤੁਰਾਈ ਨਹੀਂ ਸਗੋਂ ਨਿਮਰਤਾ, ਪ੍ਰੇਮ ਤੇ ਸੱਚ ਦੀ ਖੋਜ ਹੈ। ਮੁਰੀਦ ਲਈ ਜ਼ਰੂਰੀ ਹੈ ਕਿ ਉਹ ਸਬਰ, ਸੰਤੋਖ, ਸਿਦਕ ਰੱਖਦਿਆਂ ਹੋਇਆਂ ਵਹਿਮਾਂ-ਭਰਮਾਂ ਤੋਂ ਮੁਕਤ ਹੋਵੇ। ਗੁਰੂ ਦੀ ਭੌਤਿਕ ਸਰੀਰਿਕ ਤੇ ਅਧਿਆਤਮਕ ਸੇਵਾ ਲਈ ਉਹ ਅੱਠੇ ਪਹਿਰ ਹਾਜ਼ਰ ਹੋਵੇ। ਆਪਣੀਆਂ ਸਰੀਰਿਕ ਇੰਦਰੀਆਂ ਉਤੇ ਨਿਅੰਤਰਣ ਰੱਖਦਿਆਂ ਗੁਰੂ ਦੀ ਸੇਵਾ ਪ੍ਰਤੀ ਉਹ ਸੰਜੀਦਾ ਹੋਵੇ, ਕਿਸੇ ਵੀ ਔਖੀ ਤੋਂ ਔਖੀ ਘਾਲਣਾ ਤੋਂ ਉਹ ਨਾ ਘਬਰਾਵੇ ਸਗੋਂ ਨਿਰ-ਹੰਕਾਰ ਹੋ ਕੇ ਗੁਰੂ ਦੀ ਖੁਸ਼ੀ ਦੀ ਚਾਹ ਮਨ ਵਿਚ ਰੱਖੇ। ਭਾਈ ਗੁਰਦਾਸ ਅਜਿਹੇ ਮੁਰੀਦ ਨੂੰ ਪਰਮਾਤਮਾ ਦੇ 'ਦਰ ਦਾ ਦਰਵੇਸ਼' ਦੀ ਸੰਗਿਆ ਦਿੰਦੇ ਹਨ। ਜਿਵੇਂ ਈਦ ਦਾ ਚੰਨ ਚੜ੍ਹਨ ਤੇ ਲੋਕ ਮੁਬਾਰਕਾਂ ਦਿੰਦੇ ਹਨ ਇਸੇ ਤਰ੍ਹਾਂ ਗੁਰੂ ਦੇ ਨਾਲ ਮੁਰੀਦ ਦਾ ਬਿਨਾਂ ਸ਼ਰਤ ਪ੍ਰੇਮ ਤੇ ਝੁਕਾਉ ਕਾਰਨ ਗੁਰੂ ਉਸ ਨੂੰ ਇਲਾਹੀ ਖਜਾਨਿਆਂ ਦੀ ਕੁੰਜੀ ਸੌਂਪ ਦਿੰਦਾ ਹੈ ਤੇ ਮੁਰੀਦ ਵਧਾਈਆਂ ਦਾ ਹੱਕਦਾਰ ਹੁੰਦਾ ਹੈ। ਗੁਰੂ ਤੇ ਆਤਮ ਦਾ ਰਿਸ਼ਤਾ, ਆਤਮਾ ਤੇ ਸਰੀਰ ਵਾਲਾ ਹੈ। ਜਦ ਤੱਕ ਸਰੀਰ ਵਿਚ ਪ੍ਰਾਣ ਸ਼ਕਤੀ ਹੈ, ਜੀਵ ਜਿਉਂਦਾ ਹੈ ਜਿਵੇਂ ਇਹ ਪ੍ਰਾਣ ਸ਼ਕਤੀ ਸਮਾਪਤ ਹੁੰਦੀ ਹੈ ਅਸੀਂ ਉਸ ਸਰੀਰ ਨੂੰ ਨਿਰਜੀਵ ਘੋਸ਼ਿਤ ਕਰ ਕੇ ਸਪੁਰਦੇ ਖ਼ਾਕ ਜਾਂ ਅਗਨੀ ਭੇਂਟ ਕਰ ਦਿੰਦੇ ਹਾਂ। ਆਤਮਾ ਗੁਰੂ ਦੀ ਕ੍ਰਿਪਾ ਨਾਲ "ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।'[15] ਪ੍ਰਭੂ ਦੇ ਪ੍ਰੇਮ ਰਸ ਦੇ ਪਿਆਲੇ ਦਾ ਪਵਿੱਤਰ ਤੇ ਅੰਮ੍ਰਿਤ ਰਸ ਪੀਣ ਦਾ

ਹੱਕਦਾਰ ਹੁੰਦੀ ਹੈ। ਗੁਰੂ ਦੇ ਮਿਲਾਪ ਨਾਲ ਅਗਿਆਨਤਾ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ। ਇਸ ਦੀ ਬਿਰਤਾਂਤਕ ਅਰਥ ਵਿਉਂਤ ਕਰਦੇ ਹੋਏ ਭਾਈ ਗੁਰਦਾਸ ਲਿਖਦੇ ਹਨ:

ਗੁਰੂ ਪਰਮੇਸਰੁ ਇਕੁ ਹੈ ਸੱਚਾ ਸਾਹੁ ਜਗਤੁ ਬਣਜਾਰਾ॥
ਚੜ੍ਹੇ ਸੂਰ ਮਿਟਿ ਜਾਇ ਅੰਧਾਰਾ॥[16]

ਇਸ ਤਰ੍ਹਾਂ ਭਾਈ ਗੁਰਦਾਸ ਆਤਮ ਅਤੇ ਗੁਰੂ ਦੇ ਅੰਤਰ-ਸੰਬੰਧਾਂ ਦੀ ਬਿਰਤਾਂਤਕ ਅਰਥ ਵਿਉਂਤ ਗੁਰਬਾਣੀ ਨੂੰ ਅਧਾਰ ਬਣਾ ਕੇ ਸਿਰਜਦੇ ਹਨ ਅਤੇ ਸਹਿਜ ਹੀ ਬਿਰਤਾਂਤਕ ਪ੍ਰਗਟਾਅ ਦੀ ਪੇਸ਼ਕਾਰੀ ਕਰਦੇ ਹਨ। ਗੁਰੂ ਅਤੇ ਪਰਮੇਸਰ ਅਦਵੈਤ ਹਨ। ਗੁਰੂ ਦੀ ਪਰਮੇਸਰ ਤਕ ਰਸਾਈ ਹੈ ਤਾਂ ਹੀ ਉਹ ਮੁਰੀਦ ਨੂੰ ਉਸਦੀ ਮੰਜਿਲ ਤਕ ਪਹੁੰਚਾ ਸਕਦਾ। ਸਾਧਕ ਕੋਲੋਂ ਭਾਵੇਂ ਕਿੰਨੇ ਹੀ ਜਨਮਾਂ ਦਾ ਹਨੇਰਾ ਹੋਵੇ ਗੁਰੂ ਰੂਪੀ ਸੂਰਜ ਚੜ੍ਹਦਿਆਂ ਹੀ ਸਾਰਾ ਹਨੇਰਾ ਮਿਟ ਜਾਂਦਾ ਹੈ। ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਸਥਾਨ ਦਾ ਹੋਰ ਕੋਈ ਬਦਲ ਨਹੀਂ ਭਾਵੇਂ ਕਿ ਸਾਧਕ ਤਰ੍ਹਾਂ ਤਰ੍ਹਾਂ ਫਲਸਫਿਆਂ ਵੇਦਾਂਤਾਂ ਦਾ ਅਧਿਐਨ ਕਰ ਲਵੇ, ਯੋਗ ਵਿਦਿਆ ਵਿਚ ਪੂਰਨਤਾ ਹਾਸਲ ਕਰ ਲਵੇ। ਕਠਿਨ ਸਾਧਨਾਵਾਂ ਕਰ ਲਵੇ ਪਰ ਸਾਧਕ/ਆਤਮ ਨੂੰ ਪ੍ਰਮਾਤਮਾ ਦੇ ਘਰ ਦਾ ਪਤਾ ਗੁਰੂ ਹੀ ਦਸ ਸਕਦਾ ਹੈ। ਬਾਹਰਲੇ ਜੀਵਨ ਵਿਚ ਜੀਵ ਨੂੰ ਕਿੰਨੀਆਂ ਕਠਿਨਾਈਆਂ ਤੇ ਔਕੜਾਂ ਦਰਪੇਸ਼ ਆਉਂਦੀਆਂ ਹਨ। ਆਂਤਰਿਕ ਮਾਰਗ ਵਿਚ ਤਾਂ ਸੂਖਮ ਤਰ ਸੂਖਮ ਔਕੜਾਂ ਪਿੱਛਾ ਹੀ ਨਹੀਂ ਛੱਡਦੀਆਂ। ਉਨ੍ਹਾਂ ਔਕੜਾਂ ਅਤੇ ਸੂਖਮ ਕਾਮ, ਕਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਸ਼ ਦੀ ਜਲੰਤ ਅਗਨੀ ਉੱਤੇ ਵੀ ਗੁਰੂ ਦੀ ਮਿਹਰੇ ਨਜ਼ਰ ਦਾ ਮੀਂਹ ਵਰ੍ਹਦਾ ਹੈ।

### (ਅ) ਗੁਰੂ ਅਤੇ ਪਰਮ-ਆਤਮ ਵਿਚ ਸੁਮੇਲ

ਮਾਨਵੀ ਸੰਦਰਭ ਵਿਚ ਸੱਚ ਅਤੇ ਗਿਆਨ ਦੇ ਸੰਕਲਪ ਦਾ ਮਾਰਗ-ਨਿਰਦੇਸ਼ਕ ਗੁਰੂ ਹੈ। ਆਤਮ ਅਤੇ ਪਰਮ ਆਤਮ ਦਾ ਵਿਚੋਲਾ ਵੀ ਗੁਰੂ ਹੈ। ਰੋਜ਼ਮਰ੍ਹਾ ਦੇ ਭੌਤਿਕ ਵਿਹਾਰ ਜਗਤ ਵਿਚ ਗੁਰੂ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭੌਤਿਕ ਜਗਤ ਦਾ ਕਾਰ-ਵਿਹਾਰ

ਪ੍ਰਤੱਖ ਹੈ, ਪਰਾਭੌਤਿਕ ਤੇ ਅਧਿਆਤਮ ਜਗਤ ਦਾ ਵਿਹਾਰ ਸੂਖਮ ਤਲ ਤੇ ਕਾਰਜਸ਼ੀਲ ਹੈ, ਕੁੱਝ ਵੀ ਪ੍ਰਤੱਖ ਨਹੀਂ ਤੇ ਨਾ ਹੀ ਚਰਮ ਨੈਣਾ ਨਾਲ ਵੇਖਿਆ ਜਾ ਸਕਦਾ ਹੈ। ਭੌਤਿਕਤਾ ਦਾ ਵਿਦਾ ਬਿੰਦੂ ਹੀ ਅਧਿਆਤਮ ਦਾ ਆਦਿ ਬਿੰਦੂ ਹੈ। ਬੁੱਲ੍ਹੇ ਦੇ ਗੁਰੂ ਅਨਾਇਤ ਸ਼ਾਹ ਸਾਹਿਬ ਨੇ ਬੁੱਲ੍ਹੇ ਸ਼ਾਹ ਦੀ ਰੱਬ ਪ੍ਰਾਪਤੀ ਬਾਰੇ ਜਿਗਿਆਸਾ ਇਨ੍ਹਾਂ ਸ਼ਬਦਾਂ ਵਿਚ ਹੀ ਤਾਂ ਨਿਵਾਰਣ ਕੀਤੀ ਸੀ ਕਿ :

ਬੁੱਲ੍ਹਿਆ ਰੱਬ ਦਾ ਕੀ ਪਾਉਣਾ,
ਏਧਰੋਂ ਪੁੱਟਣਾ ਤੇ ਏਧਰ ਲਾਉਣਾ।[17]

ਮਨੁੱਖ ਜਨਮ ਤੋਂ ਭੌਤਿਕ ਜਗਤ ਦੇ ਕਾਰ ਵਿਹਾਰ ਨਾਲ ਜੁੜਿਆ ਹੋਇਆ ਹੈ। ਸਿਰਫ਼ ਜੁੜਿਆ ਹੀ ਨਹੀਂ ਸਗੋਂ ਭੌਤਿਕ ਜਗਤ ਦੀ ਮਾਇਆ ਨੇ ਜੀਵ ਮਨੁੱਖ ਨੂੰ ਉਸ ਵਿਚ ਗ੍ਰਸ ਲਿਆ ਹੈ ਕਿ ਮਾਇਆ ਦਾ ਨਾਗਵਲ ਤੇ ਚਕਰਵਿਹੂ ਭੇਦਨ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਕੋਟਨ ਵਿਚੋਂ ਕੋਈ ਇਕ ਸੂਰਮਾ ਇਸ ਮਾਇਆ ਦੇ ਨਾਗਵਲ ਤੋਂ ਗੁਰੂ ਕ੍ਰਿਪਾ ਨਾਲ ਨਜਾਤ ਪਾ ਸਕਦਾ ਹੈ। ਗੁਰਬਾਣੀ ਵਿਚ ਦੁਨਿਆਵੀ ਮੋਹ-ਮਾਇਆ ਦੇ ਜਾਲ ਵਿਚ ਫਸੇ ਮਨੁੱਖ ਦੀ ਹੋਣੀ ਗੁਰੂ ਕਿਰਪਾ ਨਾਲ ਡੂੰਘਾ ਸਰੋਕਾਰ ਰੱਖਦੀ ਹੈ:

ਲਿਵ ਛੁੜਕੀ ਲਗੀ ਤ੍ਰਿਸਨਾ ਮਾਹਿਆ ਅਮਰੁ ਵਰਤਾਇਆ।
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ।[18]

ਕਮਲ ਦੇ ਫੁੱਲ ਵਾਂਗ ਚਿਕੜ ਵਿਚ ਰਹਿੰਦਿਆਂ ਚਿੱਕੜ ਤੋਂ ਅਛੋਹ ਰਹਿਣਾ ਹੈ। ਭੌਤਿਕ ਜਗਤ ਵਿਚ ਰਹਿੰਦਿਆਂ, ਕਾਜ ਨੇਪਰੇ ਚਾੜ੍ਹਦਿਆਂ ਮਾਇਆ ਦੇ ਨਾਗਵਲ ਤੋਂ ਮੁਕਤ ਰਹਿਣਾ ਕਿਸੇ ਸੂਰਮੇ ਤੇ ਮਰਜੀਵੜੇ ਦਾ ਹੀ ਕੰਮ ਹੋ ਸਕਦਾ ਹੈ। ਇਸ ਮਾਰਗ ਉੱਪਰ ਕਦਮ ਕਦਮ ਤੇ ਮੁਸ਼ਕਲਾਂ ਹਨ ਜਿਨ੍ਹਾਂ ਦਾ ਸਮਾਧਾਨ ਗੁਰੂ ਹੀ ਕਰ ਸਕਦਾ ਹੈ।

ਪਹਿਲੀ ਵਾਰ ਦੀਆਂ ਬਾਈ ਪਉੜੀਆਂ ਵਿਚ ਨਾਨਕ ਆਗਮਨ ਲਈ ਭਾਈ ਗੁਰਦਾਸ ਨੇ ਭੂਮਿਕਾ ਤਿਆਰ ਕੀਤੀ ਹੈ। 23ਵੀਂ ਪਉੜੀ ਵਿਚ ਗੁਰੂ ਨਾਨਕ ਅਵਤਾਰ ਰੂਪ ਵਿਚ ਪ੍ਰਗਟ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਗੁਰਮਤਿ ਦਰਸ਼ਨ ਸਾਕਾਰ ਹੁੰਦਾ ਹੈ।

ਭਾਈ ਗੁਰਦਾਸ ਨੇ ਗਰਬਾਣੀ ਦੇ ਸਿਰਜਿਤ ਪਾਠ ਤੇ ਗੁਰੂ ਕਵੀਆਂ ਦੀ ਸ਼ਖਸੀਅਤ ਨਾਲ ਨੇੜਲਾ ਰਿਸ਼ਤਾ ਰਖ ਕੇ, ਗੁਰੂ ਕਵੀਆਂ ਦੇ ਅਮਲੀ ਜੀਵਨ ਨੂੰ ਵੀ ਬਹੁਤ ਨੇੜਿਓਂ ਵੇਖਿਆ ਤੇ ਉਨ੍ਹਾਂ ਦੀ ਬਾਣੀ ਦਾ ਗੰਭੀਰ ਚਿੰਤਨ ਵੀ ਕੀਤਾ।

23ਵੀਂ ਪਉੜੀ ਵਿਚ ਪਰਮ-ਆਤਮ ਨੇ ਭਾਵ ਬ੍ਰਹਿਮੰਡ ਨੂੰ ਨਿਯੰਤਰਿਤ ਕਰਨ ਵਾਲੀ ਤਾਕਤ ਨੇ ਕਲਜੁਗੀ ਜੀਵਾਂ ਦੀ ਪੁਕਾਰ ਸੁਣੀ ਤੇ ਗੁਰੂ ਨਾਨਕ ਨੂੰ ਰੱਬੀ ਤੇ ਰੂਹਾਨੀ ਤਾਕਤ ਦੇ ਕੇ ਇਸ ਧਰਤੀ ਉਤੇ ਭੇਜਿਆ ਕਿਉਂਕਿ ਇਸ ਧਰਤੀ ਉਪਰ ਰਹਿਣ ਵਾਲੇ ਜੀਵ ਅਧਰਮ ਦੇ ਰਾਹ ਤੁਰ ਪਏ ਸਨ। ਰਾਜੇ ਆਪਣੇ ਫਰਜਾਂ ਤੋਂ ਮੁਨਕਰ ਸਨ। ਕੂੜ ਦਾ ਬੋਲਬਾਲਾ ਸੀ। ਧਰਮ, ਪਾਖੰਡ ਦਾ ਵੇਸ ਧਾਰਨ ਕਰਕੇ ਥਾਂ-ਥਾਂ ਪ੍ਰਧਾਨ ਬਣ ਚੁੱਕਿਆ ਸੀ।

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖਿ ਕਰ ਉਡਰਿਆ॥

ਕੂੜ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥

ਹਉ ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨਾ ਕੋਈ॥[19]

ਅਜਿਹੀ ਅਸੰਤੁਲਿਤ ਤੇ ਡਾਵਾਂਡੋਲ ਸਥਿਤੀ ਵਿਚ ਗੁਰੂ ਦੀ ਲੋੜ ਹੈ, ਦੁਨੀਆਂ ਰੂਪੀ ਭਵਸਾਗਰ ਨੂੰ ਪਾਰ ਕਰਨ ਲਈ ਗੁਰੂ ਨਾਨਕ ਨੇ ਸਤਿਨਾਮ ਦੇ ਮੰਤਰ ਨਾਲ ਭੌਤਿਕ ਤੇ ਪਰਾਭੌਤਿਕ ਸਥਿਤੀ ਨੂੰ ਨਿਅੰਤਰਣ ਵਿਚ ਲਿਆ। ਜਨ ਸਮੂਹ ਨੂੰ ਹਉਮੈ ਤੇ ਨਿਮਰਤਾ ਦਾ ਫਰਕ ਦੱਸਿਆ। ਬਹੁਤ ਸਾਰੇ ਰੱਬਾਂ ਦੀ ਥਾਂ ਇਕ ਪਰਮਾਤਮਾ ਦਾ ਸੰਕਲਪ ਚਿੱਤਵਿਆ।

ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗਿ ਅੰਦਰਿ ਇਕੁ ਦਿਖਾਇਆ॥

ਚਾਰੈ ਪੈਰ ਧਰਮ ਦੇ ਚਾਰਿ ਵਰਨਿ ਇਕ ਵਰਨੁ ਕਰਾਇਆ॥[20]

ਭਾਈ ਗੁਰਦਾਸ ਆਪਣੀ ਰਚਨਾ ਵਿਚ ਗੁਰਬਾਣੀ ਦਾ ਹਕੀਕੀ ਧਰਮ ਪਛਾਨਣ ਲਈ ਇਸਦੇ ਸੰਕਲਪਗਤ ਕੋਡ ਨੂੰ ਡੀਕੋਡ ਕਰ ਰਹੇ ਹਨ। ਭਾਈ ਗੁਰਦਾਸ ਨੇ ਸਰਲ ਵਿਆਖਿਆ ਨਾਲ ਸੰਗੀਤ ਤੇ ਰਾਗਬੱਧ ਬਾਣੀ ਦੇ ਵਿਚਾਰਾਤਮਕ ਪੱਖ ਨੂੰ ਬਿਰਤਾਂਤਮਈ ਢੰਗ ਨਾਲ ਬਾਣੀ ਵਿਚ ਪੇਸ਼ ਵਿਸ਼ਵ ਦ੍ਰਿਸ਼ਟੀ ਤੇ ਜੀਵਨ ਜਗਤ ਨੂੰ ਹੀ ਸਾਹਮਣੇ ਰੱਖਿਆ ਹੈ। "ਚੇਤਨਾ ਸੰਪੰਨ

ਪ੍ਰਾਣੀ ਹੋਣ ਦੇ ਨਾਤੇ ਮਨੁੱਖ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਫੈਲੇ ਹੋਏ ਪ੍ਰਾਕ੍ਰਿਤਕ ਮਾਹੌਲ ਨੂੰ ਅਤੇ ਬ੍ਰਹਿਮੰਡ ਦੇ ਅਨੰਤ-ਵਿਸਤਾਰ ਨੂੰ ਸਮਝਣ ਅਤੇ ਸਮਝਾਉਣ ਦਾ ਉਪਰਾਲਾ ਕਰਦਾ ਹੈ। ਉਹ ਆਪਣੀ ਹੋਂਦ ਅਤੇ ਆਪਣੇ ਸਾਹਮਣੇ ਵਿਦਮਾਨ ਹਕੀਕਤ ਨੂੰ ਪਰਿਭਾਸ਼ਿਤ ਕਰਨ ਲਈ ਵਿਚਾਰਾਂ ਅਤੇ ਸੰਕਲਪਾਂ ਦੇ ਪ੍ਰਬੰਧ ਉਸਾਰਦਾ ਰਿਹਾ ਹੈ।"[21] ਬਾਣੀਕਾਰਾਂ ਨੇ ਜੀਵਨ ਅਤੇ ਯਥਾਰਥ ਦੇ ਪਰਮ ਤੱਤ ਦੀ ਸੰਕਲਪਨਾ ਬ੍ਰਹਮ ਦੇ ਰੂਪ ਵਿਚ ਪੇਸ਼ ਕੀਤੀ ਹੈ, ਜੋ ਹਸਤੀ ਅਤੇ ਹੋਂਦ ਦਾ ਸਰਬ ਉਚ ਧਰਾਤਲ ਵੀ ਹੈ ਤੇ ਪਰਮ ਸੱਚ ਵੀ। ਜਪੁਜੀ ਦੇ ਮੂਲ ਮੰਤਰ ਦਾ ਆਰੰਭ '੧ਓ' ਨਾਲ ਹੁੰਦਾ ਹੈ। ੧ਓ ਪ੍ਰਤੀਕਾਤਮਕ ਪਰਮਾਤਮਾ ਦੀ ਦੈਵੀ ਹੋਂਦ ਦੀ ਏਕਤਾ ਦਾ ਲਖਾਇਕ ਹੈ। ਪਰਮ-ਆਤਮ ਵਿਅਕਤੀ ਤੇ ਵਸਤੂ ਦੇ ਸੰਕਲਪ ਤੋਂ ਬਾਹਰ ਹੈ। ਉਸਨੂੰ ਗੁਰੂ ਕ੍ਰਿਪਾ ਨਾਲ ਅਹਿਸਾਸ ਦੀ ਪੱਧਰ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਉਸ ਪਰਮ ਜੋਤ ਦੇ ਪ੍ਰਕਾਸ਼ਕ ਰੂਪ ਦੇ ਸੰਦਰਭਾਂ ਨੂੰ ਸਮਝਣ ਲਈ ਆਤਮਾ ਨੂੰ ਉੱਚ ਅਵਸਥਾ ਪ੍ਰਾਪਤ ਕਰਨੀ ਹੋਵੇਗੀ:

ਏਵਡੁ ਊਚਾ ਹੋਵੈ ਕੋਇ॥ ਤਿਸ ਊਚੇ ਕਉ ਜਾਣੈ ਸੋਇ॥[22]

ਪਰਮ-ਆਤਮ ਦੀ ਸੁਮੇਲਤਾ ਤੇ ਉਸ ਦੀ ਪ੍ਰਾਪਤੀ ਲਈ ਆਤਮਕ ਉੱਚਤਾ ਦੀ ਲੋੜ ਹੈ। ਪਰਮ-ਆਤਮਾ ਜਿਤਨਾ ਉੱਚਾ ਹੋਣ ਦਾ ਅਰਥ ਹੈ ਸਚਿਆਰਾ ਹੋ ਜਾਣਾ। ਪਰਮ-ਆਤਮ ਵਰਗਾ ਸਚਿਆਰ ਹੋ ਜਾਣ ਦਾ ਮਾਰਗ ਗੁਰੂ ਦੱਸਦਾ ਹੈ। ਗੁਰੂ ਵਿਚੋਲਾ ਹੈ। ਗੁਰੂ ਰਾਹ ਜਾਣਦਾ ਹੈ। ਮਨ ਰੂਪੀ ਮਾਇਆ ਉੱਤੇ ਗੁਰੂ ਦਾ ਮੰਤਰ ਹੀ ਚਲਦਾ ਹੈ। ਗੁਰੂ ਨੇ ਮਨ ਦੀ ਅਵਸਥਾ ਨੂੰ ਸਮਝ ਲਿਆ, ਉਸ ਦੀ ਥਾਹ ਪਾਉਣ ਲਈ ਤਾਂ ਉਹ ਮੁਰੀਦ ਦਾ ਮਾਰਗ ਨਿਰਦੇਸ਼ਨ ਕਰ ਸਕਦਾ ਹੈ।

ਬਾਬਾ ਗੁਰਬਖਸ਼ ਸਿੰਘ ਜੀਵ ਬਾਰੇ ਵਿਚਾਰ ਪ੍ਰਗਟ ਕਰਦੇ ਹਨ:

> ਚਿਤ ਮੇਂ ਵਾਸਨਾ ਉਠ ਖੜ੍ਹੇ ਹੋਨੇ ਸੇ ਜੀਵ ਹੈ, ਵਰਨਾ ਬ੍ਰਹਮ ਹੈ। ਵਾਸਨਾ ਆਨੇ ਸੇ ਬ੍ਰਹਮ ਹੀ ਜੀਵ ਕਹਿਲਾਇਆ। ਕਿਰਿਆ ਚਿਤ ਮੇਂ ਹੈ ਜਬ ਤੱਕ ਸਮਝਣੇ ਕੇ ਲੀਏ ਬੁੱਧੀ ਦੌੜਾਤਾ ਹੈ ਉਸ ਕੋ ਨਹੀਂ ਪਾਤਾ। ਜਬ ਆਪਨੇ ਆਪ ਸੇ ਗੁਜਰ ਕਰ ਏਕ ਕਦਮ ਆਗੇ ਰਖਤਾ ਹੈ ਤੋ ਪਾ ਲੇਤਾ

ਹੈ। ਯਹਾਂ ਯਹਾਂ ਆਪਨੇ ਆਪ ਕੋ ਜੋ ਜੋ ਮਾਨੇ ਬੈਠਾ ਹੈ ਵੋਹ ਮਨੌਤ ਛੋੜਨੀ ਹੈ ਆਪਣਾ ਆਪ ਮਿਟਾਨਾ ਹੈ, ਨਾਮ ਦੇ ਸੂਖਸ਼ਮ ਅਰਥ ਹੈ, ਨਾ ਮੈਂ, ਯਾਨਿ ਜਿਸ ਮੇਂ ਮੈਂ ਨਹੀਂ ਔਰ ਭਜਨ ਯੇਹ ਹੈ ਜੋ ਜੋ ਉਪਜ ਮਨ ਕੀ ਬਿਰਤ, ਤਾਹੇ ਛਿਨ ਸਿਉ ਕਰੇ ਨਵਿਰਤ ਖ਼ਵਾਹ ਬੁਰੀ ਹੋ ਖ਼ਵਾਹ ਅੱਛੀ ਹੋ। ਬਿਰਤੀ ਅੰਤਰਮੁਖ ਰਹੇ ਔਰ ਕਿਸੀ ਸਾਧਨ ਕੀ ਜ਼ਰੂਰਤ ਨਹੀਂ।[23]

ਉਪਰੋਕਤ ਸਤਰਾਂ ਦੇ ਮੰਥਨ ਤੋਂ ਪਤਾ ਲਗਦਾ ਹੈ ਕਿ ਆਤਮ ਤੇ ਪਰਮ-ਆਤਮ ਵਿਚ ਕੋਈ ਭੇਦ ਨਹੀਂ। ਆਤਮ, ਪਰਮ-ਆਤਮ ਦਾ ਹੀ ਅੰਸ਼ ਹੈ। ਆਤਮ ਦੇ ਮਨ ਵਿਚ ਇਛਾਵਾਂ, ਫੁਰਨੇ ਤੇ ਕਿਰਿਆ ਹੁੰਦੀ ਹੈ। ਹਉਮੈ ਪੈਦਾ ਹੁੰਦੀ ਹੈ। ਹਉਮੈ ਨੂੰ ਭਜਨ ਤੇ ਨਾਮ ਨਾਲ ਮਿਟਾਇਆ ਜਾ ਸਕਦਾ ਹੈ। ਪਰਮ ਆਤਮ ਵਿਚ ਵਿਲੀਨ ਹੋਣ ਲਈ ਆਤਮ ਨੂੰ ਬਿਰਤੀ ਅੰਤਰਮੁਖੀ ਕਰਨੀ ਹੋਵੇਗੀ। ਜਿਵੇਂ-ਜਿਵੇਂ ਜੀਵ ਦੀ ਬਿਰਤੀ ਅੰਤਰਮੁਖੀ ਹੁੰਦੀ ਜਾਵੇਗੀ ਉਵੇਂ-ਉਵੇਂ ਬਾਹਰਲੇ ਮਾਇਆਵੀ ਸੰਸਾਰ ਤੋਂ ਵੈਰਾਗ ਹੋ ਜਾਵੇਗਾ ਅਤੇ ਆਤਮ ਪਰਮ-ਆਤਮ ਦਾ ਸੁਮੇਲ ਅਨੁਭਵ ਕਰਨ ਲਗਦੀ ਹੈ।

ਅਧਿਆਤਮ ਦੇ ਵਿਗਿਆਨੀਆਂ ਨੇ ਪਰਮ-ਆਤਮ ਦੀ ਤਲਾਸ਼ ਵਿਚ ਜੋ ਬ੍ਰਹਮ, ਪਰਮ-ਆਤਮ ਲਭਿਆ, ਉਸ ਬਾਰੇ ਬਾਬਾ ਗੁਰਬਖਸ਼ ਸਿੰਘ ਨੇ ਲਿਖਿਆ ਹੈ:

ਮਖਲੂਕ ਪਾਂਚ ਤੱਤ ਸੇ ਪੈਦਾ ਹੋ ਕਰ ਉਸੀ ਮੇਂ ਪਰਵਰਸ ਪਾ ਫਿਰ ਉਸ ਮੇਂ ਸਮਾ ਜਾਤੀ ਹੈ .. ਪਾਂਚ ਤੱਤ ਯੇਹ ਪਾਂਚੇ ਸੁਭਾਅ ਬ੍ਰਹਮ ਕੇ ਹੈ। ਵਿਅਪਕ ਸਭਾਓ ਬ੍ਰਹਮ ਕਾ ਆਕਾਸੁ ਮੇਂ ਨਾਮ ਸੇ ਨਾਮਜ਼ਦ ਹੈ। ਚੇਤਨ ਸੁਭਾਓ ਬ੍ਰਹਮ ਕਾ ਪਵਨ ਕੇ ਨਾਮ ਸੇ ਨਾਮਜਦ ਹੈ ਪ੍ਰਕਾਸ਼ ਸੁਭਾਓ ਅਮਨ ਕੇ ਨਾਮ ਸੇ ਨਾਮਜਦ ਹੋ ਕਰ ਕੁਲ ਜਹਾਨ ਕੋ ਸੂਰਜ ਚਾਂਦ ਸਿਤਾਰਾ ਹੋ ਕਰ ਰੋਸ਼ਨ ਕਰ ਰਿਹਾ ਹੈ। ਮਿੱਤਰ ਸੁਭਾਓ ਬ੍ਰਹਮ ਕਾ ਜਲ ਕੇ ਨਾਮ ਸੇ ਨਾਮਜਦ ਹੋ ਸਭ ਕੇ ਸਾਥ ਸ਼ਾਮਿਲ ਹੋ ਕਰ ਉਸਕਾ ਸਰੂਪ ਬਣ ਜਾਤਾ ਹੈ।

ਧੀਰਜ ਸੁਭਾਓ ਬ੍ਰਹਮ ਕਾ ਪ੍ਰਿਥਵੀ ਕੇ ਨਾਮ ਸੇ ਨਾਮਜਦ ਹੋ ਅਪਨੀ
ਹਾਲਤ ਮੇ ਕਾਇਮ ਸਭ ਕੀ ਅਰਾਮ ਗਾਹ ਹੋ ਰਹੀ ਹੈ। ਏਕ ਹੀ ਬ੍ਰਹਮ
ਕਾਇਮ ਹੈ ਖ਼ੁਦ-ਬ-ਖ਼ੁਦ ਹੈ ਨਾ ਕਭੀ ਕਮ ਨਾ ਜਿਆਦਾ ਹੋਤਾ ਹੈ।[24]

ਪਰਮ-ਆਤਮ ਪੰਜ ਤੱਤਾਂ ਦੇ ਰੂਪ ਵਿਚ ਬ੍ਰਹਿਮੰਡ ਵਿਚ ਲੁਪਤ ਹੈ। ਉਹ ਸੂਖਮ ਵੀ ਹੈ ਅਤੇ ਸਥੂਲ ਰੂਪ ਵੀ ਹੈ, ਨਾ ਵਧਦਾ ਹੈ ਨਾ ਘਟਦਾ ਹੈ। ਪੰਜ ਤੱਤ ਆਕਾਸ਼, ਪਵਨ, ਅਗਨੀ, ਜਲ ਤੇ ਧਰਤੀ ਵੇਖਣ ਨੂੰ ਵੱਖਰੇ ਹਨ, ਪਰ ਇਹਨਾਂ ਸਭ ਵਿਚ ਕਿਰਿਆ ਪਰਮ-ਆਤਮ ਦੀ ਹੀ ਹੋ ਰਹੀ ਹੈ। ਭਾਈ ਗੁਰਦਾਸ ਪਰਮ ਆਤਮ ਦੇ ਸਰੂਪ ਦਾ ਵਰਣਨ ਕਰਦਿਆਂ ਵਿਸਤਾਰਮਈ ਬਿਰਤਾਂਤ ਸਿਰਜ ਰਹੇ ਹਨ:

ਪਉਣ ਪਾਣੀ ਬੈਸੰਤਰੈ ਚਉਥੀ ਧਰਤੀ ਸੰਗਿ ਮਿਲਾਈ।।
ਪੰਚਮਿ ਵਿਚ ਆਕਾਸੁ ਕਰਿ ਕਰਤਾ ਛਟਮੁ ਅਦਿਸਟ ਸਮਾਈ।।[25]

ਪਉਣ, ਪਾਣੀ, ਅਗਨੀ, ਧਰਤੀ, ਆਕਾਸ਼ ਦੀ ਜਮ੍ਹਾਂ ਪਰਮਆਤਮ ਹੈ। ਭਾਈ ਗੁਰਦਾਸ ਨੇ ਪਰਮ-ਆਤਮ ਨੂੰ ਅਦ੍ਰਿਸ਼-ਕਰਤਾ ਕਹਿ ਕੇ ਕਣ ਕਣ ਵਿਚ ਵਿਆਪੀ ਹੋਣ ਦਾ ਬਿਰਤਾਂਤ ਸ਼ੁਰੂ ਕੀਤਾ ਹੈ। ਪਰਮਾਤਮਾ ਚਰਮ ਨੈਣਾਂ ਨਾਲ ਨਹੀਂ ਦਿਸਦਾ ਸਗੋਂ ਉਹ ਪ੍ਰਕ੍ਰਿਤੀ, ਬਨਸਪਤੀ, ਖੰਡ-ਬ੍ਰਹਿਮੰਡ ਵਿਚ ਆਪਣੇ ਨਿਵੇਕਲੇ ਸਰੂਪਾਂ ਵਿਚ ਵਿਦਮਾਨ ਹੈ। ਉਸ ਨੇ ਚੁਰਾਸੀ ਲੱਖ ਜੂਨਾਂ ਪੈਦਾ ਕੀਤੀਆਂ ਤੇ ਸਭ ਜੂਨਾ ਵਿਚੋਂ ਸਰਬ ਉੱਤਮ ਜੂਨ ਮਾਨਸ ਦੇਹੀ ਹੈ ਕਿਉਂਕਿ ਮਾਨਸ ਕੋਲ ਕਰਮ ਕਰਨ ਦੀ ਸੁਤੰਤਰਤਾ ਵੀ ਹੈ ਅਤੇ ਸੰਗਤ ਤੇ ਕੁਸੰਗਤ ਵਿਚ ਪਛਾਣ ਕਰਨ ਦਾ ਵਿਵੇਕ ਬਲ ਵੀ ਮੌਜੂਦ ਹੈ।

ਕਾਦੁਰ ਕਿਨੇ ਨਾ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।।
ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ।। [26]

ਪੁਰਾਤਨ ਸ਼ਾਸਤਰਾਂ ਦੇ ਅਨੁਸਾਰ ਪਰਮਾਤਮਾ ਦੀ ਇਕ ਤੋਂ ਅਨੇਕ ਹੋਣ ਦੀ ਇੱਛਾ ਹੋਈ ਤਾਂ ਸੰਸਾਰ ਦੀ ਰਚਨਾ ਹੋਈ। ਕੁਦਰਤ ਦੇ ਕਾਦਰ ਨੇ ਆਪਣੀ ਇੱਛਾ ਸ਼ਕਤੀ ਨਾਲ ਸਾਰਾ

ਪਾਸਾਰਾ ਪਾਸਾਰ ਦਿੱਤਾ "ਕੁਦਰਤਿ ਇਕੁ ਏਤਾ ਪਸਾਰਾ"[27] ਇਕ ਤੋਂ ਅਸੰਖ ਬਣਾ ਦਿੱਤੇ। ਬ੍ਰਹਿਮੰਡ ਵੀ ਇਕ ਨਹੀਂ ਅਸੰਖਾਂ ਹਨ। ਕਣ ਕਣ ਵਿਆਪੀ ਹੋਣ ਦੇ ਬਾਵਜੂਦ ਵੀ ਪਰਮਾਤਮਾ ਅਦ੍ਰਿਸ਼ ਹੈ ਜੇ ਆਤਮਾ ਬਾਹਰੀ ਪਸਾਰੇ ਵਿਚ ਖਚਿਤ ਹੈ ਤਾਂ ਪਰਮ ਆਤਮ ਨੂੰ ਨਹੀਂ ਦੇਖ ਸਕਦੀ। ਪਰਮ ਆਤਮਾ ਨਾਲ ਸੁਮੇਲ ਤੇ ਦਰਸ਼ਨ ਕਰਨ ਲਈ ਅੰਦਰੂਨੀ ਅੱਖ ਖੋਲਣੀ ਪਵੇਗੀ। ਗਿਆਨ ਰੂਪੀ ਅੰਦਰੂਨੀ ਅੱਖ ਨੂੰ ਖੋਲਣ ਦਾ ਮਾਰਗ ਗੁਰੂ ਹੀ ਦਿਖਾਉਂਦਾ ਹੈ।

ਗੁਰਮਤਿ ਇਕ ਅਜਿਹਾ ਫਲਸਫਾ ਹੈ ਜਿਸ ਦਾ ਸੰਬੰਧ ਇਕ ਪਾਸੇ ਜੀਵਨ ਤੇ ਸਮਾਜ ਨਾਲ ਹੈ ਤੇ ਇਸ ਦੀ ਸੁਰ ਮਾਨਵਵਾਦੀ ਹੈ ਦੂਜੇ ਪਾਸੇ ਇਹ ਮਨੁੱਖ ਨੂੰ ਪਰਮ-ਆਤਮ ਦੇ ਪ੍ਰਮਾਰਥ ਦੀ ਸੋਝੀ ਵੀ ਕਰਵਾਉਂਦਾ ਹੈ। ਵੇਦ ਸ਼ਾਸਤਰ, ਪੁਰਾਣ, ਗੀਤਾ ਆਦਿ ਸਭ ਧਰਮ ਗ੍ਰੰਥਾਂ ਦਾ ਲਕਸ਼ ਜੀਵ ਦਾ ਬ੍ਰਹਮ ਨਾਲ ਸੰਜੋਗ ਹੈ। ਸਾਧਨ ਸਭ ਦੇ ਨਿੱਜੀ ਸਨ ਵੇਦਾਂ ਨੇ ਸੰਜੋਗ ਦੀ ਸਥਿਤੀ ਤਪ, ਸ਼ਾਸਤਰਾਂ ਨੇ ਜੋਗਿਕ ਕ੍ਰਿਆਵਾਂ, ਪੁਰਾਣਾਂ ਨੇ ਭਗਤੀ ਤੇ ਗੀਤਾ ਨੇ ਕਰਮ ਤੇ ਗਿਆਨ ਰਾਹੀਂ ਖੋਜਣ ਦਾ ਯਤਨ ਕੀਤਾ। ਸਾਧਨਾਂ, ਵਿਚਾਰਾਂ ਤੇ ਨੀਤੀਆਂ ਵਿਚ ਅਸਮਾਨਤਾਵਾਂ ਹੁੰਦਿਆਂ ਹੋਇਆਂ ਵੀ ਜੀਵ-ਬ੍ਰਹਮ ਦਾ ਸੰਜੋਗ ਸਭ ਦਾ ਸਾਂਝਾ ਲਕਸ਼ ਸੀ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਨੇ ਮੁੱਢ ਤੋਂ ਹੀ ਆਪਣੇ ਅਨੁਭਵ ਦੁਆਰਾ ਬੁੱਧੀ ਵਿਕਾਸ ਦੇ ਕਰਮ ਵਿਚ ਇਹ ਸਮਝ ਲਿਆ ਸੀ ਕਿ ਉਸਦੇ ਇਰਦ ਗਿਰਦ ਪ੍ਰਕ੍ਰਿਤੀ ਨੂੰ ਚਲਾਉਣ ਵਾਲੀ ਜੋ ਸ਼ਕਤੀ ਹੈ ਉਸਦਾ ਇਕ ਅੰਸ਼ ਉਹ ਵੀ ਹੈ। ਜੀਵ ਵੱਖਰਾ ਹੋ ਕੇ ਨਿਰਬਲ ਹੋ ਗਿਆ ਤੇ ਉਸ ਨੇ ਇਹ ਵੀ ਅਨੁਭਵ ਕੀਤਾ ਕਿ ਜੇ ਕਿਸੇ ਢੰਗ ਨਾਲ ਅੱਜ ਵੀ ਉਹ ਉਸ ਜੁਦਾਈ ਨੂੰ ਮਿਲਾਪ ਵਿਚ ਬਦਲ ਸਕੇ ਤਾਂ ਉਹ ਉਸ ਸ਼ਕਤੀ ਨਾਲ ਇਕ-ਮਿੱਕ ਹੋ ਸਕਦਾ ਹੈ। ਇਹ ਅਭਿਲਾਖਾ ਤੇ ਨਿਸ਼ਚਾ ਸ਼ੁਰੂ ਤੋਂ ਹੀ ਪਰੰਪਰਾਗਤ ਰੂਪ ਵਿਚ ਚਲਦਾ ਆ ਰਿਹਾ ਹੈ। ਪਰਸਥਿਤੀਆਂ ਅਨੁਸਾਰ ਅਨੇਕ ਸਾਧਨਾ ਦੀ ਖੋਜ ਹੁੰਦੀ ਰਹੀ। ਭਗਤੀ ਲਹਿਰ ਦੇ ਸਮੁੱਚੇ ਸੰਤਾਂ, ਭਗਤਾਂ, ਗੁਰੂਆਂ ਤੇ ਭਾਈ ਗੁਰਦਾਸ ਦੀ ਬਾਣੀ ਇਹ ਗਵਾਹੀ ਦਿੰਦੀ ਹੈ ਕਿ ਅਨਿਨ ਪ੍ਰੇਮ, ਆਖੰਡ ਭਗਤੀ, ਆਤਮ ਸਮਰਪਣ ਉਪਰੰਤ ਗੁਰੂ ਕ੍ਰਿਪਾ ਨਾਲ ਆਤਮ ਦਾ ਪਰਮ-ਆਤਮ ਨਾਲ ਸੁਮੇਲ-ਸੰਜੋਗ ਸੰਭਵ ਹੈ।

ਪਹਿਲੀ ਵਾਰ ਦੀ ਪਉੜੀ ਸੋਲ੍ਹਾਂ ਵਿਚ ਕਲਿਜੁਗ ਦੇ ਕਰਮਾਂ ਦਾ ਬਿਰਤਾਂਤ ਬਿਆਨ ਕਰਦੇ ਭਾਈ ਗੁਰਦਾਸ ਨਿਮਰਤਾ ਤੇ ਭਾਉ ਭਗਤੀ ਨੂੰ ਇਕ ਸਾਧਨ ਵਜੋਂ ਅਪਣਾਉਂਦੇ ਹਨ। ਸਿਮਰਨ ਤੇ ਪ੍ਰੇਮਾ ਭਗਤੀ ਬਿਨਾ ਕਲਜੁਗ ਵਿਚ ਜੀਵ ਨੂੰ ਕੋਈ ਠਾਹਰ ਨਹੀਂ ਮਿਲਦੀ। ਪਿਛਲੇ ਜੁਗਾਂ-ਜਨਮਾਂ ਦੀ ਕਮਾਈ ਦਾ ਨਤੀਜਾ ਇਹ ਜੀਵਨ ਹੈ। ਮਨੁੱਖਾ ਦੇਹੀ ਵਿਚ ਆ ਕੇ ਹੁਣ ਜੇ ਭਗਤੀ ਦੀ ਕਮਾਈ ਦਾ ਖ਼ਜਾਨਾ ਨਾ ਜੋੜਿਆ ਤਾਂ ਅਗਲੇ ਜਨਮਾਂ ਵਿਚ ਕੋਈ ਠਉਰ ਨਹੀਂ ਮਿਲੇਗੀ:

ਪਾਇਆ ਮਾਨਸ ਦੇਹਿ ਕਉ ਐਥੋਂ ਚੁੱਕਿਆ ਠੌਰ ਨ ਠਾਈ।
ਕਲਿਜੁਗਿ ਕੇ ਉਪਕਾਰਿ ਸੁਣਿ ਜੈਸੇ ਬੇਦ ਅਥਰਵਣ ਗਾਈ।
ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰਪੁਰਬਿ ਕਮਾਈ।
ਕਰਿ ਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।
ਕਲਿਜੁਗਿ ਨਾਵੈ ਕੀ ਵਡਿਆਈ।।[28]

ਯੱਗ, ਹੋਮ ਤੇ ਕਰੜੀ ਤਪਸਿਆ ਪਿਛਲੇ ਸਮਿਆਂ ਵਿਚ ਪ੍ਰਵਾਨ ਸਨ। ਹੁਣ ਕਲਿਜੁਗ ਵਿਚ ਪ੍ਰੇਮਾ ਭਗਤੀ ਤੇ ਨਿਮਰਤਾ (ਹੰਕਾਰ ਦਾ ਨਾਸ਼) ਹੀ ਦੋ ਵੱਡੇ ਸਾਧਨ ਹਨ, ਜਿਨ੍ਹਾਂ ਦੀ ਕੀਮਤ ਪੈਂਦੀ ਹੈ। ਪ੍ਰਭੂ ਦਾ ਸਿਮਰਨ ਹੀ ਪ੍ਰਭੂ ਤੱਕ ਪਹੁੰਚਾਉਣ ਦਾ ਜਰੀਆ ਹੈ।

ਭਾਈ ਗੁਰਦਾਸ ਗੁਰੂ ਨੂੰ ਇਕ ਸੇਤੂ ਤੇ ਪੁਲ ਦੀ ਸੰਗਿਆ ਦਾ ਬਿਰਤਾਂਤ ਦਿੰਦੇ ਹੋਏ ਲਿਖਦੇ ਹਨ ਕਿ ਸਤਿਗੁਰੂ ਬਿਨਾਂ ਗਿਆਨ ਨਹੀਂ ਮਿਲ ਸਕਦਾ। ਪਰਮਾਤਮਾ ਦੀ ਕਿਰਪਾ ਨਾਲ ਹੀ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਆਪ ਹੀ ਗੁਰੂ ਦੇ ਅਵਤਾਰ ਵਿਚ ਵੇਸ ਬਣਾ ਕੇ ਜੀਵ ਕਲਿਆਣ ਲਈ ਆਉਂਦਾ ਹੈ। ਗੁਰੂ ਤੇ ਪਰਮ ਆਤਮਾ ਵਿਚ ਕੋਈ ਭੇਦ ਨਹੀਂ।

ਗੁਰੂ ਪਰਮੇਸਰ ਇਕੁ ਹੈ ਸੱਚਾ ਸਾਹੁ ਜਗਤ ਵਣਜਾਰਾ।।
ਚੜ੍ਹੇ ਸੂਰ ਮਿਟਿ ਜਾਇ ਅੰਧਾਰਾ।।[29]

ਭਾਈ ਗੁਰਦਾਸ ਗੁਰੂ ਨੂੰ ਸੂਰਜ ਦੀ ਉਪਮਾ ਤੇ ਦ੍ਰਿਸ਼ਟਾਂਤ ਰਾਹੀਂ ਸਪਸ਼ਟ ਕਰਦੇ ਹਨ ਕਿ ਗੁਰੂ ਹੀ ਪਰਮੇਸਰ ਰੂਪ ਹੈ। ਗੁਰੂ ਹੀ ਸੱਚਾ ਸ਼ਾਹ ਹੈ। ਜਗਤ ਵਣਜਾਰਾ ਹੈ। ਜੀਵ ਦੇ ਜੀਵਨ ਵਿਚ ਗੁਰੂ ਦਾ ਮਿਲਣਾ ਇਉਂ ਹੈ ਜਿਵੇਂ ਸੂਰਜ ਦੇ ਚੜ੍ਹਨ ਨਾਲ ਹਨੇਰਾ ਦੂਰ ਹੋ ਜਾਂਦਾ ਹੈ। ਇਵੇਂ ਹੀ ਗੁਰੂ ਦੇ ਮਿਲਿਆਂ ਅਗਿਆਨ ਦਾ ਹਨੇਰਾ ਦੂਰ ਹੋ ਜਾਂਦਾ ਹੈ। ਗੁਰੂ ਦੇ ਸਚੇ ਗਿਆਨ ਤੋਂ ਬਿਨਾਂ ਜਿਗਿਆਸੂ ਬਾਹਰੀ ਭੇਖਾਂ ਤੇ ਆਡੰਬਰਾਂ ਵਿਚ ਫਸ ਕੇ ਸੱਚ ਤੇ ਗਿਆਨ ਤੋਂ ਵਾਂਝਾ ਹੀ ਰਹਿ ਜਾਂਦਾ ਹੈ। ਰਾਮ, ਰਹੀਮ ਤੇ ਬੇਦ ਕਤੇਬ ਦੇ ਭੇਦ ਭੰਵਰ ਵਿਚ ਫਸਿਆ ਜੀਵ ਕੀਮਤੀ ਜੀਵਨ ਕੌਡੀਆਂ ਦੇ ਭਾਅ ਗਵਾ ਦਿੰਦਾ ਹੈ। ਭਾਈ ਗੁਰਦਾਸ ਜੀਵਨ ਵਿਚ ਵਾਪਰ ਰਹੀਆਂ ਘਟਨਾਵਾਂ ਦੇ ਬਿਰਤਾਂਤ ਨੂੰ ਬਹੁਤ ਸੁਹਜ ਭਰਪੂਰ ਤਰੀਕੇ ਨਾਲ ਪੇਸ਼ ਕਰਦੇ ਹਨ। ਉਹਨਾਂ ਦਾ ਇਹ ਬਿਰਤਾਂਤ ਲੋਕ-ਚੇਤਨਾ ਦਾ ਨਿਰਮਾਣ ਕਰਦਾ ਹੋਇਆ ਬਹੁ-ਪਰਤੀ ਜਾਗ੍ਰਿਤੀ ਦਾ ਵਾਹਣ ਬਣਦਾ ਹੈ:

ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।।
ਸਿਰੋ ਨਾ ਮਿਟੇ ਆਵਣਿ ਜਾਣੇ।। [30]

ਭਾਈ ਗੁਰਦਾਸ ਦੇ ਚਿੰਤਨ ਵਿਚ ਧਰਮ ਪ੍ਰਤਿ ਵਿਸ਼ਵੀ-ਚੇਤਨਾ ਦ੍ਰਿਸ਼ਟੀਗੋਚਰ ਹੁੰਦੀ ਹੈ ਜਦੋਂ ਉਹ ਦ੍ਰਿੜਾਉਂਦੇ ਹਨ ਕਿ ਧਰਮ ਦੀ ਪਛਾਣ ਕਿਸੇ ਨੂੰ ਨਹੀਂ ਹੈ। ਧਰਮ ਨੂੰ ਹੀ ਢਾਲ ਬਣਾ ਕੇ ਅਖਾਉਤੀ ਧਰਮ ਦੇ ਰਾਖੇ ਸ਼ੈਤਾਨ ਬਣ ਗਏ ਹਨ। ਸੱਚ ਨੂੰ ਕੋਈ ਨਹੀਂ ਪੁਛਦਾ। ਬ੍ਰਾਹਮਣ ਤੇ ਮੁਲਾਣੇ ਖਹਿ ਖਹਿ ਕੇ ਮਰ ਰਹੇ ਹਨ। ਧਰਮ ਤਾਂ ਮਨੁੱਖ ਦੇ ਚੁਰਾਸੀ ਦੇ ਚੱਕਰ ਨੂੰ ਖ਼ਤਮ ਕਰਨ ਲਈ ਹੋਂਦ ਵਿਚ ਆਇਆ ਪਰ ਉਲਟਾ ਉਹੀ ਧਰਮ ਜਿਗਿਆਸੂ ਲਈ ਚੁਰਾਸੀ ਦਾ ਫਾਹਾ ਬਣ ਕੇ ਰਹਿ ਗਿਆ। ਨਾ ਆਤਮ ਤੇ ਨਾ ਪਰਮ-ਆਤਮ ਦਾ ਸੁਮੇਲ/ਸੰਜੋਗ ਹੋਇਆ ਸਗੋਂ ਧਰਮ ਦੇ ਨਾਂ ਤੇ ਅਧਾਰਮਿਕਤਾ, ਅਡੰਬਰ, ਪਾਖੰਡ ਆਦਿ ਵਿਚ ਫਸ ਕੇ ਚੁਰਾਸੀ ਦੇ ਚੱਕਰ ਨੂੰ ਮਨੁੱਖ ਨੇ ਸਦੀਵੀ ਬਣਾ ਲਿਆ। ਵਾਰਾਂ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਭਾਈ ਗੁਰਦਾਸ ਗੁਰੂ ਦੀ ਮਹੱਤਤਾ ਦਾ ਬਿਰਤਾਂਤ ਸਿਰਜਦੇ ਹਨ:

ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।।

ਵਰਤਿਆ ਪਾਪੁ ਜਗਤਿ ਤੇ ਧਉਲੁ ਉਡੀਣਾ ਨਿਸਿ ਦਿਨ ਰੋਆ।[31]

ਗੁਰਬਾਣੀ ਦੀ ਸਿੱਖਿਆ ਅਨੁਸਾਰ 'ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟਿ ਪਾਲਿ' ਭਾਵ ਕਿਸ ਤਰ੍ਹਾਂ ਸਚਿਆਰਾ ਹੋਇਆ ਜਾ ਸਕਦਾ ਹੈ, ਇਸ ਦਾ ਮਾਰਗ ਗੁਰੂ ਹੀ ਦੱਸਦਾ ਹੈ ਤੇ ਸਚਿਆਰਕ ਹੋਣਾ ਮਨੁੱਖੀ ਹੋਂਦ ਦੀ ਸਰਬ ਉੱਚ ਸੰਭਾਵਨਾ ਹੈ। ਵਿਸ਼ਵ ਦੀ ਅਪਰ ਅਪਾਰ ਹਸਤੀ ਅਤੇ ਹੋਂਦ ਹੀ ਮਨੁੱਖ ਦਾ ਪਰਮਾਰਥਕ ਮਾਡਲ ਹੈ, ਜਿਸਦਾ ਅਨੁਸਾਰੀ ਹੋ ਕੇ ਉਹ ਆਪਣੀ ਹੋਂਦ ਦਾ ਅੰਤਿਮ ਧਰਾਤਲ ਤਲਾਸ਼ ਕਰ ਸਕਦਾ ਹੈ। ਜਿਗਿਆਸੂ ਗੁਰੂ ਕਿਰਪਾ ਨਾਲ ਪਰਮ ਆਤਮ ਦੇ ਵੱਡੇ ਅੰਸ਼ ਵਿਚ ਸਮਾ ਸਕਦਾ ਹੈ। ਇਹੀ ਗੁਰੂ ਤੇ ਆਤਮਾ ਵਿਚ ਸੁਮੇਲ ਦਾ ਕਾਰਜਸ਼ੀਲ ਮਾਰਗ ਹੈ।

**(ੲ) ਗਿਆਨ ਤੇ ਰੋਸ ਅਤੇ ਪ੍ਰਮਾਰਥ ਤੇ ਹਿੰਸਾ ਦੀ ਨਿਵੇਕਲੀ ਅਰਥ ਵਿਉਂਤ**

ਮੱਧਕਾਲੀ ਸਾਹਿਤਕ ਅਤੇ ਸਭਿਆਚਾਰਕ ਪ੍ਰਵਚਨਾਂ ਵਿਚ ਗਿਆਨ ਅਤੇ ਸ਼ਕਤੀ ਦੀ ਪੇਸ਼ਕਾਰੀ ਇਕ ਅਹਿਮ ਅਤੇ ਵਿਚਾਰਨਯੋਗ ਰਚਨਾਤਮਕ ਬਣਤਰ ਹੈ। ਜਿਥੇ ਮੱਧਕਾਲ ਵਿਚ ਗਿਆਨ ਦੀ ਵਰਤੋਂ, ਦਬਦਬੇ ਅਤੇ ਸੱਤਾ ਪ੍ਰਾਪਤੀ ਲਈ ਕੀਤੀ ਜਾਂਦੀ ਸੀ, ਉਥੇ ਗੁਰਮਤਿ ਅਨੁਸਾਰ ਗਿਆਨ ਦੀ ਵਰਤੋਂ ਮਨੁੱਖੀ ਕਲਿਆਣ ਕਰਨ ਹਿਤ ਊਚ-ਨੀਚਤਾ, ਦਮਨ, ਜਬਰ, ਜੁਲਮ ਤੇ ਬੇਇਨਸਾਫੀ ਨੂੰ ਖ਼ਤਮ ਕਰਨ ਲਈ ਕੀਤੀ ਜਾਂਦੀ ਹੈ। ਗਿਆਨ ਦੀ ਵਰਤੋਂ ਕਰਦਿਆਂ ਸ਼ਕਤੀ ਜਾਂ ਸੱਤਾ ਦੀ ਪ੍ਰਾਪਤੀ ਰਚਨਾਕਾਰ ਦੀ ਸੰਰਚਨਾ ਵਿਚੋਂ ਸਹਿਜ ਵਿਚ ਹੀ ਪ੍ਰਾਪਤ ਹੋ ਜਾਂਦੀ ਹੈ। ਗਿਆਨ ਰਾਹੀਂ ਸਮਾਜਕ ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਸੱਚ ਦਾ ਯਥਾਰਥ ਉਭਰ ਕੇ ਸਾਹਮਣੇ ਆਉਂਦਾ ਹੈ। ਗੁਰਮਤਿ ਵਿਚ ਗਿਆਨ ਦੀ ਵਰਤੋਂ ਸਥਾਪਤ ਰੂੜ੍ਹੀਵਾਦੀ ਕਦਰਾਂ-ਕੀਮਤਾਂ ਅਤੇ ਮਨੁੱਖ ਹੱਥੋਂ ਮਨੁੱਖ ਨੂੰ ਬੇਬਸ ਜ਼ਿੰਦਗੀ ਬਸਰ ਕਰਨ ਅਤੇ ਗੁਲਾਮਾਂ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਲੋਕਾਂ ਨੂੰ ਚੇਤਨ ਕਰਨ ਅਤੇ ਇਸ ਦੇ ਵਿਰੋਧ ਲਈ ਮਾਨਸਿਕ ਪੱਧਰ ਉੱਤੇ ਤਿਆਰ ਕਰਨ ਲਈ ਕੀਤੀ ਗਈ ਹੈ। ਗੁਰਬਾਣੀ ਵਿਚ ਕਾਰਜਸ਼ੀਲ ਵੱਖ-ਵੱਖ ਪ੍ਰਵਚਨਾਂ ਰਾਹੀਂ ਗੁਰਬਾਣੀ ਮੂਲ ਰੂਪ ਵਿਚ ਮੱਧਕਾਲੀ ਨਿਰਗੁਣਧਾਰਾ (ਭਗਤੀ ਲਹਿਰ) ਨਾਲ

ਸਬੰਧਿਤ ਰਚਨਾਤਮਕ ਤੱਤਾਂ ਦਾ ਨਿਰੂਪਣ ਕਰਦੀ ਹੈ। ਇਹ ਆਪਣੇ ਵੇਲੇ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦੀ ਹੈ, ਇਹੀ ਕਾਰਨ ਹੈ ਕਿ ਗੁਰਬਾਣੀ ਦਾ ਫਲਸਫ਼ਾ 'ਹਾਕਮ' ਅਤੇ ਮਹਿਕੂਮ' 'ਕੁਲੀਨ' ਅਤੇ ਦਲਿਤ ਦੀ ਪਰਸਪਰ ਵਿਰੋਧੀ ਸਥਿਤੀ ਅਤੇ ਹੋਂਦ ਨੂੰ ਮੂਰਤੀਮਾਨ ਕਰਦਾ ਹੈ। ਜਾਬਰ ਨਿਜ਼ਾਮ ਦੀ ਅਤਿਆਚਾਰੀ ਹਿੰਸਾ ਅਤੇ ਦਮਨਕਾਰੀ ਸ਼ੋਸ਼ਣਤਾ ਖਿਲਾਫ ਮਹਿਕੂਮ ਦੀ ਆਵਾਜ਼ ਨੂੰ ਬੁਲੰਦ ਕਰਦਾ ਹੈ:

ਰਾਜੇ ਸੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ।।

ਚਾਕਰ ਨਹਦਾ ਪਾਇਨਿ ਘਾਉ।। ਰਤੁ ਪਿਤੁ ਕੁਤਿਹੋ ਚਟਿ ਜਾਹੁ।।[32]

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਗੁਰੂ ਨਾਨਕ ਚਿੰਤਨ ਦੀ ਇਕ ਜ਼ੋਰਦਾਰ ਸਾਰਥਕ ਆਵਾਜ਼ ਦੀ ਗੂੰਜ ਸੁਣਾਈ ਦਿੰਦੀ ਹੈ ਅਤੇ ਗੁਰੂ ਨਾਨਕ ਦੇ ਪਰਗਟ ਹੋਣ ਨਾਲ ਜਨਤਾ ਨੂੰ ਇਕ ਨਵੇਂ ਜੀਵਨ ਦੀ ਆਸ ਬੱਝਦੀ ਹੈ, ਸਮਾਜਿਕ ਜੋਕਾਂ ਤੇ ਰਾਜਨੀਤਕ ਦਮਨ ਤੋਂ ਛੁਟਕਾਰੇ ਦੀ ਸੰਭਾਵਨਾ ਮਹਿਸੂਸ ਹੋਣ ਲਗਦੀ ਹੈ ਕਿਉਂਕਿ ਗੁਰਮਤਿ ਵਿਚਾਰਧਾਰਾ ਰਾਹੀਂ ਗੁਰੂ ਸਮਕਾਲੀ ਸਮਾਜ ਵਿਚ ਹਾਕਮ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੇ ਰਾਜੇ ਦੇ ਦਮਨਕਾਰੀ ਚਿਹਰੇ ਨੂੰ ਜਨਤਾ ਸਾਹਮਣੇ ਨੰਗਾ ਕਰਦੇ ਹੋਏ ਅਤੇ ਆਮ ਲੋਕਾਂ ਨੂੰ ਗਿਆਨਵਾਨ ਕਰਦੇ ਹੋਏ ਇਕ ਠੋਸ ਰੋਸ ਵੀ ਪ੍ਰਗਟ ਕਰਦੇ ਹਨ:

ਕਲਿਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।

ਕੂੜ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ।।

ਹਉ ਭਾਲਿ ਵਿਕੁੰਨੀ ਹੋਈ, ਆਧੇਰੈ ਰਾਹੁ ਨਾ ਕੋਈ।।[33]

ਗੁਰਮਤਿ ਜਾਂ ਬਾਣੀ ਨੂੰ ਅਧਾਰ ਬਣਾ ਕੇ ਭਾਈ ਗੁਰਦਾਸ ਨੇ ਲੋਕਾਂ ਨੂੰ ਸਮਾਜ ਵਿਚ ਹੋ ਰਹੀ ਬੇਇਨਸਾਫੀ, ਜ਼ੁਲਮ, ਈਰਖਾ, ਸੁਆਰਥ ਅਤੇ ਜੁਗ-ਗਰਦੀ ਪ੍ਰਤੀ ਚੇਤਨ ਕਰਦਿਆਂ ਗਿਆਨ ਰਾਹੀਂ ਇਸ ਸੱਚ ਨੂੰ ਜਾਣਨ ਦੀ ਪ੍ਰੇਰਣਾ ਦਿੱਤੀ। ਭਾਈ ਗੁਰਦਾਸ ਦੇ ਬਿਰਤਾਂਤ ਸ਼ਾਸਤਰ ਦੀ ਬਿਰਤਾਂਤ ਵਿਧੀ ਸੰਜਮ ਅਤੇ ਫੋਕਸੀਕਰਨ ਰਾਹੀਂ ਸਮਾਜ ਵਿਚ ਹੋ ਰਹੀ

ਬੇਇਨਸਾਫੀ, ਅੰਧਵਿਸ਼ਵਾਸੀ ਅਤੇ ਦਮਨਕਾਰੀ ਰੁਚੀਆਂ ਪ੍ਰਤੀ ਗਿਆਨ ਰਾਹੀਂ ਲੋਕਾਂ ਨੂੰ ਜਾਗਰਿਤ ਕਰਨ ਦੇ ਨਾਲ ਨਾਲ ਸਪਸ਼ਟ ਤੇ ਸਾਰਥਿਕ ਰੋਸ ਪ੍ਰਗਟ ਕਰਦੇ ਵੀ ਨਜ਼ਰ ਆਉਂਦੇ ਹਨ ਤੇ ਉਹਨਾਂ ਦੀ ਵਾਰ ਵਿਚੋਂ ਸ਼ਬਦਾਂ ਦੀ ਗਰਜ ਇਉਂ ਸੁਣਾਈ ਦੇਂਦੀ ਹੈ:

> ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।।
> ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।।
> ਤੰਤ੍ਰ ਮੰਤ੍ਰ ਪਾਖੰਡ ਕਰ ਕਲਹਿ ਕ੍ਰੋਧ ਬਹੁਵਾਦ ਵਧਾਵੈ।।
> ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।।
> ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸ ਮਨਾਵੈ।।
> ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।।
> ਫੋਕਟ ਧਰਮੀ ਭਰਮਿ ਭੁਲਾਵੈ।।[34]

ਤੱਤਕਾਲੀ ਸਮਾਜ ਵੱਖ-ਵੱਖ ਜਾਤਾਂ ਅਤੇ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਧਰਮ ਦੇ ਪ੍ਰਚਾਰਕ ਧਰਮ ਦੇ ਅਸਲ ਮਕਸਦ ਨੂੰ ਭੁਲਾ ਕੇ ਧਰਮ ਨੂੰ ਆਪਣੇ ਨਿੱਜੀ ਸੁਆਰਥ ਲਈ ਵਰਤ ਰਹੇ ਸਨ। ਲੋਕਾਂ ਨੂੰ ਵਹਿਮਾਂ ਭਰਮਾਂ 'ਚ ਪਾ ਕੇ ਉਨ੍ਹਾਂ ਵਿਚ ਈਰਖਾ ਅਤੇ ਨਫ਼ਰਤ ਦੇ ਬੀਜ, ਬੀਜ ਰਹੇ ਸਨ। ਗੁਰੂ ਨਾਨਕ ਤੋਂ ਪਹਿਲਾਂ ਹਿੰਦੂ ਵੱਖ-ਵੱਖ ਮੱਤਾਂ ਵਿਚ ਵੰਡੇ ਹੋਏ ਇਕ ਦੂਜੇ ਨੂੰ ਨਫ਼ਰਤ ਕਰਦੇ ਸਨ। ਮੁਸਲਮਾਨਾਂ ਵਿਚ ਵੀ ਕਈ ਫਿਰਕੇ ਸਨ ਅਤੇ ਉਨ੍ਹਾਂ ਦਾ ਆਪਸ ਵਿਚ ਕਾਫੀ ਵੈਰ ਵਿਰੋਧ ਸੀ। ਸਮਾਜ ਵਿਚ ਪਿਆਰ ਦੀ ਥਾਂ ਨਫ਼ਰਤ ਅਤੇ ਈਰਖਾ ਦੀ ਪ੍ਰਧਾਨਤਾ ਸੀ। ਭਾਈ ਗੁਰਦਾਸ ਨੇ ਪ੍ਰਚਲਤ ਧਰਮਾਂ ਨੂੰ ਉਨਾਂ ਦੇ ਵਿਵਹਾਰ ਕਰਕੇ 'ਫੋਕਟ ਧਰਮੀ' ਕਿਹਾ ਹੈ। ਧਰਮ, ਅਧਰਮ ਵਿਚ ਤਬਦੀਲ ਹੋ ਗਿਆ ਸੀ। ਧਰਮ ਕਿਧਰੇ ਦਿਖਾਈ ਨਹੀਂ ਸੀ ਦੇ ਰਿਹਾ। ਗੁਰੂ ਨਾਨਕ ਅਨੁਸਾਰ ਧਰਮ ਖੰਭ ਲਾ ਕੇ ਕਿਧਰੇ ਉਡ ਗਿਆ ਸੀ। ਭਾਈ ਗੁਰਦਾਸ ਹਿੰਦੂਆਂ ਦੇ ਚਾਰ ਵਰਨਾਂ ਦੀ ਵੰਡ ਅਤੇ ਜਾਤੀ ਵਿਤਕਰੇ ਦਾ ਬਿਰਤਾਂਤ ਸੰਜਮ ਵਿਚ ਸਿਰਜਦੇ ਹਨ ਅਤੇ ਸੰਖੇਪ ਸ਼ਬਦਾਂ ਵਿਚ ਹਿੰਦੂਆਂ ਵਿਚ ਫੈਲੀ ਹੋਈ ਨਫ਼ਰਤ ਅਤੇ ਈਰਖਾ ਦੀ ਤਸਵੀਰ ਸਾਡੇ ਸਾਹਮਣੇ ਪੇਸ਼ ਕਰਦੇ ਹਨ:

– ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ਼੍ਰਮ ਉਪਾਏ॥

ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ॥

ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ॥

ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ॥

ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ॥

ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ॥

ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ।

ਕਲਿਯੁਗ ਅੰਦਰਿ ਭਰਮਿ ਭੁਲਾਏ॥[35]

ਗੁਰੂ ਨਾਨਕ ਦੇਵ ਜੀ ਤੱਤਕਾਲੀ ਡਾਵਾਂ ਡੋਲ ਸਦਾਚਾਰਕ ਅਤੇ ਧਾਰਮਿਕ ਸਥਿਤੀ ਦਾ ਵਰਣਨ ਗੁਰਬਾਣੀ ਵਿਚ ਇਸ ਤਰ੍ਹਾਂ ਪ੍ਰਸਤੁਤ ਕਰਦੇ ਹਨ:

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥[36]

ਭਾਈ ਗੁਰਦਾਸ ਸਿੱਧਾਂ-ਜੋਗੀਆਂ ਦੀ ਜੀਵਨ ਸ਼ੈਲੀ ਦਾ ਬਿਰਤਾਂਤ ਸਿਰਜਦੇ ਹਨ ਅਤੇ ਉਹਨਾਂ ਦੀਆਂ ਗਿਆਨਹੀਣ ਅਤੇ ਅਰਥਹੀਣ ਸਿੱਧੀਆਂ ਜਾਂ ਕਰਾਮਾਤਾਂ ਦਾ ਪਰਦਾਫ਼ਾਸ ਕਰਦੇ ਹੋਏ ਉਹਨਾਂ ਨੂੰ ਜੀਵਨ ਸੱਚ ਦੇ ਰਾਹ ਉਤੇ ਚਲਣ ਦਾ ਸਾਰਥਕ ਸੰਦੇਸ਼ ਦਿੰਦੇ ਹਨ। ਉਹ ਆਪਣੀਆਂ ਸਮਾਜਕ ਜਿੰਮੇਵਾਰੀਆਂ ਤੋਂ ਮੁੱਖ ਮੋੜ ਕੇ ਦੂਰ ਪਹਾੜਾਂ 'ਚ ਛੁਪ ਕੇ ਬੈਠ ਗਏ। ਅਸਲ ਗਿਆਨ ਨੂੰ ਭੁੱਲ ਕੇ ਆਪਣੇ ਸਰੀਰ ਤੇ ਸੁਆਹ ਮਲਣ ਵਿਚ ਹੀ ਆਪਣਾ ਕਲਿਆਣ ਸਮਝਣ ਲੱਗੇ। ਇਹਨਾਂ ਲੋਕਾਂ ਨੇ ਆਮ ਲੋਕਾਂ ਨੂੰ ਸਿੱਧੇ ਰਸਤੇ ਪਾਉਣਾ ਸੀ ਪਰ ਇਹ ਆਪ ਹੀ ਲੋਕਾਂ ਤੋਂ ਦੂਰ ਜੰਗਲਾਂ ਜਾਂ ਪਹਾੜਾਂ ਵਿਚ ਛੁਪ ਕੇ ਬੈਠ ਗਏ। ਭਾਈ ਗੁਰਦਾਸ ਆਪਣੇ ਬਿਰਤਾਂਤ ਵਿਚ ਗੁਰੂ ਨਾਨਕ ਦੁਆਰਾ ਇਨ੍ਹਾਂ ਨੂੰ ਗਿਆਨਮਈ ਸੰਦੇਸ਼ ਦੇਣ ਦੇ ਨਾਲ-ਨਾਲ ਰੋਸਮਈ ਪ੍ਰਗਟਾ ਕਰਨ ਦਾ ਬਿਰਤਾਂਤ ਪਹਿਲੀ ਵਾਰ ਵਿਚ ਸਿਰਜਦੇ ਹਨ ਅਤੇ ਇਸ ਸਿਰਜਣ ਪ੍ਰਕਿਰਿਆ ਵਿਚ ਉਹਨਾਂ ਦੀ ਆਤਮਾ ਦੇ ਸੁੱਚੇ ਵਲਵਲੇ ਦ੍ਰਿਸ਼ਟੀਗੋਚਰ ਹੁੰਦੇ ਹਨ:

ਸਿੱਧ ਛਪਿ ਬੈਠੇ ਪਰਬਤੀ ਕਉਣ ਜਗਤਿ ਕਉ ਪਾਰਿ ਉਤਾਰਾ।।

ਜੋਗੀ ਗਿਆਨ ਵਿਹੂਣੀਆਂ ਨਿਸਿ ਦਿਨਿ ਅੰਗਿ ਲਗਾਇਨ ਛਾਰਾ।।[37]

ਭਾਈ ਗੁਰਦਾਸ ਗੁਰੂ ਨਾਨਕ ਚਿੰਤਨ ਅਤੇ ਗੁਰਮਤਿ ਚਿੰਤਨ ਦਾ ਬਿਰਤਾਂਤਕ ਵਰਣਨ ਆਪਣੀਆਂ ਵਾਰਾਂ ਵਿਚ ਕਰਦੇ ਹਨ। ਉਹਨਾਂ ਅਨੁਸਾਰ ਜੋਗੀ ਲੋਕ ਵੱਖ-ਵੱਖ ਇਲਾਕਿਆਂ ਵਿਚ ਵਿਚਰਦੇ ਸਨ। ਉਹ ਸਾਧਨਾਂ ਜਾਂ ਤਪੱਸਿਆ ਦੁਆਰਾ ਪ੍ਰਾਪਤ ਹੋਈਆਂ ਸਿੱਧੀਆਂ ਜਾਂ ਕਰਾਮਾਤਾਂ ਦੀ ਪ੍ਰਦਰਸ਼ਨੀ ਕਰਕੇ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਸ਼ਰਧਾਲੂ ਬਣਾਉਂਦੇ ਅਤੇ ਉਨ੍ਹਾਂ ਤੋਂ ਧਨ ਪਦਾਰਥ ਹਾਸਲ ਕਰਦੇ ਸਨ। ਉਹ ਆਪਣੇ ਆਪ ਨੂੰ ਦੁਨਿਆਵੀ ਜੀਵਨ ਤੋਂ ਨਿਰਲੇਪ ਹੋਣ ਦਾ ਦਿਖਾਵਾ ਕਰਦੇ ਅਤੇ ਗ੍ਰਹਿਸਥੀ ਜੀਵਨ ਦੀ ਨਿੰਦਾ ਕਰਦੇ ਸਨ। ਪਰ ਲੋੜ ਪੈਣ ਤੇ ਗ੍ਰਹਿਸਥੀਆਂ ਤੋਂ ਹੀ ਉਹਨਾਂ ਦੇ ਘਰ ਜਾ ਕੇ ਮੰਗਦੇ ਸਨ। ਭਾਈ ਗੁਰਦਾਸ ਆਪਣੀ ਵਾਰ ਵਿਚ ਇਸ ਦ੍ਰਿਸ਼ ਦਾ ਬਿਰਤਾਂਤ ਇਉਂ ਸਿਰਜਦੇ ਹਨ:

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਹੁ ਕੇ ਘਰਿ ਮੰਗਣ ਜਾਈ।।

ਬਿਨ ਦਿਤੇ ਕਛੁ ਹਥਿ ਨ ਆਈ।।[38]

ਗੁਰੂ ਨਾਨਕ ਦੇ ਸਮੇਂ ਮੁਸਲਮਾਨਾਂ ਵਿਚ ਮੁਹੰਮਦ ਅਤੇ ਉਸਦੇ ਚਾਰ ਯਾਰਾਂ ਦੇ ਅੱਗੇ ਕਈ ਮਾਰਗ ਸ਼ੁਰੂ ਹੋ ਗਏ। ਮੁਸਲਮਾਨ ਕਈ ਫਿਰਕਿਆਂ ਵਿਚ ਵੰਡੇ ਹੋਣ ਕਰਕੇ ਉਹਨਾਂ ਵਿਚ ਵੈਰ ਵਿਰੋਧ ਵਧ ਗਿਆ। ਉਹ ਰੋਜ਼ੇ, ਨਿਮਾਜਾਂ ਅਤੇ ਈਦ ਆਦਿ ਕਰਮ ਕਰਕੇ ਹੀ ਆਪਣੀ ਮੁਕਤੀ ਸਮਝਣ ਲੱਗ ਪਏ। ਧਾਰਮਿਕ ਸਰੇਸ਼ਟ ਪੁਰਖਾਂ ਦੇ ਵੀ ਅੱਗੋਂ ਕਈ ਰੁਤਬੇ ਸਨ, ਜਿਵੇਂ ਪੀਰ, ਪੈਗੰਬਰ, ਔਲੀਆ, ਗਉਂਸਿ ਅਤੇ ਕੁਤਬ ਆਦਿ। ਇਹ ਲੋਕ ਗ਼ੈਰ-ਇਸਲਾਮਿਕ ਲੋਕਾਂ ਦੇ ਧਰਮ ਅਸਥਾਨ ਢਾਹ ਕੇ ਉਥੇ ਮਸੀਤਾਂ ਉਸਾਰ ਦੇਣ ਵਿਚ ਹੀ ਬਹਿਸ਼ਤ ਦੀ ਪ੍ਰਾਪਤੀ ਸਮਝਦੇ ਜਾਂ ਉਹਨਾਂ ਦੇ ਧਾਰਮਿਕ ਜਾਨਵਰ ਗਾਂ ਨੂੰ ਜਬ੍ਹਾਂ ਕਰਨ ਵਿਚ ਆਪਣਾ ਭਲਾ ਸਮਝਦੇ ਸਨ। ਅਜਿਹੇ ਲੋਕਾਂ ਨੂੰ ਹਾਂ-ਪੱਖੀ ਮਾਰਗ ਤੇ ਲਿਆਉਣਾ ਕੋਈ ਸੌਖਾ ਕਾਰਜ ਨਹੀਂ ਸੀ। ਇਸ ਲਈ ਉਹਨਾਂ ਦੇ ਧਰਮ ਗ੍ਰੰਥਾਂ ਦੀ ਸੋਝੀ ਹੋਣੀ ਵੀ ਜ਼ਰੂਰੀ ਸੀ। ਭਾਈ ਗੁਰਦਾਸ ਆਪਣੀ ਪਹਿਲੀ ਵਾਰ ਦੀ ਪਉੜੀ

20ਵੀਂ ਵਿਚ ਆਪਣੇ ਬਿਰਤਾਂਤ ਦਾ ਫੋਕਸੀਕਰਨ ਕਰਦੇ ਹੋਏ ਇਹਨਾਂ ਲੋਕਾਂ ਨੂੰ ਸਮਾਜਿਕ ਨਕਰਮਕਤਾ ਪ੍ਰਤਿ ਸਰੋਕਾਰਾਂ ਬਾਰੇ ਜਾਗਰੂਪ ਵੀ ਕਰ ਰਹੇ ਹਨ ਅਤੇ ਉਹਨਾਂ ਦੇ ਗੈਰ ਧਰਮੀ ਵਤੀਰੇ ਪ੍ਰਤੀ ਕਾਰਜਸ਼ੀਲ ਹਲੀਮੀ ਰੋਸ ਦਾ ਪ੍ਰਗਟਾਵਾ ਵੀ ਕਰਦੇ ਹਨ:

ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।
ਕਉਮਿ ਬਹੁਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
ਰੋਜੇ ਈਦੁ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।।
ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ।।[39]

ਸਮਾਜ ਦੇ ਦੋ ਮੁੱਖ ਫਿਰਕਿਆਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵੱਖ-ਵੱਖ ਧਰਮ ਅਸਥਾਨਾਂ, ਵੱਖ-ਵੱਖ ਧਾਰਮਿਕ ਚਿੰਨ੍ਹਾਂ, ਰਸਮਾਂ, ਵੱਖ-ਵੱਖ ਇਸ਼ਟਾਂ ਅਤੇ ਵੱਖ ਵੱਖ ਧਾਰਮਿਕ ਪੁਸਤਕਾਂ ਦੇ ਪਸਾਰੇ ਵਿਚ ਸੱਚਾ ਸਾਰਥਕ ਤੇ ਕਲਿਆਣਕਾਰੀ ਧਰਮ ਗੁਆਚ ਗਿਆ ਸੀ। ਗਿਆਨ ਵਿਹੂਣੇ ਅਮਲਾਂ ਕਰਕੇ ਭੋਲੀ ਭਾਲੀ ਜਨਤਾ ਵਹਿਮਾਂ ਦੇ ਭੰਵਰ ਵਿਚ ਫਸੀ ਹੋਈ ਸੀ। ਇਸ ਤਰ੍ਹਾਂ ਦੀ ਸਮਾਜਕ ਸਥਿਤੀ ਦਾ ਬਿਰਤਾਂਤ ਸਿਰਜਦੇ ਹੋਏ ਭਾਈ ਗੁਰਦਾਸ ਗੁਰਮਤਿ ਦਰਸ਼ਨ ਦੇ ਪ੍ਰਸੰਗ ਵਿਚ ਗਿਆਨ ਦਾ ਪ੍ਰਕਾਸ਼ ਖਲੇਰਦੇ ਹੋਏ ਇਸ ਪ੍ਰਤੀ ਸਿਧਾਂਤਕ ਰੋਸ ਵੀ ਪ੍ਰਗਟ ਕਰ ਰਹੇ ਹਨ:

ਚਾਰਿ ਵਰਨ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।।[40]

ਸਮਾਜ ਦੀ ਅਧੋਗਤੀ ਦੇ ਦ੍ਰਿਸ਼ ਦਾ ਬਿਰਤਾਂਤ ਪੇਸ਼ ਕਰਦਿਆਂ ਭਾਈ ਗੁਰਦਾਸ ਦੱਸਦੇ ਹਨ ਕਿ ਸਿਰਫ਼ ਮੁਸਲਮਾਨ ਹੀ ਵੱਖ-ਵੱਖ ਫਿਰਕਿਆਂ, ਕੱਟੜਤਾ ਅਤੇ ਧਰਮ ਦੇ ਅਸਲੀ ਆਸ਼ੇ

ਤੋਂ ਦੂਰ ਨਹੀਂ ਸਨ ਸਗੋਂ ਹਿੰਦੂ ਵੀ ਵਹਿਮਾਂ-ਭਰਮਾਂ ਅਡੰਬਰਾਂ, ਤੰਤਰ-ਮੰਤਰਾਂ ਅਤੇ ਟੂਣੇ-ਤਵੀਤਾਂ ਕਰਮਕਾਂਡੀ ਚੱਕਰਾਂ ਵਿਚ ਫਸੇ ਹੋਏ ਸਨ। ਕੋਈ ਵੀ ਸ਼ੁਭ ਕਰਮ ਨਹੀਂ ਕਰ ਰਿਹਾ ਸੀ ਅਤੇ ਆਪਣੇ ਨਿੱਜੀ ਸਵਾਰਥਾਂ ਵਿਚ ਫਸ ਕੇ ਆਪਣੇ ਸਵੈ-ਹਿੱਤ ਲਈ ਧਰਮ ਨੂੰ ਵਰਤ ਰਹੇ ਸਨ। ਦੋਵੇਂ ਸ਼ੈਤਾਨ ਦੇ ਵਸ ਵਿਚ ਸਨ ਅਤੇ ਰੱਬੀ ਦਰਗਾਹ ਦਾ ਅਧਿਕਾਰੀ ਇਹਨਾਂ ਵਿਚੋਂ ਕੋਈ ਵੀ ਨਹੀਂ ਸੀ।

ਬਾਬਾ ਆਖੇ ਹਾਜੀਆਂ, ਸ਼ੁਭਿ ਅਮਲਾਂ ਬਾਝੋਂ ਦੋਨੋਂ ਰੋਈ।।

ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।।[41]

ਭਾਈ ਗੁਰਦਾਸ ਅਨੁਸਾਰ ਕਹਿਣ ਨੂੰ ਤਾਂ ਬਹੁਤ ਗੁਰੂ ਸਨ ਪਰ ਉਹਨਾਂ ਵਿਚ ਆਤਮਿਕ ਸ਼ਕਤੀ ਨਹੀਂ ਸੀ। ਸਭ ਦਿਖਾਵੇ ਅਤੇ ਅਡੰਬਰ ਕਰਦੇ ਗੁਰੂ ਸਨ। ਉਹਨਾਂ ਦਾ ਲਕਸ਼ ਸਿਰਫ ਦਿਖਾਵਾ ਸੀ। ਉਹਨਾਂ ਦੇ ਨੀਰਸ ਜੀਵਨ ਵਿਚ ਕੋਈ ਖਿੱਚ ਨਹੀਂ ਸੀ ਜਿਸ ਕਰਕੇ ਲੋਕ ਉਹਨਾਂ ਤੋਂ ਦੂਰ ਰਹਿੰਦੇ ਸਨ। ਉਹ ਆਪਣੀ ਖੁਦਗਰਜੀ ਲਈ ਚੇਲਿਆਂ ਦੇ ਘਰ ਜਾਂਦੇ ਸਨ ਤਾਂ ਕਿ ਆਪਣਾ ਗੁਜ਼ਾਰਾ ਕਰ ਸਕਣ ਕਿਉਂਕਿ ਤ੍ਰਿਸ਼ਨਾ ਇਕ ਅਸੀਮ ਭਾਵਨਾ ਹੈ ਇਸ ਨੇ ਕਦੇ ਪੂਰੇ ਹੀ ਨਹੀਂ ਹੋਣਾ ਅਤੇ ਇਸ ਤੜਪ ਨੂੰ ਪੂਰਾ ਕਰਨ ਲਈ ਜਾਂ ਆਪਣੀ ਇਸ ਖ਼ੁਦਗਰਜੀ ਕਰਕੇ ਹੀ ਉਹ ਆਪਣੇ ਚੇਲਿਆਂ ਦੇ ਇਸ਼ਾਰਿਆਂ ਤੇ ਨੱਚਦੇ ਸਨ। ਇਸ ਤਰ੍ਹਾਂ ਦੇ ਅਖੌਤੀ ਗੁਰੂਆਂ ਦਾ ਪਰਦਾਫ਼ਾਸ ਕਰਦੇ ਹੋਏ ਭਾਈ ਗੁਰਦਾਸ ਅਜਿਹੇ ਗੁਰੂਆਂ ਪ੍ਰਤੀ ਰੋਸ ਦਾ ਬਿਰਤਾਂਤ ਸਿਰਜਦੇ ਹੋਏ ਅਜਿਹੇ ਪਾਖੰਡੀ ਗੁਰੂਆਂ ਦੀ ਅਸਲੀਅਤ ਤੋਂ ਜਾਣੂ ਕਰਵਾਉਂਦੇ ਹੋਏ ਲੋਕਾਈ ਨੂੰ ਗਿਆਨ ਦੇ ਰਹੇ ਹਨ:

ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।।

ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।।[42]

ਗੁਰੂ ਨਾਨਕ ਇਸ ਸੱਚ ਤੋਂ ਭਲੀਭਾਂਤ ਜਾਣੂ ਸਨ ਕਿ ਧਨ ਦੌਲਤ ਦੀ ਪ੍ਰਾਪਤੀ ਹੀ ਸਾਰਿਆਂ ਦੁੱਖਾਂ, ਵਿਕਾਰਾਂ ਅਤੇ ਹੰਕਾਰ ਦਾ ਕਾਰਨ ਬਣਦੀ ਹੈ। ਲੋਭ ਤੋਂ ਬਾਅਦ ਹੰਕਾਰ ਇਹਨਾਂ ਲੋਕਾਂ ਤੇ ਭਾਰੂ ਸੀ। ਹੰਕਾਰ ਵਿਚ ਫਸ ਕੇ ਇਹ ਲੋਕ ਗਿਰਾਵਟ ਵਲ ਜਾ ਰਹੇ ਸਨ। ਹੰਕਾਰ,

ਵਿਕਾਰਾਂ ਵਿਚੋਂ ਇਕ ਬਹੁਤ ਹੀ ਭੈੜਾ ਵਿਕਾਰ ਹੈ। ਹੰਕਾਰ ਵਿਚ ਮਨੁੱਖ ਆਪਣੇ ਆਪ ਨੂੰ ਸਭ ਤੋਂ ਉੱਚਾ ਤੇ ਸਰੇਸ਼ਟ ਸਮਝਦਾ ਹੈ ਅਤੇ ਬਾਕੀ ਸਭ ਲੋਕ ਉਸ ਨੂੰ ਬਹੁਤ ਹੀ ਨੀਵੇਂ ਅਤੇ ਨੀਚ ਲੱਗਦੇ ਹਨ। ਹੰਕਾਰ ਵਿਅਕਤੀ ਦੇ ਸਾਰੇ ਗੁਣਾਂ ਨੂੰ ਘੁਣ ਦੀ ਤਰ੍ਹਾਂ ਖਾ ਜਾਂਦਾ ਹੈ ਅਤੇ ਉਸ ਵਿਚੋਂ ਇਨਸਾਨੀਅਤ ਖ਼ਤਮ ਹੋ ਜਾਂਦੀ ਹੈ। ਇਸ ਕਰਕੇ ਸਮਾਜ ਵਿਚ ਅਸਾਂਤੀ ਅਤੇ ਅਸਾਵੇਂਪਣ ਦਾ ਬੋਲਬਾਲਾ ਹੋ ਜਾਂਦਾ ਹੈ। ਭਾਈ ਗੁਰਦਾਸ ਇਸ ਮਨੁੱਖੀ ਮਨੋਵਿਗਿਆਨਕ ਸਥਿਤੀ ਦੇ ਬਿਰਤਾਂਤ ਦੀ ਸਾਰਥਕਤਾ ਅਤੇ ਪ੍ਰਸੰਗਿਕਤਾ ਨੂੰ ਬੜੇ ਹੀ ਸੰਜਮਮਈ ਅਤੇ ਸੂਖਮ ਢੰਗ ਨਾਲ ਸਿਰਜਦੇ ਹੋਏ ਜਿਥੇ ਇਹਨਾਂ ਵਿਕਾਰਾਂ ਤੋਂ ਬਚਣ ਦਾ ਗਿਆਨ ਪ੍ਰਦਾਨ ਕਰਵਾਉਂਦੇ ਹਨ ਉਥੇ ਇਸ ਪ੍ਰਤੀ ਸਾਰਥਕ ਰੋਸਮਈ ਪ੍ਰਗਟਾਵੇ ਰਾਹੀਂ ਇਸ ਦੇ ਨਾਂ-ਪੱਖੀ ਵਰਤਾਰੇ ਬਾਰੇ ਜਾਗ੍ਰਿਤ ਵੀ ਕਰਦੇ ਹਨ:

ਹਉਮੈ ਅੰਦਰਿ ਸਭ ਕੋ ਡੂਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।[43]

ਭਾਈ ਗੁਰਦਾਸ ਗੁਰਮਤਿ ਮਰਿਯਾਦਾ ਅਧੀਨ ਹੀ ਸਦਾਚਾਰਕ ਕਦਰਾਂ-ਕੀਮਤਾਂ ਪ੍ਰਤੀ ਐਸਾ ਬਿਰਤਾਂਤ ਸਿਰਜਦੇ ਹਨ ਜਿਸ ਰਾਹੀਂ ਸਦਾਚਾਰਕ ਕਦਰਾਂ-ਕੀਮਤਾਂ ਲੋਕ ਮਨ ਦਾ ਹਿੱਸਾ ਬਣ ਜਾਂਦੀਆਂ ਹਨ। ਤੱਤਕਾਲੀ ਸਮਾਜਿਕ ਗਿਰਾਵਟ ਦੀ ਬਿਰਤਾਂਤਕ ਵਿਉਂਤਬੰਦੀ ਉਹ ਇਸ ਤਰ੍ਹਾਂ ਕਰਦੇ ਹਨ ਕਿ ਮਨੁੱਖ ਇਸ ਨੂੰ ਪੜ੍ਹ ਕੇ ਇਸ ਗਿਰਾਵਟ ਤੋਂ ਕਿਨਾਰਾ ਕਰਦਿਆਂ ਸਦਾਚਾਰਕ ਕਦਰਾਂ-ਕੀਮਤਾਂ ਦੀ ਸਾਰਥਕਤਾ ਵਿਚ ਰੁਚੀ ਲੈਣ ਲਗਦਾ ਹੈ। ਸਮਾਜਕ ਸੰਬੰਧਾਂ ਵਿਚ ਇਸਤਰੀ ਪੁਰਖ (ਪਤੀ-ਪਤਨੀ) ਦਾ ਸੰਬੰਧ ਹੀ ਸਭ ਤੋਂ ਉੱਚਾ ਤੇ ਪਵਿੱਤਰ ਮੰਨਿਆ ਗਿਆ ਹੈ। ਜੋ ਭਾਵਨਾ ਅਤੇ ਪਿਆਰ ਤੇ ਅਧਾਰਿਤ ਹੈ। ਭਾਈ ਗੁਰਦਾਸ ਦੇ ਕਹਿਣ ਅਨੁਸਾਰ ਉਸ ਸਮੇਂ ਇਹਨਾਂ ਵਿਚ ਪਿਆਰ ਦੀ ਸਾਂਝ ਦੀ ਥਾਂ ਪੈਸੇ ਨੇ ਲੈ ਲਈ ਸੀ ਅਤੇ ਗ੍ਰਹਿਸਥੀ ਜੀਵਨ ਦੀ ਸੁੱਚ-ਸੰਜਮ ਖ਼ਤਮ ਹੋ ਰਹੀ ਸੀ। ਭਾਈ ਗੁਰਦਾਸ ਪਦਾਰਥਵਾਦੀ ਰੁਚੀਆਂ ਅਧੀਨ ਮਨੁੱਖੀ ਵਰਤਾਰੇ ਦਾ ਬਿਰਤਾਂਤ ਇਸ ਤਰ੍ਹਾਂ ਸਿਰਜਦੇ ਹਨ ਜਿਸ ਨਾਲ ਸਦਾਚਾਰਕ ਕਦਰਾਂ-ਕੀਮਤਾਂ ਮਨੁੱਖੀ ਜ਼ਿੰਦਗੀ ਦਾ ਅੰਗ ਬਣ ਜਾਂਦੀਆਂ ਹਨ। ਭਾਈ ਗੁਰਦਾਸ ਇਸਤਰੀ ਪੁਰਖ ਦੇ ਸੰਬੰਧਾਂ ਵਿਚ ਆਈ ਗਿਰਾਵਟ ਨੂੰ ਦੇਖ ਕੇ

ਜਿਥੇ ਗਿਆਨਮਈ ਉਪਦੇਸ਼ ਦੇ ਰਹੇ ਹਨ। ਉਥੇ ਇਸ ਪ੍ਰਤੀ ਨੈਤਿਕ ਰੋਸ ਵੀ ਪ੍ਰਗਟਾਉਂਦੇ ਨਜ਼ਰ ਆ ਰਹੇ ਹਨ:

ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।

ਵਰਤਿਆ ਪਾਪੁ ਸਭਸਿ ਜਗਿ ਮਾਂਹੀ।।[44]

ਤੱਤਕਾਲੀ ਰਾਜੇ ਵੀ ਜਨਤਾ ਪ੍ਰਤੀ ਆਪਣੇ ਫਰਜਾਂ ਨੂੰ ਭੁਲਾ ਚੁੱਕੇ ਸਨ। ਪਰਜਾ ਦੀ ਭਲਾਈ ਲਈ ਸੋਚਣਾ, ਉਹਨਾਂ ਦੀ ਰਾਖੀ ਕਰਨਾ, ਉਹਨਾਂ ਨੂੰ ਹਰ ਤਰ੍ਹਾਂ ਦੇ ਜ਼ੁਲਮ ਤੋਂ ਬਚਾਉਣਾ ਅਤੇ ਹਰ ਹਾਲਤ ਵਿਚ ਉਹਨਾਂ ਨੂੰ ਨਿਆਂ ਦੇਣਾ ਉਹਨਾਂ ਦਾ ਪਰਮ ਕਰਤੱਵ ਹੈ। ਪਰ ਰਾਜੇ ਖੁਦ ਹੀ ਜਨਤਾ ਉੱਤੇ ਜ਼ੁਲਮ ਕਰਦੇ ਸਨ ਅਤੇ ਪਾਪ ਦੀ ਕਮਾਈ ਖਾਂਦੇ ਸਨ। ਸਮਾਜਿਕ ਲੋਕਾਈ ਗਿਆਨ-ਵਿਹੂਣੀ ਅਤੇ ਅੰਧੀ ਹੋ ਚੁੱਕੀ ਸੀ ਅਤੇ ਹਰ ਤਰ੍ਹਾਂ ਦੀ ਵਧੀਕੀ ਅਤੇ ਬੇਇਨਸਾਫੀ ਸਹਿਨ ਕਰ ਰਹੀ ਸੀ। ਇਸ ਦਾ ਵਰਣਨ ਭਾਈ ਗੁਰਦਾਸ ਆਪਣੀ ਪਹਿਲੀ ਵਾਰ ਦੀ ਪਉੜੀ ਤੀਹ ਵਿਚ ਬੜੇ ਹੀ ਸੰਜਮੀ ਬਿਰਤਾਂਤ ਵਿਚ ਕਰਦੇ ਹਨ। ਅਸਲ ਵਿਚ ਭਾਈ ਗੁਰਦਾਸ ਦੀ ਇਹ ਸਿਰਜਨਾਤਮਕ ਡਿਜ਼ਾਇਰ (ਇੱਛਾ) ਗੁਰੂ ਨਾਨਕ ਦੀ ਹੀ ਇੱਛਾ ਦਾ ਦੂਸਰਾ ਨਾਂ ਹੈ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।।

ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।।[45]

ਕਾਜੀ ਦੀ ਪਦਵੀ ਮੁਸਲਮਾਨੀ ਸਮਾਜ ਵਿਚ ਬੜੀ ਸਨਮਾਨਯੋਗ ਸੀ ਅਤੇ ਉਸ ਨੂੰ ਮੁਨਸਫ਼ ਦੇ ਅਧਿਕਾਰ ਪ੍ਰਾਪਤ ਸਨ। ਕਾਜੀ ਲੋਕ ਵੱਡੇ ਵੱਡੇ ਤੇ ਅਹਿਮ ਫ਼ੈਸਲੇ ਕਰਦੇ ਸਨ ਅਤੇ ਉਹਨਾਂ ਦੁਆਰਾ ਕੀਤਾ ਫੈਸਲਾ ਰੱਬੀ ਮੰਨਿਆ ਜਾਂਦਾ ਸੀ। ਪਰ ਇਹ ਸਮਾਜਿਕ ਗਿਰਾਵਟ ਦਾ ਅਜਿਹਾ ਸਮਾਂ ਸੀ ਜਦੋਂ ਕਾਜ਼ੀ ਰਿਸ਼ਵਤ ਲੈ ਕੇ ਫ਼ੈਸਲੇ ਕਰਨ ਲੱਗੇ ਅਤੇ ਆਮ ਖ਼ਲਕਤ ਅਤੇ ਮਜਲੂਮਾਂ ਦਾ ਹੱਕ ਮਾਰ ਕੇ ਜ਼ੋਰਾਵਰਾਂ ਦੇ ਹੱਕ ਵਿਚ ਫ਼ੈਸਲੇ ਕਰਕੇ ਅਧਰਮ ਦਾ ਕੰਮ ਕਰ ਰਹੇ ਸਨ। ਭਾਈ ਗੁਰਦਾਸ ਨੇ ਇਸ ਧਾਰਮਿਕ ਅਤੇ ਸਮਾਜਕ ਗਿਰਾਵਟ ਦਾ ਬਿਰਤਾਂਤ ਸਿਰਜਦਿਆਂ ਨਿਡਰਤਾ ਨਾਲ ਕਾਜੀਆਂ ਦੇ ਕਿਰਦਾਰ ਨੂੰ ਨੰਗਾ ਕੀਤਾ ਹੈ:

ਕਾਜੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।।[46]

ਸਮਾਜ ਵਿਚ ਬਹੁਤ ਵੱਡੀ ਗਿਰਾਵਟ ਆ ਗਈ ਸੀ। ਰਾਜਨੀਤਿਕ ਢਾਂਚਾ ਤਹਿਸ ਨਹਿਸ ਹੋ ਗਿਆ ਸੀ। ਚਾਰੇ ਪਾਸੇ ਪਾਪ ਦਾ ਪਸਾਰਾ ਸੀ ਅਤੇ ਧਾਰਮਿਕ ਆਗੂਆਂ ਦਾ ਦੀਨ-ਇਮਾਨ ਖ਼ਤਮ ਹੋ ਗਿਆ ਸੀ। ਭਾਈ ਗੁਰਦਾਸ ਅਗਿਆਨ ਦੇ ਹਨੇਰੇ ਵਿਚ ਭਟਕ ਰਹੀ ਜਨਤਾ ਦੀ ਬੇਬਸੀ ਅਤੇ ਬੇਸਮਝੀ ਕਰਕੇ ਫੈਲੇ ਕੂੜ-ਕੁਸਤਿ ਦਾ ਦ੍ਰਿਸ਼ਟਾਂਤ ਪੇਸ਼ ਕਰਦਿਆਂ ਹਿੰਸਕ ਪ੍ਰਵਿਰਤੀਆ ਦੇ ਵਿਰੋਧੀ ਪੈਂਤੜੇ ਤੋਂ ਬਿਰਤਾਂਤ ਸਿਰਜਦੇ ਲਿਖਦੇ ਹਨ:

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਹੀ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈਂ।[47]

ਭਾਈ ਗੁਰਦਾਸ ਨੇ ਪਾਪ ਅਤੇ ਅਧਰਮ ਦੀ ਗੱਲ ਕਰਦਿਆਂ ਤਤਕਾਲੀ ਸਮਾਜਕ ਸਥਿਤੀ ਦਾ ਬਿਰਤਾਂਤ ਆਪਣੀਆਂ ਵਾਰਾਂ ਰਾਹੀਂ ਸਾਡੇ ਸਨਮੁੱਖ ਦ੍ਰਿਸ਼ਟੀਗੋਚਰ ਕੀਤਾ ਹੈ। ਉਨ੍ਹਾਂ ਨੇ ਧਰਮ ਦੀ ਸੰਗਿਆ ਧਰਤੀ ਹੇਠਲੇ ਬਲਦ ਨਾਲ ਕੀਤੀ ਜਿਸ ਨੇ ਧਰਤੀ ਨੂੰ ਆਪਣੇ ਸਿੰਗਾਂ ਉਤੇ ਚੁੱਕਿਆ ਹੋਇਆ ਹੈ। ਜਦੋਂ ਪਾਪ ਅਤੇ ਅਧਰਮ, ਧਰਮ ਤੇ ਭਾਰੂ ਹੋ ਜਾਂਦਾ ਹੈ ਤਾਂ ਧਰਤੀ ਦੇ ਲੋਕਾਂ ਦਾ ਡੋਲਣਾ ਅਤੇ ਥਿੜਕਣਾ ਕੁਦਰਤੀ ਵਰਤਾਰਾ ਹੈ। ਉਸ ਸਮੇਂ ਕੋਈ ਵੀ ਦੈਵੀ ਰੂਹ ਵਾਲਾ ਵਿਅਕਤੀ ਨਹੀਂ ਸੀ ਜਿਹੜਾ ਲੋਕਾਂ ਨੂੰ ਧੀਰਜ ਬੰਨਾਉਂਦਾ ਅਤੇ ਜ਼ੁਲਮ ਤੋਂ ਉਹਨਾਂ ਦੀ ਰੱਖਿਆ ਕਰਦਾ। ਭਾਈ ਸਾਹਿਬ ਇਸ ਸਮਾਜਿਕ ਅਤੇ ਧਾਰਮਿਕ ਸਥਿਤੀ ਦਾ ਬਿਰਤਾਂਤ ਗੁਰੂ ਨਾਨਕ ਦੀ ਆਵਾਜ਼ ਬਣਕੇ ਇਸ ਤਰ੍ਹਾਂ ਪੇਸ਼ ਕਰਦੇ ਹਨ:

ਵਰਤਿਆ ਪਾਪੁ ਜਗਤ੍ਰਿ ਤੇ ਧਉਲ ਉਡੀਣਾ ਨਿਸਿ ਦਿਨਿ ਰੋਆ।
ਬਾਝੁ ਦਇਆ ਬਲਹੀਣੁ ਹੋਉ ਨਿਘਰੁ ਚੁਲੌ ਰਸਾਤਲਿ ਟੋਆ।
ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।
ਥੰਮੇ ਕੋਇ ਨ ਸਾਧ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।

ਧਰਮ ਧਉਲੁ ਪੁਕਾਰੈ ਤਲੈ ਖੜੋਆ।[48]

ਭਾਈ ਗੁਰਦਾਸ ਅਜਿਹੀ ਸਥਿਤੀ ਦਾ ਵਰਣਨ ਕਰਦੇ ਹੋਏ ਇਹ ਦਰਸਾਉਂਦੇ ਹਨ ਕਿ ਅਜਿਹੇ ਸਮੇਂ ਗੁਰੂ ਨਾਨਕ ਵਰਗੇ ਮਹਾਂਪੁਰਖਾਂ ਦਾ ਆਗਮਨ ਬਹੁਤ ਜ਼ਰੂਰੀ ਸੀ। ਭਾਈ ਗੁਰਦਾਸ ਅਨੁਸਾਰ ਧਰਤੀ ਦੇ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਅਤੇ ਉਹਨਾਂ ਦੀ ਹਾਹਾਕਾਰ ਸੁਣ ਕੇ ਧਰਮ ਦੇ ਰੱਖਿਅਕ ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਧਰਤੀ ਤੇ ਭੇਜਿਆ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਨੇ ਦੇਸ਼ ਦੀ ਗੰਭੀਰ ਅਤੇ ਨਿਘਾਰਮਈ ਹਾਲਤ ਨੂੰ ਚੰਗੀ ਤਰ੍ਹਾਂ ਘੋਖਿਆ। ਜੁਗਗਰਦੀ ਕਰਕੇ ਸਮਾਜ ਵਿਚ ਈਰਖਾ ਦੇ ਭਖਦੇ ਹੋਏ ਭਾਂਬੜ ਉਨ੍ਹਾਂ ਨੂੰ ਨਜ਼ਰ ਆਏ ਅਤੇ ਇਸ ਨਕਾਰਾਤਮਕ ਸਥਿਤੀ ਵਿਚ ਗੁਰੂ ਦੀ ਆਵਸ਼ਕਤਾ ਨੂੰ ਬੜੀ ਤੀਬਰਤਾ ਨਾਲ ਮਹਿਸੂਸ ਕੀਤਾ ਜਾਣ ਲੱਗਾ:

ਬਾਬਾ ਦੇਖੈ ਧਿਆਨ ਧਰਿ। ਜਲਤੀ ਸਭਿ ਪ੍ਰਿਥਵੀ ਦਿਸਿ ਆਈ।।

ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।।[49]

ਭਾਈ ਗੁਰਦਾਸ ਪਹਿਲਾਂ ਉਸ ਸਾਰੀ ਪ੍ਰਿਸਟਭੂਮੀ ਦਾ ਚਿਤ੍ਰਣ ਕਰਦੇ ਹਨ ਜਿਸ ਵਿਚੋਂ ਗੁਰੂ ਦੀ ਲੋੜ ਦੀ ਆਵਾਜ਼ ਬਹੁਤ ਤੀਬਰ ਰੂਪ ਵਿਚ ਉਠਦੀ ਹੈ ਤਾਂ ਜੋ ਸਮਾਜਿਕ ਹਾਲਾਤਾਂ ਨੂੰ ਸੰਭਾਵੀ ਰੂਪ ਪ੍ਰਦਾਨ ਕਰਨ ਦੀ ਕਥਾਤਮਕ ਲੋੜ ਨੂੰ ਪੂਰਾ ਕੀਤਾ ਜਾ ਸਕੇ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਸਾਰਥਕ ਵਿਚਾਰਧਾਰਾ ਰਾਹੀਂ ਜਨਤਾ ਨੂੰ ਇਸ ਅੰਧਕਾਰ ਵਿਚੋਂ ਨਿਕਲਣ ਦਾ ਰਸਤਾ ਦਿਖਾਇਆ। ਉਹਨਾਂ ਨੇ ਸਿੱਧਾਂ ਅਤੇ ਜੋਗੀਆਂ ਦੁਆਰਾ ਲੋਕਾਂ ਨੂੰ ਗੁੰਮਰਾਹ ਕਰਨ ਦਾ ਵਿਰੋਧ ਕਰਦਿਆਂ ਸਖਤ ਰੋਸ ਪ੍ਰਗਟ ਕੀਤਾ। ਸਿੱਧ/ਨਾਥ/ਜੋਗੀ ਧਰਤੀ ਦੇ ਦੁੱਖਾਂ ਅਤੇ ਸਮੱਸਿਆਵਾਂ ਤੋਂ ਬੇਮੁੱਖ ਹੋ ਕੇ ਪਰਬਤਾਂ ਵਿਚ ਜਾ ਲੁਕੇ। ਭਾਈ ਗੁਰਦਾਸ ਮੁਤਾਬਕ ਬਾਬੇ ਨਾਨਕ ਨੇ ਉਹਨਾਂ ਨੂੰ ਧਰਤੀ ਤੇ ਵਰਤ ਰਹੇ ਪਾਪ ਤੇ ਜ਼ੁਲਮ ਬਾਰੇ ਗਿਆਨ ਦਿੰਦਿਆਂ ਸਖ਼ਤ ਰੋਸ ਦਾ ਬਿਰਤਾਂਤ ਪੇਸ਼ ਕੀਤਾ।

ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।

ਪਾਪਿ ਗਿਰਾਸੀ ਪਿਰਥਮੀ ਧਉਲੁ ਖੜਾ ਧੁਰਿ ਹੇਠ ਪੁਕਾਰਾ।

ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।

ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ।

ਬਾਝੁ ਗੁਰੂ ਡੁੱਬਾ ਜਗੁ ਸਾਰਾ।।[50]

ਭਾਈ ਗੁਰਦਾਸ ਦਾ ਮੰਤਵ ਸਾਧਾਰਨ ਲੋਕ-ਮਨਾਂ ਉੱਪਰ ਗੁਰੂ ਨਾਨਕ ਦੀ ਸਖਸ਼ੀਅਤ ਦੀ ਡੂੰਘੀ ਛਾਪ ਦੇ ਪ੍ਰਭਾਵ ਨੂੰ ਦਰਸਾਉਣਾ ਅਤੇ ਉਹਨਾਂ ਦੇ ਮਿਸ਼ਨ ਨੂੰ ਸਪਸ਼ਟ ਕਰਨਾ ਜਾਪਦਾ ਹੈ। ਇਸ ਮੰਤਵ ਸਦਕਾ ਹੀ ਉਹਨਾਂ ਨੇ ਗੁਰੂ ਨਾਨਕ ਦੁਆਰਾ ਜੱਗ ਦੇ ਭਲੇ ਲਈ ਕੀਤੇ ਉਪਰਾਲਿਆਂ ਅਤੇ ਅੰਧਵਿਸ਼ਵਾਸਾਂ ਪ੍ਰਤੀ ਗਿਆਨ ਭਰਪੂਰ ਉਪਦੇਸ਼ਾਂ ਬਾਰੇ ਰੋਸ਼ਨੀ ਪਾਈ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਉਹਨਾਂ ਕਾਰਨਾਂ ਤੋਂ ਜਾਣੂ ਕਰਵਾਇਆ ਜਿੰਨਾਂ ਕਰਕੇ ਲੋਕ ਗਿਲਾਨੀ ਭਰੀ ਜ਼ਿੰਦਗੀ ਜਿਉਣ ਅਤੇ ਜ਼ੁਲਮ ਦਾ ਸ਼ਿਕਾਰ ਹੋਣ ਲਈ ਮਜ਼ਬੂਰ ਸਨ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵਿਚ ਆਤਮ-ਵਿਸ਼ਵਾਸ ਅਤੇ ਸਵੈ-ਮਾਣ ਵਰਗੇ ਗੁਣਾਂ ਦਾ ਨਿਰੂਪਣ ਕੀਤਾ। ਉਚ-ਨੀਚ ਅਤੇ ਸਰੇਸ਼ਟ ਇਸ਼ਟ ਬਾਰੇ ਗਿਆਨ ਦਿੰਦਿਆਂ ਪ੍ਰਭੂ ਦੀ ਏਕਤਾ ਦੇ ਵਿਸ਼ਵਾਸ ਦੇ ਬਿਰਤਾਂਤ ਰਾਹੀਂ ਉਹਨਾਂ ਦੀ ਅਗਿਆਨਤਾ ਦੂਰ ਕੀਤੀ।

ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗਿ ਅੰਦਰਿ ਇਕ ਦਿਖਾਇਆ।

ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਨਿ ਕਰਾਇਆ।[51]

ਭਾਈ ਗੁਰਦਾਸ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੀ ਸਥਿਤੀ ਦਾ ਵਰਣਨ ਕਰਦੇ ਹੋਏ ਸਮਾਜ ਵਿਚ ਚਾਰ ਵਰਣਾਂ ਦੇ ਊਚ-ਨੀਚ ਦੇ ਭੇਦ ਭਾਵ ਦਾ ਬਿਰਤਾਂਤ ਪੇਸ਼ ਕਰਦੇ ਹਨ। ਲੋਕਾਂ ਵਿਚ ਉੱਚ-ਜਾਤੀ ਅਤੇ ਨੀਵੀਂ ਜਾਤੀ ਕਰਕੇ ਈਰਖਾ ਅਤੇ ਵੈਰ-ਵਿਰੋਧ ਦਾ ਬੋਲਬਾਲਾ ਸੀ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਤਰਕ ਅਧਾਰਤ ਗਿਆਨ ਰਾਹੀਂ ਨਿਮਰਤਾ ਦਾ ਪਾਠ ਪੜ੍ਹਾਇਆ ਅਤੇ ਮਨ ਦੀ ਗਰੀਬੀ ਨੂੰ ਵਿਸ਼ੇਸ਼ ਮਨੁੱਖੀ ਗੁਣ ਦਸਦਿਆਂ ਪ੍ਰਭੂ ਪ੍ਰਾਪਤੀ ਦਾ ਮਾਰਗ ਦੱਸਿਆ। ਅਮੀਰ ਅਤੇ ਗਰੀਬ ਵਿਚ ਨਿਮਰਤਾ ਦਾ ਭਾਵ ਪੈਦਾ ਕਰਕੇ ਉਹਨਾਂ ਵਿਚ

ਨੇੜਤਾ ਲਿਆਂਦੀ ਅਤੇ ਬਰਾਬਰੀ ਦਾ ਅਹਿਸਾਸ ਉਹਨਾਂ ਦੇ ਮਨਾਂ ਵਿਚ ਪੱਕੇ ਤੌਰ ਤੇ ਪੈਦਾ ਕੀਤਾ। ਭਾਈ ਗੁਰਦਾਸ ਨੇ ਇਸ ਬਰਾਬਰੀ ਦੇ ਸੰਕਲਪ ਦਾ ਬਿਰਤਾਂਤ ਆਪਣੀ ਪਹਿਲੀ ਵਾਰ ਵਿਚ ਪੇਸ਼ ਕੀਤਾ ਹੈ।

ਰਾਣਾ ਰੰਕ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।

ਉਲਟ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।[52]

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਗੁਰੂ ਨਾਨਕ ਦੁਆਰਾ ਦੱਸੇ ਇਸ਼ਟ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕਰਨ ਦੀ ਥਾਂ ਇਕ ਨਾਮ ਨੂੰ ਧਿਆਉਣ ਉਪਰ ਜ਼ੋਰ ਦਿੱਤਾ। ਉਹਨਾਂ ਦੁਆਰਾ ਦੱਸਿਆ ਅਜਿਹਾ ਨਾਮ ਸਾਰਿਆਂ ਲਈ ਸਾਂਝਾ ਸੀ ਅਤੇ ਇਸ ਨੂੰ ਅਪਣਾਉਣ ਤੋਂ ਕਿਸੇ ਨੂੰ ਕੋਈ ਇਤਰਾਜ ਨਹੀਂ ਸੀ ਹੋ ਸਕਦਾ। ਉਹ ਨਾਮ ਸੀ 'ਸਤਿਨਾਮ'। ਪ੍ਰਭੂ ਨੂੰ ਗੁਰੂ ਨਾਨਕ ਨੇ ਸਤਿ ਕਿਹਾ ਹੈ। ਸਤਿ ਪ੍ਰਭੂ ਦੇ ਸਦੀਵੀ ਹੋਣ ਦਾ ਭਾਵ ਪ੍ਰਗਟਾਂਦਾ ਹੈ ਜੋ ਪਹਿਲਾਂ ਵੀ ਸੀ, ਹੁਣ ਵੀ ਹੈ ਅਤੇ ਅੱਗੋਂ ਵੀ ਹੋਵੇਗਾ। ਭਾਈ ਗੁਰਦਾਸ ਨੇ ਕਲਿਯੁਗ ਵਿਚ ਡੁੱਬੇ ਜੀਵਾਂ ਨੂੰ ਤਾਰਨ ਦੇ ਬਿਰਤਾਂਤ ਦੀ ਅਰਥ ਵਿਊਂਤ ਇਸ ਤਰ੍ਹਾਂ ਕੀਤੀ ਕਿ ਸਭ ਨੇ ਉਸ ਇਕ ਪ੍ਰਭੂ ਨੂੰ ਸਰਵ ਸਾਂਝਾ ਇਸ਼ਟ ਪ੍ਰਵਾਨ ਕਰ ਲਿਆ।

ਕਲਯੁਗ ਬਾਬੇ ਤਾਰਿਆ ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ।

ਕਲਿ ਤਾਰਣਿ ਗੁਰੁ ਨਾਨਕੁ ਆਇਆ।[53]

ਭਾਈ ਗੁਰਦਾਸ ਦੀ ਕਾਵਿ-ਰਚਨਾ ਗੁਰਬਾਣੀ ਦੀ ਵਿਆਖਿਆ ਕਰਨ ਦੇ ਨਾਲ ਨਾਲ ਗੁਰਮਤਿ ਦਰਸ਼ਨ ਅਤੇ ਗੁਰੂ ਇਤਿਹਾਸ ਬਾਰੇ ਵਿਸਤਾਰ ਸਹਿਤ ਸਮਝਣ ਵਿਚ ਮਾਰਗ ਦਰਸ਼ਕ ਦਾ ਕੰਮ ਕਰਦੀ ਹੈ। ਗੁਰੂ ਘਰ ਦੇ ਸਦਾ ਨੇੜੇ ਰਹਿਣ, ਕ੍ਰਿਪਾ ਪਾਤਰ ਅਤੇ ਮੁੱਖ ਪ੍ਰਬੰਧਕ ਰਹੇ ਹੋਣ ਕਰਕੇ ਗੁਰਮਤਿ ਅਤੇ ਗੁਰਬਾਣੀ ਸਿਧਾਂਤਾਂ ਅਤੇ ਸੰਕਲਪਾਂ ਉਪਰ ਭਾਈ ਗੁਰਦਾਸ ਦਾ ਪੂਰਨ ਅਧਿਕਾਰ ਸੀ। ਆਪ ਨੂੰ ਸਿੱਖ ਮੱਤ ਦੇ ਪਹਿਲੇ ਪ੍ਰਮਾਣਿਕ ਵਿਆਖਿਆਕਾਰ ਮੰਨਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਦੀ ਬਾਣੀ ਨੂੰ ਗੁਰਮਤਿ ਦਾ ਨਿਚੋੜ ਅਤੇ ਸਰਲ ਭਾਸ਼ਾ ਰਾਹੀਂ

ਲੋਕ ਚੇਤਨਾ ਨੂੰ ਉਚ ਅਧਿਆਤਮਕ ਜੀਵਨ ਨਾਲ ਜੋੜਨ ਵਾਲੇ ਬਿਰਤਾਂਤਮਈ ਵਾਰ-ਕਾਵਿ ਨੂੰ ਉਸ ਸਮੇਂ ਦਾ ਮਹਾਨ ਕਾਰਜ ਮੰਨਦਿਆਂ ਉਨ੍ਹਾਂ ਦੀ ਸਾਹਿਤਕ ਪ੍ਰਤਿਭਾ ਦੀ ਪ੍ਰਸ਼ੰਸਾ ਕੀਤੀ। ਵਿਆਖਿਆਕਾਰ ਦੇ ਰੂਪ ਵਿਚ ਭਾਈ ਗੁਰਦਾਸ ਦੀ ਮਹਾਨਤਾ ਉਜਾਗਰ ਕਰਦਿਆਂ ਹੋਇਆਂ ਗਿਆਨੀ ਲਾਲ ਸਿੰਘ ਲਿਖਦੇ ਹਨ:

> ਵੇਦਾਂ ਨੂੰ ਸਮਝਗੋਚਰਾ ਕਰਨ ਲਈ ਰਿਸ਼ੀ ਵੇਦ ਵਿਆਸ ਨੇ ਵਿਸਥਾਰ ਕੀਤਾ। ਅੰਜੀਲ ਦੀ ਵਿਆਖਿਆ ਸੇਂਟ ਪਾਲ ਤੇ ਸੇਂਟ ਪੀਟਰ ਨੇ ਕੀਤੀ ਅਤੇ ਕੁਰਾਨ ਦੀਆਂ ਹਦੀਸਾਂ ਅਬੂ ਹਰੈਰਾ ਅਤੇ ਹਜ਼ਰਤ ਐਸਾਂ ਨੇ ਲਿਖੀਆਂ। ਜੋ ਮਾਣ ਤੇ ਸਥਾਨ ਇਹਨਾਂ ਵਿਅਕਤੀਆਂ ਨੂੰ ਪੁਰਾਣੇ ਸਾਹਿਤ ਦੀ ਵਿਆਖਿਆ ਤੋਂ ਪ੍ਰਾਪਤ ਹੋਇਆ, ਉਹੋ ਹੀ ਮਾਣ ਤੇ ਸਥਾਨ ਗੁਰਮਤਿ ਸਾਹਿਤ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ।[54]

ਭਾਈ ਗੁਰਦਾਸ ਦੀਆਂ ਵਾਰਾਂ ਗੁਰਮਤਿ ਦਰਸ਼ਨ ਦਾ ਵਿਖਿਆਨ ਏਨੀ ਸਰਲ ਭਾਸ਼ਾ ਵਿਚ ਕਰਦੀਆਂ ਹਨ ਕਿ ਗੁੰਝਲਦਾਰ ਸੰਕਲਪ ਵੀ ਆਮ ਵਿਅਕਤੀ ਨੂੰ ਅਸਾਨੀ ਨਾਲ ਸਮਝ ਆ ਜਾਂਦੇ ਹਨ। ਆਪ ਦੀ ਵਾਰ ਦਾ ਹਰ ਵਾਕ ਅਤੇ ਪਉੜੀ ਗੁਰਮਤਿ ਦਰਸ਼ਨ ਅਤੇ ਸਿਖਿਆ ਦਾ ਉਤਮ ਖ਼ਜਾਨਾ ਹੈ। ਆਪ ਦੀ ਰਚਨਾ ਪੜ੍ਹ ਕੇ ਵਿਅਕਤੀ ਪਰਮਾਰਥ ਦੇ ਰਾਹ ਅਸਾਨੀ ਨਾਲ ਚਲ ਸਕਦਾ ਹੈ। ਆਪ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਅਤੇ ਉਹਨਾਂ ਦੁਆਰਾ ਭਰਮ ਭੁਲੇਖਿਆਂ ਅਤੇ ਅੰਧ ਵਿਸ਼ਵਾਸਾਂ ਵਿਚ ਪਈ ਜਨਤਾ ਨੂੰ ਸਹੀ ਮਾਰਗ ਦੱਸਦਿਆਂ ਹਰ ਤਰ੍ਹਾਂ ਦੇ ਧਾਰਮਿਕ ਪਾਖੰਡ ਦਾ ਪਰਦਾ ਫਾਸ ਕੀਤਾ। ਆਪ ਨੇ ਇਕ ਪਰਮਾਤਮਾ ਦੇ ਸੰਕਲਪ ਨੂੰ ਦ੍ਰਿੜ ਕਰਵਾਉਂਦਿਆਂ ਉਸ ਨੂੰ ਪ੍ਰੇਮ ਅਤੇ ਭਗਤੀ ਨਾਲ ਪ੍ਰਾਪਤ ਕਰਨ ਦਾ ਰਾਹ ਦੱਸਿਆ। ਪਰਮਾਰਥ ਦਾ ਰਸਤਾ ਫਰਾਖਦਿਲੀ ਅਤੇ ਤਿਆਗ ਦਾ ਰਸਤਾ ਹੈ ਜਿਸ ਦੇ ਰਸਤੇ ਵਿਚ ਅਨੇਕਾਂ ਪ੍ਰਕਾਰ ਦੀਆਂ ਰੁਕਾਵਟਾਂ ਆਉਂਦੀਆਂ ਹਨ। ਇਹ ਰੁਕਾਵਟਾਂ ਹਿੰਸਾ ਦਾ ਰੂਪ ਬਣਦੀਆਂ

ਹਨ। ਸਿੱਧ ਜੋਗੀਆਂ ਦੀ ਧਾਰਮਿਕਤਾ ਨੂੰ ਲੈ ਕੇ ਭਾਈ ਗੁਰਦਾਸ ਸਾਡੇ ਸਾਹਮਣੇ ਦੋ ਤੱਥ ਪ੍ਰਸਤੁਤ ਕਰਦੇ ਹਨ। ਪਹਿਲਾ ਤੱਥ ਸਮਕਾਲੀ ਸਮਾਜਕ ਅਤੇ ਧਾਰਮਿਕ ਕੀਮਤਾਂ ਦੇ ਵਿਵੇਚਨ ਦਾ ਹੈ ਅਤੇ ਇਸ ਪੱਖੋਂ ਸਥਿਤੀ ਪਾਪ ਗਿਰਾਸੀ ਪ੍ਰਿਥਵੀ ਵਾਲੀ ਹੈ। ਦੂਜਾ ਪੱਖ ਧਾਰਮਿਕ ਅਤੇ ਸਮਾਜਿਕ ਆਗੂਆਂ ਦਾ ਹੈ ਜੋ ਅਗਵਾਈ ਦੇਣ ਦੀ ਥਾਂ ਲੁਕੇ ਬੈਠੇ ਹਨ ਜਾਂ ਆਪਣੀਆਂ ਅਖੌਤੀ ਵਿਅਕਤੀਗਤ ਧਾਰਮਿਕ ਉਡਾਰੀਆਂ ਵਿਚ ਮਸਤ ਹਨ। ਇਸ ਹਾਲਤ ਵਿਚ ਜਗਤ ਦੇ ਪਾਰ ਉਤਾਰੇ ਦਾ ਪ੍ਰਸ਼ਨ ਸਾਹਮਣੇ ਹੈ। ਇਸ ਕਿਸਮ ਦਾ ਧਾਰਮਿਕ ਵਤੀਰਾ ਪ੍ਰਚੱਲਿਤ ਭਗਤੀ ਭਾਵਨਾ ਦਾ ਭਾਗ ਮੰਨਿਆ ਜਾਣ ਲੱਗ ਪਿਆ ਸੀ। ਜੋਗੀਆਂ ਬਾਰੇ ਤਾਂ ਗੁਰੂ ਨਾਨਕ ਦੇਵ ਜੀ 'ਸਿਧ ਗੋਸਟਿ' ਵਿਚ ਵਿਸਤ੍ਰਿਤ ਚਰਚਾ ਕਰਕੇ ਕੁੱਝ ਸਿੱਟੇ ਕੱਢਦੇ ਹਨ ਅਤੇ ਇਹਨਾਂ ਸਿੱਟਿਆਂ ਦੇ ਆਧਾਰ 'ਤੇ ਭਾਈ ਸਾਹਿਬ ਨੇ 'ਗੋਰਖ ਜਗਾਯੋ ਜੋਗ, ਭਗਤਿ ਭਜਾਯੋ ਲੋਗ' ਤੱਕ ਆਖ ਦਿੱਤਾ ਹੈ। ਭਗਤੀ ਦੀ ਭਾਵਨਾ ਤੋਂ ਅਭਿੱਜ ਧਾਰਮਿਕ ਨੇਤਾ ਅਗਵਾਈ ਅਤੇ ਗਿਆਨ ਪ੍ਰਦਾਨ ਕਰਨ ਦੀ ਥਾਂ 'ਕੂੜ ਕੁਸਤੁ' ਨੂੰ ਫੈਲਾ ਰਹੇ ਸਨ। ਇਸ ਅਗਿਆਨਤਾ ਵਿਚੋਂ ਧਾਰਮਿਕਤਾ ਦਾ ਕਾਲਾ ਰੂਪ ਸਾਹਮਣੇ ਆ ਰਿਹਾ ਸੀ। ਝੂਠ ਤੇ ਬੇਸ਼ਰਮੀ ਦੇ ਬੋਲ ਬਾਲੇ ਵੱਲ ਭਾਈ ਸਾਹਿਬ ਨੇ ਆਪਣੀਆਂ ਵਾਰਾਂ ਵਿਚ ਸੰਕੇਤ ਕੀਤੇ ਹੋਏ ਹਨ। ਇਸ ਹਾਲਤ ਨੂੰ 'ਉਲਟੀ ਵਾੜ ਖੇਤ ਕਉ ਖਾਈ' ਆਖਿਆ ਹੈ।

ਪਾਪ ਗਿਰਾਸੀ ਪਿਰਥਮੀ ਧਉਲ ਖੜਾ ਧਰਿ ਹੇਠ ਪੁਕਾਰਾ।।
ਸਿਧ ਛਪਿ ਬੈਠੇ ਪਰਬਤੀ ਕਉਣ ਜਗਤ੍ਰਿ ਕਉ ਪਾਰਿ ਉਤਾਰਾ।।[55]

ਲੋਕਾਈ ਨੂੰ ਇਸ ਸਥਿਤੀ ਵਿਚੋਂ ਕੱਢਣ ਲਈ ਗੁਰੂ ਨਾਨਕ ਦੇ ਅਵਤਾਰ ਰੂਪ ਨੂੰ ਪ੍ਰਵਾਨ ਕੀਤਾ ਗਿਆ ਹੈ। ਭਾਈ ਗੁਰਦਾਸ ਨੇ ਇਸ ਦੀ ਪ੍ਰਸਤੁਤੀ ਮਿਥਿਕ ਬਿਰਤਾਂਤ ਰਾਹੀਂ ਪੇਸ਼ ਕੀਤੀ ਹੈ। ਭਾਈ ਗੁਰਦਾਸ ਨੇ ਇਸ ਸਥਿਤੀ ਨੂੰ 'ਗੁਰੂ ਨਾਨਕ ਜਗ ਮਾਹਿ ਪਠਾਇਆ' ਆਖਿਆ ਹੈ। ਗੁਰਮਤਿ ਵਿਚ ਪ੍ਰਸਤੁਤ ਭਗਤੀ ਦੇ ਸੰਕਲਪ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਨੇ ਭਗਤੀ ਦੀ ਸਤਿਤਾ ਨੂੰ ਗ੍ਰਹਿਣ ਵੀ ਕੀਤਾ ਹੈ ਅਤੇ ਇਸ ਦੀ ਸੰਭਾਲ ਵੀ ਕੀਤੀ ਹੈ। ਭਗਤੀ

ਭਾਵਨਾ ਤੇ ਛਾਈ ਹੋਈ ਕੂੜ ਦੀ ਧੁੰਦ ਨੂੰ ਗੁਰਮਤਿ ਨੇ ਖ਼ਤਮ ਕਰ ਦਿੱਤਾ ਅਤੇ ਭਗਤੀ ਦਾ ਸ਼ੁੱਧ ਕਲਿਆਣਕਾਰੀ ਸਰੂਪ ਪ੍ਰਸਤੁਤ ਕੀਤਾ। ਗੁਰੂ ਸਾਹਿਬ ਨੇ ਕੀਰਤਨ ਦਾ ਮਾਹੌਲ ਉਸਾਰ ਕੇ ਸਮੁੱਚੀ ਭਗਤੀ ਲਹਿਰ ਦਾ ਮੂੰਹ ਨਿੱਜ ਮੁਕਤੀ ਵਲੋਂ ਮੋੜ ਕੇ ਸਮੂਹਿਕ ਮੁਕਤੀ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪੁਨਰ ਜਾਗ੍ਰਿਤੀ ਵੱਲ ਕਰ ਦਿੱਤਾ। ਭਾਈ ਗੁਰਦਾਸ ਇਸ ਮਨੁੱਖੀ ਕਲਿਆਣ ਦੇ ਸਰੋਕਾਰਾਂ ਦਾ ਬਿਰਤਾਂਤ ਸਿਰਜਦਿਆਂ ਲਿਖਦੇ ਹਨ:

ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕੁ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ।[56]

ਭਾਈ ਗੁਰਦਾਸ ਨੇ ਭਗਤੀ ਨੂੰ ਪਰਮਾਰਥ ਦਾ ਰਾਹ ਮੰਨਦਿਆਂ ਇਸ ਨੂੰ "ਗੁਰਮੁਖਿ ਗਾਡੀ ਰਾਹੁ' ਪਰਵਾਨ ਕੀਤਾ ਹੈ। ਇਹ ਮਾਰਗ ਸਵੈ-ਨਿਯੰਤ੍ਰਨ ਦਾ ਮਾਰਗ ਹੈ। ਇਸ ਵਿਚ ਸ਼ਬਦ ਸੁਰਤਿ ਦੀ ਲਿਵ ਜ਼ਰੂਰੀ ਪਰਵਾਨ ਕੀਤੀ ਗਈ ਹੈ। ਪਰ ਇਹ ਲਿਵ ਜੋਗੀਆਂ ਵੱਲੋਂ ਪਰਵਾਨਤ ਬਾਰਾਂ ਰਸਤਿਆਂ ਰਾਹੀਂ ਪ੍ਰਾਪਤ ਹੋਣ ਤੱਕ ਸੀਮਿਤ ਨਹੀਂ ਹੈ। ਇਸ ਪੱਖੋਂ ਭਗਤੀ ਦੇ ਕਰਮ ਖੇਤਰ ਵਾਸਤੇ ਭਾਈ ਸਾਹਿਬ ਨੇ ਸਾਧ ਸੰਗਤਿ ਦੇ ਸੰਕਲਪ ਨੂੰ ਪ੍ਰਸਤੁਤ ਕੀਤਾ ਹੈ ਅਤੇ ਭਗਤੀ ਸਾਧ ਸੰਗਤਿ ਰਾਹੀਂ ਪ੍ਰਾਪਤ ਕੀਤਾ ਪ੍ਰੇਮ ਦਾ ਜ਼ਜ਼ਬਾ ਹੈ। ਇਸੇ ਨੂੰ 'ਭਾਉ ਭਗਤਿ' ਆਖਿਆ ਹੈ। ਇਸ ਦਾ ਮੰਤ੍ਰ ਨਾਮ, ਦਾਨ ਤੇ ਇਸਨਾਨ ਨੂੰ ਪਰਵਾਨ ਕੀਤਾ ਹੈ। ਭਗਤੀ ਦਾ ਸੰਦਰਭ ਪਾਣੀ ਵਿਚ ਕੰਵਲ ਵਾਂਗ ਨਿਰਲੇਪ ਹੋਣ ਦਾ ਹੈ ਅਤੇ ਮਾਇਆ ਵਿਚ ਉਦਾਸ ਰਹਿਣ ਦਾ ਹੈ ਭਾਵ ਨਿਰਮੋਹ ਰਹਿਣ ਦਾ ਹੈ। ਇਸ ਤਰ੍ਹਾਂ ਭਾਈ ਗੁਰਦਾਸ ਨੇ ਗੁਰਮਤਿ ਦੇ ਪਰਮਾਰਥ ਰਾਹੀਂ ਜੀਵਨ ਦਾ ਸਹੀ ਰਸਤਾ ਦਿਖਾਇਆ ਹੈ। ਗੁਰੂ ਨਾਨਕ ਨੇ ਇਸ ਰਸਤੇ ਤੇ ਚਲਦਿਆਂ ਮਾਨਸਿਕ ਤੇ ਸਰੀਰਕ ਹਿੰਸਾ ਦਾ ਸਾਹਮਣਾ ਕੀਤਾ। ਭਾਈ ਗੁਰਦਾਸ ਨੇ ਮੱਕੇ ਦਾ ਬਿਰਤਾਂਤ ਸਿਰਜਿਆ ਜਿਸ ਰਾਹੀਂ ਗੁਰੂ ਨਾਨਕ ਪ੍ਰਤਿ ਹਿੰਸਕ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਸਮੂਰਤ ਹੋ ਜਾਂਦਾ ਹੈ:

ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।
ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇਆ ਬਜਿਗਾਰੀ।।[57]

ਗੁਰੂ ਨਾਨਕ ਦੇ ਆਗਮਨ ਤੋਂ ਪਹਿਲਾਂ ਦੀ ਸਮਾਜਕ ਸਥਿਤੀ ਬਾਰੇ ਵਰਣਨ ਕਰਦਿਆਂ ਭਾਈ ਗੁਰਦਾਸ ਲਿਖਦੇ ਹਨ ਕਿ ਸਮਾਜ ਵਿਚ ਜੁਗਗਰਦੀ ਅਤੇ ਹਿੰਸਾ ਦਾ ਬੋਲਬਾਲਾ ਸੀ। ਈਰਖਾ ਅਤੇ ਸੁਆਰਥ ਕਰਕੇ ਆਪੋ ਧਾਪੀ ਇਸ ਸਮੇਂ ਦੀਆਂ ਸ਼ਕਤੀਸ਼ਾਲੀ ਬਿਰਤੀਆਂ ਸਨ ਜੋ ਸਮਾਜ ਅਤੇ ਧਰਮ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੀਆਂ ਹਨ। ਪਿਆਰ ਲੋਕਾਂ ਨੂੰ ਜੋੜਦਾ ਹੈ ਅਤੇ ਨੇੜੇ ਲਿਆਉਂਦਾ ਹੈ। ਈਰਖਾ ਅਨੇਕਤਾ ਵਿਚ ਵੰਡਦੀ ਜਾਂ ਖਿੰਡਾਉਂਦੀ ਹੈ ਅਤੇ ਪਰਸਪਰ ਝਗੜੇ ਵਧਾਉਂਦੀ ਹੈ। ਗੁਰੂ ਨਾਨਕ ਤੋਂ ਪਹਿਲਾਂ ਹਿੰਦੂ ਵੱਖ-ਵੱਖ ਮੱਤਾਂ ਵਿਚ ਵੰਡੇ ਹੋਏ ਇਕ ਦੂਜੇ ਤੋਂ ਦੂਰ ਹੋ ਗਏ ਸਨ। ਇਸੇ ਤਰ੍ਹਾਂ ਮੁਸਲਮਾਨਾਂ ਵਿਚ ਕਈ ਫਿਰਕੇ ਸਨ ਅਤੇ ਉਹਨਾਂ ਦਾ ਆਪਸ ਵਿਚ ਵੈਰ-ਵਿਰੋਧ ਸੀ। ਹਿੰਦੂਆਂ ਅਤੇ ਮੁਸਲਮਾਨਾਂ ਵਿਚ ਨਫ਼ਰਤ ਅਤੇ ਵਿਰੋਧ ਵੱਡੇ ਪੱਧਰ ਤੇ ਸੀ। ਭਾਈ ਗੁਰਦਾਸ ਨੇ ਅਜਿਹੇ ਲੋਕਾਂ ਦੇ ਵਿਵਹਾਰ ਕਰਕੇ ਉਹਨਾਂ ਨੂੰ ਫੋਕਟ ਧਰਮੀ ਕਿਹਾ ਹੈ। ਧਰਮ ਵੀ ਅਧਰਮ ਵਿਚ ਬਦਲ ਗਿਆ ਸੀ। ਭਾਈ ਗੁਰਦਾਸ ਨੇ ਉਸ ਸਮੇਂ ਦੇ ਧਾਰਮਿਕ ਪਾਖੰਡ ਦਾ ਵਿਰੋਧ ਕਰਦਿਆਂ ਅਤੇ ਪਰਮਾਰਥ ਦੇ ਰਾਹ ਚਲਦਿਆਂ ਇਹਨਾਂ ਲੋਕਾਂ ਦੁਆਰਾ ਗੁਰੂ ਨਾਨਕ ਦੇ ਰਸਤੇ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਦੇ ਹਿੰਸਕ ਬਿਰਤਾਂਤ ਦਾ ਵਰਨਣ ਆਪਣੀਆਂ ਵਾਰਾਂ ਵਿਚ ਕੀਤਾ ਹੈ।

ਚਾਰਿ ਵਰਨਿ ਚਾਰਿ ਮਜ਼ਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।।[58]

ਗੁਰੂ ਨਾਨਕ ਦੇਵ ਜੀ ਨੇ ਸਾਰੇ ਜਗਤ ਦੇ ਕਲਿਆਣ ਲਈ ਸਤਿਨਾਮ ਦਾ ਮੰਤ੍ਰ ਸੁਣਾਇਆ। ਉਸ ਸਮੇਂ ਲੋਕਾਈ ਵੱਖ-ਵਖ ਇਸ਼ਟਾਂ ਨੂੰ ਮੰਨਦੀ ਹੋਈ ਭਰਮ ਭੁਲੇਖਿਆਂ ਵਿਚ ਜਨਮ ਮਰਨ ਦੇ ਚਕਰਵਿਊ ਵਿਚ ਫਸੀ ਹੋਈ ਸੀ। ਵੱਖ-ਵੱਖ ਧਰਮਾਂ ਦੇ ਪੈਰੋਕਾਰ ਆਪਣੇ ਨਿੱਜੀ ਹਿੱਤਾਂ ਲਈ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ। ਉਨ੍ਹਾਂ ਨੂੰ ਇਸ ਕੂੜ ਦੇ ਭੰਵਰ ਵਿਚੋਂ ਨਿਕਲਣ ਦਾ ਕੋਈ ਜਰੀਆ ਨਹੀਂ ਦਿਸ ਰਿਹਾ ਸੀ। ਗੁਰੂ ਨਾਨਕ ਦੀ ਸਿੱਖਿਆ ਤੇ ਚਲ ਕੇ ਉਹਨਾਂ ਨੇ ਨਾਮ ਦੇ ਮੰਤ੍ਰ ਦਾ ਮਨਨ ਕਰਕੇ ਜਨਮ ਮਰਨ ਦੇ ਡਰ ਅਤੇ ਦੁੱਖਾਂ ਤੋਂ ਮੁਕਤੀ ਪ੍ਰਾਪਤ ਕਰ ਲਈ। ਭਾਈ

ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਜਗਤ ਉਤਪਤੀ ਬਾਰੇ ਗਿਆਨ ਦਿੰਦਿਆਂ ਪੂਰਵ ਭਰਮ, ਭੁਲੇਖਿਆਂ ਨੂੰ ਦੂਰ ਕੀਤਾ। ਗੁਰੂ ਨਾਨਕ ਦੇਵ ਜੀ ਨੇ ਪਰਮਾਰਥ ਹਿੱਤ ਝੂਠ ਦਾ ਵਿਰੋਧ ਕਰਦਿਆਂ ਸੱਚ ਦਾ ਰਸਤਾ ਦਿਖਾਇਆ। ਸਮਾਜ ਵੱਖੋ-ਵੱਖ ਜਾਤਾਂ ਭਾਵ ਚਾਰ ਵਰਣਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਵੰਡਿਆ ਹੋਇਆ ਸੀ। ਨੀਵੀਆਂ ਜਾਤਾਂ ਦੀ ਵਡਿਆਈ ਕਰਕੇ ਉਹਨਾਂ ਨੂੰ ਦੂਜੀਆਂ ਜਾਤਾਂ ਦੇ ਬਰਾਬਰ ਮਾਣ-ਸਨਮਾਨ ਦੇਣਾ ਪਰਮਾਰਥ ਦਾ ਕੰਮ ਸੀ। ਆਮ ਜਨਤਾ ਨੂੰ ਤੰਤ੍ਰ ਮੰਤ੍ਰ ਅਤੇ ਪਾਖੰਡਾਂ ਤੋਂ ਮੁਕਤੀ ਦਿਵਾਉਣ ਲਈ ਇਹਨਾਂ ਪਾਖੰਡੀਆਂ ਦਾ ਵਿਰੋਧ ਕਰਨਾ ਹਿੰਸਾ ਦਾ ਸਾਹਮਣਾ ਕਰਨਾ ਯਕੀਨੀ ਸੀ। ਭਾਈ ਗੁਰਦਾਸ ਨੇ ਇਨ੍ਹਾਂ ਦੇ ਹਿੰਸਕ ਬਿਰਤਾਂਤ ਨੂੰ ਪ੍ਰਸਤੁਤ ਕਰਦਿਆਂ ਸਮਾਜਕ ਹਾਲਤ ਦਾ ਦ੍ਰਿਸ਼ ਸਾਡੇ ਸਾਹਮਣੇ ਸਾਕਾਰ ਰੂਪ ਵਿਚ ਪੇਸ਼ ਕੀਤਾ ਹੈ।

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ॥
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ॥[59]

ਭਾਈ ਗੁਰਦਾਸ ਨੇ ਜਗਤ ਵਿਚ ਵੈਰ ਵਿਰੋਧ ਅਤੇ ਭੇਖਾਂ ਦੀ ਬਹੁਗਿਣਤੀ ਦਾ ਵਰਣਨ ਕਰਦਿਆਂ ਇਸ ਨੂੰ ਝੂਠ ਅਤੇ ਅਡੰਬਰ ਭਰਿਆ ਕਿਰਦਾਰ ਕਿਹਾ ਹੈ। ਇਸ ਤਰ੍ਹਾਂ ਇਕ ਰੱਬ ਦੀ ਭਗਤੀ ਦਾ ਮਾਰਗ ਦੱਸਦਿਆਂ ਬ੍ਰਾਹਮਣਾਂ ਦੇ ਵੱਖੋ-ਵੱਖਰੇ ਸਿਧਾਂਤਾਂ ਦਾ ਸਾਹਮਣਾ ਵੀ ਹਿੰਸਾ ਦਾ ਸਾਹਮਣਾ ਕਰਨ ਵਾਲੀ ਦਲੇਰੀ ਭਰੀ ਕਾਰਜਸ਼ੀਲਤਾ ਸਾਡੇ ਸਨਮੁੱਖ ਪੇਸ਼ ਕੀਤੀ ਹੈ। ਬ੍ਰਾਹਮਣਾਂ ਨੇ ਛੇ ਸ਼ਾਸਤਰਾਂ ਦੇ ਗਿਆਨ ਦੀ ਗੱਲ ਕਰਦਿਆਂ ਆਪਸੀ ਮੱਤਭੇਦ ਖੜੇ ਕਰ ਦਿੱਤੇ। ਇਹ ਆਪੋ ਆਪਣੇ ਢੰਗ ਨਾਲ ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖ ਕੇ ਇਹਨਾਂ ਦੀ ਵਿਆਖਿਆ ਕਰਨ ਲੱਗੇ। ਸੁਆਰਥ ਹਿੱਤ ਇਹਨਾਂ ਨੇ ਛੱਤੀ ਪ੍ਰਕਾਰ ਦੇ ਪਾਖੰਡ ਇਨ੍ਹਾਂ ਵਿਚ ਮਿਲਾ ਦਿੱਤੇ। ਪਰਮਾਰਥ ਦਾ ਰਾਹ ਤਿਆਗ ਕੇ ਸੁਆਰਥ ਦੇ ਰਾਹ ਚਲ ਪਏ ਜਿਸ ਨਾਲ ਆਮ ਜਨਤਾ ਭੰਬਲ ਭੂਸਿਆਂ ਵਿਚ ਪਈ ਹੋਈ ਇਸ ਹਿੰਸਾ ਦਾ ਸ਼ਿਕਾਰ ਹੋ ਰਹੀ ਸੀ। ਇਸ ਪਾਖੰਡ ਦਾ ਵਿਰੋਧ ਕਰਨਾ ਹਿੰਸਾ ਦਾ ਸ਼ਿਕਾਰ ਹੋਣਾ ਨਿਸ਼ਚਿਤ ਵਰਤਾਰਾ ਸੀ। ਲੋਕਾਂ ਨੂੰ ਤਵੀਤਾਂ, ਧਾਗੇ ਅਤੇ ਮੰਤਰਾਂ ਦੇ ਚੱਕਰਾਂ ਵਿਚ

ਫਸਾ ਕੇ ਉਹਨਾਂ ਦਾ ਇਲਾਜ ਕਰਨ ਦੇ ਪਾਖੰਡ ਕਰਕੇ ਲੁੱਟਣਾ ਹੀ ਇਹਨਾਂ ਨੇ ਆਪਣਾ ਧਰਮ ਬਣਾ ਲਿਆ ਸੀ। ਇਹਨਾਂ ਨੇ ਸਾਂਗ ਅਤੇ ਨਕਲ ਕਰਨ ਦਾ ਰਿਵਾਜ ਚਲਾ ਦਿੱਤਾ। ਇਸੇ ਪਾਖੰਡ ਨੂੰ ਲੋਕਾਂ ਵਿਚ ਪ੍ਰਚੱਲਿਤ ਕਰਨ ਲਈ ਕਈ ਰਾਸਧਾਰੀਏ ਬਣ ਗਏ। ਇਹਨਾਂ ਦੇ ਅਜਿਹੇ ਭੇਖਾਂ ਅਤੇ ਪਾਖੰਡਾਂ ਕਰਕੇ ਪੂਰੀ ਲੋਕਾਈ ਇਨ੍ਹਾਂ ਦੇ ਭਰਮ ਭੁਲੇਖਿਆਂ ਦਾ ਸ਼ਿਕਾਰ ਹੋ ਗਈ। ਅਜਿਹਾ ਵਰਤਾਰਾ ਪਰਮਾਰਥ ਵਿਰੋਧੀ ਹੁੰਦਿਆਂ ਆਮ ਲੋਕਾਂ ਨਾਲ ਆਪਣੇ ਹਿੰਸਾ ਦੇ ਦਮਨਕਾਰੀ ਕਾਰਜ ਦਾ ਬੜੇ ਹੀ ਮਕਾਰੀ ਭਰੇ ਢੰਗ ਨਾਲ ਪਾਸਾਰ ਕਰ ਰਿਹਾ ਸੀ। ਸਾਰੇ ਹੀ ਲੋਕ ਇਹਨਾਂ ਦੀ ਚਲਾਕੀ ਅਤੇ ਮਕਾਰੀ ਭਰੀ ਦਮਨਕਾਰੀ ਹਿੰਸਾ ਦਾ ਸ਼ਿਕਾਰ ਹੋ ਰਹੇ ਸਨ। ਭਾਈ ਗੁਰਦਾਸ ਨੇ ਲੋਕ ਵਿਰੋਧੀ ਅਤੇ ਆਪਸੀ ਵੈਰ-ਵਿਰੋਧ ਫੈਲਾਉਣ ਵਾਲੀ ਅਜਿਹੀ ਧਾਰਮਿਕ ਪਾਖੰਡ ਵਾਲੀ ਫੋਕਟ ਅਤੇ ਭਰਮਾਂ ਵਿਚ ਪਾਉਣ ਵਾਲੀ ਧਾਰਮਿਕ ਰੀਤੀ ਦਾ ਵਿਰੋਧ ਕੀਤਾ:

ਖਟੁ ਦਰਸ਼ਨ ਬਹੁ ਵੈਰਿ ਕਰਿ ਨਾਲ ਛਤੀਸ ਪਖੰਡ ਰਲਾਏ।।
ਤੰਤ੍ਰ ਮੰਤ੍ਰ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।।[60]

ਉਸ ਸਮੇਂ ਮੁਸਲਮਾਨੀ ਮੱਤ ਵੀ ਇਹਨਾਂ ਭਰਮ ਭੁਲੇਖਿਆਂ ਤੋਂ ਮੁਕਤ ਨਹੀਂ ਸੀ। ਮੁਹੰਮਦ ਸਾਹਿਬ ਦੇ ਚਾਰ ਯਾਰਾਂ ਅਬੂ ਬਕਰ, ਉਮਰ ਫ਼ਾਰੂਕ, ਉਸਮਾਨ ਗਨੀ ਅਤੇ ਹਜ਼ਰਤ ਅਲੀ ਦੇ ਅੱਗੋਂ ਵੱਖ-ਵੱਖ ਮਾਰਗ ਚਲ ਪਏ। ਮੁਸਲਮਾਨ ਸਮਾਜ ਬਹੱਤਰ ਕੌਮਾਂ ਦੀ ਵੰਡ ਕਰਕੇ ਵੈਰ ਵਿਰੋਧ ਵਿਚ ਗ੍ਰਸਿਆ ਗਿਆ। ਰੋਜ਼ੇ, ਨਿਮਾਜ਼ਾਂ ਅਤੇ ਈਦ ਦੇ ਕਰਮ ਵਿਚ ਪੈ ਕੇ ਹੀ ਮੁਸਲਮਾਨ ਇਸ ਨੂੰ ਆਪਣੀ ਮੁਕਤੀ ਸਮਝਣ ਲੱਗ ਪਏ। ਧਾਰਮਿਕ ਤੌਰ ਤੇ ਉਤਮ ਪੁਰਸ਼ਾਂ ਦੀ ਵੀ ਅੱਗੋਂ ਕਤਾਰ ਬੰਦੀ ਹੋ ਗਈ। ਦੂਜੇ ਮਜ਼ਹਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਉਣਾ ਅਤੇ ਉਨ੍ਹਾਂ ਦੇ ਧਾਰਮਿਕ ਅਕੀਦਿਆਂ ਦਾ ਹਿੰਸਕ ਪੱਧਰ ਤੇ ਵਿਰੋਧ ਕਰਨਾ ਇਨ੍ਹਾਂ ਲਈ ਅੱਲਾ ਦੀ ਇੱਛਾ ਪੂਰਤੀ ਵਾਲਾ ਕਾਰਜ ਬਣ ਗਿਆ ਸੀ। ਪਰਮਾਰਥ ਦੇ ਰਾਹ ਤੇ ਤੁਰਨ ਵਾਲਿਆਂ ਤੇ ਹਿੰਸਾ ਕਰਕੇ ਉਹਨਾਂ ਨੂੰ ਕਾਫ਼ਰ ਦਾ ਦਰਜਾ ਦਿੰਦੇ ਅਤੇ ਉਸ ਉਪਰ ਹਰ ਤਰ੍ਹਾਂ ਦੀ ਹਿੰਸਾ ਕਰਨ ਨੂੰ ਰੱਬੀ ਹੁਕਮ ਸਮਝਣ ਲੱਗ ਪਏ। ਭਾਈ ਗੁਰਦਾਸ ਇਸ ਹਿੰਸਾ ਦੇ ਸੰਬੰਧ ਵਿਚ ਲਿਖਦੇ ਹੋਏ ਅਜਿਹਾ ਬਿਰਤਾਂਤ ਸਿਰਜਦੇ ਹਨ ਜਿਸ ਰਾਹੀਂ ਇਸਲਾਮਿਕ ਹਿੰਸਾ ਦਾ ਦ੍ਰਿਸ਼ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ:

ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।।

ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।।

ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।।

ਕਾਫ਼ਰਿ ਮੁਲਹਿਦ ਇਰਮਾਨੀ ਰੁਮੀ ਜੰਗੀ ਦੁਸ਼ਮਣਿ ਦਾਰਾ।।[61]

ਭਾਈ ਗੁਰਦਾਸ ਨੇ ਉਸ ਸਮੇਂ ਦੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਹਾਲਾਤ ਬਾਰੇ ਜ਼ਿਕਰ ਕਰਦਿਆਂ ਕਿਹਾ ਹੈ ਕਿ ਸਾਰੇ ਪਾਸੇ ਆਪੋ ਧਾਪੀ ਅਤੇ ਜੁਗਗਰਦੀ ਦਾ ਬੋਲਬਾਲਾ ਸੀ। ਰਾਜਿਆਂ ਦਾ ਕਰਤਵ ਪਰਜਾ ਦੀ ਭਲਾਈ ਸੋਚਣਾ, ਉਹਨਾਂ ਦੀ ਰਾਖੀ ਕਰਨਾ ਅਤੇ ਨਿਆਂਕਾਰੀ ਹੋਣਾ ਉਹਨਾਂ ਦਾ ਫਰਜ ਹੈ। ਉਹ ਪਰਜਾ ਨੂੰ ਠੀਕ ਰਾਹ ਤੇ ਪਾ ਸਕਦੇ ਹਨ। ਸੱਚ ਤੇ ਹੱਕ ਤੇ ਪਹਿਰਾ ਦੇਣਾ ਉਹਨਾਂ ਦਾ ਇਖ਼ਲਾਕੀ ਫਰਜ਼ ਸੀ। ਪਰ ਇਥੇ ਤਾਂ ਸਭ ਕੁੱਝ ਉਲਟਾ ਹੋਇਆ ਪਿਆ ਸੀ। ਅਜਿਹੇ ਹਾਲਾਤ ਵਿਚ ਪਰਮਾਰਥ ਦੀ ਗੱਲ ਕਰਨਾ ਬਹੁਤ ਕਠਿਨ ਸੀ। ਰਾਜੇ ਪਰਜਾ ਉੱਤੇ ਜ਼ੁਲਮ ਕਰਦੇ ਸਨ ਅਤੇ ਪਰਜਾ ਨੂੰ ਲੁੱਟਣਾ ਹੀ ਓਹਨਾਂ ਨੇ ਆਪਣਾ ਧਰਮ ਬਣਾ ਲਿਆ ਸੀ। ਕਾਜ਼ੀ ਲੋਕ ਜਿਹਨਾਂ ਦੀ ਪਦਵੀ ਬਹੁਤ ਹੀ ਸਨਮਾਨਯੋਗ ਅਤੇ ਧਾਰਮਿਕ ਉੱਚਤਾ ਵਾਲੀ ਸੀ। ਉਹਨਾਂ ਤੋਂ ਬੇਇਨਸਾਫੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਪਰ ਅਜਿਹੇ ਸਮੇਂ ਇਹ ਲੋਕ ਵੀ ਆਪਣੇ ਇਮਾਨ ਤੋਂ ਥਿੜਕ ਗਏ ਅਤੇ ਰਿਸ਼ਵਤਾਂ ਲੈ ਕੇ ਨਿਆਂ ਕਰਨ ਲੱਗੇ। ਇਹਨਾਂ ਲੋਕਾਂ ਦੇ ਕਿਰਦਾਰ ਵੱਲ ਉਂਗਲ ਉਠਾਉਣੀ ਕਿਸੇ ਦੈਵੀ ਸ਼ਕਤੀ ਦੇ ਮਾਲਕ ਦਾ ਹੀ ਕੰਮ ਹੋ ਸਕਦਾ ਸੀ। ਭਾਈ ਗੁਰਦਾਸ ਨੇ ਇਸ ਦੇ ਵਰਨਣ ਦਾ ਬਿਰਤਾਂਤ ਸਿਰਜ ਕੇ ਉਹਨਾਂ ਦਾ ਮਾਨਵ ਦੋਖੀ ਚਿਹਰਾ ਨੰਗਾ ਕੀਤਾ ਹੈ।

ਚਾਰੇ ਪਾਸੇ ਅਧਰਮ ਦਾ ਵਰਤਾਰਾ ਵਰਤ ਰਿਹਾ ਸੀ। ਧਰਮ ਰੂਪੀ ਬਲਦ ਦੇ ਡੋਲਣ ਕਰਕੇ ਧਰਤੀ ਦੇ ਲੋਕ ਡਾਵਾਂ ਡੋਲ ਅਤੇ ਮਾਨਸਿਕ ਤੌਰ ਤੇ ਭਟਕ ਗਏ ਸਨ। ਧਰਮ ਦੀ ਰੱਖਿਆ ਲਈ ਕਿਸੇ ਅਜਿਹੀ ਦੈਵੀ ਸਖ਼ਸ਼ੀਅਤ ਦੀ ਲੋੜ ਸੀ ਜੋ ਧਰਤੀ ਦੇ ਵਾਸੀਆਂ ਅੰਦਰ ਅਧਿਆਤਮਕ ਸ਼ਕਤੀ ਪੈਦਾ ਕਰਕੇ ਉਹਨਾਂ ਨੂੰ ਭਟਕਣ ਤੋਂ ਬਚਾ ਸਕਦੀ। ਭਾਈ ਗੁਰਦਾਸ ਅਨੁਸਾਰ ਵਾਹਿਗੁਰੂ

ਨੇ, ਇਹਨਾਂ ਦੁੱਖੀ ਲੋਕਾਂ ਦੇ ਦੁੱਖਾਂ ਦੀ ਪੁਕਾਰ ਸੁਣ ਕੇ ਉਹਨਾਂ ਦੀ ਸਾਂਤੀ ਲਈ ਗੁਰੂ ਨਾਨਕ ਨੂੰ ਧਰਤੀ ਤੇ ਭੇਜਿਆ। ਪਰਮਾਰਥ ਦੇ ਰਾਹ ਚੱਲਦਿਆਂ ਗੁਰੂ ਨਾਨਕ ਦੇਵ ਜੀ ਨੇ ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਗੰਭੀਰ ਯਤਨ ਕੀਤੇ ਅਤੇ ਉਹਨਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਅਤੇ ਮੁਸਲਮਾਨਾਂ ਨੂੰ ਸੱਚਾ ਰਾਹ ਦਿਖਾਇਆ ਅਤੇ ਝੂਠੇ ਕਰਮ ਕਾਂਡ ਦੀ ਨਿੰਦਾ ਕੀਤਾ। ਇਸ ਤਰ੍ਹਾਂ ਬਾਬੇ ਨਾਨਕ ਨੇ ਸਾਰੇ ਧਰਮਾਂ ਅੰਦਰ ਆਈ ਗਿਰਾਵਟ ਦਾ ਵਿਰੋਧ ਕਰਦਿਆਂ ਉਹਨਾਂ ਲੋਕਾਂ ਨੂੰ ਸੱਚੇ ਮਨ ਨਾਲ ਪ੍ਰੇਮਾ ਭਗਤੀ ਕਰਦਿਆਂ ਇਕ ਪਰਮਾਤਮਾ ਦੀ ਪ੍ਰਾਪਤੀ ਦਾ ਸੰਕਲਪ ਦਿੱਤਾ। ਇਸ ਤਰ੍ਹਾਂ ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰੂ ਨਾਨਕ ਨੇ ਸ਼ਬਦ ਦੀ ਸ਼ਕਤੀ, ਪ੍ਰੇਮ ਅਤੇ ਭਗਤੀ ਨਾਲ ਸਾਰੇ ਜੱਗ ਨੂੰ ਵਹਿਮਾਂ ਭਰਮਾਂ ਅਤੇ ਕਰਮ ਕਾਂਡਾਂ ਦੀ ਭਵਜਲ ਵਿਚੋਂ ਕੱਢ ਕੇ ਉਹਨਾਂ ਨੂੰ ਤਾਰਿਆ ਅਤੇ ਮੁਕਤੀ ਦਾ ਸਹੀ ਮਾਰਗ ਦਿਖਾਇਆ। ਭਾਈ ਗੁਰਦਾਸ ਗੁਰੂ ਨਾਨਕ ਦੇ ਆਗਮਨ ਦਾ ਬਿਰਤਾਂਤ ਇਸ ਤਰ੍ਹਾਂ ਪ੍ਰਸਤੁਤ ਕਰਦੇ ਹਨ:

> ਕਲਿਯੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥
> ਕਲਿ ਤਾਰਣਿ ਗੁਰੂ ਨਾਨਕੁ ਆਇਆ॥[62]

ਉਪਰੋਕਤ ਅਧਿਐਨ ਅਤੇ ਵਿਸ਼ਲੇਸ਼ਣ ਉਪਰੰਤ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਦੀ ਪਹਿਲੀ ਵਾਰ 'ਚੋਂ ਕਲਾਤਮਿਕ ਸੁਹਜ-ਸੁੰਦਰਤਾ ਦੇ ਭਰਪੂਰ ਦਰਸ਼ਨ ਦੀਦਾਰੇ ਹੁੰਦੇ ਹਨ। ਇਸ ਵਾਰ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਆਗਮਨ ਬਾਰੇ ਪਿੱਠ-ਭੂਮੀ ਸਿਰਜਦਿਆਂ ਉਨ੍ਹਾਂ ਦੀ ਗੁਰੂ ਰੂਪ ਵਿਚ ਲੋੜ, ਸਮਾਜ ਵਿਚ ਆਈ ਗਿਰਾਵਟ, ਧਾਰਮਿਕ ਅੰਧ ਵਿਸ਼ਵਾਸੀ ਅਤੇ ਧਰਮ ਦੇ ਨਾਂ ਤੇ ਕੂੜ-ਕੁਸਤਿ ਦੇ ਬੋਲ-ਬਾਲੇ ਦਾ ਸਜੀਵ-ਚਿਤਰ ਸਾਡੇ ਸਨਮੁੱਖ ਪ੍ਰਸਤੁਤ ਕਰਦਿਆਂ ਉਸ ਸਮੇਂ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸਰੋਕਾਰਾਂ ਦਾ ਦ੍ਰਿਸ਼-ਬਿੰਬ ਸਾਡੀਆਂ ਨਜ਼ਰਾਂ ਦੇ ਰੂ-ਬ-ਰੂ ਕੀਤਾ ਹੈ। ਆਦਿ ਕਾਲ ਤੋਂ ਮਨੁੱਖ ਦੀ ਦਿਲਚਸਪੀ ਉਸ ਪਰਮਸੱਤ ਨੂੰ ਜਾਣਨ ਦੀ ਰਹੀ ਹੈ ਜਿਸ ਨੇ ਪੂਰੇ ਬ੍ਰਹਿਮੰਡ ਨੂੰ

ਸਿਰਜਿਆ ਹੈ। ਇਸੇ ਕਲਪਨਾ ਅਤੇ ਜਗਤ ਦੀ ਉਤਪਤੀ ਪਿਛੇ ਕਾਰਜਸ਼ੀਲ ਸ਼ਕਤੀ ਜਿਸ ਅਧੀਨ ਸਾਰਾ ਪਸਾਰਾ ਇਕ ਨਿਯਮਬੱਧ ਪ੍ਰਬੰਧ ਅਧੀਨ ਚਲ ਰਿਹਾ ਹੈ, ਉਸ ਨੂੰ ਜਾਣਨ ਅਤੇ ਸਮਝਣ ਦੀ ਅਭਿਲਾਸ਼ਾ ਸਦਾ ਉਸ ਨੂੰ ਉਤੇਜਿਤ ਕਰਦੀ ਰਹੀ ਹੈ। ਵੈਦਿਕ ਰਿਸ਼ੀਆਂ ਸਮੇਂ ਵੱਖ-ਵੱਖ ਦੇਵਤਿਆਂ ਦੀ ਪੂਜਾ ਤੋਂ ਲੈ ਕੇ ਵੱਖ ਵੱਖ ਮੱਤਾਂ, ਜਿਨ੍ਹਾਂ ਵਿਚ ਬੁੱਧ-ਮੱਤ, ਜੈਨ-ਮੱਤ ਅਤੇ ਇਸਲਾਮ ਆਦਿ ਧਰਮਾਂ ਦੇ ਪੈਗੰਬਰਾਂ ਨੇ ਆਪਣੇ ਆਪਣੇ ਮੱਤ ਰਾਹੀਂ ਮਨੁੱਖ ਨੂੰ ਪਰਮਾਤਮਾ ਨਾਲ ਮਿਲਾਪ ਦੀਆਂ ਵਿਧੀਆਂ ਅਤੇ ਭਗਤੀ-ਸਾਧਨਾ ਦੀ ਜਾਣਕਾਰੀ ਪ੍ਰਦਾਨ ਕੀਤੀ। ਗੁਰਮਤਿ ਇਕ ਅਜਿਹਾ ਦਰਸ਼ਨ ਹੈ ਜਿਸ ਦਾ ਮੰਤਵ ਮਨੁੱਖੀ ਭਲੇ ਹਿੱਤ ਮਨੁੱਖ ਵਿਰੋਧੀ ਧਾਰਮਿਕ ਕਰਮਕਾਂਡਾਂ ਅਤੇ ਅਣਮਨੁੱਖੀ ਵਰਤਾਰਿਆਂ ਨਾਲ ਟੱਕਰ ਲੈਂਦਿਆਂ ਮਨੁੱਖਤਾ ਦੀ ਸਰਦਾਰੀ ਕਾਇਮ ਕਰਨਾ ਹੈ। ਭਾਈ ਗੁਰਦਾਸ ਨੇ ਚਾਰਾਂ ਯੁੱਗਾਂ ਦੀ ਵਿਆਖਿਆ ਕਰਦਿਆਂ ਉਨ੍ਹਾਂ ਵਿਚ ਮਨੁੱਖੀ ਰੁਚੀਆਂ ਦਾ ਤਤਸਾਰ ਪੇਸ਼ ਕਰਦਿਆਂ ਉਨ੍ਹਾਂ ਦੇ ਯੁੱਗ ਦੇ ਸਮਾਜ ਦੀ ਸਥਿਤੀ ਬਿਆਨ ਕੀਤੀ ਹੈ। ਗੁਰੂ, ਮਨੁੱਖ ਅਤੇ ਪਰਮਾਤਮਾ ਵਿਚਕਾਰ ਇਕ ਪੁਲ ਦਾ ਕੰਮ ਕਰਦਾ ਹੈ ਜਿਸ ਦੀ ਸਿੱਖਿਆ ਤੇ ਅਮਲ ਕਰਦਿਆਂ ਅਤੇ ਉਚ-ਆਤਮਿਕ ਜੀਵਨ ਜਿਊਂਦਿਆਂ ਮਨੁੱਖ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ।

ਭਾਈ ਗੁਰਦਾਸ ਦੀ ਇਸ ਪਹਿਲੀ ਵਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸਮਾਜ ਵਿਚ ਧਾਰਮਿਕ ਪਾਖੰਡ, ਫਿਰਕਿਆਂ ਵਿਚ ਨਫ਼ਰਤ, ਵਹਿਮ-ਭਰਮ ਅਤੇ ਵੱਖ-ਵੱਖ ਮੱਤਾਂ ਵਿਚ ਵੰਡੇ ਹੋਏ ਲੋਕ ਇਕ ਦੂਜੇ ਨੂੰ ਨੀਵਾਂ ਦਿਖਾਉਣ ਵਰਗੇ ਕੁਕਰਮਾਂ ਵਿਚ ਫਸੇ ਹੋਏ ਸਨ। ਸਿੱਧ ਜੋਗੀ ਆਪਣੀਆਂ ਗਿਆਨਹੀਣ ਸਿੱਧੀਆਂ ਜਾਂ ਕਰਾਮਾਤਾਂ ਦੁਆਰਾ ਭੋਲੀ-ਭਾਲੀ ਜਨਤਾ ਨੂੰ ਹਰ ਤਰ੍ਹਾਂ ਗੁੰਮਰਾਹ ਕਰ ਰਹੇ ਸਨ ਅਤੇ ਉਨ੍ਹਾਂ ਦੀ ਜ਼ਿੰਦਗੀ ਨਰਕ ਬਣਾ ਰਹੇ ਸਨ। ਸਿੱਧ-ਜੋਗੀ ਸਮਾਜਕ ਜਿੰਮੇਵਾਰੀਆਂ ਤੋਂ ਭੱਜ ਕੇ ਦੂਰ ਪਹਾੜਾਂ ਵਿਚ ਜਾ ਲੁਕੇ ਅਤੇ ਕਰਮ-ਕਾਂਡਾਂ ਵਿਚ ਫਸ ਕੇ ਸਰੀਰ ਤੇ ਸੁਆਹ ਮਲਣ ਨੂੰ ਹੀ ਪਰਮਾਰਥ ਦਾ ਕੰਮ ਸਮਝਣ ਲੱਗ ਪਏ। ਮੁਸਲਮਾਨ ਵੀ ਕਈ ਕੌਮਾਂ ਵਿਚ ਵੰਡੇ ਗਏ ਅਤੇ ਉਹ ਦੂਸਰੇ ਧਰਮਾਂ ਦੇ ਧਾਰਮਿਕ ਸਥਾਨਾਂ

ਦੀ ਬੇਅਦਬੀ ਕਰਨ ਅਤੇ ਉਨ੍ਹਾਂ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਵਿਚ ਹੀ ਅੱਲਾ ਦੀ ਰਹਿਮਤ ਸਮਝਣ ਲੱਗ ਪਏ। ਅਜਿਹੇ ਅਫਰਾ-ਤਫ਼ਰੀ ਦੇ ਸਮੇਂ ਗੁਰੂ ਨਾਨਕ ਦੇਵ ਜੀ ਸੱਚ ਦੇ ਸੂਰਜ ਬਣ ਕੇ ਇਸ ਧਰਤੀ ਤੇ ਆਏ, ਜਿਹਨਾਂ ਨੇ ਮਨੁੱਖਤਾ ਨੂੰ 'ਇਕ ਪਰਮਾਤਮਾ' ਦਾ ਮਾਰਗ ਦਿਖਾਇਆ। ਗੁਰੂ ਨਾਨਕ ਦੇਵ ਜੀ ਨੇ ਧਰਮਾਂ ਵਿਚ ਆਈ ਗਿਰਾਵਟ ਦਾ ਵਿਰੋਧ ਕੀਤਾ ਅਤੇ ਲੋਕਾਂ ਨੂੰ ਸੱਚ ਦੇ ਰਾਹ 'ਤੇ ਚਲਦਿਆਂ ਸੱਚੀ ਪ੍ਰੇਮਾ ਭਗਤੀ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਦਾ ਸੰਕਲਪ ਦਿੱਤਾ। ਉਨ੍ਹਾਂ ਨੇ ਸਤਿਨਾਮ ਦੇ ਮੰਤਰ ਦੁਆਰਾ ਕਲਯੁਗ ਵਿਚ ਮਨੁੱਖਤਾ ਦੇ ਭਲੇ ਹਿੱਤ ਸੱਚ ਦਾ ਮਾਰਗ ਦਿਖਾਇਆ ਅਤੇ ਵਿਕਾਰਾਂ ਵਿਰੁਧ ਲੜਦਿਆਂ ਅਗਿਆਨਤਾ ਦਾ ਹਨੇਰਾ ਦੂਰ ਕਰਦਿਆਂ ਸਾਰੇ ਮਨੁੱਖਾਂ ਵਿਚ ਬਿਨਾਂ ਕਿਸੇ ਭੇਦ-ਭਾਵ ਦੇ ਬਰਾਬਰੀ ਦਾ ਸੰਦੇਸ਼ ਦਿੱਤਾ।

# ਹਵਾਲੇ ਅਤੇ ਟਿੱਪਣੀਆਂ

1. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 42
2. ਉਹੀ, ਪੰਨਾ 19
3. ਉਹੀ, ਪੰਨਾ 211
4. ***ਆਦਿ ਗ੍ਰੰਥ***, ਪੰਨਾ 421
5. ਉਹੀ, ਪੰਨਾ 1034
6. ਉਹੀ, ਪੰਨਾ 663
7. ਉਹੀ, ਪੰਨਾ 661
8. ਉਹੀ, ਪੰਨਾ 391
9. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 26
10. ਉਹੀ, ਪੰਨਾ 30
11. ***ਆਦਿ ਗ੍ਰੰਥ***, ਪੰਨਾ 3
12. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ,*** ਪੰਨਾ 21
13. ***ਆਦਿ ਗ੍ਰੰਥ***, ਪੰਨਾ 361
14. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 484
15. ਉਹੀ, ਪੰਨਾ 91
16. ਉਹੀ, ਪੰਨਾ 32
17. ਜੀ. ਐਲ. ਸ਼ਰਮਾ, ***ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ***, ਪੰਨਾ 52
18. ***ਆਦਿ ਗ੍ਰੰਥ***, ਪੰਨਾ 921
19. ***ਆਦਿ ਗ੍ਰੰਥ***, ਪੰਨਾ 145

20. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 37

21. ਡਾ. ਜਗਬੀਰ ਸਿੰਘ, ***ਸ਼ਬਦ ਤੇ ਸੰਬਾਦ***, ਪੰਨਾ 45-46

22. ***ਆਦਿ ਗ੍ਰੰਥ***, ਪੰਨਾ 5

23. ਬਾਬਾ ਗੁਰਬਖਸ਼ ਸਿੰਘ, ***ਗੁਰਮਖ ਬਚਨ***, ਪੰਨਾ 66-67

24. ਉਹੀ, ਪੰਨਾ 62

25. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 20

26. ਉਹੀ, ਪੰਨਾ 21

27. ਉਹੀ, ਪੰਨਾ 22

28. ਉਹੀ, ਪੰਨਾ 31

29. ਉਹੀ, ਪੰਨਾ 32

30. ਉਹੀ, ਪੰਨਾ 35

31. ਉਹੀ, ਪੰਨਾ 36

32. ***ਆਦਿ ਗ੍ਰੰਥ***, ਪੰਨਾ 1288

33. ਉਹੀ, ਪੰਨਾ 145

34. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 33

35. ਉਹੀ, ਪੰਨਾ 34

36. ***ਆਦਿ ਗ੍ਰੰਥ***, ਪੰਨਾ 722

37. ਉਹੀ, ਪੰਨਾ 42

38. ਉਹੀ, ਪੰਨਾ 51

39. ਉਹੀ, ਪੰਨਾ 34

40. ਉਹੀ, ਪੰਨਾ 35

41. ਉਹੀ, ਪੰਨਾ 45

42. ਉਹੀ, ਪੰਨਾ 43

43. ਉਹੀ, ਪੰਨਾ 39

44. ਉਹੀ, ਪੰਨਾ 43

45. ਉਹੀ, ਪੰਨਾ 43

46. ਉਹੀ, ਪੰਨਾ 48

47. ਉਹੀ, ਪੰਨਾ 43

48. ਉਹੀ, ਪੰਨਾ 36

49. ਉਹੀ, ਪੰਨਾ 38

50. ਉਹੀ, ਪੰਨਾ 42

51. ਉਹੀ, ਪੰਨਾ 37

52. ਉਹੀ, ਪੰਨਾ 37

53. ਉਹੀ, ਪੰਨਾ 37

54. ਗਿ. ਲਾਲ ਸਿੰਘ, ***ਭਾਈ ਗੁਰਦਾਸ,*** ਪੰਨਾ 1

55. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 29

56. ਉਹੀ, ਪੰਨਾ 49

57. ਉਹੀ, ਪੰਨਾ 44

58. ਉਹੀ, ਪੰਨਾ 35

59. ਉਹੀ, ਪੰਨਾ 33

60. ਉਹੀ, ਪੰਨਾ 33

61. ਉਹੀ, ਪੰਨਾ 34

62. ਉਹੀ, ਪੰਨਾ 37

# ਅਧਿਆਇ ਚੌਥਾ

*

*

*

## ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦਾ ਬਿਰਤਾਂਤਕ ਪ੍ਰਗਟਾਅ

(ੳ) ਸਮਕਾਲ ਅਤੇ ਮਿਥਿਹਾਸ ਦੇ ਬਿਰਤਾਂਤਕ-ਪਾਸਾਰ

(ਅ) ਕਾਵਿਕਤਾ ਅਤੇ ਬਿਰਤਾਂਤਕਤਾ ਦਾ ਰਚਨਾਕਾਰੀ ਰਿਸ਼ਤਾ

(ੲ) ਤੱਥ ਤੇ ਕੱਥ (fact and fiction) ਦਾ ਆਪਸੀ ਰੂਪਾਂਤਰਨ

(ਸ) ਇਤਿਹਾਸ ਅਤੇ ਬਿਰਤਾਂਤ ਸਿਰਜਣ ਵਿਚ ਸੰਜਮ

# ਅਧਿਆਇ ਚੌਥਾ

# ਬਿਰਤਾਂਤ-ਸ਼ਾਸਤਰ : ਸਿਧਾਂਤ ਅਤੇ ਅਧਿਐਨ ਵਿਧੀ

## ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦਾ ਬਿਰਤਾਂਤਕ ਪ੍ਰਗਟਾਅ

ਭਾਈ ਗੁਰਦਾਸ ਦੀ ਰਚਨਾ ਸਾਨੂੰ ਪਿਛਲੇ ਪੰਜ ਸੌ ਸਾਲਾਂ ਵਿਚ ਸਿੱਖ-ਮੱਤ ਜਾਂ ਸਿੱਖ ਲਹਿਰ ਦੇ ਵਿਕਾਸ ਮਾਰਗ ਤੇ ਨਿਗਾਹ ਮਾਰਨ ਲਈ ਦਿਸ਼ਾ ਪ੍ਰਦਾਨ ਕਰਦੀ ਹੈ। ਇਸ ਰਚਨਾ ਦੇ ਕਲੇਵਰ ਵਿਚੋਂ ਸਾਨੂੰ ਵਰਤਮਾਨ ਦੇ ਤਕਾਜ਼ਿਆਂ ਨੂੰ ਭਾਂਪਣ ਦੀ ਲੋੜ ਮਹਿਸੂਸ ਹੁੰਦੀ ਹੈ ਤੇ ਭਵਿੱਖ ਦੀਆਂ ਚੁਣੌਤੀਆਂ ਨੂੰ, ਸਮਾਜਿਕ ਪ੍ਰਸੰਗ ਦੇ ਸਰੋਕਾਰਾਂ ਤਹਿਤ ਕਿਰਿਆਸ਼ੀਲ ਵਿਚਾਰਧਾਰਕ ਤੇ ਰਾਜਨੀਤਕ ਝੁਕਾਵਾਂ ਦੇ ਸੰਦਰਭ ਵਿਚ ਸਮਝਣ ਦੀ ਪ੍ਰੇਰਣਾ ਦਿੰਦੀ ਹੈ। ਭਾਈ ਗੁਰਦਾਸ ਦੀ ਇਹ ਵਾਰ ਸਿੱਖੀ-ਜੀਵਨ ਦੇ ਚਿੰਤਨਮਈ ਤੇ ਅਗਾਂਹ-ਵਧੂ ਸਿਧਾਂਤਾਂ ਨੂੰ ਬਿਰਤਾਂਤਦੀ ਹੋਈ ਸਿੱਖ-ਸਿਧਾਂਤਾਂ ਜਾਂ ਗੁਰਮਤਿ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਵਲ ਰੁਚਿਤ ਹੈ।

ਭਾਈ ਗੁਰਦਾਸ ਦੀ ਗਿਆਰਵੀਂ ਵਾਰ ਨੂੰ ਭਾਈ ਮਨੀ ਸਿੰਘ ਨੇ ਟੀਕਾ ਕਰਦਿਆਂ ਇਸ ਨੂੰ 'ਸਿੱਖਾਂ ਦੀ ਭਗਤਮਾਲ' ਅਤੇ 'ਭਗਤ ਰਤਨਾਵਲੀ' ਦੀ ਸੰਗਿਆ ਨਾਲ ਨਿਵਾਜਿਆ ਹੈ। ਇਸ ਵਾਰ ਵਿਚ ਭਾਈ ਗੁਰਦਾਸ ਨੇ ਗੁਰੂ ਸਾਹਿਬਾਨ ਨਾਲ ਸੰਬੰਧਤ ਅਤੇ ਗੁਰੂ ਘਰ ਦੇ ਸੱਚੇ ਸੇਵਕ ਰਹੇ ਸਿੱਖਾਂ ਦਾ ਇਕ ਇਤਿਹਾਸਕਾਰ ਵਾਂਗ ਵਰਣਨ ਕੀਤਾ ਹੈ। ਅਜਿਹਾ ਵਰਣਨ ਕਰਦਿਆਂ ਉਨ੍ਹਾਂ ਨੇ ਇਨ੍ਹਾਂ ਸਿੱਖਾਂ ਨੂੰ ਇਕ ਆਦਰਸ਼ ਗੁਰਮੁਖ ਦੇ ਤੌਰ ਤੇ ਵੀ ਪੇਸ਼ ਕੀਤਾ ਹੈ। ਇਸ ਵਾਰ ਦੀ ਇਤਿਹਾਸਕਤਾ ਬਾਰੇ ਡਾ. ਜਸਵੰਤ ਬੇਗੋਵਾਲ ਲਿਖਦੇ ਹਨ:

> ਭਾਈ ਗੁਰਦਾਸ ਜੀ ਨੇ ਬੇਸ਼ੱਕ ਵਾਰਾਂ ਵਿਚ ਗੁਰਮਤਿ ਵਿਆਖਿਆ ਅਤੇ ਗੁਰਮਤਿ ਚਿੰਤਨ ਨੂੰ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ ਪਰ ਉਸ ਦੀਆਂ ਕਈ ਵਾਰਾਂ ਇਤਿਹਾਸਕ ਪੱਖੋਂ ਵੀ ਮਹੱਤਤਾ ਵਾਲੀਆਂ

ਹਨ। ਜਿਥੇ ਪਹਿਲੀ ਵਾਰ ਨਿਰੋਲ ਇਤਿਹਾਸ ਮੁੱਖ ਹੈ ਉਥੇ ਗਿਆਰ੍ਹਵੀਂ ਵਾਰ ਵਿਚਲੇ ਸਰੋਕਾਰ ਵੀ ਇਤਿਹਾਸ ਨੂੰ ਹੀ ਰੂਪਮਾਨ ਕਰਦੇ ਹਨ। ਖ਼ਾਸ ਕਰਕੇ ਇਸ ਵਾਰ ਦੀਆਂ ਤੇਰ੍ਹਾਂ ਤੋਂ ਇਕੱਤੀ ਪਉੜੀਆਂ ਉਨ੍ਹਾਂ ਇਤਿਹਾਸਕ ਸ਼ਖ਼ਸੀਅਤਾਂ ਨੂੰ ਉਦਘਾਟਿਤ ਕਰਦੀਆਂ ਹਨ ਜੋ ਇਤਿਹਾਸ ਦੇ ਪੰਨਿਆਂ ਤੋਂ ਗਾਇਬ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤੱਕ, ਹਰ ਗੁਰੂ ਸਾਹਿਬ ਨਾਲ ਰਹੇ ਗੁਰਸਿੱਖਾਂ,ਉਨ੍ਹਾਂ ਦੇ ਪਿਛੋਕੜ ਬਾਰੇ ਵੇਰਵੇ ਹਨ।[1]

ਇਸ ਵਾਰ ਦੀਆਂ ਕੁੱਲ ਇਕੱਤੀ ਪਉੜੀਆਂ ਵਿਚੋਂ ਪਹਿਲੀਆਂ ਬਾਰ੍ਹਾਂ ਪਉੜੀਆਂ ਵਿਚ ਭਾਈ ਗੁਰਦਾਸ ਨੇ ਗੁਰਮਤਿ ਫਲਸਫੇ ਤੇ ਵਿਚਾਰਧਾਰਾ ਵਿਚ ਆਏ ਸੰਕਲਪਾਂ ਨੂੰ ਆਪਣੇ ਅਨੁਭਵ ਅਨੁਸਾਰ ਪੇਸ਼ ਕੀਤਾ ਹੈ। ਗਿਆਰਵੀਂ ਵਾਰ ਦੀ ਪਹਿਲੀ ਪਉੜੀ ਪ੍ਰਭੂ ਉਸਤਤੀ ਤੇ ਸਤਿਗੁਰੂ ਦੀ ਅਸੀਸ ਸੂਚਕ ਹੈ। ਸਤਿਗੁਰੂ ਦੀ ਕ੍ਰਿਪਾ, ਉਸ ਦੀ ਹਜੂਰੀ ਤੇ ਨੇੜਤਾ ਜਿਗਿਆਸੂ ਤੇ ਮੁਰੀਦ ਵਿਚ ਇਕ ਖੁਮਾਰੀ ਭਰਦੀ ਹੈ। ਸਤਿਗੁਰੂ ਦੀ ਇਹ ਵਿਸ਼ੇਸ਼ ਬਖ਼ਸ਼ਿਸ਼ ਗੁਰਸਿੱਖਾਂ ਨੂੰ ਪ੍ਰਾਪਤ ਹੁੰਦੀ ਹੈ ਪਰ ਉਸ ਲਈ ਪਾਤਰਤਾ ਹੋਣੀ ਲਾਜ਼ਮੀ ਹੈ। ਗਿਆਰਵੀਂ ਵਾਰ ਦੀਆਂ ਅਗਲੀਆਂ ਉਨ੍ਹੀਂ ਪਉੜੀਆਂ ਵਿਚ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਿੱਖਾਂ ਦੀ ਨਾਮਾਵਲੀ ਦਿੱਤੀ ਹੈ। ਬਾਹਰੀ ਤੌਰ ਤੇ ਇਹ ਵਾਰ ਇਤਿਹਾਸਕ ਮਹੱਤਤਾ ਰੱਖਦੀ ਹੈ ਕਿਉਂਕਿ ਭਾਈ ਗੁਰਦਾਸ ਨੇ ਛੇ ਗੁਰੂਆਂ ਨਾਲ ਜੁੜੇ ਗੁਰਸਿੱਖਾਂ ਦੇ ਨਾਮ, ਜਾਤ ਤੇ ਗਰਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਗੁਰੂ-ਸਿੱਖਾਂ ਦੁਆਰਾ ਸਿੱਖ ਧਰਮ ਲਈ ਕੀਤੀਆਂ ਕੁਰਬਾਨੀਆਂ ਤੇ ਇਨ੍ਹਾਂ ਦੀ ਗੁਰੂਆਂ ਵਿਚ ਅਨਿਨ ਸ਼ਰਧਾ ਅੱਗੇ ਆਮ ਵਿਅਕਤੀ ਨਤਮਸਤਕ ਹੋ ਜਾਂਦਾ ਹੈ ਕਿ ਕਿਵੇਂ ਉਨ੍ਹਾਂ ਗੁਰਸਿੱਖਾਂ ਨੇ ਆਪਣੇ ਜਾਤੀ ਸੁੱਖ-ਆਰਾਮ ਤੇ ਪਹਿਚਾਣ ਨੂੰ ਗੁਆ ਕੇ ਗੁਰੂਆਂ ਦੇ ਹੁਕਮ ਤੇ ਆਸ਼ੇ ਵਿਚ ਆਪਣਾ ਜੀਵਨ, ਪਰਿਵਾਰ, ਆਪਣੇ ਸੁਪਨੇ ਤੇ ਇਛਾਵਾਂ ਨੂੰ ਨਿਛਾਵਰ ਕਰ ਦਿੱਤਾ। ਉਹਨਾਂ ਗੁਰਸਿੱਖਾਂ ਦੀ ਆਪਣੇ ਧਰਮ ਤੇ ਗੁਰੂਆਂ ਪ੍ਰਤੀ ਕਿੰਨੀ ਅਚੂਕ

ਸ਼ਰਧਾ ਰਹੀ ਹੋਵੇਗੀ ਕਿ ਉਹ ਭਾਈ ਗੁਰਦਾਸ ਦੀਆਂ ਅੱਖਾਂ ਦੇ ਤਾਰੇ ਬਣ ਗਏ ਅਤੇ ਉਨ੍ਹਾਂ ਦੀ ਕਲਮੀ ਲਿਖਤ ਵਿਚ ਕੈਦ ਹੋ ਕੇ ਹਮੇਸ਼ਾਂ ਲਈ ਅਮਰ ਹਸਤਾਖ਼ਰ ਬਣ ਗਏ।

ਗੁਰਮੁੱਖ ਕੌਣ ਹੈ? ਗੁਰਸਿੱਖੀ ਕਿਹੜੀਆਂ ਕਿਹੜੀਆਂ ਘਾਲਣਾ ਉਪਰੰਤ ਪ੍ਰਾਪਤ ਹੁੰਦੀ ਹੈ। ਗੁਰਮੁੱਖ ਦੀ ਕਰਣੀ ਕੀ ਹੈ? ਵਿਚਾਰ ਕੀ ਹਨ? ਉਹ ਦੂਜੇ ਵਿਅਕਤੀਆਂ ਨਾਲੋਂ ਕਿਵੇਂ ਭਿੰਨ ਹੈ? ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਭਾਈ ਗੁਰਦਾਸ ਪਰਤ ਦਰ ਪਰਤ ਬਿਰਤਾਂਤਕ ਰੂਪ ਵਿਚ ਗੁਰਮਤਿ ਦੇ ਸੰਤੁਲਤ ਸਿਧਾਂਤਾਂ ਦੇ ਸੰਦਰਭ ਰਾਹੀਂ ਪੇਸ਼ ਕਰਦੇ ਹਨ। ਗੁਰਸਿੱਖੀ ਖੰਡੇ ਦੀ ਧਾਰ ਤੇ ਚਲਣ ਬਰਾਬਰ ਹੈ। ਗੁਰਸਿੱਖ ਗੁਰੂ ਚਰਨਾਂ ਵਿਚ ਰਹਿੰਦਿਆਂ, ਸਮਰਪਿਤ ਹੋ ਕੇ ਹੀ ਕਿਰਪਾ ਦਾ ਪਾਤਰ ਬਣ ਸਕਦਾ ਹੈ। ਗੁਰਮੁੱਖਾਂ ਤੇ ਗੁਰਸਿੱਖਾਂ ਵਿਚ ਕਿਹੜੇ ਗੁਣ ਹਨ ਜੋ ਉਹਨਾਂ ਨੂੰ ਦੂਜਿਆਂ ਵਿਅਕਤੀਆਂ ਤੋਂ ਵੱਖਰਾ ਕਰਦੇ ਹਨ। ਗੁਰਮੁੱਖ ਵਿਅਕਤੀ ਲਈ ਗੁਰੂ ਦੀ ਪ੍ਰੀਤ, ਗੁਰੂ ਦੀ ਰਜ਼ਾ ਹੀ ਵੱਡਾ ਕਾਨੂੰਨ ਹੈ। ਸਤਿਗੁਰੂ ਗੁਰਮੁੱਖ ਦਾ ਇਹ ਲੋਕ ਹੀ ਨਹੀਂ ਪਰਲੋਕ ਵੀ ਸੰਵਾਰ ਦਿੰਦਾ ਹੈ। ਸਤਿਗੁਰੂ ਗੁਰਮੁੱਖ ਨੂੰ ਸ਼ਬਦ ਸੁਰਤ ਦੀ ਸੰਧੀ ਕਰਨ ਲਈ ਸਿਖਾਉਂਦਾ ਹੈ। ਸ਼ਬਦ ਦਾ ਭੇਦ ਖੋਲ੍ਹ ਕੇ ਗੁਰਮੁੱਖ ਲਈ ਜ਼ਿੰਦਗੀ ਦੇ ਮੰਜ਼ਿਲੇ-ਮਕਸੂਦ ਦਾ ਰਾਹ ਖੋਲ੍ਹਦਾ ਹੈ ਤੇ ਉਸ ਨੂੰ ਇਨਸਾਨ ਤੋਂ ਦੇਵ ਹੋਣ ਦੀ ਸਮਰੱਥਾ ਵੀ ਬਖਸ਼ਦਾ ਹੈ। ਗੁਰਮੁੱਖ ਦਾ ਜੋਤਿ ਸਰੂਪੀ ਮਨ ਆਪਣੇ ਮੂਲ ਨੂੰ ਜਾਨਣ ਦੀ ਯਾਤਰਾ ਵਲ ਤੁਰਦਾ ਹੈ। ਇਹ ਸਭ ਕੁੱਝ ਸਤਿਗੁਰੂ ਦੀ ਕਿਰਪਾ ਨਾਲ ਹੁੰਦਾ ਹੈ। ਭਾਈ ਗੁਰਦਾਸ ਇਨ੍ਹਾਂ ਬਾਰਾਂ ਪਉੜੀਆਂ ਵਿਚ ਗੁਰਸਿੱਖ ਤੇ ਸਤਿਗੁਰੂ ਦੀ ਦਵੱਲੀ ਸਾਂਝ ਦਾ ਬਿਰਤਾਂਤ ਸਰਲ ਭਾਸ਼ਾ ਵਿਚ ਬਿਆਨ ਕਰ ਰਹੇ ਹਨ। ਕਰਤਾਰੀ ਜੋਤ (Divine spirit) ਦਾ ਗੁਰਮੁਖ (ਖਾਲਸਾ), ਇਸ ਬਿਰਤਾਂਤ ਦਾ ਧੁਰਾ ਹੈ। ਇਸ ਬਿਰਤਾਂਤ ਦਾ ਸਮੁੱਚਾ ਪ੍ਰਸੰਗ, ਸਮੂਹਿਕ ਜੀਵਨ ਦੇ ਸਿਧਾਂਤਕ ਆਧਾਰ ਨੂੰ, ਕਾਰਜਸ਼ੀਲ ਪ੍ਰਬੰਧ ਵਿਚ ਪਰਿਵਰਤਿਤ ਕਰਦਾ ਹੈ। ਭਾਈ ਗੁਰਦਾਸ ਦੀ ਇਸ ਗਿਆਰਵੀਂ ਵਾਰ ਦਾ ਅਸੀਂ ਹੇਠ ਲਿਖੇ ਨੁਕਤਿਆਂ ਤੋਂ ਅਧਿਐਨ ਕਰਨ ਦੀ ਕੋਸ਼ਿਸ਼ ਕਰਾਂਗੇ:

(ੳ) ਸਮਕਾਲ ਅਤੇ ਮਿਥਿਹਾਸ ਦੇ ਬਿਰਤਾਂਤਕ ਪਾਸਾਰ

(ਅ) ਕਾਵਿਕਤਾ ਅਤੇ ਬਿਰਤਾਂਤਕਤਾ ਦਾ ਰਚਨਾਕਾਰੀ ਰਿਸ਼ਤਾ

(ਝ) ਤੱਥ ਤੇ ਕੱਥ (Fact and Fiction) ਦਾ ਆਪਸੀ ਰੂਪਾਂਤਰਨ

(ਸ) ਇਤਿਹਾਸ ਅਤੇ ਬਿਰਤਾਂਤ ਸਿਰਜਣ ਵਿਚ ਸੰਜਮ

**(ੳ) ਸਮਕਾਲ ਅਤੇ ਮਿਥਿਹਾਸ ਦੇ ਬਿਰਤਾਂਤਕ ਪਾਸਾਰ**

ਭਾਈ ਗੁਰਦਾਸ ਨੂੰ ਗੁਰਮਤਿ ਦਾ ਢਾਡੀ ਪਰਵਾਨ ਕੀਤਾ ਜਾਂਦਾ ਹੈ। ਗੁਰਮਤਿ ਬਾਰ੍ਹਵੀਂ ਤੋਂ ਸਤਾਰਵੀਂ ਸਦੀ ਤੱਕ ਦੇ ਭਾਰਤੀ ਜੀਵਨ ਦੀਆਂ ਸਮੱਸਿਆਵਾਂ ਨੂੰ ਨਾਲ ਲੈ ਕੇ ਤੁਰਨ ਵਾਲਾ ਚਿੰਤਨ ਹੈ। ਪ੍ਰੋ. ਬਲਕਾਰ ਸਿੰਘ ਨੇ "ਗੁਰਬਾਣੀ ਨੂੰ ਸਭਿਆਚਾਰ ਅਤੇ ਧਰਮ ਚਿੰਤਨ ਦਾ ਖ਼ਜ਼ਾਨਾ ਕਿਹਾ ਹੈ। ਭਾਈ ਗੁਰਦਾਸ ਉਸ ਪਰੰਪਰਾ ਦੇ ਪਾਰਸ ਹਨ। ਭਾਈ ਗੁਰਦਾਸ ਨੇ ਗੁਰਮਤਿ ਨੂੰ ਗੁਰਮੁੱਖ-ਭਗਤੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ।"[2]

ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਗੁਰਦਾਸ ਦੀ ਬਾਣੀ ਨੂੰ ਮਨੋਹਰ ਔਰ ਸਿੱਖ ਧਰਮ ਦੇ ਨਿਯਮਾਂ ਦਾ ਭੰਡਾਰ ਕਿਹਾ ਹੈ। ਸਿੱਖੀ ਦਾ ਰਹਿਤਨਾਮਾ ਭਾਈ ਸਾਹਿਬ ਜੀ ਦੀ ਬਾਣੀ ਤੋਂ ਵਧ ਕੇ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸੱਚੀ ਸਿੱਖੀ ਪ੍ਰਾਪਤ ਹੁੰਦੀ ਹੈ ਔਰ ਇਹ ਬਾਣੀ ਗੁਰਬਾਣੀ ਦਾ ਟੀਕਾ ਰੂਪ ਹੈ।[3]

ਭਾਈ ਵੀਰ ਸਿੰਘ ਦਾ ਮੱਤ ਹੈ:

> ਭਾਈ ਗੁਰਦਾਸ ਜੀ ਦੇ ਥਿਰ ਰਹਿਣ ਵਾਲੇ ਦੋ ਸੇਵਾ ਦੇ ਕੰਮ ਹਨ, ਇਕ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਬੈਠ ਕੇ ਗੁਰਬਾਣੀ ਦੇ ਇਕੱਤਰ ਤੇ ਸੰਕਲਿਤ ਕਰਨ ਦੀ ਸੇਵਾ ਕਰਨੀ ਤੇ ਸਾਰੀ ਬਾਣੀ ਆਪਣੇ ਹੱਥੀਂ ਲਿਖਣੀ। ਦੂਜਾ, ਉਹਨਾਂ ਦੀ ਆਪਣੀ ਬਾਣੀ ਹੈ ਜੋ ਗੁਰਸਿੱਖੀ ਦੇ ਅਸੂਲਾਂ ਤੇ ਗੁਰਬਾਣੀ ਦੇ ਭਾਵਾਂ ਨੂੰ ਸਮਝਣ ਲਈ ਸੱਚਮੁੱਚ ਕੁੰਜੀ ਦਾ ਕੰਮ ਦਿੰਦੀ ਹੈ।[4]

ਭਾਈ ਗੁਰਦਾਸ ਦੀ ਰਚਨਾ ਦਾ ਆਧਾਰ ਗੁਰਬਾਣੀ ਹੈ। ਉਨ੍ਹਾਂ ਦੀ ਰਚਨਾ ਦਾ ਸਿੱਖ ਧਰਮ ਵਿਚ ਉਹੀ ਸਥਾਨ ਹੈ ਜੋ ਹਿੰਦੂ ਧਰਮ ਵਿਚ ਸਿਮ੍ਰਤੀ ਦਾ ਹੈ। ਸਿਮ੍ਰਤੀ ਹਿੰਦੂ ਧਰਮ ਵਿਚ ਵੇਦਾਂ ਦੇ

ਨਾਲ ਧਰਮ ਦੇ ਅਸੂਲਾਂ ਨੂੰ ਸਮਝਣ ਲਈ ਵੇਦਾਂ ਤੋਂ ਦੂਜੇ ਦਰਜੇ ਤੇ ਪ੍ਰਮਾਣਿਕ ਸ੍ਰੋਤ ਹੈ। ਇਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਰਚਨਾ ਸਿੱਖੀ ਦੇ ਅਸੂਲਾਂ ਦਾ ਸ਼ੁੱਧ ਤੇ ਪ੍ਰਮਾਣਿਕ ਰਹਿਤਨਾਮਾ ਹੈ।

ਭਾਈ ਗੁਰਦਾਸ ਦੀ ਗਿਆਰਵੀਂ ਵਾਰ ਵਿਚ ਸਮਕਾਲ ਅਤੇ ਮਿਥਿਹਾਸ ਦੇ ਬਿਰਤਾਂਤਕ ਪਾਸਾਰ ਤੋਂ ਪਹਿਲਾਂ ਉਹਨਾਂ ਵਸਤੂਗਤ ਸਥਿਤੀਆਂ ਦਾ ਜਾਇਜ਼ਾ ਲੈਣਾ ਪਵੇਗਾ ਜਿਨ੍ਹਾਂ ਨੂੰ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਬੁਨਿਆਦੀ ਆਧਾਰ ਬਣਾਇਆ ਹੈ। ਉਸ ਸਮੇਂ ਦੇ ਹਾਲਾਤਾਂ ਬਾਰੇ ਇਤਿਹਾਸਕ ਪੱਖੋਂ ਵੇਖਦਿਆਂ ਪਤਾ ਲਗਦਾ ਹੈ ਕਿ ਉਸ ਸਮੇਂ "ਰਾਜਨੀਤਿਕ ਅਨੁਸ਼ਾਸਨ-ਹੀਣਤਾ, ਸਮਾਜਿਕ ਉਲਝਣ, ਧਾਰਮਿਕ ਭ੍ਰਿਸ਼ਟਾਚਾਰ, ਸਦਾਚਾਰਕ ਗਿਰਾਵਟ ਅਤੇ ਅਧਿਆਤਮਕ ਗੁਲਾਮੀ ਦਾ ਬੋਲ-ਬਾਲਾ ਸੀ।"[5]

ਸਿੱਖ ਧਰਮ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ, ਪਰ ਗੁਰੂ ਨਾਨਕ ਦੇ ਸਰੂਪ ਬਾਰੇ ਭਿੰਨ ਭਿੰਨ ਰਾਵਾਂ ਹਨ। ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਗੁਰੂ ਨਾਨਕ ਦੇਵ ਦੇ ਸਰੂਪ ਨੂੰ ਕਈ ਰੂਪਾਂ ਵਿਚ ਕਈ ਪੱਖਾਂ ਤੋਂ ਚਿਤਰਿਆ ਹੈ। ਪਰ ਉਨ੍ਹਾਂ ਦੀ ਮੂਲ ਉਪਾਧੀ ਤਾਂ 'ਗੁਰੂ' ਹੀ ਰੱਖੀ ਹੈ। ਗੁਰੂ ਜੋ ਅਗਿਆਨਤਾ, ਹਨੇਰ, ਭਰਮ ਦੇ ਪ੍ਰਸੰਗ ਵਿਚ ਪ੍ਰਕਾਸ਼ ਰੂਪ ਵਿਚ ਗਿਆਨ ਜੋਤ ਹੈ । ਇਸ ਤੋਂ ਪਹਿਲਾਂ ਕਿ ਅਸੀਂ ਭਾਈ ਗੁਰਦਾਸ ਜੀ ਦੇ ਗੁਰੂ ਸਰੂਪ ਵਰਣਨ ਦੇ ਸਾਪੇਖ (positive) ਪੱਖ ਜਾਣਨ ਵਲ ਆਈਏ, ਇਹ ਸਾਨੂੰ ਦ੍ਰਿੜ ਰੂਪ ਵਿਚ ਨਿਸ਼ਚਾ ਕਰ ਲੈਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ, ਕ੍ਰਿਸ਼ਨ ਜੀ ਜਾਂ ਦੂਜੇ ਅਵਤਾਰਾਂ ਦੀ ਤਰ੍ਹਾਂ ਪਰਮਾਤਮਾ ਦਾ ਅਵਤਾਰ ਨਹੀਂ ਸਨ।

ਭਾਈ ਗੁਰਦਾਸ ਸਾਮੀ ਧਰਮਾਂ ਦੇ ਪੈਗੰਬਰਾਂ ਦੇ ਪ੍ਰਸੰਗ ਵਿਚ ਗੁਰੂ ਨਾਨਕ ਦੇ ਸਰੂਪ ਨੂੰ ਬਹੁਤਾ ਸਪਸ਼ਟ ਰੂਪ ਵਿਚ ਬਿਆਨ ਨਹੀਂ ਕਰਦੇ। ਭਾਈ ਗੁਰਦਾਸ ਨੇ ਸਾਮੀ ਪਰੰਪਰਾ ਦੇ ਪੈਗੰਬਰਾਂ ਦੀ ਤਰ੍ਹਾਂ ਗੁਰੂ ਨਾਨਕ ਨੂੰ ਨਾ ਰੱਬ ਦੇ 'ਸੰਦੇਸ਼ ਵਾਹਕ' ਦੇ ਰੂਪ ਵਿਚ ਚਿਤਰਿਆ ਹੈ, ਨਾ ਰੱਬ ਦੇ 'ਇਕਲੌਤੇ ਪੁੱਤਰ' ਦੇ ਰੂਪ ਵਿਚ ਤੇ ਨਾ ਹੀ ਇਸਲਾਮ ਧਰਮ ਦੇ ਪ੍ਰਵਰਤਕ ਪੈਗੰਬਰ ਮੁਹੰਮਦ ਦੀ ਤਰ੍ਹਾਂ ਹੀ ਕੋਈ ਰੱਬੀ ਫਰਿਸ਼ਤਾ ਉਨ੍ਹਾਂ ਨੂੰ ਦੈਵੀ ਪੁਸਤਕ ਪੜ੍ਹਾ ਕੇ ਜਾਂਦਾ ਹੈ। ਭਾਈ ਗੁਰਦਾਸ

ਅਨੁਸਾਰ ਗੁਰੂ ਨਾਨਕ ਦੀ ਮੂਲ ਉਪਾਧੀ ਤਾਂ ਗੁਰੂ, ਸਤਿਗੁਰੂ ਜਾਂ ਗੁਰਦੇਵ ਦੀ ਹੀ ਹੈ ਜੋ ਕਿ ਹਨੇਰੇ ਤੋਂ ਪ੍ਰਕਾਸ਼ ਵਲ ਲੈ ਜਾਣ ਦੇ ਅਰਥਾਂ ਦੀ ਲਖਾਇਕ ਹੈ ਅਤੇ ਇਹ ਸ਼ਬਦ ਪਹਿਲੀ ਵਾਰ ਦੀ ਮੰਗਲਾਚਰਨ ਵਾਲੀ ਪਉੜੀ ਵਿਚ ਵੀ ਆਇਆ ਹੈ।

ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।[6]

ਗੁਰੂ ਨਾਨਕ ਦੇਵ ਪਰਮਾਤਮਾ ਦਾ ਅਵਤਾਰ ਨਾ ਹੁੰਦੇ ਹੋਏ ਵੀ ਪਰਮਾਤਮਾ ਨਾਲ ਇਕ ਮਿੱਕ ਹੋਏ ਹੋਣ ਕਰਕੇ ਅਤੇ ਕਲਿਯੁਗ ਵਿਚ ਧਰਮ ਦੀ ਸੁਰਜੀਤੀ ਦੇ ਮਨੋਰਥ ਲਈ ਪਰਮਾਤਮਾ ਦਾ ਹੀ ਰੂਪ ਸਨ। ਉਹ ਕਲਿਯੁਗ ਦੇ ਅੰਧਕਾਰ ਵਿਚ ਸੱਚ ਦਾ ਸੂਰਜ ਬਣ ਕੇ ਪ੍ਰਗਟ ਹੋਏ। ਕਲਿਯੁਗ ਵਿਚ ਧਰਮ ਨੂੰ ਮੁੜ ਸੁਰਜੀਤ ਕਰਨ ਕਰਕੇ 'ਜਗਤ ਗੁਰੂ' ਅਖਵਾਏ। ਇਸ ਤਰ੍ਹਾਂ ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਦਾ ਸਰੂਪ ਬਿਆਨ ਕਰਦਿਆਂ ਉਨ੍ਹਾਂ ਨੂੰ ਪੱਛਮ ਅਤੇ ਪੂਰਬ ਦੇ ਪੈਗੰਬਰੀ ਅਤੇ ਰਹੱਸਵਾਦੀ ਧਰਮਾਂ ਦੇ ਸੰਸਥਾਪਕਾਂ ਦੇ ਮੇਲ ਸਰੂਪ ਵਿਚ ਬਿਆਨ ਕੀਤਾ ਹੈ। ਇਸੇ ਕਰਕੇ ਉਹ ਗੁਰੂ ਨਾਨਕ ਨੂੰ 'ਜ਼ਾਹਰ ਪੀਰ' ਅਤੇ 'ਜਗਤਗੁਰੂ' ਇਕੋ ਸਾਹੇ ਹੀ ਕਹਿ ਜਾਂਦੇ ਹਨ ਪਰ ਨਾਲ ਹੀ ਦੋਹਾਂ ਸਰੂਪਾਂ ਤੋਂ ਨਿਖੇੜਾ ਵੀ ਕੀਤਾ ਗਿਆ ਹੈ। ਗੁਰੂ, ਪਰਮਾਤਮਾ ਅਤੇ ਅਕਾਲਪੁਰਖ ਨਾਲ ਹੀ ਇੱਕਮਿੱਕ ਨਹੀਂ ਹਨ ਸਗੋਂ ਉਹ ਸੰਗਤ ਅਤੇ ਸ਼ਬਦ ਨਾਲ ਵੀ ਇਕ ਰੂਪ ਹੀ ਹਨ। ਉਹ ਇਕੋ ਸਮੇਂ ਪਰਮਾਤਮਾ, ਸ਼ਬਦ ਅਤੇ ਸੰਗਤ ਨਾਲ ਅਭੇਦ ਹੁੰਦੇ ਹੋਏ ਵੀ ਈਸਾ ਦੀ ਤਰ੍ਹਾਂ ਪਰਮਾਤਮਾ ਦੇ ਇਕਲੌਤੇ ਪੁੱਤਰ ਨਹੀਂ ਅਤੇ ਇਸੇ ਸਰੂਪ ਕਰਕੇ ਉਹ ਪਰਮਾਤਮਾ ਦਾ ਅਵਤਾਰ ਹੁੰਦੇ ਹੋਏ ਵੀ ਰਵਾਇਤੀ ਵੈਸ਼ਨਵ ਅਤੇ ਸ਼ੈਵ ਅਰਥਾਂ ਵਿਚ ਅਵਤਾਰ ਤੋਂ ਵੀ ਭਿੰਨ ਹਨ।

ਸੰਤ ਸਿੰਘ ਸੇਖੋਂ ਅਨੁਸਾਰ:

> ਗੁਰਬਾਣੀ ਵਿਚ ਪੁਰਾਤਨ ਭਾਰਤੀ ਦੇਵ-ਮਿਥਿਆ ਅਥਵਾ ਮਿਥਿਹਾਸ ਦੀ ਵਰਤੋਂ ਕੀਤੀ ਗਈ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਦੀ ਵਰਤੋਂ ਆਮ ਮਿਲਦੀ ਹੈ। ਭਾਈ ਸਾਹਿਬ ਨੇ ਮਿਥਿਹਾਸ ਦੀ ਵਰਤੋਂ ਦਾਰਸ਼ਨਿਕ ਅੰਗ ਵਜੋਂ ਹੀ ਕੀਤੀ ਹੈ। ਪਰ ਉਨ੍ਹਾਂ ਆਪਣੀ ਰਚਨਾ ਵਿਚ

> ਪ੍ਰਾਕ੍ਰਿਤਕ ਦੇਵਤਿਆਂ ਦੀ ਕੋਈ ਖ਼ਾਸ ਗੱਲ ਨਹੀਂ ਕੀਤੀ। ਸਭ ਤੋਂ ਵਧੇਰੇ ਵਰਤੇ ਗਏ ਦਾਰਸ਼ਨਿਕ ਸੰਕਲਪ ਸ਼ਿਵ ਸ਼ਕਤੀ ਦੇ ਯੋਗ ਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਤ੍ਰਿਕੁਟੀ ਦੇ ਹਨ। ਸ਼ਿਵ ਸ਼ਕਤੀ ਦੇ ਯੋਗ ਤੋਂ ਭਾਵ ਚੇਤਨ (ਆਤਮ) ਤੇ ਜੜ (ਅਨਾਤਮ) ਦੀ ਦ੍ਵੈਤ ਹੈ ਜੋ ਸਿੱਖੀ ਦੇ ਸਿਧਾਂਤ ਵਿਚ ਥੋੜੀ ਜਿਹੀ ਤਬਦੀਲੀ ਨਾਲ ਅੰਕਿਤ ਹੈ। ਸਿੱਖੀ ਸਿਧਾਂਤ ਹੋਰ ਆਦਰਸ਼ਵਾਦੀ ਸਿਧਾਂਤ ਵਾਕਰ ਇਸ ਦ੍ਵੈਤ ਨੂੰ ਸਵੀਕਾਰ ਕਰਦਾ ਹੈ ਅਤੇ ਇਸਦੇ ਉਪਰ ਅਦ੍ਵੈਤ ਬ੍ਰਹਮ ਨੂੰ ਰੱਖਦਾ ਹੈ। ਇਸ ਦਾ ਭਾਵ ਇਹ ਹੋ ਜਾਂਦਾ ਹੈ ਕਿ ਬ੍ਰਹਮ ਆਪ ਹੀ ਇਕ ਪੜਾਉ ਹੇਠ ਆ ਕੇ ਆਤਮਾ ਤੇ ਪ੍ਰਕ੍ਰਿਤੀ ਬਣ ਜਾਂਦਾ ਹੈ ਪਰ ਬ੍ਰਹਮ ਆਪ ਇਸ ਦ੍ਵੈਤ ਆਤਮਾ ਤੇ ਪ੍ਰਕ੍ਰਿਤੀ ਦੋਹਾਂ ਵਿਚ ਪਿਆਪਕ ਹੈ ਤੇ ਜਦੋਂ ਚਾਹੇ ਇਸ ਦ੍ਵੈਤ ਨੂੰ ਆਪਣੇ ਵਿਚ ਸਮੇਟ ਲੈਂਦਾ ਹੈ।[7]

ਭਾਈ ਗੁਰਦਾਸ ਗਿਆਰਵੀਂ ਵਾਰ ਵਿਚ ਗੁਰੂ ਨਾਨਕ ਦੇਵ ਜੀ ਬਾਰੇ ਆਪਣੀ ਸ਼ਰਧਾ ਭਾਵਨਾਂ ਦਾ ਪ੍ਰਗਟਾਵਾ ਕਰਦੇ ਹੋਏ ਕਹਿੰਦੇ ਹਨ ਕਿ ਸਤਿਗੁਰੂ ਜੀ ਸੱਚਾ ਪਾਤਸ਼ਾਹ ਹੈ। ਉਹ ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ। ਭਾਈ ਗੁਰਦਾਸ ਗੁਰੂ ਨਾਨਕ ਨੂੰ ਹਾਜ਼ਰ-ਨਾਜ਼ਰ ਸਮਝਦੇ ਹੋਏ ਉਸ ਸੱਚੇ ਪਾਤਸ਼ਾਹ ਨੂੰ ਨਮਸਕਾਰ ਕਰਦੇ ਹਨ। ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਸੱਚ ਖੰਡ ਰੂਪ ਬਣਾਇਆ ਹੋਇਆ ਹੈ। ਜਿਥੇ ਸਤਿਗੁਰੂ ਜੀ ਝਰੋਖੇ ਰੂਪੀ ਮੁੱਖ ਵਿਚੋਂ ਉਪਦੇਸ਼ ਕਰਦੇ ਹਨ। ਉਹ ਜਗਿਆਸੂ ਰੂਪ ਸਿੱਖ ਦੇ ਹਿਰਦੇ ਰੂਪੀ ਬਾਰੀ ਖੋਲ੍ਹ ਕੇ ਉਸ ਪ੍ਰਤਿ ਬਹੁਤ ਹੀ ਕਾਰਜਸ਼ੀਲ ਉਪਦੇਸ਼ ਕਰਦੇ ਹਨ। ਇਨ੍ਹਾਂ ਉਪਦੇਸ਼ਾਂ ਰਾਹੀਂ ਅੰਮ੍ਰਿਤ ਕਿਰਨਾਂ ਦੀ ਨਿੱਝਰ ਧਾਰਾ ਦੇ ਭਾਵ ਰਸ ਦਾ ਪ੍ਰਵਾਹ ਚਲਦਾ ਹੈ ਅਤੇ ਸਾਧ ਸੰਗਤ ਦੇ ਸਾਹਮਣੇ ਰਬਾਬੀ ਲੋਕ ਅਨਹਦ ਸ਼ਬਦ ਦੀ ਧੁਨੀ ਦੇ ਵਾਜੇ ਵਜਾਉਂਦੇ ਹਨ। ਭਾਈ ਗੁਰਦਾਸ ਗੁਰੂ ਦੀ ਮਹਿਮਾਂ ਦਾ ਬਿਰਤਾਂਤ ਸਿਰਜ ਕੇ ਉਨ੍ਹਾਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਸੰਗਤਾਂ ਉਤੇ ਉਨ੍ਹਾਂ ਦੀ ਰੱਬੀ ਮਿਹਰ ਦਾ ਬਿਰਤਾਂਤ ਪੇਸ਼ ਕਰ ਰਹੇ ਹਨ।

ਦੁਨਿਆਵੀ ਜੀਵਨ ਵਿਚੋਂ ਪਤਾਸ਼ਾਹਾਂ ਜਾਂ ਸ਼ਹਿਨਸ਼ਾਹਾਂ ਦੀਆਂ ਮਜਲਸ਼ਾਂ ਦੀ ਗੱਲ ਕਰਦਿਆਂ ਭਗਤਾਂ ਨੂੰ ਦ੍ਰਿੜ ਕਰਵਾਉਂਦੇ ਹਨ ਕਿ ਇਨ੍ਹਾਂ ਮਜਲਸਾਂ ਵਿਚ ਸੱਚ ਦਾ ਪ੍ਰੇਮ ਪਿਆਲਾ ਪੀਣਾ ਬੜਾ ਹੀ ਮੁਸ਼ਕਿਲ ਕੰਮ ਹੈ ਕਿਉਂਕਿ ਇਥੇ ਤਾਂ ਸਾਕੀਆਂ ਹੱਥੋਂ ਭਰ ਭਰ ਪਿਆਲੇ ਪੀਤੇ ਜਾਂਦੇ ਹਨ। ਪਰ ਇਸ ਦੇ ਉਲਟ ਪ੍ਰੇਮ ਪਿਆਲੇ ਵਿਚ ਭਾਵ ਸਤਿਗੁਰੂ ਜੀ ਦੇ ਸੀਤ ਪ੍ਰਸਾਦਿ ਵਿਚ ਖ਼ਰੀ ਖ਼ੁਮਾਰੀ ਹੁੰਦੀ ਹੈ। ਇਹ ਖ਼ੁਮਾਰੀ ਜਾਂ ਮਸਤੀ ਮਦਹੋਸ਼ ਕਰਨ ਵਾਲੀ ਨਹੀਂ ਹੁੰਦੀ। ਇਹ ਸਤਿਗੁਰੂ ਦੇ ਨਾਮ ਦੀ ਖ਼ੁਮਾਰੀ ਹੈ ਇਸ ਵਿਚ ਗੁਰਸਿੱਖ ਸਦਾ ਪ੍ਰੇਮਾ-ਭਗਤੀ ਦੇ ਭੈ ਵਿਚ ਚਲਦਾ ਹੈ। ਭਾਈ ਗੁਰਦਾਸ ਗਿਆਰ੍ਹਵੀਂ ਵਾਰ ਦੀ ਪਹਿਲੀ ਪਉੜੀ ਵਿਚ ਲਿਖਦੇ ਹਨ:

> ਪਾਤਿਸਾਹਾਂ ਦੀ ਮਜਲਸੈ ਪਿਰਮੁ ਪਿਆਲਾ ਪੀਵਣ ਭਾਰੀ।
> ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ।
> ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸ਼ਿਆਰੀ।
> ਭਗਤ ਵਛਲੁ ਹੋਇ ਭਗਤਿ ਭੰਡਾਰੀ।।[8]

ਇਹ ਸਾਰਾ ਬਿਰਤਾਂਤ ਤੇ ਵਿਚਾਰਧਾਰਾ ਮਨੁੱਖੀ ਜੀਵਨ ਦਾ ਮਾਰਗ-ਦਰਸ਼ਨ ਉਪਲਬਧ ਕਰਵਾਉਂਦੀ ਹੈ। ਸਮਕਾਲੀ ਸੱਚ ਦੇ ਬਿਰਤਾਂਤ ਰਾਹੀਂ ਭਾਈ ਗੁਰਦਾਸ ਵਿਚਾਰ ਪੇਸ਼ ਕਰਦੇ ਹਨ ਕਿ ਇਸ ਦੁਨੀਆਂ ਦੇ ਜਿੰਨੇ ਵੀ ਪਾਤਸ਼ਾਹ ਹੋਏ ਹਨ ਸਭ ਝੂੱਠਾ ਧਨ ਇਕੱਠਾ ਕਰਦੇ ਹਨ ਅਤੇ ਫੇਰ ਇਥੇ ਛੱਡ ਕੇ ਚਲੇ ਜਾਂਦੇ ਹਨ। ਸਤਿਗੁਰੂ ਇਕੋ ਇਕ ਅਜਿਹੇ ਸੱਚੇ ਪਾਤਸ਼ਾਹ ਹਨ ਜਿਨ੍ਹਾਂ ਕੋਲ ਨਾਮ ਅਤੇ ਗਿਆਨ ਦਾ ਸੱਚਾ ਧਨ ਹੈ। ਜੋ ਸਤਿਗੁਰੂ ਦੀ ਸੇਵਾ ਕਰਦੇ ਹਨ ਉਹ ਉਨ੍ਹਾਂ ਨੂੰ ਸੱਚਾ ਧਨ ਦੇ ਕੇ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਨਾ ਲੋਚਦੇ ਹਨ। ਭਾਈ ਗੁਰਦਾਸ ਸਾਧ ਸੰਗਤ ਦੀ ਮਹੱਤਤਾ ਦਾ ਬਿਰਤਾਂਤ ਸਿਰਜਦਿਆਂ ਇਸ ਨੂੰ ਸਤਿਗੁਰਾਂ ਦਾ ਖ਼ਜਾਨਾ ਦਸਦੇ ਹਨ ਅਤੇ ਬਿਰਤਾਂਤ ਸਿਰਜਦਿਆਂ ਕਹਿੰਦੇ ਹਨ ਕਿ ਇਸ ਤੋਂ ਸੱਚਾ ਧਨ, ਨਾਮ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦਾ ਸੱਚਾ ਸ਼ਬਦ ਸੱਚ ਅੰਮ੍ਰਿਤ ਹੈ ਅਤੇ ਜੋ ਸ਼ਬਦ ਸੁਣਦੇ ਹਨ ਉਹ ਆਤਮਿਕ ਤੌਰ ਤੇ ਅਮਰ ਹੋ ਜਾਂਦੇ ਹਨ ਉਹ ਕਦੇ ਨਹੀਂ ਮਰਦੇ। ਇਸਦੇ ਮੁਕਾਬਲੇ ਬਾਦਸ਼ਾਹ ਦਾ

ਮਦ ਪਿਆਲਾ ਆਪਣੇ ਵਫ਼ਾਦਾਰਾਂ ਨੂੰ ਇਸ ਲਈ ਦਿੱਤਾ ਜਾਂਦਾ ਹੈ ਤਾਂ ਕਿ ਉਹ ਅੰਦਰ ਦਾ ਭੇਦ ਬਾਹਰ ਨਾ ਕੱਢਣ। ਇਸ ਦੇ ਉਲਟ ਸਿੱਖਾਂ ਨੂੰ ਸ਼ਬਦ ਦੀ ਮਸਤੀ ਵਧਦੀ ਜਾਂਦੀ ਹੈ। ਉਹ ਆਪਣੀ ਭਗਤੀ ਦਾ ਦਿਖਾਵਾ ਕਿਧਰੇ ਨਹੀਂ ਕਰਦੇ। ਭਾਈ ਗੁਰਦਾਸ ਆਪਣੇ ਬਿਰਤਾਂਤ ਰਾਹੀਂ ਸਮਕਾਲੀ ਸਿੱਖਾਂ ਉੱਤੇ ਸਤਿਗੁਰੂ ਦੀ ਕਿਰਪਾ ਦਾ ਵਰਣਨ ਕਰਦੇ ਹਨ:

ਸ਼ਬਦ ਸੁਰਤਿ ਲਿਵ ਲੀਣੁ ਹੋਇ ਸਾਧ ਸੰਗਤਿ ਸਚਿ ਮੇਲਿ ਮਿਲਾਇਆ।।
ਹੁਕਮ ਰਜਾਈ ਚਲਣਾ ਆਪੁ ਗਵਾਇ ਨ ਆਪੁ ਜਣਾਇਆ।।
ਗੁਰ ਉਪਦੇਸੁ ਅਵੇਸੁ ਕਰਿ ਪਰਉਪਕਾਰਿ ਅਚਾਰਿ ਲੁਭਾਇਆ।।
ਪਿਰਮ ਪਿਆਲਾ ਅਪਿਉ ਪੀ ਸਹਜ ਸਮਾਈ ਅਜਰੁ ਜਰਾਇਆ।।[੭]

ਗੁਰੂ ਦੇ ਸਿੱਖਾਂ ਦਾ ਬਿਰਤਾਂਤ ਸਿਰਜਦੇ ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਮੁਖਿ ਵੱਡੇ ਵਿਚਾਰ ਵਾਲੇ ਹਨ। ਸਤਿਗੁਰੂ ਦੇ ਮੁੱਖ 'ਚੋਂ ਨਿਕਲਿਆ ਸ਼ਬਦ ਵਾਹਿਗੁਰੂ ਦੇ ਨਾਮ ਅਤੇ ਗਿਆਨ ਦਾ ਮਰਹਮ ਹੈ। ਸ਼ਬਦ ਹਉਮੈ ਰੋਗ ਨੂੰ ਦੂਰ ਕਰਦਾ ਹੈ ਅਤੇ ਗੁਰੂ ਭਗਤ ਵਿਸ਼ੇ ਵਿਕਾਰਾਂ ਤੋਂ ਨਿਰਲੇਪ ਰਹਿੰਦਾ ਹੈ। ਉਹ ਨਿਮਰਤਾ ਧਾਰਨ ਕਰਦਿਆਂ ਆਪਣੇ ਗਿਆਨ ਅਤੇ ਹਉਮੈ ਦਾ ਦਿਖਾਵਾ ਨਹੀਂ ਕਰਦਾ। ਗੁਰੂ ਦੇ ਦੱਸੇ ਰਾਹ ਤੇ ਚਲਦਿਆਂ ਸਾਦਗੀ ਭਰੀ ਜ਼ਿੰਦਗੀ ਬਤੀਤ ਕਰਦਾ ਹੈ। ਉਹ ਗੁਰਸਿੱਖਾਂ ਦੀ ਸੰਗਤ ਕਰਕੇ ਗੁਰ ਸ਼ਬਦ ਅੱਗੇ ਮੱਥਾ ਟੇਕ ਕੇ ਸਾਧ ਸੰਗਤ ਦੀ ਸੇਵਾ ਕਰਦਾ ਹੈ। ਗੁਰਸਿੱਖ ਗੁਰੂ ਦੀ ਸਿੱਖਿਆ ਦੀ ਕਮਾਈ ਕਰਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਦੂਰ ਰਹਿੰਦੇ ਹਨ ਅਤੇ ਗਰੀਬਾਂ ਤੇ ਅਗਿਆਨੀਆਂ ਤੇ ਦਇਆ ਕਰਦੇ ਹਨ। ਸ਼ਬਦ ਵਿਚ ਲੀਨ ਹੋ ਕੇ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਿਆਂ ਨਿਮਰਤਾ ਵਾਲਾ ਜੀਵਨ ਬਤੀਤ ਕਰਦੇ ਹਨ। ਭਾਈ ਗੁਰਦਾਸ ਇਕ ਆਦਰਸ਼ ਗੁਰਮੁੱਖ ਦੀ ਹੋਣੀ ਦੇ ਪਾਸਾਰ ਦਾ ਬਿਰਤਾਂਤ ਸਿਰਜਦਿਆਂ ਦਸਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਉਸ ਨੂੰ ਤਿੰਨ ਲੋਕ ਦੀ ਸੋਝੀ ਆ ਜਾਂਦੀ ਹੈ ਅਤੇ ਗਿਆਨਵਾਨ ਹੋਣ ਤੇ ਵੀ ਨਿਮਰਤਾ ਉਸ ਦੇ ਅੰਗ-ਸੰਗ ਰਹਿੰਦੀ ਹੈ।

ਗਿਆਨ ਧਿਆਨਿ ਸਿਮਰਣਿ ਸਦਾ ਸਤਿਗੁਰੂ ਸਿਖ ਰਖੈ ਨਿਰਬਾਣੈ।।

ਭੂਹ ਭਵਿਖਹੁ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ॥

ਜਾਤੀ ਸੁੰਦਰ ਲੋਕੁ ਨ ਜਾਣੈ॥[10]

ਇਹ ਸਾਰਾ ਬਿਰਤਾਂਤ ਭਵਿੱਖਮੁੱਖੀ ਹੈ ਅਤੇ ਇਸ ਵਿਚਾਰਧਾਰਾ ਦੇ ਬੀਜ ਗੁਰਮਤਿ ਦੇ ਮੂਲ ਸਿਧਾਂਤਾਂ ਵਿਚ ਵਿਚਰ ਰਹੇ ਹਨ। ਭਾਈ ਗੁਰਦਾਸ ਸਿੱਖੀ ਜੀਵਨ ਦੇ ਬਿਰਤਾਂਤ ਦੁਆਰਾ ਆਪਣੇ ਸਮਕਾਲੀ ਸਿੱਖ ਭਗਤਾਂ ਨੂੰ ਇਹ ਦ੍ਰਿੜ ਕਰਵਾਉਂਦੇ ਹੋਏ ਦਸਦੇ ਹਨ ਕਿ ਸਿੱਖੀ ਜੀਵਨ ਬਹੁਤ ਕਠਿਨ ਹੈ। ਇਹ ਖੰਡੇ ਦੀ ਧਾਰ ਉਪਰ ਚਲਣ ਵਰਗੀ ਪ੍ਰਕਿਰਿਆ ਹੈ। ਜਿਸ ਤਰ੍ਹਾਂ ਕਾਮ-ਕ੍ਰੋਧ ਨੂੰ ਤਿਆਗਣਾ ਮਨਮੁੱਖਾਂ ਲਈ ਮੁਸ਼ਕਲ ਕੰਮ ਹੈ। ਇਸ ਨੂੰ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਤਿਆਗਿਆ ਜਾ ਸਕਦਾ ਹੈ। ਭਾਈ ਗੁਰਦਾਸ ਤੱਤਕਾਲੀ ਤ੍ਰਾਸਦਿਕ ਸਥਿਤੀਅਤੇ ਧਾਰਮਿਕ ਮੂਲਵਾਦ ਦੇ ਵਿਰੋਧ ਵਿਚ ਮਿਥਿਹਾਸਕ ਬਿਰਤਾਂਤ ਰਾਹੀਂ ਸਤਿ ਅਤੇ ਅਸਤਿ ਨੂੰ ਜਾਣਨ ਸੰਬੰਧੀ ਗੁਰ ਸਿੱਖਾਂ ਨੂੰ ਹੰਸ ਦੀ ਉਦਾਹਰਣ ਰਾਹੀਂ ਇਕ ਆਦਰਸ਼ ਸਿੱਖ ਦੇ ਬਿੰਬ ਦਾ ਬਿਰਤਾਂਤ ਸਾਡੇ ਸਾਹਮਣੇ ਪ੍ਰਸਤੁਤ ਕਰਦੇ ਹਨ। ਹੰਸ ਦੀ ਚੁੰਝ ਖੱਟੀ ਹੁੰਦੀ ਹੈ ਜਦੋਂ ਦੁੱਧ ਉਸ ਅੱਗੇ ਰੱਖਿਆ ਜਾਂਦਾ ਹੈ ਤਾਂ ਉਹ ਆਪਣੀ ਚੁੰਝ ਨਾਲ ਦੁੱਧ ਦੀਆਂ ਫੁੱਟੀਆਂ ਖਾ ਲੈਂਦਾ ਹੈ ਅਤੇ ਪਾਣੀ ਪਿੱਛੇ ਛੱਡ ਦਿੰਦਾ ਹੈ। ਸਿੱਖੀ ਸਭ ਤੋਂ ਵੱਡਾ ਤਪ ਕਰਕੇ ਪ੍ਰਾਪਤ ਹੁੰਦੀ ਹੈ ਅਤੇ ਇਹ ਖੰਡੇ ਦੀ ਧਾਰ ਉੱਤੇ ਚਲਣ ਵਾਂਗ ਹੈ। ਸਿੱਖ ਗਿਆਨ ਪ੍ਰਾਪਤ ਕਰਕੇ ਚੰਗੇ ਗੁਣ ਆਪਣੇ ਵਿਚ ਵਸਾ ਲੈਂਦਾ ਹੈ ਅਤੇ ਔਗੁਣਾਂ ਨੂੰ ਵਿਸਾਰ ਦਿੰਦਾ ਹੈ। ਭਾਈ ਗੁਰਦਾਸ ਤੱਤਕਾਲੀ ਤ੍ਰਾਸਦਿਕ ਸਥਿਤੀ ਅਤੇ ਧਾਰਮਿਕ ਮੂਲਵਾਦ ਦੇ ਵਿਰੋਧ ਵਿਚ ਮਿਥਿਹਾਸਕ ਹਵਾਲੇ ਦਾ ਬਿਰਤਾਂਤ ਸਿਰਜ ਕੇ ਆਪਣੇ ਸਮੇਂ ਦੇ ਸੱਚ ਨੂੰ ਪਰਪੱਕ ਕਰਦੇ ਹੋਏ ਆਪਣੇ ਗੁਰਸਿੱਖਾਂ ਨੂੰ ਗੁਰਸਿੱਖੀ ਪ੍ਰਾਪਤ ਕਰਨ ਲਈ, ਮਾਨਸਿਕ ਤੌਰ ਤੇ ਤਿਆਰ ਕਰਦਿਆਂ ਇਸ ਨੂੰ ਖੰਡੇ ਦੀ ਧਾਰ ਤੇ ਚੱਲਣ ਦੀ ਕਠੋਰ ਪ੍ਰੀਖਿਆ ਵਿਚੋਂ ਨਿਕਲਣ ਲਈ ਕਹਿੰਦੇ ਹਨ:

ਗੁਰਸਿੱਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।

ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ॥

ਵਾਲਹੁ ਨਿਕੀ ਆਖੀਐ ਤੇਲੁ ਤਿਲਹੁ ਲੈ ਕੋਲੂ ਪੀੜੀ।।

ਗੁਰਮੁੱਖਿ ਵੰਸੀ ਪਰਮ ਹੰਸ ਖੀਰ ਨੀਰ ਨਿਰਨਉ ਚੁੰਜਿ ਵੀੜੀ।[11]

ਭਾਈ ਗੁਰਦਾਸ ਦੁਆਰਾ ਬਿਰਤਾਂਤਿਆ ਪਰਮ-ਮਨੁੱਖ ਦਾ ਬਿਰਤਾਂਤ ਇਕ ਅਜਿਹੇ ਮਨੁੱਖ ਨੂੰ ਸਾਕਾਰ ਕਰਦਾ ਹੈ ਜੋ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਪ੍ਰਸਥਿਤੀਆਂ ਵਿਚ ਇਕ ਸੰਤੁਲਤ ਜੀਵਨ ਜਿਊਂਦਾ ਹੋਇਆ ਦੂਜਿਆਂ ਲਈ ਇਕ ਮਾਡਲ ਦਾ ਕੰਮ ਕਰਦਾ ਹੈ।

ਭਾਈ ਗੁਰਦਾਸ ਮਨੁੱਖੀ ਜੀਵਨ ਦੇ ਵਿਸ਼ਵ-ਵਿਆਪੀ ਸਰੋਕਾਰਾਂ ਨੂੰ ਉਸਾਰਦੇ ਹਨ ਅਤੇ ਸਮਕਾਲੀ ਗਿਆਨ ਦੇ ਬਿਰਤਾਂਤ ਰਾਹੀਂ ਮਨੁੱਖੀ ਏਕਤਾ ਦਾ ਸੰਦੇਸ਼ ਦਿੰਦੇ ਹੋਏ ਮਿਥਿਹਾਸਕ ਹਵਾਲਿਆਂ ਨੂੰ ਸੱਚ ਵਿਚ ਰੂਪਾਂਤਰਿਤ ਕਰਦੇ ਹਨ। ਸਤਿਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਸਿੱਖਾਂ ਵਿਚੋਂ ਹੰਕਾਰ ਦਾ ਖਾਤਮਾ ਹੋ ਗਿਆ। ਉਨ੍ਹਾਂ ਨੇ ਚਾਰ ਵਰਣ ਖ਼ਤਮ ਕਰਕੇ ਇਕ ਵਰਣ ਕਰ ਦਿੱਤਾ ਅਤੇ ਮਨੁੱਖਾਂ ਵਿਚ ਏਕਤਾ ਪੈਦਾ ਕਰ ਦਿੱਤੀ। ਉਹ ਪਾਰਸ ਅਤੇ ਚੰਦਨ ਦੀਆਂ ਉਦਾਹਰਣਾਂ ਦੇ ਕੇ ਮਨੁੱਖ ਨੂੰ ਗਿਆਨ ਦੁਆਰਾ ਪਰਮ-ਮਨੁੱਖ ਬਣਨ ਦਾ ਬਿਰਤਾਂਤ ਦਾਰਸ਼ਨਿਕ ਰੂਪ ਵਿਚ ਪਸੂਤੁਤ ਕਰਦੇ ਹਨ।

ਚੰਦਨ ਵਾਸੁ ਵਣਾਸਪਤਿ ਬਾਵਨ ਚੰਦਨਿ ਚੰਦਨੁ ਹੋਈ।।

ਅਸਟੁਧਾਤੁ ਇਕੁ ਧਾਤੁ ਹਇ ਪਾਰਸ ਪਰਸੇ ਕੰਚਨ ਜੋਈ।।[12]

ਭਾਈ ਗੁਰਦਾਸ ਸਿੱਖਾਂ ਨਾਲ ਸੰਵਾਦ ਦਾ ਬਿਰਤਾਂਤ ਸਿਰਜਦਿਆਂ ਉਨ੍ਹਾਂ ਨੂੰ ਪੰਛੀਆਂ ਦੀਆਂ ਮਿਥਿਹਾਸਕ ਉਦਾਹਰਣਾਂ ਦੇ ਕੇ ਦਸਦੇ ਹਨ ਕਿ ਗੁਰਸਿੱਖ ਦੁਨਿਆਵੀ ਮੋਹ ਮਾਇਆ ਦੇ ਜਾਲ ਤੋਂ ਨਿਰਲੇਪ ਰਹਿੰਦੇ ਹਨ। ਕੱਛੂ ਦੀ ਉਦਾਹਰਣ ਦੇ ਕੇ ਦੱਸਦੇ ਹਨ ਕਿ ਕੱਛੂ ਨਦੀ ਵਿਚ ਰਹਿੰਦਾ ਹੈ ਪਰ ਆਪਣੇ ਬੱਚੇ ਰੇਤ ਵਿਚ ਦਿੰਦਾ ਹੈ। ਉਸ ਦੀ ਦ੍ਰਿਸ਼ਟੀ ਬੱਚਿਆਂ ਵਿਚ ਰਹਿੰਦੀ ਹੈ, ਜਦੋਂ ਉਹ ਪਰਪੱਕ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਪਾਣੀ ਵਿਚ ਲੈ ਜਾਂਦਾ ਹੈ। ਇਸੇ ਤਰ੍ਹਾਂ ਕੂੰਜ,ਬਤਖ਼, ਕੋਇਲ ਅਤੇ ਹੰਸ ਆਪਣੇ ਕਰਮਾਂ ਕਰਕੇ ਆਪਣੀ ਹੀ ਸੰਗਤ ਵਿਚ ਜਾਂਦੇ ਹਨ।

ਜਿਵੇਂ ਕੋਇਲ ਦੇ ਬੱਚੇ ਕਾਵਣੀ ਪਾਲਦੀ ਹੈ ਪਰ ਬੱਚੇ ਵੱਡੇ ਹੋ ਕੇ ਕੋਇਲ ਦੀ ਬੋਲੀ ਸੁਣ ਕੇ ਉਸ ਪਾਸ ਪਹੁੰਚ ਜਾਂਦੇ ਹਨ। ਹੰਸ ਦੇ ਬੱਚੇ ਗਲਤ ਜਗ੍ਹਾ ਤੇ ਜਾ ਕੇ ਵੀ ਗਲਤੀ ਨਹੀਂ ਖਾਂਦੇ। ਸਗੋਂ ਬਗਲਿਆਂ ਨੂੰ ਛੱਡ ਕੇ ਮਾਨ-ਸਰੋਵਰ ਪਹੁੰਚ ਕੇ ਮੋਤੀ ਚੁਗਦੇ ਹਨ। ਇਸੇ ਤਰ੍ਹਾਂ ਗੁਰੂ ਦੇ ਸਿੱਖ ਦੁਨਿਆਵੀ ਲੋਭ-ਲਾਲਚ ਤੋਂ ਨਿਰਲੇਪ ਰਹਿੰਦਿਆਂ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦੇ ਹਨ। ਭਾਈ ਗੁਰਦਾਸ ਨੇ ਇਸ ਸਮੁੱਚੇ ਬਿਰਤਾਂਤ ਨੂੰ ਮਨੁੱਖਤਾ ਦੇ ਹਾਂ-ਪੱਖੀ ਵਰਤਾਰੇ ਵਜੋਂ ਸਿਰਜਿਆ ਹੈ:

ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬਿ ਸਿੰਞਾਣੈ।।
ਹੰਸ ਵੰਸੁ ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ।।
ਗਿਆਨ ਧਿਆਨ ਸਿਮਰਣਿ ਸਦਾ ਸਤਿਗੁਰੂ ਸਿਖੁ ਰਖੈ ਨਿਰਬਾਣੈ।।[13]

ਭਾਈ ਗੁਰਦਾਸ ਦੁਆਰਾ ਸਿਰਜੇ ਉਪਰੋਕਤ ਬਿਰਤਾਂਤਕ ਕਲੇਵਰ ਵਿਚ ਅਜਿਹਾ ਵਿਚਾਰਧਾਰਾਈ ਪ੍ਰਬੰਧ ਸਮੋਇਆ ਹੋਇਆ ਹੈ ਜਿਸ ਦੇ ਤੋਲ ਵਿਚ ਸਮਾਜਿਕ-ਪ੍ਰਬੰਧ ਦਾ ਸੰਤੁਲਨ ਕਾਇਮ ਰਹਿੰਦਾ ਹੈ ਤੇ ਸਮਾਜ ਵਿਚ ਗਤੀਸ਼ੀਲਤਾ ਕਾਇਮ ਰਹਿੰਦੀ ਹੈ।

ਭਾਈ ਗੁਰਦਾਸ ਉਪਦੇਸ਼ਮਈ ਬਿਰਤਾਂਤ ਦੁਆਰਾ ਗੁਰੂ ਦੇ ਸਿੱਖਾਂ ਦੀ ਮਹਿਮਾ ਕਰਦਿਆਂ ਸਾਨੂੰ ਉਨ੍ਹਾਂ ਦੇ ਗੁਣਾਂ ਤੋਂ ਜਾਣੂ ਕਰਵਾਉਂਦੇ ਹਨ। ਗੁਰੂ ਦਾ ਸਿੱਖ ਜਿਥੇ ਵੀ ਰਹਿੰਦਾ ਹੈ ਆਪਣੇ ਗੁਣਾਂ ਦੀ ਖ਼ੁਸ਼ਬੂ ਦੂਰ ਦੂਰ ਤੱਕ ਵੰਡਦਾ ਹੈ। ਆਪ ਚੰਦਨ ਦੀ ਉਦਾਹਰਣ ਦਿੰਦਿਆਂ ਦੱਸਦੇ ਹਨ ਕਿ ਜਿਵੇਂ ਚੰਦਨ ਰੁੱਖ ਦੀ ਛੋਹ ਪ੍ਰਾਪਤ ਕਰਕੇ ਸਭ ਰੁੱਖ ਚੰਦਨ ਰੂਪ ਹੋ ਜਾਂਦੇ ਹਨ। ਇਸੇ ਤਰ੍ਹਾਂ ਜੋ ਸਿੱਖ ਸਾਧ ਸੰਗਤ ਵਿਚ ਗਿਆਨ ਪ੍ਰਾਪਤ ਕਰਦੇ ਹਨ ਉਹ ਅਗੋਂ ਹੋਰਾਂ ਨੂੰ ਵੀ ਪ੍ਰਾਪਤ ਹੋ ਜਾਂਦਾ ਹੈ। ਪਾਰਸ ਸਾਰੀਆਂ ਧਾਤਾਂ ਨੂੰ ਸੋਨਾ ਬਣਾ ਦਿੰਦਾ ਹੈ ਪਰ ਸੋਨਾ ਅੱਗੋਂ ਕਿਸੇ ਧਾਤ ਨੂੰ ਸੋਨਾ ਨਹੀਂ ਬਣਾ ਸਕਦਾ। ਇਸੇ ਤਰ੍ਹਾਂ ਗੰਗਾ ਵਿਚ ਮਿਲ ਕੇ ਛੋਟੇ ਨਦੀ ਨਾਲੇ ਸਮੁੰਦਰ ਵਿਚ ਜਾ ਡਿਗਦੇ ਹਨ ਭਾਵ ਗੰਗਾ ਨਾਲ ਮਿਲ ਕੇ ਸਭ ਪਵਿੱਤਰ ਹੋ ਜਾਂਦੇ ਹਨ। ਜੇ ਬਗਲਾ ਹੰਸਾਂ ਨਾਲ ਮਿਲ ਜਾਵੇ ਤਾਂ ਹੰਸ ਨਹੀਂ ਬਣ ਸਕਦਾ ਅਤੇ ਜੇ ਮਾਨ ਸਰੋਵਰ ਤੇ ਜਾ ਬੈਠੇ ਤਾਂ ਮੋਤੀ ਨਹੀਂ ਚੁੱਗਦਾ। ਹੰਸ ਦਾ

ਬੱਚਾ ਬਗਲਿਆਂ ਨਾਲ ਰਲ ਕੇ ਵੀ ਆਪਣੇ ਗੁਣ ਨਹੀਂ ਛੱਡਦਾ। ਇਸੇ ਤਰ੍ਹਾਂ ਗੁਰਮੁੱਖਿ ਭੈੜੀ ਸੰਗਤ ਵਿਚ ਰਹਿ ਕੇ ਵੀ ਉਸ ਤੋਂ ਉਦਾਸ ਹੋ ਕੇ ਸੰਤਾਂ ਦੀ ਸੰਗਤ ਵਿਚ ਪਹੁੰਚ ਜਾਂਦਾ ਹੈ। ਭਾਈ ਗੁਰਦਾਸ ਇਕ ਸਾਰਥਿਕ ਬਿੰਬ ਉਸਾਰ ਕੇ ਇਸ ਮਾਨਵੀ-ਸੰਵੇਦਨਾ ਨੂੰ ਇਉਂ ਪ੍ਰਸਤੁਤ ਕਰਦੇ ਹਨ:

ਨਦੀਆਂ ਨਾਲੇ ਗੰਗ ਸੰਗਿ ਸਾਗਰ ਸੰਗਮਿ ਖਾਰਾ ਸੋਈ॥
ਬਗੁਲਾ ਹੰਸੁ ਨ ਹੋਵਈ ਮਾਨ ਸਰੋਵਰ ਜਾਇ ਖਲੋਈ॥[14]

ਗੁਰਸਿੱਖ ਦੁਨਿਆਵੀ ਕਾਰ ਵਿਹਾਰ ਕਰਦੇ ਹੋਏ ਵੀ ਸਦਾ ਸਮਾਧੀ ਵਿਚ ਰਹਿੰਦੇ ਹਨ, ਉਨ੍ਹਾਂ ਦੇ ਅੱਠੇ ਪਹਿਰ ਕਥਾ ਕੀਰਤਨ ਵਿਚ ਗੁਜਰਦੇ ਹਨ। ਭਾਈ ਗੁਰਦਾਸ ਮਿੱਥਿਕ ਵਿਸ਼ਵਾਸ ਦਾ ਬਿਰਤਾਂਤ ਸਿਰਜਦਿਆਂ ਜਾਨਵਰਾਂ ਅਤੇ ਪੰਛੀਆਂ ਦੀਆਂ ਉਦਾਹਰਣਾਂ ਦੇ ਕੇ ਆਤਮਿਕ ਗੁਣਾਂ ਨਾਲ ਸਰਸ਼ਾਰ ਗੁਰੂ ਦੇ ਸਿੱਖਾਂ ਦੀ ਸਦੀਵੀ ਧਾਰਮਿਕ ਬਿਰਤੀ ਨੂੰ ਸਾਡੇ ਸਨਮੁੱਖ ਪੇਸ਼ ਕਰਦੇ ਹਨ। ਜਿਵੇਂ ਕੱਛੂ ਰੇਤੇ ਵਿਚੋਂ ਆਪਣੇ ਬੱਚੇ ਨੂੰ ਪਰਪੱਕ ਕਰਕੇ ਨਦੀ ਵਿਚ ਲੈ ਜਾਂਦਾ ਹੈ। ਬੱਚਾ ਪਾਣੀ ਦੀਆਂ ਲਹਿਰਾਂ ਤੋਂ ਨਹੀਂ ਡਰਦਾ। ਕੂੰਜ ਆਪਣੇ ਬੱਚੇ ਨੂੰ ਅਕਾਸ਼ ਵਿਚ ਲੈ ਉੱਡਦੀ ਹੈ। ਬਤਖ਼ ਆਪਣੇ ਬੱਚੇ ਨੂੰ ਪਾਣੀ ਵਿਚ ਲੈ ਤਰਦੀ ਹੈ। ਕੋਇਲ ਆਪਣੇ ਬੱਚੇ ਨੂੰ ਕਾਵਣੀ ਦੇ ਆਲ੍ਹਣੇ ਵਿਚੋਂ ਕੱਢ ਕੇ ਅੰਬਾਂ ਦੇ ਰੁੱਖਾਂ ਤੇ ਲੈ ਜਾਂਦੀ ਹੈ। ਇਸੇ ਤਰ੍ਹਾਂ ਗੁਰੂ ਦੇ ਗੁਰਸਿੱਖ, ਸਿੱਖਾਂ ਨੂੰ ਸ਼ਬਦ ਦੀ ਸੋਝੀ ਦਾ ਗਿਆਨ ਦਿੰਦੇ ਹਨ। ਇਸ ਗਿਆਨ ਸਦਕਾ ਉਹ ਅਭਿਮਾਨ ਤੋਂ ਮੁਕਤ ਹੋ ਕੇ ਜਿਉਂਦੇ ਹਨ। ਧਰਮ ਦੀ ਕਿਰਤ ਕਰਦੇ ਹਨ ਅਤੇ ਨਿਮਾਣੇ ਹੋ ਕੇ ਵਿਚਰਦੇ ਹਨ। ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਜਗਤ ਦੇ ਉਧਾਰ ਵਾਸਤੇ ਹੋਇਆ ਹੈ। ਜਿੰਨੇ ਵੀ ਸਿੱਖਾਂ ਦਾ ਉਧਾਰ ਹੋਇਆ ਹੈ ਉਨ੍ਹਾਂ ਪਿੱਛੇ ਸਭ ਦੇਸ਼ਾਂ ਦਾ ਵੀ ਉਧਾਰ ਹੋਇਆ, ਜਿਥੇ ਇਹ ਸਿੱਖ ਰਹਿੰਦੇ ਸਨ।

ਭਾਈ ਗੁਰਦਾਸ ਨੇ ਗਿਆਰ੍ਹਵੀਂ ਵਾਰ ਵਿਚ ਉਨ੍ਹਾਂ ਸਿੱਖਾਂ ਦਾ ਵਰਣਨ ਕੀਤਾ ਹੈ ਜੋ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਘਰ ਨਾਲ

ਪੂਰੀ ਸ਼ਰਧਾ ਭਾਵਨਾਂ ਨਾਲ ਜੁੜੇ ਹੋਏ ਸਨ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਇਸ ਵਾਰ ਨੂੰ 'ਸਿੱਖਾਂ ਦੀ ਭਗਤਮਾਲ' ਜਾਂ 'ਭਗਤ ਰਤਨਾਵਲੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਕਿਉਂਕਿ ਇਸ ਵਿਚ ਪਹਿਲੇ ਗੁਰੂ ਤੋਂ ਛੇਵੇਂ ਗੁਰੂ ਸਾਹਿਬ ਦੇ ਸਮੇਂ ਦੇ ਉੱਤਮ, ਉੱਚ ਆਚਰਣ ਅਤੇ ਪੂਰਨ ਗੁਰਸਿੱਖ ਮਰਿਯਾਦਾ ਨੂੰ ਪ੍ਰਣਾਏ ਸਿੱਖਾਂ ਦੇ ਨਾਂ ਦਿੱਤੇ ਗਏ ਹਨ। ਇਸ ਵਾਰ ਦੀਆਂ ਕੁੱਲ ਇਕੱਤੀ ਪਉੜੀਆਂ ਹਨ। ਪਹਿਲੀਆਂ ਬਾਰ੍ਹਾਂ ਪਉੜੀਆਂ ਸਿੱਖ ਮਰਿਯਾਦਾ ਅਤੇ ਸਿੱਖੀ ਦੇ ਉੱਚ ਆਦਰਸ਼ਾਂ ਨੂੰ ਪ੍ਰਣਾਏ ਸਿੱਖਾਂ ਨਾਲ ਸੰਬੰਧਿਤ ਹਨ, ਇਸ ਵਿਚ ਸਤਿਗੁਰੂ ਦੇ ਪ੍ਰੇਮ ਪਿਆਲੇ, ਗੁਰਮੁੱਖਿ, ਗੁਰਸਿੱਖ, ਗੁਰਸਿੱਖੀ, ਗੁਰੂ ਚਰਨ, ਗੁਰਸਿੱਖ, ਪਰਸਪਰ ਪ੍ਰੇਮ ਆਦਿ ਪੱਖਾਂ ਨੂੰ ਹਵਾਲਿਆਂ ਅਤੇ ਦ੍ਰਿਸ਼ਟਾਤਾਂ ਨਾਲ ਪੇਸ਼ ਕੀਤਾ ਗਿਆ ਹੈ। ਭਾਈ ਗੁਰਦਾਸ ਨੇ 13ਵੀਂ ਪਉੜੀ ਤੋਂ 31ਵੀਂ ਪਉੜੀ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਦੇ ਜੀਵਨ ਸਮੇਂ ਦੇ ਸਰੇਸ਼ਟ ਸਿੱਖਾਂ ਦਾ ਵਰਣਨ ਕੀਤਾ ਹੈ ਜੋ ਕਿ ਤਨ ਮਨ ਅਤੇ ਧਨ ਕਰਕੇ ਗੁਰੂ ਘਰ ਨਾਲ ਜੁੜੇ ਹੋਏ ਸਨ ਅਤੇ ਮਨੁੱਖਤਾ ਦੀ ਸੇਵਾ ਹੀ ਉਨ੍ਹਾਂ ਦਾ ਧਰਮ ਸੀ। ਗੁਰੂ ਜੀ ਦੇ ਹੁਕਮਾਂ ਨੂੰ ਮੰਨਦਿਆਂ ਇਨ੍ਹਾਂ ਨੇ ਪੂਰੀ ਜ਼ਿੰਦਗੀ ਉਨ੍ਹਾਂ ਨੂੰ ਸਮਰਪਤ ਕਰ ਦਿੱਤੀ ਅਤੇ ਸਿੱਖੀ ਮਰਿਯਾਦਾ ਨਿਭਾਉਂਦਿਆਂ ਆਪਣਾ ਜੀਵਨ ਮਨੁੱਖਤਾ ਦੇ ਭਲੇ ਅਤੇ ਸੇਵਾ ਵਿਚ ਲਗਾ ਦਿੱਤਾ। ਭਾਈ ਗੁਰਦਾਸ ਨੇ ਭਾਈ ਮਨੀ ਸਿੰਘ ਜੀ ਦੇ ਵਕਤ ਤੱਕ ਸਿੱਖ ਧਰਮ ਸਾਧਕਾਂ ਅਤੇ ਜਿਗਿਆਸੂਆਂ ਵਿਚ ਉਸ ਕਾਲ ਦੇ ਅਗੰਮੀ ਚਰਿੱਤਰ ਵਾਲੇ ਸਿੱਖਾਂ ਦਾ ਵਰਣਨ ਗਿਆਰ੍ਹਵੀਂ ਵਾਰ ਵਿਚ ਕਰਕੇ ਉਨ੍ਹਾਂ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ।

### (ਅ) ਕਾਵਿਕਤਾ ਅਤੇ ਬਿਰਤਾਂਤਕਤਾ ਦਾ ਰਚਨਾਕਾਰੀ ਰਿਸ਼ਤਾ

ਭਾਈ ਗੁਰਦਾਸ ਦੀਆਂ ਵਾਰਾਂ ਪੰਜਾਬੀ ਸਾਹਿਤ ਜਗਤ ਵਿਚ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਹ ਵਾਰਾਂ ਸਮਕਾਲੀ ਸਭਿਆਚਾਰ ਦਾ ਦਰਪਣ ਹਨ। ਖੁੱਲ੍ਹਾਂ, ਵਿਅੰਗ, ਸਮਾਜਿਕ ਕੁਰੀਤੀਆਂ ਦੀ ਆਲੋਚਨਾ, ਸੁਆਦਲੀਆਂ ਚੋਟਾਂ, ਨਾਟਕੀ ਕਟਾਖਸ਼ ਆਦਿ ਇਨ੍ਹਾਂ ਵਾਰਾਂ ਦੇ ਵਿਸ਼ੇਸ਼ ਗੁਣ ਹਨ। ਕਲਾ ਕੌਸ਼ਲਤਾ ਦੇ ਪੱਖ ਤੋਂ ਭਾਈ ਗੁਰਦਾਸ ਦੀ ਰਚਨਾ ਬੇਮਿਸਾਲ ਹੈ।

ਨਵੀਆਂ ਉਪਮਾਵਾਂ, ਰੂਪਕ, ਅਲੰਕਾਰ, ਨਵੇਂ ਚਿਹਨ, ਪ੍ਰਤੀਕ ਸਿਰਜਣ ਵਿਚ ਉਹਨਾਂ ਨੇ ਕਮਾਲ ਕਰ ਵਿਖਾਇਆ ਹੈ। ਯਥਾਰਥਵਾਦੀ ਚਿਤ੍ਰਣ ਇਨ੍ਹਾਂ ਰਚਨਾਵਾਂ ਦੀ ਇਕ ਖਾਸ ਵਿਸ਼ੇਸ਼ਤਾ ਹੈ। ਗੁਰਬਾਣੀ ਦੇ ਸੂਖਮ ਭਾਵ ਬਿਆਨੀਆ ਢੰਗ ਨਾਲ ਸਥੂਲ ਰੂਪ ਵਿਚ ਪੇਸ਼ ਕਰ ਦਿਖਾਏ ਹਨ ਅਤੇ ਗੁਰਬਾਣੀ ਨੂੰ ਆਮ ਲੋਕਾਂ ਦੀ ਸਮਝ ਆਉਣ ਵਾਲੀ ਬਣਾ ਦਿੱਤਾ ਹੈ। ਕਾਵਿਕਤਾ ਅਤੇ ਬਿਰਤਾਂਤਕਤਾ ਦਾ ਰਚਨਾਕਾਰੀ ਰਿਸ਼ਤਾ ਕਿਹੋ ਜਿਹਾ ਹੈ, ਨੂੰ ਜਾਣਨ ਲਈ ਵਾਰ ਦੀ ਵਸਤੂ ਸਮੱਗਰੀ ਨੂੰ ਵੇਖਣਾ ਲਾਜ਼ਮੀ ਹੈ। ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਵਸਤੂ ਸਮੱਗਰੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀਆਂ 12 ਪਉੜੀਆਂ ਵਿਚ ਗੁਰੂ, ਗੁਰਮੁੱਖ ਤੇ ਗੁਰਸਿੱਖੀ ਮਾਰਗ ਨੂੰ ਪਰਿਭਾਸ਼ਿਤ ਕਰਕੇ ਉਨ੍ਹਾਂ ਦੇ ਸਮਾਜਕ, ਸਦਾਚਾਰਕ ਤੇ ਧਾਰਮਿਕ ਵਰਤਾਰਿਆਂ ਨੂੰ ਪ੍ਰਤੀਬਿੰਬਤ ਕੀਤਾ ਗਿਆ ਹੈ। ਬਾਕੀ ਦੀਆਂ 19 ਪਉੜੀਆਂ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਹੋਏ ਗੁਰੂ ਘਰ ਦੇ ਸਿੱਖਾਂ ਦੇ ਨਾਂ, ਉਨ੍ਹਾਂ ਦੇ ਜੀਵਨ-ਉਦੇਸ਼ ਦਾ ਵਰਣਨ ਅਤੇ ਪਿਛੋਕੜ ਦੀ ਚਰਚਾ ਕੀਤੀ ਗਈ ਹੈ। ਪਿਛਲੀਆਂ 19 ਪਉੜੀਆਂ ਦੇ ਇਤਿਹਾਸਕ ਮਹੱਤਵ ਕਰਕੇ ਹੀ 11ਵੀਂ ਵਾਰ ਨੂੰ ਸਿੱਖ ਇਤਿਹਾਸ ਤੇ ਪਰੰਪਰਾ ਵਿਚ 'ਸਿੱਖਾਂ ਦੀ ਭਗਤਮਾਲ' ਜਾਂ 'ਭਗਤ ਰਤਨਾਵਲੀ' ਦੀ ਦਸਤਾਵੇਜ਼ੀ ਮਹੱਤਤਾ ਪ੍ਰਾਪਤ ਹੈ।

ਭਾਈ ਗੁਰਦਾਸ ਨੂੰ ਚਾਰ ਗੁਰੂ ਸਾਹਿਬਾਨ ਦੇ ਨਾਲ ਰਹਿਣ ਤੇ ਸਿੱਖ ਸੰਸਥਾ ਦੇ ਪ੍ਰਚਾਰ ਪ੍ਰਸਾਰ ਦਾ ਮੌਕਾ ਮਿਲਿਆ। ਆਪ ਨੇ ਉਨ੍ਹਾਂ ਗੁਰਸਿੱਖਾਂ ਦਾ ਵਰਣਨ ਕੀਤਾ ਹੈ, ਜਿਨ੍ਹਾਂ ਨੂੰ ਸੇਵਾ ਕਰਦਿਆਂ, ਭਗਤੀ ਕਰਦਿਆਂ ਤੇ ਗੁਰੂ ਘਰ ਨਾਲ ਅਨਿਨ ਸ਼ਰਧਾ ਭਾਵਨਾ ਨਾਲ ਜੁੜਿਆ ਆਪ ਨੇ ਅੱਖੀਂ ਵੇਖਿਆ ਸੀ। ਵੱਖ-ਵੱਖ ਜਾਤਾਂ-ਗੋਤਾਂ, ਧਰਮਾਂ ਤੇ ਆਰਥਿਕ ਸੱਤਰ ਤੋਂ ਭਾਵੇਂ ਉਹ ਗਰੀਬ ਸਨ, ਨਿਮਨ ਜਾਤੀ ਦੇ ਸਨ ਜਾਂ ਕੁਲੀਨ ਵਰਗ ਦੇ ਸਨ, ਪਰ ਗੁਰੂ ਘਰ ਵਿਚ ਸਭ ਨੂੰ ਬਰਾਬਰ ਦਾ ਸਤਿਕਾਰ ਪਿਆਰ ਮਿਲਿਆ। ਭਾਵੇਂ ਇਹਨਾਂ ਸਿੱਖਾਂ ਦੇ ਜੀਵਨ ਸੰਬੰਧੀ ਇਸ ਵਾਰ ਵਿਚ ਕੋਈ ਉਲੇਖ ਨਹੀਂ ਪਰ ਉਹਨਾਂ ਦੀਆਂ ਅਧਿਆਤਮਕ ਜਗਿਆਸਾਵਾਂ ਦੀ ਅਕਾਂਖਿਆ ਦੀ ਰੋਸ਼ਨੀ ਵਿਚ ਸਿੱਖਾਂ ਦੀ ਧਰਮ-ਵਿਧੀ ਦਾ ਵਿਸ਼ਲੇਸ਼ਣ ਹੋਇਆ ਹੈ।

ਡਾ. ਜਸਵੰਤ ਬੇਗੋਵਾਲ ਦਾ ਵਿਚਾਰ ਹੈ ਕਿ ਗਿਆਰ੍ਹਵੀਂ ਵਾਰ ਦੀ ਇਤਿਹਾਸਕ ਮਹੱਤਤਾ ਬਹੁਤ ਜ਼ਿਆਦਾ ਹੈ। ਉਸ ਅਨੁਸਾਰ, "ਇਹ ਵਾਰ ਗੁਰੂ ਘਰ ਦੇ ਸ਼ਰਧਾਲੂਆਂ ਦੀ ਇੰਨੀ ਵਿਸਤ੍ਰਿਤ ਜਾਣਕਾਰੀ ਦਿੰਦੀ ਹੈ ਕਿ ਸ਼ਾਇਦ ਇਤਿਹਾਸ ਵਿਚ ਇਹ ਜਾਣਕਾਰੀ ਨਾਂਹ ਦੇ ਬਰਾਬਰ ਹੀ ਹੈ। ਗੁਰੂ ਘਰ ਦੇ ਸ਼ਰਧਾਲੂਆਂ ਅਤੇ ਨਿਕਟਵਰਤੀਆਂ ਦੇ ਪਰਿਵਾਰਕ ਪਿਛੋਕੜ ਅਤੇ ਕਿਤਿਆਂ ਦੀ ਜਾਣਕਾਰੀ ਇਤਿਹਾਸ ਦੇ ਵਿਦਿਆਰਥੀ ਜਾਂ ਅਧਿਆਪਕ ਇਸ ਵਾਰ ਤੋਂ ਪ੍ਰਾਪਤ ਕਰ ਸਕਦੇ ਹਨ।"[15]

ਇਸ ਤਰ੍ਹਾਂ ਇਹ ਵਾਰ ਇਤਿਹਾਸਕ ਦਸਤਾਵੇਜ਼ੀ ਮਹੱਤਤਾ ਦੀ ਲਖਾਇਕ ਹੈ। ਕਵਿਤਾ ਇਕ ਅਜਿਹੀ ਪ੍ਰਭਾਵਸ਼ਾਲੀ ਸਾਹਿਤ ਰਚਨਾ ਹੈ, ਜਿਸ ਦੀ ਵਿਸ਼ੇਸ਼ਤਾ ਖ਼ਾਸ ਤੌਰ 'ਤੇ ਸ਼ਬਦ ਯੋਜਨਾ ਅਤੇ ਕਾਵਿ ਕਲਾ ਵਿਚ ਨਿਹਿਤ ਹੈ। ਇਸ ਲਈ ਕਿਸੇ ਰਚਨਾ ਦੀ ਕਾਵਿਕਤਾ ਨੂੰ ਜਾਣਨ ਲਈ ਉਸ ਵਿਚਲੀਆਂ ਕਲਾ ਜੁਗਤਾਂ ਤੇ ਸ਼ਬਦ ਜੁਗਤਾਂ ਦਾ ਅਧਿਐਨ ਬਹੁਤ ਜ਼ਰੂਰੀ ਹੈ।

ਭਾਈ ਗੁਰਦਾਸ ਦੀ ਸਮੁੱਚੀ ਰਚਨਾ ਗੁਰੂ-ਬਾਣੀ ਦੇ ਫਲਸਫੇ ਉਤੇ ਆਧਾਰਿਤ ਹੈ। ਗੁਰਬਾਣੀ ਵਿਚਲੀ ਅਧਿਆਤਮਕ ਤੇ ਰੂਹਾਨੀ ਪਾਵਨ ਵਸਤੂ ਸ਼ਾਇਰੀ ਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ/ਸਰੋਤੇ ਨੂੰ ਸੰਬੋਧਿਤ ਹੁੰਦੀ ਹੈ। ਡਾ. ਜਗਬੀਰ ਸਿੰਘ 'ਗੁਰਮਤਿ ਕਾਵਿ ਦਾ ਇਤਿਹਾਸ' ਵਿਚ ਉਪਰੋਕਤ ਵਿਚਾਰ ਨਾਲ ਸਹਿਮਤ ਹੁੰਦੇ ਲਿਖਦੇ ਹਨ ਕਿ "ਗੁਰਬਾਣੀ ਦਾ ਇਹ ਕਾਵਿਕ ਪੱਖ ਕੋਈ ਬਾਹਰੋਂ ਨਹੀਂ ਥੋਪਿਆ ਹੋਇਆ ਜਾਂ ਮਸਨੂਈ ਤੱਤ ਨਹੀਂ ਸਗੋਂ ਇਹ ਇਸ ਦੀ ਹੋਂਦ ਵਿਧੀ ਦਾ ਸਹਿਜ ਸੁਭਾਵਕ ਲੱਛਣ ਹੈ"[16]

ਭਾਈ ਗੁਰਦਾਸ ਦੀਆਂ ਸਮੁੱਚੀਆਂ ਵਾਰਾਂ ਵਿਚ ਧਾਰਮਿਕ ਅਨੁਭਵ ਤੇ ਬੋਧ ਕਾਵਿਕ ਮੁਹਾਵਰੇ ਰਾਹੀਂ ਹੀ ਮੂਰਤੀਮਾਨ ਹੁੰਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਇੱਕੋ ਵੇਲੇ (ਗੀਤ) ਵਾਂਗ ਵੀ ਹਨ ਤੇ ਬ੍ਰਹਮ ਵਿਚਾਰ ਵੀ। ਆਪ ਦੀ ਰਚਨਾ ਵਿਚ ਧਰਮ ਤੇ ਕਵਿਤਾ ਇਕ ਦੂਜੇ ਦੇ ਸਹਿਯੋਗੀ ਬਣਕੇ ਉਭਰਦੇ ਹਨ। ਸਿੱਖੀ ਕੀ ਹੈ? ਸਿੱਖੀ ਕਿਵੇਂ ਪ੍ਰਾਪਤ ਹੁੰਦੀ ਹੈ? ਗੁਰੂ ਸਾਹਿਬਾਨ ਨੇ ਸਿੱਖੀ ਦੇ ਰੁਤਬੇ ਨੂੰ ਉੱਚਾ ਸੁੱਚਾ ਰੱਖਣ ਲਈ ਕਿਹੜੀਆਂ ਕੁਰਬਾਨੀਆਂ ਕੀਤੀਆਂ। ਗੁਰਮੁੱਖ

ਦੀ ਕਸੌਟੀ ਕੀ ਹੈ? ਆਦਿ ਸਭ ਕੁੱਝ ਭਾਈ ਗੁਰਦਾਸ ਨੇ ਅਨੁਭਵ ਤੇ ਨਿੱਜੀ ਤੌਰ ਤੇ ਹੰਡਾਇਆ ਸੀ, ਸੁਣੀਆਂ-ਸੁਣਾਈਆਂ ਜਾਂ ਮਹਿਜ ਕਿਤਾਬੀ ਫਲਸਫਾ ਨਹੀਂ ਸੀ। ਇਸੇ ਲਈ ਆਪ ਦੀ ਰਚਨਾ ਵਿਚ ਧਰਮ ਅਤੇ ਕਵਿਤਾ ਇਕ ਦੂਜੇ ਵਿਚ ਇਸ ਤਰ੍ਹਾਂ ਇਕ-ਮਿਕ ਹਨ ਕਿ ਇਨ੍ਹਾਂ ਦਾ ਨਿਖੇੜਾ ਅਸੰਭਵ ਹੈ। ਹਿੰਦੀ ਸਾਹਿਤ ਕੋਸ਼ ਭਾਗ-1 ਵਿਚ ਰਿਸ਼ੀ ਤੇ ਕਵੀ ਦੀ ਪਰਿਭਾਸ਼ਾ ਕੁੱਝ ਇਸ ਤਰ੍ਹਾਂ ਦਿੱਤੀ ਗਈ ਹੈ। "ਭਾਰਤ ਦੀ ਪ੍ਰਾਚੀਨ ਵੈਦਿਕ ਪਰੰਪਰਾ ਅਨੁਸਾਰ ਰਿਸ਼ੀ ਮੰਤਰ ਦ੍ਰਿਸ਼ਟੀ ਹੈ ਅਤੇ ਕਵੀ ਵੀ"[17] ਡਾ. ਜਗਬੀਰ ਸਿੰਘ 'ਗੁਰਮਿਤ ਕਾਵਿ ਦਾ ਇਤਿਹਾਸ' ਵਿਚ ਗੁਰਬਾਣੀ ਕਾਵਿ ਦੀ ਗੱਲ ਕਰਦਿਆਂ ਲਿਖਦੇ ਹਨ:

> 'ਜੀਵਨ ਦੇ ਪਰਮ ਸੱਚ ਦੀ ਤਲਾਸ਼ ਕਰਨ ਵਾਲਾ ਰਿਸ਼ੀ, ਗੁਰੂ, ਸਿੱਖ ਸਾਧਕ ਜਾਂ ਪੈਗੰਬਰ ਜਦੋਂ ਵਿਸਮਾਦ ਜਾਂ ਆਵੇਸ਼ ਵਿਚ ਆਉਂਦਾ ਹੈ ਤਾਂ ਸ਼ਾਇਰੀ ਦੀ ਜ਼ੁਬਾਨ ਬੋਲਣ ਲੱਗ ਪੈਂਦਾ ਹੈ।[18]

ਭਾਈ ਗੁਰਦਾਸ ਦੀ ਰਚਨਾ ਨੂੰ ਪ੍ਰਾਚੀਨ ਭਾਰਤੀ ਕਾਵਿ-ਸ਼ਾਸਤਰ ਉਤੇ ਹੂ-ਬ-ਹੂ ਨਹੀਂ ਢੁਕਾਇਆ ਜਾ ਸਕਦਾ। ਪ੍ਰਾਚੀਨ ਭਾਰਤੀ ਕਾਵਿ ਸ਼ਾਸਤਰ ਵਿਚ ਛੇ ਸੰਪਰਦਾਵਾਂ ਅਲੰਕਾਰ, ਰਸ, ਧੁਨੀ, ਰੀਤਿ, ਵਕ੍ਰੋਕਤੀ ਅਤੇ ਔਚਿਤਯ ਮੌਜੂਦ ਹੈ। ਇਨ੍ਹਾਂ ਭਿੰਨ-ਭਿੰਨ ਸੰਪਰਦਾਵਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਕਾਵਿ ਤੱਤ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਰੰਪਰਾਈ ਰਸ ਸਿਧਾਂਤ ਦੇ ਨੁਕਤੇ ਤੋਂ ਭਾਈ ਗੁਰਦਾਸ ਦੀ ਰਚਨਾ ਦਾ ਅਧਿਐਨ ਕਰਨ ਲੱਗਿਆਂ ਬਹੁਤ ਦਿੱਕਤਾਂ ਦਰਪੇਸ਼ ਹਨ, ਕਿਉਂਕਿ ਭਾਈ ਸਾਹਿਬ ਦੀ ਸਾਰੀ ਰਚਨਾ ਅਧਿਆਤਮ ਆਧਾਰਿਤ ਹੈ। ਇਸ ਵਿਚ ਸਮਾਜਕ ਰਿਸ਼ਤੇ-ਨਾਤਿਆਂ ਵਿਚ ਬੱਝੇ ਸਮੂਰਤ ਪਾਤਰਾਂ ਨੂੰ ਨਾਇਕ/ਨਾਇਕਾਂ ਵਜੋਂ ਪ੍ਰਸਤੁਤ ਨਹੀਂ ਕੀਤਾ ਗਿਆ ਤੇ ਨਾ ਹੀ ਪਰੰਪਰਕ ਨੌ-ਰਸਾਂ ਦਾ ਆਧਾਰ ਬਣਨ ਵਾਲੇ ਸਥਾਈ ਭਾਵਾਂ ਨੂੰ ਮੂਰਤੀਮਾਨ ਕੀਤਾ ਗਿਆ ਹੈ। ਭਾਈ ਗੁਰਦਾਸ ਦੀ ਰਚਨਾ ਦਾ ਕੇਂਦਰੀ ਸਰੋਕਾਰ ਨਿਰਗੁਣ, ਨਿਰੰਕਾਰ ਬ੍ਰਹਮ ਤੇ ਅਧਿਆਤਮ ਚਿੰਤਨ ਦੇ ਪਰਮਾਰਥੀ ਪਾਸਾਰ ਹਨ ਇਸ ਲਈ ਭਾਈ ਗੁਰਦਾਸ ਦੀ ਰਚਨਾ ਨੂੰ ਭਾਰਤੀ ਕਾਵਿ ਸ਼ਾਸਤਰ ਦੇ ਸੰਪੂਰਨ ਮਾਡਲ ਵਿਚ

ਢਾਲਿਆ ਨਹੀਂ ਜਾ ਸਕਦਾ। ਇਤਨਾ ਅਵਸ਼ ਹੈ ਕਿ ਇਸ ਦੀਆਂ ਕੁੱਝ ਅੰਤਰ ਦ੍ਰਿਸ਼ਟੀਆਂ ਨੂੰ ਵਰਤਿਆ ਜ਼ਰੂਰ ਗਿਆ ਹੈ। ਖਾਸ ਤੌਰ 'ਤੇ ਅਲੰਕਾਰ ਧੁਨੀ ਰੀਤਿ ਸੰਪਰਦਾਵਾਂ ਤੇ ਇੱਕਾ-ਦੁੱਕਾ ਰਸ ਤੇ ਛੰਦ ਵਿਧਾਨ ਦੀ ਮਦਦ ਨਾਲ ਕਾਵਿ (ਸੁੰਦਰਤਾ) ਸੁਹਜ ਪੈਦਾ ਕੀਤਾ ਗਿਆ ਹੈ। ਉਦਾਹਰਣ ਵਜੋਂ ਭਾਈ ਸਾਹਿਬ ਦੀ ਰਚਨਾ ਵਿਚ ਬੀਰ ਰਸ, ਸ਼ਿੰਗਾਰ ਰਸ ਤਾਂ ਹੈ, ਪਰ ਪਰੰਪਰਾਈ ਨਹੀਂ, ਬੀਰ ਰਸ ਜ਼ਰੂਰੀ ਨਹੀਂ ਯੁੱਧ ਦੇ ਸਮੇਂ ਨਾਲ ਹੀ ਸੰਬੰਧਿਤ ਹੋਵੇ। ਸ਼ਿੰਗਾਰ ਰਸ ਦਾ ਸਥਾਈ ਭਾਵ ਰਤੀ ਜਾਂ ਪਿਆਰ ਹੈ। ਇਸ ਭਾਵ ਵਿਚ ਸੰਜੋਗ ਤੋਂ ਸੁੱਖ ਤੇ ਵਿਜੋਗ ਤੋਂ ਦੁੱਖ ਪ੍ਰਾਪਤ ਹੁੰਦਾ ਹੈ। ਪਿਆਰ ਹਿਰਦੇ ਦੀ ਇਕ ਪ੍ਰਵਿਰਤੀ ਹੈ ਤੇ ਇਹ ਪ੍ਰਵਿਰਤੀ ਇਤਨੀ ਵਿਆਪਕ ਤੇ ਲਚਕਦਾਰ ਹੈ ਕਿ ਇਸ ਵਿਚ ਨਿਰੋਲ ਦੁਨਿਆਵੀ ਜਾਂ ਸਰੀਰਿਕ ਅਨੁਭਵ ਹੀ ਨਹੀਂ, ਇਲਾਹੀ ਤੇ ਆਤਮਕ ਪਿਆਰ ਦਾ ਬਿਆਨ ਵੀ ਕੀਤਾ ਜਾ ਸਕਦਾ ਹੈ। ਇਸੇ ਲਈ ਡਾ. ਗੁਰਬਖ਼ਸ਼ ਸਿੰਘ ਸਾਂਤ ਭਾਈ ਗੁਰਦਾਸ ਦੀਆਂ ਵਾਰਾਂ ਬਾਰੇ ਲਿਖਦੇ ਹਨ:

> ਭਾਈ ਸਾਹਿਬ ਨੇ ਵਾਹਿਗੁਰੂ, ਗੁਰੂ ਲਈ ਸਿੱਖ ਦੀ ਪ੍ਰੀਤ ਨੂੰ ਗਾਵਿਆ ਹੈ। ਇਸ ਪ੍ਰੀਤ ਦਾ ਸੰਬੰਧ ਅਧਿਆਤਮਕ ਕੀਮਤਾਂ ਨਾਲ ਹੈ। ਇਸ ਵਿਚ ਵਿਸ਼ੇ ਵਾਸ਼ਨਾ ਦੀ ਚਾਸ਼ਨੀ ਨਹੀਂ, ਇਹ ਪ੍ਰੀਤ ਕਿਸੇ ਬਾਹਰਲੀ ਸਰੀਰਕ ਸੁੰਦਰਤਾ ਤੋਂ ਨਹੀਂ ਉਪਜੀ, ਇਸ ਦਾ ਸੰਬੰਧ ਰੂਹ ਦੇ ਸੁਹਪਣ ਨਾਲ ਹੈ।[19]

ਭਾਈ ਗੁਰਦਾਸ ਦੁਨਿਆਵੀ ਮੋਹ-ਪਿਆਰ ਵਿਚ ਫਸੇ ਪਰਿੰਦਿਆਂ, ਪੰਛੀਆਂ ਅਤੇ ਮਨੁੱਖੀ ਜੀਵਾਂ ਦਾ ਦ੍ਰਿਸ਼ ਪ੍ਰਸਤੁਤ ਕਰਦਿਆਂ ਇਸ ਦੀ ਪਿਆਰ-ਖਿੱਚ ਅਤੇ ਤੀਬਰਤਾ ਦਾ ਬਿਰਤਾਂਤ ਸਿਰਜਦੇ ਹੋਏ ਇਸ ਪਿਆਰ ਨੂੰ ਸਦੀਵੀ ਪਿਆਰ ਨਾ ਮੰਨਦੇ ਹੋਏ ਇਸ ਨੂੰ ਨਾਸਵਾਨ ਅਤੇ ਸਦਾ ਨਾ ਨਿਭਣ ਵਾਲਾ ਬਿਆਨ ਕਰਦੇ ਹਨ। ਆਪਣੇ ਬਿਰਤਾਂਤ ਨੂੰ ਕਾਵਿਕ ਰੰਗ ਵਿਚ ਪ੍ਰਸਤੁਤ ਕਰਦੇ ਹੋਏ ਗੁਰੂ ਅਤੇ ਸ਼ਿਸ਼ ਦੇ ਪਿਆਰ ਨੂੰ ਅਮਰ-ਪਿਆਰ ਮੰਨਦੇ ਹੋਏ ਲਿਖਦੇ ਹਨ:

ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲ ਹੋਨਿ ਸੁਖਾਲੇ।

ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵਖਾਲੇ।

ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।

ਨਾਰਿ ਭਤਾਰ ਪਿਆਰ ਹੈ, ਮਾਂ ਪੁੱਤ ਸਮ੍ਹਾਲੇ।

ਪੀਰ ਮੁਰੀਦਾ ਪਿਰਹੜੀ ਓਹ ਨਿਬਹੈ ਨਾਲੇ।[20]

ਭਾਈ ਗੁਰਦਾਸ ਦੇ ਵਾਰ-ਕਾਵਿ ਦੇ ਬਿਰਤਾਂਤ ਦਾ ਅੰਦਰਲਾ ਵਿਵੇਕ ਮਨੁੱਖੀ ਹੋਂਦ ਦੇ ਰਹੱਸ ਨੂੰ ਚੇਤਨਾ ਅਤੇ ਸੰਵੇਦਨਾ ਦੇ ਹਵਾਲੇ ਨਾਲ ਪ੍ਰਸਤੁਤ ਕਰਦਾ ਵਿਖਾਈ ਦੇਂਦਾ ਹੈ। ਯਥਾਰਥੀ ਬੋਧ ਲਈ ਗੁਰੂ ਤੇ ਸਿੱਖ ਦੀ ਸਦੀਵੀ ਤੇ ਸੱਚੀ ਪ੍ਰੀਤ ਨੂੰ ਦਰਸਾਉਣ ਲਈ ਭਾਈ ਸਾਹਿਬ ਨੇ ਚੰਦ ਤੇ ਚਕੋਰ, ਚਕਵੀ ਤੇ ਸੂਰਜ, ਜਲ ਤੇ ਕਮਲ, ਮੋਰਾਂ ਤੇ ਬਦਲਾਂ, ਪਤੀ-ਪਤਨੀ ਅਤੇ ਮਾਂ ਪੁੱਤਰ ਦੇ ਪਿਆਰ ਨੂੰ ਚਿਤਰਿਆ ਹੈ। ਭਾਈ ਗੁਰਦਾਸ ਆਪਣੀ ਰਚਨਾ ਰਾਹੀਂ ਗੁਰੂ ਪ੍ਰੇਮ ਅਤੇ ਗੁਰੂ ਦੀ ਮਹਿਮਾਂ ਦਾ ਬਿਰਤਾਂਤ ਸਿਰਜਦਿਆਂ ਪ੍ਰਕਿਰਤੀ ਵਿਚੋਂ ਖ਼ੂਬਸੂਰਤ ਉਪਮਾਵਾਂ ਅਤੇ ਬਿੰਬਾਂ ਰਾਹੀਂ ਕਾਵਿ-ਸ਼ੈਲੀ ਦਾ ਉਤਮ ਨਮੂਨਾ ਪ੍ਰਸਤੁਤ ਕਰਦੇ ਹਨਃ

ਗੁਰਮੁਖਿ ਸੁਖਫਲ ਪਿਰਮ ਰਸੁ ਚਰਣੋਦਕੁ ਗੁਰ ਚਰਣ ਪਖਾਲੇ।

ਸੁਖ ਸੰਪੁਟ ਵਿਚਿ ਰਖਿ ਕੈ ਚਰਣ ਕਵਲ ਮਕਰੰਦ ਪਿਆਲੇ।

ਕਉਲਾਲੀ ਸੂਰਜ ਮੁਖੀ ਲਖ ਕਵਲ ਖਿੜਦੇ ਰਲੀਆਲੇ।

ਚੰਦ੍ਰ ਮੁਖੀ ਹੁਇ ਕੁਮੁਦਨੀ ਚਰਣ ਕਵਲ ਸੀਤਲ ਅਮੀਆਲੇ।

ਚਰਣ ਕਵਲ ਦੀ ਵਾਸਨਾ ਲਖ ਸੂਰਜ ਹੋਵਨਿ ਭਉਰ ਕਾਲੇ।

ਲਖ ਤਾਰੇ ਸੂਰਜਿ ਚੜ੍ਹਿ ਜਿਉ ਤਪਿ ਜਾਨਿ ਨ ਆਪ ਸਮ੍ਹਾਲੇ।[21]

ਗੁਰਮੁੱਖਾਂ ਲਈ ਸੁੱਖ ਫਲ ਪ੍ਰੇਮ ਰਸ ਹੀ ਹੈ। ਪੂਰੀ ਪਉੜੀ ਵਿਚ ਗੁਰੂ ਚਰਨਾਂ ਦੀ ਮਹਿੰਮਾ ਦਾ ਬਿਆਨ ਹੈ। ਕਵੀ ਨੇ ਬਨਸਪਤੀ ਜਗਤ ਵਿਚ ਉਪਮਾ ਦੇ ਕੇ (ਸ਼ਿੰਗਾਰ) ਗੁਰੂ ਤੇ ਸ਼ਿਸ਼ ਦੇ ਹਕੀਕੀ ਇਸ਼ਕ, ਸ਼ਿਸ਼ ਦੀ ਗੁਰੂ ਲਈ ਤੜਪ ਨੂੰ ਬਿਆਨ ਕੀਤਾ ਹੈ, ਇਉਂ ਤਾਂ ਸਾਰੀ ਬਨਸਪਤੀ ਹੀ ਸੂਰਜ ਦੇ ਦਰਸ਼ਨ ਕਰਕੇ ਮੌਲ ਜਾਂਦੀ ਹੈ, ਪਰ ਕੰਵਲਾਂ ਦੇ ਬਾਗ ਵਿਚ ਕੰਵਲ ਚੜਦੇ ਸੂਰਜ ਨੂੰ

ਵੇਖਦੇ ਹੀ ਖੁਸ਼ ਹੋ ਕੇ ਖਿੜ ਜਾਂਦੇ ਹਨ, ਜਿਸ ਤਰ੍ਹਾਂ ਕੰਵਲ ਦੇ ਫੁੱਲ ਸੂਰਜ ਰਿਸ਼ਮਾ ਵਿਚ ਖੇੜੇ ਵਿਚ ਆਉਂਦੇ ਹਨ ਚੰਦਰਮੁਖੀ ਦਾ ਫੁੱਲ ਚੰਨ ਦੀਆਂ ਠੰਡੀਆਂ ਰਿਸ਼ਮਾਂ ਵਿਚ ਵਿਸਮਾਦ ਵਿਚ ਆ ਜਾਂਦਾ ਹੈ, ਜਿਵੇਂ ਸੂਰਜ ਦੀਆਂ ਕਿਰਣਾਂ ਦੀ ਆਮਦ 'ਤੇ ਲੱਖਾਂ ਤਾਰੇ ਅਲੋਪ ਹੋ ਜਾਂਦੇ ਹਨ। ਇਸ ਤਰ੍ਹਾਂ ਗੁਰੂ ਸ਼ਰਨ ਵਿਚ ਆ ਕੇ ਮਨੁੱਖੀ ਵਿਕਾਰਾਂ ਤੇ ਬੁਰਾਈਆਂ ਦਾ ਨਾਸ਼ ਹੋ ਜਾਂਦਾ ਹੈ ਅਤੇ ਅਜਿਹਾ ਮਨੁੱਖ ਸਮਾਜ ਲਈ ਇਕ ਮਾਡਲ ਦਾ ਕੰਮ ਕਰਦਾ ਹੈ। ਭਾਈ ਗੁਰਦਾਸ ਇਕ ਸ਼ਬਦ ਨੂੰ ਅਨੇਕ ਅਰਥਾਂ ਵਿਚ ਵਰਤਣ ਦੇ ਮਾਹਿਰ ਹਨ "ਗੁਰਸਿੱਖ ਲੈ ਗੁਰਸਿੱਖ ਸੁਖਾਲੇ" ਯਾਨਿ ਗੁਰੂ ਦੇ ਸਿੱਖ ਗੁਰੂ ਦੀ ਸਿੱਖਿਆ ਲੈ ਕੇ ਲੋਕ ਪਰਲੋਕ ਵਿਚ ਸੁਖਾਲੇ ਹੋ ਜਾਂਦੇ ਹਨ। ਇਸੇ ਤਰ੍ਹਾਂ ਬੀਰਤਾ ਦਾ ਸਥਾਈ ਭਾਵ ਉਤਸ਼ਾਹ ਹੈ। ਪਰ ਮਨੁੱਖੀ ਜੀਵਨ ਵਿਚ ਬੀਰਤਾ ਮੈਦਾਨੇ ਜੰਗ ਵਿਚ ਹੀ ਦਿਖਾਈ ਜਾਵੇ, ਜ਼ਰੂਰੀ ਨਹੀਂ। ਮਨੁੱਖੀ ਜੀਵਨ ਵਿਚ ਜਿਸ ਅੰਸ਼ ਦਾ ਉਤਸ਼ਾਹ ਪ੍ਰਗਟ ਹੋਵੇਗਾ, ਉਹ ਮਨੁੱਖ ਉਸੇ ਕਾਰਨ ਬੀਰ ਹੋਵੇਗਾ।

> ਅਧਿਆਤਮਕ ਕਾਵਿ ਵਿਚ ਸਤਿ, ਸੰਤੋਖ, ਦਇਆ, ਧਰਮ ਆਦਿ ਹਥਿਆਰ ਲੈ ਕੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਸ਼ੇ ਵਿਕਾਰਾਂ ਤੇ ਹੋਰ ਮਨੋਵਿਕਾਰਾਂ ਨਾਲ ਭੇੜ ਮਚਾਉਣ ਵਾਲਾ, ਪਛਾੜਣ ਵਾਲਾ ਬੀਰ ਵੀ ਹੈ।[22]

ਵਾਰ ਦਾ ਇਕ ਖਾਸਾ ਸੰਘਰਸ਼ ਵੀ ਹੁੰਦਾ ਹੈ, ਇਹ ਦੁਨਿਆਵੀ ਤੇ ਦੀਨੀ ਦੋਵੇਂ ਤਰ੍ਹਾਂ ਦਾ ਹੋ ਸਕਦਾ ਹੈ। ਪਹਿਲੀ ਵਾਰ ਵਿਚ ਭਾਈ ਗੁਰਦਾਸ ਨੇ ਜਗਤ ਉਤਪਤੀ ਤੋਂ ਲੈ ਕੇ ਗੁਰੂ ਨਾਨਕ ਆਗਮਨ ਸਮੇਂ ਤੱਕ ਦੇ ਵੱਖ-ਵੱਖ ਦੌਰਾਂ ਦੀ ਤਸਵੀਰ ਖਿੱਚੀ ਹੈ ਤੇ ਇਹ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਦੇ ਜਨਮ ਨਾਲ ਧਰਮ ਦੇ ਚਾਰ ਪੈਰ ਟਿਕ ਗਏ, ਚੌਂਹਾਂ ਵਰਨਾਂ ਵਿਚ ਸਾਂਝ ਪੈਦਾ ਹੋ ਗਈ ਤੇ ਰਾਣਾ ਰੰਕ ਇਕ ਪਲੜੇ ਵਿਚ ਖੜੇ ਦਿਸਦੇ ਹਨ।

ਧਰਮ ਦੇ ਨਾਂ 'ਤੇ ਅਧਰਮ, ਪਾਖੰਡ ਤੇ ਅਗਿਆਨ ਦਾ ਬੋਲਬਾਲਾ ਸੀ, ਜਿਸ ਤਰ੍ਹਾਂ ਗੁਰੂ ਨਾਨਕ ਰੂਪੀ ਸੂਰਜ ਨਿਕਲਿਆ ਕਾਲੇ ਸ਼ਾਹ ਹਨੇਰੇ ਤੇ ਧੁੰਦਾਂ ਦਾ ਅਸਤਿਤਵ ਸਮਾਪਤ ਹੋ ਗਿਆ।

ਗੁਰੂ ਨਾਨਕ ਨਾਇਕ ਰੂਪ ਵਿਚ ਉਭਰੇ, ਗੁਰੂ ਨਾਨਕ ਕੋਲ 'ਸਤਿਨਾਮ' ਦਾ ਹਥਿਆਰ ਹੈ, ਜਿਸ ਨਾਲ ਉਹ ਸਾਰੀਆਂ ਜੰਗਾਂ ਜਿੱਤੀ ਜਾਂਦੇ ਹਨ। ਘਰ-ਘਰ ਵਿਚ ਗੁਰੂ ਨਾਨਕ ਦੀ ਪੂਜਾ ਹੋ ਰਹੀ ਹੈ:

ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ।[23]
ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।[24]

ਪਹਿਲੀ ਵਾਰ ਦੀ 27ਵੀਂ ਪਉੜੀ ਤੋਂ 44ਵੀਂ ਪਉੜੀ ਤੱਕ ਜੰਗੀ ਨਜ਼ਾਰਿਆਂ ਦਾ ਵਾਤਾਵਰਣ ਹੈ, ਜਿਸ ਵਿਚ ਗੁਰੂ ਨਾਨਕ ਅਜਿੱਤ ਯੋਧੇ ਦੇ ਰੂਪ ਵਿਚ ਪ੍ਰਗਟ ਹੋਏ ਹਨ। ਇਹ ਗੁਰੂ ਨਾਨਕ ਦੇ ਪਾਕਿ-ਪਵਿੱਤਰ, ਨਿਰਛਲ ਤੇ ਨਿਰਸੁਆਰਥੀ ਵਿਅਕਤਿਤਵ ਦੀ ਜਿੱਤ ਹੈ, ਸਤਿਨਾਮ ਦੇ ਹਥਿਆਰ ਨਾਲ ਗੁਰੂ ਨਾਨਕ ਦਾ ਸਿੱਕਾ ਐਸਾ ਚਲਿਆ ਕਿ ਚੜ੍ਹਦੇ ਤੋਂ ਲਹਿੰਦੇ ਤੱਕ ਨੌ ਖੰਡ ਪ੍ਰਿਥਵੀ ਸਭ ਹੀ ਝੁਕਾ ਦਿੱਤੀ।

ਉਗਵਣਹੁ ਤੇ ਆਥਵਣੋ ਨਉ ਖੰਡ ਪ੍ਰਿਥਵੀ ਸਭ ਝੁਕਾਈ।
ਜਗਿ ਅੰਦਰਿ ਕੁਦਰਤਿ ਵਰਤਾਈ।[25]

ਭਾਈ ਗੁਰਦਾਸ ਦੀਆਂ ਸਮੁੱਚੀਆਂ ਵਾਰਾਂ ਦਾ ਰੰਗ ਅਧਿਆਤਮਕ ਹੈ। ਅਧਿਆਤਮਕ ਰੰਗਣ ਹੋਣ ਕਰਕੇ ਸ਼ਾਂਤ ਰਸ ਪ੍ਰਧਾਨ ਹੈ। ਉਂਜ ਸ਼ਾਂਤ ਰਸ ਤੇ ਬੀਰ ਰਸ ਆਪਾ ਵਿਰੋਧੀ ਹਨ, ਪਰ ਭਾਈ ਗੁਰਦਾਸ ਦੀ ਕਾਵਿ ਕਲਾ ਦੀ ਇਹ ਵਿਸ਼ੇਸ਼ਤਾ ਹੈ ਕਿ ਇੱਕੋ ਥਾਵੇਂ ਬੀਰ ਰਸ ਤੇ ਸ਼ਾਂਤ ਰਸ ਮੌਜੂਦ ਹੈ। ਕਵਿਤਾ ਦਾ ਛੰਦ ਬੀਰ ਰਸੀ ਹੈ ਤੇ ਕਵਿਤਾ ਸ਼ਾਂਤ ਰਸੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਦਾ ਮੂਲ ਪ੍ਰਯੋਜਨ ਕਿਸੇ ਲੌਕਿਕ ਰਸ ਜਾਂ ਸੁਹਜ ਦੀ ਸਿਰਜਣਾ ਕਰਨਾ ਨਹੀਂ, ਸਗੋਂ ਪ੍ਰਮਾਰਥ ਦੀ ਚੇਤਨਾ ਜਗਾਉਣਾ ਹੈ। ਇਸ ਤੋਂ ਇਲਾਵਾ ਭਾਈ ਗੁਰਦਾਸ ਨੇ ਆਪਣੇ ਸਮਕਾਲੀ ਤੇ ਪੂਰਬਕਾਲੀ ਸਾਹਿਤਕ ਵਿਰਸੇ ਨਾਲ ਸੰਵਾਦ ਰਚਾਇਆ ਹੈ।

ਆਪ ਦੀ ਰਚਨਾ ਦਾ ਆਧਾਰ ਗੁਰਬਾਣੀ ਹੈ। ਪਰ ਆਪਣੀ ਵਿਚਾਰਧਾਰਾ ਨੂੰ ਸਰਲ ਤੇ ਸਹਿਜ ਬਣਾਉਣ ਲਈ ਆਪ ਨੇ ਗੁਰੂ ਸਾਹਿਬਾਨ ਤੇ ਸੰਤਾਂ-ਭਗਤਾਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਬਿਰਤਾਂਤਕ ਢੰਗ ਨਾਲ ਬਿਆਨ ਕੀਤਾ ਹੈ। ਭਾਈ ਗੁਰਦਾਸ ਦੇ ਬਿਰਤਾਂਤ ਵਰਣਨ ਦਾ ਢੰਗ ਅਜਿਹਾ ਹੈ ਕਿ ਘਟਨਾ ਅੱਖਾਂ ਸਾਮਹਣੇ ਵਾਪਰਦੀ ਪ੍ਰਤੀਤ ਹੁੰਦੀ ਹੈ। ਇਸ ਵਰਣਨ ਵਿਚ ਕਹਾਣੀ ਰਸ ਵੀ ਹੈ ਤੇ ਨਾਟਕੀ ਕਾਰਜ ਵੀ, ਵਾਰਤਾਲਾਪ ਦੀ ਚਾਸ਼ਨੀ ਵੀ ਹੈ ਤੇ ਪਾਤਰ ਚਿਤਰਨ ਦਾ ਲਟਕਾਓ ਤੇ ਹੈਰਾਨੀ ਵੀ ਮੌਜੂਦ ਹੈ। ਆਪ ਆਸੇ-ਪਾਸੇ ਦੇ ਜੀਵਨ ਵਰਤਾਰੇ ਵਿਚੋਂ ਜੀਵਨ ਸੱਚ ਦਾ ਸੁਭਾਵਕ ਬਿਰਤਾਂਤ ਸਿਰਜਣ ਦੇ ਸਮਰੱਥ ਹਨ। 11ਵੀਂ ਵਾਰ ਦੀ ਨੌਵੀਂ ਪਉੜੀ ਵਿਚ ਪਰਿੰਦਿਆਂ ਦੇ ਸੁਭਾਅ ਦੇ ਤੁਲਨਾਤਮਿਕ ਬਿਰਤਾਂਤ ਨਾਲ ਗੁਰਮੁੱਖ ਵਿਅਕਤੀ ਵਿਸ਼ੇ-ਵਿਕਾਰਾਂ ਤੋਂ ਕਿਵੇਂ ਬਚਦੇ ਹਨ, ਇਸ ਬਿਰਤਾਂਤ ਨੂੰ ਇਉਂ ਸਿਰਜਿਆ ਹੈ:

ਕੂੰਜ ਰਿਦੈ ਸਿਮਰਣੁ ਕਰੈ ਲੈ ਬੱਚਾ ਉਡਦੀ ਅਸਮਾਣੈ।
ਬਤਕ ਬੱਚਾ ਤੁਰਿਤੁਰੈ ਜਲ ਥਲ ਵਰਤੈ ਸਹਿਜ ਵਿਡਾਣੈ।
ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬਿ ਸਿਞਾਣੈ।
ਹੰਸ ਵੰਸੁ ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ।[26]

ਕੱਛੂ ਮਾਤਾ ਦੀ ਸੁਰੱਖਿਆ ਅਧੀਨ ਦਰਿਆਈ ਲਹਿਰਾਂ ਕੱਛੂ ਦੇ ਬੱਚਿਆਂ ਦਾ ਕੋਈ ਨੁਕਸਾਨ ਨਹੀਂ ਕਰ ਸਕਦੀਆਂ। ਕੂੰਜ ਦਾ ਬੱਚਾ ਕੂੰਜ ਦੇ ਪਰਾਂ ਵਿਚ ਸੁਰੱਖਿਅਤ ਹੈ, ਅਕਾਸ਼ ਦੀ ਸੁੰਨ ਤੇ ਉਚਾਈ ਉਸ ਦਾ ਕੁੱਝ ਨਹੀਂ ਵਿਗਾੜ ਸਕਦੀ। ਬਤਖ਼ ਆਪਣੇ ਬੱਚੇ ਨੂੰ ਕੁਕੜੀਆਂ ਦੇ ਚੂਚਿਆਂ ਨਾਲੋਂ ਵੱਖ ਕਰ ਲੈਂਦੀ ਹੈ। ਇਸੇ ਤਰ੍ਹਾਂ ਗੁਰਸਿੱਖ ਭੈੜੀਆਂ ਸੰਗਤਾਂ ਤੋਂ ਬਚ ਕੇ ਸਾਧ ਸੰਗਤ ਦੀ ਓਟ ਲੈ ਕੇ ਵਿਸ਼ੈ ਵਿਕਾਰਾਂ ਤੋਂ ਬਚ ਨਿਕਲਦੇ ਹਨ।

ਉਪਰੋਕਤ ਵਾਰ ਪਉੜੀ ਵਿਚ ਭਾਈ ਗੁਰਦਾਸ ਇਕ (Hypothesis) ਪਰਿਕਲਪਨਾ/ਅਨੁਮਾਨ ਸਿਰਜ ਰਹੇ ਹਨ ਕਿ ਜਦੋਂ ਵੀ ਸਿੱਖ ਗੁਰੂ ਨਾਲ ਸੰਧੀ ਕਰਦਾ, ਮੇਲ-ਮਲਾਪ ਕਰਦਾ, ਗੁਰੂ ਦੀ ਸ਼ਰਣ ਲੈਂਦਾ ਤਾਂ ਗੁਰੂ ਆਪੇ ਸਿੱਖ/ਸ਼ਿਸ਼ ਦੀ ਸੰਭਾਲ ਕਰਦਾ ਹੈ।

ਸਿੱਖ ਨੇ ਆਪਣਾ ਧਿਆਨ ਸ਼ਬਦ ਵਿਚ ਜੋੜਨਾ ਹੈ। ਸ਼ਬਦ ਗੁਰੂ ਹੈ, ਸੁਰਤਿ ਚੇਲਾ ਹੈ। ਗੁਰਮੁਖ ਸੁੱਖਾਂ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਨ। ਹੇਠਲੀ ਵਾਕ ਪਉੜੀ ਵਿਚ ਇਕ ਕਲਪਨਾ ਉਸਾਰੀ ਹੈ:

ਗੁਰਸਿਖ ਸੰਧਿ ਮਿਲਾਵਣੀ ਸਬਦੁ ਸੁਰਤਿ ਪਰਚਾਇ ਪਛਾਪੈ॥

ਗੁਰਮੁਖਿ ਸੁਖ ਫਲੁ ਥਾਪਿ ਉਥਾਪੈ॥[27]

ਇਸ ਤੋਂ ਬਾਅਦ ਦੀਆਂ ਉਨ੍ਹੀਂ ਪਉੜੀਆਂ ਵਿਚ ਸੰਤਾਂ-ਭਗਤਾਂ, ਪ੍ਰੇਮੀਆਂ, ਗੁਰਸਿੱਖਾਂ ਤੇ ਮਰਜੀਵੜਿਆਂ ਦੇ ਨਾਵਾਂ ਨਾਲ ਉਸ ਕਲਪਨਾ ਵਿਚ ਹਕੀਕਤ ਦੇ ਰੰਗ ਭਰੇ ਹਨ। ਸਾਧਾਰਣ ਵਿਅਕਤਿਤਵ ਵਾਲੇ ਇਹ ਵਿਅਕਤੀ ਭਗਤੀ, ਸਾਧਨਾਂ, ਪਰਉਪਕਾਰ, ਸੇਵਾ ਤੇ ਸਿੱਖੀ ਦੇ ਪੂਰਨਿਆਂ ਤੇ ਚਲ ਕੇ ਇਤਿਹਾਸ ਦੇ ਸਫ਼ੇ ਤੇ ਅਮਰ ਹਸਤਾਖ਼ਰ ਬਣ ਗਏ। 13ਵੀਂ ਪਉੜੀ ਵਿਚ ਪਹਿਲੀ ਪਾਤਸ਼ਾਹੀ ਦੇ ਸਿੱਖਾਂ ਦੇ ਨਾਮ ਹਨ ਤਾਰੂ, ਪੋਪਟੂ, ਮੂਲਾਕੀੜਾ, ਪਿਰਥਾ, ਖੇਡਾ, ਮਰਦਾਨਾ ਮੀਰਾਸੀ ਪਿਰਥੀ ਮਲ, ਦੌਲਤ ਖਾਂ ਲੋਦੀ, ਮਾਲੋ ਤੇ ਮਾਂਗਾ ਆਦਿ ਭਗਤ ਪ੍ਰੇਮਾਂ ਭਗਤੀ ਤੇ ਗੁਰਸਿੱਖੀ ਕਾਰਨ ਅਮਰਤਾ ਹਾਸਲ ਕਰ ਗਏ। ਭਾਈ ਗੁਰਦਾਸ ਇਨ੍ਹਾਂ ਦੀ ਸੇਵਾ ਅਤੇ ਭਗਤੀ ਭਾਵ ਬਾਰੇ ਇਕੱਤੀਵੀਂ ਪਉੜੀ ਵਿਚ ਲਿਖਦੇ ਹਨ:

ਜੈਤਾ ਸੇਠ ਵਖਾਣੀਐ ਵਿਣੁ ਗੁਰ ਸੇਵਾ ਹੋਰੁ ਨ ਜਾਣੀ।

ਰਾਜ ਮਹਲਿ ਭਾਨੂ ਬਹਿਲੁ ਭਾਉ ਭਗਤਿ ਗੁਰਮਤਿ ਮਨਿ ਭਾਣੀ।

ਸਨਮੁਖੁ ਸੋਢੀ ਬਦਲੀ ਸੇਠ ਗੁਪਾਲੈ ਗੁਰਮਤਿ ਜਾਣੀ।

ਸੁੰਦਰ ਚਢਾ ਆਗਰੈ ਢਾਕੈ ਮੋਹਣਿ ਸੇਵ ਕਮਾਣੀ।

ਸਾਧ ਸੰਗਤਿ ਵਿਟਹੁ ਕੁਰਬਾਣੀ।[28]

ਭਾਈ ਗੁਰਦਾਸ ਦੀ ਸਾਹਿਤ ਰਚਨਾ ਮਨੋਰਥ ਮੁਖੀ ਹੈ। 11ਵੀਂ ਵਾਰ ਦੀਆਂ ਪਿਛਲੀਆਂ 19 ਪਉੜੀਆਂ ਵਿਚ ਭਗਤਾਂ ਦੇ ਨਾਂ ਦੇਣਾ, ਉਨ੍ਹਾਂ ਦੇ ਪਰਉਪਕਾਰੀ, ਭਗਤੀ ਭਰਪੂਰ ਸੁਭਾਅ ਦੀ ਚਰਚਾ ਦਾ ਅਰਥ ਇਹ ਹੈ ਕਿ ਮਾਨਵ ਜਗਤ ਵਿਚ ਆਤਮਿਕ ਅਤੇ ਸਮਾਜਿਕ ਕ੍ਰਾਂਤੀ ਆ ਸਕੇ।

ਇਹ ਵਾਰ ਮਹਿਜ ਸੂਚਨਾ ਨਹੀਂ ਦੇ ਰਹੀ ਸਗੋਂ ਉਨ੍ਹਾਂ ਦਾ ਵਿਵਰਣ ਪਾਠਕਾਂ/ਸਰੋਤਿਆਂ ਵਿਚ ਸੌਂਦਰਯ ਅਨੁਭੂਤੀ ਨੂੰ ਜਗਾ ਸਕੇ ਤੇ ਚਰਿੱਤਰ ਤਬਦੀਲੀ ਹੋ ਕੇ ਮਨ ਕਰਵਟ ਲਵੇ ਕਾਵਿ ਯਥਾਰਥ ਦਾ ਅੰਤਰਣ ਨਹੀਂ, ਰੂਪਾਂਤਰਣ ਹੈ। ਇਸ ਵਿਚ ਯਥਾਰਥ ਹੂ-ਬ-ਹੂ ਨਹੀਂ ਆ ਜਾਂਦਾ ਸਗੋਂ ਉਤਨਾ ਹੀ ਆਉਂਦਾ ਹੈ, ਜਿਤਨਾ ਅਤੇ ਜਿਸ ਰੂਪ ਵਿਚ ਲਿਆਉਣ ਦੀ ਇਸ ਦੀ ਭਾਸ਼ਾ ਦੀ ਸ਼ਕਤੀ ਹੁੰਦੀ ਹੈ।"[28] ਭਾਈ ਗੁਰਦਾਸ ਨੇ ਸੂਤਰਿਕ ਸ਼ੈਲੀ ਵਿਚ ਸਾਧਕਾਂ, ਪ੍ਰੇਮੀਆਂ, ਸੇਵਕਾਂ ਤੇ ਗੁਰਮੁਖਾਂ ਦੇ ਵਿਕਅਤਿਤਵ ਦਾ ਉਨ੍ਹਾਂ ਹੀ ਬਿਆਨ ਕੀਤਾ ਹੈ ਜਿਨ੍ਹਾਂ ਉਸ ਦੀ ਕਾਵਿ ਭਾਸ਼ਾ ਰੂਪਾਂਤਰਣ ਕਰ ਸਕਦੀ ਹੈ। ਭਾਈ ਗੁਰਦਾਸ ਦੀ ਭਾਸ਼ਾ ਵਿਚ ਚਿਤਰਾਤਮਕਤਾ, ਲੈਅ, ਸੰਗੀਤ, ਤੁਕਾਂਤ ਆਦਿ ਗੁਣਾਂ ਦੇ ਨਾਲ-ਨਾਲ ਬਿਰਤਾਂਤਕਤਾ ਇਕ ਨਿਵੇਕਲਾ ਅੰਦਾਜ਼ ਹੈ। ਆਪ ਦੇ ਸ਼ਬਦ ਕਈ ਤਰ੍ਹਾਂ ਦੇ ਅਰਥਾਂ ਨੂੰ ਵਿਅੰਜਤ ਕਰ ਸਕਣ ਦੀ ਸਮਰੱਥਾ ਰਖਦੇ ਹਨ। ਆਪ ਦੀਆਂ ਵਾਰਾਂ ਵਿਚ ਕੋਸ਼ਗਤ ਅਰਥਾਂ ਨਾਲ ਮੂਲ ਸੂਚਕ ਸ਼ਬਦਾਂ ਦੀ ਵਰਤੋਂ ਵੀ ਹੋਈ ਹੈ। ਮੂਲ ਸੂਚਕ ਸ਼ਬਦਾਂ ਨਾਲ ਸਾਡੀ ਭਾਵੁਕ ਤੇ ਮਾਨਸਿਕ ਬਿਰਤੀ ਜੁੜੀ ਹੁੰਦੀ ਹੈ। ਇਨ੍ਹਾਂ ਦਾ ਇਤਿਹਾਸਕ ਪਰਿਪੇਖ ਹੁੰਦਾ ਹੈ। ਇਹ ਅਰਥ, ਵਤੀਰੇ, ਵਿਓਹਾਰ ਤੇ ਜੀਵਨ ਦੀਆਂ ਕਦਰਾਂ-ਕੀਮਤਾਂ ਉਪਰ ਆਧਾਰਿਤ ਹੁੰਦੇ ਹਨ।

ਭਾਈ ਗੁਰਦਾਸ ਦਾ ਸ਼ਬਦ ਸ਼ੈਲੀ ਪਰਿਪੇਖ ਬਹੁਤ ਵਿਸਤ੍ਰਿਤ ਤੇ ਵਿਆਪਕ ਹੈ। ਆਪ ਦੀ ਕਾਵਿਕਤਾ ਤੇ ਬਿਰਤਾਂਤਕਤਾ ਦਾ ਰਚਨਾਕਾਰੀ ਰਿਸ਼ਤਾ ਅਜਿਹਾ ਹੈ ਕਿ ਰਚਨਾ ਵਿਚੋਂ ਪਾਠਕ ਭਾਸ਼ਕ, ਵਿਚਾਰਕ ਤੇ ਭਾਵਨਾਤਮਕ ਪ੍ਰਭਾਵ ਗ੍ਰਹਿਣ ਕਰਦਾ ਹੈ, ਜਿਹੜਾ ਕਿ ਆਮ ਨਾਲੋਂ ਠੋਸ, ਅਮੀਰ ਤੇ ਵਧੇਰੇ ਸਜਗਤਾ ਦੇਣ ਵਾਲਾ ਹੈ। ਭਾਈ ਗੁਰਦਾਸ ਬਹੁ ਪਰਤੀ ਤੇ ਬਹੁ ਅਰਥੀ ਭਾਸ਼ਾ ਵਰਤਦੇ ਹਨ, ਜਿਸ ਨਾਲ ਆਪਣੇ ਵਿਚਾਰ/ਫਲਸਫੇ ਦਾ ਸੰਚਾਰ ਵੀ ਕਰਦੇ ਹਨ ਤੇ ਪਾਠਕਾਂ ਨੂੰ ਪ੍ਰੇਰਣਾ ਵੀ ਦਿੰਦੇ ਹਨ। "ਭਾਈ ਗੁਰਦਾਸ ਨੇ ਆਪਣੀ ਬਾਣੀ ਦਾ ਕਾਵਿ ਰੂਪ ਪ੍ਰਚਲਿਤ ਤੇ ਲੋਕ ਪ੍ਰਸਿੱਧ ਕਾਵਿ-ਰੂਪ 'ਵਾਰ' ਨੂੰ ਹੀ ਚੁਣਿਆ ਹੈ। ਪਰ ਇਸ ਵਿਚ ਵਿਲੱਖਣੰਤਾ ਪੈਦਾ ਕੀਤੀ ਹੈ। ਪੂਰਵ-ਪਰੰਪਰਾ ਵਿਚ ਜਿੱਥੇ ਲੋਕ ਵਾਰਾਂ ਵਿਚ ਅਧਿਆਤਮਿਕਤਾ ਨਹੀਂ ਸੀ ਅਤੇ ਜਿੱਥੇ

ਅਧਿਆਤਮਿਕ ਵਾਰਾਂ ਵਿਚ ਬਿਰਤਾਂਤ ਨਹੀਂ ਸੀ, ਉਥੇ ਇਨ੍ਹਾਂ ਦੋਹਾਂ ਤੋਂ ਲਾਭ ਉਠਾ ਕੇ ਅਧਿਆਤਮਿਕਤਾ ਅਤੇ ਬਿਰਤਾਂਤ ਨੂੰ ਇਕੱਠਿਆਂ ਕੀਤਾ।"[29] ਕਵਿਤਾ ਦੇ ਪ੍ਰਭਾਵ ਦਾ ਇਕ ਵੱਡਾ ਕਾਰਨ ਉਸ ਦੇ ਰੂਪ ਵਿਚ ਲੁਕਿਆ ਹੋਇਆ ਹੈ। ਸ਼ਬਦ ਚੋਣ, ਛੰਦ ਚਾਲ, ਤੁਕਾਂਤ ਤੇ ਲੈਅ ਵਿਵਸਥਾ ਤੇ ਤਰਤੀਬ ਉਸ ਦੇ ਵਿਚਾਰਾਂ ਤੇ ਭਾਵਾਂ ਨੂੰ ਨਿਸ਼ਚਿਤ ਤੇ ਪ੍ਰਭਾਵਸ਼ਾਲੀ ਅਭਿਵਿਅਕਤੀ ਪ੍ਰਦਾਨ ਕਰਦੀ ਹੈ। ਭਾਈ ਗੁਰਦਾਸ ਭਾਵੇਂ ਇਤਿਹਾਸਕ ਬਿਰਤਾਂਤ ਸਿਰਜ ਰਹੇ ਹਨ, ਪਰ ਕਾਵਿਕਤਾ ਦਾ ਪੱਲਾ ਕਿਤੇ ਨਹੀਂ ਛੱਡਦੇ। ਸ਼ਬਦਾਂ ਨੂੰ ਬਹੁਤ ਹੀ ਸੁਨਿਯੋਜਤ ਤਰੀਕੇ ਨਾਲ ਵਰਤਿਆ ਹੈ ਕਿ ਕਵਿਤਾ ਦੀ ਤਾਤਵਿਕਤਾ ਤੇ ਸੌਂਦਰਯ ਇਕ-ਮਿਕ ਹੋ ਗਏ ਹਨ।

### (ੲ) ਤੱਥ ਤੇ ਕੱਥ (fact and fiction) ਦਾ ਆਪਸੀ ਰੂਪਾਂਤਰਨ

ਸਮੁੱਚੀ ਮਨੁੱਖੀ ਜ਼ਿੰਦਗੀ ਤੱਥ ਤੇ ਕੱਥ ਦੇ ਤਣਾਓ ਨੂੰ ਭੋਗਦੀ ਹੈ ਤੇ ਪ੍ਰਸਥਿਤੀ ਅਨੁਕੂਲ ਮਨੁੱਖੀ ਭਾਵਨਾਵਾਂ ਰੂਪਾਂਤਰਿਤ ਵੀ ਹੁੰਦੀਆਂ ਹਨ। 11ਵੀਂ ਵਾਰ ਦੇ ਸੰਦਰਭ ਵਿਚ ਤੱਥ ਤੇ ਕੱਥ ਦਾ ਆਪਸੀ ਰੁਪਾਂਤਰਣ ਕਿਵੇਂ ਹੁੰਦਾ ਹੈ, ਨੂੰ ਵੇਖਣ ਤੋਂ ਪਹਿਲਾਂ ਵਾਰ ਦੀ ਵਿਸ਼ੇਸ਼ਤਾ ਨੂੰ ਮੱਦੇਨਜ਼ਰ ਰੱਖਣਾ ਹੋਵੇਗਾ। ਜੰਗੀ ਵਾਰ ਹੋਵੇ ਜਾਂ ਅਧਿਆਤਮਕ, ਦੋਹਾਂ ਵਿਚ ਵਾਰ-ਕਵੀ ਪਾਠਕ ਦੇ ਭਾਵਾਂ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦਾ ਹੈ। ਇਕ ਪਾਸੇ ਪ੍ਰਸੰਸਾ ਤੇ ਦੂਜੇ ਪਾਸੇ ਘਿਰਣਾ ਦੇ ਭਾਵ। ਵਾਰ-ਕਵੀ ਜ਼ਿੰਦਗੀ ਦੀ ਦੁਪੱਖਤਾ ਨੂੰ ਨਿਰਪੱਖ ਦੇਖਣ ਵਾਲਾ ਬੇਲਾਗ ਮਨੁੱਖ ਨਹੀਂ ਹੁੰਦਾ। ਉਹ ਜ਼ਿੰਦਗੀ ਦੀ ਚੰਗਿਆਈ-ਬੁਰਿਆਈ ਊਚ-ਨੀਚ, ਸੱਚ-ਝੂਠ, ਹੱਕ ਬੇਹੱਕ ਆਦਿ ਪੱਖਾਂ ਨੂੰ ਬੜੀ ਨੀਝ ਤੇ ਸੂਝ ਨਾਲ ਵਾਚਦਿਆਂ ਇਨ੍ਹਾਂ ਵਿਚਲੇ ਦਵੰਦ ਨੂੰ ਸਮਝਦਾ ਹੈ, ਪਛਾਣਦਾ ਹੈ ਤੇ ਫਿਰ ਨਿਰਭੈ ਤੇ ਨਿਰਸੰਕੋਚ ਭਾਵ ਨਾਲ ਇਨ੍ਹਾਂ ਦੋਹਾਂ ਵਿਚ ਇਕ ਦਾ ਪੱਖੀ ਤੇ ਦੂਜੇ ਦਾ ਵਿਰੋਧੀ ਬਣਦਾ ਹੈ। ਵਾਰ ਕਵੀ ਪਾਠਕਾਂ ਸਾਹਮਣੇ ਤੱਥ ਤੇ ਕੱਥ ਦੀ ਪ੍ਰਸਥਿਤੀ ਬਿਆਨ ਕਰਦਾ ਹੈ। ਤੱਥ ਤੇ ਕੱਥ ਦਾ ਬਿਆਨ ਕਰਦੀ ਕਲਮ ਤਲਵਾਰ ਨਾਲੋਂ ਵੱਧ ਬਲਵਾਨ ਤੇ ਸਾਰਥਕ ਹੁੰਦੀ ਹੈ। ਪ੍ਰੋ. ਰਾਮ ਸਿੰਘ ਸਾਹਿਤ ਦੇ ਮਨੋਰਥ ਦੀ ਗੱਲ ਕਰਦਿਆਂ ਲਿਖਦੇ ਹਨ :

> ਵਾਰਾਂ ਰਚਣ ਦਾ ਮਨੋਰਥ ਜਨਤਾ ਨੂੰ ਕਿਸੇ ਉਤਮ ਕਰਮ ਲਈ ਉਤਸ਼ਾਹਤ ਕਰਨਾ ਦੱਸਿਆ ਜਾਂਦਾ ਹੈ, ਪਰ ਉਤਮ ਭਾਂਤ ਦੇ ਕਰਮ ਲਈ ਮਨੁੱਖ ਤਦ ਤਤਪਰ ਹੁੰਦਾ ਹੈ, ਜੇ ਪਹਿਲੋਂ ਉਸ ਦੇ ਭਾਵ ਯੋਗਵਿਧੀ ਨਾਲ ਉਤੇਜਿਤ ਕੀਤੇ ਗਏ ਹੋਣ।[30]

ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦੀਆਂ ਪਹਿਲੀਆਂ 12 ਪਉੜੀਆਂ ਅਧਿਆਤਮ ਸੁੱਖ ਦੀ ਪ੍ਰਾਪਤੀ ਲਈ ਜੀਵ ਆਤਮਾ ਨੂੰ ਪ੍ਰਯਤਨਸ਼ੀਲ ਹੋਣ ਦਾ ਸੰਦੇਸ਼ ਦਿੰਦੀਆਂ ਹਨ। ਜੀਵ ਨੇ ਗੁਰਮੁੱਖ ਬਣਨਾ ਹੈ ਇਹ ਪਰਮ ਸੱਚ ਹੈ, ਤੱਥ ਹੈ, ਭਾਈ ਗੁਰਦਾਸ ਇਸ ਤੱਥ ਨੂੰ ਜਿਸ ਢੰਗ ਨਾਲ ਰੌਚਕ ਤੇ ਪ੍ਰੇਰਨਾਦਾਇਕ ਬਣਾਉਂਦੇ ਹਨ ਅਤੇ ਉਸ ਨੂੰ ਕੱਥ ਵਿਚ ਰੂਪਾਂਤਰਿਤ ਕਰ ਰਹੇ ਹਨ ਇਹ ਉਨ੍ਹਾਂ ਦੀ ਸੂਹਜ ਤੇ ਵਾਰ ਕਲਾ ਦਾ ਅਦੁੱਤੀ ਪ੍ਰਮਾਣ ਹੈ।

ਵਾਰ ਕਵੀ ਭਾਈ ਗੁਰਦਾਸ ਅਧਿਆਤਮ ਸੁੱਖ ਦੀ ਪ੍ਰਾਪਤੀ ਲਈ ਕੀਤੇ ਪ੍ਰਯਤਨ ਪ੍ਰਸੰਗਾਂ ਨੂੰ ਰਚਨਾਤਮਕ ਸੂਤਰ ਵਿਚ ਫੈਲਾਉਂਦੇ ਹਨ ਅਤੇ ਇਹ ਰਚਨਾਤਮਕ ਸੂਤਰ ਹੀ ਪਿਛਲੀਆਂ 19 ਪਉੜੀਆਂ ਵਿਚ ਭਗਤ ਰਤਨਾਵਲੀ ਦਾ ਕਥਾਤਮਕ (fictional) ਰੂਪ ਅਖ਼ਤਿਆਰ ਕਰਕੇ ਸਦੀਵੀ ਸਾਰਥਕਤਾ ਪ੍ਰਾਪਤ ਕਰਦੇ ਹਨ। ਸਦੀਵੀ ਸਾਰਥਕਤਾ ਤੇ ਅਮਰਤਾ ਨੂੰ ਪ੍ਰਾਪਤ ਹੁੰਦੇ ਵਿਖਾਉਣਾ ਹੀ ਇਨ੍ਹਾਂ ਮਰਜੀਵੜਿਆਂ ਬਾਰੇ ਭਾਈ ਗੁਰਦਾਸ ਦਾ ਮਕਸਦ ਰਿਹਾ ਹੋਵੇਗਾ। ਭਾਈ ਸਾਹਿਬ ਨੇ ਬਹੁਤ ਹੀ ਸਰਲ ਤੇ ਸਾਧਾਰਣ ਵਿਅਕਤੀਆਂ ਦੇ ਵਿਅਕਤਿਤਵ ਵਿਚ ਲੁਪਤ ਅਸਾਧਾਰਣਤਾ ਨੂੰ ਪਹਿਚਾਣਿਆ ਹੋਵੇਗਾ ਅਤੇ ਉਨ੍ਹਾਂ ਨੂੰ ਗੁਰਮੁੱਖ ਬਣਨ ਦੀ ਤੇ ਹੁਕਮ ਪਾਲਣ ਦੀ ਪ੍ਰੇਰਨਾ ਦਿੱਤੀ ਹੋਵੇਗੀ। ਗੁਰੂ ਕਾਲ ਦੀਆਂ ਅਜਿਹੀਆਂ ਵੱਖਰੀਆਂ-ਵੱਖਰੀਆਂ ਸਖ਼ਸ਼ੀਅਤਾਂ ਆਪਣੀ ਲੁਪਤ ਅਸਾਧਾਰਣਤਾ ਕਾਰਨ ਇਤਿਹਾਸ ਦੇ ਅਮਰ ਹਸਤਾਖ਼ਰ ਬਣ ਗਈਆਂ। ਇਸ ਵਾਰ ਵਿਚ ਆਏ ਛੇ ਗੁਰੂ ਸਾਹਿਬਾਨ ਦੇ ਸਮਿਆਂ ਦੇ ਭਗਤਾਂ ਅਤੇ ਸੇਵਕਾਂ ਦੇ ਨਾਂ ਦੱਸਣ ਪਿੱਛੇ ਪਾਠਕਾਂ/ਸਰੋਤਿਆਂ ਨੂੰ ਉਤਮ ਭਾਂਤ ਦੇ ਕਾਰਜਸ਼ੀਲ ਤੇ ਜੀਵਨ ਪ੍ਰਤਿ ਹਾਂ-ਪੱਖੀ ਕਰਮ ਕਰਨ ਦੀ ਪ੍ਰੇਰਣਾ ਦੇਣਾ ਹੀ ਭਾਈ ਗੁਰਦਾਸ ਦਾ ਮੁੱਖ ਮੰਤਵ ਹੈ।

ਡਾ. ਜਸਪਾਲ ਕੌਰ ਕਾਂਗ ਅਨੁਸਾਰ, "ਵਸਤੂ ਜਗਤ ਵਿਚੋਂ ਮਨੁੱਖ ਜਦ ਕਿਸੇ ਅਨੁਭਵ ਜਾਂ ਸਮੱਸਿਆ ਨੂੰ ਰਚਨਾ ਦਾ ਰੂਪ ਦਿੰਦਾ ਹੈ ਤਾਂ ਉਦੋਂ ਉਹ ਦੇ ਸਾਹਮਣੇ ਮੂਲ ਕਾਰਜ ਵੱਖ-ਵੱਖ ਵੇਰਵਿਆਂ ਨੂੰ ਇਕ ਸੂਤਰ ਵਿਚ ਪਰੋਣਾ ਹੁੰਦਾ ਹੈ ਤਾਂ ਜੋ ਵੱਖ-ਵੱਖ ਲਿਖੇ ਪ੍ਰਸੰਗਾਂ ਨੂੰ ਇਕ ਸੰਦਰਭ ਪ੍ਰਾਪਤ ਹੋ ਸਕੇ।"[31]

11ਵੀਂ ਵਾਰ, ਇਤਿਹਾਸਕ ਸੰਦਰਭਾਂ ਦਾ ਦਸਤਾਵੇਜ ਵਾਲਾ ਮਹੱਤਵ ਰੱਖਣ ਵਾਲੀ ਵਾਰ ਹੈ। ਇਸ ਵਾਰ ਵਿਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੇ ਸਿੱਖਾਂ ਦਾ ਵਰਣਨ ਹੈ। ਭਾਈ ਸਾਹਿਬ ਨੇ ਇਨ੍ਹਾਂ ਸਿੱਖਾਂ, ਭਗਤਾਂ, ਪ੍ਰੇਮੀਆਂ, ਸੇਵਕਾਂ ਦੇ ਨਾਂ ਹੀ ਨਹੀਂ ਦੱਸੇ, ਸਗੋਂ ਥਾਂ ਟਿਕਾਣਿਆਂ ਦੇ ਨਾਲ-ਨਾਲ ਉਨ੍ਹਾਂ ਦੀਆਂ ਜਾਤਾਂ-ਗੋਤਾਂ ਵੀ ਲਿਖ ਦਿੱਤੀਆਂ ਹਨ। ਜਾਤ-ਗੋਤ ਦੇ ਤੱਥ ਨੂੰ ਕੱਥ ਵਿਚ ਰੂਪਾਂਤਰਨ ਕਰਨ ਦਾ ਕਤਈ ਇਹ ਭਾਵ ਨਹੀਂ ਕਿ ਉਹ ਮਨੂ ਸਿਮਰਤੀ ਨੂੰ ਪ੍ਰਵਾਨਗੀ ਦਿੰਦੇ ਹਨ। ਸਿੱਖੀ ਜਾਤ-ਪਾਤ ਦੇ ਵੇਰਵਿਆਂ ਦਾ ਪੁਰਜ਼ੋਰ ਖੰਡਨ ਕਰਦੀ ਆਈ ਹੈ। ਡਾ. ਜਸਵੰਤ ਬੇਗੋਵਾਲ ਦੇ ਕਥਨ ਅਨੁਸਾਰ:

> ਸਿੱਖੀ ਦਾ ਪ੍ਰਥਮ ਅਸੂਲ ਹੀ ਇਹ ਹੈ ਕਿ ਜਿਨ੍ਹਾਂ ਸਿੱਖਾਂ ਨੂੰ ਸਮਾਜ ਵਿਚ ਜਾਤ-ਪਾਤ ਪੱਖੋਂ ਹੀਣਾ ਸਮਝਿਆ ਜਾਂਦਾ ਹੈ, ਗੁਰੂ ਸਿੱਖੀ ਮਾਰਗ 'ਤੇ ਚਲਦਿਆਂ ਉਨ੍ਹਾਂ ਵਿਚ ਪਏ ਭੇਦ-ਭਾਵ ਖ਼ਤਮ ਹੋ ਜਾਂਦੇ ਹਨ, ਉਹ ਇਕ-ਦੂਜੇ ਦੇ ਬਰਾਬਰ ਸਮਝੇ ਜਾਂਦੇ ਹਨ।[32]

ਜਾਤਾਂ ਗੋਤਾਂ ਦਾ ਵੇਰਵਾ ਦੇਣ ਪਿੱਛੇ ਭਾਈ ਗੁਰਦਾਸ ਆਪਣੀ ਇਸ ਧਾਰਨਾ ਦਾ ਪੁਰਜ਼ੋਰ ਐਲਾਨ ਕਰ ਰਹੇ ਹਨ ਕਿ ਸਿੱਖੀ ਕਿਸੇ ਵਿਸ਼ੇਸ਼ ਜਾਂ ਸਵਰਣ ਜਾਤੀ ਵਾਲਿਆਂ ਦੀ ਜਾਗੀਰ ਨਹੀਂ, ਸਗੋਂ ਇਸ ਵਿਚ ਜਮਹੂਰੀਅਤ ਨੂੰ ਪ੍ਰਾਥਮਿਕਤਾ ਵੀ ਮਿਲਦੀ ਹੈ ਤੇ ਕੋਈ ਵੀ ਨਿਮਨ ਜਾਤੀ ਦਾ ਸਿੱਖ ਗੁਰਸਿੱਖੀ ਮਾਰਗ 'ਤੇ ਚਲ ਕੇ ਸਮਾਜ ਅਤੇ ਪ੍ਰਮਾਤਮਾ ਦੇ ਦਰਬਾਰ ਵਿਚ ਸਨਮਾਨਯੋਗ ਸਥਾਨ ਬਣਾ ਸਕਦਾ ਹੈ।

ਭਾਈ ਗੁਰਦਾਸ ਨੇ ਇਸ ਵਾਰ ਵਿਚ ਆਗਰਾ, ਗਵਾਲੀਅਰ, ਕਸ਼ਮੀਰ, ਲਾਹੌਰ, ਜੌਨਪੁਰ, ਸ਼ਾਹਦਰਾ, ਸੁਲਤਾਨਪੁਰ, ਥਾਨੇਸਰ, ਸਰਹੰਦ, ਢਾਕਾ ਅਤੇ ਕਾਬਲ ਦੀਆਂ ਸੰਗਤਾਂ ਦਾ ਜ਼ਿਕਰ ਕੀਤਾ ਹੈ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖੀ ਦਾ ਦਾਇਰਾ ਸੀਮਿਤ ਨਹੀਂ ਸੀ, ਸਗੋਂ ਵਿਸ਼ਾਲ ਰਿਹਾ ਹੈ ਤੇ ਇਸ ਵਿਸ਼ਾਲ ਦਾਇਰੇ ਦੀ ਸ਼ੁਰੂਆਤ ਪਹਿਲੀ ਪਾਤਸ਼ਾਹੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। ਇਸ ਵਾਰ ਵਿਚ ਤੱਥਾਂ ਦਾ ਕਥਾਤਮਕ ਰੂਪਾਂਤਰਨ ਬੜੇ ਹੀ ਸਹਿਜ ਰੂਪ ਵਿਚ ਹੋਇਆ ਹੈ। ਤੱਥ ਨੂੰ ਕੱਥ ਵਿਚ ਰੂਪਾਂਤਰਨ ਕਰਨ ਲਈ ਲੇਖਕ/ਕਵੀ ਆਪਣੀ ਗਲਪ ਸ਼ਕਤੀ ਰਾਹੀਂ ਰਚਨਾ ਦਾ ਇਕ ਅਜਿਹਾ ਖੁਦਮੁਖ਼ਤਾਰ ਜਗਤ ਸਿਰਜਦਾ ਹੈ, ਜੋ ਵਾਸਤਵਿਕਤਾ ਦਾ ਭਰਮ ਵੀ ਸਿਰਜਦਾ ਹੈ ਤੇ ਉਸ ਤੋਂ ਵੱਖਰਾ ਵੀ ਹੁੰਦਾ ਹੈ।

"ਵਾਸਤਵਿਕਤਾ ਦੇ ਸਮਵਿਥ ਰਚਨਾ ਦਾ ਵੱਖਰਾ ਜਗਤ ਲੇਖਕ ਦੀ ਗਲਪ ਚੇਤਨਾ ਤੋਂ ਹੀ ਪੈਦਾ ਹੁੰਦਾ ਹੈ। ਬਿਰਤਾਂਤ ਸਿਰਜਣ ਹਮੇਸ਼ਾ ਗਲਪ ਉਪਰ ਆਧਾਰਿਤ ਹੁੰਦਾ ਹੈ।[33]

ਇਹੀ ਸਾਹਿਤਕਾਰ ਦੀ ਗਲਪ ਚੇਤਨਾ ਜਾਂ ਕਥਾਤਮਿਕਤਾ ਦੀ ਸ਼ਕਤੀ ਹੁੰਦੀ ਹੈ, ਜੋ ਰਚਨਾਤਮਿਕਤਾ ਪ੍ਰਾਪਤ ਕਰਕੇ ਯਥਾਰਥ ਦਾ ਅੰਗ ਬਣ ਜਾਂਦੀ ਹੈ। ਮੱਧਕਾਲੀ ਸਾਹਿਤ ਚਿੰਤਨ ਵਿਚ ਗਲਪੀ ਤੱਤ ਹਰ ਰਚਨਾ ਦੇ ਮੂਲ ਸੁਰ ਵਿਚ ਸ਼ਾਮਲ ਹੈ। ਰਹੱਸਵਾਦੀ ਅਨੁਭਵ ਦਾ ਸਾਰਾ ਸ਼ਾਬਦਿਕ ਪ੍ਰਗਟਾ ਗਲਪੀ ਤੱਥਾਂ ਉਪਰ ਹੀ ਆਧਾਰਿਤ ਹੁੰਦਾ ਹੈ।

ਅਧਿਆਤਮਕ, ਪਾਰਗਾਮੀ ਤੇ ਰਹੱਸ ਭਰਪੂਰ ਅਨੁਭਵ ਨੂੰ ਸ਼ਾਬਦਿਕ ਰੂਪ ਵਿਚ ਪ੍ਰਗਟ ਕਰਨਾ ਆਪਣੇ-ਆਪ ਵਿਚ ਇਕ ਚੁਣੌਤੀ ਹੈ, ਜਿਸ ਚੁਣੌਤੀ ਨੂੰ ਰਹੱਸਵਾਦੀਆਂ ਨੇ ਆਪਣੀ ਕਲਪਨਾ ਸ਼ਕਤੀ ਰਾਹੀਂ ਨਜਿੱਠਿਆ ਹੈ। ਅਨੁਭਵੀ ਵਿਅਕਤੀ ਲਈ ਉਸ ਦਾ ਅਧਿਆਤਮਕ ਆਲੌਕਿਕ ਵੇਰਵਾ ਬਹੁਤ ਨਿੱਜੀ ਹੁੰਦਾ ਹੈ। ਅਧਿਆਤਮਕ ਅਲੌਕਿਕ ਵੇਰਵੇ ਨੂੰ ਸਮੂਹਿਕ ਬਣਾਉਣ ਲਈ ਗਲਪ ਸ਼ਕਤੀ ਜਾਂ ਕਥਾਤਮਕ ਸ਼ਕਤੀ ਹੀ ਕਾਰਜਸ਼ੀਲ ਰਹਿੰਦੀ ਹੈ। 11ਵੀਂ ਵਾਰ ਵਿਚ ਭਾਈ ਗੁਰਦਾਸ ਨੇ ਗੁਰਸਿੱਖ ਬਣਨ ਦੀ ਪ੍ਰਕਿਰਿਆ ਦਾ ਰਹੱਸ ਉਜਾਗਰ ਕੀਤਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪ੍ਰੋਢ ਤੇ ਨਿਖਰੇ ਹੋਏ ਮੁਹਾਵਰੇ ਦੀ ਵਰਤੋਂ ਹੋਈ ਹੈ ਤੇ ਇਸ ਦੇ ਨਾਲ

ਹੀ ਇਸ ਦੀ ਕਾਵਿ ਵਿਧੀ ਵੀ ਬਹੁਤ ਠੋਸ ਅਤੇ ਬੱਝਵਾਂ ਪ੍ਰਭਾਵ ਉਤਪੰਨ ਕਰਨ ਵਾਲੀ ਹੈ। ਗੁਰਸਿੱਖ ਬਣਨਾ ਕੋਈ ਦੋ ਵਸਤੂਆਂ ਦੇ ਮੇਲ ਨਾਲ ਤੀਜੀ ਵਸਤੂ ਦੇ ਅਸਤਿਤਵ ਦੀ ਕਹਾਣੀ ਨਹੀਂ, ਬਲਕਿ ਤੱਥ ਤਾਂ ਇਹ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਛੱਡ ਕੇ ਸੱਤ, ਸੰਤੋਖ, ਦਇਆ, ਧਰਮ, ਨਾਮ, ਦਾਨ ਤੇ ਇਸ਼ਨਾਨ ਵਿਚ ਆਪਣੇ ਮਨ ਨੂੰ ਦ੍ਰਿੜ ਕਰਕੇ ਗੁਰੂ ਚਰਨਾਂ ਵਿਚ ਲਾਉਣ ਉਪਰੰਤ ਸਿੱਖ ਗੁਰੂ ਦਰਸ਼ਨ ਕਰਨ ਦਾ ਹੱਕਦਾਰ ਹੁੰਦਾ ਹੈ। ਗੁਰਮੁੱਖ ਬਣਨ ਲਈ ਗੁਰਸਿੱਖ ਦੀ ਤਿਆਰੀ ਵੀ ਚਾਹੀਦੀ ਹੈ ਤੇ ਗੁਰੂ ਦੀ ਮਿਹਰ ਵੀ, ਦੋਵੇਂ ਮਿਲਕੇ ਪੂਰਨ ਗੁਰਸਿੱਖ ਦਾ ਰੂਪ ਸਿਰਜਦੇ ਹਨ। ਗੁਰਸਿੱਖ ਦੀ ਸਿੱਖੀ ਕਾਇਮ ਰਹੇ ਇਸ ਲਈ ਵਾਰ ਕਵੀ ਨਿੱਕੇ-ਨਿੱਕੇ ਤੱਥਾਂ ਦਾ ਬਿਰਤਾਂਤ ਲੜੀ ਵਿਚ ਜੋੜਦਾ ਹੈ:-

"ਲੱਖ ਤਾਰੇ ਸੂਰਜਿ ਚੜ੍ਹਿ ਜਿਉ ਛਪਿ ਜਾਨਿ ਨ ਆਪ ਸਮ੍ਹਾਲੇ।
ਚਰਣ ਕਵਲ ਦਲਜੋਤਿ ਵਿਚਿ ਲਖ ਸੂਰਜਿ ਲੁਕਿ ਜਾਨਿ ਰਵਾਲੇ।"[34]

ਜਿਵੇਂ ਸੂਰਜ ਚੜ੍ਹਨ ਨਾਲ ਅਸਮਾਨ ਦੇ ਲੱਖਾਂ ਤਾਰੇ ਲੋਪ ਹੋ ਜਾਂਦੇ ਹਨ ਇਸ ਤਰ੍ਹਾਂ ਹੀ ਗੁਰ ਸ਼ਰਨੀ ਪਏ ਸਿੱਖ ਦੇ ਲੱਖਾਂ ਵਿਕਾਰ ਛੁਪ ਜਾਂਦੇ ਹਨ। ਸਤਿਗੁਰੂ ਪੂਰਨ ਗੁਰੂ ਦੇ ਚਰਨ ਕੰਵਲਾਂ ਦੀਆਂ ਪੱਤੀਆਂ ਵਿਚੋਂ ਲੱਖਾਂ ਸੂਰਜ (ਰਾਜੇ-ਮਹਾਰਾਜੇ) ਚਰਣਾਂ ਵਿਚ ਸਮਾ ਜਾਂਦੇ ਹਨ। ਉਪਰੋਕਤ ਵਾਰ ਸਤਰਾਂ ਵਿਚ ਕਵੀ ਨੇ ਇਕ ਤੱਥ ਆਧਾਰਿਤ ਕਾਵਿ ਬਿੰਬ ਇਉਂ ਉਸਾਰਿਆ ਹੈ ਕਿ:

"ਗੁਰਸਿੱਖ ਲੈ ਗੁਰਸਿੱਖ ਸਖਾਲੇ"[35]

ਜੀਵ ਨੂੰ ਗੁਰੂ ਦੀ ਸਿੱਖਿਆ ਲੋਕ-ਪਰਲੋਕ ਵਿਚ ਸਹਾਈ ਹੁੰਦੀ ਹੈ। ਗੁਰਸਿੱਖ ਦੇ ਜੀਵਨ ਵਿਚ ਗੁਰੂ ਚਰਨਾਂ ਦੀ ਮਹਿਮਾ ਅਪਰੰਪਾਰ ਹੈ। ਨਿੱਕੇ-ਨਿੱਕੇ ਕਾਵਿ ਬਿੰਬਾਂ ਦੀ ਸੰਰਚਨਾ ਕਰਦੇ ਭਾਈ ਗੁਰਦਾਸ ਆਪਣੇ ਅਧਿਆਤਮਕ ਤੱਥਾਂ ਨੂੰ ਕਥਾਤਮਕ ਰੂਪਾਂਤਰਨ ਦੇ ਰਹੇ ਹਨ। ਭਾਈ ਗੁਰਦਾਸ ਦੀ ਰਚਨਾ ਤੱਥ ਨੂੰ ਕੱਥ ਵਿਚ ਰੂਪਾਂਤਰਿਤ ਕਰਦਿਆਂ ਇਕ ਅਨੁਸ਼ਾਸਨ ਤੇ ਸੰਜਮ ਦਾ ਰਾਹ ਅਖ਼ਤਿਆਰ ਕਰਨ ਦਾ ਸੰਦੇਸ਼ ਦਿੰਦੀ ਹੈ। ਚੰਦਨ, ਪਾਰਸ, ਗੰਗਾ ਤੇ ਬਗਲੇ ਦੇ ਰੂਪਕਾਂ ਰਾਹੀਂ ਗਿਆਰਵੀਂ ਵਾਰ ਦੀ ਦਸਵੀਂ ਪਉੜੀ ਵਿਚ ਆਲੇ-ਦੁਆਲੇ ਦੇ ਜੀਵਨ ਅਨੁਭਵ ਦੇ ਸੱਚ ਨੂੰ ਉਜਾਗਰ ਕੀਤਾ ਹੈ।

ਚੰਦਨੁ ਬਾਵਨ ਚੰਦਨਹੁ ਚੰਦਨ ਵਾਸੁ ਨ ਚੰਦਨੁ ਕੋਈ।

ਅਸਟੁਧਾਤੁ ਇਕੁ ਧਾਤੁ ਹੋਇ ਪਾਰਸ ਪਰਸੇ ਕੰਚਨੁ ਜੋਈ।

ਕੰਚਨ ਹੋਇ ਨ ਕੰਚਨਹੁ ਵਰਤਮਾਨ ਵਰਤੈ ਸਭਿ ਲੋਈ।

ਨਦੀਆ ਨਾਲੇ ਗੰਗ ਸਾਗਰ ਸੰਗਮਿ ਖਾਰਾ ਸੋਈ।

ਬਗੁਲਾ ਹੰਸੁ ਨ ਹੋਵਈ ਮਾਨਸਰੋਵਰਿ ਜਾਇ ਖਲੋਈ।

ਵੀਹਾਂ ਦੈ ਵਰਤਾਰੈ ਓਈ।[36]

ਮਨੁੱਖ ਦੀ ਯਾਤਰਾ ਆਦਮੀਅਤ ਤੋਂ ਇਨਸਾਨੀਅਤ ਵਲ ਦੀ ਹੈ। ਚੰਦਨ, ਪਾਰਸ, ਗੰਗਾ ਤੇ ਬਗਲੇ ਦੇ ਤਥਾਤਮਕ ਸੱਚ ਨੂੰ ਬਹੁਤ ਨਿਖ਼ਰੀ ਤੇ ਪ੍ਰੋਢ ਭਾਸ਼ਾ ਵਿਚ ਕਥਾਤਮਕ ਸੱਚ ਵੀ ਬਣਾ ਦਿੱਤਾ ਤੇ ਆਦਮੀ ਦੀ ਆਦਮੀਅਤ ਨੂੰ ਉਚੇਰੇ ਮੰਡਲਾਂ ਵਲ ਭਾਵ ਪੂਰਨ ਮਾਨਵ ਤੇ ਗੁਰਮੁੱਖਤਾ ਵਲ ਰਵਾਨਾ ਵੀ ਕਰ ਦਿੱਤਾ। ਚੰਦਨ ਦੀ ਸੁਗੰਧੀ ਨਾਲ ਸਾਰਾ ਜੰਗਲ ਤੇ ਬਨਸਪਤੀ ਸੁਗੰਧਿਤ ਹੋ ਜਾਂਦੀ ਹੈ, ਪਰ ਬਾਵਨ ਚੰਦਨ ਤੋਂ ਅੱਗੋਂ ਚੰਦਨ ਨਹੀਂ ਬਣਦਾ, ਪਾਰਸ ਆਪਣੀ ਕੀਮਆਈ ਛੋਹ ਨਾਲ ਹਰ ਧਾਤ ਨੂੰ ਸੋਨਾ ਬਣਾ ਸਕਦਾ ਹੈ, ਪਰ ਸੋਨਾ ਅੱਗੋਂ ਸੋਨਾ ਪੈਦਾ ਨਹੀਂ ਕਰ ਸਕਦਾ। ਨਦੀਆਂ ਤੇ ਨਾਲੇ ਗੰਗਾ ਵਿਚ ਸ਼ਾਮਲ ਹੋ ਕੇ ਗੰਗਾ ਬਣ ਜਾਂਦੇ ਹਨ, ਪਰ ਉਹੀ ਗੰਗਾ ਸਮੁੰਦਰ ਵਿਚ ਜਾ ਕੇ ਖਾਰੀ ਹੋ ਜਾਂਦੀ ਹੈ। ਬਗਲਾ ਮਾਨ ਸਰੋਵਰ 'ਤੇ ਪਹੁੰਚ ਕੇ ਵੀ ਮੱਛੀਆਂ ਹੀ ਚੁਗਦਾ ਹੈ, ਹੀਰੇ-ਮੋਤੀਆਂ ਨੂੰ ਵੇਖਦਾ ਵੀ ਨਹੀਂ। ਇਨ੍ਹਾਂ ਸਾਰਥਿਕ ਰੂਪਕਾਂ ਰਾਹੀਂ ਭਾਈ ਗੁਰਦਾਸ ਦਾ ਸਾਰਥਕ ਮਕਸਦ ਜੀਵ ਨੂੰ ਮਨਮੁੱਖਤਾ ਤੋਂ ਸੁਚੇਤ ਕਰਦਿਆਂ ਗੁਰਮੁੱਖ ਬਣਨ ਦੀ ਪ੍ਰੇਰਨਾ ਦੇਣਾ ਹੈ।

ਭਾਈ ਗੁਰਦਾਸ ਦਾ ਵਾਰਾਂ ਦੀ ਰਚਨਾ ਪਿੱਛੇ ਮੁੱਖ ਪ੍ਰਯੋਜਨ ਲੌਕਿਕ ਰਸ ਜਾਂ ਸੁਹਜ ਦੀ ਸਿਰਜਣਾ ਕਰਨਾ ਹੀ ਨਹੀਂ, ਸਗੋਂ ਪਰਮਾਰਥ ਦੀ ਚੇਤਨਾ ਜਗਾਉਣਾ ਹੈ। ਪਰਮਾਰਥ ਦੀ ਚੇਤਨਾ ਜਨ ਸਧਾਰਨ ਤੱਕ ਤਾਂ ਹੀ ਪਹੁੰਚ ਸਕਦੀ ਹੈ, ਜੇ ਤੱਥ ਕੱਥ ਵਿਚ ਰੂਪਾਂਤਰਿਤ ਹੋ ਕੇ ਆਮ

ਆਦਮੀ ਤੱਕ ਪਹੁੰਚੇ। ਭਾਈ ਗੁਰਦਾਸ ਦਾ ਇਹ ਚਿੰਤਨ-ਪ੍ਰਬੰਧ ਗੌਰਵੀਕਰਨ ਅਰਥ ਪ੍ਰਕ੍ਰਿਆ ਵਿਚ ਆਤਮ ਅਤੇ ਗੁਰੂ ਦੀ ਭੂਮਿਕਾ ਨੂੰ ਸਥਾਪਿਤ ਕਰਦਾ ਹੈ।

ਅੱਜ-ਕੱਲ੍ਹ ਜੇ ਅਸੀਂ ਡੇਰਿਆਂ ਮੱਠਾਂ ਜਾਂ ਬਾਬਿਆਂ ਦੀ ਮਹਿਮਾ ਵਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਸਿੱਖੀ ਸੇਵਕੀ ਉਸ ਡੇਰੇ ਦੇ ਮੁਖੀ ਜਾਂ ਮਠਾਧੀਸ਼ ਦੇ ਆਲੇ-ਦੁਆਲੇ ਕ੍ਰਿਸ਼ਮਈ ਵਾਤਾਵਰਣ ਸਿਰਜ ਦਿੰਦੀ ਹੈ, ਜਿਸ ਕ੍ਰਿਸ਼ਮਈ ਵਾਤਾਵਰਣ ਦੀ ਖਿੱਚ ਵਿਚ ਆਮ ਵਿਅਕਤੀ ਜਾ ਸ਼ਾਮਲ ਹੁੰਦਾ ਹੈ ਅਤੇ ਉਹ ਜੋ ਕੁੱਝ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹ ਉਸ ਕੋਲ ਨਹੀਂ ਹੁੰਦਾ ਤੇ ਉਹ ਬਣਨਾ ਚਾਹੁੰਦਾ ਹੈ, ਜੋ ਉਹ ਹੁੰਦਾ ਨਹੀਂ। ਪਰੰਤੂ ਗੁਰੂ ਨਾਨਕ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨ ਤੱਕ ਗੁਰਬਾਣੀ ਦਾ ਮੁੱਖ ਮਨੋਰਥ ਮਨੁੱਖ ਨੂੰ ਉੱਚੇ ਅਤੇ ਸੁੱਚੇ ਗੁਣਾਂ ਦਾ ਧਾਰਨੀ ਬਣਾਉਣਾ ਹੈ। ਜਪੁਜੀ ਵਿਚ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।[37]

ਗੁਰੂ ਨਾਨਕ ਦੇਵ ਜੀ ਨੇ ਕੂੜ ਦੀ ਪਾਲਿ ਤੋੜਨ ਦਾ ਸੌਖਾ ਤਰੀਕਾ ਦੱਸਿਆ ਹੈ ਕਿ ਹੁਕਮ ਵਿਚ ਰਹਿਣਾ ਤੇ ਭਾਣਾ ਮੰਨਣਾ। ਗੁਰੂ ਕਵੀਆਂ ਦੀ ਕਾਵਿ ਚੇਤਨਾ ਦਾ ਮੂਲ ਆਧਾਰ ਪਰਮਾਰਥ ਚਿੰਤਨ ਅਤੇ ਦੈਵੀ ਆਵੇਸ਼ ਹੈ।

- ਸਚ ਕੀ ਬਾਣੀ ਨਾਨਕ ਆਖੈ, ਸਚ ਸੁਣਾਇਸੀ ਸੱਚ ਕੀ ਬੇਲਾ।[38]
- ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।[39]

ਭਾਈ ਗੁਰਦਾਸ ਦੀ (ਸ਼ਾਇਰੀ) ਰਚਨਾ ਦੀ ਬੁਨਿਆਦ ਗੁਰਬਾਣੀ ਹੈ। ਉਸ ਸਮੇਂ ਵੀ ਸਧਾਰਣ ਲੋਕਾਂ ਨੂੰ ਬਾਣੀ ਵਿਚਲੀਆਂ ਸ਼ਾਸਵਤ ਸੱਚਾਈਆਂ ਪ੍ਰਤੀ ਆਕਰਸ਼ਣ ਰਿਹਾ ਹੋਵੇਗਾ। ਗੁਰੂ ਕਵੀਆਂ ਦੇ ਜੀਵਨ ਤੇ ਜੀਵਨ ਦਰਸ਼ਨ, ਕਥਨੀ ਤੇ ਕਰਨੀ ਦੀ ਇਕਸੁਰਤਾ ਨੂੰ ਵੇਖ ਕੇ ਬਹੁਤ ਲੋਕ ਸਿੱਖੀ ਸੰਸਥਾ ਵਿਚ ਆ ਸ਼ਾਮਲ ਹੋਏ। ਆਪਣੇ ਪੱਧਰ ਤੇ ਇਨ੍ਹਾਂ ਲੋਕਾਂ ਨੇ ਗੁਰੂ ਘਰਾਂ ਦੀ ਸੇਵਾ, ਸਮਾਜ ਵਿਚ ਦੀਨ-ਦੁਖੀ ਦੀ ਮਦਦ, ਪਰਉਪਕਾਰ, ਭਗਤੀ, ਦਸਾਂ ਨੌਂਹਾਂ ਦੀ ਕਿਰਤ,

ਵੰਡ ਕੇ ਛਕਣ ਦੀ ਮਰਿਆਦਾ ਤੇ ਭਾਣੇ ਵਿਚ ਅਮਲੀ ਤੌਰ 'ਤੇ ਚਲ ਕੇ ਵਿਖਾਇਆ, ਅਜਿਹਾ ਕਰਦਿਆਂ ਭਾਵੇਂ ਉਨ੍ਹਾਂ ਦੇ ਬੰਦ-ਬੰਦ ਕੱਟੇ ਗਏ, ਸਮੇਤ ਪਰਿਵਾਰਾਂ ਜਾਨਾਂ ਵਾਰ ਦਿੱਤੀਆਂ, ਆਪਣਾ ਸਭ ਕੁੱਝ ਗੁਆ ਲਿਆ, ਪਰ ਉਨ੍ਹਾਂ ਨੇ ਪੂਰਨ ਮਾਨਵ ਦੀ ਉਚ ਪਦਵੀ, ਗੁਰਸਿੱਖੀ ਤੇ ਗੁਰਮੁੱਖਤਾ ਨੂੰ ਪ੍ਰਾਪਤ ਕਰ ਲਿਆ। ਭਾਈ ਗੁਰਦਾਸ ਨੇ ਪਿਛਲੀਆਂ 19 ਪਉੜੀਆਂ ਵਿਚ ਭਗਤਾਂ, ਬਹਾਦਰਾਂ, ਸਿਰਲੱਥ ਸੂਰਮਿਆਂ ਤੇ ਮਰਜੀਵੜਿਆਂ ਦੀ ਗਾਥਾ ਦਾ ਵਰਣਨ ਕੀਤਾ ਹੈ। ਉਨ੍ਹਾਂ ਸਮਿਆਂ ਵਿਚ ਇਨ੍ਹਾਂ ਭਗਤਾਂ ਨੇ ਸਮਾਜ ਵਿਚ ਬਹੁਤ ਜਸ ਖੱਟਿਆ ਗੁਰੂ ਦੇ ਪੂਰਨਿਆਂ ਤੇ ਚਲਣਾ ਉਨ੍ਹਾਂ ਦੇ ਜੀਵਨ ਦਾ ਮਕਸਦ ਸੀ ਅਤੇ ਗੁਰਸਿੱਖੀ ਇਕ ਵੱਡਾ ਤਪ ਸੀ।

> ਗੁਰਸਿੱਖੀ ਬਾਰੀਕ ਹੈ ਖੰਡੇਧਾਰ ਗਲੀ ਅਤਿ ਭੀੜੀ।
> ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।[40]

ਜਪੁਜੀ ਵਿਚ ਗੁਰੂ ਨਾਨਕ ਦਾ ਇਕ ਮੰਤਵ ਹੈ ਕਿ ਮਨੁੱਖ ਨੂੰ ਰੱਬੀ ਪ੍ਰੇਮ ਕਰਨ ਲਈ ਪ੍ਰੇਰਿਆ ਜਾਵੇ। ਉਹ ਕਈ ਪੈਂਤੜਿਆਂ ਤੋਂ ਮਨੁੱਖ ਨੂੰ ਪ੍ਰੇਰਣਾ ਦਿੰਦੇ ਹਨ। ਮਨੁੱਖਾਂ ਦੀਆਂ ਬਿਰਤੀਆਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਹਰੇਕ ਮਨੁੱਖ ਵਿਚ ਕਈ ਸੰਵੇਦਨਸ਼ੀਲ ਭਾਵਨਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਟੁੰਬਿਆ ਜਾ ਸਕਦਾ ਹੈ। ਵੱਖ-ਵੱਖ ਮਨੁੱਖਾਂ ਵਿਚ ਵੱਖ-ਵੱਖ ਭਾਵਨਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਰੋਟੀ ਤੇ ਪਿਆਰ ਦੋ ਐਸੀਆਂ ਬੁਨਿਆਦੀ ਲੋੜਾਂ ਤੇ ਭਾਵਨਾਵਾਂ ਹਨ ਜਿਹੜੀਆਂ ਸਭ ਵਿਚ ਸਾਂਝੀਆਂ ਹਨ। ਚਾਹੇ ਉਹ ਗਰੀਬ ਹੋਵੇ, ਚਾਹੇ ਅਮੀਰ, ਅਨਪੜ੍ਹ ਹੋਵੇ ਜਾਂ ਵਿਦਵਾਨ, ਲੋਕ ਇਨ੍ਹਾਂ ਦੋਹਾਂ ਤੋਂ ਉਪਰ ਗਿਆਨ ਦੇ ਅਭਿਲਾਸ਼ੀ ਹੁੰਦੇ ਹਨ। ਜਪੁਜੀ ਦੇ ਮੁੱਢ ਵਿਚ 'ਆਦਿ ਸਚੁ ਜੁਗਾਦਿ ਸਚ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਲਿਖ ਕੇ ਰੱਬ ਨੂੰ ਸੱਚ ਸਰੂਪ ਕਹਿ ਕੇ ਬਹੁਤ ਖਿਚਦਾਇਕ ਬਣਾ ਦਿੱਤਾ ਹੈ। ਜਪੁਜੀ ਦੀ ਪਉੜੀ ਸਤਾਈ ਵਿਚ ਗੁਰੂ ਨਾਨਕ ਨੇ ਸ਼ਾਹੀ ਦਰਬਾਰ ਦਾ ਪ੍ਰਭਾਵਸ਼ਾਲੀ ਚਿੱਤਰ ਖਿੱਚ ਕੇ ਰੱਬ ਨੂੰ ਦਰਬਾਰ ਦੇ ਤਖ਼ਤ ਉਤੇ ਬਿਰਾਜਮਾਨ ਕੀਤਾ ਹੈ ਅਤੇ ਉਸ ਨੂੰ ਪਾਤਸ਼ਾਹਾ ਦਾ ਪਾਤਸ਼ਾਹ ਕਿਹਾ ਹੈ। ਭਾਈ ਗੁਰਦਾਸ ਗਿਆਰਵੀਂ ਵਾਰ ਵਿਚ ਇਸ ਭਾਵ ਨੂੰ ਅਭਿਵਿਅਕਤ ਕਰਦੇ ਹਨ :

ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਜੁਹਾਰੀ।[41]

ਪਰਮਾਤਮਾ ਬਾਦਸ਼ਾਹਾਂ ਦਾ ਵੱਡਾ ਬਾਦਸ਼ਾਹ ਹੈ ਉਹ ਆਪਣੇ ਹੁਕਮ ਦੀ ਤਾਕਤ ਨਾਲ ਸਭ ਨੂੰ ਸੰਭਾਲ ਰਿਹਾ ਹੈ। ਇਨਾ ਵੱਡਾ ਖਲਜਗਣ ਸੰਭਾਲਣ ਦੇ ਬਾਵਜੂਦ ਵੀ ਪਰਮਾਤਮਾ ਅਨੰਦ ਤੇ ਨਿਰਲੇਪ ਦੀ ਅਵਸਥਾ ਵਿਚ ਰਹਿੰਦਾ ਹੈ। ਜੀਵ ਪਰਮਾਤਮਾ ਦੀ ਮਜਲਸ ਵਿਚ ਬੈਠ ਕੇ ਪ੍ਰੇਮ ਪਿਆਲਾ ਕਿਵੇਂ ਪੀਵੇ? ਬਹੁਤ ਮੁਸ਼ਕਲ ਹੈ ਕਿਉਂਕਿ ਹੰਕਾਰ ਸੂਖਮ ਦਰਵਾਜਿਉਂ ਆ ਹਮਲਾ ਕਰਦਾ ਹੈ ਅਤੇ ਆਪਣੇ ਹੀ ਅੰਦਰੋਂ ਪੈਦਾ ਹੋਣ ਵਾਲੇ ਵਿਕਾਰਾਂ ਤੇ ਵਾਸਨਾਵਾਂ ਤੋਂ ਅਟੰਕ ਤੇ ਨਿਰਲੇਪ ਰਹਿ ਕੇ ਜੀਵ ਗੁਰਮੁਖਿ ਬਣਨ ਦੇ ਰਾਹ ਤੁਰ ਸਕਦਾ ਹੈ। ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਗੁਰੂ ਨਾਨਕ ਨੂੰ ਇਕ ਰੂਹਾਨੀ ਰਹਿਬਰ ਵਜੋਂ ਪੇਸ਼ ਕੀਤਾ ਹੈ, ਜੋ ਜਗਤ ਦੀ 'ਗਿਲਾਨੀ' ਤੇ ਧਰਮ ਦੇ ਵਿਆਪਕ ਪਤਨ ਦੇ ਸੰਘਾਰ ਕਰਨ ਦਾ ਮਸੀਹਾ ਬਣ ਦੇ ਉਭਰਦਾ ਹੈ। ਭਾਈ ਗੁਰਦਾਸ ਇਸ ਇਤਿਹਾਸਕ ਤੱਥ ਦਾ ਦ੍ਰਿਸ਼ਮਈ ਬਿੰਬ ਉਸਾਰਦਿਆਂ ਅਤੇ ਇਸ ਨੂੰ ਕਥਾਤਮਿਕ ਬਿਰਤਾਂਤ ਵਿਚ ਰੂਪਾਂਤਰਿਤ ਕਰਦਿਆਂ ਸਥਿਤੀ ਮੂਲਕ ਪ੍ਰਪੰਚ ਪ੍ਰਸਤੁਤ ਕਰਦੇ ਲਿਖਦੇ ਹਨ:

ਭਈ ਗਿਲਾਨੀ ਜਗਤਿ੍ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।

ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।[42]

ਗੁਰੂ ਨਾਨਕ ਨੇ ਦੇਸ਼-ਪ੍ਰਦੇਸ਼ ਦੀ ਯਾਤਰਾ ਕਰਨ ਉਪਰੰਤ ਉਦਾਸੀ ਜੀਵਨ ਵਿਧੀ ਦਾ ਤਿਆਗ ਕਰਕੇ ਮੁੜ ਗ੍ਰਹਿਸਤੀ ਜੀਵਨ ਵਿਚ ਪ੍ਰਵੇਸ਼ ਕੀਤਾ। ਜੀਵਨ ਦੇ ਅੰਤਿਮ ਦਿਨਾਂ ਵਿਚ ਗੁਰ-ਗੱਦੀ ਭਾਈ ਲਹਿਣੇ ਨੂੰ ਸੌਂਪ ਕੇ ਸਿੱਖੀ ਨੂੰ ਇਕ ਸੰਸਥਾ ਵਿਚ ਰੂਪਾਂਤਰਿਤ ਕੀਤਾ। ਇਸ ਤੋਂ ਬਾਅਦ ਆਮ ਲੋਕਾਂ ਦੀ ਸ਼ਰਧਾ ਸਿੱਖ ਸੰਸਥਾ ਪ੍ਰਤੀ ਪ੍ਰਪੱਕ ਹੁੰਦੀ ਗਈ। ਸਧਾਰਣ ਸਿੱਖਾਂ ਦੀ ਗੁਰੂ ਬਚਨਾਂ ਦੀ ਪਾਲਣਾ ਤੇ ਹੁਕਮ ਪ੍ਰਤੀ ਪ੍ਰਤੀਬੱਧਤਾ ਕੁੱਝ ਅਜਿਹੀ ਹੋਈ ਕਿ ਉਹ ਆਪਾ ਵਿਸਾਰ ਬੈਠੇ, ਘਰ ਪਰਿਵਾਰ ਅਤੇ ਧੰਦਾ ਦੁਜੈਲੇ ਸਥਾਨ ਉਤੇ ਆ ਗਿਆ। ਅਵਲ ਹੁਕਮ ਮੰਨਣਾ, ਕੂੜਿ ਦੀ ਪਾਲਿ ਤੋੜਣਾ ਤੇ ਜੀਵਨ ਵਿਚ ਆਹਾਰ ਵਿਹਾਰ ਤੋਂ ਲੈ ਕੇ ਜੀਵਨ ਆਚਾਰ ਤੱਕ ਸੰਪੂਰਨ ਰੂਪਾਂਤਰਨ

ਦੀ ਨੀਂਹ ਪੱਕੀ ਹੋਈ। ਸਮੁੱਚੇ ਵਾਰ ਸਾਹਿਤ ਵਿਚ ਭਾਈ ਗੁਰਦਾਸ ਨੇ ਸੂਤਰਿਕ ਸ਼ੈਲੀ ਵਰਤਦਿਆਂ ਉਪਰੋਕਤ ਤੱਥਾਂ ਨੂੰ ਕਥਾਤਮਕ ਪੱਧਰ ਤੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲਾ ਕਾਰਜ ਕਰ ਦਿਖਾਇਆ ਹੈ।

**ਇਤਿਹਾਸ ਅਤੇ ਬਿਰਤਾਂਤ ਸਿਰਜਣ ਵਿੱਚ ਸੰਜਮ**

ਮਨੁੱਖ ਜਦੋਂ ਕਿਸੇ ਕਾਲਪਨਿਕ ਘਟਨਾਂ ਜਾਂ ਅਸਲੀਅਤ ਨੂੰ ਕ੍ਰਮਿਕ ਢਾਂਚੇ ਵਿੱਚ ਢਾਲ ਕੇ ਕਥਾ ਰੂਪ ਵਿਚ ਬਿਆਨਦਾ ਹੈ ਤਾਂ ਉਹ ਬਿਰਤਾਂਤ ਅਖਵਾਉਂਦਾ ਹੈ। ਆਦਿ ਕਾਲ ਤੋਂ ਲੈ ਕੇ ਅੱਜ ਦੇ ਜੀਵਨ ਤੱਕ ਦਾ ਬਿਰਤਾਂਤ ਸਾਡੇ ਜੀਵਨ ਵਿਚ ਵਿਦਮਾਨ ਹੈ। ਮਨੁੱਖ ਆਪਣੇ ਅਨੁਭਵ ਦਾ ਬਿਆਨ ਅਤੇ ਆਪਣੀ ਕਾਲਪਨਿਕ ਸਿਰਜਣਾ ਵੀ ਇਸੇ ਰਾਹੀਂ ਹੀ ਕਰਦਾ ਹੈ। ਇਹ ਭਾਸ਼ਕ ਤੇ ਗੈਰ ਭਾਸ਼ਕ ਦੋਵਾਂ ਪੱਧਰਾਂ ਤੇ ਮੌਜੂਦ ਰਹਿੰਦਾ ਹੈ। ਜਦੋਂ ਮਨੁੱਖ ਸੰਕੇਤਾਂ ਰਾਹੀਂ ਵੀ ਆਪਣੇ ਹਾਵਾਂ ਭਾਵਾਂ ਨੂੰ ਪ੍ਰਗਟਾਉਂਦਾ ਹੈ ਤਾਂ ਵੀ ਬਿਰਤਾਂਤ ਸ਼ਾਮਿਲ ਰਹਿੰਦਾ ਹੈ ਕਿਉਂਕਿ ਸੰਕੇਤ ਵੀ ਇਕ ਲੜੀ ਵਿਚ ਪਰੋਕੇ ਹੀ ਪੇਸ਼ ਹੁੰਦੇ ਹਨ। ਮੱਧਕਾਲੀ ਸਾਹਿਤ ਅਤੇ ਅਧੁਨਿਕ ਸਾਹਿਤ ਦੋਵਾਂ ਵਿਚ ਹੀ ਬਿਰਤਾਂਤਕ ਪ੍ਰਗਟਾਅ ਵਿਧੀ ਦੀ ਪ੍ਰਧਾਨਤਾ ਦੇਖਣ ਨੂੰ ਮਿਲਦੀ ਹੈ।

ਬਿਰਤਾਂਤਕ ਰਚਨਾ ਵਿਚ ਘਟਨਾਵਾਂ ਕਿਸੇ ਖਾਸ ਤਰੀਕੇ ਨਾਲ ਲੜੀਬੱਧ ਰੂਪ ਵਿੱਚ ਪਰੋ ਕੇ ਪੇਸ਼ ਕੀਤੀਆਂ ਗਈਆਂ ਹੁੰਦੀਆਂ ਹਨ। ਬਿਰਤਾਂਤਕਾਰ ਬਿਰਤਾਂਤਣ ਦੌਰਾਨ ਘਟਨਾਵਾਂ ਨੂੰ ਕਲਾਤਮਿਕ ਢੰਗ ਨਾਲ ਸਜਾ ਕੇ ਕੜੀ ਨਾਲ ਕੜੀ ਮੇਲ ਕੇ ਪੇਸ਼ ਕਰਦਾ ਹੈ। ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ ਵਿੱਚ ਇਤਿਹਾਸਕ ਪਾਤਰ, ਇਤਿਹਾਸਕ ਘਟਨਾਵਾਂ ਅਤੇ ਗੁਰਸਿੱਖੀ ਦੇ ਫਲਸਫੇ ਦਾ ਬਿਰਤਾਂਤਮਈ ਵਰਣਨ ਕੀਤਾ ਹੈ। ਅਸਲ ਵਿਚ ਅਧਿਆਤਮਕ ਵਾਰਾਂ ਦੇ ਖੇਤਰ ਵਿੱਚ ਭਾਈ ਗੁਰਦਾਸ ਦੀ ਮਾਨਤਾ ਸਭ ਤੋਂ ਜ਼ਿਆਦਾ ਹੈ ਕਿਉਂਕਿ ਇਨ੍ਹਾਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਭਾਵਨਾ ਪ੍ਰਗਟ ਕਰਨ ਦਾ ਮਾਣ ਪ੍ਰਾਪਤ ਹੈ। ਇਹਨਾਂ ਵਾਰਾਂ ਵਿਚ ਗੁਰੂ ਸਹਿਬਾਨਾਂ ਅਤੇ ਸਿੱਖ- ਭਗਤਾਂ ਦੀ ਸਖ਼ਸ਼ੀਅਤ ਅਤੇ ਫਲਸਫੇ ਦੀ ਚਰਚਾ ਦੇ ਨਾਲ ਨਾਲ ਗੁਰਬਾਣੀ ਦੇ ਸਿਧਾਤਾਂ ਦੀ ਵੱਖ-ਵੱਖ ਦ੍ਰਿਸਟਾਂਤਾਂ ਦੁਆਰਾ ਬਿਰਤਾਂਤ ਸਿਰਜ ਕੇ ਬੜੇ ਹੀ ਸੰਜਮ ਮਈ ਅਤੇ

ਸਰਲ ਢੰਗ ਨਾਲ ਪੇਸ਼ਕਾਰੀ ਹੋਈ ਹੈ। ਅਸਲ ਵਿਚ ਭਾਈ ਗੁਰਦਾਸ ਨੇ ਵਿਦਿਆ ਪ੍ਰਾਪਤੀ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਰਹਿ ਕੇ ਕੀਤੀ। ਗੁਰੂ ਅਮਰਦਾਸ ਜੀ ਦੇ ਦਿਹਾਂਤ ਤੋਂ ਬਾਅਦ ਉਹਨਾਂ ਨੇ ਆਪਣਾ ਗੁਰੂ ਰਾਮਦਾਸ ਜੀ ਨੂੰ ਮੰਨਿਆ ਅਤੇ ਸਿੱਖੀ ਸਿਧਾਤਾਂ ਦੇ ਪ੍ਰਚਾਰ ਵਿਚ ਲੱਗੇ ਰਹੇ। ਗੁਰੂ ਰਾਮਦਾਸ ਜੀ ਦੇ ਦਿਹਾਂਤ ਤੋਂ ਮਗਰੋਂ ਉਹ ਗੁਰੂ ਅਰਜਨ ਜੀ ਦੀ ਹਜੂਰੀ ਵਿੱਚ ਆ ਗਏ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਖੋਜ ਪੜਤਾਲ ਤੇ ਅੰਤਿਮ ਰੂਪ ਵਿਚ ਸੰਪਾਦਨਾ ਵਿਚ ਸਹਾਇਤਾ ਕਰਵਾਈ। ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਨੂੰ ਜਹਾਂਗੀਰ ਦੇ ਹੁਕਮਾਂ ਅਧੀਨ ਗਵਾਲੀਅਰ ਦੇ ਕਿਲੇ ਵਿਚ ਬੰਦੀ ਬਣਾਏ ਜਾਣ ਤੇ ਆਪ ਨੇ ਗੁਰੂ ਘਰ ਤੇ ਸਿੱਖ ਸੰਸਥਾ ਦਾ ਪ੍ਰਬੰਧ ਉੱਤਮ ਤਰੀਕੇ ਨਾਲ ਚਲਾਇਆ। ਇਸ ਤੋਂ ਬਾਅਦ ਉਹ ਕਾਸ਼ੀ ਜਾ ਕੇ ਸਿੱਖੀ ਪ੍ਰਚਾਰ ਵਿਚ ਲੱਗ ਗਏ। ਸੋ ਇਸ ਪ੍ਰਕਾਰ ਭਾਈ ਗੁਰਦਾਸ ਨੇ ਸਿੱਖ ਧਰਮ ਦੇ ਫਲਸਫੇ ਅਤੇ ਸਿਧਾਤਾਂ ਨੂੰ ਗੁਰੂ ਸਾਹਿਬਾਨਾਂ ਤੋਂ ਸਮਝ ਕੇ ਆਪਣੇ ਜੀਵਨ ਵਿਚ ਅਪਣਾਇਆ ਵੀ ਤੇ ਪ੍ਰਚਾਰਿਆ ਵੀ। ਇਸੇ ਕਾਰਨ ਉਹਨਾਂ ਦੀਆਂ ਵੱਖ-ਵੱਖ ਵਾਰਾਂ ਵਿਚ ਵੀ ਇਸ ਫਲਸਫੇ ਤੇ ਸਿਧਾਤਾਂ ਦਾ ਜ਼ਿਕਰ ਆਉਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਗੁਰਦਾਸ ਦੀ ਬਾਣੀ:

> ਸਿੱਖ ਧਰਮ ਦੇ ਨਿਯਮਾਂ ਦਾ ਉਤੱਮ ਭੰਡਾਰ ਹੈ। ਇਹ ਆਖਣਾ ਅਤਿਉਕਤੀ ਨਹੀਂ ਕਿ ਸਿੱਖੀ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵੱਧ ਕੇ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ।[43]

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਗੁਰਮਤਿ ਨਾਲ ਸਬੰਧਿਤ ਵਿਸ਼ੇ ਲੈ ਕੇ ਉਹਨਾਂ ਦੀ ਸੰਜਮਮਈ ਵਿਆਖਿਆ ਕੀਤੀ ਹੈ। ਜਿਸ ਨੂੰ ਡੀਕੋਡ ਕਰਕੇ ਇਕ ਭਰਪੂਰ ਬਿਰਤਾਂਤ ਸਿਰਜਿਆ ਜਾ ਸਕਦਾ ਹੈ। ਪਰਮਾਤਮਾ ਦਾ ਸਰੂਪ ਤੇ ਸਰਵਉਚਤਾ, ਸਰਵ-ਵਿਆਪਕਤਾ, ਗੁਰਮੁਖਿ, ਗੁਰਸਿੱਖ ਦੀ ਪ੍ਰੀਤ, ਸਿੱਖੀ ਮਾਰਗ ਦੀ ਵਿਖਮਤਾ, ਸਾਧ ਸੰਗਤ, ਸੇਵਾ, ਸਿਮਰਨ,

ਨਿਮਰਤਾ, ਹਉਮੈਂ ਦਾ ਖੰਡਨ, ਪਰਉਪਕਾਰ, ਸ਼ਬਦ, ਨਾਮ ਰਸ, ਕਿਰਤ-ਕਮਾਈ, ਨਾਮ ਦਾਨ, ਇਸ਼ਨਾਨ, ਮੁਕਤੀ, ਸੱਚ, ਨਿੰਦਕ, ਕਪਟੀ, ਹੰਕਾਰੀ, ਮਾਇਆ ਆਦਿ ਵਿਸ਼ਿਆ ਨੂੰ ਆਪਣੀਆਂ ਵਾਰਾਂ ਵਿੱਚ ਅੰਕਿਤ ਕੀਤਾ ਹੈ। ਇਹਨਾਂ ਸੂਖਮ ਭਾਵਾਂ ਨੂੰ ਸਥੂਲ ਬਿੰਬਾਵਲੀ ਅਤੇ ਸੰਜਮੀ ਬਿਰਤਾਂਤ ਸਿਰਜ ਕੇ ਅਤਿ ਉੱਤਮ ਤਰੀਕੇ ਨਾਲ ਰੂਪਮਾਨ ਕੀਤਾ ਹੈ। ਸੰਤ ਸਿੰਘ ਸੇਖੋਂ ਵੀ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਤੀਜੀ, ਪੰਜਵੀਂ, ਛੇਵੀਂ, ਸੱਤਵੀਂ, ਨੌਂਵੀਂ ਅਤੇ ਗਿਆਰਵੀਂ ਵਾਰ ਦੀਆਂ ਪਹਿਲੀਆਂ ਬਾਰ੍ਹਾਂ ਪਉੜੀਆਂ ਵਿਚ ਗੁਰਮੁੱਖ ਤੇ ਗੁਰਸਿੱਖ ਦੀ ਕਈ ਪ੍ਰਕਾਰ ਦੇ ਦ੍ਰਿਸ਼ਟਾਂਤ ਦੇ ਕੇ ਉਪਮਾ ਕੀਤੀ ਹੈ।[44]

ਭਾਈ ਗੁਰਦਾਸ ਨੇ ਗੁਰੂ ਸਾਹਿਬਾਨਾਂ ਦਾ ਸਮਕਾਲੀ ਤੇ ਨਿਕਟਵਰਤੀ ਹੋਣ ਦੇ ਨਾਲ-ਨਾਲ ਗੁਰਮਤਿ ਦਾ ਡੂੰਘਾ ਅਧਿਐਨ ਵੀ ਕੀਤਾ। “ਉਹ ਸਿੱਖ ਮੱਤ ਦੇ ਪਹਿਲੇ ਪ੍ਰਮਾਣਿਕ ਵਿਆਖਿਕਾਰ ਹਨ।”[45] ਉਹਨਾਂ ਦੀਆਂ ਵਾਰਾਂ ਵਿਚੋਂ ਸਿੱਖ ਮੱਤ ਦਾ ਫਲਸਫਾ ਖੁੱਲ ਕੇ ਪ੍ਰਗਟ ਹੁੰਦਾ ਹੈ। ਕਰਤਾਰ ਸਿੰਘ ਦੇ ਵਿਵੇਚਣ ਅਨੁਸਾਰ, “ਆਪ ਨੇ ਆਪਣੀ ਰਚਨਾ ਵਿੱਚ ਗੁਰਬਾਣੀ ਦੀ ਅਜਿਹੀ ਸੁੰਦਰ ਵਿਆਖਿਆ ਕੀਤੀ ਹੈ ਕਿ ਇਸ ਨੂੰ ਪੜ੍ਹਨ ਨਾਲ ਗੁਰਮਤਿ ਤੇ ਗੁਰਬਾਣੀ ਦੇ ਕਈ ਗੁੱਝੇ ਭਾਵ ਆਪਣੇ ਆਪ ਹੀ ਪਾਠਕਾਂ ਦੇ ਹਿਰਦੇ ਵਿੱਚ ਬਹਿ ਜਾਂਦੇ ਹਨ।”[46] ਭਾਈ ਗੁਰਦਾਸ ਨੇ ਆਪਣੀ ਗਿਆਰਵੀਂ ਵਾਰ ਦੀਆਂ ਪਹਿਲੀਆਂ ਬਾਰਾਂ ਪਉੜੀਆਂ ਵਿਚ ਵੀ ਗੁਰਮਤਿ ਦੇ ਵੱਖ-ਵੱਖ ਫਲਸਫਿਆਂ ਨੂੰ ਪ੍ਰਭਾਵਸ਼ਾਲੀ ਅਤੇ ਸੰਜਮੀ ਬਿਰਤਾਂਤ ਸਿਰਜ ਕੇ ਸਥੂਲ ਬਿੰਬਾਵਲੀ ਦੁਆਰਾ ਉਤੱਮ ਢੰਗ ਨਾਲ ਵਿਅਕਤ ਕੀਤਾ ਹੈ। ਉਸ ਨੇ ਇਸ ਵਾਰ ਦੀ ਪਹਿਲੀ ਪਉੜੀ ਵਿੱਚ ਗੁਰਮਤਿ ਫਲਸਫੇ ਅਨੁਸਾਰ ਪਰਮਾਤਮਾ ਨੂੰ ਸਰਵ ਉੱਚ ਦਰਸਾਇਆ ਹੈ। ਇਸ ਦੇ ਨਾਲ ਹੀ ਸਾਧ ਸੰਗਤ ਦੀ ਵੀ ਉਪਮਾ ਕੀਤੀ ਹੈ ਕਿ ਸਾਧ ਸੰਗਤ ਵਿਚ ਜਾ ਕੇ ਹੀ ਨਾਮ ਰਸ ਦੀ ਪ੍ਰਾਪਤੀ ਹੁੰਦੀ ਹੈ। ਉਹਨਾਂ ਨੇ ਸਤਿਗੁਰੂ ਦੀ ਸਰਵ ਉੱਚਤਾ, ਸਾਧ ਸੰਗਤ ਦੀ ਮਹਿਮਾਂ ਤੇ ਨਾਮ ਰਸ ਦੇ ਆਨੰਦ ਵਰਗੇ ਵਿਸ਼ਾਲ ਸੰਕਲਪਾਂ ਨੂੰ ਥੋੜ੍ਹੇ ਜਿਹੇ ਸ਼ਬਦਾਂ ਵਿਚ ਸੰਜਮਮਈ ਬਿਰਤਾਂਤ ਸਿਰਜ ਕੇ ਅਤਿ ਉੱਤਮ ਤਰੀਕੇ ਨਾਲ ਨਿਭਾਇਆ ਹੈ।

ਸਤਿਗੁਰ ਸਚਾ ਪਾਤਿਸਾਹੁ ਪਤਿਸਾਹਾਂ ਪਾਤਿਸਾਹੁ ਜੁਹਾਰੀ।

ਸਾਧਸੰਗਿਤ ਸਚਿ ਖੰਡ ਹੈ ਆਦਿ ਝਰੋਖੇ ਖੋਲੇ ਬਾਰੀ।

ਅਮਿਉ ਕਿਰਣਿ ਨਿਝਰ ਝਰੈ ਅਨਹਦ ਨਾਦ ਵਾਇਨਿ ਦਰਬਾਰੀ।[47]

ਪਉੜੀ ਦੂਜੀ ਵਿੱਚ ਭਾਈ ਗੁਰਦਾਸ ਨੇ ਫਾਰਸੀ ਦੇ ਸ਼ਬਦ ਵਿੱਚ ਇਕ ਅੱਖਰ ਨਾਲ ਨੁਕਤਾ ਲਗਾਉਣ ਨਾਲ ਪੂਰੇ ਦੇ ਪੂਰੇ ਅਰਥਾਂ ਵਿੱਚ ਤਬਦੀਲੀ ਆ ਜਾਂਦੀ ਹੈ ਦੇ ਸੰਜਮਮਈ ਬਿਰਤਾਂਤ ਨਾਲ ਗੁਰਸਿੱਖੀ ਦੇ ਵਿਸ਼ਾਲ ਸੰਕਲਪ ਕਿ ਗੁਰਮੁੱਖ ਦੇ ਜੀਵਨ ਵਿਚ ਸਰੀਰਕ ਆਨੰਦ ਦੀ ਕੋਈ ਥਾਂ ਨਹੀਂ ਉਹ ਸਰੀਰਕ ਆਨੰਦ ਦੀ ਥਾਂ ਤੇ ਆਤਮਿਕ ਆਨੰਦ ਭੋਗਦਾ, ਪਰਮਾਤਮਾ ਦੀ ਰਜ਼ਾ 'ਚ ਰਹਿੰਦਿਆਂ ਭੈਅ ਮੁਕਤ ਰਹਿੰਦਾ ਅਤੇ ਮਨ ਨੂੰ ਕਾਬੂ ਵਿਚ ਰੱਖ ਕੇ ਆਪਣੀ ਲਿਵ ਪ੍ਰਭੂ ਦੇ ਚਰਨਾਂ ਵਿਚ ਜੋੜਦਾ ਹੈ, ਦੇ ਵਿਸ਼ਾਲ ਸੰਕਲਪ ਨੂੰ ਪੇਸ਼ ਕੀਤਾ ਹੈ :

ਇਕਤੁ ਨੁਕਤੇ ਹੋਇ ਜਾਇ ਮਹਰਮੁ ਮੁਜਰਮੁ ਖੈਰ ਖੁਆਰੀ।

ਮਸਤਾਨੀ ਵਿੱਚ ਮਸਲਤੀ ਗੈਰ ਸਹਲਿ ਜਾਣਾ ਮਨੁ ਮਾਰੀ।

ਅਵਿਗਤਿ ਗਤਿ ਅਗਾਧਿ ਬੋਧਿ ਅਕਥ ਕਥਾ ਅਸਗਾਹ ਅਪਾਰੀ।

ਸਹਨਿ ਅਵੱਟਣੁ ਪਰਉਪਕਾਰੀ।[48]

ਅਧਿਆਤਮਕ ਜਗਤ ਵਿਚ ਸ਼ੁਰੂ ਤੋਂ ਹੀ ਗੁਰੂ ਦਾ ਮਹੱਤਵ ਸਭ ਤੋਂ ਵੱਧ ਰਿਹਾ ਹੈ। ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਮਾਰਗ ਦਰਸ਼ਕ ਗੁਰੂ ਹੀ ਹੁੰਦਾ ਹੈ। ਸਿੱਖ ਧਰਮ ਵਿਚ ਵੀ ਗੁਰੂ ਸਭ ਤੋਂ ਵੱਧ ਮਹੱਤਤਾ ਦਿੱਤੀ ਗਈ ਹੈ। ਗੁਰੂ ਦੀ ਸ਼ਰਨ ਵਿੱਚ ਜਾ ਕੇ ਗੁਰੂ ਦੀ ਸਿੱਖਿਆ ਦੁਆਰਾ ਹੀ ਵਿਅਕਤੀ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਨਾਲ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਤੇ ਸਤ, ਸੰਤੋਖ, ਦਇਆ, ਨਾਮ, ਦਾਨ ਆਦਿ ਗੁਣਾਂ ਨੂੰ ਗ੍ਰਹਿਣ ਕਰਦਾ ਗੁਰਸਿੱਖ ਬਣਦਾ ਹੈ। ਇਸ ਸੰਕਲਪ ਨੂੰ ਤੀਜੀ ਪਉੜੀ ਵਿੱਚ ਅਤੇ ਗੁਰੂ ਦੀ ਮਹਿਮਾ ਨੂੰ ਛੇਵੀਂ ਪਉੜੀ ਵਿੱਚ ਬੜੇ ਥੋੜ੍ਹੇ ਸੰਜਮਮਈ ਸ਼ਬਦਾਂ ਦੁਆਰਾ ਬਿਆਨ ਕੀਤਾ ਹੈ। ਇਸ ਪ੍ਰਕਾਰ ਭਾਈ ਗੁਰਦਾਸ ਨੇ ਵਡੇਰੇ ਵਿਸ਼ੇ ਨੂੰ ਥੋੜੇ ਸ਼ਬਦਾਂ ਵਿੱਚ ਉਪਮਾਮਈ ਬਿੰਬਾਵਲੀ ਉਸਾਰ ਕੇ ਪੇਸ਼ ਕੀਤਾ ਹੈ:

ਚਰਣ ਕਵਲ ਦਲ ਜੋਤਿ ਵਿਚਿ ਲਖ ਸੂਰਜਿ ਲੁਕਿ ਜਾਨਿ ਰਵਾਲੇ।

ਗੁਰਸਿਖ ਲੈ ਗੁਰਸਿਖ ਸੁਖਾਲੇ।[49]

ਅੱਠਵੀਂ ਪਉੜੀ ਵਿਚ ਭਾਈ ਗੁਰਦਾਸ ਨੇ ਸਾਧ ਸੰਗਤ ਦੀ ਮਹਾਨਤਾ ਦੇ ਫਲਸਫੇ ਨੂੰ ਬਿਆਨਿਆ ਹੈ ਕਿ ਗੁਰਮੁੱਖ ਸਾਧ ਸੰਗਤ ਵਿਚ ਆਪਣੀ ਲਿਵ ਪਰਮਾਤਮਾ ਨਾਲ ਜੋੜ ਕੇ ਨਾਮ ਰਸ ਨਾਲ ਅਤਿਅੰਤ ਖੁਸ਼ੀ ਪ੍ਰਾਪਤ ਕਰਦਾ ਹੈ। ਨੌਵੀਂ ਪਉੜੀ ਵਿੱਚ ਉਹ ਦਰਸਾਉਂਦੇ ਹਨ ਕਿ ਸਤਿਗੁਰੂ ਸਿੱਖਾਂ ਨੂੰ ਗਿਆਨ, ਧਿਆਨ ਅਤੇ ਸਿਮਰਨ ਵਿਚ ਲੀਨ ਰੱਖ ਕੇ ਵਿਸ਼ੇ ਵਿਕਾਰਾਂ ਤੋਂ ਨਿਰਲੇਪ ਰੱਖਦਾ ਹੈ। ਦਸਵੀਂ ਪਉੜੀ ਵਿੱਚ ਉਹ ਗੁਰਸਿੱਖ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰਦੇ ਹਨ। ਇਹਨਾਂ ਪਉੜੀਆਂ ਵਿਚ ਇਹਨਾਂ ਵਿਸ਼ਿਆਂ ਦੀ ਪੇਸ਼ਕਾਰੀ ਲਈ ਉਹ ਆਮ ਜ਼ਿੰਦਗੀ ਅਤੇ ਆਮ ਚੀਜਾਂ ਵਿੱਚੋਂ ਬਿੰਬਾਂ ਦੀ ਸਿਰਜਣਾ ਦੁਆਰਾ ਬਿਰਤਾਂਤਕ ਸੰਜਮ ਦਾ ਪ੍ਰਗਟਾਵਾ ਕਰਦੇ ਹਨ। ਭਾਈ ਗੁਰਦਾਸ ਅੱਠਵੀਂ ਪਉੜੀ ਵਿਚ ਗੁਰਮੁਖ ਦੀ ਨਾਮ ਰਸ ਦੀ ਪ੍ਰਾਪਤੀ ਦੀ ਖੁਸ਼ੀ ਦਾ ਬਿਆਨ ਇਸ ਤਰ੍ਹਾਂ ਕਰਦੇ ਹਨ।

ਘਨਹਰ ਚਾਤ੍ਰਿਕ ਮੋਰ ਜਿਉ ਅਨਹਦ ਧੁਨਿ ਸੁਣਿ ਪਾਇਲ ਪਾਈ ।

ਚਰਣ ਕਵਲ ਮਕਰੰਦ ਰਸਿ ਸੁਖ ਸੰਪੁਟ ਹੁਇ ਭਵਰ ਸਮਾਈ। [50]

ਇਸੇ ਤਰ੍ਹਾਂ ਹੀ ਉਹ ਦਸਵੀਂ ਪਉੜੀ ਵਿੱਚ ਗੁਰਸਿੱਖ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰਦੇ ਹਨ:

ਚੰਦਨੁ ਵਾਸੁ ਵਣਾਸਪਤਿ ਬਾਵਨ ਚੰਦਨਿ ਚੰਦਨ ਹੋਈ।

ਫਲ ਵਿਣੁ ਚੰਦਨੁ ਬਾਵਨਾ ਆਦਿ ਅਨਾਦਿ ਬਿਅੰਦ ਸਦੋਈ।

ਚੰਦਨੁ ਬਾਵਨ ਚੰਦਨਹੁ ਚੰਦਨ ਵਾਸੁ ਨ ਚੰਦਨੁ ਕੋਈ।

ਅਸਟੁਧਾਤੁ ਇਕੁ ਧਾਤੁ ਹੋਇ ਪਾਰਸ ਪਰਸੇ ਕੰਚਨੁ ਜੋਈ।

ਕਚਨ ਹੋਇ ਨ ਕੰਚਨਹੁ ਵਰਤਮਾਨ ਵਰਤੈ ਸਭਿ ਲੋਈ।

ਨਦੀਆਂ ਨਾਲੇ ਗੰਗ ਸੰਗਿ ਸਾਗਰ ਸੰਗਮਿ ਖਾਰਾ ਸੋਈ

ਬਗੁਲਾ ਹੰਸੁ ਨ ਹੋਵਈ ਮਾਨ ਸਰੋਵਰਿ ਜਾਇ ਖਲੋਈ।

ਵੀਹਾਂ ਦੈ ਵਰਤਾਰੈ ਓਈ।।[51]

ਸੱਤਵੀਂ ਪਉੜੀ ਵਿੱਚ ਭਾਈ ਗੁਰਦਾਸ ਨੇ ਸਤਿਗੁਰ ਦੁਆਰਾ ਵਰਣ ਵੰਡ ਖ਼ਤਮ ਕਰਕੇ ਸਭ ਵਿਚ ਏਕਤਾ ਪੈਦਾ ਕਰਕੇ ਸਭ ਨੂੰ ਬਰਾਬਰੀ ਦੇਣ ਦੇ ਗੁਰਸਿੱਖੀ ਦੇ ਫਲਸਫੇ ਨੂੰ ਪੇਸ਼ ਕੀਤਾ ਹੈ। ਪੰਜਵੀਂ ਪਉੜੀ ਵਿਚ ਗੁਰਸਿੱਖੀ ਦੇ ਮਹਾਨ ਸੰਕਲਪ ਨੂੰ ਬੜੇ ਸੰਜਮੀ ਬਿਰਤਾਂਤ ਸਿਰਜਦਿਆਂ ਉਦਾਹਰਨਾਂ ਸਹਿਤ ਇਉਂ ਪ੍ਰਸਤੁਤ ਕੀਤਾ ਹੈ:

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।

ਉੱਥੇ ਟਿਕੇ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।

ਵਾਲਹੁ ਨਿਕੀ ਆਖੀਐ ਤੇਲੁ ਤਿਲਹੁ ਲੈ ਕੋਲੂ ਪੀੜੀ।

ਗੁਰਮੁਖਿ ਵੰਸੀ ਪਰਮ ਹੰਸ ਪੀਰ ਨੀਰ ਨਿਰ ਨਉ ਚੁੰਜਿ ਵੀੜੀ।

ਚੜਿ ਇਕੀਹ ਪਤਿ ਪਉੜੀਆ ਨਿਰੰਕਾਰੁ ਗੁਰ ਸਬਦੁ ਸਹੀੜੀ।

ਗੁੰਗੈ ਦੀ ਮਿਠਿਆਈਐ ਅਕਥ ਕਥਾ ਵਿਸਮਾਦੁ ਬਚੀੜੀ।

ਗੁਰਮੁਖਿ ਸੁਖੁ ਫਲੁ ਸਹਜਿ ਅਲੀੜੀ।[52]

ਗਿਆਰਵੀਂ ਪਉੜੀ ਵਿਚ ਵਰਣਨ ਮਿਲਦਾ ਹੈ ਕਿ ਗੁਰਮੁਖਿ ਵਿਅਕਤੀ ਸਹਿਜ ਦੀ ਪ੍ਰਾਪਤੀ ਕਰ ਲੈਂਦਾ ਹੈ। ਇਸ ਦੀ ਪ੍ਰਾਪਤੀ ਦਾ ਮੁੱਖ ਸੋਮਾ ਸਾਧ ਸੰਗਤ ਹੈ। ਸਾਧ ਸੰਗਤ ਵਿਚ ਗੁਰਮੁਖ ਪਰਮ ਹੰਸ ਵਰਗਾ ਪਦ ਪ੍ਰਾਪਤ ਕਰ ਲੈਂਦਾ ਹੈ।

ਗੁਰਮਖਿ ਵੰਸੀ ਪਰਮ ਹੰਸੁ ਕੂੜ ਸਚੁ ਨੀਰੁ ਖੀਰੁ ਵਿਲੋਈ।

ਗੁਰ ਚੇਲਾ ਚੇਲਾ ਗੁਰ ਹੋਈ।।[53]

ਬਾਰਵੀਂ ਪਉੜੀ ਵਿਚ ਭਾਈ ਗੁਰਦਾਸ ਬਿਆਨ ਕਰਦੇ ਹਨ ਕਿ ਗੁਰਮੁਖ ਵਿਅਕਤੀ ਗੁਰੂ ਦੀ ਸਹਾਇਤਾ ਨਾਲ ਵਿਸ਼ੇ ਵਿਕਾਰਾਂ ਤੋਂ ਬਚਦਾ ਹੈ। ਸਾਧ ਸੰਗਤ ਵਿਚ ਜਾ ਕੇ ਸ਼ਬਦ ਤੇ ਸੁਰਤ ਦੀ ਸੰਧੀ ਹੁੰਦੀ ਹੈ। ਜਿਸ ਸਦਕਾ ਗੁਰਮੁਖ ਆਤਮ ਪਦ ਪ੍ਰਾਪਤ ਕਰਦਾ ਹੈ।

ਕਛੂ ਬੱਚਾ ਨਦੀ ਵਿਚਿ ਗੁਰਸਿਖ ਲਹਰਿ ਨ ਭਵਜਲੁ ਬਿਆਪੈ।

ਕੂੰਜ ਬੱਚਾ ਲੈਇ ਉਡਰੈ ਸੁੰਨਿ ਸਮਾਧਿ ਅਗਾਧਿ ਨ ਜਾਪੈ।

ਹੰਸੁ ਵੰਸੁ ਹੈ ਮਾਨਸਰਿ ਸਹਜ ਸਰੋਵਰਿ ਵਡ ਪਰਤਾਪੈ।

ਗੁਰਸਿਖ ਸੰਧਿ ਮਿਲਾਵਣੀ ਸਬਦੁ ਸੁਰਤਿ ਪਰਚਾਇ ਪਛਾਪੈ।

ਗੁਰਮਖਿ ਸੁਖ ਫਲੁ ਥਾਪਿ ਉਥਾਪੈ।[54]

ਭਾਈ ਗੁਰਦਾਸ ਗੁਰੂਆਂ ਦੇ ਸਮਕਾਲੀ ਸਨ ਤੇ ਉਹਨਾਂ ਨੇ ਸਿੱਖ ਸਿਧਾਂਤਾਂ ਨੂੰ ਬੜੀ ਡੂੰਘਿਆਈ ਨਾਲ ਸਮਝਿਆ ਤੇ ਸਮਝਣ ਉਪਰੰਤ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਇਆ। ਇਹਨਾਂ ਦੇ ਪ੍ਰਚਾਰ ਨੂੰ ਜੀਵਨ ਮਿਸ਼ਨ ਬਣਾਇਆ ਅਤੇ ਵਾਰਾਂ ਦੀ ਰਚਨਾ ਕੀਤੀ। "ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੱਚੇ ਸੁੱਚੇ ਜੀਵਨ ਲਈ ਉਪਦੇਸ਼ ਹੀ ਉਪਦੇਸ਼ ਹੈ। ਸਿਖ ਮਤ ਦੇ ਅਸੂਲਾਂ ਦੀ ਵਿਆਖਿਆ ਤੇ ਗੁਰਮਤਿ ਦੇ ਪ੍ਰਚਾਰ ਨੂੰ ਆਪ ਨੇ ਆਪਣਾ ਜੀਵਨ ਆਦਰਸ਼ ਬਣਾਇਆ ਹੋਇਆ ਹੈ।"[55] ਪਰਮਾਤਮਾ, ਸਤਿਗੁਰੂ, ਸਾਧ ਸੰਗਤ, ਗੁਰਸਿੱਖ, ਗੁਰਸਿੱਖੀ, ਪਰਉਪਕਾਰ, ਨਿਮਰਤਾ, ਹਉਮੈ ਦਾ ਤਿਆਗ ਆਦਿ ਸਿਧਾਂਤਾਂ ਨੂੰ ਸੰਖੇਪ ਰੂਪ ਵਿਚ ਅਤੇ ਸਰਲ ਵਿਧੀ ਨਾਲ ਆਮ ਜੀਵਨ ਵਿਚੋਂ ਮਿਸਾਲਾਂ ਦਿੰਦੇ ਹੋਏ ਪੇਸ਼ ਕੀਤਾ ਹੈ। ਗੁਰਮਤਿ ਸਿਧਾਂਤਾਂ ਸੰਬੰਧੀ ਪ੍ਰੋ. ਦੀਵਾਨ ਸਿੰਘ ਲਿਖਦੇ ਹਨ:

> ਭਾਈ ਗੁਰਦਾਸ ਜੀ ਦੀ ਗੁਰਮਤਿ ਵਿਆਖਿਆ ਪੂਰਨ ਭਾਂਤ ਗੁਰਬਾਣੀ ਦੀ ਅਨੁਕੂਲਤਾ ਰੱਖਦੀ ਹੈ। ਇਹ ਵਿਆਖਿਆ ਏਨੀ ਸੰਪੂਰਨ ਹੈ ਕਿ ਗੁਰਸਿਖੀ ਦਾ ਪੂਰਨ ਅਨੁਭਵ, ਪੂਰਾ ਆਦਰਸ਼ ਤੇ ਪੂਰਾ ਦਰਸ਼ਨ ਇਸ ਵਿਚ ਉਪਸਥਿਤ ਹੈ। ਹਰ ਇਕ ਵਾਰ ਵਿਚ, ਹਰ ਇਕ ਪਉੜੀ ਵਿੱਚ ਗੁਰਮਤਿ ਦੇ ਸਿਧਾਂਤਾ ਦੀ ਵਿਆਖਿਆ ਦੇ ਖਜ਼ਾਨੇ ਭਰਪੂਰ ਹਨ।[56]

ਭਾਈ ਗੁਰਦਾਸ ਇੱਕ ਕਵੀ ਸਨ ਤੇ ਉਹਨਾਂ ਦਾ ਮੂਲ ਉਦੇਸ਼ ਗੁਰਮਤਿ ਵਿਚਾਰਧਾਰਾ ਅਤੇ ਗੁਰਮਤਿ ਫਲਸਫ਼ੇ ਦਾ ਪ੍ਰਚਾਰ ਕਰਨਾ ਹੈ ਪਰੰਤੂ ਉਹਨਾਂ ਦੀ ਰਚਨਾ ਸਮਕਾਲੀਨ ਇਤਿਹਾਸ,

ਸਾਹਿਤ, ਰਾਜਨੀਤੀ, ਭੂਗੋਲ, ਗਿਆਨ-ਵਿਗਿਆਨ ਤੇ ਭਾਰਤੀ ਦਾਰਸ਼ਨਿਕ ਅਤੇ ਧਾਰਮਿਕ ਵਿਚਾਰਧਾਰਾ ਤੇ ਭਰਪੂਰ ਰੋਸ਼ਨੀ ਪਾਉਂਦੀ ਹੈ। ਪਰ ਫਿਰ ਵੀ ਅਸੀਂ ਉਹਨਾਂ ਦੀ ਰਚਨਾ ਨੂੰ ਪੂਰਨ ਤੌਰ ਤੇ ਇਤਿਹਾਸਕ ਨਹੀਂ ਕਹਿ ਸਕਦੇ ਕਿਉਂਕਿ ਇਤਿਹਾਸ ਅਤੇ ਕਾਵਿ ਸਿਰਜਣਾ ਵਿਚ ਅੰਤਰ ਹੁੰਦਾ ਹੈ। ਇਤਿਹਾਸ ਦਾ ਸ੍ਰੋਤ ਤੱਥ ਹੁੰਦੇ ਹਨ ਜਦੋਂ ਕਿ ਕਵਿਤਾ ਵਿਚ ਤੱਥਾਂ ਦੇ ਨਾਲ ਹੀ ਕਲਪਨਾ ਵੀ ਵਿਦਮਾਨ ਰਹਿੰਦੀ ਹੈ। ਇਤਿਹਾਸ ਵਿਚ ਸਮਾਂ ਤੇ ਸਥਾਨ ਦੀ ਨਿਸਚਤਾ ਤੇ ਘਟਨਾ ਦਾ ਪੂਰਨ ਗਿਆਨ ਹੁੰਦਾ ਹੈ ਪਰੰਤੂ ਕਵਿਤਾ ਇਤਿਹਾਸਕ ਪ੍ਰਤਿਭਾ ਰੱਖਦੇ ਹੋਏ ਵੀ ਇਸ ਬੰਧਨ ਤੋਂ ਮੁਕਤ ਹੁੰਦੀ ਹੈ। ਇਸ ਦੀ ਅਤਿ ਉੱਤਮ ਉਦਾਹਰਣ ਭਾਈ ਗੁਰਦਾਸ ਦੀਆਂ ਵਾਰਾਂ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਜਿਹੇ ਭਗਤਾਂ ਦਾ ਜ਼ਿਕਰ ਆਉਂਦਾ ਹੈ ਜੋ ਕਿ ਭਾਰਤੀ ਇਤਿਹਾਸ ਵਿਚ ਮਹੱਤਤਾ ਰੱਖਦੇ ਹਨ। ਅਸਲ ਵਿਚ ਉਹ ਇਕ ਸਿੱਖੀ ਪ੍ਰਚਾਰਕ ਸਨ। ਇਸੇ ਆਸੇ ਦੀ ਪ੍ਰਾਪਤੀ ਲਈ ਸਿੱਖੀ ਦੇ ਫੈਲਾਅ ਨੂੰ ਪੇਸ਼ ਕਰਨ, ਸਿੱਖ ਧਰਮ ਵਿਚ ਸ਼ਰਧਾਲੂਆਂ ਦੀ ਸ਼ਰਧਾ ਪੇਸ਼ ਕਰਨ ਲਈ ਭਗਤਾਂ ਦੇ ਜੀਵਨ, ਉਹਨਾਂ ਦੀਆਂ ਜਾਤਾਂ, ਕਿਤਿਆਂ ਅਤੇ ਟਿਕਾਣਿਆਂ ਸੰਬੰਧੀ ਜਾਣਕਾਰੀ ਦਿੱਤੀ ਹੈ। "ਭਾਈ ਗੁਰਦਾਸ ਨੇ ਭਗਤਾਂ ਦਾ ਜੀਵਨ ਚਿਤਰਦਿਆਂ ਇਹ ਪਉੜੀਆਂ ਕਿਸੇ ਇਤਿਹਾਸਕ ਮਹੱਤਵ ਨੂੰ ਦਰਸਾਉਣ ਲਈ ਰਚੀਆਂ ਨਹੀਂ ਜਾਪਦੀਆਂ। ਆਪ ਨੇ ਤਾਂ ਪ੍ਰੇਮ-ਭਗਤੀ ਦੀ ਉੱਤਮਤਾ ਸਿੱਧ ਕਰਨੀ ਸੀ ਤੇ ਲੋਕਾਂ ਨੂੰ ਪ੍ਰੇਮਾ ਭਗਤੀ ਦੀ ਪ੍ਰੇਰਣਾ ਦੇਣੀ ਸੀ। ਉਹ ਆਪਣੇ ਮੰਤਵ ਵਿਚ ਸਫਲ ਹੋਏ ਹਨ, ਇਤਿਹਾਸਕ ਤੱਥ ਤਾਂ ਇਥੇ ਦੂਜੇ ਦਰਜੇ ਦੀ ਗੱਲ ਹੈ।[57]

ਭਾਈ ਗੁਰਦਾਸ ਦੀਆਂ ਵਾਰਾਂ ਭਾਵੇਂ ਇਤਿਹਾਸਕ ਨੇਮਾਂ ਦੀ ਪੂਰਨ ਰੂਪ ਵਿਚ ਪਾਲਣਾ ਨਹੀਂ ਕਰਦੀਆਂ ਪਰ ਫਿਰ ਵੀ ਉਹਨਾਂ ਦੀਆਂ ਵਾਰਾਂ ਵਿਚ ਸਿੱਖ ਇਤਿਹਾਸ ਬਾਰੇ ਵੱਡਮੁੱਲੀ ਜਾਣਕਾਰੀ ਮਿਲਦੀ ਹੈ। ਪਹਿਲੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਜੀ ਤੱਕ ਛੇ ਗੁਰੂ ਸਹਿਬਾਨਾਂ ਦੇ ਜੀਵਨ ਨਾਲ ਸਬੰਧਿਤ ਉਪਯੋਗੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਦਸਵੀਂ ਵਾਰ ਵਿਚ ਪੂਰਬ ਸਮੇਂ ਦੇ ਭਗਤਾਂ ਅਤੇ ਗਿਆਰਵੀਂ ਵਾਰ ਦੀਆਂ ਪਿਛਲੀਆਂ 19

ਪਉੜੀਆਂ ਵਿਚ ਗੁਰੂ ਕਾਲ ਦੇ ਪ੍ਰਮੁੱਖ ਸਿੱਖਾਂ ਦੇ ਹਵਾਲੇ ਮਿਲਦੇ ਹਨ। ਇਹ ਹਵਾਲੇ ਸੰਕੇਤ ਹੀ ਹਨ ਪਰ ਫਿਰ ਵੀ ਗੁਰੂ ਵਿਅਕਤੀਆਂ ਬਾਰੇ, ਗੁਰਮਤਿ ਜੀਵਨ ਜਾਂਚ ਬਾਰੇ, ਸਧਾਰਨ ਸ਼ਰਧਾਵਾਨ ਸਿੱਖਾਂ ਦੀ ਸਿੱਖ ਧਰਮ ਪ੍ਰਤੀ ਪ੍ਰਤੀਬੱਧਤਾ ਦਾ ਅਹਿਸਾਸ ਜਗਾਉਂਦੇ ਹਨ। ਇਸ ਤਰ੍ਹਾਂ ਇਹ ਵਾਰਾਂ ਇਤਿਹਾਸਕ ਮਹੱਤਵ ਰੱਖਦੀਆਂ ਹਨ। "ਗਿਆਰਵੀਂ ਵਾਰ ਇਸ ਲਈ ਚਰਚਾ ਦਾ ਕਾਰਨ ਬਣੀ ਕਿਉਂਕਿ ਇਸ ਵਾਰ ਵਿਚ ਭਾਈ ਗੁਰਦਾਸ ਨੇ ਗੁਰੂ ਸਹਿਬਾਨ ਨਾਲ ਸਬੰਧਿਤ ਸਿੱਖਾਂ ਦਾ ਇਕ ਇਤਿਹਾਸਕਾਰ ਵਾਂਗ ਵਰਣਨ ਕੀਤਾ ਹੈ। ਪਰ ਕੇਵਲ ਵਰਣਨ ਹੀ ਨਹੀਂ ਇਹਨਾਂ ਨੂੰ ਗੁਰਮੁੱਖ ਦੇ ਤੌਰ ਤੇ ਪੇਸ਼ ਕੀਤਾ ਹੈ।"[58]

ਗਿਆਰਵੀਂ ਵਾਰ ਦੀ 13ਵੀਂ ਅਤੇ 14ਵੀਂ ਪਉੜੀ ਵਿਚ ਉਨ੍ਹਾਂ ਨੇ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਿੱਖ ਜਿਹਨਾਂ ਦਾ ਉਹਨਾਂ ਨੇ ਮਾਰਗ ਦਰਸ਼ਨ ਕੀਤਾ ਹੈ ਜੋ ਉਹਨਾਂ ਦੇ ਪੱਕੇ ਸ਼ਰਧਾਲੂ ਹਨ ਅਤੇ ਜਿਹਨਾਂ ਦੇ ਮਨ ਵਿਚ ਗਿਆਨ ਦੀ ਜੋਤ ਜਗਾਈ ਹੈ ਉਹਨਾਂ ਦਾ ਵਰਣਨ ਕੀਤਾ ਹੈ। ਇਸ ਪਉੜੀ ਵਿਚ ਤਾਰੂ ਪੋਪਟੂ ਜੋ ਕਿ ਸੰਸਾਰ ਤੋਂ ਉਪਰਾਮ ਸੀ, ਮੂਲਾ ਕੀੜ ਪਿਰਥਾ ਤੇ ਖੇਡਾ ਜੋ ਸੋਇਰੀ ਜਾਤ ਦੇ ਸਨ, ਮਰਦਾਨਾ ਜੋ ਰਬਾਵੀ ਸੀ ਤੇ ਜਿਸ ਦੀ ਜਾਤ ਮਰਾਸੀ ਸੀ, ਪਿਰਥੀ ਮਲੁ ਸਹਿਗਲ ਜਾਤ ਦਾ, ਨਵਾਬ ਦੌਲਤ ਖਾਂ ਲੋਧੀ, ਮਾਲੋ ਤੇ ਮਾਂਗਾ, ਕਾਲੂ ਖੱਤਰੀ ਆਦਿ ਦਾ ਵਰਣਨ ਹੈ। ਇਹਨਾਂ ਗੁਰਸਿੱਖਾਂ ਨੇ ਗੁਰੂ ਨਾਨਕ ਨੂੰ ਗੁਰੂ ਧਾਰ ਕੇ ਗੁਰੂ ਸਿੱਖਿਆ ਨਾਲ ਸੰਸਾਰ ਰੂਪੀ ਭਵਜਲ ਤਰਿਆ। ਚੌਦਵੀਂ ਪਉੜੀ ਵਿਚ ਵੀ ਉਸ ਨੇ ਹੋਰ ਭਗਤਾਂ ਜਿਵੇਂ ਕਿ ਭਗਤਾ ਉਹਰੀ, ਜਾਪੂਵੰਸੀ ਉੱਪਲ ਜਾਤ ਦੇ ਸ਼ੀਹਾਂ ਤੇ ਗੱਜਣ, ਭਾਗੀਰਥੁ ਜੋ ਕਿ ਪਿੰਡ ਦਾ ਚੌਧਰੀ ਤੇ ਕਾਲੀ ਦਾ ਪੁਜਾਰੀ ਸੀ, ਜਿੱਤਾ ਰੰਧਾਵਾ, ਬੂੜਾ ਬੁੱਢਾ, ਫਿਰਣਾ ਖਹਿਰਾ, ਜੋਧ, ਜੀਵਾਈ, ਲੁਹਾਰ ਜਾਤ ਦਾ ਗੁੱਜਰ, ਧਿੰਙ ਨਾਈ ਆਦਿ ਗੁਰੂ ਨਾਨਕ ਦੇ ਭਗਤ ਬਣੇ ਅਤੇ ਗੁਰੂ ਸਿੱਖੀ ਅਪਣਾਈ ਤੇ ਇਸ ਦਾ ਪ੍ਰਚਾਰ ਕੀਤਾ ਅਤੇ ਆਤਮਾ ਪਰਮਾਤਮਾ ਦੇ ਮਿਲਾਪ ਦਾ ਸੁਖਫਲ ਪ੍ਰਾਪਤ ਕੀਤਾ।

ਨਾਈ ਧਿੰਙੁ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ।

ਗੁਰਮੁਖਿ ਸੁਖ ਫਲੁ ਅਲਖੁ ਲਖਾਵੈ।[59]

ਭਾਈ ਗੁਰਦਾਸ ਨੇ ਇਹਨਾਂ ਦੋਹਾਂ ਪਉੜੀਆਂ ਵਿਚ ਸ਼ਾਮਿਲ ਸਿੱਖਾਂ, ਭਗਤਾਂ ਦੇ ਨਾਮ ਅਤੇ ਬੜੀ ਹੀ ਸੰਜਮੀ ਵਿਧੀ ਨਾਲ ਵੱਖ-ਵੱਖ ਜਾਤਾਂ ਦਾ ਬਿਆਨ ਕਰਦੇ ਹੋਏ, ਸਿੱਖ ਧਰਮ ਦੀ ਵਰਗ ਵੰਡ ਤੋਂ ਨਿਰਲੇਪਤਾ ਦਾ ਗਿਆਨ ਦਿੰਦੇ ਹੋਏ ਸਿੱਖ ਧਰਮ ਦੇ ਇਤਿਹਾਸ ਨੂੰ ਵਿਸ਼ੇਸ਼ ਵਿਉਂਤ ਬਣਾ ਕੇ ਸੰਜਮੀ ਬਿਰਤਾਂਤ ਵਾਰਾਂ ਦੇ ਮਾਧਿਅਮ ਰਾਹੀਂ ਪ੍ਰਸਤੁਤ ਕੀਤਾ ਹੈ।

ਇਸ ਵਾਰ ਦੀ 15ਵੀਂ ਤੋਂ 18ਵੀਂ ਪਉੜੀ ਤੱਕ ਗੁਰੂ ਅੰਗਦ ਦੇਵ ਜੀ ਦੇ ਸ਼ਰਧਾਲੂ ਸਿਦਕਵਾਨ ਸਿੱਖਾਂ ਦਾ ਵਰਣਨ ਕੀਤਾ ਹੈ। ਉਨ੍ਹਾਂ ਨੇ ਪਾਰੋ ਜੁਲਕਾ, ਮੱਲੂ ਸ਼ਾਹੀ ਬਹਾਦਰ, ਭਾਈ ਕੇਦਾਰੀ, ਦੇਉ ਜਾਤ ਦਾ ਦੀਪਾ, ਨਰਾਇਣ ਦਾਸ, ਲਾਲੂ, ਦੁਰਗਾ ਤੇ ਜਿਵੰਦਾ, ਜੱਗਾ ਜੋ ਕਿ ਧਰਨੀ ਜਾਤ ਦਾ ਹੈ, ਪਿਉ ਪੁੱਤਰ ਖਾਨੂ ਤੇ ਮੱਯਾ, ਗੁਰੂ ਜੀ ਦਾ ਰਸੋਈਆ ਭਾਈ ਜੋਧੁ ਆਦਿ ਦਾ ਵਰਣਨ 15ਵੀਂ ਪਉੜੀ ਵਿਚ ਕੀਤਾ। 16ਵੀਂ ਪਉੜੀ ਵਿਚ ਉਨ੍ਹਾਂ ਦੁਆਰਾ ਡੱਲੇ ਦੀ ਸੰਗਤ ਦਾ ਵਰਣਨ ਕੀਤਾ ਗਿਆ ਹੈ। ਇਹਨਾਂ ਵਿਚ ਪ੍ਰਸਿੱਧ ਸਿੱਖ ਮਲਣ, ਪਿਰਥੀ ਮੱਲ, ਤੁਲਸਾ ਭਲਾ, ਰਾਮੂ, ਦੀਪਾ ਉਗ੍ਰਸੈਣ, ਨਾਗਉਰੀ, ਅਮਰੂ ਗੋਪੀ, ਮੋਹਣ, ਰਾਮੂ ਮਹਿਤਾ ਭੰਗੂ ਜਾਤ ਦੇ ਸਹਾਰੂ ਤੇ ਗੰਗੂ, ਭਾਗੂ, ਭਗਤੂ, ਵੇਗਾ ਪਾਸੀ, ਉਗਰੂ ਨੰਦੂ, ਸੁਦਨਾ, ਪੂਰੋ, ਝੱਟਾ, ਮਲੀਆ ਤੇ ਸਹਾਰੀ ਜਾਤ ਦੇ ਛੀਬੇ, ਪਾਂਧਾ ਬੁੱਲਾ ਆਦਿ ਦਾ ਜ਼ਿਕਰ ਹੋਇਆ ਹੈ। 17ਵੀਂ ਪਉੜੀ ਵਿੱਚ ਸੱਭਰਵਾਲ ਨਗਰ ਦੇ ਸਿੱਖ ਭਾਈ ਤੀਰਥਾ ਅਤੇ ਸਭਰਵਾਲ ਦੇ ਸਾਰੇ ਸਰਦਾਰ ਪੂਰੋ ਮਾਣਕ ਚੰਦ ਤੇ ਬਿਸਨਦਾਸ, ਭਾਈ ਤਾਰੂ, ਮਹਾਂ ਨੰਦ, ਬਿਧੀ ਚੰਦ, ਬਰ੍ਹਮ ਦਾਸ ਖੋਟੜਾ ਤੇ ਡੂੰਗਰਦਾਸ ਜੋ ਤਕਿਆਰ ਜਾਤੀ ਦੇ ਸਨ, ਦੀਪਾ, ਜੇਠਾ, ਤੀਰਥਾ, ਸੈਂਸਾਰੂ ਤੇ ਬੂਲਾ, ਮਾਇਆ, ਜਾਪਾ, ਨਈਆ, ਖੁੱਲਰ, ਤੁਲਸਾ, ਵਹੁਰਾ ਆਦਿ ਸ਼ਰਧਾਵਾਨ ਸਿੱਖ ਭਗਤਾਂ ਦਾ ਜ਼ਿਕਰ ਬਹੁਤ ਹੀ ਸੰਜਮੀ ਬਿਰਤਾਂਤ ਵਿਚ ਪ੍ਰਸਤੁਤ ਕੀਤਾ ਹੈ। 18ਵੀਂ ਵਾਰ ਵਿਚ ਚੂਹੜ੍ਹ ਚੌਧਰੀ, ਪੁਰੀਆ, ਝਿੰਗਰ ਜਾਤ ਦੇ ਬਾਲਾ ਤੇ ਕਿਸ਼ਨਾ, ਸੁਹੜ, ਤਿਲੋਕਾ, ਝੰਝੀ ਜਾਤ ਦੇ ਕੁੱਲਾ ਭੁੱਲਾ, ਭਾਗੀਰਥ ਸੁਇਨੀ, ਲਾਲੂ ਬਾਲੂ ਵਿਜ, ਧੀਰੂ,

ਨਿਹਾਲੂ, ਤੁਲਸੀਆ, ਬੂਲਾ ਤੇ ਚੰਡੀਆ, ਗੋਖੂ, ਟੋਡਾ, ਮਹਿਤਾ, ਤੋਤਾ ਤੇ ਮੱਦੂ, ਝਾਂਦੂ ਮੁਕੰਦ ਤੇ ਕਿਦਾਰਾ ਆਦਿ ਦੇ ਨਾਮ ਤੇ ਜਾਤਾਂ ਦਾ ਹੀ ਸੰਖੇਪ ਜਿਹਾ ਬਿਆਨ ਕਰਕੇ ਗੁਰੂ ਅੰਗਦ ਦੇਵ ਜੀ ਦੇ ਸ਼ਰਧਾਲੂਆਂ ਅਤੇ ਸਿੱਖੀ ਦੇ ਇਤਿਹਾਸ ਦਾ ਬਿਆਨ ਕੀਤਾ ਹੈ। ਇਹਨਾਂ ਤੋਂ ਉਸ ਸਮੇਂ ਦੇ ਸਿੱਖੀ ਦਾ ਫੈਲਾਅ ਅਤੇ ਪ੍ਰਭਾਵ ਖੇਤਰ ਦਾ ਗਿਆਨ ਵੀ ਭਲੀ ਭਾਂਤ ਉੱਘੜ ਕੇ ਸਾਹਮਣੇ ਆਉਂਦਾ ਹੈ।

19ਵੀਂ ਤੋਂ 28ਵੀਂ ਪਉੜੀ ਤੱਕ ਗੁਰੂ ਅਰਜਨ ਦੇਵ ਜੀ ਦੇ ਸ਼ਰਧਾਲੂ ਸਿੱਖਾਂ ਦਾ ਜ਼ਿਕਰ ਹੋਇਆ ਹੈ। ਇਸ ਵਾਰ ਵਿਚ ਸੁਲਤਾਨਪੁਰ ਵਿਚ ਹੋਏ ਸਿੱਖੀ ਦੇ ਪਾਸਾਰ ਤੇ ਉੱਥੇ ਜਿਹਨਾਂ ਵਿਅਕਤੀਆਂ ਨੇ ਗੁਰਸਿੱਖੀ ਧਾਰਨ ਕਰਕੇ ਜੀਵਨ ਸਫਲਾ ਕੀਤਾ ਤੇ ਸਿੱਖੀ ਨੂੰ ਹੋਰ ਪ੍ਰਚਾਰਿਆ, ਭਾਈ ਗੁਰਦਾਸ ਨੇ ਇਸ ਦੇ ਵਰਣਨ ਦੇ ਨਾਲ ਗੁਰੂ ਜੀ ਦੇ ਨਾਮੀ ਮਸੰਦਾਂ ਦਾ ਜ਼ਿਕਰ ਵੀ ਕੀਤਾ ਹੈ ਜੋ ਗੁਰੂ ਘਰ ਦੀ ਸੇਵਾ ਲਈ ਹਰ ਘੜੀ ਤਿਆਰ ਰਹਿੰਦੇ ਸਨ। ਪੰਜਾਬ ਵਿਚ ਵਸਦੇ ਉੱਘੇ ਸਿੱਖਾਂ ਤੇ ਲਾਹੌਰ ਸ਼ਹਿਰ ਵਿਚ ਸਿੱਖੀ ਦੇ ਪ੍ਰਚਾਰ ਕਾਰਨ ਸਿੱਖ ਧਰਮ ਦੇ ਬਣੇ ਪੈਰੋਕਾਰਾਂ ਦਾ ਜ਼ਿਕਰ ਆਇਆ ਹੈ।

26ਵੀਂ ਅਤੇ 27ਵੀਂ ਪਉੜੀ ਵਿਚ ਦੂਰ-ਦੂਰ ਸਿੱਖੀ ਦਾ ਜੋ ਪ੍ਰਸਾਰ ਹੋਇਆ ਜਿਵੇਂ ਕਿ ਕਾਬਲ, ਕਸ਼ਮੀਰ, ਸੀਹਰੰਦਿ, ਥਾਨੇਸਰ, ਫਤੇਪੁਰੀ, ਆਗਰਾ, ਗਵਾਲੀਅਰ, ਉਜੈਨ, ਜੌਨਪੁਰ, ਪਟਨਾ ਆਦਿ ਥਾਵਾਂ ਦੇ ਸਿੱਖਾਂ ਦੇ ਨਾਵਾਂ ਤੋਂ ਸਿੱਖੀ ਦੇ ਵਿਸ਼ਾਲ ਖੇਤਰ ਬਾਰੇ ਜਾਣਕਾਰੀ ਮਿਲਦੀ ਹੈ। ਗੁਰੂ ਜੀ ਦੇ ਹਜੂਰੀ ਸਿੱਖਾਂ ਦੇ ਨਾਮ 28ਵੀਂ ਪਉੜੀ ਵਿਚ ਆਉਂਦੇ ਹਨ। ਇਹਨਾਂ ਪਉੜੀਆਂ ਵਿਚ ਵਰਤੇ ਸਿੱਖਾਂ ਦੇ ਨਾਮ ਇਸ ਪ੍ਰਕਾਰ ਹਨਃ ਗੰਗੂ, ਜਿਸ ਦੀ ਜਾਤ ਸਹਿਗਲ ਹੈ ਰਾਮਾ ਤੇ ਉਦਾ ਦੋ ਭਰਾ, ਜੱਟੂ, ਭੱਟੂ, ਸੂਦ ਜਾਤੀ ਦਾ ਫਿਰਨਾ, ਭੋਲੂ, ਭੱਟੂ, ਤਿਵਾੜੀ, ਡੱਲਾ, ਭਾਗੀ, ਜਾਪੂ ਨਿਵਲਾ, ਮੂਲਾ, ਸੂਜਾ, ਚੰਦੂ ਚਉਝੜ, ਰਾਮਦਾਸ ਰਸੋਈਆ, ਬਾਲਾ ਅਤੇ ਸਾਈ ਦਾਸ, ਬਿਸ਼ਨੂੰ, ਬੀਬੜਾ, ਸੁੰਦਰ ਮਾਛੀ, ਚੱਢੇ ਜਾਤ ਦੇ ਜੱਟੂ, ਭਾਨੂ, ਤੀਰਥਾ ਤੇ ਨਿਹਾਲ, ਨਾਊ ਤੇ ਭੁੱਲੂ, ਜੱਟੂ ਤੇ ਭੀਵਾ ਚਤਰ ਦਾਸ ਤੇ ਮੂਲਾ ਕਪੂਰ ਜਾਤੀ ਦੇ, ਵਿੱਜ ਜਾਤ ਹਾੜ ਤੇ ਗਾੜੂ,

ਬਹਿਲ ਜਾਤ ਦਾ ਫਿਰਣਾ, ਜੇਠਾ, ਬ੍ਰਾਹਮਣ ਜਾਤ ਦਾ ਵਿਸਾ, ਗੋਪੀ, ਤੁਲਸੀਆ, ਭਾਰਦੁਆਜੀ, ਘੇਈ ਜਾਤ ਦਾ ਗੋਬਿੰਦ, ਸੁਲਤਾਨਪੁਰ ਦੀ ਸਿੱਖ ਸੰਗਤ ਦੇ ਕਾਲੂ, ਚਾਉ ਬੰਮੀਆ, ਮੂਲਾ , ਹੇਮਾ ਕਪਾਹ ਵੇਚਣ ਵਾਲਾ, ਘਿਉ ਵੇਚਣ ਵਾਲਾ ਗੋਬਿੰਦ, ਭੱਟ, ਭਿੱਖਾ, ਟੋਡਾ, ਰਾਮੂ ਕੋਹਲੀ, ਛੱਜੂ ਭੱਲਾ, ਸਾਂਈ ਤੁਲਸਾ, ਭਾਨਾ, ਆਵਲ, ਵਿਗਹਮਲ, ਬੁੱਧੂ ਛੀਂਬਾ ਸਨ। ਪ੍ਰਸਿੱਧ ਮਸੰਦ ਦੀਪਕ, ਦੀਪਾ ਕਾਸਰਾ, ਪੱਟੀ ਵਿਚ ਢਿਲੋਂ ਜਾਤ ਦੇ ਲਾਲੂ ਤੇ ਲੰਗਾਹ ਚੌਧਰੀ, ਸੰਘੇ ਜਾਤ ਦੇ ਅਜਬ ਤੇ ਅਜਾਇਬ ਉਮਰ ਸ਼ਾਹ, ਛੱਜਲ ਜਾਤ ਦਾ ਪੈੜਾ, ਕੰਦੂ ਸੰਘਰ ਜਾਤ ਦਾ, ਕਪੂਰ ਤੇ ਉਸਦਾ ਪੁੱਤਰ, ਸ਼ਾਹਬਾਜ਼ਪੁਰ ਦਾ ਸੰਮਣ, ਤੁਲਸ ਪੁਰੀ ਦੇ ਜੋਧਾ ਤੇ ਜੱਲੋ, ਮੋਹਣ ਆਲਮ ਗੰਜ ਆਦਿ ਵੱਡੇ ਮਸੰਦ ਸਨ ਜੋ ਕਿ ਗੁਰੂ ਦੀ ਹਜੂਰੀ ਲਈ ਹਰ ਸਮੇਂ ਤਿਆਰ ਰਹਿੰਦੇ ਸਨ। ਭਾਈ ਢੇਸੀ ਤੇ ਜੋਧ ਹੁਸੰਗ ਬ੍ਰਾਹਮਣ ਜਾਤ ਦੇ, ਕੁੱਕ ਜਾਤ ਦਾ ਮੋਹਣ, ਜੋਧਾ ਤੇ ਜਾਮਾ, ਮਝੂ ਤੇ ਪੰਨੂ, ਭਾਈ ਪੀਰਣਾ, ਹਮਜਾ, ਬਾਲਾ ਮਰਵਾਹ ਜਾਤ ਦਾ ਭਾਈ ਨਾਲੋ ਓਹਰੀ ਜਾਤ ਦਾ ਸੂਰੀ ਚੌਧਰੀ, ਪਹਾੜਾਂ ਵਿਚ ਭਾਈ ਕਾਲਾ ਮੇਹਰਾ ਤੇ ਨਿਹਾਲੂ, ਕਾਲਉ, ਸੇਠ ਸੁਭਾਗਾ, ਤਾਰਾ ਮਲ ਤੇ ਉਗਵੰਦਾ ਜੋ ਅਰੋੜਾ ਜਾਤ ਦੇ ਚੂਹਣੀਆਂ ਨਗਰ ਦੇ ਸਨ, ਗੁਰੂ ਦੇ ਪਿਆਰੇ ਸਿੱਖ ਸਨ। ਪੰਜਾਬ ਵਿਚ ਵਸਦੇ ਸਿੱਖ ਚੰਡਾਲੀ ਜਾਤ ਦਾ ਪੈੜਾ, ਭਾਈ ਜੇਠਾ ਸੇਠੀ, ਲਟਕਣ, ਗੁਰਦਿੱਤਾ, ਕਾਟਾਰਾਉ ਸਰਾਫੀ ਦਾ ਕਾਰੋਬਾਰੀ, ਰੁਹਤਾਸ ਦਾ ਧਉਣ ਮੁਰਾਰੀ, ਅਡਿਤ ਭਗਨ ਮੁਇਨ ਜਾਤ ਦਾ , ਚੂਹੜ ਤੇ ਸਾਂਈ, ਲਾਲਾ ਸੇਠੀ, ਰਾਮਾ ਝੰਝੀ, ਹੇਮੂ, ਜੱਟੂ ਭਲਿਆਂ ਦਾ ਆਦਿ ਸਨ।

ਲਾਹੌਰ ਸ਼ਹਿਰ ਦੀ ਸੰਗਤ ਜੋ ਗੁਰੂ ਅਰਜਨ ਦੇਵ ਜੀ ਦੇ ਸ਼ਰਧਾਲੂ ਸਨ ਉਹਨਾਂ ਦਾ ਵੀ ਵੇਰਵਾ ਇਸ ਪ੍ਰਕਾਰ ਮਿਲਦਾ ਹੈ ਸੋਢੀਆਂ ਦੇ ਤਾਇਆ ਸਹਾਰੀ ਮੱਲ, ਸਾਂਈ ਦਿੱਤਾ ਝੰਝੀਆ, ਸੈਦੋ ਜੱਟ, ਘੁਮਿਆਰ ਖਾਨਦਾਨ ਵਿਚੋਂ ਬੁੱਧੂ, ਭਾਈ ਲੱਖੂ ਪਟੋਲਿਆ ਭਾਈ ਲੱਧਾ, ਰਾਜਗਰੀ ਦਾ ਕੰਮ ਕਰਨ ਵਾਲੇ ਕਾਲੂ ਤੇ ਨਾਨੋ ਕਲਿਆਣ ਸੂਦ, ਭਾਨੂ ਭਗਤ ਮੂਲਾ ਬੇਰੀ, ਤੀਰਥ ਤੇ ਮੁਕੰਦ, ਮੁਹਜੰਗੀਆਂ ਦਾ ਕਿਸ਼ਨਾ ਤੇ ਮੰਗੀਣੇ ਨਿਹਾਲ ਆਦਿ ਦੇ ਨਾਲ ਨਾਲ ਪੰਜਾਬ ਤੋਂ ਦੂਰ ਦੁਰਾਡੀਆਂ ਥਾਵਾਂ ਤੇ ਜਿਹਨਾਂ ਵਿਚ ਸਿੱਖੀ ਦਾ ਪ੍ਰਚਾਰ ਹੋਇਆ ਦਾ ਵੀ ਜ਼ਿਕਰ ਮਿਲਦਾ ਹੈ ਜਿਵੇਂ ਭਾਨਾ

ਮੱਲਣ ਕਾਬਲ ਦਾ ਸਿੱਖ, ਕਸ਼ਮੀਰ ਦਾ ਮਾਧੋ ਸੋਢੀ, ਸਰਹਿੰਦ ਵਿਚ ਭਾਈ ਭੀਵਾ ਤੇ ਭਾਈ ਰੂਪ ਚੰਦ, ਪਰਤਾਪੂ, ਥਾਨੇਸਰ ਤੋਂ ਸਰਮੀਦਾਸ ਜੋ ਵਛੇਰ ਜਾਤ ਦਾ ਸੀ ਤੋਂ ਇਲਾਵਾ ਗੋਪੀ, ਮਹਿਤਾ, ਤੀਰਥਾ, ਤੇ ਨੱਥਾ ਤੋਂ ਇਲਾਵਾ ਭਾਈ ਮੋਕਲ, ਜੀਵੰਦ, ਜਤਾਸੀ ਤੇ ਸੇਠ ਤਿਲੋਕੇ ਜੋ ਫਤੇਹਪੁਰ ਦੇ ਸਨ ਸਭ ਨੇ ਸਿੱਖੀ ਦਾ ਪ੍ਰਚਾਰ ਦੂਰ ਦੁਰਾਡੇ ਕੀਤਾ ਤੇ ਗੁਰੂ ਦੇ ਸੱਚੇ ਸ਼ਰਧਾਲੂ ਬਣੇ। ਆਗਰੇ ਤੱਕ ਵੀ ਸਿੱਖੀ ਦਾ ਪ੍ਰਚਾਰ ਹੋਇਆ ਉਥੇ ਵੀ ਬਹੁਤ ਸਾਰੇ ਲੋਕ ਗੁਰੂ ਦੇ ਸਿੱਖ ਬਣੇ ਇਹਨਾਂ ਵਿਚੋ ਕੁੱਝ ਸਿੱਖਾਂ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ। ਇਹ ਸਿੱਖ ਸਨ ਸਕਤੂ ਮਹਿਤਾ, ਨਿਹਾਲਾ ਚੱਢਾ ਜਾਤ ਦਾ , ਮਥਰਾ ਦਾਸ, ਗੰਗਾ ਸਹਿਗਲ, ਹਰਵੰਸ ਤਪਾ, ਅਣਦ ਮੁਰਾਰੀ, ਕਲਿਆਣਾ, ਨਾਨੋ ਲਟਕਣ, ਬਿੰਦ ਰਾਉ, ਆਲਮ ਚੰਦ ਹਾਂਡਾ, ਜਗਨਾ ਤੇ ਨੰਦਾ, ਭਾਨੂ ਸੂਹੜ ਆਦਿ ਸਨ। ਭਾਈ ਗੁਰਦਾਸ ਨੇ ਗੁਰੂ ਅਰਜਨ ਦੇ ਹਜ਼ੂਰੀ ਸਿੱਖਾਂ ਦਾ ਵੀ ਵਰਣਨ ਕੀਤਾ ਹੈ। ਮੀਗਰੂ, ਜੇਤਾ ਭਲਾ, ਜੈਤਾ, ਨੰਦਾ, ਪਿਰਾਗਾ, ਭਾਈ ਤਿਲੋਕਾ, ਤੱਤਾ ਮਹਿਤਾ, ਸਾਂਈ ਦਾਸ ਜੜੀਆ, ਮਲਕ ਪੈੜਾ ਕੋਹਲੀ, ਮੀਆਂ ਜਮਾਲ, ਭਾਈ ਭਗਤੂ ਆਦਿ ਗੁਰੂ ਦੇ ਹਜ਼ੂਰੀ ਸਿੱਖ ਸਨ।

ਇਸ ਵਾਰ ਦੀ 29ਵੀਂ, 30ਵੀਂ ਅਤੇ 31ਵੀਂ ਪਉੜੀ ਵਿਚ ਛੇਵੇਂ ਗੁਰੂ ਜੀ ਦੇ ਸ਼ਰਧਾਲੂ ਸਿੱਖਾਂ ਨੂੰ ਬਿਆਨਿਆ ਗਿਆ ਹੈ। ਜਿਨ੍ਹਾਂ ਦਾ ਵੇਰਵਾ ਹੈਃ ਵਧਾਵਣ ਜਾਤੀ ਦੇ ਸਰਦਾਰ ਅਨੰਤਾ ਤੇ ਕੁਕੋ, ਰੋਟਾ ਜਾਤੀ ਦੇ ਭਾਈ ਇੱਟਾ, ਰੋੜਾ, ਨਵਲ ਤੇ ਨਿਹਾਲੂ ਭਾਈ ਤਖਤੂ, ਭਾਈ ਦਰਗਾਹ ਤੇ ਤੁਲੀ, ਭਾਈ ਮਨਸਾ ਉੱਪਲ ਜਾਤੀ ਦੇ, ਕ੍ਰਿਸ਼ਨਾ ਝੰਝੀ, ਪੰਮੂ ਪੁਰੀ, ਭਾਈ ਧਿੰਗੜ ਤੇ ਮੱਦੂ ਤਰਖਾਣ, ਬਾਈ ਬਨਾਵਲੀ, ਪਰਸਰਾਮ, ਬਾਲ ਵੈਦ, ਆਦਿ ਦਾ ਜ਼ਿਕਰ 29ਵੀਂ ਪਉੜੀ ਵਿਚ ਹੈ। 30ਵੀਂ ਪਉੜੀ ਵਿਚ ਤੀਰਥਾ ਜੋ ਲਸ਼ਕਰ ਦਾ ਸੀ। ਗੁਆਲੀਅਰ ਵਿਚ ਸੁਇਨੀ ਹਰਿਦਾਸ, ਭਾਵਾ ਧੀਰ ਉਜੈਨ, ਬਰਹਾਨਪੁਰ ਵਿਚ ਵੱਡੀ ਸਿੱਖ ਸੰਗਤ, ਭਾਈਆ ਭਗਵਾਨ ਦਾਸ, ਮਲਕ ਕਟਾਰੂ, ਪਿਰਥੀ ਮੱਲ ਜਰਾਦੀ, ਭਗਤੂ ਛੁਰਾ ਡਲੂ ਰੀਹਾਣ, ਸੁੰਦਰ ਤੇ ਸੁਆਮੀ ਦਾਸ, ਗੁਜਰਾਤ ਦੇ ਭਾਈ ਭੇਖਾਰੀ, ਭਾਬੜਾ ਤੇ ਸੁਲਾਸ ਆਦਿ ਪ੍ਰੇਮਾ ਭਗਤੀ ਵਿਚ ਰੰਗੇ ਹੋਏ ਅਤੇ ਗੁਰੂ ਸਿੱਖੀ ਦੇ ਪ੍ਰੇਮੀ ਪ੍ਰਚਾਰਕ ਸਨ। ਪਉੜੀ 31ਵੀਂ ਵਿਚ ਵੀ ਕੁਝ ਮਹੱਤਵਪੂਰਨ ਨਾਂਵ ਦਰਜ਼ ਹਨ ਜਿਵੇਂ ਸੁਹੰਢੇ

ਨਗਰ ਵਿਚ ਮਾਇਆ ਜੋ ਕਿ ਲੰਬ ਜਾਤੀ ਦਾ ਸੀ, ਚਉਝੜ ਜਾਤੀ ਦਾ ਭਾਈ ਚੂਹੜ ਜੋ ਲਖਨਾਊ ਦਾ ਵਾਸੀ ਸੀ, ਪਿਰਾਗ ਦਾ ਭਾਈ ਭਾਨਾ, ਜੌਨਪੁਰ ਦਾ ਜੱਟੂ ਤਪਾ, ਪਟਨੇ ਵਿਚ ਸਭਰਵਾਲ ਤੇ ਭਾਈ ਨਿਹਾਲਾ, ਜੈਤਾ ਸੇਠਾ, ਰਾਜ ਮਹਿਲ ਦੇ ਭਾਈ ਭਾਨੂ ਜੋ ਬਹਿਲ ਜਾਤ ਦਾ ਸੀ ਆਦਿ ਦਾ ਵਰਣਨ ਹੈ। ਇਹਨਾਂ ਵਾਰਾਂ ਵਿਚ ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਸਤਿਸੰਗਤ ਕਰਨ, ਕੀਰਤਨ, ਮੋਹ ਮਾਇਆ ਨੂੰ ਤਿਆਗਣ, ਨਿਮਰਤਾ ਗ੍ਰਹਿਣ ਕਰਨ, ਨਾਮ ਨੂੰ ਹਿਰਦੇ ਵਿਚ ਵਸਾ ਕੇ ਹਿਰਦੇ ਨੂੰ ਸ਼ੁੱਧ ਕਰਨ ਦਾ ਉਪਦੇਸ਼ ਦਿੰਦੇ ਹੋਏ ਉਹਨਾਂ ਦੇ ਮਨ ਵਿਚ ਗਿਆਨ ਦੀ ਜੋਤ ਜਗਾਈ ਅਤੇ ਇਸ ਦੁਆਰਾ ਸਾਰੇ ਮਿਥਿਆ ਕਰਮਾਂ ਨੂੰ ਤਿਆਗਣ ਲਈ ਦ੍ਰਿੜ ਕਰਵਾਇਆ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹਰ ਗੋਬਿੰਦ ਸਾਹਿਬ ਤੱਕ ਗੁਰਸਿੱਖੀ ਦਾ ਨਿਰੰਤਰ ਵਿਕਾਸ ਹੁੰਦਾ ਰਿਹਾ ਅਤੇ ਇਸੇ ਹੀ ਇਤਿਹਾਸ ਨੂੰ ਪੇਸ਼ ਕਰਨ ਲਈ ਭਾਈ ਸਾਹਿਬ ਨੇ ਨਾ ਕੇਵਲ ਪੰਜਾਬ ਬਲਕਿ ਆਗਰਾ, ਕਸ਼ਮੀਰ,ਥਾਨੇਸਰ, ਗਵਾਲੀਅਰ ਲਖਨਊ, ਪਰਿਆਗ ਅਤੇ ਕਾਬਲ ਆਦਿਕ ਦੂਰ ਦੁਰਾਡੇ ਸਥਾਨਾਂ ਉਪਰ ਰਹਿਣ ਵਾਲੇ ਗੁਰਸਿੱਖਾਂ ਦੀ ਸੂਚੀ ਤਿਆਰ ਕੀਤੀ। ਡਾ. ਜਸਵੰਤ ਬੇਗੋਵਾਲ ਵੀ ਇਸ ਦੀ ਸਹਿਮਤੀ ਭਰਦੇ ਹੋਏ ਆਖਦੇ ਹਨ "ਇਤਿਹਾਸਕ ਦ੍ਰਿਸ਼ਟੀ ਤੋਂ ਇਸ ਵਾਰ ਦਾ ਮਹੱਤਵ ਇਸ ਕਰਕੇ ਵੀ ਵੱਧ ਹੈ ਕਿ ਇਤਿਹਾਸ 'ਚ ਸ਼ਾਇਦ ਗੁਰੂ ਘਰ ਦੇ ਨਿਕਟਵਰਤੀ ਸਿੱਖਾਂ ਦੀ ਜਾਣਕਾਰੀ ਇੰਨੀ ਵਿਸਤਾਰ ਵਿਚ ਨਹੀਂ ਜਿੰਨੀ ਇਸ ਵਾਰ ਵਿਚ ਹੈ। ਗੁਰਸਿੱਖਾਂ ਦੇ ਪ੍ਰਸੰਗਾਂ ਵਿਚ ਅਜਿਹੇ ਸਰੋਤਾਂ ਕਰਕੇ ਇਸ ਵਾਰ ਨੂੰ ਸਿੱਖਾਂ ਦੀ ਇੱਕ ਇਤਿਹਾਸਕ ਦਸਤਾਵੇਜ਼ ਵੀ ਕਹਿ ਸਕਦੇ ਹਾਂ।"[60]

ਇਹਨਾਂ ਵਾਰਾਂ ਵਿਚ ਇਤਿਹਾਸਕ ਅਤੇ ਬਿਰਤਾਂਤਕ ਸੰਜਮਤਾ ਸਮੋਈ ਹੋਈ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਨੇ ਜਿਹਨਾਂ ਸਿੱਖਾਂ ਦਾ ਇਥੇ ਜ਼ਿਕਰ ਕੀਤਾ ਹੈ ਉਹ ਗੁਰੂ ਘਰ ਦੇ ਪਿਆਰੇ ਸਿੱਖ ਅਤੇ ਅਟੁੱਟ ਸ਼ਰਧਾਲੂ ਸਨ। ਉਹਨਾਂ ਨੇ ਗੁਰੂ ਘਰ ਨਾਲ ਪ੍ਰੇਮ ਕਰਕੇ, ਸਾਧ ਸੰਗਤ ਦੀ ਮਹਾਨਤਾ ਨੂੰ ਸਮਝਕੇ ਸਿੱਖੀ ਦੇ ਫਲਸਫੇ ਅਤੇ ਗੁਰੂਆਂ ਦੀ ਸਿਖਿਆ ਗ੍ਰਹਿਣ ਕਰਕੇ ਆਪਣੀਆਂ ਸਮਾਜਕ ਕਿਰਿਆਵਾਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਹਨਾਂ ਸਿੱਖਾਂ

ਪਿਆਰਿਆਂ ਨੇ ਗੁਰੂਆਂ ਦਾ ਅੰਮ੍ਰਿਤ ਰੂਪੀ ਪਿਆਰ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ। ਇਹ ਸਿੱਖ ਪ੍ਰੇਮ ਦੇ ਭਾਗੀਦਾਰ, ਗੁਰੂ ਘਰ ਤੇ ਗੁਰੂ ਦੇ ਪਿਆਰੇ ਕਿਵੇਂ ਬਣੇ ਇਹਨਾਂ ਪਿਛੇ ਵੱਡੀਆਂ ਵੱਡੀਆਂ ਘਟਨਾਵਾਂ ਹਨ ਕਿ ਕਿਵੇਂ ਕਿਹੜੇ ਕਿਹੜੇ ਪੜਾਵਾਂ ਨੂੰ ਅਤੇ ਕਿਹੜੇ ਕਿਹੜੇ ਕਾਰਨਾਂ ਤੋਂ ਪ੍ਰਭਾਵਿਤ ਹੋ ਕੇ ਇਹ ਵਿਅਕਤੀ ਗੁਰੂ ਪ੍ਰੇਮ ਵਿਚ ਭਿੱਜੇ ਤੇ ਉਹਨਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਜਿਵੇਂ 13ਵੀਂ ਪਉੜੀ ਵਿਚ ਭਾਈ ਤਾਰੂ ਦਾ ਜ਼ਿਕਰ ਹੈ ਭਾਈ ਤਾਰੂ ਦਸ ਸਾਲ ਦੀ ਉਮਰ ਵਿਚ ਹੀ ਸੰਸਾਰ ਤੋਂ ਉਦਾਸ ਹੋ ਗਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਆ ਗਿਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਉਸਦੀ ਉਮਰ ਤਾਂ ਹਾਲੇ ਘਰ ਦੇ ਸੁੱਖ ਹਢਾਉਣ ਦੀ ਹੈ ਤਾਂ ਉਸ ਨੇ ਕਿਹਾ ਕਿ ਉਸ ਦੀ ਮਾਂ ਇਕ ਦਿਨ ਅੱਗ ਬਾਲ ਰਹੀ ਸੀ ਤੇ ਉਸਨੇ ਦੇਖਿਆ ਕਿ ਛੋਟੀਆਂ ਲੱਕੜਾਂ ਨੂੰ ਪਹਿਲਾਂ ਅੱਗ ਲੱਗੀ ਇਸ ਲਈ ਮੌਤ ਦਾ ਕੋਈ ਭਰੋਸਾ ਨਹੀਂ ਇਹ ਕਿਸੇ ਵੀ ਉਮਰ ਵਿਚ, ਕਦੇ ਵੀ ਆ ਸਕਦੀ ਹੈ। ਉਹ ਇਸ ਕਰਕੇ ਉਹਨਾਂ ਦੀ ਸ਼ਰਨ ਵਿਚ ਆ ਗਿਆ। ਗੁਰੂ ਜੀ ਨੇ ਇਹ ਸੁਣ ਕੇ ਉਸ ਨੂੰ ਆਪਣਾ ਸਿੱਖ ਬਣਾ ਲਿਆ ਅਤੇ ਉਸ ਨੂੰ, ਹਿਰਦੇ ਨੂੰ ਸ਼ੁਧ ਕਰਨ ਤੇ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਪਰ ਇਸ ਵੱਡੀ ਘਟਨਾ ਨੂੰ ਭਾਈ ਗੁਰਦਾਸ ਨੇ ਬੜੇ ਹੀ ਸੰਜਮੀ ਬਿਰਤਾਂਤ ਦੁਆਰਾ ਇਸ ਤਰ੍ਹਾਂ ਪੇਸ਼ ਕਰ ਦਿਤਾ:-

> ਤਾਰੂ ਪੋਪਟੂ ਤਾਰਿਆ ਗੁਰਮਖਿ ਬਾਲ ਸੁਭਾਇ ਉਦਾਸੀ।[61]

ਇਸੇ ਤਰ੍ਹਾਂ ਹੋਰਨਾਂ ਸਿੱਖ ਭਗਤਾਂ ਜਿਹਨਾਂ ਦਾ ਵੀ ਜ਼ਿਕਰ ਇਹਨਾਂ ਪਉੜੀਆਂ ਵਿਚ ਆਇਆ ਹੈ ਉਹਨਾਂ ਨਾਲ ਕੋਈ ਨਾ ਕੋਈ ਇਤਿਹਾਸ ਸਬੰਧਿਤ ਹੈ । ਜਿਵੇਂ ਗੁਰੂ ਨਾਨਕ ਦੇਵ ਜੀ ਰਾਇ ਭੋਇ ਦੀ ਤਲਵੰਡੀ ਵਿਖੇ ਬੈਠੇ ਸਨ ਤਾਂ ਮਰਦਾਨੇ ਨੇ ਉਥੇ ਆ ਕੇ ਰਬਾਬ ਵਜਾਇਆ ਤਾਂ ਗੁਰੂ ਜੀ ਦਾ ਮਨ ਇਕਾਗਰ ਹੋ ਗਿਆ। ਗੁਰੂ ਜੀ ਨੇ ਮਰਦਾਨੇ ਨੂੰ ਦੁਨੀਆਂ ਦਾ ਪਾਰ ਉਤਾਰਾ ਕਰਨ ਲਈ ਉਹਨਾਂ ਦੇ ਨਾਲ ਜਾਣ ਲਈ ਕਿਹਾ ਪਰੰਤੂ ਮਰਦਾਨੇ ਨੇ ਉਹਨਾਂ ਨੂੰ ਆਪਣੇ ਪਰਿਵਾਰ ਦੀ ਪਾਲਣ ਪੋਸ਼ਣ ਦੀ ਸਮੱਸਿਆ ਅਤੇ ਆਪਣੀਆਂ ਧਾਰਮਿਕ ਰੀਤਾਂ ਵਿਚ ਅੜਿਚਣ ਕਰਕੇ ਉਹਨਾਂ ਦੇ ਨਾਲ ਨਾ ਜਾ ਸਕਣ ਦੀ ਮਜ਼ਬੂਰੀ ਦੱਸੀ। ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ

ਸਮਝਾਇਆ ਕਿ ਪਰਿਵਾਰ ਦੀ ਪਾਲਣ-ਪੋਸ਼ਣ ਕਰਨ ਵਾਲਾ ਪਰਮਾਤਮਾ ਹੈ ਅਤੇ ਉਹਨਾਂ ਨੇ ਉਸ ਨੂੰ ਨਿਮਾਜ਼ ਤੇ ਰੋਜ਼ੇ ਦੇ ਅਰਥ ਸਮਝਾਏ ਕਿ ਨਿਮਾਜ ਵਿਅਕਤੀ ਪਰਮਾਤਮਾ ਨੂੰ ਯਾਦ ਕਰਨ ਲਈ ਪੜ੍ਹਦਾ ਹੈ ਅਤੇ ਪਰਮਾਤਮਾ ਮਨੁੱਖ ਦੇ ਹਿਰਦੇ ਵਿਚ ਵਸਦਾ ਹੈ ਸੋ ਸੱਚੇ ਮਨ ਨਾਲ ਯਾਦ ਕਰਨ ਤੇ ਪਰਮਾਤਮਾ ਦੀ ਪ੍ਰਾਪਤੀ ਸਹਿਜ ਸੁਭਾਅ ਪ੍ਰਾਪਤ ਹੋ ਜਾਂਦੀ ਹੈ ਅਤੇ ਰੋਜ਼ੇ ਰੱਖਣ ਦਾ ਮੁੱਖ ਮਕਸਦ ਸੰਜਮ ਸਿੱਖਣਾ ਹੈ ਅਤੇ ਸੰਤ ਹਮੇਸਾਂ ਹੀ ਸੰਜਮੀ ਜੀਵਨ ਬਤੀਤ ਕਰਦੇ ਹਨ। ਇਹ ਸੁਣ ਕੇ ਮਰਦਾਨਾ ਉਹਨਾਂ ਦੇ ਨਾਲ ਜਾਣ ਲਈ ਤਿਆਰ ਹੋ ਗਿਆ। ਗੁਰੂ ਜੀ ਨੇ ਮਰਦਾਨੇ ਨੂੰ ਸੱਚ ਬੋਲਣ, ਧਰਮ ਦੀ ਕਿਰਤ ਕਰਨ, ਸਭ ਦਾ ਭਲਾ ਮੰਗਣ, ਰੱਬ ਦੀ ਰਜ਼ਾ ਵਿਚ ਰਹਿਣ, ਵੰਡ ਕੇ ਛਕਣ ਦੀ ਸਿੱਖਿਆ ਦੇ ਨਾਲ-ਨਾਲ ਨਾਮ ਜਪਣ ਦੀ ਸਿੱਖਿਆ ਦੇ ਕੇ ਜੀਵਨ ਮਾਰਗ ਦਰਸਾਇਆ:

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।[62]

ਫਿਰਨਾ ਖਹਿਰਾ ਤੇ ਜੋਧ, ਦੋਨੋ ਗੁਰੂ ਨਾਨਕ ਦੇਵ ਜੀ ਕੋਲ ਉਹਨਾਂ ਦੇ ਦਰਸ਼ਨ ਅਤੇ ਆਪਣੇ ਕਲਿਆਣ ਦੇ ਪ੍ਰਯੋਜਨ ਹਿੱਤ ਪਹੁੰਚੇ ਤਾਂ ਗੁਰੂ ਜੀ ਨੇ ਫੁਰਮਾਨ ਕੀਤਾ ਕਿ ਸਿੱਖੀ ਦੀ ਦਾਤ ਮਨ ਵਿਚ ਨਿਮਰਤਾ ਧਾਰਨ ਕਰਨ, ਪਰਮਾਤਮਾ ਦਾ ਵਾਸਾ ਦਿਲ ਵਿਚ ਕਰਕੇ ਉਸਨੂੰ ਹਮੇਸ਼ਾ ਯਾਦ ਕਰਨ, ਸਾਧ ਸੰਗਤ ਕਰਨ ਤੇ ਸੇਵਾ ਕਰਨ ਨਾਲ ਪ੍ਰਾਪਤ ਹੁੰਦੀ ਹੈ। ਦੋਵਾਂ ਨੇ ਗੁਰੂ ਜੀ ਦੇ ਇਸ ਆਦੇਸ਼ ਨੂੰ ਮਨ ਵਿਚ ਵਸਾ ਕੇ ਗੁਰਸਿੱਖੀ ਦੀ ਦਾਤ ਪ੍ਰਾਪਤ ਕੀਤੀ ਤੇ ਇਸ ਪ੍ਰਕਾਰ ਉਹਨਾਂ ਦਾ ਜੀਵਨ ਸਫ਼ਲਾ ਹੋਇਆ।

ਫਿਰਣਾ ਖਹਿਰਾ ਜੋਧੁ ਸਿਖੁ ਜੀਵਾਈ ਗੁਰੁ ਸੇਵ ਸਮਾਵੈ।[63]

ਜੱਗਾ ਜਿਸ ਦੀ ਜਾਤ ਧਰਨੀ ਸੀ ਉਹ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਇਆ। ਉਸਨੇ ਗੁਰੂ ਨੂੰ ਕਿਹਾ ਕਿ ਮੈਨੂੰ ਇੱਕ ਜੋਗੀ ਨੇ ਘਰ ਬਾਰ ਤਿਆਗਣ ਲਈ ਕਿਹਾ ਹੈ ਕਿਉਂਕਿ ਘਰ ਬਾਰ ਮੁਕਤੀ ਦੇ ਰਸਤੇ ਵਿਚ ਰੁਕਾਵਟ ਹੈ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਜਿਸ ਤਰ੍ਹਾਂ ਕੰਵਲ ਜਲ ਵਿਚ ਰਹਿ ਕੇ ਸੂਰਜ ਵਲ ਧਿਆਨ ਰੱਖਦਾ ਹੈ ਇਸ ਤਰ੍ਹਾਂ ਅਸੀਂ ਗ੍ਰਹਿਸਥੀ ਜੀਵਨ

ਵਿਚ ਰਹਿੰਦਿਆਂ ਉਸ ਪ੍ਰਭੂ ਦਾ ਨਾਮ ਸਿਮਰਨ ਕਰ ਸਕਦੇ ਹਾਂ। ਜੇ ਘਰ ਬਾਰ ਤਿਆਗ ਕੇ ਉਧਾਰ ਹੋਵੇ ਤਾਂ ਜੋਗੀ ਰੋਟੀਆਂ ਲਈ ਕਿਉਂ ਝਗੜਨ। ਗ੍ਰਹਿਸਥ ਵਿਚ ਅਸੀਂ ਜੋ ਭਗਤੀ ਕਰਦੇ ਹਾਂ ਉਹ ਸਾਡੇ ਕੋਲ ਰਹਿੰਦੀ ਹੈ। ਸ਼ਬਦ ਰਾਹੀਂ ਆਪਣੇ ਹਿਰਦੇ ਦੀ ਮੈਲ ਦੂਰ ਹੋਵੇਗੀ। ਇਹ ਜਗਤ ਝੂਠ ਹੈ ਅਤੇ ਪਦਾਰਥਾਂ ਦਾ ਮੋਹ ਹਿਰਦੇ ਵਿਚ ਨਾ ਰੱਖ ਕੇ ਲੋੜ ਅਨੁਸਾਰ ਪਦਾਰਥਾਂ ਦੀ ਕਾਮਨਾ ਕਰਨਾ ਅਤੇ ਤਨ, ਮਨ, ਧਨ ਸਭ ਵਾਹਿਗੁਰੂ ਨੂੰ ਸੌਂਪ ਦੇਣਾ ਆਦਿ ਦੀ ਸਿੱਖਿਆ ਲੈ ਕੇ ਸਿੱਖਾਂ ਦੀ ਸੇਵਾ ਕਰਨ ਲੱਗਾ। ਗੁਰੂ ਦੀ ਬਾਣੀ ਨਾਲ ਪ੍ਰੇਮ ਹੋ ਗਿਆ ਅਤੇ ਉਸ ਦਾ ਜੀਵਨ ਸਫਲਾ ਹੋਇਆ।

> ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।[64]

ਗੁਰੂ ਅੰਗਦ ਦੇਵ ਜੀ ਦਾ ਸ਼ਰਧਾਲੂ ਜੋਧ ਜੋ ਕਿ ਗੁਰੂ ਘਰ ਦਾ ਰਸੋਈਆ ਸੀ ਉਸ ਦੀ ਗੁਰੂ ਘਰ ਵਿਚ ਅਥਾਹ ਸਰਧਾ ਸੀ ਜੋ ਸਾਧ ਸੰਗਤ ਦੀ ਸੇਵਾ ਲਈ ਹਰ ਸਮੇਂ ਆਪਣਾ ਆਪਾ ਨਿਛਾਵਰ ਕਰਕੇ ਤਨੋ ਮਨੋ ਗੁਰੂ ਜੀ ਦੇ ਪ੍ਰੇਮ ਵਿਚ ਰੰਗਿਆ ਸੀ, ਦਾ ਗੁਰੂ ਜੀ ਨੇ ਕਲਿਆਣ ਕੀਤਾ। ਪਰੰਤੂ ਭਾਈ ਗੁਰਦਾਸ ਨੇ ਇਸ ਦਾ ਵਰਣਨ ਸੰਕੇਤ ਮਾਤਰ ਕੀਤਾ ਹੈ:

> ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।
> ਪੂਰੈ ਸਤਿਗੁਰ ਪੈਜ ਸਵਾਰੀ।[65]

ਬ੍ਰਹਮ ਦਾਸ ਖੋਟੜਾ, ਡੂਗਰਦਾਸ, ਤਕਿਆਰਾ, ਦੀਪਾ, ਜੇਠਾ, ਸਹਾਰੂ ਤੇ ਬੂਲਾ ਸਭ ਗੁਰੂ ਜੀ ਪਾਸ ਆਏ ਇਹ ਸਾਰੇ ਸੱਭਰਵਾਲ ਨਗਰ ਦੇ ਰਹਿਣ ਵਾਲੇ ਸਨ। ਇਹਨਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਉਹਨਾਂ ਨੂੰ ਕਾਰਜਸ਼ੀਲ ਜੀਵਨ ਜਿਊਣ ਲਈ ਕੀ ਕਰਨਾ ਚਾਹੀਦਾ ਹੈ। ਗੁਰੂ ਜੀ ਨੇ ਉਹਨਾਂ ਨੂੰ ਮਨ ਵਿਚੋਂ ਹੰਕਾਰ ਤਿਆਗਣ, ਸਾਧ ਸੰਗਤ ਕਰਨ, ਵਾਹਿਗੁਰੂ ਦਾ ਨਾਮ ਜਪਣ, ਸਾਧ ਸੰਗਤ ਦੀ ਸੇਵਾ ਕਰਨ ਤੇ ਸੱਚ ਬੋਲਣ ਦਾ ਮਹੱਤਵ ਸਮਝਾਉਂਦੇ ਹੋਏ ਇਨ੍ਹਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਦਾ ਉਪਦੇਸ਼ ਦਿੱਤਾ ਤੇ ਕਾਰਜਸ਼ੀਲ ਜੀਵਨ ਜਿਊਣ ਦੀ ਜਾਚ ਦੱਸੀ।

> ਬਰ੍ਹਮਦਾਸ ਹੈ ਖੋਟੜਾ ਡੂੰਗੁਰਦਾਸੁ ਭਲੇ ਤਕਿਆਰਾ।
> ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ।[66]

ਇਸੇ ਤਰ੍ਹਾਂ ਬਾਲਾ ਤੇ ਕਿਸਨਾ ਦੋਵੇ ਝੰਗੜ ਜਾਤ ਦੇ ਸਭਨਾਂ ਨੂੰ ਉਪਦੇਸ਼ ਦੇਣ ਵਾਲੇ ਪੰਡਿਤ ਸਨ। ਜਦੋਂ ਉਹਨਾਂ ਨੇ ਆਪਣੀ ਮਾਨਸਿਕ ਭਟਕਣਾ ਬਾਰੇ ਦੱਸਿਆ ਤਾਂ ਗੁਰੂ ਜੀ ਨੇ ਸਮਝਾਇਆ ਕਿ ਉਹਨਾਂ ਨੂੰ ਆਪਣੇ ਮਨ ਨੂੰ ਸਾਧਣ ਦੀ ਲੋੜ ਹੈ, ਜੋ ਗੱਲਾਂ ਦਾ ਉਹ ਉਪਦੇਸ਼ ਦਿੰਦੇ ਹਨ ਉਹਨਾਂ ਨੂੰ ਅਪਣਾਉਣ ਤਾਂ ਹੀ ਉਹਨਾਂ ਨੂੰ ਸ਼ਾਂਤੀ ਪ੍ਰਾਪਤ ਹੋਵੇਗੀ। ਇਸ ਪ੍ਰਕਾਰ ਉਹਨਾਂ ਦਾ ਜੀਵਨ ਵੀ ਸਚਿਆਰਾ ਹੋਇਆ।

ਬਾਲਾ ਕਿਸਨਾ ਝਿੰਗਰਣਿ ਪੰਡਿਤ ਰਾਇ ਸਭਾ ਸੀਗਾਰਾ।[67]

ਭਾਈ ਦੀਪਾ ਕਾਸਰਾ ਗੁਰੂ ਅਰਜਨ ਦੇਵ ਜੀ ਦਾ ਹਜ਼ੂਰੀ ਸਿੱਖ ਤੇ ਹਰਮਨ ਪਿਆਰਾ ਮਸੰਦ ਸੀ। ਉਹ ਗੁਰੂ ਜੀ ਤੇ ਉਹਨਾਂ ਦੇ ਸਿੱਖਾਂ ਦੀ ਸੇਵਾ ਕਰਦਾ ਸੀ। ਜੋ ਸਿੱਖ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ ਉਹਨਾਂ ਲਈ ਭੋਜਨ ਤਿਆਰ ਕਰਦਾ ਆਪ ਉਹਨਾਂ ਦੀ ਜੂਠ ਨਾਲ ਗੁਜਾਰਾ ਕਰਦਾ, ਸਿੱਖਾਂ ਦੀ ਸੇਵਾ ਕਰਦਾ ਅਤੇ ਇਸ਼ਨਾਨ ਕਰਨ ਲਈ ਉਹਨਾਂ ਨੂੰ ਗਰਮ-ਪਾਣੀ ਵੀ ਮੁਹੱਈਆ ਕਰਵਾਉਂਦਾ ਸੀ। ਗੁਰੂ ਜੀ ਨੇ ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਕਿਹਾ ਕਿ ਜਿਵੇਂ ਇਕ ਦੀਵਾ ਦੂਜੇ ਦੀਵੇ ਨੂੰ ਪ੍ਰਕਾਸ਼ ਦਿੰਦਾ ਹੈ ਅਤੇ ਅੰਧਕਾਰ ਦੂਰ ਹੋ ਜਾਂਦਾ ਹੈ ਉਸੇ ਪ੍ਰਕਾਰ ਸੇਵਾ ਦੁਆਰਾ ਦੀਪੇ ਨੂੰ ਗਿਆਨ ਰੂਪੀ ਚਾਨਣ ਦੀ ਸੋਝੀ ਹੋਈ ਹੈ ਤੇ ਉਸਦਾ ਜੀਵਨ ਸਫ਼ਲ ਹੋ ਗਿਆ ਹੈ।

ਦੀਪਕੁ ਦੀਪਾ ਕਾਸਰਾ ਗੁਰੁ ਦੁਆਰੈ ਹੁਕਮੀ ਬੰਦਾ।[68]

ਕਾਲੂ ਤੇ ਨਾਨੂ ਦੋ ਭਰਾ ਜੋ ਕਿ ਰਾਜਗਿਰੀ ਦਾ ਕੰਮ ਕਰਦੇ ਸਨ ਆਪਣੇ ਸ਼ੰਕੇ ਦੀ ਨਿਵਰਤੀ ਲਈ ਗੁਰੂ ਅਰਜਨ ਦੇਵ ਜੀ ਪਾਸ ਆਏ ਉਹਨਾਂ ਨੇ ਕਿਹਾ ਕਿ ਇਕ ਵਿਅਕਤੀ ਦਾ ਤਾਂ ਗੁਰੂ ਸ਼ਬਦ ਸੁਣ ਕੇ ਭਲਾ ਹੋ ਜਾਂਦਾ ਹੈ ਉਹ ਚੰਗੇ ਕੰਮਾਂ ਨੂੰ ਜੀਵਨ ਵਿਚ ਧਾਰਨ ਕਰ ਲੈਂਦਾ ਹੈ ਪਰ ਦੂਜਾ ਹੀ ਵਿਅਕਤੀ ਗੁਰੂ ਦਾ ਸ਼ਬਦ ਸੁਣ ਕੇ ਵੀ ਮਾੜੇ ਕੰਮਾਂ ਵਿਚ ਖਚਿਤ ਰਹਿੰਦਾ ਹੈ ਇਹ ਅੰਤਰਿ ਕਿਉਂ ਹੁੰਦਾ ਹੈ? ਗੁਰੂ ਜੀ ਨੇ ਉਹਨਾਂ ਦੇ ਸ਼ੰਕਿਆਂ ਨੂੰ ਦੂਰ ਕਰਦੇ ਹੋਏ ਉਪਦੇਸ਼ ਦਿੱਤਾ ਕਿ ਜੋ ਭਾਵਆਤਮਿਕ ਤੌਰ ਤੇ ਗੁਰੂ ਨਾਲ ਜੁੜਦੇ ਹਨ, ਗੁਰੂ ਦੇ ਉਪਦੇਸ਼ ਨੂੰ ਮਨ ਵਿਚ

ਵਸਾਉਂਦੇ ਹਨ, ਪਰਮਾਤਮਾ ਦਾ ਨਾਮ ਜਪਦੇ ਹਨ, ਨਿਮਰਤਾ ਗ੍ਰਹਿਣ ਕਰਦੇ ਹਨ, ਉਹਨਾਂ ਨੂੰ ਹੀ ਜੀਵਨ ਜਿਊਣ ਦੀ ਜਾਚ ਆਉਂਦੀ ਹੈ। ਉਹਨਾਂ ਦੇ ਇਹ ਉਪਦੇਸ਼ ਸੁਣ ਕੇ ਉਹ ਉਹਨਾਂ ਦੇ ਪੱਕੇ ਸ਼ਰਧਾਲੂ ਬਣ ਗਏ।

ਕਾਲੂ ਨਾਨੋ ਰਾਜ ਦੁਇ ਹਾੜੀ ਕੋਹਲੀਆ ਵਿਚਿ ਭਾਰੀ।[69]

ਭਾਈ ਜਟੂ ਤਪਾ ਜੌਨਪੁਰ ਵਿਚ ਰਹਿੰਦਾ ਸੀ। ਗੁਰੂ ਹਰਗੋਬਿੰਦ ਜੀ ਦੀ ਸ਼ਰਨ ਆਇਆ ਅਰਦਾਸ ਕੀਤੀ ਕਿ ਮੇਰਾ ਕਲਿਆਣ ਕਰੋ ਤਾਂ ਗੁਰੂ ਜੀ ਨੇ ਉਪਦੇਸ਼ ਦਿੱਤਾ 'ਵਾਹਿਗੁਰੂ' ਨੂੰ ਆਪਣੇ ਹਿਰਦੇ ਵਿਚ ਵਸਾ, ਪਾਪਾਂ ਦਾ ਤਿਆਗ ਕਰ, ਮਨ ਇਕਾਗਰ ਕਰ, ਰੱਬੀ ਗਿਆਨ ਦੀ ਪ੍ਰਾਪਤੀ ਕਰ, ਸਭ ਕੁੱਝ ਪਰਮਾਤਮਾ ਦੇ ਨਾਮ ਨਾਲ ਹੀ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਉਹਨੂੰ ਵੀ ਜੀਵਨ ਦੀ ਉਪਯੋਗਤਾ ਦਾ ਗਿਆਨ ਹੋਇਆ।

ਜਟੂ ਤਪਾ ਸੁ ਜੌਨ ਪੁਰਿ ਗੁਰਮਤਿ ਨਿਹਚਲ ਸੇਵ ਕਮਾਣੀ।[70]

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤੱਕ ਦੇ ਸਿੱਖਾਂ ਦੇ ਨਾਮਾਂ ਅਤੇ ਧਰਮਾਂ ਸੰਬੰਧੀ ਇਸ ਵਾਰ ਵਿਚ ਸੂਚੀ ਸ਼ਾਮਿਲ ਹੈ ਅਤੇ ਇਸ ਸੂਚੀ ਵਿਚ ਸ਼ਾਮਿਲ ਇਹ ਸਿੱਖ ਗੁਰੂਆਂ ਦੇ ਅਤਿ ਹਰਮਨ ਪਿਆਰੇ ਅਤੇ ਨਿਕਟਵਰਤੀ ਸਨ। ਇਹਨਾਂ ਦੇ ਜੀਵਨ ਨੂੰ ਗੁਰੂਆਂ ਨੇ ਉਪਦੇਸ਼ ਦੇ ਕੇ ਸਾਧਿਆ ਅਤੇ ਸਿੱਖੀ ਦੇ ਅਥਾਹ ਸਮੁੰਦਰ ਵਿਚ ਪ੍ਰਵੇਸ ਕਰਵਾਉਦੇ ਹੋਏ ਉਹਨਾਂ ਦੀਆਂ ਜਾਤਾਂ ਗੋਤਾਂ ਦੀ ਹੋਂਦ ਖ਼ਤਮ ਕਰਕੇ ਉਹਨਾਂ ਨੂੰ ਇਕ ਉੱਤਮ ਇਨਸਾਨ ਬਣਾਇਆ। ਇਹਨਾਂ ਨੂੰ ਗੁਰਸਿੱਖੀ ਦਾ ਜਾਮਾ ਪਹਿਨਾਉਣ ਲਈ ਅਤੇ ਉੱਚ ਕੋਟੀ ਦਾ ਆਚਰਣ ਬਣਾਉਣ ਲਈ ਗੁਰੂਆਂ ਨੇ ਉਹਨਾਂ ਦੇ ਜੀਵਨ ਦਾ ਮਾਰਗ ਦਰਸ਼ਨ ਕੀਤਾ। ਪਰੰਤੂ ਭਾਈ ਗੁਰਦਾਸ ਨੇ ਉਹਨਾਂ ਦੀਆਂ ਯੋਗ ਅਗਵਾਈ ਦੀਆਂ ਘਟਨਾਵਾਂ ਜੋ ਕਾਫੀ ਵਿਸ਼ਾਲ ਹਨ, ਨੂੰ ਬਿਆਨਣ ਦੀ ਥਾਂ ਤੇ ਸਿੱਖੀ ਦੇ ਵਿਸ਼ਾਲ ਘੇਰੇ ਨੂੰ, ਗੁਰੂਆਂ ਦੇ ਅਸ਼ੀਰਵਾਦ ਦੁਆਰਾ ਜਿਹਨਾਂ ਨੇ ਆਪਣਾ ਜੀਵਨ ਸਫ਼ਲਾ ਕੀਤਾ ਉਹਨਾਂ ਦਾ ਬਿਆਨ ਕਰਨਾ ਉਚਿੱਤ ਸਮਝਿਆ ਤਾਂ ਕਿ ਗੁਰੂ ਘਰ ਦੇ ਸ਼ਰਧਾਲੂਆਂ ਦੀ ਪੂਰੀ ਜਾਣਕਾਰੀ ਲੋਕਾਂ ਕੋਲ ਪਹੁੰਚੇ। ਡਾ. ਜਸਵੰਤ ਬੇਗੋਵਾਲ ਵੀ ਇਸੇ

ਵਿਚਾਰ ਦਾ ਪ੍ਰਗਟਾਵਾ ਕਰਦੇ ਹੋਏ ਲਿਖਦੇ ਹਨ ਕਿ “ਇਸ ਵਾਰ ਦਾ ਇਤਿਹਾਸਕ ਪੱਖੋਂ ਇਸ ਕਰਕੇ ਮਹੱਤਵ ਹੈ ਕਿਉਂਕਿ ਇਹ ਵਾਰ ਗੁਰੂ ਘਰ ਦੇ ਸ਼ਰਧਾਲੂਆਂ ਦੀ ਐਨੀ ਵਿਸਤ੍ਰਿਤ ਜਾਣਕਾਰੀ ਦਿੰਦੀ ਹੈ ਕਿ ਸ਼ਾਇਦ ਇਤਿਹਾਸ ਵਿਚ ਇਹ ਜਾਣਕਾਰੀ ਨਾਂਹ ਦੇ ਬਰਾਬਰ ਹੀ ਹੈ।”[71]

ਇਸ ਵਾਰ ਵਿਚ ਜਾਤਾਂ ਗੋਤਾਂ ਦਾ ਵਰਣਨ ਇਸ ਗੱਲ ਨਾਲ ਸੰਬੰਧ ਰੱਖਦਾ ਹੈ ਕਿ ਵੱਖ-ਵੱਖ ਜਾਤਾਂ ਵਿਚ ਭਾਵੇਂ ਨਿਮਨ ਜਾਤੀ ਤੇ ਭਾਵੇਂ ਕੁਲੀਨ ਜਾਤੀ ਦੇ ਲੋਕ ਹੋਣ ਇਨ੍ਹਾਂ ਵਿਚ ਸਿੱਖੀ ਦਾ ਫੈਲਾਅ ਬਿਨਾਂ ਕਿਸੇ ਵਰਗ ਵੰਡ ਤੋਂ ਹੋਇਆ ਸੀ ਅਤੇ ਇਸ ਦਾ ਪਾਸਾਰ ਕਿਸੇ ਛੋਟੇ ਜਿਹੇ ਇਲਾਕੇ ਵਿਚ ਨਹੀਂ ਸਗੋਂ ਸਾਰੇ ਦੇਸ਼ ਵਿਚ ਫੈਲ ਗਿਆ ਸੀ। ਸੋ ਇਸ ਤਰ੍ਹਾਂ ਸਿੱਖੀ ਦੇ ਵਿਸ਼ਾਲ ਸੰਕਲਪ ਅਤੇ ਸਿੱਖ ਧਰਮ ਦੇ ਫੈਲਾਅ ਦੇ ਇਤਿਹਾਸ ਨੂੰ ਭਾਈ ਸਾਹਿਬ ਨੇ ਬੜੇ ਹੀ ਸੰਜਮੀ ਬਿਰਤਾਂਤ ਦੁਆਰਾ ਪ੍ਰਸਤੁਤ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਜਸਵੰਤ ਬੇਗੋਵਾਲ, ***ਭਾਈ ਗੁਰਦਾਸ ਜੀ ਦਾ ਵਾਰ-ਸੰਸਾਰ***, ਪੰਨਾ 65
2. ਡਾ. ਬਲਕਾਰ ਸਿੰਘ, ***ਗੁਰਮਤਿ ਵਿਵੇਚਨ***, ਪੰਨਾ 103
3. ਭਾਈ ਕਾਨ੍ਹ ਸਿੰਘ ਨਾਭਾ, ***ਗੁਰਮਤਿ ਸੁਧਾਕਰ***, ਪੰਨਾ 86
4. ਭਾਈ ਵੀਰ ਸਿੰਘ, ***ਕਬਿਤ ਭਾਈ ਗੁਰਦਾਸ,*** ਪੰਨਾ 42
5. Sewa Ram Singh, ***The Divine Master***, page 16
6. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 16
7. ਸੰਤ ਸਿੰਘ ਸੇਖੋਂ, ***ਭਾਈ ਗੁਰਦਾਸ ਇਕ ਅਧਿਐਨ***, ਪੰਨਾ 94
8. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 211
9. ਉਹੀ, ਪੰਨਾ 213
10. ਉਹੀ, ਪੰਨਾ 218
11. ਉਹੀ, ਪੰਨਾ 214
12. ਉਹੀ, ਪੰਨਾ 218
13. ਉਹੀ, ਪੰਨਾ 218
14. ਉਹੀ, ਪੰਨਾ 219
15. ਡਾ. ਜਸਵੰਤ ਬੇਗੋਵਾਲ, ***ਭਾਈ ਗੁਰਦਾਸ ਦਾ ਵਾਰ ਸੰਸਾਰ***, ਪੰਨਾ 29
16. ਡਾ. ਜਗਬੀਰ ਸਿੰਘ, ***ਗੁਰਮਤਿ ਕਾਵਿ ਦਾ ਇਤਿਹਾਸ,*** ਪੰਨਾ 42
17. ***ਹਿੰਦੀ ਸਾਹਿਤਯ ਕੋਸ਼***, ਭਾਗ ਇਕ, ਪੰਨਾ 193
18. ਡਾ. ਜਗਬੀਰ ਸਿੰਘ, ***ਗੁਰਮਤਿ ਕਾਵਿ ਦਾ ਇਤਿਹਾਸ,*** ਪੰਨਾ 43

19. ਡਾ. ਗੁਰਬਖ਼ਸ ਸਿੰਘ ਸ਼ਾਂਤ, ***ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ***, ਪੰਨਾ 220

20. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 476

21. ਉਹੀ, ਪੰਨਾ 215

22. ਡਾ. ਗੁਰਬਖ਼ਸ ਸਿੰਘ ਸ਼ਾਂਤ, ***ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ***, ਪੰਨਾ 222

23. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 46

24. ਉਹੀ, ਪੰਨਾ 55

25. ਉਹੀ, ਪੰਨਾ 46

26. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 218

27. ਉਹੀ, ਪੰਨਾ 220

28. ਉਹੀ, ਪੰਨਾ 234

29. ਡਾ. ਸਤਿੰਦਰ ਸਿੰਘ, ***ਵਿਹਾਰਕ ਸਮੀਖਿਆ: ਕਵਿਤਾ ਤੇ ਵਾਰਤਕ***, ਪੰਨਾ 80

30. ਡਾ. ਰਤਨ ਸਿੰਘ ਜੱਗੀ, ***ਭਾਈ ਗੁਰਦਾਸ,*** ਪੰਨਾ 121

31. ਪ੍ਰੋ. ਰਾਮ ਸਿੰਘ, ***ਗੁਰੂ ਨਾਨਕ ਦੀ ਸੁਹਜ ਕਲਾ***, ਪੰਨਾ 131

32. ਡਾ. ਜਸਵੰਤ ਬੇਗੋਵਾਲ, ***ਭਾਈ ਗੁਰਦਾਸ ਜੀ ਦਾ ਵਾਰ ਸੰਸਾਰ***, ਪੰਨਾ 38

33. ਡਾ. ਗੁਰਚਰਨ ਸਿੰਘ ਅਰਸ਼ੀ, ***ਬਿਰਤਾਂਤ ਸ਼ਾਸਤਰ ਤੇ ਪੰਜਾਬੀ ਚਿੰਤਨ***, ਪੰਨਾ 160

34. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 215

35. ਉਹੀ, ਪੰਨਾ 215

36. ਉਹੀ, ਪੰਨਾ 219

37. ***ਆਦਿ ਗ੍ਰੰਥ***, ਪੰਨਾ 1

38. ਉਹੀ, ਪੰਨਾ 1035

39. ਉਹੀ, ਪੰਨਾ 772

40. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 214

41. ਉਹੀ, ਪੰਨਾ 211

42. ਉਹੀ, ਪੰਨਾ 33

43. ਭਾਈ ਕਾਨ੍ਹ ਸਿੰਘ ਨਾਭਾ, ***ਗੁਰਸ਼ਬਦ ਰਤਨਾਕਰ, ਮਹਾਨ ਕੋਸ਼,*** ਪੰਨਾ 311

44. ਸੰਤ ਸਿੰਘ ਸੇਖੋਂ, ***ਭਾਈ ਗੁਰਦਾਸ ਇਕ ਅਧਿਐਨ***, ਪੰਨਾ 27

45. Dr. Surinder Singh Kohli,***Sikh Ethics***, page 80

46. ਕਰਤਾਰ ਸਿੰਘ, ***ਸਿੱਖ ਇਤਿਹਾਸ,*** ਭਾਗ ਦੂਜਾ, ਪੰਨਾ 18

47. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 211

48. ਉਹੀ, ਪੰਨਾ 212

49. ਉਹੀ, ਪੰਨਾ 215

50. ਉਹੀ, ਪੰਨਾ 217

51. ਉਹੀ, ਪੰਨਾ 218

52. ਉਹੀ, ਪੰਨਾ 214

53. ਉਹੀ, ਪੰਨਾ 220

54. ਉਹੀ, ਪੰਨਾ 220

55. ਡਾ. ਗੁਰਬਖ਼ਸ਼ ਸਿੰਘ ਸ਼ਾਂਤ, ***ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ***, ਪੰਨਾ 200

56. ਡਾ. ਦੀਵਾਨ ਸਿੰਘ, ***ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ***, ਪੰਨਾ 107

57. ਡਾ. ਗੁਰਬਖਸ਼ ਸਿੰਘ ਸ਼ਾਂਤ, ***ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ***, ਪੰਨਾ 14

58. ਡਾ. ਸੁਤਿੰਦਰ ਸਿੰਘ ਨੂਰ, ***ਪੰਜਾਬੀ ਵਾਰ ਕਾਵਿ ਦਾ ਇਤਿਹਾਸ,*** ਪੰਨਾ 521

59. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 222

60. ਡਾ. ਜਸਵੰਤ ਬੇਗੋਵਾਲ, ***ਭਾਈ ਗੁਰਦਾਸ ਜੀ ਦਾ ਵਾਰ ਸੰਸਾਰ***, ਪੰਨਾ 33

61. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 221

62. ਉਹੀ, ਪੰਨਾ 221

63. ਉਹੀ, ਪੰਨਾ 222

64. ਉਹੀ, ਪੰਨਾ 223

65. ਉਹੀ, ਪੰਨਾ 223

66. ਉਹੀ, ਪੰਨਾ 224

67. ਉਹੀ, ਪੰਨਾ 225

68. ਉਹੀ, ਪੰਨਾ 228

69. ਉਹੀ, ਪੰਨਾ 230

70. ਉਹੀ, ਪੰਨਾ 234

71. ਡਾ. ਜਸਵੰਤ ਬੇਗੋਵਾਲ, ***ਭਾਈ ਗੁਰਦਾਸ ਜੀ ਦਾ ਵਾਰ ਸੰਸਾਰ***, ਪੰਨਾ 30

## ਅਧਿਆਇ ਪੰਜਵਾਂ

*

*

*

# ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਬਿਰਤਾਂਤਕ-ਅਰਥ ਵਿਉਂਤ

(ੳ) ਇਕਾਲਕ ਅਤੇ ਪਾਰਗਾਮੀ ਸੰਦਰਭਾਂ ਦਾ ਸੁਮੇਲ

(ਅ) ਦੂਹਰੀ ਅਰਥ-ਸਿਰਜਣ ਪ੍ਰਕਿਰਿਆ

(ੲ) ਸਿੱਖ ਅਤੇ ਗੁਰੂ ਦੇ ਆਪਸੀ ਰਿਸ਼ਤੇ ਦੀ ਰੂਪ-ਵਿਧੀ

## ਅਧਿਆਇ ਪੰਜਵਾਂ

# ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਬਿਰਤਾਂਤਕ ਅਰਥ ਵਿਉਂਤ

ਭਾਈ ਗੁਰਦਾਸ ਦੀ ਕਾਵਿ-ਰਚਨਾ ਸਾਹਿਤਕ ਗੁਣਾਂ ਦੀ ਕਸਵੱਟੀ ਤੇ ਖਰੀ ਉਤਰਦੀ ਹੈ। ਉਨ੍ਹਾਂ ਨੂੰ ਭਾਸ਼ਾ ਉੱਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ। ਉਨ੍ਹਾਂ ਦਾ ਦਰਸ਼ਨ ਕਿਤੇ ਵੀ ਕਵਿਤਾ ਉੱਤੇ ਭਾਰੂ ਨਹੀਂ ਹੁੰਦਾ। ਉਹਨਾਂ ਦੀ ਰਚਨਾ ਵਿਚਲੀ ਬਿੰਬਾਂ ਦੀ ਬਹੁਲਤਾ ਦੇ ਕਾਰਨ ਰਚਨਾ ਵਿਚ ਸੱਜਰਾਪਨ ਕਾਇਮ ਰਹਿੰਦਾ ਹੈ। ਭਾਈ ਗੁਰਦਾਸ ਦੀ ਹਰ ਵਾਰ, ਮਾਲਾ ਦੇ ਭਿੰਨ-ਭਿੰਨ ਮਣਕਿਆਂ ਵਾਂਗ ਇਕ ਵੱਖਰੀ ਹਸਤੀ ਵੀ ਰੱਖਦੀ ਹੈ ਜਿਵੇਂ ਮਾਲਾ ਦੇ ਮਣਕਿਆਂ ਦਾ ਅਗਲੇ ਅਤੇ ਪਿਛਲੇ ਮਣਕੇ ਨਾਲ ਅਟੁੱਟ ਸੰਬੰਧ ਹੁੰਦਾ ਹੈ ਅਤੇ ਮਾਲਾ ਇਕ ਸੰਪੂਰਨ ਇਕਾਈ ਹੁੰਦਿਆਂ ਵੀ ਆਪਣੀ ਇਕ ਵਿਸ਼ੇਸ਼ ਵਿਲੱਖਣਤਾ ਰੱਖਦੀ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਦੀਆਂ ਵਾਰਾਂ ਵੀ ਇਕ ਦੂਜੀ ਨਾਲ ਅਨੁਭਵ ਅਤੇ ਵਿਚਾਰਕ ਪੱਖ ਤੋਂ ਅੰਤਰ-ਸੰਬੰਧਿਤ ਹਨ। ਸੰਪੂਰਨ ਵਾਰਾਂ ਵਿਚੋਂ ਗਿਆਰਵੀਂ ਵਾਰ ਦਾ ਵਿਸ਼ੇਸ਼ ਸਥਾਨ ਹੈ ਅਤੇ ਇਹ ਇਕ ਵਿਸ਼ੇਸ਼ ਵਿਚਾਰਧਾਰਾ ਦੇ ਸੂਤਰ ਨਾਲ ਇਕ ਇਕਾਈ ਵਿਚ ਬੱਝੀ ਹੋਈ ਹੈ। ਭਾਈ ਗੁਰਦਾਸ ਦੀਆਂ ਸਮੁੱਚੀਆਂ ਵਾਰਾਂ ਦੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਕਰਦੀ ਹੋਈ ਲੋਕ ਮੁਹਾਵਰੇ ਰਾਹੀਂ ਇਸ ਦਾ ਸੰਦੇਸ਼ ਜਨ-ਸਧਾਰਨ ਤੱਕ ਸੰਚਾਰ ਕਰਦੀ ਹੈ। "ਗੁਰਬਾਣੀ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਧਾਰਮਿਕ ਅਨੁਭਵ ਅਤੇ ਬੋਧ ਨੂੰ ਕਾਵਿਕ ਸੰਗਠਨ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਨ ਵਲ ਰੁਚਿਤ ਹੁੰਦੀ ਹੈ। ਇਹ ਮਨੁੱਖੀ ਜੀਵਨ ਦੇ ਹੋਂਦ-ਮੁਖੀ ਮਸਲਿਆਂ ਅਤੇ ਸਰੋਕਾਰਾਂ ਨੂੰ ਅਧਿਆਤਮ-ਚਿੰਤਨ ਅਤੇ ਚੇਤਨਾ ਦੇ ਹਵਾਲੇ ਨਾਲ ਪ੍ਰਸਤੁਤ ਕਰਦੀ ਹੈ ਅਤੇ ਯਥਾਰਥ ਨੂੰ ਪਰਮਾਰਥ ਦੇ ਰੂਪ ਵਿਚ ਪਰਿਭਾਸ਼ਿਤ ਕਰਨ ਦਾ ਉਪਰਾਲਾ ਕਰਦੀ ਹੈ। ਇਉਂ ਇਸਦਾ ਸਿਰਜਿਤ ਸੰਸਾਰ ਅਰਥਾਂ ਦਾ ਅਜਿਹਾ ਬਹੁ-ਬਚਨੀ (Plural) ਪ੍ਰਬੰਧ ਉਸਾਰਦਾ ਹੈ ਜਿਸ ਦੀਆਂ ਤੰਦਾਂ

ਸਮਕਾਲੀ ਧਰਮ, ਦਰਸ਼ਨ, ਸਮਾਜ ਅਤੇ ਸਭਿਆਚਾਰ ਨਾਲ ਜਾ ਜੁੜਦੀਆਂ ਹਨ।"[1] ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ਾ-ਵਸਤੂ ਮੁੱਖ ਤੌਰ ਤੇ ਗੁਰਬਾਣੀ ਵਾਲਾ ਹੈ। ਵਾਰਾਂ ਦੀ ਵਿਆਖਿਆਤਮਕ ਸ਼ੈਲੀ ਇਸ ਨੂੰ ਵਿਸ਼ੇਸ਼ ਵਿਲੱਖਣਤਾ ਪ੍ਰਦਾਨ ਕਰਦੀ ਹੈ। ਭਾਈ ਗੁਰਦਾਸ ਦਾ ਵਿਚਾਰ-ਪ੍ਰਸਤੁਤੀ ਢੰਗ ਵੀ ਰੌਚਕ ਹੈ। ਕਿਸੇ ਗੱਲ ਨੂੰ ਸਮਝਾਉਣ ਜਾਂ ਵਿਚਾਰ ਨੂੰ ਸਿੱਧ ਕਰਨ ਲਈ ਪਹਿਲਾਂ ਜੀਵਨ ਵਿਚ ਦ੍ਰਿਸ਼ਟਮਾਨ, ਵਰਤੀਂਦੀਆਂ ਚੀਜ਼ਾਂ ਅਤੇ ਉਨ੍ਹਾਂ ਦੇ ਸੁਭਾਅ ਦੀਆਂ ਮਿਸਾਲਾਂ ਦਿੰਦੇ ਹੋਏ ਅਖੀਰ ਵਿਚ ਤੱਤ ਕੱਢ ਕੇ ਆਪਣੀ ਮਨੋਰਥ ਸਿੱਧੀ ਕਰਦੇ ਹਨ।

ਭਾਈ ਗੁਰਦਾਸ ਨੇ ਇਸ ਵਾਰ ਵਿਚ ਪ੍ਰਸਿੱਧ ਸਿੱਖਾਂ ਦੀ ਭਗਤੀ ਭਾਵਨਾ ਅਤੇ ਸੇਵਾ ਭਾਵਨਾ ਨੂੰ ਅਭਿਵਿਅਕਤ ਕਰਨ ਵਿਚ ਬਹੁਤ ਹੀ ਸੰਜਮ ਤੋਂ ਕੰਮ ਲਿਆ ਹੈ। ਇਸ ਵਾਰ ਵਿਚ ਇਤਿਹਾਸਕ ਛੋਹਾਂ ਹਨ ਜੋ ਕਲਪਨਾ ਦੇ ਰੰਗ ਵਿਚ ਲਬਰੇਜ਼ ਹੋ ਕੇ ਕਵਿਤਾ ਦੇ ਚਿਤਰਪੱਟ ਤੇ ਸੁਭਾਇਮਾਨ ਹੋਈਆਂ ਹਨ। ਪਹਿਲੀਆਂ ਬਾਰ੍ਹਾਂ ਪਉੜੀਆਂ ਵਿਚ ਇਕ ਆਦਰਸ਼ ਗੁਰਸਿੱਖ ਦੀ ਸਖ਼ਸੀਅਤ ਅਤੇ ਗੁਰੂ ਰਾਹ 'ਤੇ ਚਲਦਿਆਂ ਉਸ ਵਿਚ ਆਤਮਸਾਤ ਹੋਏ ਭਾਉ-ਭਗਤੀ ਜਾਂ ਪ੍ਰੇਮ ਭਗਤੀ, ਨਾਮ-ਸਾਧਨਾ, ਸ਼ਬਦ-ਸੁਰਤ ਸਾਧਨਾ ਆਦਿ ਗੁਣਾਂ ਨਾਲ ਭਰਪੂਰ ਦੈਵੀ-ਰੂਹ ਸਾਡੇ ਸਨਮੁੱਖ ਦ੍ਰਿਸ਼ਟੀਗੋਚਰ ਹੁੰਦੀ ਹੈ। ਸਿੱਖੀ-ਸਾਧਨਾ ਵਿਚ ਭਾਉ-ਭਗਤੀ ਇਕ ਮੌਲਿਕ ਰੂਪ ਧਾਰਨ ਕਰਦੀ ਹੈ ਜਿਹੜਾ ਪੂਰਬ ਪ੍ਰਚਲਿਤ ਵੈਸ਼ਨਵ, ਸੈਵ, ਸੂਫ਼ੀ, ਬੋਧੀ, ਨਿਰਗੁਣ, ਸਰਗੁਣ ਆਦਿ ਧਾਰਾਵਾਂ ਵਿਚੋਂ ਕਿਸੇ ਵਿਚ ਵੀ ਨਹੀਂ ਦੇਖਿਆ ਜਾ ਸਕਦਾ। ਇਸ ਵਾਰ ਦਾ ਅਧਿਐਨ ਕਰਦਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗੁਰਸਿੱਖ/ਜਗਿਆਸੂ ਗੁਰੂ ਦੀ ਸਿੱਖਿਆ ਤੇ ਅਮਲ ਕਰਦਿਆਂ ਸ਼੍ਰਵਣ ਮਨਨ, ਕੀਰਤਨ, ਆਤਮ-ਸਮਰਪਣ, ਹਉਮੈ ਦਾ ਤਿਆਗ, ਮਨ ਮਾਰਨਾ, ਭਾਣਾ ਮੰਨਣਾ, ਹੁਕਮ ਮੰਨਣਾ, ਈਸ਼ਵਰੀ ਭੈ ਨੂੰ ਮਨ ਵਿਚ ਵਸਾਉਣਾ ਆਦਿ ਗੁਣ ਉਸ ਦੀ ਸਖ਼ਸੀਅਤ ਦਾ ਅੰਗ ਬਣ ਜਾਂਦੇ ਹਨ। ਸਮਾਜਕ ਅਤੇ ਆਰਥਿਕ ਸਰੋਕਾਰਾਂ ਨਾਲ ਜੂਝਦਿਆਂ ਗੁਰਸਿੱਖ ਕਦੇ ਵੀ ਨੈਤਿਕਤਾ ਤੋਂ ਬੇਮੁੱਖ ਨਹੀਂ ਹੁੰਦਾ ਸਗੋਂ ਹਰ ਔਕੜ ਦਾ ਮੁਕਾਬਲਾ ਕਰਦਿਆਂ ਗੁਰਦੇਵ ਦੀ ਰਜ਼ਾ ਵਿਚ ਰਹਿੰਦਿਆਂ ਇਨ੍ਹਾਂ ਤੋਂ ਸੁਰਖਰੂ ਹੋ ਕੇ ਨਿਕਲਦਾ ਹੈ। ਭਾਈ

ਗੁਰਦਾਸ ਦੀਆਂ ਵਾਰਾਂ ਦੇ ਨੈਤਿਕ ਸੰਦੇਸ਼ ਦੀ ਚਰਚਾ ਕਰਦਿਆਂ ਡਾ. ਪ੍ਰੀਤਮ ਸਿੰਘ ਭਾਟੀਆ ਲਿਖਦੇ ਹਨ:

> ਭਾਈ ਗੁਰਦਾਸ ਨੂੰ ਸਿਰਫ਼ ਪੰਜਾਬੀ ਵਾਰ ਦਾ ਆਚਾਰਯ ਅਤੇ ਜਨਮਦਾਤਾ ਹੀ ਨਹੀਂ, ਸਗੋਂ ਨੈਤਿਕ ਸਿਧਾਂਤਾਂ ਨੂੰ ਵਾਰ ਕਾਵਿ ਵਿਚ ਜੜ੍ਹ ਸਕਣ ਦੀ ਸੂਝ ਰੱਖਣ ਅਤੇ ਨਵੇਂ ਰਾਹ ਦਰਸਾਣ ਵਾਲਾ ਮਹਾਨ ਸਾਹਿਤਕਾਰ ਕਿਹਾ ਜਾ ਸਕਦਾ ਹੈ।[2]

ਜਿੱਥੇ ਇਹ ਵਾਰ ਨੈਤਿਕ ਕਦਰਾਂ-ਕੀਮਤਾਂ ਨੂੰ ਦ੍ਰਿੜ ਕਰਵਾਉਂਦੀ ਹੈ ਉਥੇ ਸਮਕਾਲੀ ਇਤਿਹਾਸ ਵੀ ਇਸ ਵਿਚ ਬਾਖ਼ੂਬੀ ਸਮੋਇਆ ਹੋਇਆ ਹੈ।

## ਬਿਰਤਾਂਤਕ ਅਰਥ-ਵਿਉਂਤ

ਬਿਰਤਾਂਤ ਸ਼ਾਸਤਰ ਸਾਰੇ ਕਿਸਮ ਦੀ ਗੰਭੀਰ ਚਰਚਾ ਕਰਨ ਤੋਂ ਪਹਿਲਾਂ ਬਿਰਤਾਂਤ (Narrative) ਦੇ ਸੰਕਲਪ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ। ਬਿਰਤਾਂਤ ਨਿਤ ਵਰਤੋਂ ਦਾ ਸਾਧਾਰਨ ਸ਼ਬਦ ਨਹੀਂ ਸਗੋਂ ਇਸ ਦਾ ਸੰਬੰਧ ਸਮਕਾਲੀ ਆਲੋਚਨਾ ਦੀ ਤਕਨੀਕੀ ਸ਼ਬਦਾਵਲੀ ਨਾਲ ਹੈ। ਆਮ ਤੌਰ 'ਤੇ ਇਸ ਦੀ ਵਰਤੋਂ ਕਥਾ-ਸਾਹਿਤ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ ਪਰ ਇਸ ਨੂੰ ਨਿਰੋਲ ਕਥਾ ਦਾ ਸਮਾਨਰਥਕ ਨਹੀਂ ਸਮਝਿਆ ਜਾ ਸਕਦਾ। ਬਿਰਤਾਂਤ ਗਾਲਪਨਿਕ ਵੀ ਹੋ ਸਕਦਾ ਹੈ ਅਤੇ ਵਾਸਤਵਿਕ ਵੀ। ਬਿਰਤਾਂਤ ਦੇ ਘੇਰੇ ਵਿਚ ਸਾਹਿਤ ਇਤਿਹਾਸ ਦੀਆਂ ਸਮੂਹ ਸਿਰਜਣਾਵਾਂ ਵੀ ਆ ਜਾਂਦੀਆਂ ਹਨ ਜਿਨ੍ਹਾਂ ਵਿਚ ਕਥਾਕਾਰੀ ਦੀ ਰਚਨਾ-ਵਿਧੀ ਕਾਰਜਸ਼ੀਲ ਹੁੰਦੀ ਹੈ। ਇਥੋਂ ਤਕ ਕਿ ਮਨੁੱਖ ਆਪਣੀ ਵਿਅਕਤੀਗਤ, ਸਭਿਆਚਾਰਕ, ਧਾਰਮਿਕ ਤੇ ਅਧਿਆਤਮਕ ਜਾਂ ਕੌਮੀ ਪਛਾਣ ਉਸਾਰਨ ਲਈ ਸਵੈ-ਬਿਰਤਾਂਤ ਦਾ ਸਹਾਰਾ ਲੈਂਦਾ ਹੈ। ਬਿਰਤਾਂਤ-ਸ਼ਾਸਤਰ ਨੂੰ ਬਿਰਤਾਂਤ ਦਾ ਸਿਧਾਂਤਕ ਵਿਵੇਚਨ ਆਖਿਆ ਜਾ ਸਕਦਾ ਹੈ।

ਬਿਰਤਾਂਤ ਸ਼ਾਸਤਰ ਦੀ ਉਸਾਰੀ ਨੂੰ ਸੰਭਵ ਬਣਾਉਣ ਵਿਚ ਅਨੇਕਾਂ ਸਮਕਾਲੀ ਚਿੰਤਕਾਂ ਨੇ ਭਰਪੂਰ ਯੋਗਦਾਨ ਦਿੱਤਾ ਹੈ। ਇਹਨਾਂ ਸਮੂਹ ਚਿੰਤਕਾਂ ਨੇ ਬਿਰਤਾਂਤ ਦੇ ਸਿਧਾਂਤਕ ਅਤੇ ਵਿਵਹਾਰਕ ਅਧਿਐਨ ਨਾਲ ਸੰਬੰਧਿਤ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਹਨ। ਜੇ

ਰੋਲਾਂ ਬਾਰਤ ਦਾ ਪੰਜ-ਮੁੱਖੀ ਕੋਡ ਬਿਰਤਾਂਤ ਦੀ ਬਹੁਵਚਨੀ ਅਰਥ ਧੁਨੀ ਸੁਣਨ ਦਾ ਉਪਰਾਲਾ ਕਰਦਾ ਹੈ ਤਾਂ ਜੇਮਜਨ ਦੀ ਵਿਆਖਿਆ ਵਿਧੀ ਉਨ੍ਹਾਂ ਬਹੁ-ਬਚਨੀ ਅਰਥ ਧੁਨੀਆਂ ਵਿਚੋਂ ਉਭਰਨ ਵਾਲੇ ਵਿਚਾਰਧਾਰਾਈ ਸੰਘਰਸ਼ ਨੂੰ ਮੂਰਤੀਮਾਨ ਕਰਨ ਦਾ ਉਪਰਾਲਾ ਕਰਦੀ ਹੈ। ਕਿਹਾ ਜਾ ਸਕਦਾ ਹੈ ਕਿ ਬਿਰਤਾਂਤ-ਸ਼ਾਸਤਰ ਸਾਹਿਤਕ ਚਿੰਤਨ ਦੀ ਬਿਹਤਰੀਨ ਪ੍ਰਾਪਤੀ ਹੈ। ਬਿਰਤਾਂਤ ਹਰ ਸਭਿਆਚਾਰ ਦੀ ਬੁਨਿਆਦ ਦੇ ਰੂਪ ਵਿਚ ਹੋਂਦਸ਼ੀਲ ਪਹਿਚਾਣ ਸੰਬੰਧੀ ਜਾਣਕਾਰੀ ਨੂੰ ਸਾਂਭ ਕੇ ਰੱਖਦਾ ਹੈ। ਅਜਿਹਾ ਕਰਨ ਸਮੇਂ ਉਸ ਸਮੇਂ ਦੇ ਸਭਿਆਚਾਰ ਨਾਲ ਜੁੜੇ ਹੋਏ ਕੁਝ ਵਿਸਤਾਰ ਦੂਜੇ ਸਭਿਆਚਾਰਾਂ ਦੀ ਵਿਲੱਖਣਤਾ ਦੇ ਸੰਦਰਭ ਵਿਚ ਤਿਆਗਦਾ ਰਹਿੰਦਾ ਹੈ।

ਇਸ ਪਰਿਪੇਖ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦਾ ਬਿਰਤਾਂਤ ਮਨੁੱਖ ਦੇ ਸਮੇਂ ਅਤੇ ਸਥਾਨ ਨਾਲ ਸਿਰਜੇ ਜਾਣ ਵਾਲੇ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਸੰਬੰਧਾਂ ਨੂੰ ਅੰਕਿਤ ਕਰਦਾ ਹੈ। ਬਿਰਤਾਂਤ ਸ਼ਾਸਤਰ ਦਾ ਮਕਸਦ ਬਿਰਤਾਂਤ ਦੇ ਅਜਿਹੇ ਰਚਨਾਕਾਰੀ ਸੰਦਰਭਾਂ ਅਤੇ ਸਰੋਕਾਰਾਂ ਦਾ ਵਿਧੀਗਤ ਵਿਸ਼ਲੇਸ਼ਣ ਕਰਨਾ ਹੈ।

ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਵਿਭਿੰਨ ਪੱਖਾਂ ਦਾ ਬਿਰਤਾਂਤ ਪ੍ਰਸਤੁਤ ਕਰਦਿਆਂ ਵਾਸਤਵਿਕਤਾ ਦਾ ਕੋਈ ਵੀ ਪੱਖ ਅੱਖੋਂ ਪ੍ਰੋਖੇ ਨਹੀਂ ਕਰਦੇ। ਕਾਵਿਮਈ ਨਿਪੁੰਨਤਾ ਗ੍ਰਹਿਣ ਕਰਨ ਲਈ ਕਿਧਰੇ ਕਿਧਰੇ ਬੀਰ-ਰਸ ਨੂੰ ਤਾਂ ਵਰਤੋਂ ਵਿਚ ਲਿਆਉਂਦੇ ਹੀ ਹਨ ਪਰ ਵਿਡੰਬਣਾ ਅਤੇ ਵਿਅੰਗ ਨੂੰ ਵਧ ਵਰਤੋਂ ਵਿਚ ਲਿਆਉਂਦੇ ਹਨ ਜੋ ਵਾਸਤਵਿਕਤਾ ਨੂੰ ਸੰਜੀਵ ਰੱਖਣ ਵਿਚ ਸਹਾਈ ਹੁੰਦੇ ਹਨ। ਵਰਣਨ ਦੇ ਨਾਲ ਸੰਵਾਦ ਦੀ ਵਰਤੋਂ ਵੀ ਉਚਿਤ ਹੋ ਜਾਂਦੀ ਹੈ ਜਿਸ ਨੂੰ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਪ੍ਰਵਾਨਿਤ ਧਾਰਨਾ ਅਨੁਸਾਰ ਵਰਤਿਆ ਹੈ। ਪੰਜਾਬੀ ਸਾਹਿਤ ਵਿਚ ਵਾਰ ਉਹ ਕਾਵਿ-ਵਿਧਾ ਹੈ ਜਿਸ ਦੇ ਬਿਤਰਾਂਤ ਦਾ ਦਾਇਰਾ ਕੇਂਦਰੀ ਥੀਮ ਤੋਂ ਪਾਰ ਜਾਂਦਾ ਹੋਇਆ ਜ਼ਿੰਦਗੀ ਦੇ ਯਥਾਰਥ ਨੂੰ ਵੀ ਉਜਾਗਰ ਕਰਨ ਵਲ ਰੁਚਿਤ ਹੁੰਦਾ ਹੈ। ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਦੁਨਿਆਵੀ ਸੰਕਲਪ ਪੇਸ਼ ਕਰਦਿਆਂ ਇਸ ਨੂੰ ਭਾਈਚਾਰਕ ਜਾਂ ਪਰਿਵਾਰਕ ਪ੍ਰਸੰਗ ਵਿਚ ਸਿਰਜਦਿਆਂ ਸਦਾਚਾਰਕ ਉਪਦੇਸ਼ ਦਿੰਦਿਆਂ

ਅਧਿਆਤਮਿਕਤਾ ਨਾਲ ਜੋੜਦੇ ਹਨ। ਇਤਿਹਾਸਕਤਾ ਦੇ ਪ੍ਰਸੰਗ ਵਿਚ ਅਧਿਆਤਮਿਕ ਸਦਾਚਾਰਕ ਉਪਦੇਸ਼ਾਤਮਕਤਾ ਦਮਨਕਾਰੀ ਸ਼ਕਤੀਆਂ ਦਾ ਵਿਰੋਧ ਕਰਦਿਆਂ ਰਾਜਨੀਤਿਕ ਚੇਤਨਤਾ ਦੇ ਅਰਥਾਂ ਵਿਚ ਤਬਦੀਲ ਹੋ ਜਾਂਦੀ ਹੈ। ਭਾਈ ਗੁਰਦਾਸ ਆਪਣੀਆਂ ਵਾਰਾਂ ਦੀ ਪਿੱਠਭੂਮੀ ਦੇ ਸਰੋਕਾਰਾਂ ਦੀ ਪਛਾਣ ਕਰਦਿਆਂ ਇਸ ਦੇ ਸੰਦਰਭ ਦੀਆਂ ਵਿਭਿੰਨ ਪਰਤਾਂ ਉਜਾਗਰ ਕਰਦਿਆਂ ਇਸ ਦਾ ਕੋਈ ਉਚਿਤ ਸਮਾਧਾਨ ਪ੍ਰਸਤੁਤ ਕਰਨ ਹਿਤ ਆਪਣੀ ਕਾਵਿ ਸਮਰੱਥਾ ਅਰਪਣ ਕਰ ਦਿੰਦੇ ਹਨ। ਆਤਮ ਚਿੰਤਨ ਵਿਧੀ ਰਾਹੀਂ ਸਮਾਧਾਨ ਦੇ ਅੰਤਿਮ ਪੜਾਅ ਤੇ ਪਹੁੰਚ ਕੇ ਵਾਰ ਕਾਵਿ ਦੀ ਉਪਦੇਸ਼ਾਤਮਕ ਅਰਥ-ਵਿਉਂਤ, ਮਨੁੱਖ ਨੂੰ ਦਰਪੇਸ਼ ਸਥਿਤੀਆਂ ਨਾਲ ਜੂਝਣ ਦੇ ਧਾਰਮਿਕ ਮਹੱਤਵ ਨੂੰ ਨਿਸਚਿਤ ਪਰਿਪੇਖ ਵਿਚ ਢਾਲਣ ਦੇ ਸਮਰੱਥ ਹੁੰਦੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਨੁੱਖੀ ਸਰੋਕਾਰ ਅਤੇ ਸਮਾਜਕ ਵਰਤਾਰਾ ਇਕ ਕੇਂਦਰੀ ਬਿੰਦੂ ਬਣ ਕੇ ਉਭਰਦਾ ਹੈ। ਇਨ੍ਹਾਂ ਵਾਰਾਂ ਵਿਚ ਲੋਕ-ਚੇਤਨ ਵਿਚ ਸਿਰਜਿਤ ਦੁਨਿਆਵੀ ਯਥਾਰਥ ਦੀ ਪ੍ਰਸਤੁਤੀ ਇਨ੍ਹਾਂ ਲੌਕਿਕ ਸਰੋਕਾਰਾਂ ਨੂੰ ਪਾਰਗਾਮੀ ਸਰੋਕਾਰਾਂ ਨਾਲ ਇਕਮਿਕ ਕਰਦੀ ਪ੍ਰਤੀਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਇਸ ਧਰਤੀ ਤੇ ਆਗਮਨ ਹੋਣ ਨਾਲ ਦੁਨਿਆਵੀ ਕੂੜ ਦੀ ਧੁੰਧ ਦਾ ਮਿਟਣਾ ਅਤੇ ਗਿਆਨ ਰੂਪੀ ਚਾਨਣ ਦਾ ਪਾਸਾਰ ਹੋਣਾ ਇਕਾਲਕ ਅਤੇ ਪਾਰਗਾਮੀ ਸੰਦਰਭਾਂ ਨਾਲ ਜੁੜਨ ਦੀ ਪ੍ਰਕਿਰਿਆ ਵਿਚ ਨਿਹਿਤ ਹੈ। ਪਹਿਲੀ ਵਾਰ ਵਿਚ ਭਾਈ ਗੁਰਦਾਸ ਗੁਰੂ ਨਾਨਕ ਦੇਵ ਜੀ ਰੂਪੀ ਸੂਰਜ ਦੇ ਪ੍ਰਗਟ ਹੋਣ ਦਾ ਬਿਰਤਾਂਤ ਸਿਰਜਦੇ ਹੋਏ ਇਕਾਲਕ ਅਤੇ ਪਾਰਗਾਮੀ ਸੰਦਰਭਾਂ ਦੀ ਪੇਸ਼ਕਾਰੀ ਕਰ ਰਹੇ ਹਨ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉਂ ਕਰ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।[3]

ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹਰ ਯੁੱਗ, ਹਰ ਖਿੱਤੇ, ਹਰ ਨਸਲ, ਹਰ ਕੌਮ ਦੀ ਪਛਾਣ ਵਿਚ, ਬਿਰਤਾਂਤ ਦੀ ਕੇਂਦਰੀ ਭੂਮਿਕਾ ਹੁੰਦੀ ਹੈ, ਪਰ ਇਸ ਨੂੰ ਤਾਕਤ ਦੇ ਪ੍ਰਵਚਨਾ ਵੱਲੋਂ ਦਬਾਉਣ ਦੇ ਯਤਨ ਹੁੰਦੇ ਹਨ। ਇਸ ਲਈ ਕਿਸੇ ਵੀ ਬਿਰਤਾਂਤ ਦੀ ਸੰਰਚਨਾ ਦੇ

ਬੁਨਿਆਦੀ ਤੱਤਾਂ ਦੇ ਜੋੜ ਮੇਲ ਨੂੰ ਸਮਝਣ ਦੇ ਨਾਲ-ਨਾਲ ਉਸ ਬਿਰਤਾਂਤ ਦੀ ਕੁੱਖ ਵਿਚ ਖ਼ਾਮੋਸ਼ ਪਰੰਤੂ ਵਿਦਰੋਹੀ ਆਵਾਜ਼ਾਂ ਨੂੰ ਬੋਲ ਦੇਣ ਦਾ ਕਾਰਜ ਵੀ ਬਿਰਤਾਂਤ ਸ਼ਾਸਤਰ ਦੇ ਖੇਤਰ ਦੀ ਚੀਜ਼ ਹੈ। ਮਿਸਾਲ ਲਈ ਪੰਜਾਬੀ ਦੇ ਮੱਧਕਾਲੀ ਸਾਹਿਤ ਦੇ ਬਿਰਤਾਂਤ-ਸ਼ਾਸਤਰੀ ਚਿੰਤਨ ਵੇਲੇ ਇਸ ਦੇ ਸੰਰਚਨਾਤਮਕ ਸੰਗਠਨ ਦੀ ਪਹਿਚਾਣ ਕਰਨ ਦੇ ਨਾਲ-ਨਾਲ ਇਸ ਗੱਲ ਦਾ ਉੱਤਰ ਲੱਭਣਾ ਵੀ ਬਿਰਤਾਂਤ-ਸ਼ਾਸਤਰੀ ਖੇਤਰ ਦਾ ਹੀ ਵਿਸ਼ਾ ਹੈ ਕਿ ਇਹ ਬਿਰਤਾਂਤਕ ਪ੍ਰਵਚਨ ਕਿਵੇਂ ਸਥਾਪਤ ਸੱਤਾ ਦੀ ਭਾਰੂ ਵਿਚਾਰਧਾਰਾ ਦਾ ਹੱਥ ਠੋਕਾ ਬਣਨ ਦੀ ਬਿਜਾਇ ਇਸ ਦੇ ਵਿਰੋਧ ਵਿਚ ਆਪਣੀ ਹੋਂਦ ਧਾਰਨ ਕਰਦੇ ਰਹੇ ਹਨ। ਇਸ ਪਿਛਲੇ ਪ੍ਰੇਰਕਾਂ ਦੇ ਸਿਰਜਣਾ ਸਰੋਤ ਕਿਥੇ ਪਏ ਸਨ ਅਤੇ ਭਾਰੂ ਸੱਤਾ ਦੇ ਲੁਭਾਉਣੇ ਮੁਹਾਵਰੇ ਤੋਂ ਇਹ ਕਿਵੇਂ ਵਿੱਥ ਥਾਪਦੇ ਹਨ? ਕਿਵੇਂ ਇਨ੍ਹਾਂ ਦਾ ਮਨੁੱਖੀ ਕਰਤਾ ਆਪਣੀਆਂ ਹੋਂਦਮੂਲਕ ਸੰਭਾਵਨਾਵਾਂ ਨੂੰ ਉਸ ਯੁਗ ਚਿੰਤਨ ਦੀਆਂ ਪਾਰਲੌਕਿਕ ਸੰਭਾਵਨਾਵਾਂ ਨਾਲ ਜੋੜ ਕੇ ਸਮਕਾਲੀ ਕਸ਼ਟਾਂ, ਬਿਪਤਾਵਾਂ ਅਤੇ ਸੰਕਟਾਂ ਤੇ ਜਿੱਤ ਪ੍ਰਾਪਤ ਕਰਦਾ ਸੀ।[4] ਅਸੀਂ ਵੇਖਦੇ ਹਾਂ ਕਿ ਭਾਈ ਗੁਰਦਾਸ ਸਮੇਂ ਅਤੇ ਸਥਿਤੀਆਂ ਅਨੁਕੂਲ ਆਪਣੇ ਵਾਰ-ਕਾਵਿ ਬਿਰਤਾਂਤ ਦੀ ਇਕਾਲਕ ਵਿਚਾਰਧਾਰਾ ਦੇ ਪਿਛੋਕੜ ਦੇ ਹਵਾਲਿਆਂ ਨੂੰ ਪਾਰਗਾਮੀ ਸੰਦਰਭਾਂ ਨਾਲ ਜੋੜਦੇ ਹਨ। ਉਹ ਆਪਣੀ ਗਿਆਰਵੀਂ ਵਾਰ ਦੀ ਪਹਿਲੀ ਪਉੜੀ ਰਾਹੀਂ ਦੁਨਿਆਵੀ ਬਾਦਸ਼ਾਹਾਂ ਦੀ ਸ਼ਾਹੀ ਜੀਵਨ-ਸ਼ੈਲੀ ਨੂੰ ਸੰਸਾਰੀ ਹੰਕਾਰ ਨਾਲ ਤੁਲਨਾ ਕਰਦੇ ਹੋਏ ਸਤਿਗੁਰੂ ਨੂੰ ਇਨ੍ਹਾਂ ਬਾਦਸ਼ਾਹਾਂ ਦੇ ਬਾਦਸ਼ਾਹ ਕਹਿੰਦੇ ਹਨ ਜੋ ਆਪਣੇ ਪ੍ਰੇਮੀ-ਭਗਤਾਂ ਤੇ ਆਪਣੀ ਮਿਹਰ ਕਰਦਾ ਹੈ:

> ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਜੁਹਾਰੀ।
> ਸਾਧ ਸੰਗਤਿ ਸਚਿ ਖੰਡੁ ਹੈ ਆਇ ਝਰੋਖੈ ਖੋਲੈ ਬਾਰੀ।[5]

ਮਾਰਕ ਕੁਰੀ ਅਤੇ ਪਾਲ ਕੋਬਲੇ ਆਦਿ ਬਿਰਤਾਂਤ-ਸ਼ਾਸਤਰੀਆਂ ਦੀ ਨਜ਼ਰ ਵਿਚ ਹਰ ਇਕ ਬਿਰਤਾਂਤਕ ਪਾਠ ਦੋਹਰੀ ਸਿਰਜਣ ਪ੍ਰਕਿਰਿਆ ਰਾਹੀਂ ਵਿਉਂਤਬੱਧ ਹੁੰਦਾ ਹੈ। ਪਹਿਲਾ ਪੱਧਰ ਬਿਰਤਾਂਤਕ ਪਾਠ ਦਾ ਹੈ, ਜਿਸਦੇ ਅਗਲੇਰੇ ਪੱਧਰ ਉਤੇ ਦੋ ਹਿੱਸੇ ਹੁੰਦੇ ਹਨ। ਪਹਿਲਾ ਬਿਰਤਾਂਤਕ

ਪ੍ਰਗਟਾਅ ਦਾ ਜਿਸ ਵਿਚ ਉਸ ਦੀ ਸਤਹੀ ਪੱਧਰ ਦੀ ਬਿਰਤਾਂਤਕ ਵਿਉਂਤ ਕਾਰਜਸ਼ੀਲ ਹੁੰਦੀ ਹੈ। ਦੂਜਾ ਬਿਰਤਾਂਤ ਅਰਥਾਂ ਦਾ ਜਿਸ ਵਿਚ ਖ਼ਾਸ ਕਿਸਮ ਦੀਆਂ ਘਟਨਾਵਾਂ ਅਤੇ ਸਥਿਤੀਆ ਰਾਹੀਂ ਸੰਭਵ ਹੋਣ ਵਾਲੀ ਵਿਉਂਤ ਦੇ ਫਲਸਰੂਪ ਪੈਦਾ ਹੋਣ ਵਾਲੇ ਅਰਥਾਂ ਦੀ ਸ਼ੈਲੀ ਸੰਭਵ ਹੁੰਦੀ ਹੈ। ਤੀਜਾ ਬਿਰਤਾਂਤਕ ਪ੍ਰਵਚਨ ਦਾ ਹੈ, ਜਿਸ ਵਿਚ ਹਰ ਇਕ ਪਾਠ ਦੀ ਅਰਥ ਉਤਪਾਦਨ ਦੀ ਪ੍ਰਕਿਰਿਆ ਬਿਰਤਾਂਤਕਾਰ ਦੀ ਵਿਸ਼ੇ ਪੱਖੋਂ ਸਥਾਨ, ਪਛਾਣ, ਸਿਆਸਤ ਅਤੇ ਨਿਆਂਸ਼ੀਲਤਾ ਸਾਂਝੇ ਤੌਰ ਤੇ ਸ਼ਾਮਲ ਹੋ ਕੇ ਬਿਰਤਾਂਤਕ ਅਰਥਾਂ ਦਾ ਉਤਪਾਦਨ ਕਰਦੀਆਂ ਹਨ। ਵਿਸ਼ੇਸ਼ ਕਰਕੇ ਇਹ ਸਾਰੀਆਂ ਬਿਰਤਾਂਤਕ ਘਟਨਾਵਾਂ ਅਤੇ ਪ੍ਰਸੰਗ ਇਕ ਖ਼ਾਸ ਬਿਰਤਾਂਤਕ ਸੰਦਰਭ ਵਿਚ ਸੰਜੋਅ ਕੇ ਇਕ ਵਿਸ਼ੇਸ਼ ਬਿਰਤਾਂਤਕ ਕਾਲ ਅਤੇ ਸਪੇਸ ਦੇ ਸਮਾਨਾਂਤਰ ਸਹਿਚਾਰੀ ਅਰਥਾਂ ਦੀ ਸਿਰਜਣਾ ਕਰਦੀਆਂ ਹਨ।

ਭਾਰਤੀ ਮਤ ਮਤਾਂਤਰ ਅਨੁਸਾਰ ਜੀਵਨ-ਸੰਸਾਰ ਇਕ ਭਵ ਸਾਗਰ ਹੈ ਜਿਸ ਵਿਚੋਂ ਮਨੁੱਖ ਨੇ ਪਾਰ ਲੰਘਣਾ ਹੈ। ਚੁਰਾਸੀ ਲੱਖ ਜੂਨਾਂ ਦੇ ਸੰਕਲਪ ਦਾ ਅਰਥ ਹੈ ਕਿ ਜਿੰਨਾਂ ਚਿਰ ਮਨੁੱਖ ਸਰਬ-ਸ਼ਕਤੀ ਨੂੰ ਪ੍ਰਾਪਤ ਨਹੀਂ ਹੁੰਦਾ, ਜਨਮ ਮਰਨ ਦੇ ਗੇੜ ਵਿਚੋਂ ਨਹੀਂ ਨਿਕਲ ਸਕਦਾ। ਸਭ ਦੁੱਖਾਂ ਤੋਂ ਵੱਡੇ ਦੋ ਹੀ ਦੁੱਖ ਹਨ ਅਤੇ ਇਹ ਹਨ ਜਨਮ ਅਤੇ ਮੌਤ। ਵਚਿੱਤਰ ਵਿਡੰਬਨਾ ਇਹ ਹੈ ਕਿ ਜੀਅ ਜੰਮ ਕੇ ਜੰਮਣ ਤ੍ਰਾਸ ਭੁੱਲ ਜਾਂਦਾ ਹੈ ਤੇ ਮਰਨ ਸਮੇਂ ਉਹ ਜਾਗਰਿਤ ਅਵਸਥਾ ਵਿਚ ਨਹੀਂ ਮਰਦਾ। ਸਮੁੱਚੇ ਧਰਮ ਮਨੁੱਖੀ ਜੀਵਨ ਵਿਚ ਦੁੱਖ ਦੀ ਹੋਂਦ ਨੂੰ ਮੰਨਦੇ ਹਨ। "ਭਾਰਤ ਦੇ ਅਧਿਆਤਮਕ ਤੇ ਸਮਾਜਕ ਇਤਿਹਾਸ ਵਿਚ ਦੁੱਖ ਬਾਰੇ ਵਿਆਕੁਲਤਾ ਆਪਣੇ ਸਿਖਰ ਉਤੇ ਮਹਾਤਮਾ ਬੁੱਧ ਅਤੇ ਮਹਾਂਵੀਰ ਜੈਨ ਦੇ (ਫਲਸਫੇ) ਮਤ ਵਿਚਾਰ ਵਿਚ ਪਹੁੰਚਦੀ ਹੈ। ਮਹਾਤਮਾ ਬੁੱਧ ਦੇ ਮਤ ਦਾ ਸਮੁੱਚਾ ਮੰਤਵ ਹੀ ਮਨੁੱਖ ਨੂੰ ਜੀਵਨ ਦੇ ਦੁੱਖਾਂ ਤੋਂ ਛੁਡਾਣ ਦੀ ਚਿੰਤਾ ਹੈ।"[6]

ਜੀਵਨ ਦੁੱਖਾਂ ਦਾ ਘਰ ਹੈ ਪਰ ਇਨ੍ਹਾਂ ਦੁੱਖਾਂ ਤੋਂ ਨਵਿਰਤੀ ਕਿਵੇਂ ਹਾਸਲ ਕੀਤੀ ਜਾਵੇ? ਵੇਦਾਂਤ ਤੇ ਉਪਨਿਸ਼ਦ ਨੇ ਸਰਗੁਣ ਪਰਮਾਤਮਾ ਦੀ ਭਗਤੀ ਨੂੰ ਹੀ ਦੁੱਖਾਂ ਤੋਂ ਨਿਜਾਤ ਪਾਉਣ ਦਾ ਇਕ ਸਾਧਨ ਮੰਨਿਆ ਹੈ। ਸਰਗੁਣ ਪਰਮਾਤਮਾ ਦੀ ਭਗਤੀ ਵਿਚ ਪ੍ਰੇਮਾ-ਭਗਤੀ ਦਾ ਅਹਿਮ

ਸਥਾਨ ਹੈ। ਭਾਈ ਗੁਰਦਾਸ ਵੀ ਆਪਣੀ ਰਚਨਾ ਵਿਚ ਪ੍ਰੇਮਾ-ਭਗਤੀ ਨੂੰ ਪ੍ਰਧਾਨਤਾ ਦਿੰਦੇ ਹਨ, ਜੀਵ/ਸਾਧਕ ਆਪਣੇ ਗੁਰੂ ਪ੍ਰਤੀ ਅਨਿਨ ਤੇ ਅਟੁੱਟ ਸ਼ਰਧਾ ਰੱਖਦਾ ਹੈ। ਉਸ ਨੂੰ ਵਿਸ਼ਵਾਸ ਹੈ ਕਿ ਉਸ ਦੇ ਸਾਰੇ ਦੁੱਖਾਂ ਦੀ ਨਵਿਰਤੀ ਅਤੇ ਦੁੱਖਾਂ ਨੂੰ ਖੰਡਨ ਕਰਨ ਦੀ ਕੁੰਜੀ ਗੁਰੂ ਕੋਲ ਹੈ। ਗੁਰੂ ਮਾਰਗ ਵੀ ਦਸਦਾ ਹੈ ਅਤੇ ਭਵਜਲ ਵਿਚੋਂ ਬਾਹਰ ਕੱਢਣ ਦਾ ਵਿਸ਼ਵਾਸ ਵੀ ਦਿਵਾਉਂਦਾ ਹੈ। ਜਨਮ-ਮਰਨ, ਆਵਾਗਵਣ ਚੱਕਰ ਨੂੰ ਵੀ ਗੁਰੂ ਹੀ ਮਿਟਾ ਸਕਦਾ ਹੈ। ਗੁਰਦੇਵ ਇਕ ਬੇੜੀ ਹੈ ਜਿਸ ਤੇ ਸਵਾਰ ਹੋ ਕੇ ਸਾਧਕ/ਜੀਵ ਜਮ ਡੰਡ ਤੋਂ ਵੀ ਬਚ ਕੇ ਨਿਕਲ ਸਕਦਾ ਹੈ।

ਉਪਰੋਕਤ ਵਰਣਤ ਬਿਰਤਾਂਤਕ ਪਾਠਾਂ ਦੀ ਦੋਹਰੀ ਸਿਰਜਣ ਪ੍ਰਕਿਰਿਆ ਨੂੰ ਅਸੀਂ ਹੋਰ ਵੀ ਸਪਸ਼ਟ ਰੂਪ ਵਿਚ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਕਥਾ ਵਿਉਂਤ ਦੇ ਹਵਾਲੇ ਨਾਲ ਸਮਝ ਸਕਦੇ ਹਾਂ ਜਿਸ ਵਿਚ ਭਾਈ ਸਾਹਿਬ ਵਿਆਪਕ ਮਾਨਵੀ ਸਥਿਤੀਆਂ, ਸੰਦਰਭਾਂ ਅਤੇ ਮੁੱਲਾਂ ਨੂੰ ਵੀ ਰੂਪਮਾਨ ਕਰਦੇ ਹਨ। ਇਹ ਬਿਰਤਾਂਤ ਦੀ ਦੋਹਰੀ ਸਿਰਜਣ ਪ੍ਰਕਿਰਿਆ ਹੈ। ਇਹ ਬਿਰਤਾਂਤਕਾਰੀ ਦਾ ਦੂਜਾ ਪੱਧਰ ਹੈ। ਇਸ ਪੱਧਰ ਉਤੇ ਹੀ ਹਰ ਇਕ ਬਿਰਤਾਂਤ ਦੇ ਵਿਸ਼ੇਸ਼ ਸੰਦਰਭ ਅਤੇ ਅਰਥ ਵਿਆਪਕ ਸੰਦਰਭਾਂ ਅਤੇ ਅਰਥਾਂ ਵਿਚ ਬਦਲ ਜਾਂਦੇ ਹਨ। ਅਜਿਹੇ ਮਤ ਦੇ ਸਿਧਾਂਤਾਂ ਦੀ ਵਿਆਖਿਆ ਭਾਈ ਗੁਰਦਾਸ ਦੀਆਂ ਵਾਰਾਂ, ਗੁਰਮਤਿ ਮਾਰਗ ਜੀਵਨ ਦੇ ਮੁੱਢਲੇ ਦੋਹਾਂ ਪੱਖਾਂ, ਅਧਿਆਤਮਕ ਅਤੇ ਲੌਕਿਕਤਾ ਨੂੰ ਬਿਰਤਾਂਤਦੀਆਂ ਹਨ। ਗੁਰੂ ਭਗਤ ਸੰਸਾਰੀ ਅਤੇ ਨਿਰੰਕਾਰੀ ਦੋਹਾਂ ਸਥਿਤੀਆਂ ਵਿਚ ਗੁਰੂ ਦੀ ਮਿਹਰ ਦੇ ਭਾਗੀ ਬਣਦੇ ਹਨ:

ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।
ਖਾਨੂ ਮਾਈਆ ਪਿਉ ਪੁਤੁ ਹੈ ਗੁਣ ਗਾਹਕ ਗੋਵਿੰਦ ਭੰਡਾਰੀ।
ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।
ਪੂਰੈ ਸਤਿਗੁਰ ਪੈਜ ਸਵਾਰੀ।[7]

ਗੁਰਮਤਿ ਮਾਰਗ ਸਮੁੱਚੇ ਜੀਵਨ ਨੂੰ ਸੰਚੇ ਵਿਚ ਢਾਲਣ ਦੀ ਜਾਂਚ ਦੱਸਦਾ ਹੈ, ਜੀਵਨ ਅਨੇਕ ਪੱਖੀ ਅਤੇ ਬਹੁਭਾਂਤੀ ਹੈ। ਭਾਈ ਗੁਰਦਾਸ ਨੇ ਗੁਰਮਤਿ ਦੀ ਵਿਆਖਿਆ ਕੀਤੀ ਹੈ ਅਤੇ

ਜੀਵਨ ਦੇ ਬਹੁਪੱਖੀ ਸਿਧਾਂਤਾਂ ਨੂੰ ਰਚਨਾ ਵਿਚ ਥਾਂ ਮਿਲੀ, ਜਿਸ ਦੇ ਵਿਸ਼ੇ ਵੀ ਬਹੁ-ਭਾਂਤੀ ਹਨ ਅਤੇ ਉਨ੍ਹਾਂ ਦੀ ਬਿਰਤਾਂਤਕ ਅਰਥ-ਵਿਉਂਤ, ਬਿਰਤਾਂਤਕ ਪੇਸ਼ਕਾਰੀ, ਬਿਰਤਾਂਤਕ ਪ੍ਰਤੀਨਿੱਧਤਾ ਦੇ ਰੂਪ ਵਿਚ ਰੂਪਾਂਤਰਿਤ ਹੁੰਦੀ ਹੈ।

ਇਸ ਤਰ੍ਹਾਂ ਦੀ ਬਿਰਤਾਂਤਕ ਪ੍ਰਕਿਰਿਆ ਅੰਤਰ-ਮੁੱਖੀ ਕਾਲ (subjective time) ਅਤੇ ਬਾਹਰ-ਮੁੱਖੀ ਕਾਲ (objective time) ਦੀ ਅੰਤਰ-ਸੰਬੰਧਿਤ ਰਚਨਾਤਮਕ ਪ੍ਰਕਿਰਿਆ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਅੰਤਰਮੁਖੀ ਕਾਲ ਵਿਸ਼ੇਸ਼ ਬਿਰਤਾਂਤ ਦੁਆਰਾ ਮਨੁੱਖੀ ਘਟਨਾਵਾਂ ਅਤੇ ਸਥਿਤੀਆਂ ਨੂੰ ਵਿਉਂਤ ਪ੍ਰਦਾਨ ਕਰਨ ਦੀ ਵਿਧੀ ਹੈ ਜਦ ਕਿ ਬਾਹਰਮੁੱਖੀ ਕਾਲ ਉਹਨਾਂ ਹੀ ਘਟਨਾਵਾਂ ਅਤੇ ਸਥਿਤੀਆਂ ਨੂੰ ਖਾਸ ਤਰਤੀਬ ਤੋਂ ਬਾਹਰ ਕੱਢ ਕੇ ਉਸ ਨੂੰ ਯਥਾਰਥ ਦੇ ਵਿਆਪਕ ਸੰਦਰਭਾਂ ਨਾਲ ਨਵੇਂ ਸਿਰੇ ਤੋਂ ਜੋੜਨ ਦੀ ਵਿਉਂਤ ਹੈ। ਇਸ ਕਰਕੇ ਹਰ ਇਕ ਬਿਰਤਾਂਤ ਦੋ ਕਹਾਣੀਆਂ ਨੂੰ ਪੇਸ਼ ਕਰਦਾ ਹੈ, ਇਕ ਕਹਾਣੀ ਬਿਰਤਾਂਤ ਦੇ ਕਿਰਦਾਰਾਂ ਦੇ ਸੰਦਰਭ ਵਿਚ ਪੇਸ਼ ਹੁੰਦੀ ਹੈ, ਜਦ ਕਿ ਦੂਜੀ ਕਹਾਣੀ ਅਜਿਹੇ ਘਟਨਾਤਮਕ ਸੰਦਰਭਾਂ ਵਿਚ ਫਸੀ ਹੋਈ ਮਨੁੱਖੀ ਹੋਂਦ ਦੀ ਕਹਾਣੀ ਹੁੰਦੀ ਹੈ।

ਉਪਰੋਕਤ ਪ੍ਰਕਿਰਿਆ ਨੂੰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਤਿੰਨਾਂ ਪੱਧਰਾਂ ਤੇ ਅੰਤਰ ਸੰਬੰਧਿਤ ਸਰਗਰਮੀ ਦੇ ਰੂਪ ਵਿਚ ਵੇਖ ਸਕਦੇ ਹਾਂ। ਪਹਿਲਾ ਪੱਧਰ ਬਿਰਤਾਂਤਕ ਪਾਠ ਦੇ ਬਿਰਤਾਂਤਕ ਪ੍ਰਗਟਾਅ ਦਾ ਹੈ। ਦੂਜਾ ਬਿਰਤਾਂਤਕ ਅਰਥਾਂ ਦੇ ਸੰਚਾਰ ਕਰਨ ਦਾ ਹੈ ਅਤੇ ਤੀਜਾ ਪੱਧਰ ਬਿਰਤਾਂਤਕ ਪ੍ਰਵਚਨ ਦੀ ਰਚਨਾਕਾਰੀ ਵਿਉਂਤ ਰਾਹੀਂ ਬਿਰਤਾਂਤਕ ਅਰਥਾਂ ਨੂੰ ਵਿਆਪਕ ਮਾਨਵੀ ਸੰਰਦਭਾਂ ਅਤੇ ਸਰੋਕਾਰਾਂ ਦੀ ਰੋਸ਼ਨੀ ਵਿਚ ਪੁਨਰ-ਸਿਰਜਤ ਕਰਨਾ ਹੈ।

### (ੳ) ਇਕਾਲਕ ਅਤੇ ਪਾਰਗਾਮੀ ਸੰਦਰਭਾਂ ਦਾ ਸੁਮੇਲ

ਭਾਈ ਗੁਰਦਾਸ ਦੀ ਗਿਆਰਵੀਂ ਵਾਰ ਜਿਥੇ ਇਤਿਹਾਸਕ ਮਹੱਤਤਾ ਰੱਖਦੀ ਹੈ ਉਥੇ ਇਹ ਸਿੱਖੀ ਸਿਧਾਂਤਾਂ ਨੂੰ ਪ੍ਰਣਾਈ ਹੋਈ ਵਿਚਾਰਧਾਰਾ ਹੈ ਜੋ ਮਨੁੱਖ ਨੂੰ ਇਕਾਲਕ ਪ੍ਰਸਥਿਤੀਆਂ ਦਾ ਬੋਧ

ਕਰਾਉਂਦੀ ਹੋਈ ਉਸ ਨੂੰ ਅਲੌਕਿਕ ਮੰਡਲਾਂ ਵਲ ਅਗਰਸਰ ਕਰਨ ਦਾ ਅਲੋਕਾਰੀ ਕਾਰਜ ਨਿਭਾਉਂਦੀ ਪ੍ਰਤੀਤ ਹੁੰਦੀ ਹੈ। ਗੁਰਮਤਿ ਕਾਵਿ ਮਨੁੱਖ ਨੂੰ ਸੱਚੀ ਕਿਰਤ ਕਰਨ ਅਤੇ ਸੇਵਾ ਭਾਵਨਾ ਰੱਖਦਿਆਂ ਉਚ ਆਤਮਿਕ ਜੀਵਨ ਜਿਊਣ ਦੀ ਜੁਗਤ ਪ੍ਰਦਾਨ ਕਰਦਿਆਂ ਪ੍ਰਮਾਤਮਾ ਨਾਲ ਇਕਮਿੱਕ ਹੋਣ ਦਾ ਅਲੌਕਿਕ ਕਾਰਜ ਕਰਦੀ ਹੈ। ਮਨੁੱਖੀ ਜ਼ਿੰਦਗੀ ਵਿਚ ਕੰਮ-ਧੰਦੇ ਕਰਦਿਆਂ ਅਤੇ ਭੌਤਿਕ ਲੋੜਾਂ ਦੀ ਪ੍ਰਾਪਤੀ ਹਿੱਤ ਜ਼ਿੰਮੇਵਾਰੀਆਂ ਨਿਭਾਉਂਦਿਆਂ ਮਨੁੱਖ ਕਿਵੇਂ ਪ੍ਰਭੂ ਦੀ ਕਿਰਪਾ ਦਾ ਪਾਤਰ ਬਣ ਸਕਦਾ ਹੈ ਇਸ ਦੀ ਸਿੱਖਿਆ ਗੁਰੂ ਤੋਂ ਹੀ ਮਿਲ ਸਕਦੀ ਹੈ। ਗੁਰੂ ਦੇ ਦੱਸੇ ਰਾਹ 'ਤੇ ਚਲਦਿਆਂ ਭਾਉ-ਭਗਤੀ, ਪ੍ਰੇਮ ਭਗਤੀ, ਨਾਮ ਸਾਧਨਾ, ਸ਼ਬਦ ਸੁਰਤ ਸਾਧਨਾ ਆਦਿ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਜੀਵ-ਆਤਮਿਕ ਗਗਨਾਂ ਦੇ ਉੱਚ ਵਾਯੂ ਮੰਡਲਾਂ ਵਿਚ ਉਡਾਰੀਆਂ ਲਾਉਂਦਾ ਹੈ। ਮਨੁੱਖੀ ਜੀਵ ਉੱਚ ਆਦਰਸ਼ਾਂ ਨੂੰ ਅਪਣਾਉਂਦਿਆਂ ਦੁਨਿਆਵੀ ਕਿਰਿਆਵਾਂ ਵਿਚੋਂ ਗੁਜ਼ਰਦਿਆਂ ਆਪਣਾ ਸਫ਼ਰ ਅਲੌਕਿਕ ਸੰਸਾਰ ਵਲ ਸੇਧਤ ਕਰਦਾ ਹੈ। ਸਿੱਖੀ ਸਾਧਨਾ ਵਿਚ ਪ੍ਰੇਮ ਭਗਤੀ ਜਾਂ ਭਾਉ ਭਗਤੀ ਇਕ ਮੌਲਿਕ ਰੂਪ ਧਾਰਨ ਕਰਦੀ ਹੈ ਜਿਹੜਾ ਪੂਰਬ ਪ੍ਰਚਲਿਤ ਵੈਸ਼ਨਵ, ਸ਼ੈਵ, ਸੂਫ਼ੀ, ਬੋਧੀ, ਨਿਰਗੁਣ, ਸਰਗੁਣ ਆਦਿ ਧਾਰਾਵਾਂ ਵਿਚੋਂ ਕਿਸੇ ਵਿਚ ਵੀ ਨਹੀਂ ਦੇਖਿਆ ਜਾ ਸਕਦਾ। ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਚਾਰਧਾਰਕ ਮਹਿਲ ਗੁਰਬਾਣੀ ਦੇ ਮਜਬੂਤ ਥੰਮਾਂ ਤੇ ਉਸਰਿਆ ਹੋਇਆ ਇਕ ਇਤਿਹਾਸਕ ਦਸਤਾਵੇਜ਼ ਦਾ ਰੂਪ ਧਾਰਨ ਕਰਦਾ ਹੈ। ਗੁਰੂ ਸਾਹਿਬਾਨ ਦੇ ਵਿਵਹਾਰਕ ਜੀਵਨ ਦੇ ਉੱਚੇ ਆਦਰਸ਼ਾਂ ਅਤੇ ਬਿਨਾਂ ਕਿਸੇ ਦੁਨਿਆਵੀ ਭੈਅ ਤੋਂ ਮਨੁੱਖਤਾ ਦੇ ਭਲੇ ਅਤੇ ਸਵੈ-ਮਾਣ ਲਈ ਆਤਮਿਕ ਉੱਚਤਾ ਨੂੰ ਮਜਬੂਤ ਕਰਨ ਲਈ ਸਿੱਖੀ ਸਿਧਾਂਤ ਦੇ ਤਿੰਨ ਮੂਲ ਆਧਾਰ ਤੱਤ ਹੋਂਦ ਵਿਚ ਆਏ। ਇਹ ਮੂਲ ਤੱਤ ਸਤਿਗੁਰੂ, ਗੁਰਸਿੱਖ ਅਤੇ ਸੰਗਤ ਹੀ ਸਿੱਖੀ ਸਾਧਨਾ ਦਾ ਵਿਲੱਖਣ ਸਰੂਪ ਨਿਰਧਾਰਿਤ ਕਰਦੇ ਹਨ ਅਤੇ ਸਿੱਖੀ ਭਾਉ-ਭਗਤੀ ਸਾਧਨਾ ਦੀ ਪ੍ਰਚਲਿਤ ਭਗਤੀ ਧਾਰਾਵਾਂ ਤੋਂ ਵਿਲੱਖਣ ਪਛਾਣ ਵੀ ਨਿਰਧਾਰਿਤ ਕਰਦੇ ਹਨ। ਭਾਈ ਗੁਰਦਾਸ ਨੇ ਗੁਰਬਾਣੀ ਵਿਚਲੇ ਸੰਸਾਰਕ ਸਰੋਕਾਰਾਂ ਦੀ ਗੱਲ ਕਰਦਿਆਂ ਨਾਮ ਸਿਮਰਨ ਅਤੇ ਸੇਵਾ ਸਾਧਨਾ ਦੁਆਰਾ

ਇਕਾਲਕ ਅਤੇ ਪਾਰਗਾਮੀ ਸੰਦਰਭਾਂ ਦੇ ਸੁਮੇਲ ਦੀ ਸਿਰਜਣਾ ਕੀਤੀ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਵਿਸ਼ੇਸ਼ ਤੌਰ ਤੇ ਇਕਾਲਕ ਅਤੇ ਪਾਰਗਾਮੀ ਸੰਦਰਭਾਂ ਦੀ ਗੱਲ .ਉਭਰਵੀਂ ਸੁਰ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ।

ਸਮਕਾਲੀਨ ਅਕਾਦਮਿਕ ਸਰਗਰਮੀਆਂ ਅਤੇ ਵਿਆਖਿਆ ਪ੍ਰਣਾਲੀਆਂ ਵਿਚ ਧਰਮ ਨੂੰ ਵੀ ਧਰਮ-ਸ਼ਾਸਤਰ ਦੇ ਖੇਤਰ ਦੀ ਥਾਂ ਸਭਿਆਚਾਰਕ ਅਧਿਐਨ ਦੇ ਘੇਰੇ ਵਿਚ ਲਿਆਂਦਾ ਜਾ ਚੁੱਕਾ ਹੈ। ਅਜਿਹੀ ਸਥਿਤੀ ਵਿਚ ਧਾਰਮਿਕ ਸੰਵੇਦਨਾ ਦੀ ਪੇਸ਼ਕਾਰੀ ਕਰਨ ਵਾਲੀਆਂ ਰਚਨਾ-ਵਿਉਂਤਾਂ ਦੀ ਬਿਰਤਾਂਤਕਤਾ ਦੀ ਬਿਰਤਾਂਤ ਸਿਰਜਣਾਵਾਂ ਦੇ ਰੂਪ ਵਿਚ ਵਿਆਖਿਆ ਪੇਸ਼ ਕਰਨੀ ਨਿਹਾਇਤ ਜ਼ਰੂਰੀ ਹੋ ਗਈ ਹੈ। ਇਸ ਵਿਧੀ ਰਾਹੀਂ ਹੀ ਅਸੀਂ ਇਕਲਾਕ ਸੰਦਰਭਾਂ ਨੂੰ ਪਾਰ ਕਰਕੇ, ਪਾਰਗਾਮੀ ਸਰੋਕਾਰਾਂ ਨੂੰ ਰੂਪ-ਵਿਧੀ ਪ੍ਰਦਾਨ ਕਰਨ ਵਿਚ ਸਰਗਰਮ ਰਹੇ, ਮੱਧਕਾਲੀ ਸਾਹਿਤ ਵਿਚ ਵਿਦਮਾਨ ਇਤਿਹਾਸਕ, ਸਭਿਆਚਾਰਕ, ਵਿਦਰੋਹੀ ਅਤੇ ਪਹਿਚਾਣ ਮੂਲਕ ਦਮਨ ਪ੍ਰਬੰਧਾਂ ਦੇ ਸਰੂਪ ਦੀ ਪਹਿਚਾਣ ਕਰਨ ਦੇ ਸਮਰੱਥ ਹੋਵਾਂਗੇ।

ਸਭਿਆਚਾਰਕ ਪਰਿਵਰਤਨ ਵੀ ਰੁੱਤਾਂ ਦੇ ਬਦਲਣ, ਦਿਨ ਅਤੇ ਰਾਤ ਦਾ ਨਿਰੰਤਰ ਬਦਲਣਾ, ਮਨੁੱਖ ਦਾ ਜਨਮਣਾ, ਵਿਗਸਣਾ ਅਤੇ ਅੰਤ ਨੂੰ ਬਿਨਸ ਜਾਣਾ ਆਦਿ ਦੀ ਤਰ੍ਹਾਂ ਇਕ ਕੁਦਰਤੀ ਅਤੇ ਨਿਰੰਤਰ ਤਬਦੀਲੀ ਵਾਲਾ ਵਰਤਾਰਾ ਹੈ। ਪਰ ਸਭਿਆਚਾਰਕ ਪਰਿਵਰਤਨ ਅਤੇ ਕੁਦਰਤੀ ਪਰਿਵਰਤਨ ਦੇ ਅਮਲ ਵਿਚ ਕੁੱਝ ਅੰਤਰ ਹੁੰਦਾ ਹੈ। ਸਭਿਆਚਾਰਕ ਪਰਿਵਰਤਨ ਦੇ ਅਮਲ ਵਿਚ ਮਨੁੱਖੀ ਪਹੁੰਚ ਕਾਰਜਸ਼ੀਲ ਹੁੰਦੀ ਹੈ। ਸਭਿਆਚਾਰ ਦਾ ਇਹ ਅਮਲ ਪੀੜ੍ਹੀ-ਦਰ-ਪੀੜ੍ਹੀ ਗ੍ਰਹਿਣ ਕੀਤਾ ਜਾਂਦਾ ਹੈ। ਇਸ ਲਈ ਉਸ ਨੂੰ ਸੰਚਾਰਨ ਜਾਂ ਗ੍ਰਹਿਣ ਕਰਨ ਸਮੇਂ ਹਰ ਪੀੜ੍ਹੀ, ਇਸ ਦਾ ਪੁਨਰ-ਮੁਲਾਂਕਣ ਕਰਕੇ ਇਸ ਦੇ ਬਹੁਤ ਸਾਰੇ ਅੰਸ਼ਾਂ ਨੂੰ ਤਿਆਗਦੀ ਅਤੇ ਬਹੁਤ ਸਾਰੇ ਅੰਸ਼ਾਂ ਦੀ ਨਵ-ਸਿਰਜਣਾ ਕਰਦੀ ਰਹਿੰਦੀ ਹੈ। ਕਿਸੇ ਵੀ ਸਭਿਆਚਾਰ ਦਾ ਅਧਿਐਨ ਨਾ ਕੇਵਲ ਕਿਸੇ ਸੰਬੰਧਤ ਸਮਾਜਕ ਅਦਾਰੇ ਵਿਚ ਕਰਨਾ ਹੀ ਸੰਭਵ ਹੈ ਸਗੋਂ ਉਸ ਸਮਾਜ ਦੇ ਸਭਿਆਚਾਰ ਨੂੰ ਇਕਾਲਕ ਅਤੇ ਪਾਰਗਾਮੀ ਪਹੁੰਚ ਵਿਧੀ ਦੇ ਪੱਖ ਤੋਂ ਵਿਚਾਰਨਾ

ਲਾਜ਼ਮੀ ਹੋ ਜਾਂਦਾ ਹੈ। ਇਸ ਪੱਖ ਤੋਂ ਅਸੀਂ ਮੱਧਕਾਲੀਨ ਲੋਕ ਮੁਹਾਵਰੇ ਵਿਚ ਪ੍ਰਵਾਹਮਾਨ ਦਮਨ ਵਿਰੋਧੀ ਸਰਗਰਮੀਆਂ ਦੀ ਵਿਉਂਤ ਦੀ ਰੂਪ ਰੇਖਾ ਨੂੰ ਉਲੀਕਣ ਦੇ ਨਾਲ ਨਾਲ ਉਹਨਾਂ ਪ੍ਰਤਿ ਮੁਜਾਹਮਤੀ ਦੇ ਸੰਰਚਨਾਕਾਰੀ ਪਸਾਰਾਂ ਦੀ ਵੀ ਥਾਹ ਪਾ ਸਕਾਂਗੇ। ਸਪਸ਼ਟ ਹੈ ਕਿ ਅਜਿਹੀ ਸਥਿਤੀ ਵਿਚ ਸਮਕਾਲੀ ਸਿਧਾਂਤ ਦੀਆਂ ਵਿਆਖਿਆ ਪ੍ਰਣਾਲੀਆਂ ਅਨੁਸਾਰ ਮੱਧਕਾਲੀ ਸਾਹਿਤਕ ਅਤੇ ਸਭਿਆਚਾਰਕ ਪ੍ਰਵਚਨਾਂ ਦੀ ਪੁਨਰ-ਵਿਆਖਿਆ ਕਰਨੀ, ਇਹਨਾਂ ਪ੍ਰਵਚਨਾਂ ਦੀਆਂ ਮਹੱਤਵਪੂਰਨ ਅਤੇ ਅਣਗੌਲੀਆਂ ਰਚਨਾ-ਵਿਉਂਤਾਂ ਨੂੰ ਉਲੀਕਣ ਦਾ ਸਾਰਥਕ ਕਾਰਜ ਅਦਾ ਕਰੇਗੀ।

ਧਰਮ ਮਨੁੱਖੀ ਆਚਰਣ ਅਤੇ ਵਿਹਾਰ ਨੂੰ ਨਿਯੰਤਰਿਤ ਕਰਨ ਵਾਲੇ ਨੈਤਿਕ ਵਿਧਾਨ ਦਾ ਲਖਾਇਕ ਹੈ ਜਦੋਂ ਕਿ ਅਰਥ ਅਤੇ ਕਾਮ ਮਨੁੱਖੀ ਜੀਵਨ ਦੀਆਂ ਭੌਤਿਕ ਅਤੇ ਪ੍ਰਵਿਰਤੀ ਮੂਲਕ ਲੋੜਾਂ ਦੀ ਪੂਰਤੀ ਦੇ ਅਧਾਰ ਹਨ। ਧਰਮ, ਅਰਥ ਅਤੇ ਕਾਮ ਮਨੁੱਖੀ ਹੋਂਦ ਦੇ ਲੌਕਿਕ ਸਰੋਕਾਰ ਮੰਨੇ ਜਾ ਸਕਦੇ ਹਨ। ਇਨ੍ਹਾਂ ਦੇ ਮੁਕਾਬਲੇ ਉੱਤੇ ਮੋਖ (ਮੋਕਸ਼) ਦਾ ਖੇਤਰ ਪਰਮਾਰਥ ਦੀ ਚੇਤਨਾ ਦਾ ਖੇਤਰ ਹੈ ਜੋ ਇਨ੍ਹਾਂ ਲੌਕਿਕ ਸਰੋਕਾਰਾਂ ਨੂੰ ਅਲੌਕਿਕ ਜਾਂ ਪਾਰਗਾਮੀ ਸੰਦਰਭ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਹੀ ਬੋਧੀ ਚਿੰਤਨ ਅਨੁਸਾਰ ਮਨੁੱਖੀ ਜੀਵਨ ਦੇ ਪਰਮਾਰਥ ਨੂੰ ਨਿਰਵਾਣ ਦੇ ਹਵਾਲੇ ਨਾਲ ਪਰਿਭਾਸ਼ਤ ਕੀਤਾ ਗਿਆ ਹੈ। ਇਹ ਤ੍ਰਿਸ਼ਨਾ ਜਾਂ ਕਾਮਨਾ ਦੀ ਭਟਕਣ ਤੋਂ ਮੁਕਤ ਹੋਣ ਦੀ ਅਵਸਥਾ ਮੰਨੀ ਗਈ ਹੈ। ਭਾਈ ਗੁਰਦਾਸ ਲਿਖਦੇ ਹਨ:

> ਗਿਆਨ ਧਿਆਨਿ ਸਿਮਰਣਿ ਸਦਾ ਸਤਿਗੁਰੁ ਸਿੱਖੁ ਰਖੈ ਨਿਰਬਾਣੈ।
> ਭੂਹ ਭਵਿਖਹੁ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ।
> ਜਾਤੀ ਸੁੰਦਰ ਲੋਕੁ ਨ ਜਾਣੈ।।[8]

ਨਿਰੰਕੁਸ਼ ਜਾਂ ਨਿਰਪੇਖ ਸੁਤੰਤਰਤਾ ਮਨੁੱਖੀ ਹੋਂਦ ਦੇ ਹਿੱਸੇ ਨਹੀਂ ਆਉਂਦੀ ਸਗੋਂ ਬੰਧਨ ਅਤੇ ਸੁਤੰਤਰਤਾ ਦੇ ਸਦੀਵੀ ਦਵੰਦ ਵਿਚ ਵਿਚਰਨਾ ਹੀ ਉਸ ਦੀ ਹੋਣੀ ਹੈ। ਅਜਿਹੀ ਸਥਿਤੀ ਵਿਚ ਜਾਹਰ ਹੈ ਕਿ ਮਾਨਵ-ਮੁਕਤੀ ਦਾ ਵਾਸਤਵਿਕ ਖੇਤਰ ਜੀਵਾਤਮਕ ਅਤੇ ਭੌਤਿਕ ਲੋੜਾਂ ਤੋਂ

ਮੁਕਤੀ ਦਾ ਖੇਤਰ ਨਹੀਂ ਅਤੇ ਨਾ ਹੀ ਸਮਾਜ-ਸਭਿਆਚਾਰ ਦੇ ਬੰਧਨ ਤੋਂ ਸ਼ਕਤੀ ਪ੍ਰਾਪਤ ਕਰਨ ਦਾ ਖੇਤਰ ਹੈ। ਮਨੁੱਖ ਆਪਣੀ ਮਾਨਵੀ ਸੁਤੰਤਰਤਾ ਨਿੱਜ (self) ਅਤੇ ਪਰ (other) ਨਾਲ ਇਕਸੁਰ ਹੋਕੇ ਜਿਊਣ ਦੀ ਸਥਿਤੀ ਰਾਹੀਂ ਪ੍ਰਾਪਤ ਕਰ ਸਕਦਾ ਹੈ। ਮਿਸਾਲ ਵਜੋਂ ਗੁਰੂ ਨਾਨਕ ਬਾਣੀ ਦੀਆਂ ਪੰਕਤੀਆਂ ਵਿਚ ਮਨੁੱਖ ਪ੍ਰਤੀ ਹਮਦਰਦੀ ਅਤੇ ਪ੍ਰਤਿਬੱਧਤਾ, ਸਰਬ-ਸਾਧਾਰਨ ਮਾਨਵਤਾ ਪਰ (other) ਨਾਲ ਇਕਸੁਰ ਹੋ ਕੇ ਜਿਊਣ ਵਾਲੀ ਜੀਵਨ-ਜਾਚ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[੭]

ਗੁਰੂ ਨਾਨਕ ਦੇਵ ਜੀ ਦੀਆਂ ਉਪਰੋਕਤ ਬਾਣੀ ਪੰਕਤੀਆਂ ਨੂੰ ਜਦੋਂ ਅਸੀਂ ਸਭਿਆਚਾਰਕ ਪ੍ਰਵਚਨ ਵਜੋਂ ਵਾਚਦੇ ਹਾਂ ਤਾਂ ਉਨ੍ਹਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਉਨ੍ਹਾਂ ਅਖਾਉਤੀ ਨੀਚਾਂ ਨਾਲ ਹੈ, ਜਿਹਨਾਂ ਨੂੰ ਸਵਰਨ ਜਾਤੀਆਂ ਦੁਰਕਾਰਦੀਆਂ ਰਹੀਆਂ ਹਨ। ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਣ-ਵਿਵਸਥਾ ਦੀ ਮਿੱਥ ਨੂੰ ਰੂਹਾਨੀ ਧਰਾਤਲ ਉਤੇ ਰੱਦ ਕਰ ਦਿੰਦਾ ਹੈ। ਇਹ ਪਾਰਗਾਮੀ ਹਸਤੀ (ਬ੍ਰਹਮ) ਦੇ ਸਾਹਮਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਸਥਾਪਿਤ ਕਰਦੀ ਹੈ ਅਤੇ ਜਾਤਿ ਦੀ ਥਾਵੇਂ ਜੋਤਿ ਦੇ ਮਹੱਤਵ ਨੂੰ ਉਜਾਗਰ ਕਰਦੀ ਹੈ। ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਵਿਸ਼ੇਸ਼ਤਾ ਵਿਸ਼ੇ ਦੀ ਪੇਸ਼ਕਾਰੀ ਕਰਨ ਦੀ ਥਾਂ ਵਿਸ਼ੇ ਦੀ ਰਚਨਾ ਕਰਨ ਦੀ ਪ੍ਰਕਿਰਿਆ ਵਿਚ ਪੈਣਾ ਹੈ। ਭਾਈ ਗੁਰਦਾਸ ਆਪਣੇ ਸਬਜੈਕਟ ਦੀ ਰਚਨਾ ਕਰਦਿਆਂ ਆਪਣੇ ਸਮਕਾਲੀ ਇਤਿਹਾਸ ਨੂੰ ਸਵੀਕਾਰ ਕਰਦੇ ਹੋਏ ਆਪਣੇ ਸਮੇਂ ਦੀਆਂ ਇਤਿਹਾਸਕ ਵਿਰੋਧਤਾਵਾਂ ਨੂੰ ਮੁਲਤਵੀ ਕਰਦਿਆਂ ਪਾਰਗਾਮੀ ਸੋਚ ਨਾਲ ਰਾਬਤਾ ਕਾਇਮ ਕਰਦੇ ਹਨ। ਇਸ ਕਰਕੇ ਇਥੇ ਪਾਰਗਾਮੀ ਸੱਚ ਨਾਲ ਲਬਰੇਜ਼ ਵਿਸ਼ੇ ਦੀ ਰਚਨਾ ਪ੍ਰਕਿਰਿਆ ਵਿਚ ਇਤਿਹਾਸਕ ਸੰਦਰਭਾਂ ਦੀ ਰਚਨਾਕਾਰੀ ਦਾ ਸੁਮੇਲ ਲਗਾਤਾਰ ਕਾਇਮ ਰਹਿੰਦਾ ਹੈ। ਸਪਸ਼ਟ ਹੈ ਕਿ ਇਥੇ ਇਤਿਹਾਸਕ ਬਿਰਤਾਂਤ ਦੀ ਸਿਰਜਣਾ ਨਹੀਂ ਸਗੋਂ ਇਹ ਪੂਰਕ ਹੋਣ ਦੇ ਆਦਰਸ਼ ਅਧੀਨ

ਪੇਸ਼ ਹੁੰਦਾ ਹੈ। ਪੂਰਕਤਾ ਤਾਂ ਹੀ ਸੰਭਵ ਹੋ ਸਕਦੀ ਹੈ, ਜੇ ਬਿਰਤਾਂਤਕ ਅਰਥ-ਵਿਉਂਤ ਵਾਂਗ ਇਤਿਹਾਸਕ ਵਿਸ਼ਾ ਵੀ ਪਾਰਗਾਮੀ ਸੱਚ ਭਰਪੂਰ ਹੋਵੇ ਅਤੇ ਆਪਣੀ ਕਾਲਿਕਤਾ ਦੇ ਵਿਵੇਕ ਦੀ ਸੰਸਥਾ ਬਣਨ ਦੀ ਥਾਂ ਪਾਰਲੌਕਿਕਤਾ ਨਾਲ ਪਾਰਗਾਮੀ ਅਵਸਥਾ ਦੀ ਪੇਸ਼ਕਾਰੀ ਦਾ ਸਾਧਨ ਬਣੇ। ਭਾਈ ਗੁਰਦਾਸ ਮਾਇਆਧਾਰੀ ਸੰਸਾਰੀ ਅਮੀਰਾਂ ਦੀ ਹਾਲਤ ਦਾ ਵਰਣਨ ਕਰਦਿਆਂ ਇਕਾਲਕ ਸਥਿਤੀਆਂ ਨੂੰ ਪਾਰਗਾਮੀ ਸੱਚ ਨਾਲ ਜੋੜਦੇ ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਝੰਜੋੜਦੇ ਹਨ ਅਤੇ ਰੱਬੀ ਦਰਗਾਹ ਵਿਚ ਉਹਨਾਂ ਹੰਕਾਰੀ ਮਨੁੱਖਾਂ ਦੀ ਦੁਰਦਸ਼ਾ ਦਾ ਬਿਰਤਾਂਤ ਸਿਰਜਦੇ ਹਨ:

ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ।
ਵਡੇ ਦੁਨੀਆਦਾਰ ਨਾਉ ਗਣਾਵਣੇ।
ਕਰਿ ਗੜ ਕੋਟ ਹਜਾਰ ਰਾਜ ਕਮਾਵਣੇ।
ਪੂਰ ਭਰੇ ਅਹੰਕਾਰ ਆਵਣ ਜਾਵਣੇ।
ਤਿਤੁ ਸਚੇ ਦਰਬਾਰ ਖਰੇ ਡਰਾਵਣੇ।।[10]

ਉਪਰੋਕਤ ਪਉੜੀ ਵਿਚ ਪੇਸ਼ ਪਾਰਗਾਮੀ ਸੱਚ ਇਕੋ ਵੇਲੇ ਵਿਸ਼ੇ ਦੀ ਨਿੱਜਤਾ ਨੂੰ ਵੀ ਮੁਖਾਤਿਬ ਹੈ ਅਤੇ ਉਸ ਦੀ ਇਤਿਹਾਸਕਤਾ ਨੂੰ ਵੀ। ਇਥੇ ਨਿੱਜਤਾ, ਇਤਿਹਾਸਕਤਾ ਅਤੇ ਪਾਰਲੌਕਿਕਤਾ ਦੇ ਦਾਇਰੇ ਇਕੋ ਤਰਤੀਬ ਵਿਚ ਬੱਝ ਕੇ ਇਕ ਦਿਸ਼ਾ ਵਿਚ ਇਕ ਦੂਜੇ ਦਾ ਵਿਸਤਾਰ ਕਰਦੇ ਹਨ ਅਤੇ ਦੂਜੀ ਦਿਸ਼ਾ ਵਿਚ ਇਕ ਦੂਜੇ ਨੂੰ ਸੀਮਾ-ਬੱਧ ਵੀ ਕਰਦੇ ਹਨ। ਅਸੀਂ ਜਿਸ ਬੁਨਿਆਦੀ ਨੁਕਤੇ ਦੀ ਪਛਾਣ ਵੱਲ ਰੁਚਿਤ ਹਾਂ ਉਹ ਨੁਕਤਾ ਮੱਧਕਾਲੀ ਸਮਾਜਿਕ ਚੇਤਨਾ ਦੇ ਅਰਥਾਂ ਨੂੰ ਧਰਮ ਦੇ ਪਰਿਪੇਖ ਵਿਚ ਸਮਝਣ ਵਾਲਾ ਹੈ। ਸੂਫ਼ੀਆਂ, ਭਗਤਾਂ ਅਤੇ ਗੁਰੂਆਂ ਦਾ ਮੂਲ ਵਿਰੋਧ ਵੀ ਧਰਮ ਦੇ ਪਰਿਪੇਖ ਵਿਚ ਹੀ ਹੈ। ਸਮਾਜਕ ਚੇਤਨਾ ਦਾ ਪ੍ਰਗਟਾਉ ਵੀ ਇਸੇ ਪਰਿਪੇਖ ਵਿਚ ਹੋਇਆ ਹੈ। ਮਨੁੱਖ ਨੂੰ ਮਾਨਵੀ ਰਿਸ਼ਤਿਆਂ ਦਾ ਜਦੋਂ ਵੀ ਗਿਆਨ ਦੇਣ ਦਾ ਪ੍ਰਸ਼ਨ ਪੈਦਾ ਹੋਇਆ ਹੈ ਤਾਂ ਉਦੋਂ ਵੀ ਮੂਲ ਸੰਦਰਭ ਧਾਰਮਿਕ ਦ੍ਰਿਸ਼ਟੀ ਹੀ ਬਣੀ ਹੈ। ਭਾਈ

ਗੁਰਦਾਸ ਦੀ ਸਾਰੀ ਬਾਣੀ ਮਨੁੱਖ ਕੇਂਦਰਿਤ ਹੈ ਪਰ ਮੂਲ ਦ੍ਰਿਸ਼ਟੀ ਧਾਰਮਿਕ ਅਤੇ ਪਾਰਗਾਮੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਨੁੱਖੀ ਹੋਂਦ ਦਾ ਸੰਤਾਪ ਕੇਂਦਰੀ ਸੁਰ ਵਜੋਂ ਹੈ, ਜੋ ਸਮਾਧਾਨ ਵਜੋਂ ਕਾਲ ਦੀ ਕਰੂਰਤਾ ਨੂੰ ਪਛਾਣਦਿਆਂ ਮਨੁੱਖ ਨੂੰ ਪਾਰਗਾਮੀ ਹੋਂਦ ਵਲ ਪ੍ਰੇਰਦੀ ਹੈ। ਆਪਣੀ ਹੋਂਦ ਦੀ ਗੌਰਵਮਈ ਪਛਾਣ ਮਨੁੱਖ ਲਈ ਮੂਲ ਸ਼ਕਤੀ ਦਾ ਸੋਮਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਅਜਿਹੀ ਚੇਤਨਾ ਦੇ ਪ੍ਰਸਾਰ ਮਿਲਦੇ ਹਨ:

ਸੀਗਾਰੂ ਜੈਤਹਾ ਭਲਾ ਸੂਰਬੀਰ ਮਨਿ ਪਰਉਪਕਾਰਾ।
ਜੈਤਾ ਨੰਦਾ ਜਾਣੀਐ ਪੁਰਖ ਪਿਰਾਗਾ ਸਬਦਿ ਅਧਾਰਾ।
ਤਿਲੁਕ ਤਿਲੋਕਾ ਪਾਠਕਾ ਸਾਧੁ ਸੰਗਤਿ ਸੇਵਾ ਹਿਤਕਾਰਾ।
ਤੋਤਾ ਮਹਤਾ ਮਹਾਂ ਪੁਰਖੁ ਗੁਰਮੁਖਿ ਸੁਖ ਫਲ ਸਬਦੁ ਪਿਆਰਾ।[11]

ਉਪਰੋਕਤ ਪਉੜੀ ਵਿਚ ਭਾਈ ਗੁਰਦਾਸ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦੀ ਸ਼ਰਨ ਵਿਚ ਆਏ ਪ੍ਰਸਿੱਧ ਸਿੱਖਾਂ ਦੀ ਸੂਰਬੀਰਤਾ ਅਤੇ ਪਰਉਪਕਾਰੀ ਸੁਭਾਅ ਬਾਰੇ ਦੱਸਦੇ ਹਨ ਜਿਹੜੇ ਗੁਰੂ ਦੀ ਹਜ਼ੂਰੀ ਵਿਚ ਰਹਿੰਦਿਆਂ ਇਕਾਲਕ ਹੱਦ-ਬੰਦੀਆਂ ਪਾਰ ਕਰਦੇ ਹੋਏ ਗੁਰੂ ਦੀ ਸਿੱਖੀ ਨਾਲ ਓਤਪੋਤ ਪਾਰਗਾਮੀ ਗਗਨਾਂ ਵਿਚ ਉਡਾਰੀਆਂ ਲਾ ਰਹੇ ਸਨ। ਗੁਰੂ ਹਰਗੋਬਿੰਦ ਸਾਹਿਬ ਦੀ ਸੰਗਤ ਵਿਚ ਰਹਿੰਦਿਆਂ, ਗੁਰੂ ਜੀ ਦੇ ਅਲੌਕਿਕ ਅਤੇ ਪਾਰਗਾਮੀ ਪੈਗਾਮ ਨੇ ਆਪਣਾ ਧਰਮ-ਕਰਮ, ਭਗਤੀ ਤੇ ਸ਼ਕਤੀ, ਗੈਰਤ ਤੇ ਅਣਖ ਗੁਆ ਚੁੱਕੇ ਨਿਮਾਣੇ ਤੇ ਨਿਤਾਣੇ ਲੋਕਾਂ ਵਿਚ, ਭਗਤੀ ਤੇ ਸ਼ਕਤੀ, ਦੇਗ ਤੇ ਤੇਗ ਅਤੇ ਰਾਜ ਤੇ ਜੋਗ ਦੇ ਸਾਵੇ ਤੇ ਸੁਚੱਜੇ ਸੁਮੇਲ ਰਾਹੀਂ ਚੜ੍ਹਦੀ ਕਲਾ ਦੇ ਸੰਕਲਪ ਨੇ ਨਿਸਚੇ ਹੀ ਇਕ ਨਵਾਂ ਚਾਹ ਤੇ ਉਤਸ਼ਾਹ, ਹਿੰਮਤ ਤੇ ਹੌਸਲਾ ਪੈਦਾ ਕਰ ਦਿੱਤਾ ਸੀ। ਸਤਿਗੁਰੂ ਦੇ ਨਾਮ ਲੇਵਿਆਂ ਵਿਚ ਤਾਂ ਇਕ ਅਨੂਠੀ ਜਿਹੀ ਬੀਰ-ਭਾਵਨਾ ਪੈਦਾ ਹੋ ਗਈ ਸੀ ਅਤੇ ਚੜ੍ਹਦੀ ਕਲਾ ਵਾਲੀ ਭਾਵਨਾ (spirit) ਵੀ ਸਪਸ਼ਟ ਰੂਪ ਵਿਚ ਉਜਾਗਰ ਹੋ ਗਈ ਸੀ। ਭਾਈ ਗੁਰਦਾਸ ਛੇਵੇਂ ਗੁਰੂ ਦੇ, ਪ੍ਰੇਮਾ-ਭਗਤੀ ਨੂੰ ਆਪਣੀ ਰਹੁ-ਰੀਤ ਬਣਾ ਚੁੱਕੇ ਗੁਰਸਿੱਖਾਂ ਦਾ ਬਿਰਤਾਂਤ ਪੇਸ਼ ਕਰਦਿਆਂ ਉਨ੍ਹਾਂ ਦੀ ਰੂਹ ਦੇ ਅਲੌਕਿਕ ਪਸਾਰ ਦਾ ਪ੍ਰਗਟਾਵਾ ਗਿਆਰਵੀਂ ਵਾਰ ਵਿਚ ਕਰਦੇ ਹਨ:

ਭਗਤੂ ਛੁਰਾ ਵਖਾਣੀਐ ਡਲੂ ਗੀਹਾਣੈ ਸਾਬਾਸੁ।

ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ ਕਵਲ ਵਿਗਾਸੁ।

ਗੁਜਰਾਤੇ ਵਿਚਿ ਜਾਣੀਐ ਭੇਖਾਰੀ ਭਾਬੜਾ ਸੁਲਾਸੁ।

ਗੁਰਮੁਖਿ ਭਾਉ ਭਗਤਿ ਰਹਿਰਾਸੁ।।[12]

ਭਾਈ ਗੁਰਦਾਸ ਦੀ ਬਾਣੀ ਅਧਾਰਤ ਵਾਰ-ਰਚਨਾ ਲੋਕ ਮਾਨਸ ਨੂੰ ਭੌਤਿਕ ਅਤੇ ਅਧਿਆਤਮਕ ਸੰਦਰਭ ਨਾਲ ਜੋੜ ਕੇ ਮਾਨਵੀ ਸਥਿਤੀ ਦਾ ਸੱਚ ਪਛਾਣਦੀ ਹੈ। ਜਦੋਂ ਮਾਨਵ ਆਪਣੀਆਂ ਭੌਤਿਕ ਸੀਮਾਵਾਂ ਉਪਰ ਸਵੈ-ਕਾਬੂ ਪਾ ਲੈਂਦਾ ਹੈ ਤਾਂ ਉਹ ਅੰਦਰਲੇ ਆਤਮਿਕ ਸੱਚ ਦਾ ਗਿਆਨ ਪ੍ਰਾਪਤ ਕਰਦਾ ਹੈ ਤੇ ਭਾਈ ਗੁਰਦਾਸ ਦੀ ਬਾਣੀ ਦਾ ਆਧਾਰ ਅੰਤਿਮ ਰੂਪ ਵਿਚ ਮਾਨਵ ਦੀ ਇਸ ਸਥਿਤੀ ਨੂੰ ਪ੍ਰਵਾਨ ਕਰਨਾ ਹੈ। ਇਹੀ ਸਥਿਤੀ ਪਾਰਗਾਮੀ ਅਵਸਥਾ ਹੈ, ਗੁਰਮੁੱਖਤਾ ਹੈ। ਭਾਈ ਗੁਰਦਾਸ ਦੀਅ ਵਾਰਾਂ ਵਿਚ ਇਹ ਗੱਲ ਸਪੱਸ਼ਟ ਰੂਪ 'ਚ ਕਹੀ ਗਈ ਹੈ ਕਿ ਗੁਰੂ ਦਾ ਸ਼ਬਦ ਹੀ 'ਗੁਰੂ' ਹੈ ਤੇ ਇਸ ਸ਼ਬਦ ਵਿਚੋਂ ਅੰਮ੍ਰਿਤ ਰਸ ਤੇ ਗੁਰੂ ਦਰਸ਼ਨ ਦੀ ਪ੍ਰਾਪਤੀ ਹੋਵੇਗੀ।

ਗੁਰਮੁਖਿ ਸੁਖ ਫਲੁ ਪਿਰਮ ਰਸੁ ਦੇਹਿ ਬਿਦੇਹ ਵਡੇ ਵੀਚਾਰੀ।

ਗੁਰ ਮੂਰਤਿ ਗੁਰ ਸਬਦੁ ਸੁਣਿ ਸਾਧ ਸੰਗਤਿ ਆਸਣੁ ਨਿਰੰਕਾਰੀ।

ਆਦਿ ਪੁਰਖੁ ਆਦੇਸੁ ਕਰਿ ਅੰਮ੍ਰਿਤੁ ਵੇਲਾ ਸਬਦੁ ਆਹਾਰੀ।

ਅਵਿਗਤਿ ਗਤਿ ਅਗਾਧਿ ਬੋਧਿ ਅਕਥ ਕਥਾ ਅਸਗਾਹ ਅਪਾਰੀ।

ਸਹਨਿ ਅਵੱਟਣੁ ਪਰਉਪਕਾਰੀ।।[13]

ਇਸ ਸ਼ਬਦ ਦੀ ਮੂਲ ਸਥਿਤੀ ਸੰਜੋਗ ਦੀ ਹੈ, ਇਹ ਸਥਿਤੀ ਸਾਰੀ ਬਾਣੀ ਦੀ ਅੰਤਰਧਾਰਾ ਵਿਚ ਵਹਿੰਦੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਈ ਗੁਰਦਾਸ ਦੇ ਬਾਣੀ ਸੰਸਾਰ ਵਿਚ ਪ੍ਰਭੂ ਸੰਜੋਗ ਅਤੇ ਮਾਨਵੀ ਮੁਕਤੀ ਸੂਫ਼ੀ ਸੰਸਾਰ ਨਾਲੋਂ ਵੱਖਰੇ ਰੂਪ ਵਿਚ ਹੈ। ਬਾਣੀ ਸੰਸਾਰ ਵਿਚ ਸੰਜੋਗ ਜਾਂ ਮੁਕਤੀ ਇਸ ਪਾਰਗਾਮੀ ਹੋਂਦ ਦੀ ਸੋਝੀ ਹੈ, ਇਹ ਸੋਝੀ ਮਾਨਵ ਨੂੰ ਅਲੌਕਿਕ ਰਿਸ਼ਤਿਆਂ ਦੀ

ਪਛਾਣ ਨਾਲ ਜੋੜਦੀ ਹੈ। ਪਾਰਗਾਮੀ ਹੋਂਦ ਦੇ ਅਨੁਭਵ ਵਿਚੋਂ ਗੁਜਰਨ ਤੋਂ ਬਾਅਦ ਮਾਨਵ ਇਕ ਅਜਿਹੀ ਚੇਤਨ ਮਾਨਸਿਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਜਿਸ ਦੀ ਬੁਨਿਆਦੀ ਵੱਖਰਤਾ ਵਿਚੋਂ ਮਾਨਵ ਦੇ ਦੋ ਵਿਭਿੰਨ ਸੰਕਲਪ ਉਘੜਦੇ ਹਨ। ਪਹਿਲਾ ਸੰਕਲਪ ਮਾਨਵੀ ਹੋਂਦ ਦੀ ਸਵੀਕ੍ਰਿਤੀ ਵਾਲਾ ਹੈ ਅਤੇ ਦੂਜਾ ਸੰਕਲਪ ਮਾਨਵੀ ਹੋਂਦ ਨੂੰ ਨਕਾਰਨ ਵਾਲਾ ਹੈ। ਮਾਨਵ ਦੇ ਆਪਣੇ ਸੱਚ ਅਤੇ ਪਾਰਗਾਮੀ ਸੱਚ ਦੇ ਵਿਚਕਾਰ ਇਕ ਅਜਿਹਾ ਇੰਦਰਿਆਵੀ ਸੰਸਾਰ ਹੈ, ਜਿਸ ਨੇ ਮਾਨਵ ਨੂੰ ਇਕ ਆਕ੍ਰਸ਼ਿਤ ਮਾਹੌਲ ਵੱਲ ਪ੍ਰੇਰਣਾ ਹੈ ਜਿਸ ਵਿਚ ਮਾਨਵ ਨੇ ਆਪਣੇ ਸੱਚ ਤੋਂ ਟੁੱਟਣਾ ਹੈ। ਇਹ ਸਥਿਤੀ ਮਾਨਵੀ ਹੋਂਦ ਨੂੰ ਉਸਦੀ ਮਾਨਵਤਾ ਨਾਲੋਂ ਤੋੜਦੀ ਹੈ। ਭਾਈ ਗੁਰਦਾਸ ਦੀ ਬਾਣੀ ਅਜਿਹੇ ਸਮੇਂ ਮਾਨਵ ਨੂੰ ਸੱਚ ਅਤੇ ਕੂੜ ਦੀ ਮੂਲ ਪਛਾਣ ਕਰਾਉਂਦੀ ਹੈ। ਇਸ ਸੰਸਾਰ ਦਾ ਮੂਲ ਪੈਰਾਡਾਈਮ ਹੀ ਸਚਿਆਰਾ ਹੋਣ ਦਾ ਹੈ। ਇਸ ਪੈਰਾਡਾਈਮ ਦੇ ਅਨੇਕਾਂ ਪ੍ਰਸੰਗ ਹਨ ਜੋ ਮਾਨਵ ਨੂੰ ਕੂੜੀ ਸਥਿਤੀ ਵਿਚੋਂ ਸੱਚੀ ਹੋਂਦ ਦੀ ਸੋਝੀ ਦਿੰਦੇ ਹਨ। ਅਜਿਹੀ ਸਥਿਤੀ ਵਿਚ ਹੀ ਮਨੁੱਖ ਦੀ ਇਕਾਲਕੀ ਹੋਂਦ ਪਾਰਲੌਕਿਕ ਜਾਂ ਪਾਰਗਾਮੀ ਹੋਂਦ ਨਾਲ ਸੁਮੇਲ ਦਾ ਅਨੁਭਵ ਕਰਦੀ ਹੈ।

### (ਅ) ਦੂਹਰੀ ਅਰਥ-ਸਿਰਜਣ ਪ੍ਰਕਿਰਿਆ

ਭਾਈ ਗੁਰਦਾਸ ਦੀਆਂ ਵਾਰਾਂ ਦਾ ਬਿਰਤਾਂਤਕ ਪਾਠ ਦੂਹਰੀ ਸਿਰਜਣ ਪ੍ਰਕਿਰਿਆ ਰਾਹੀਂ ਵਿਉਂਤਬੱਧ ਹੈ। ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਅਨੁਭਵ ਦੀ ਪ੍ਰੋੜ੍ਹਤਾ ਅਤੇ ਚਿੰਤਨ ਦੀ ਡੂੰਘਾਈ ਨਾਲ ਲੌਕਿਕ ਅਤੇ ਪਾਰਲੌਕਿਕ ਮਸਲਿਆਂ ਦਾ ਬੁਨਿਆਦੀ ਰੂਪ ਵਿਚ ਸਮਾਧਾਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਵਚਨ ਵਿਧੀ ਵੀ ਇਸੇ ਬਿਰਤਾਂਤਕ ਜੁਗਤ ਰਾਹੀਂ ਆਪਣੀਆਂ ਦੋ ਜੁਗਤਾਂ ਨੂੰ ਉਭਾਰਦੀ ਹੈ। ਇਕ ਪਾਸੇ ਤਾਂ ਇਸ ਦਾ ਸੰਦੇਸ਼ 'ਨਾਨਕ ਸ਼ਾਇਰ ਏਵ ਕਹਿਤ ਹੈ' ਰਾਹੀਂ ਅਰਥ ਦੀ ਇਤਿਹਾਸਕਤਾ ਨੂੰ ਉਜਾਗਰ ਕਰਦਾ ਹੈ ਅਤੇ ਨਾਲ ਹੀ ਨਾਲ 'ਜੈਸੀ ਮੈਂ ਆਵੇ ਖਸਮ ਦੀ ਬਾਣੀ, ਤੈਸੜਾ ਕਰੀ ਗਿਆਨ ਵੇ ਲਾਲੋ' ਦੇ ਪ੍ਰਵਚਨ ਰਾਹੀਂ ਵਿਸ਼ੇਸ਼ ਅਰਥਾਂ

ਨੂੰ ਵਿਆਪਿਕ ਅਰਥਾਂ ਵਿਚ ਰੂਪਾਂਤਰਿਤ ਕਰ ਲੈਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਵੀ ਇਸੇ ਪ੍ਰਕਾਰ ਦੀ ਹੈ। ਜਿਸ ਵਿਚ ਪਹਿਲੇ ਪੱਧਰ 'ਤੇ ਬਿਰਤਾਂਤਕ ਸੰਦਰਭ ਵਿਚ ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਵਿਚ, ਨੇਕੀ ਦੀ ਜਿੱਤ ਦਾ ਸੰਦੇਸ਼ ਦਿੰਦੀ ਹੈ ਅਤੇ ਨਾਲ ਹੀ 'ਦੁਰਗਾ ਪਾਠ ਬਣਾਇਆ ਸੱਭੇ ਪਉੜੀਆਂ', ਫਿਰ ਨਾ ਜੂਨੀ ਆਇਆ, ਜਿਨ ਇਹ ਗਾਇਆ' ਦੀ ਜੁਗਤ ਰਾਹੀਂ ਬਿਰਤਾਂਤਕ ਸੰਦਰਭਾਂ ਨੂੰ ਵਿਆਪਕ ਅਰਥਾਂ ਵਿਚ ਵਿਉਂਤਬੱਧ ਕਰਦੀ ਹੈ। ਇਹ ਸਿਰਜਣ ਪ੍ਰਕਿਰਿਆ ਵਿਭਿੰਨ ਪ੍ਰਬੰਧਾਂ ਵਿਚਕਾਰ ਸੰਵਾਦ ਸਥਾਪਤ ਕਰਦਾ ਹੈ ਤਾਂ ਕਿ ਉਨ੍ਹਾਂ ਵਿਚ ਆਦਾਨ-ਪ੍ਰਦਾਨ ਅਤੇ ਪ੍ਰਭਾਵ ਦੀਆਂ ਸੰਭਾਵਨਾਵਾਂ ਪਛਾਣੀਆਂ ਜਾ ਸਕਣ। ਅਜਿਹਾ ਬਿਰਤਾਂਤ ਨਵੇਂ ਚਿਹਨਾਂ ਦੀ ਸਿਰਜਨਾ ਕਰਦਾ ਹੋਇਆ ਦੂਹਰੀ ਅਰਥ ਪ੍ਰਕਿਰਿਆ ਨੂੰ ਜਨਮ ਦਿੰਦਾ ਹੈ।

ਭਾਈ ਗੁਰਦਾਸ ਦੀ ਵਾਰ ਦਾ ਇਹ ਰਿਸ਼ਤਾ ਬਿਰਤਾਂਤਕ ਸੰਦਰਭ ਦੇ ਪੱਖ ਤੋਂ, ਵਾਰ ਕਥਾ ਦੇ ਸੁਮੇਲ ਰਾਹੀਂ ਗੁਰਮੁੱਖ/ਗੁਰਸਿੱਖ ਤੇ ਗੁਰੂ ਦੀ ਰੂਹਾਨੀਅਤ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਵਾਰ ਕਥਾ ਦੇ ਸੰਦਰਭਾਂ ਰਾਹੀਂ ਨਿਰੰਤਰ ਰੂਪ ਵਿਚ ਸਰਗਰਮ ਹੁੰਦਾ ਵੇਖ ਸਕਦੇ ਹਾਂ। ਇਸ ਵਾਰ ਵਿਚ ਗੁਰੂ ਦੇ ਸਿੱਖਾਂ ਦੀਆਂ ਅਧਿਆਤਮਿਕ ਜਗਿਆਸਾਵਾਂ ਦੀ ਰੋਸ਼ਨੀ ਵਿਚ ਉਹਨਾਂ ਦੀ ਧਰਮ-ਵਿਧੀ ਦਾ ਵਿਸ਼ਲੇਸ਼ਣ ਹੋਇਆ ਹੈ। ਇਸ ਲਈ ਸਪਸ਼ਟ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਬਿਰਤਾਂਤ-ਸ਼ਾਸਤਰ ਦਾ ਮਕਸਦ ਸਿਰਫ਼ ਪਾਠਗਤ ਵਿਉਂਤਾਂ, ਜੁਗਤਾਂ ਅਤੇ ਅਰਥ ਸਿਰਜਣ ਪ੍ਰਕਿਰਿਆ ਦੀ ਹੀ ਨਿਸ਼ਾਨਦੇਹੀ ਕਰਨਾ ਨਹੀਂ ਹੈ, ਸਗੋਂ ਬਿਰਤਾਂਤੀਕਰਨ ਦੀ ਸਮੁੱਚੀ ਪ੍ਰਕਿਰਿਆ ਨੂੰ ਸਪਸ਼ਟ ਕਰਨਾ ਅਤੇ ਉਸਦਾ ਵਿਸ਼ਲੇਸ਼ਣ ਪੇਸ਼ ਕਰਨਾ ਹੈ ਜਿਹੜਾ ਕਿ ਭਾਈ ਗੁਰਦਾਸ ਦੀਆਂ ਵਾਰਾਂ ਰਾਹੀਂ ਪੁਨਰ ਸਿਰਜਤ ਹੁੰਦਾ ਵੇਖਿਆ ਜਾ ਸਕਦਾ ਹੈ।

ਭਾਈ ਗੁਰਦਾਸ ਦੀ ਰਚਨਾ ਦਾ ਫਲਸਫਾ ਗੁਰਮਤਿ ਮਰਿਯਾਦਾ ਤੇ ਅਧਾਰਿਤ ਹੈ। ਗੁਰਮਤਿ ਮਰਿਯਾਦਾ ਗੁਰੂ ਨਾਨਕ ਦੇਵ ਦੇ ਫਲਸਫੇ ਭਾਵ ਹੁਕਮ, ਪ੍ਰੇਮਾ-ਭਗਤੀ ਆਦਿ ਦੇ ਸਤੰਭਾਂ ਉਤੇ ਖੜ੍ਹੀ ਹੈ। ਭਾਰਤ ਵਿਚ ਸ਼ੁਰੂ ਤੋਂ ਹੀ ਭਗਤੀ ਦਾ ਸੰਕਲਪ ਭਾਰਤੀ ਧਾਰਮਿਕ ਚਿੰਤਨ

ਦਾ ਮੂਲਧੁਰਾ ਰਿਹਾ ਹੈ। ਭਾਈ ਗੁਰਦਾਸ ਦੀ ਰਚਨਾ ਇਕ ਪਾਸੇ ਤਾਂ ਅਧਿਆਤਮਿਕ ਸੰਕਲਪਾਂ ਨੂੰ ਰੂੜ ਕਰ ਰਹੀ ਹੈ ਪਰ ਨਾਲ ਹੀ ਜੇ ਰਚਨਾ ਦੀ ਅੰਦਰੂਨੀ ਤੇ ਗਹਿਨ ਸੰਰਚਨਾ ਵਿਚ ਪਏ ਪੈਗਾਮ ਨੂੰ ਵੇਖਿਆ ਜਾਵੇ ਤਾਂ ਦੀਨ ਦੇ ਨਾਲ ਦੁਨੀ, ਪਰਮਾਰਥ ਤੇ ਅਧਿਆਤਮ ਦੇ ਨਾਲ ਨਾਲ ਦੁਨਿਆਵੀ ਚੱਜ-ਆਚਾਰ, ਗੁਰਮੁੱਖ ਬਣਨ ਤੇ ਗੁਰਮੁਖ ਕਸੌਟੀ ਉਤੇ ਪੂਰਾ ਉਤਰਨ ਲਈ ਵੀ ਸਦਾਚਾਰਕ ਪੱਧਰ ਤੇ ਸੇਧ ਪ੍ਰਦਾਨ ਕਰਦੀ ਹੈ। ਸਮਕਾਲੀ ਰਾਜਨੀਤਿਕ, ਆਰਥਿਕ ਤੇ ਸਭਿਆਚਾਰਕ ਪ੍ਰਸੰਗਾਂ ਨਾਲ ਜੁੜਕੇ ਭਾਈ ਗੁਰਦਾਸ ਦੀ ਬਾਣੀ ਦਾ ਦਾਇਰਾ ਵਧੇਰੇ ਵਸੀਹ ਤੇ ਵਡੇਰਾ ਹੀ ਨਹੀਂ ਹੋ ਜਾਂਦਾ ਸਗੋਂ ਸੰਕਲਪਾਤਮਕ ਪੱਧਰ ’ਤੇ ਬਹੁਅਰਥਕ ਤੇ ਬਹੁਪਾਸਾਰੀ ਵੀ ਹੋ ਜਾਂਦਾ ਹੈ। ਅਧਿਆਤਮਿਕ ਤੇ ਸਮਾਜਿਕਤਾ, ਦੀਨ ਤੇ ਦੁਨੀ ਦੇ ਆਪਸੀ ਸੰਬੰਧਾਂ ਦੀ ਦ੍ਰਿੜਤਾ ਭਾਈ ਗੁਰਦਾਸ ਦੀ ਬਾਣੀ ਵਿਚ ਥਾਂ ਥਾਂ ਮੌਜੂਦ ਹੈ। ਡਾ. ਤਰਲੋਕ ਸਿੰਘ ਕੰਵਰ ਦਾ ਵਿਚਾਰ ਉਪਰੋਕਤ ਤੱਥਾਂ ਦੀ ਪ੍ਰੋੜਤਾ ਕਰਦਾ ਹੈ:

> ਦੈਵੀ ਵੱਥ ਜਾਂ ਅਧਿਆਤਮਿਕਤਾ ਵੀ ਨਿਰਮਿਤ ਕੀਤੀਆਂ ਜਾਂਦੀਆਂ ਹਨ। ਅਧਿਆਤਮਿਕਤਾ ਦੀ ਨਿਰਮਾਣ ਪ੍ਰਕਿਰਿਆ ਦੇ ਨਾਲ ਲਗਦਾ ਅਗਲਾ ਆਯਾਮ ਇਹ ਵੀ ਹੈ ਕਿ ਅਧਿਆਤਮਿਕਤਾ ਵੀ ਵਿਸ਼ੇਸ਼ ਪ੍ਰਕਾਰ ਦੇ ਇਤਿਹਾਸਕ ਤੇ ਰਾਜਨੀਤਿਕ ਦਬਾਵਾਂ ਦੇ ਅਧੀਨ ਸੰਕਲਪਿਤ ਤੇ ਨਿਰਮਿਤ ਕੀਤੀ ਜਾਂਦੀ ਹੈ।[14]

ਭਾਈ ਗੁਰਦਾਸ ਗਿਆਰਵੀਂ ਵਾਰ ਦੀ ਪਹਿਲੀ ਪਉੜੀ ਵਿਚ ਵਿਚਾਰ ਪ੍ਰਗਟ ਕਰਦੇ ਹਨ ਕਿ ਸਾਰੇ ਕਲੇਸ਼ਾਂ ਤੋਂ ਛੁਟਕਾਰਾ ਸਤਿਗੁਰੂ ਸੱਚਾ ਪਾਤਸ਼ਾਹ ਹੀ ਕਰਾ ਸਕਦਾ ਹੈ। ਮਨੁੱਖੀ ਜੀਵ ਸਾਧ-ਸੰਗਤਿ ਰੂਪੀ ਝਰੋਖੇ ਰਾਹੀਂ ਹੀ ਉਸ ਪਰਮਾਤਮਾ ਰੂਪੀ ਪਾਤਸ਼ਾਹ ਦੀ ਮਿਹਰ ਦਾ ਪਾਤਰ ਹੋ ਸਕਦਾ ਹੈ। ਸਾਧ-ਸੰਗਤ ਹੀ ਸਚਿ ਖੰਡ ਰੂਪ ਹੈ ਜਿਥੇ ਜਗਿਆਸੂ ਅਨਹਦ ਨਾਦ ਦੀ ਅੰਮ੍ਰਿਤ ਰੂਪੀ ਧੁਨੀ ਦਾ ਰਸ ਮਾਣ ਸਕਦਾ ਹੈ। ਸਤਿਗੁਰੁ ਸੱਚਾ ਪਾਤਸ਼ਾਹ ਭਗਤ ਵਛਲ ਹੈ, ਭੰਡਾਰੀ ਹੈ ਅਤੇ ਨਾਮ ਰਸ ਦੀ ਦਾਤ ਆਪਣੇ ਭਗਤਾਂ ਨੂੰ ਵਰਤਾਉਂਦਾ ਹੈ। ਜਿਹਨਾਂ ’ਤੇ ਪਰਮਾਤਮਾ ਦੀ ਮਿਹਰ

ਹੁੰਦੀ ਹੈ ਉਹਨਾਂ ਨੂੰ ਇਹ ਅੰਮ੍ਰਿਤ ਦੀ ਦਾਤ ਪ੍ਰਾਪਤ ਵੀ ਹੁੰਦੀ ਹੈ ਪਰ ਇਸ ਲਈ ਪੂਰਨ ਹਜ਼ੂਰੀ ਅਤੇ ਬੌਧਿਕਤਾ ਦੀ ਅਤਿਅੰਤ ਲੋੜ ਹੁੰਦੀ ਹੈ ਕਿਉਂਕਿ "ਭਗਤੀ ਬਾਹਰੀ ਕਰਮਾਂ ਰਾਹੀਂ ਪ੍ਰਾਪਤ ਕੀਤਾ ਪ੍ਰਭਾਵ ਨਹੀਂ ਸਗੋਂ ਇਹ ਤਾਂ ਅੰਦਰੋਂ ਵਿਗਸਤ ਹੋਈ ਅਨੁਭੂਤੀ ਹੈ।"[15] ਸਾਧਕ ਲਈ ਸੱਚੇ ਪਾਤਸ਼ਾਹ ਦਾ ਦਰਬਾਰ ਮੌਜੂਦ ਹੈ ਪਰ ਉਸ ਦਰਬਾਰ ਤਕ ਪਹੁੰਚਣ ਦੀ ਤਾਕਤ, ਦਲੇਰੀ ਅਤੇ ਹੁਸ਼ਿਆਰੀ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪਰਮਾਤਮਾ ਨੂੰ ਸੱਚੇ ਪਾਤਸ਼ਾਹ ਦੇ ਰੂਪ ਵਿਚ ਵੇਖਣ ਪਿੱਛੇ ਵੀ ਦੂਹਰੀ ਭਾਵਨਾ ਕੰਮ ਕਰ ਰਹੀ ਹੈ। ਮੱਧਕਾਲ ਵਿਚ ਮੁਗਲਈ ਸਲਤਨਤ ਵਿਚ ਬਾਦਸ਼ਾਹ/ਹਾਕਮ ਪਾਤਸ਼ਾਹ ਹੈ, ਪਰਜਾ ਉਸਦੀ ਮਹਿਕੂਮ ਹੈ, ਪਰੰਤੂ ਦੂਜੇ ਪਾਸੇ ਗੁਰਬਾਣੀ ਅਨੁਸਾਰ, ਜਿਸ ਨੂੰ ਭਾਈ ਗੁਰਦਾਸ ਨੇ ਵੀ ਵਾਰਾਂ ਵਿਚ ਪੁਨਰ ਸਿਰਜਤ ਕੀਤਾ ਹੈ, ਪਰਮਾਤਮਾ ਦੇ ਦਰਬਾਰ ਵਿਚ ਵੀ ਪਰਜਾ ਮਹਿਕੂਮ ਹੈ ਤੇ ਪਰਮਾਤਮਾ ਸੱਚਾ ਪਾਤਸ਼ਾਹ ਹੈ ਜੋ ਕਿ ਦੁਨਿਆਵੀ ਪਾਤਸ਼ਾਹਾਂ ਦਾ ਵੀ ਸਭ ਤੋਂ ਉੱਚਾ ਪਾਤਸ਼ਾਹ ਹੈ। ਦੁਨਿਆਵੀ ਪਾਤਸ਼ਾਹ ਤੱਕ ਆਮ ਵਿਅਕਤੀ ਦੀ ਰਸਾਈ ਨਹੀਂ ਸੀ ਜਦੋਂ ਕਿ ਸੱਚੇ ਪਾਤਸ਼ਾਹ ਤਕ ਪਹੁੰਚਣ ਲਈ ਜੀਵ ਦੀ ਸ਼ਰਧਾ ਭਾਵਨਾ ਅਤੇ ਪਰਮਾਤਮਾ ਦੀ ਮਿਹਰ ਹੀ ਲੋੜੀਂਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਸਰੂਪ ਦਾ ਵਰਣਨ ਕਰਦਿਆਂ ਮੂਲ ਮੰਤਰ ਵਿਚ ਗੁਰਪ੍ਰਸਾਦਿ ਕਿਹਾ ਹੈ ਜਿਸ ਦਾ ਭਾਵ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਜਾਂ ਰਸਾਈ ਗੁਰੂ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ। ਗੁਰੂ ਕਿਰਪਾ ਰੂਪੀ ਗੁਰ ਪ੍ਰਸਾਦਿ, ਅਨੁਭਵ ਜਾਂ ਆਂਤਰਕ ਪ੍ਰਫੁਲਤਾ ਨੂੰ ਕਿਸੇ ਪ੍ਰਮਾਣ ਜਾਂ ਕਸੌਟੀ ਦੀ ਜ਼ਰੂਰਤ ਨਹੀਂ। ਇਸ ਬਾਰੇ ਭਾਰਤੀ ਦਰਸ਼ਨ ਵਿਚ ਡਾ. ਰਾਧਾ ਕ੍ਰਿਸ਼ਨ ਅਜਿਹੇ ਵਿਚਾਰਾਂ ਦੇ ਹਾਮੀ ਹਨ ਕਿ "ਭਗਤੀ ਜਾਂ ਸੱਚੀ ਲਗਨ ਦਾ ਅਰਥ ਹੈ ਪਰਮਾਤਮਾ ਨੂੰ ਪਿਆਰ ਕਰਨਾ ਉਸ ਪ੍ਰਤੀ ਸਮਰਪਿਤ ਭਾਵ ਰੱਖਣਾ, ਉਸ ਵਿਚ ਸਮਾ ਜਾਣਾ ਅਜਿਹਾ ਕਰਮ ਆਪਣਾ ਫਲ ਆਪ ਹੈ।"[16] ਭਾਈ ਗੁਰਦਾਸ ਦੁਨਿਆਵੀ ਪਾਤਸ਼ਾਹਾਂ ਦੀ ਗੱਲ ਕਰਦਿਆਂ ਉਨ੍ਹਾਂ ਦੇ ਸਾਕੀਆਂ ਹੱਥੋਂ ਭਰ ਭਰ ਪਿਆਲੇ ਪੀਣ ਨੂੰ ਖਰੀ ਮਸਤੀ ਪ੍ਰਾਪਤ ਨਾ ਹੋਣ ਦੇ ਦੁਨਿਆਵੀ ਅਨੁਭਵ ਨੂੰ ਅਧਿਆਤਮਿਕ ਅਨੁਭਵ ਨਾਲ ਜੋੜਦਿਆਂ ਦੂਹਰੀ ਅਰਥ-ਸਿਰਜਣਾ

ਦੀ ਪ੍ਰਕਿਰਿਆ ਦੁਆਰਾ ਨਾਮ ਰੂਪੀ ਪਿਆਲਾ ਪੀਣ ਦੀ ਅਵਸਥਾ ਪ੍ਰਾਪਤ ਕਰਨ ਦੀ ਪ੍ਰੇਰਨਾ ਦੇ ਰਹੇ ਹਨ:

ਪਾਤਿਸਾਹਾਂ ਦੀ ਮਜਲਸੈ ਪਿਰਮੁ ਪਿਆਲਾ ਪੀਵਣ ਭਾਰੀ।
ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ॥
ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।[17]

ਭਾਈ ਗੁਰਦਾਸ ਦੁਨਿਆਵੀ ਜੀਵਨ ਵਿਚੋਂ ਉਦਾਹਰਣਾਂ ਦੇ ਕੇ ਲੋਕ-ਬੋਲੀ ਵਿਚ ਮਨੁੱਖ ਨੂੰ ਦ੍ਰਿੜ ਕਰਵਾਉਂਦੇ ਹਨ ਕਿ ਜ਼ਰਾ ਜਿੰਨੀ ਕਮਜ਼ੋਰੀ ਮਨੁੱਖ ਨੂੰ ਆਵਾਗਵਣ ਦੇ ਚੱਕਰ ਵਿਚ ਫਸਾ ਸਕਦੀ ਹੈ। ਉਨ੍ਹਾਂ ਅਨੁਸਾਰ ਉਰਦੂ ਦੇ ਸ਼ਬਦ ਮਹਿਰਮ ਤੇ ਮੁਜ਼ਰਮ ਇਕ ਮਾਮੂਲੀ ਨੁਕਤੇ ਨਾਲ ਵਿਰੋਧੀ ਅਰਥ ਗ੍ਰਹਿਣ ਕਰ ਲੈਂਦੇ ਹਨ। ਇਸੇ ਤਰ੍ਹਾਂ ਮਨੁੱਖ ਦੀ ਥੋੜ੍ਹੀ ਜਿਹੀ ਅਣਗਹਿਲੀ ਮਨੁੱਖ ਨੂੰ ਸਦਾ ਲਈ ਪਰਮਾਤਮਾ ਤੋਂ ਦੂਰ ਲਿਜਾ ਸਕਦੀ ਹੈ। ਦੁਨਿਆਵੀ ਲੋਭ ਦੀ ਦਲਦਲ ਵਿਰ ਫਸ ਕੇ ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਸ਼ਿਕਾਰ ਹੋ ਕੇ ਪਰਮਾਰਥ ਦੇ ਅਸਲੀ ਰਾਹ ਤੋਂ ਭਟਕ ਜਾਂਦਾ ਹੈ। ਰੱਬੀ ਭਗਤੀ ਵਿਚ ਪੂਰਨ ਬਾ-ਹੋਸ਼ੀ ਦੀ ਲੋੜ ਹੁੰਦੀ ਹੈ ਜਦ ਕਿ ਦੁਨਿਆਵੀ ਕਾਰ-ਵਿਹਾਰ ਬੇਹੋਸ਼ੀ ਦੀ ਅਵਸਥਾ ਵਿਚ ਵੀ ਹੋ ਜਾਂਦੇ ਹਨ। ਗੁਰਮਤਿ ਅਨੁਸਾਰ ਜੀਵ ਪਰਮਾਤਮਾ ਰੂਪ ਵਿਚ ਲੀਨ ਹੋਣ ਲਈ ਪੈਦਾ ਹੋਇਆ ਹੈ। ਸਮੁੱਚੀ ਬਾਣੀ ਤੇ ਭਾਈ ਗੁਰਦਾਸ ਦੀ ਰਚਨਾ ਧਰਮ, ਰਹੱਸ ਤੇ ਅਧਿਆਤਮ ਦਾ ਮਾਰਗ ਦੱਸ ਰਹੀ ਹੈ। ਉਹ ਆਪਣੇ ਅਨੁਭਵ ਅਤੇ ਗਿਆਨ ਮੁਤਾਬਕ ਨਾਨਕ ਬਾਣੀ ਦੇ ਸੱਚ ਦਾ ਪ੍ਰਸਾਰ ਤੇ ਪ੍ਰਚਾਰ ਕਰ ਰਹੇ ਹਨ। ਆਪ ਨੇ ਬਾਣੀ ਵਿਚ ਦਰਜ ਸਿਧਾਂਤਾਂ, ਰਹਿਤਾਂ ਤੇ ਮਰਿਯਾਦਾ ਨੂੰ ਲੋਕ-ਭਾਸ਼ਾ ਵਿਚ ਲੋਕ-ਮਾਨਸ ਤੱਕ ਪਹੁੰਚਾਇਆ। ਗੁਰਸਿੱਖਾਂ ਦੇ ਅਟਲ ਵਿਸ਼ਵਾਸ ਨੂੰ ਭਾਈ ਗੁਰਦਾਸ ਦੁਨਿਆਵੀ ਆਹਾਰ ਅਤੇ ਅਧਿਆਤਮਿਕ ਆਹਾਰ ਦੀ ਦੂਹਰੀ ਅਰਥ ਸਿਰਜਨ ਪ੍ਰਕਿਰਿਆ ਰਾਹੀਂ ਪ੍ਰਸਤੁਤ ਕਰ ਰਹੇ ਹਨ:

ਆਦਿ ਪੁਰਖੁ ਅਦੇਸੁ ਕਰਿ ਅੰਮ੍ਰਿਤੁ ਵੇਲਾ ਸਬਦੁ ਆਹਾਰੀ।
ਅਵਿਗਤਿ ਗਤਿ ਅਗਾਧਿ ਬੋਧਿ ਅਕਥ ਕਥਾ ਅਸਗਾਹ ਅਪਾਰੀ॥

ਸਹਨਿ ਅਵੱਟਣੁ ਪਰਉਪਕਾਰੀ॥[18]

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਦੋਂ ਗੁਰਮੁਖ ਗੁਰਬਾਣੀ ਜਾਂ ਗੁਰਮਤਿ ਮਰਿਯਾਦਾ ਨੂੰ ਆਪਣੇ ਜੀਵਨ ਵਿਚ ਧਾਰਨ ਕਰ ਲੈਂਦਾ ਹੈ ਤਾਂ ਉਹ ਦ੍ਰਿੜਤਾ ਨਾਲ ਉਸ ਤੇ ਅਟਲ ਵਿਸ਼ਵਾਸ ਰੱਖਦਿਆਂ ਸਾਬਤ ਕਦਮੀਂ ਆਪਣੇ ਮਾਰਗ ਤੇ ਚਲਦਾ ਰਹਿੰਦਾ ਹੈ। ਇਸ ਪਰਮਾਰਥ ਦੇ ਰਾਹ ਚਲਦਿਆਂ ਭਾਵੇਂ ਕਿੰਨੀਆਂ ਵੀ ਔਕੜਾਂ ਜਾਂ ਦੁੱਖ ਆਉਣ, ਦ੍ਰਿੜਤਾ ਨਾਲ ਉਹਨਾਂ ਨੂੰ ਸਹਿਨ ਕਰ ਜਾਂਦਾ ਹੈ ਅਤੇ ਸਦਾ ਲਈ ਦੁਨਿਆਵੀ ਵਿਕਾਰਾਂ, ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਤਿਆਗ ਦਿੰਦਾ ਹੈ:

ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰ ਤਜਾਇਆ।
ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
ਗੁਰ ਸਿਖ ਲੈ ਗੁਰਸਿਖੁ ਸਦਾਇਆ।[19]

ਭਾਈ ਗੁਰਦਾਸ ਨੇ ਰੋਜ਼ਾਨਾ ਜੀਵਨ ਵਿਚੋਂ ਮਨੁੱਖੀ ਜ਼ਿੰਦਗੀ ਨਾਲ ਜੁੜੇ ਕਾਰ-ਵਿਹਾਰ ਦੀਆਂ ਉਪਮਾਵਾਂ ਦਿੰਦੇ ਹੋਏ ਬਹੁਤ ਹੀ ਸੁਹਜ ਭਰਪੂਰ ਵਿਧੀ ਰਾਹੀਂ ਸਹਿਜ ਹੀ ਭਗਤੀ ਮਾਰਗ ਦੇ ਹਾਂ-ਪੱਖੀ ਅਤੇ ਨਾਂਹ-ਪੱਖੀ ਕਾਰਜਾਂ ਦਾ ਵਿਵੇਚਨ ਕਰ ਦਿੱਤਾ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਤਜਣਯੋਗ ਹਨ ਜੋ ਮਨੁੱਖ ਨੂੰ ਮਹਿਰਮ ਤੋਂ ਮੁਜ਼ਰਮ ਬਣਾ ਦਿੰਦੇ ਹਨ। ਸਤ, ਸੰਤੋਖ, ਦਇਆ, ਧਰਮ, ਪਰਮਾਤਮਾ ਦਾ ਨਾਮ ਸਿਮਰਨ, ਉਸ ਦੀ ਯਾਦ, ਵੰਡ ਛਕਣਾ ਅਤੇ ਸਰੀਰਕ ਸ਼ੁੱਧੀ ਨੂੰ ਦ੍ਰਿੜਤਾ ਨਾਲ ਆਪਣੇ ਜੀਵਨ-ਵਿਹਾਰ ਵਿਚ ਜ਼ਰਬ ਦੇਣਾ ਹੈ ਜਦ ਕਿ ਅਵਗੁਣਾਂ ਨੂੰ ਖੰਡਿਤ ਤੇ ਮਨਫ਼ੀ ਕਰਨਾ ਹੈ। ਡਾ. ਬਲਕਾਰ ਸਿੰਘ ਭਾਈ ਗੁਰਦਾਸ ਦੇ ਗੁਰਮਤਿ ਸੰਕਲਪਾਂ ਦੀ ਵਿਵੇਚਨਾ ਬਾਰੇ ਲਿਖਦੇ ਹਨ:

> ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਗੁਰਮਤਿ ਸੰਕਲਪਾਂ ਦੀ ਵਿਆਖਿਆ ਵੀ ਕੀਤੀ ਹੈ ਅਤੇ ਨਾਲ ਹੀ ਸਿਧਾਂਤਾਂ ਦਾ ਤੁਲਨਾਤਮਕ ਅਧਿਐਨ ਵੀ ਪ੍ਰਸਤੁਤ ਕੀਤਾ ਹੈ। ਇਸ ਸੰਦਰਭ ਵਿਚ ਭਗਤੀ ਦੇ

ਸੰਕਲਪ ਪ੍ਰਤੀ ਭਾਈ ਗੁਰਦਾਸ ਨੇ ਬੜਾ ਹੀ ਸਰਲ ਤੇ ਸਪਸ਼ਟ ਗੁਰਮਤਿ ਦ੍ਰਿਸ਼ਟੀਕੋਨ ਪ੍ਰਸਤੁਤ ਕੀਤਾ ਹੈ। ਭਾਈ ਸਾਹਿਬ ਦੀ ਪ੍ਰਸਤੁਤੀ ਵਿਚ ਵਿਦਵਾਨ ਵਾਲਾ ਵਿਸਤ੍ਰਿਤ ਵਿਵੇਚਨ ਅਤੇ ਅਨੁਭਵੀ ਭਗਤ ਵਾਲੀ ਡੂੰਘਾਈ ਤੇ ਪੁਖਤਾਈ ਵੀ ਸ਼ਾਮਲ ਹਨ।[20]

ਤਤਕਾਲੀ ਸਮਾਜ ਦੇ ਨਿਘਾਰ ਦੀ ਪੇਸ਼ਕਾਰੀ ਕਰਦਿਆਂ ਭਾਈ ਗੁਰਦਾਸ ਦੀ ਰਚਨਾ ਅਨੁਸਾਰ ਪੂਰੀ ਧਰਤੀ ਭਾਵ ਪੂਰਾ ਸਮਾਜ ਹੀ ਪਾਪਾਂ ਵਿਚ ਗ੍ਰੱਸਿਆ ਹੋਇਆ ਹੈ। ਸਮਾਜ ਵਿਚ ਕੂੜ ਅਤੇ ਅਧਰਮ ਦਾ ਬੋਲ-ਬਾਲਾ ਸੀ। ਧਾਰਮਿਕ ਤੇ ਸਮਾਜਿਕ ਆਗੂ ਆਪਣੇ ਦੁਨਿਆਵੀ ਮੋਹ-ਮਾਇਆ ਦੇ ਜਾਲ 'ਚ ਫਸੇ ਆਪਣੇ ਆਪਣੇ ਵਿਅਕਤੀਗਤ ਦਾਇਰਿਆਂ ਤੱਕ ਹੀ ਮਹਿਦੂਦ ਸਨ। ਸਿੱਧ-ਜੋਗੀ ਆਪਣੇ ਫਰਜ਼ਾਂ ਨੂੰ ਭੁੱਲ ਕੇ ਆਪਣੇ ਉੱਚਿਤ ਕਾਰਜ ਤੋਂ ਗੁੰਮਰਾਹ ਹੋ ਚੁੱਕੇ ਸਨ। ਭਗਤੀ ਭਾਵਨਾ ਤੋਂ ਅਭਿੱਜ ਅਖਾਉਤੀ ਧਾਰਮਿਕ ਰਹਿਬਰ ਗਿਆਨ ਪ੍ਰਦਾਨ ਕਰਨ ਦੀ ਥਾਂ 'ਕੂੜ ਕੁਸਤੁ' ਫੈਲਾ ਰਹੇ ਸਨ। ਪਰਜਾ ਅਗਿਆਨਤਾ ਵਸ ਆਪਣੇ ਇਖ਼ਲਾਕੀ ਮਾਰਗ ਤੋਂ ਭਟਕੀ ਹੋਈ ਸੀ। ਹਾਕਮ ਪਰਜਾ ਪ੍ਰਤੀ ਆਪਣੇ ਫਰਜਾਂ ਨੂੰ ਵਿਸਾਰ ਕੇ ਉਲਟਾ ਪਰਜਾ ਉੱਤੇ ਜ਼ੁਲਮ ਕਰ ਰਹੇ ਸਨ। ਪਰਜਾ ਦੀ ਸਾਰ ਲੈਣ ਵਾਲੀ ਕੋਈ ਵੀ ਸੰਸਥਾ ਦਿਖਾਈ ਨਹੀਂ ਦੇ ਰਹੀ ਸੀ। ਪਰਜਾ ਦੀ ਸਾਰ ਕੌਣ ਲਵੇ? ਮਾਨਵਤਾ ਦਾ ਉਧਾਰ ਕਿਵੇਂ ਹੋਵੇ? ਭਾਈ ਗੁਰਦਾਸ ਅਨੁਸਾਰ ਇਸ ਦਾ ਹੱਲ ਕੇਵਲ ਤੇ ਕੇਵਲ ਗੁਰਮੁਖ ਦਾ ਰਾਹ ਅਖ਼ਤਿਆਰ ਕਰਨਾ ਹੈ, ਜਿਸ ਨਾਲ ਮਾਨਵਤਾ ਦਾ ਉਧਾਰ ਹੋ ਸਕਦਾ ਹੈ। ਗੁਰਮੁਖ ਬਣਨ ਲਈ ਪਹਿਲੀ ਤੇ ਬੁਨਿਆਦੀ ਸ਼ਰਤ ਗੁਰੂ ਦੀ ਸ਼ਰਨ ਵਿਚ ਜਾ ਕੇ ਉਸਦੀ ਸਿੱਖਿਆ ਪ੍ਰਾਪਤ ਕਰਕੇ ਹੀ ਗੁਰਮੁਖ ਬਣਨਾ ਹੈ:

ਗੁਰਮੁਖਿ ਜਨਮੁ ਸਕਾਰਥਾ ਗੁਰਸਿਖ ਮਿਲਿ ਗੁਰ ਸਰਣੀ ਆਇਆ।।
ਆਦਿ ਪੁਰਖ ਆਦੇਸ ਕਰਿ ਸਫਲ ਮੂਰਤਿ ਗੁਰ ਦਰਸਨ ਪਾਇਆ।
ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਵਲ ਗੁਰ ਲਾਇਆ।
ਸਤਿਗੁਰੁ ਪੁਰਖੁ ਦਇਆਲੁ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ।

ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀ ਪਾਇਆ।
ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ ਤਜਾਇਆ।
ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
ਗੁਰ ਸਿਖ ਲੈ ਗੁਰਸਿਖੁ ਸਦਾਇਆ।।[21]

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਦੁਨਿਆਵੀ ਕੁੰਭੀ-ਨਰਕ, ਵਿਸ਼ੇ-ਵਿਕਾਰਾਂ ਦੀ ਜਿਲ੍ਹਣ ਵਿਚੋਂ ਕੱਢ ਕੇ, ਕੂੜ ਦੀ ਕੰਧ ਸਮਾਪਤ ਕਰਕੇ, ਆਤਮਾ ਅਤੇ ਪਰਮਾਤਮਾ ਦਾ ਪੁਨਰ ਮੇਲ ਕਰਾਉਣ ਅਤੇ ਜੀਵਨ ਮੁਕਤ ਹੋਣ ਲਈ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ 'ਸਚਿਆਰ' ਦਾ ਸੰਕਲਪ ਦਿੱਤਾ ਹੈ। ਉਸ ਨੂੰ ਪ੍ਰਚਾਰਨ ਅਤੇ ਲੋਕਾਈ ਨੂੰ ਸਮਝਾਉਣ ਹਿੱਤ ਇਸ ਦੀ ਵਿਆਖਿਆ ਕਰਨ, ਸਰੂਪ ਅਤੇ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਗੁਰਬਾਣੀ ਅਤੇ ਆਪਣੇ ਅਮਲੀ ਜੀਵਨ ਰਾਹੀਂ ਸਿਖਰ ਉਤੇ ਪਹੁੰਚਾਇਆ ਅਤੇ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਦੇ ਦਸਮੇਸ਼ ਪਿਤਾ ਨੇ ਖਾਲਸੇ ਦੇ ਰੂਪ ਵਿਚ ਉਹ ਸਚਿਆਰ ਪੁਰਸ਼ ਦੁਨੀਆਂ ਦੇ ਸਾਹਮਣੇ ਪ੍ਰਗਟ ਕਰਕੇ ਦਿਖਾਇਆ। ਉਹ ਹੀ ਸਿੱਖ, ਗੁਰਮੁਖਿ, ਸਚਿਆਰ ਅਤੇ ਖਾਲਸਾ ਰੂਪ ਹੈ। ਉਸ ਵਿਚ ਕੋਈ ਡਰ-ਭੈ ਨਹੀਂ ਹੈ। ਉਹ 'ਨਿਰਭਉ' ਹੈ ਅਤੇ ਪੂਰਨ ਸਾਬਤ ਸੂਰਤ ਮਰਦ ਅਗੰਮੜਾ ਹੈ। ਉਹ ਗੁਰਮਤਿ ਸਚਿਆਰ ਦਾ ਪੱਕਾ ਧਾਰਨੀ ਹੈ। ਅਜਿਹੇ ਗੁਣਾਂ ਦੇ ਧਾਰਨੀ ਮਨੁੱਖ ਨੇ ਦੁਨੀਆਂ ਨੂੰ ਵਿਸਮਾਦਤ ਕਰਨ ਵਾਲਾ ਅਸਚਰਜ ਇਤਿਹਾਸ ਸਿਰਜਿਆ ਅਤੇ ਇਹ ਗੁਰਸਿੱਖ ਲੌਕਿਕ ਅਤੇ ਪਾਰਲੌਕਿਕ ਪ੍ਰਵਾਨਗੀ ਪ੍ਰਾਪਤ ਕਰਕੇ ਦੂਹਰੀ-ਅਰਥ ਸਿਰਜਣ ਪ੍ਰਕਿਰਿਆ ਦਾ ਲਖਾਇਕ ਹੋ ਨਿਬੜਦਾ ਹੈ। ਭਾਈ ਗੁਰਦਾਸ ਆਪਣੀ ਗਿਆਰਵੀਂ ਵਾਰ ਵਿਚ ਗੁਰਸਿੱਖੀ ਪ੍ਰਾਪਤ ਕਰਨ ਅਤੇ ਉਸ ਉੱਤੇ ਚਲਣ ਦੀ ਕਠਿਨ ਪ੍ਰੀਖਿਆ ਬਾਰੇ ਲਿਖਦੇ ਹਨ:

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।
ਵਾਲਹੁ ਨਿਕੀ ਆਖੀਐ ਤੇਲੁ ਤਿਲਹੁ ਲੈ ਕੋਲ੍ਹੂ ਪੀੜੀ।

ਗੁਰਮੁਖਿ ਵੰਸੀ ਪਰਮ ਹੰਸ ਖੀਰ ਨੀਰ ਨਿਰਨਉ ਚੁੰਜਿ ਵੀੜੀ।

ਸਿਲਾ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ।

ਗੁਰਮੁਖਿ ਮਾਰਗਿ ਚਲਣਾ ਆਸ ਨਿਰਾਸੀ ਝੀੜ ਉਝੀੜੀ।

ਸਹਜਿ ਸਰੋਵਰਿ ਸਚ ਖੰਡਿ ਸਾਧ ਸੰਗਤਿ ਸਚ ਤਖਤਿ ਹਰੀੜੀ।

ਚੜ੍ਹਿ ਇਕੀਹ ਪਤਿ ਪਉੜੀਆਂ ਨਿਰੰਕਾਰੁ ਗੁਰ ਸਬਦੁ ਸਹੀੜੀ।

ਗੁੰਗੈ ਦੀ ਮਿਠਿਆਈਐ ਅਕਥ ਕਥਾ ਵਿਸਮਾਦੁ ਬਚੀੜੀ।

ਗੁਰਮੁਖਿ ਸੁਖੁ ਫਲੁ ਸਹਜਿ ਅਲੀੜੀ।[22]

ਭਾਈ ਗੁਰਦਾਸ ਨੇ ਇਸਤਰੀ ਨੂੰ ਪੁਰਸ਼ ਦੀ ਅਰਧਾਂਗਨੀ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਵਾਕ 'ਪੁਰਖ ਮਹਿ ਨਾਰ, ਨਾਰ ਮਹਿ ਪੁਰਖਾ, ਬੂਝਤ ਬ੍ਰਹਮ ਗਿਆਨੀ' ਇਸੇ ਵਿਚਾਰ ਦਾ ਸੰਕੇਤ ਹੈ। ਪਰ ਭਾਈ ਗੁਰਦਾਸ ਨੇ ਵਿਭਚਾਰੀ ਤੇ ਦੁਬਿਧਾ ਵਿਚ ਫਸੀਆਂ ਜੀਵ-ਰੂਪੀ ਇਸਤਰੀਆਂ ਦੀ ਆਲੋਚਨਾ ਵੀ ਕੀਤੀ ਹੈ। ਉਹ ਦੋ ਬੇੜੀਆਂ ਵਿਚ ਸਵਾਰ ਵਿਅਕਤੀ ਦੀ ਦੁਰਦਸ਼ਾ ਵਾਲੀ ਹਾਲਤ ਵਿਚ ਹਨ। ਅਜਿਹੀ ਇਸਤਰੀ ਨਾ ਪੇਕਿਆਂ ਦਾ, ਨਾ ਹੀ ਸਹੁਰਿਆਂ ਦਾ ਨੱਕ-ਨਮੂਜ ਕਾਇਮ ਰੱਖਦੀ ਹੈ, ਸਗੋਂ ਦੋਹਾਂ ਘਰਾਂ ਨੂੰ ਸ਼ਰਮਸਾਰ ਕਰਦੀ ਹੈ। ਭਾਈ ਗੁਰਦਾਸ ਨੇ ਦੋ ਜੀਵ ਰੂਪੀ ਇਸਤਰੀਆਂ ਦੇ ਸਦਾਚਰਕ ਜੀਵਨ ਪ੍ਰਸੰਗ ਰਾਹੀਂ ਮਨੁੱਖ ਨੂੰ ਆਦਰਸ਼ ਰੂਪ ਜੀਵ-ਇਸਤਰੀ ਹੋਣ ਦੀ ਪ੍ਰੇਰਨਾ ਦਿੱਤੀ ਹੈ ਜੋ ਕਿ ਲੋਕ-ਪ੍ਰਲੋਕ ਦੋਹਾਂ ਵਿਚ ਮਾਣ ਸਨਮਾਨ ਦੀ ਪਾਤਰ ਬਣਦੀ ਹੈ। ਸੁਚੱਜੀ ਗੁਰਮੁਖ ਰੂਪੀ ਇਸਤਰੀ ਨੂੰ ਪਰਿਭਾਸ਼ਤ ਕਰਦਿਆਂ ਭਾਈ ਗੁਰਦਾਸ ਨੇ ਕਿਹਾ ਹੈ:

ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸ ਭਾਣਾ ਭਾਵੈ।।

ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।।[23]

ਗੁਰਸਿੱਖ ਬਣਨ ਨਾਲ ਸਾਧਕ ਵਿਅਕਤੀ ਦਾ ਵਿਅਕਤੀਗਤ ਉਧਾਰ ਤਾਂ ਹੁੰਦਾ ਹੀ ਹੈ, ਇਸ ਨਾਲ ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਵਾਤਾਵਰਣ ਵੀ ਸੁਖਾਵਾਂ ਹੋ ਜਾਂਦਾ ਹੈ।

ਕੂੜ ਤੇ ਕੁਫ਼ਰ ਦਾ ਵਰਤਾਰਾ ਸਮਾਜ ਵਿਚ ਮਨਫ਼ੀ ਹੋ ਜਾਂਦਾ ਹੈ ਅਤੇ ਉੱਚ ਕਦਰਾਂ-ਕੀਮਤਾਂ ਨੂੰ ਪ੍ਰਣਾਇਆ ਨਵਾਂ ਸਮਾਜ ਆਪਣੀ ਹੋਂਦ ਸਥਾਪਤ ਕਰਦਾ ਹੈ। ਸਮਾਜਕ ਜੀਵਨ ਵਿਚ ਚੱਜ-ਆਚਾਰ, ਭਰਾਤਰੀ ਭਾਵ ਅਤੇ ਮਾਨਵੀ ਕਦਰਾਂ-ਕੀਮਤਾਂ ਦਾ ਬੋਲ-ਬਾਲਾ ਹੋ ਜਾਂਦਾ ਹੈ। ਗੁਰੂ ਸਾਹਿਬਾਨ ਦੀ ਸਿੱਖਿਆ ਨਾਲ ਤਤਕਾਲੀ ਸਮਾਜ ਵਿਚ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਪੱਖ ਤੋਂ ਇਨਕਲਾਬੀ ਤਬਦੀਲੀ ਸਪਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਪ੍ਰੋ. ਬਲਕਾਰ ਸਿੰਘ ਇਸ ਸੰਬੰਧੀ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

> ਗੁਰੂ ਸਾਹਿਬਾਨ ਨੇ 'ਕੀਰਤਨ ਸਦਾ ਵਸੋਆ' ਦਾ ਮਾਹੌਲ ਉਸਾਰ ਕੇ ਸਮੁੱਚੀ ਭਗਤੀ ਲਹਿਰ ਦਾ ਮੂੰਹ ਨਿੱਜੀ ਮੁਕਤੀ ਵਲੋਂ ਮੋੜ ਕੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪੁਨਰ ਜਾਗ੍ਰਿਤੀ ਵਲ ਕਰ ਦਿੱਤਾ ਜਾਪਦਾ ਹੈ। ਭਾਈ ਗੁਰਦਾਸ ਨੇ ਇਸੇ ਹੀ ਸੰਦਰਭ ਨੂੰ ਪ੍ਰਸਤੁਤ ਕੀਤਾ ਹੈ ਅਤੇ ਭਗਤੀ ਦੇ ਇਸ ਮਾਰਗ ਨੂੰ 'ਗੁਰਮੁਖਿ ਗਾਡੀ ਰਾਹੁ' ਪਰਵਾਨ ਕੀਤਾ ਹੈ। ਇਹ ਮਾਰਗ ਸਵੈ-ਨਿਯੰਤਰਨ ਦਾ ਮਾਰਗ ਜ਼ਰੂਰ ਹੈ ਪਰੰਤੂ ਸਵੈ-ਨਿਯੰਤਰਨ ਦੂਜੇ ਭਾਉ ਨੂੰ ਮਿਟਾ ਕੇ ਪ੍ਰਾਪਤ ਕਰਨਾ ਹੈ।[24]

ਮਾਨਵੀ ਜੀਵਨ ਮੁਕਤੀ ਪ੍ਰਤੀ ਅਭਿਵਿਅਕਤ ਕੀਤੀ ਗਈ ਇਹ ਦ੍ਰਿਸ਼ਟੀ ਸਮਾਜਿਕ-ਸਭਿਆਚਾਰਕ ਪਰਿਪੇਖ ਵਿਚ ਜੀਵਨ ਜੁਗਤ ਦਾ ਅਜਿਹਾ ਮਾਡਲ ਉਸਾਰਦੀ ਹੈ ਜਿਸ ਦਾ ਬਹੁਪਰਤੀ, ਬਹੁ ਦਿਸ਼ਾਵੀ ਅਤੇ ਬਹੁ ਅਰਥੀ ਮੰਤਵ ਸਾਡੇ ਭੂਤਕਾਲ, ਵਰਤਮਾਨ ਅਤੇ ਭਵਿੱਖ ਦੇ ਉਜਲ ਅਤੇ ਆਦਰਸ਼ਮਈ ਸਮਾਜ ਦੀਆਂ ਸੰਭਾਵਨਾਵਾਂ ਨੂੰ ਸਾਡੇ ਸਨਮੁੱਖ ਦ੍ਰਿਸ਼ਟੀਗੋਚਰ ਕਰਦਾ ਹੈ। ਭਾਈ ਗੁਰਦਾਸ ਦਾ ਵਾਰ-ਕਾਵਿ ਆਪਣੀ ਰਚਨਾ ਪ੍ਰਕਿਰਿਆ ਰਾਹੀਂ ਤਤਕਾਲੀ ਸਮਾਜ ਦੀਆਂ ਮਾਨਵ-ਵਿਰੋਧੀ ਸ਼ਕਤੀਆਂ ਅਤੇ ਸਮਾਜਿਕ ਵਿਕਾਰਾਂ ਦਾ ਵਿਖੰਡਨ ਕਰਦਾ ਹੋਇਆ ਮਨੁੱਖ ਨੂੰ ਇਕ ਆਦਰਸ਼ ਪ੍ਰਾਣੀ ਬਣਾਉਣ ਅਤੇ ਅਗੋਂ ਅਧਿਆਤਮਿਕ ਉੱਚਤਾ

ਪ੍ਰਦਾਨ ਕਰਦਿਆਂ ਅਲੌਕਿਕ ਪੁਰਸ਼ ਬਣਾਉਣ ਦੀ ਦੂਹਰੀ ਅਰਥ-ਸਿਰਜਨ ਪ੍ਰਕਿਰਿਆ ਦੀ ਸਿਰਜਨਾ ਵਲ ਰੁਚਿਤ ਹੋ ਰਿਹਾ ਦ੍ਰਿਸ਼ਟੀਗੋਚਰ ਹੁੰਦਾ ਹੈ।

### (ੲ) ਸਿੱਖ ਅਤੇ ਗੁਰੂ ਦੇ ਆਪਸੀ ਰਿਸ਼ਤੇ ਦੀ ਰੂਪ ਰੇਖਾ

ਤਤਕਾਲੀ ਰਾਜਨੀਤਿਕ ਵਿਵਸਥਾ ਦੇ ਦਮਨਕਾਰੀ ਅਤੇ ਰੂੜ੍ਹੀਵਾਦੀ ਸੰਸਥਾਵਾਂ ਦੇ ਮਾਨਵ-ਵਿਰੋਧੀ ਸਮਕਾਲੀ ਸੰਗਠਨਾਂ ਨੂੰ ਵੰਗਾਰਨ ਅਤੇ ਪੀੜਤ ਲੋਕਾਈ ਨੂੰ ਮਾਨਸਿਕ ਤੌਰ ਤੇ ਆਜ਼ਾਦੀ ਪ੍ਰਾਪਤ ਕਰਵਾਉਣ ਲਈ ਇਕ ਸੁਯੋਗ ਧਾਰਮਿਕ ਆਗੂ ਦੀ ਲੋੜ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪੂਰਾ ਕੀਤਾ। ਗੁਰੂ ਨਾਨਕ ਆਗਮਨ ਸਮੇਂ ਭਾਰਤ ਵਿਚ ਹਿੰਦੂਆਂ ਤੇ ਮੁਸਮਲਾਨਾਂ ਵਿਚ ਵਾਦ ਵਿਵਾਦ/ਲੜਾਈ-ਝਗੜਾ ਹੋ ਰਿਹਾ ਸੀ। ਜਦੋਂ ਹਾਲਾਤ ਇਤਨੇ ਵਿਗੜ ਚੁੱਕੇ ਸਨ ਅਤੇ ਲੋਕਾਂ ਨੂੰ ਆਪਣੇ ਜੀਵਨ ਵਿਚ ਇਹ ਸਭ ਕੁਝ ਕਾਰਨ ਮਾਨਸਿਕ ਸੰਕਟ ਤੇ ਸੰਤਾਪ ਹੰਢਾਉਣਾ ਪੈ ਰਿਹਾ ਸੀ ਅਤੇ ਧਰਮ ਦੀ ਸਥਿਤੀ ਡਾਵਾਂ-ਡੋਲ ਬਣੀ ਹੋਈ ਸੀ ਤਾਂ ਭਾਈ ਗੁਰਦਾਸ ਅਨੁਸਾਰ ਉਸ ਸਮੇਂ ਕਿਸੇ ਨਵੇਂ ਮੁਕਤੀ-ਦਾਤਾ ਦੀ ਲੋੜ ਸੀ:

> ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।
> ਥੰਮੇ ਕੋਇ ਨ ਸਾਧੁ ਬਿਨੁ ਸਾਧ ਨ ਦਿਸੈ ਜਗਿ ਵਿਚ ਕੋਆ।
> ਧਰਮ ਧਉਲੁ ਪੁਕਾਰੈ ਤਲੈ ਖੜੋਆ।।[25]

ਗੁਰੂ ਨਾਨਕ ਦਾ ਆਗਮਨ ਨਵੇਂ ਮੁਕਤੀ ਦਾਤਾ ਅਤੇ ਮਾਰਗ ਦਰਸ਼ਕ ਦੇ ਰੂਪ ਵਿਚ ਹੋਇਆ ਅਤੇ ਲੋਕਾਈ ਨੂੰ ਸਤਿਗੁਰੂ ਪਰਮੇਸ਼ਰ ਦੀ ਪ੍ਰਾਪਤੀ ਹੋਈ। ਗੁਰੂ ਨਾਨਕ ਜੀ ਦਾ 'ਹਰਿ ਸਿਉ ਬਣਿਆਈ' ਤੇ ਆਪ ਨੇ ਸੱਚਖੰਡ ਪਹੁੰਚ ਕੇ ਉਥੋਂ ਨਾਮ ਦਾ ਖ਼ਜਾਨਾ ਤੇ ਗਰੀਬੀ ਦੀ ਦਾਤ ਪ੍ਰਾਪਤ ਕੀਤੀ। ਸੱਚਖੰਡ ਵਿਚ ਵਿਚਰਦਿਆਂ "ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।"[26] ਗੁਰੂ ਨਾਨਕ ਦੇਵ ਜੀ ਨੇ ਕੋਈ ਕਰਮ-ਕਾਂਡ ਨਾ ਕੀਤਾ ਜਿਸ ਨੂੰ ਭਾਈ ਗੁਰਦਾਸ ਨੇ ਕਲਿਜੁਗ ਵਿਚ ਨਿਹਫਲ ਦੱਸਿਆ ਹੈ ਕਿਉਂਕਿ ਕਲਿਜੁਗ ਵਿਚ "ਕਰਮ ਕਿਰਤਿ ਕੀ ਚਲੈ ਨ ਕਾਈ।" ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਨੇ 'ਤੀਰਥਿ ਪੁਰਬਿ ਸਭੇ ਫਿਰਿ

ਦੇਖੈ।” ਇਸ ਨਾਲ ਗੁਰੂ ਨਾਨਕ ਦੇਵ ਜੀ ਨੇ ਇਹ ਸਿੱਟਾ ਕੱਢਿਆ ਕਿ ਪੂਰਬ ਜੁਗਾਂ ਅਨੁਸਾਰ ਧਰਮ ਕਰਮ ‘ਭਾਉ ਭਗਤਿ ਬਿਨੁ ਕਿਤੈ ਨਾ ਲੇਖੈ।’ ਗੁਰੂ ਜੀ ਨੇ ਸਿੱਧ ਕੀਤਾ ਕਿ ਭੇਖਾ ‘ਨਿਵਲੀ ਕਰਮ-ਕਾਂਡਾਂ’ ਨਾਲ ਪ੍ਰਭੂ ਨਹੀਂ ਮਿਲਦਾ। ਭਾਈ ਗੁਰਦਾਸ ਨੇ ਹਿੰਦੂ ਭੇਖ, ਤੁਰਕਾਂ ਅਤੇ ਹੋਰ ਕੌਮਾਂ ਦੇ ਪੀਰ ਪੈਗੰਬਰ ਦਾ ਉਲੇਖ ਕਰਦਿਆਂ ਲਿਖਿਆ ਹੈ:

ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ।।
ਅੰਧੀ ਅੰਧੇ ਖੂਹੇ ਠੇਲੇ।।[27]

ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਧਾਰਨ ਦਾ ਵਰਨਣ ਆਪਣੀ ਵਾਰ ’ਚ ਇਸ ਤਰ੍ਹਾਂ ਕੀਤਾ ਹੈ, “ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ। ਗੁਰਮੁਖਿ ਕਲਿ ਵਿਚਿ ਪਰਗਟੁ ਹੋਆ।”[28] ਭਾਈ ਗੁਰਦਾਸ ਅਨੁਸਾਰ ਗੁਰੂ ਤੇ ਸਿੱਖ ਇਕੋ ਹਨ ਸਿੱਖ ਗੁਰੂ ਦੀ ਦੀਖਿਆ ਲੈ ਕੇ ਹੀ ਸਿੱਖ ਸਦਾਂਦਾ ਹੈ। ਉਹ ਜਲ ਤੇ ਉਸ ਦੀ ਤਰੰਗ ਵਾਕਰ ਇਕੋ ਹਨ। “ਸਿੱਖ ਧਰਮ ਵਿਚ ਗੁਰੂ ਦੇ ਤਿੰਨ ਪ੍ਰਮੁੱਖ ਰੂਪ ਮੰਨੇ ਗਏ ਹਨ। ਗੁਰੂ ਦਾ ਪਰਮਾਤਮਾ-ਰੂਪ, ਗੁਰੂ ਦਾ ਮਨੁੱਖੀ ਰੂਪ ਅਤੇ ਗੁਰੂ ਦਾ ਸ਼ਬਦ-ਰੂਪ।”[29] ਪਰਮਾਤਮਾ ਦੇ ਹੁਕਮ ਤੇ ਰਜ਼ਾ ਵਿਚ ਰਹਿੰਦਿਆਂ ਆਪਣੇ ਮੂਲ ਦੀ ਪਛਾਣ ਕਰਨਾ ਮਨੁੱਖੀ ਜੀਵਨ ਦਾ ਮੂਲ ਮਕਸਦ ਹੈ। ਆਪਣੇ ਮੂਲ ਦੀ ਪਛਾਣ ਕਰਨ ਜਾਂ ਕਰਾਉਣ ਵਿਚ ਗੁਰੂ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੈ। ਭਾਰਤੀ ਧਰਮ ਚਿੰਤਨ ਵਿਚ ਗੁਰੂ ਸ਼ਿਸ਼ ਪਰੰਪਰਾ ਵੈਦਿਕ ਯੁੱਗ ਤੋਂ ਪਹਿਲਾਂ ਹੋਣ ਦੇ ਪ੍ਰਮਾਣ ਮਿਲਦੇ ਹਨ। ਇਸ ਕਾਲ ਵਿਚ ਪਰੋਹਿਤ ਤੇ ਆਚਾਰੀਆਂ ਨੂੰ ਵੀ ਗੁਰੂ ਰੂਪ ਸਵੀਕਾਰਿਆ ਜਾਂਦਾ ਸੀ। “ਵਿਵਹਾਰਕ ਪੱਧਰ ਉੱਤੇ ਪਰੋਹਿਤ ਦਾ ਕਾਰਜ ਖੇਤਰ ਯੱਗ ਅਤੇ ਹੋਰ ਧਾਰਮਿਕ ਸਮਾਰੋਹਾਂ ਨੂੰ ਨਿਭਾਉਣਾ ਹੈ ਤੇ ਅਚਾਰੀਆ ਲੋਕ ਆਸ਼ਰਮਾਂ ਵਿਚ ਰਹਿ ਕੇ ਲੋਕਾਂ ਦੀ ਆਚਰਣਿਕ ਉਸਾਰੀ ਅਤੇ ਵਿੱਦਿਆ ਦਾਨ ਕਰਦੇ ਸਨ।[30]

ਉਪਨਿਸ਼ਦਾਂ ਦੇ ਸਮੇਂ ਗੁਰੂ ਪਦ ਦਾ ਗੌਰਵ ਪਰੋਹਿਤਾਂ ਤੋਂ ਹਟ ਕੇ ਅਧਿਆਤਮਿਕ ਚਿੰਤਨ ਵਿਚ ਰੱਤੇ ਰਿਸ਼ੀਆਂ ਨੂੰ ਮਿਲਿਆ। ਵੇਦਾਂ ਵਿਚ ਚਿਤਰਿਤ ਪਰਮ ਤਤ ਜਨ ਸਾਧਾਰਣ ਦੀ ਪਹੁੰਚ ਤੋਂ ਦੂਰ ਸੀ। ਇਸ ਲਈ ਨਿਰਗੁਣ ਗਿਆਨ ਤੇ ਭਗਤੀ ਦੀ ਥਾਂ ਸਰਗੁਣ ਭਗਤੀ ਤੇ ਉਪਾਸਨਾ

ਦੀ ਲਹਿਰ ਪੈਦਾ ਹੋਈ। ਬੁੱਧ ਮੱਤ ਅਤੇ ਜੈਨਮੱਤ ਦੇ ਬੋਲ ਬਾਲੇ ਦੇ ਸਮੇਂ ਵਿਚ ਬ੍ਰਾਹਮਣਾਂ ਨੇ ਵੀ ਇਸ ਵੈਸ਼ਨਵ ਧਰਮ ਨੂੰ ਅਪਣਾਇਆ। ਇਸ ਧਰਮ ਵਿਚ ਭਗਤੀ ਦਾ ਮੂਲ ਅਧਾਰ ਸ਼ਰਧਾ ਹੈ। ਗੁਰੂ ਭਗਤੀ ਸਿੱਖ ਦੇ ਹਿਰਦੇ ਵਿਚ ਸ਼ਰਧਾ ਦਾ ਭਾਵ ਪੈਦਾ ਕਰਦੀ ਹੈ। ਗਿਆਨ ਦਾ ਦਾਤਾ ਵੀ ਗੁਰੂ ਹੈ। ਹਿੰਦੂ ਧਰਮ ਗ੍ਰੰਥ ਗੀਤਾ ਵਿਚ ਸ੍ਰੀ ਕ੍ਰਿਸ਼ਨ ਖੁਦ ਵੀ ਗੁਰੂ ਦੇ ਰੂਪ ਵਿਚ ਉਜਾਗਰ ਹੁੰਦੇ ਹਨ। ਬੁੱਧ ਧਰਮ ਵਿਚ ਮਹਾਤਮਾ ਬੁੱਧ ਦੀ ਮੌਜੂਦਗੀ ਵਿਚ ਗੁਰੂ ਦੀ ਮਹੱਤਤਾ ਇੰਨੀ ਨਹੀਂ ਸੀ ਪਰ ਉਹਨਾਂ ਦੇ ਜਾਣ ਤੋਂ ਮਗਰੋਂ ਸੰਘ ਦੀ ਸਥਾਪਨਾ ਹੋਣ ਦੇ ਬਾਅਦ ਗੁਰੂ ਦੇ ਮਹੱਤਵ ਨੂੰ ਬਲ ਮਿਲਿਆ।। ਸਿੱਖ ਧਰਮ ਦੀ ਫਿਲਾਸਫ਼ੀ ਵਿਚ ਡਾ. ਸ਼ੇਰ ਸਿੰਘ ਲਿਖਦੇ ਹਨ:

> ਭਾਰਤੀ ਧਰਮਾਂ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਬੁੱਧਮੱਤ ਅਤੇ ਸ਼ੈਵ ਮੱਤ ਦੇ ਮੇਲ ਤੋਂ ਇਕ ਨਵਾਂ ਫਿਰਕਾ ਹੋਂਦ ਵਿਚ ਆਇਆ, ਜਿਸ ਨੂੰ ਜੋਗੀ, ਨਾਥ ਅਤੇ ਸਿੱਧ ਕਿਹਾ ਗਿਆ।[31]

ਇਹ ਸਿੱਧ-ਜੋਗੀ ਕੋਈ ਵੱਖਰੀ ਸੰਪਰਦਾ ਨਹੀਂ ਸਗੋਂ ਬੁੱਧ ਧਰਮ ਦੀ ਮਹਾਯਾਨ ਸ਼ਾਖਾ ਦਾ ਹੀ ਵਿਕਸਿਤ ਰੂਪ ਹਨ। ਸਿੱਧਾਂ ਨੂੰ ਕੰਨ-ਪਾਟੇ ਜੋਗੀ ਵੀ ਕਿਹਾ ਗਿਆ ਹੈ। ਇਹ ਸਿੱਧ ਜੋਗ ਅਭਿਆਸ ਰਾਹੀਂ ਤਨ ਤੇ ਮਨ ਨੂੰ ਜਿੱਤ ਕੇ ਰਿੱਧੀਆਂ ਸਿੱਧੀਆਂ ਦੇ ਧਾਰਨੀ ਸਾਧਕ ਪੁਰਸ਼ ਸਨ। ਡਾ. ਹਜ਼ਾਰੀ ਪ੍ਰਸਾਦ ਦਾ ਵਿਚਾਰ ਹੈ:

> ਸਿੱਧ, ਤਾਂਤਰਿਕ ਅਤੇ ਨਾਥਾਂ, ਤਿੰਨਾਂ ਵਿਚ ਹੀ ਤੱਤ ਗਿਆਨ ਦੀ ਥਾਂ ਸਾਧਨਾ ਦੀ ਪ੍ਰਧਾਨਤਾ ਰਹੀ ਹੈ। ਯੋਗੀਆਂ ਸਹਿਜ ਯਾਨੀਆਂ, ਵਜ੍ਰਯਾਨੀਆਂ ਅਤੇ ਤਾਂਤ੍ਰਿਕਾਂ ਵਿਚ ਗੁਰੂ ਦੀ ਮਹਿਮਾ ਇਸੇ ਕਰਕੇ ਵਧੇਰੇ ਹੋਈ ਹੈ ਕਿਉਂਕਿ ਸੰਸਾਰ ਦੇ ਬਾਕੀ ਸਾਰੇ ਕੰਮ ਗੁਰੁ ਤੋਂ ਬਿਨਾਂ ਹੋ ਸਕਦੇ ਹਨ ਪਰ ਜਟਿਲ ਸਾਧਨਾ ਗੁਰੂ ਤੋਂ ਬਿਨਾਂ ਸੰਭਵ ਨਹੀਂ ਹੈ।[32]

ਸਾਮੀ ਅਧਿਆਤਮਵਾਦ ਵਿਚ ਵੀ ਗੁਰੂ ਦੀ ਮਹੱਤਤਾ ਬਹੁਤ ਹੈ। ਸੂਫ਼ੀ ਸਾਧਨਾ ਵਿਚ ਗੁਰੂ ਲਈ ਗਾਊਂਸ, ਪੀਰ, ਔਲੀਆ, ਵਲੀ ਤੇ ਮੁਰਸ਼ਦ ਆਦਿ ਸ਼ਬਦ ਵਰਤੇ ਗਏ ਹਨ। ਮੁਰਸ਼ਦ

ਅਧਿਆਤਮਿਕ ਮਾਰਗ ਦੱਸਣ ਵਾਲਾ ਗੁਰੂ ਹੈ। ਸੂਫ਼ੀਆਂ ਅਨੁਸਾਰ ਮੁਰਸ਼ਦ ਤੋਂ ਬਿਨਾ ਸਾਧਨਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਭਾਰਤੀ ਗੁਰੂ ਵਾਦ ਤੋਂ ਵੀ ਸੂਫ਼ੀਮਤ ਬਹੁਤ ਪ੍ਰਭਾਵਿਤ ਹੋਇਆ। ਇਸੇ ਕਰਕੇ ਸੂਫ਼ੀਆਂ ਦਾ ਮੁਰਸ਼ਦਵਾਦ ਭਾਰਤ ਦੇ ਗੁਰੂਵਾਦ ਦੇ ਅਨੁਕੂਲ ਹੀ ਹੈ। ਪੰਜਾਬੀ ਸੂਫ਼ੀ ਫ਼ਕੀਰਾਂ ਨੇ ਤਾਂ ਆਪਣੇ ਕਲਾਮ ਵਿਚ ਮੁਰਸ਼ਦ ਦੀ ਬਜਾਇ ਗੁਰ ਪਦ (ਜੋ ਗੁਰ ਦਸੇ ਵਾਟ ਮੁਰੀਦਾ ਜੋਲੀਐ) ਦੀ ਖੁਲ੍ਹ ਕੇ ਵਰਤੋਂ ਕੀਤੀ।"[33]

ਮੱਧਕਾਲ ਵਿਚ ਪੈਦਾ ਹੋਣ ਵਾਲੀ ਭਗਤੀ ਲਹਿਰ ਅਧਿਆਤਮਿਕ ਖੇਤਰ ਦੀ ਇਕ ਬਲਵਾਨ ਧਾਰਾ ਹੈ। ਭਗਤੀ ਲਹਿਰ ਨਾਲ ਸੰਬੰਧਿਤ ਕੁਝ ਸੰਤਾਂ, ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਭਗਤੀ ਲਹਿਰ ਤੇ ਸੰਤ ਮੱਤ ਵੀ ਗੁਰੂ ਕੇਂਦਰਿਤ ਮੱਤ ਹੋਣ ਕਰਕੇ ਇਸਦੀ ਸਮੁੱਚੀ ਸਾਧਨਾ ਗੁਰੂ ਕਿਰਪਾ ਉਪਰ ਨਿਰਭਰ ਕਰਦੀ ਹੈ। ਆਚਾਰੀਆ ਪਰਸੂ ਰਾਮ ਚਤੁਰਵੇਦੀ ਦਾ ਵਿਚਾਰ ਹੈ:

> ਇਹ ਗੱਲ ਨਿਰਵਿਵਾਦ ਹੈ ਕਿ ਸੰਤ ਭਾਵੇਂ ਨਿਰਗੁਣਵਾਦੀ ਹੋਵੇ ਜਾਂ ਸਰਗੁਣ ਦਾ ਉਪਾਸ਼ਕ ਹੋਵੇ, ਦੈਵੀ ਗੁਣਾਂ ਨਾਲ ਭਰਪੂਰ ਉਸਦਾ ਵਿਅਕਤਿਤਵ ਗੁਰੂ ਪਦਵੀ ਰੱਖਦਾ ਹੋਇਆ ਲੋਕ ਜੀਵਨ ਲਈ ਪਰਲੋਕ ਦੀ ਅਗਵਾਈ ਕਰਦਾ ਹੈ।[34]

ਸੰਤ ਸਾਹਿਤ ਵਿਚ ਗੁਰੂ ਦੀ ਮਹਿਮਾ ਸਭ ਤੋਂ ਵੱਧ ਹੈ ਜੋ ਕਿ ਗੁਰਮਤਿ ਦੀ ਕਸਵੱਟੀ ਉੱਪਰ ਵੀ ਪੂਰੀ ਉਤਰਦੀ ਹੈ। ਇਸ ਲਈ ਸੰਤਾਂ ਦੀ ਬਾਣੀ ਨੂੰ ਸਿੱਖ ਚਿੰਤਨ ਦਾ ਅੰਗ ਪ੍ਰਵਾਨ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਭਗਤੀ ਲਹਿਰ ਦੇ ਸੰਤ ਦਾਦੂ ਦਿਆਲ, 'ਗੁਰੂ' ਦੀ ਉਪਮਾ ਪਰਮਾਤਮਾ ਦੀ ਸੋਝੀ ਕਰਵਾਉਣ ਵਾਲੇ 'ਅੰਜਨ' ਨਾਲ ਕਰਦੇ ਹਨ। ਸੰਤ ਪਲਟੂ ਸਤਿਗੁਰੂ ਨੂੰ ਆਮ ਭਾਸ਼ਾ ਵਿਚ ਪ੍ਰਚਲਤ ਸ਼ਿਕਲੀਗਰ ਨਾਲ ਉਪਮਾਉਂਦੇ ਹਨ ਕਿ ਜਿਵੇਂ ਸ਼ਿਕਲੀਗਰ ਕਿਸੇ ਚਾਕੂ-ਛੁਰੀ ਦਾ ਜੰਗ ਉਤਾਰ ਦਿੰਦਾ ਹੈ ਉਸੇ ਤਰ੍ਹਾਂ ਗੁਰੂ ਜਨਮ-ਜਨਮਾਂਤਰਾਂ ਦੀ ਜੰਮੀ ਕਰਮਾਂ ਦੀ ਮੈਲ ਦੇ ਦਾਗ ਸਾਫ਼ ਕਰ ਦਿੰਦਾ ਹੈ।

ਸਤਿਗੁਰ ਸਿਕਲੀਗਰ ਮਿਲੈ ਤਬ ਛੂਟੈ ਪੁਰਨਾ ਦਾਗ॥

ਛੂਟੇ ਪੁਰਾਨਾ ਦਾਗ਼ ਗੜ੍ਹਾ ਮਨ ਮੁਰਚਾ ਨਾਹੀ॥

ਸਤਿਗੁਰੁ ਪੂਰੇ ਬਿਨਾਂ ਦਾਗ ਯਹ ਛੂਟੇ ਨਾਹੀ॥[35]

ਉਪਰੋਕਤ ਵਿਚਾਰ ਤੋਂ ਇਕ ਗੱਲ ਸਹਿਜੇ ਹੀ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਭਾਰਤੀ ਧਰਮ ਚਿੰਤਨ ਵਿਚ ਗੁਰੂ ਦੀ ਪਰੰਪਰਾ ਵਿਰਾਟ ਰੂਪ ਵਿਚ ਨਿਰੰਤਰ ਚਲਦੀ ਰਹੀ ਹੈ। ਵੈਦਿਕ ਕਾਲ ਵਿਚ ਰਿਸ਼ੀ ਮੁਨੀ, ਅਚਾਰੀਆ ਗੁਰੂ ਰੂਪ ਵਿਚ ਲੋਕ-ਸ਼ਰਧਾ ਅਤੇ ਵਿਸ਼ਵਾਸ ਦੇ ਕੇਂਦਰ ਸਨ। ਉਪਨਿਸ਼ਦ ਕਾਲ ਵਿਚ ਬ੍ਰਹਮ ਨਿਸ਼ਠ ਵਿਅਕਤੀ, ਬੁੱਧਮੱਤ ਵਿਚ ਅਰਹੰਤ ਅਤੇ ਬੋਧੀਸਤਵ, ਸਿੱਧਾਂ ਜੋਗੀਆਂ ਵਿਚ ਜੋਗ ਸਾਧਨਾ ਵਾਲੇ ਸਿੱਧ-ਪੁਰਸ਼, ਸੂਫ਼ੀਆਂ ਵਿਚ ਮੁਰਸ਼ਦ ਅਤੇ ਸੰਤ ਮੱਤ ਦੇਹ-ਧਾਰੀ ਗੁਰੂ ਤੋਂ ਅੱਗੇ ਨਹੀਂ ਵਧ ਸਕਿਆ। ਸਿੱਖ ਧਰਮ ਦੀ ਖ਼ਾਸ ਵਿਲੱਖਣਤਾ ਇਹ ਹੈ ਕਿ ਇਸ ਵਿਚ ਗੁਰੂ ਸਾਹਿਬਾਨ ਦੇਹ ਰੂਪ ਹੁੰਦੇ ਹੋਏ ਵੀ ਸ਼ਬਦ ਜੋਤਿ ਨੂੰ ਗੁਰੂ ਮੰਨਦੇ ਹਨ।

ਸਿੱਖ ਧਰਮ ਦੀ ਵਿਚਾਰਧਾਰਾ ਵਿਚ ਗੁਰੂ ਦਾ ਸੰਦਰਭ ਪਰੰਪਰਾਈ ਨਹੀਂ ਸਗੋਂ ਨਿਵੇਕਲਾ ਸੰਕਲਪ ਹੈ। ਸਿੱਖ ਧਰਮ ਵਿਚ ਸ਼ਬਦ ਅਤੇ ਗੁਰੂ ਇਕ ਰੂਪ ਹਨ। ਇਸ ਕਰਕੇ ਗੁਰੂ 'ਸ਼ਬਦ ਗੁਰੂ' ਦੇ ਰੂਪ ਵਿਚ ਪ੍ਰਗਟ ਹੋਇਆ। ਭਾਰਤੀ ਧਰਮ ਚਿੰਤਨ ਵਿਚ ਸ਼ਬਦ ਦੇ ਪ੍ਰਸੰਗ ਤਾਂ ਮੌਜੂਦ ਹਨ ਜਿਵੇਂ ਜੋਗੀਆਂ, ਨਾਥਾਂ ਅਤੇ ਸਿੱਧਾਂ ਵਿਚ ਵੀ ਸ਼ਬਦ ਨੂੰ ਆਧਾਰ ਮੰਨ ਕੇ ਸੁਰਤਿ ਸ਼ਬਦ ਦੀ ਸਾਧਨਾ ਨੂੰ ਪ੍ਰਮੁੱਖਤਾ ਮਿਲੀ ਹੈ। ਪਰ 'ਸ਼ਬਦ ਗੁਰੂ' ਦਾ ਨਿਵੇਕਲਾ ਸੰਕਲਪ ਸਿਰਫ਼ ਸਿੱਖ ਵਿਚਾਰਧਾਰਾ ਦੀ ਹੀ ਦੇਣ ਹੈ। ਗੁਰਬਾਣੀ ਵਿਚ ਗੁਰ, ਗੁਰੁ, ਗੁਰਿ, ਸਤਿਗੁਰ ਅਤੇ ਸਤਿਗੁਰੁ 'ਗੁਰੂ' ਦੇ ਪ੍ਰਸੰਗ ਵਿਚ ਵਰਤੇ ਗਏ ਸ਼ਬਦ ਹਨ। ਸਿੱਖ ਧਰਮ ਵਿਚ ਗੁਰੂ ਇਕ ਮੁਕੱਦਸ ਤੇ ਪਵਿੱਤਰ ਪਦਵੀ ਹੈ। "ਇਹ ਕੋਈ ਦੇਹ ਧਾਰੀ ਸਿੱਖਿਆ ਦਾਤਾ ਨਹੀਂ ਸਗੋਂ ਇਸ਼ਟ ਰੂਪ ਹੈ। ਸਿੱਖ ਚਿੰਤਨ ਵਿਚ ਪਰਮਾਤਮਾ, ਗੁਰੂ ਅਤੇ ਬਾਣੀ ਤਿੰਨੇ ਹੀ ਇਕ ਹਨ ਅਤੇ ਇਹ ਸ਼ਬਦ ਰੂਪ ਹਨ। ਇਹਨਾਂ ਵਿਚ ਮੁਕੰਮਲ ਅਭੇਦਤਾ ਹੀ ਨਹੀਂ ਸਗੋਂ ਹੋਂਦ ਵੀ ਇਕ ਹੈ। ਇਸ ਨੂੰ ਵੱਖ ਵੱਖ ਕਰਕੇ ਵਿਚਾਰਨਾ ਸਿੱਖ-ਧਰਮ ਦੇ ਮੂਲ ਸਿਧਾਂਤਾਂ ਤੋਂ ਉਲਟ ਹੈ।"[36]

ਸ੍ਰਿਸ਼ਟੀ ਦਾ ਮੂਲ ਪਰਮ ਜੋਤ (ਪਰਮਾਤਮਾ) ਹੈ। ਇਹੋ ਜੋਤ ਮਨੁੱਖ ਦੀ ਸਿਰਜਣਾ ਦਾ ਵੀ ਮੂਲ ਸਰੋਤ ਹੈ। ਇਹ ਜੋਤ ਮਨੁੱਖ ਅਤੇ ਪਰਮਸੱਤਾ ਦੇ ਵਿਚਕਾਰ ਇਕ ਕੜੀ ਹੈ ਤੇ ਸਰੀਰ ਇਸ ਕੜੀ ਨੂੰ ਸੰਭਾਲ ਕੇ ਰੱਖਣ ਦਾ ਇਕ ਸਾਧਨ ਹੈ। ਮਨੁੱਖ ਮਾਇਆ ਦੇ ਪ੍ਰਭਾਵ ਅਧੀਨ ਪੈਦਾ ਹੋਈਆਂ ਤ੍ਰਿਸ਼ਨਾਵਾਂ ਤੇ ਵਾਸ਼ਨਾਵਾਂ ਵਿਚ ਉਲਝ ਕੇ ਆਪਣੇ ਮੂਲ ਨੂੰ ਭੁੱਲ ਜਾਂਦਾ ਹੈ। ਭੁਲੇ ਭਟਕੇ ਮਨੁੱਖ ਨੂੰ ਸਹੀ ਦਿਸ਼ਾ ਨਿਰਦੇਸ਼ ਗੁਰੂ ਹੀ ਦਿੰਦਾ ਹੈ ਅਤੇ ਉਸ ਨੂੰ ਸਹੀ ਮਾਰਗ 'ਤੇ ਚੱਲਣ ਲਈ ਉਸਦੀ ਅਗਵਾਈ ਵੀ ਕਰਦਾ ਹੈ। ਅਨੰਦ ਸਾਹਿਬ ਵਿਚ ਇਹ ਮੋਹ-ਮਾਇਆ ਦੀ ਸਮੱਸਿਆ ਅਤੇ ਸਮਾਧਾਨ ਦੋਹਾਂ ਰੂਪਾਂ ਵਿਚ ਮਿਲਦਾ ਹੈ:

ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ॥[37]

ਮਾਇਆ ਦੀ ਦਲਦਲ ਵਿਚ ਫਸੇ ਜੀਵ ਨੂੰ ਗੁਰੂ ਹੀ ਬਾਹਰ ਕੱਢ ਸਕਦਾ ਹੈ।

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ॥
ਤਿਨੀ ਵਿਚੇ ਮਾਇਆ ਪਾਇਆ॥[38]

ਪਰਮਾਤਮਾ ਦੀ ਕਿਰਪਾ ਪ੍ਰਾਪਤ ਕਰਨ ਲਈ ਪਹਿਲਾਂ ਗੁਰੂ ਦੀ ਕਿਰਪਾ ਜ਼ਰੂਰੀ ਹੈ। ਮਾਇਆਵੀ ਵਾਸ਼ਨਾਵਾਂ ਕਾਰਨ ਜ਼ਹਿਨ ਵਿਚ ਅਸੰਤੁਲਨ ਪੈਦਾ ਹੋ ਜਾਂਦਾ ਹੈ। ਅਸੰਤੁਲਿਤ ਆਤਮਾ ਨੂੰ ਸੰਤੁਲਨ ਵਿਚ ਲਿਆਉਣ ਦੀ ਕੀਮੀਆਗਰੀ ਪਾਰਸੀ ਛੋਹ ਵੀ ਗੁਰੂ ਕੋਲ ਹੀ ਹੈ। ਅਨੰਦ ਸਾਹਿਬ ਵਿਚ ਸੰਤੁਲਿਤ ਅਵਸਥਾ ਨੂੰ ਅੰਮ੍ਰਿਤ ਕਿਹਾ ਗਿਆ ਹੈ। ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਮਨੁੱਖ ਹੀ ਨਹੀਂ ਦੇਵੀ ਦੇਵਤੇ ਵੀ ਇਸ ਅੰਮ੍ਰਿਤ ਦੀ ਤਲਾਸ਼ ਵਿਚ ਰਹਿੰਦੇ ਹਨ

ਸੁਰਿ ਨਰ ਮੁਨਿ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ
ਸਚਾ ਮਨਿ ਵਸਾਇਆ॥[39]

ਗੁਰੂ ਦੀ ਰਹਿਮਤ ਨਾਲ ਉਸ ਦੀ ਕਿਰਪਾ ਪ੍ਰਾਪਤ ਹੁੰਦੀ ਹੈ। ਸਤਿਗੁਰੂ ਭਗਤ ਵਛਲ (ਪ੍ਰਭੂ) ਦੇ ਭੰਡਾਰੀ ਹਨ ਜੋ ਨਾਮ ਰਸ ਦੀ ਦਾਤ ਸਾਧ ਸੰਗਤ ਵਿਚ ਨਿੱਤ ਵਰਤਾਉਂਦੇ ਹਨ ਅਤੇ ਵਡਭਾਗੇ ਗੁਰਸਿੱਖਾਂ ਨੂੰ ਇਹ ਸਤਿਗੁਰੂ ਦੀ ਦਾਤ ਖ਼ਾਸ ਬਖ਼ਸ਼ਿਸ਼ ਹੁੰਦੀ ਹੈ।

ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ॥
ਭਗਤ ਵਛਲੁ ਹੋਇ ਭਗਤਿ ਭੰਡਾਰੀ॥[40]

ਸਤਿਗੁਰੂ ਕੌਣ ਹੈ, ਜੋ ਕਿਰਪਾ ਕਰਦਾ ਹੈ, ਰਾਹ ਦਿਖਾਉਂਦਾ ਹੈ, ਪਰਮਾਤਮਾ ਨਾਲ ਮਿਲਾਪ ਦਾ ਜਰੀਆ ਹੈ ਤੇ ਸਿੱਖ ਉਸਦੀ ਕਿਰਪਾ ਦਾ ਪਾਤਰ ਕਿਵੇਂ ਬਣਦਾ ਹੈ? ਸਿੱਖ ਦੀ ਪਰਿਭਾਸ਼ਾ ਕੀ ਹੈ? ਸਤਿਗੁਰੂ ਸਿੱਖ ਨੂੰ ਕਿਸ ਕਸਵੱਟੀ ਉਤੇ ਪਰਖਦਾ ਹੈ? ਸਤਿਗੁਰੂ ਤੇ ਸਿੱਖ ਦੇ ਆਪਸੀ ਰਿਸ਼ਤੇ ਦੀ ਰੂਪ ਵਿਧੀ ਕੀ ਹੈ? ਇਹ ਰਿਸ਼ਤਾ ਮਹਿਜ ਦੁਨਿਆਵੀ ਹੈ ਜਾਂ ਦੀਨੀ ਹੈ, ਸਥਾਈ ਹੈ ਜਾਂ ਅਸਥਾਈ ਹੈ? ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਉਪਰੋਕਤ ਵਿਸ਼ੇ ਸੰਬੰਧੀ ਜਾਣਕਾਰੀ ਗੁਰਮਤਿ ਵਿਚਾਰਧਾਰਾ ਅਨੁਕੂਲ ਵਿਸਤਾਰ ਪੂਰਬਕਤਾ ਪ੍ਰਸਤੁਤ ਹੋਈ ਹੈ। ਸਿੱਖ ਦਾ ਸ਼ਾਬਦਿਕ ਅਰਥ ਹੈ ਸਿੱਖਿਆਰਥੀ, ਜਗਿਆਸੂ, ਦੀਨ ਦੇ ਰਾਹ ਦਾ ਖੋਜੀ। ਸਿੱਖ ਉਹ ਮਹਾਂਪੁਰਖ ਹੈ ਜੋ ਗੁਰੂ ਦੇ ਉਪਦੇਸ਼ ਦੀ ਪਾਲਣਾ ਕਰਦਾ ਗੁਰੂ ਦੇ ਅਨੁਸਾਰੀ ਜੀਵਨ ਜਿਊਂਦਾ ਹੈ। ਸਿੱਖ ਉਹ ਜਗਿਆਸੂ ਹੈ ਜੋ ਸਤਿਗੁਰੂ ਦੀ ਸਚਿਆਰਤਾ ਪਛਾਣ ਕੇ ਆਪਣਾ ਸਭ ਕੁੱਝ ਉਸ ਨੂੰ ਅਰਪਣ ਕਰ ਦਿੰਦਾ ਹੈ। ਗੁਰੂ ਦੇ ਬਚਨਾਂ ਉੱਤੇ ਅਟਲ ਵਿਸ਼ਵਾਸ ਰੱਖ ਕੇ ਸੱਚਖੰਡ ਦੇ ਮਾਰਗ ਉੱਤੇ ਅੱਗੇ ਵਧਦਾ ਹੈ। ਡਾ. ਜਯਰਾਮ ਮਿਸ਼ਰ 'ਨਾਨਕ ਬਾਣੀ' ਪੁਸਤਕ ਵਿਚ ਲਿਖਦੇ ਹਨ:

> ਸਿੱਖ ਉਹ ਵਿਅਕਤੀ ਹੈ, ਜਿਸ ਨੇ ਗੁਰੂ ਪਾਸੋਂ ਨਾਮ ਦੀ ਸਿੱਖਿਆ ਦੀਖਿਆ ਪ੍ਰਾਪਤ ਕਰਕੇ ਇਸ ਦੇ ਸਿਮਰਨ ਰਾਹੀਂ ਮਨ ਨੂੰ ਜਿੱਤ ਲਿਆ ਹੈ। ਜਿਸ ਨੇ ਆਤਮਿਕ ਜਾਗ੍ਰਿਤੀ ਪ੍ਰਾਪਤ ਕਰਕੇ ਆਪਣੇ ਆਪ ਨੂੰ ਸਹਿਜ ਅਵਸਥਾ ਵਿਚ ਥਿਰ ਕਰ ਲਿਆ ਹੈ।[41]

ਸਤਿਗੁਰੂ ਦੇ ਅੱਗੇ ਗੁਰਮੁਖਿ/ਸਿੱਖ ਦਾ ਰਿਸ਼ਤਾ ਸਮਰਪਣ ਤੇ ਸੇਵਾ ਭਾਵ ਦਾ ਹੈ। ਸਤਿਗੁਰੂ ਸਿੱਖ ਨੂੰ ਭਵਸਾਗਰੀ ਮਾਇਆ ਤੋਂ ਬੇਲਾਗ ਰਹਿਣ ਦਾ ਰਸਤਾ ਦਸਦਾ ਹੈ। ਸਤਿਗੁਰੂ ਦੀ

ਕਿਰਪਾ ਨਾਲ ਵਾਹਿਗੁਰੂ ਰੂਪੀ ਸੱਚੇ ਮੰਤਰ ਦੀ ਪ੍ਰਾਪਤੀ ਹੁੰਦੀ ਹੈ। ਜਿਸ ਨਾਲ ਜੀਵ ਕਾਮ, ਕਰੋਧ, ਲੋਭ, ਮੋਹ, ਹੰਕਾਰ, ਵੈਰ-ਵਿਰੋਧ ਨੂੰ ਤਜਿ ਕੇ ਸਤਿ, ਸੰਤੋਖ, ਦਇਆ ਧਰਮ ਤੇ ਪ੍ਰੇਮ ਦਾ ਰਸਤਾ ਅਖਤਿਆਰ ਕਰਦਾ ਹੈ। ਨੈਤਿਕ ਗੁਣਾਂ ਦਾ ਧਾਰਨੀ ਮਨੁੱਖ ਦੈਵੀ ਸੁਭਾਅ ਦਾ ਮਾਲਕ ਬਣ ਜਾਂਦਾ ਹੈ। ਦੈਵੀ ਗੁਣਾਂ ਨਾਲ ਭਰਪੂਰ ਮਨੁੱਖ ਹੀ ਗੁਰਮੁਖ ਹੈ। ਗੁਰਮਤਿ ਦ੍ਰਿਸ਼ਟੀ ਅਨੁਸਾਰ ਆਦਰਸ਼ ਜੀਵਨ ਦਾ ਆਧਾਰ ਉਚਤਮ ਦੈਵੀ ਕੀਮਤਾਂ ਅਤੇ ਗੁਣ ਗ੍ਰਹਿਣ ਕਰਨਾ ਹੈ। ਦੈਵੀ ਕਦਰਾਂ-ਕੀਮਤਾਂ ਗ੍ਰਹਿਣ ਕਰਨ ਉਪਰੰਤ ਵਿਅਕਤੀ ਇਨ੍ਹਾਂ ਦੇ ਸੋਮੇ ਪਰਮਾਤਮਾ ਨਾਲ ਇਕ-ਮਿੱਕ ਹੋ ਜਾਂਦਾ ਹੈ। ਗੁਰਮੁਖ, ਸ਼ਬਦ ਗੁਰੂ ਦੀ ਵਿਚਾਰ ਕਰਕੇ ਪਰਮਾਤਮਾ ਨੂੰ ਸਰਬ ਲੋਕਾਈ ਵਿਚ ਵੇਖਦਾ ਹੈ। ਗੁਰਮੁਖ, ਸੂਫ਼ੀ ਜਗਿਆਸੂ ਵੀ ਸਿੱਖ ਦੇ ਸਮਾਨਾਰਥਕ ਸ਼ਬਦ ਹਨ। ਸਿੱਖ ਸ਼ਬਦ ਦਾ ਪਿਛੋਕੜ ਬੁੱਧਮੱਤ ਤੇ 'ਬੋਧੀਸੱਤਵ ਅਤੇ ਸ੍ਰੀਮਦ ਭਗਵਤ ਗੀਤਾ ਦੇ ਪ੍ਰਗਿਆ ਸੰਕਲਪ ਨਾਲ ਮਿਲਦਾ ਹੈ। ਗੁਰਮੁਖ ਦੀ ਪਰਿਭਾਸ਼ਾ ਕਰਦੇ ਹੋਏ ਡਾ.ਵਜ਼ੀਰ ਸਿੰਘ ਲਿਖਦੇ ਹਨ:

> ਭਾਰਤੀ ਪਰੰਪਰਾ ਵਿਚ ਇਹ ਦੋਵੇਂ ਸੰਕੇਤ ਨੈਤਿਕ ਤੇ ਰੂਹਾਨੀ ਆਦਰਸ਼ਕਤਾ ਦੇ ਲਖਾਇਕ ਹਨ। ਗੁਰਬਾਣੀ ਵਿਚ ਪ੍ਰਸਤੁਤ ਗੁਰਮੁਖ ਦਾ ਸੰਕਲਪ ਇਸ ਤੋਂ ਵੀ ਅਗੇਰੇ ਮਨੁੱਖੀ ਉਤਮਤਾ ਅਤੇ ਆਦਰਸ਼ਕਤਾ ਦਾ ਨਿਵੇਕਲਾ ਅਤੇ ਸ਼ਕਤੀਸ਼ਾਲੀ ਸਿਖਰ ਹੈ ਜੋ ਸਾਧਨਾ ਦੇ ਪੱਖੋਂ ਸ਼ਬਦ ਦੀ ਟਕਸਾਲ ਵਿਚ ਘੜਿਆ ਵਿਅਕਤਿਤਵ ਹੁੰਦਾ ਹੋਇਆ, ਰੂਹਾਨੀਅਤ ਦੇ ਪੱਖ ਤੋਂ ਪ੍ਰਤੱਖ ਹਰਿ ਰੂਪ ਹੁੰਦਾ ਹੈ।[42]

ਗੁਰਸਿੱਖ ਬਣ ਕੇ ਦੁਨਿਆਵੀ ਪ੍ਰਾਪਤੀਆਂ, ਇਛਾਵਾਂ ਅਤੇ ਤ੍ਰਿਸ਼ਨਾਵਾਂ ਦੀ ਪੂਰਤੀ ਦੇ ਨਾਲੋ ਨਾਲ ਨਿੱਜਪਦ ਦੀ ਪ੍ਰਾਪਤੀ ਵੀ ਹੁੰਦੀ ਹੈ। ਨਿੱਜ ਪਦ ਦਾ ਅਰਥ ਹੈ ਆਤਮ ਗਿਆਨ। ਸਤਿਗੁਰੂ ਦੀ ਕਿਰਪਾ ਨਾਲ ਸਿੱਖ ਨੂੰ ਆਤਮ ਗਿਆਨ ਦੀ ਅਨੁਭੂਤੀ ਹੁੰਦੀ ਹੈ। ਗੁਰੂ ਦੀ ਸਿੱਖਿਆ ਸਿੱਖ ਲਈ ਜੀਵਨ ਆਧਾਰ ਬਣ ਜਾਂਦੀ ਹੈ। ਮਨਮੁੱਖਤਾ ਦਾ ਵਿਨਾਸ਼ ਹੋ ਜਾਂਦਾ ਹੈ। ਪਰਉਪਕਾਰ ਤੇ ਨਿਮਰਤਾ ਉਸ ਦੀ ਰੋਜ਼ਮਰ੍ਰਾ ਜ਼ਿੰਦਗੀ ਦਾ ਅੰਗ ਬਣ ਜਾਂਦੇ ਹਨ। ਨਿਰਮਲ ਜੋਸ਼ੀ ਅਜਿਹੇ ਹੀ ਗੁਰਮੁਖ ਸੰਬੰਧੀ ਲਿਖਦੇ ਹਨ:

> ਸਤਿਗੁਰੂ ਦੀ ਕਿਰਪਾ ਤੋਂ ਪ੍ਰੇਰਣਾ ਲੈ ਕੇ ਜੋ ਮਨੁਖ ਆਪਣੇ ਨਿੱਜ ਸਰੂਪ ਦੀ ਸ਼ੁਧਤਾ ਤੇ ਪਵਿੱਤਰਤਾ ਨੂੰ ਪ੍ਰਾਪਤ ਕਰ ਲੈਂਦਾ ਹੈ ਉਹ ਸਹਿਜ ਸੁਭਾਵਕ ਜੀਵਨ ਜਿਊਣ ਲੱਗਦਾ ਹੈ। ਉਹ ਨਿਸਚੈ ਹੀ ਪ੍ਰਭੂ ਪ੍ਰਦਤ (given) ਮਨੁੱਖ-ਜੂਨੀ ਨੂੰ ਸਾਰਥਿਕ ਬਣਾ ਕੇ ਮੋਕਸ਼ ਪ੍ਰਾਪਤ ਕਰ ਲੈਂਦਾ ਹੈ।[43]

ਜਦ ਕੈਲਾਸ਼ ਪਰਬਤ ਉੱਤੇ ਕਰਾਮਾਤੀ ਸਿੱਧ ਗੁਰੂ ਨਾਨਕ ਦੇਵ ਜੀ ਉਪਰ ਕਰਾਮਾਤਾਂ ਕਰ ਕਰਕੇ ਹਾਰ ਗਏ ਤਾਂ ਅਖੀਰ ਨਤਮਸਤਕ ਹੋ ਕੇ ਪ੍ਰਸ਼ਨ ਕੀਤਾ ਕਿ ਨਾਨਕ ਤੇਰਾ ਗੁਰੂ ਕੌਣ ਹੈ? ਤੂੰ ਕਿਸ ਦਾ ਚੇਲਾ ਹੈਂ? ਗੁਰੂ ਨਾਨਕ ਦੇਵ ਜੀ ਇਸ ਪਰਿਪੇਖ ਵਿਚ ਲਿਖਦੇ ਹਨ:

> ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ॥[44]

ਤਦ ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਕਿ ਮੇਰਾ ਗੁਰੂ ਸ਼ਬਦ ਹੈ ਅਤੇ ਮੇਰੀ ਸੁਰਤ ਉਸ ਦਾ ਚੇਲਾ ਸਿੱਖ ਹੈ:

> ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[45]

ਸ਼ਬਦ ਭਾਵੇਂ ਕਿਸੇ ਵੀ ਰੂਪ ਵਿਚ ਪ੍ਰਗਟ ਹੋਵੇ ਉਹ ਪਰਮਾਤਮਾ ਰੂਪ ਹੀ ਰਹਿੰਦਾ ਹੈ। ਸਿੱਖ ਚਿੰਤਨ ਵਿਚ ਪ੍ਰਸਤੁਤ ਗੁਰੂ ਸਿਧਾਂਤ ਅਧੀਨ ਅਕਾਲ ਪੁਰਖ (ਜੋ ਸ਼ਬਦ ਸਰੂਪ ਹੈ) ਨੂੰ ਗੁਰੂ ਪਰਵਾਨ ਕੀਤਾ ਗਿਆ ਹੈ। ਸਤਿਗੁਰੂ ਵਿਚ ਆਪ ਸ਼ਬਦ ਜੋਤਿ ਦੀ ਸਦੀਵਤਾ ਕਾਇਮ ਹੈ ਜਿਸ ਨੂੰ ਸਿੱਖ ਚਿੰਤਨ ਦੀ ਭਾਵਨਾ ਵਿਚ 'ਵਾਹਿਗੁਰੂ' ਤੇ 'ਸਤਿਗੁਰੂ' ਤਸਲੀਮ ਕਰਦੇ ਹੋਏ ਇਕੋ ਹੋਂਦ ਦੇ ਦੋ ਨਾਮ ਮੰਨੇ ਗਏ ਹਨ। ਵਾਹਿਗੁਰੂ ਅਦ੍ਰਿਸ਼ਟ ਹੋਂਦ ਹੈ ਅਤੇ ਸਤਿਗੁਰੂ ਇਸਦਾ ਪ੍ਰਗਟ ਦੇਹ ਸਰੂਪ ਹੈ। ਗੁਰੂ ਆਪਣੇ ਸਿੱਖਾਂ ਨੂੰ 'ਵਾਹਿਗੁਰੂ' ਮੰਤ੍ਰ ਦਾ ਜਾਪ ਕਰਨ ਲਈ ਪ੍ਰੇਰਦਾ ਹੈ ਜਿਸ ਨਾਲ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਤਿਆਗ ਕਰਨ ਦੀ ਸਿੱਖਿਆ ਦਿੰਦਾ ਹੈ। ਭਾਈ ਗੁਰਦਾਸ 'ਸ਼ਬਦ ਗੁਰੂ' ਦੀ ਤਲਿਸਮੀ ਕਿਰਪਾ ਰਾਹੀਂ ਵਿਕਾਰਾਂ ਤੋਂ ਮੁਕਤ ਹੋਣ ਸੰਬੰਧੀ ਲਿਖਦੇ ਹਨ:

ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ।
ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ।
ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ।।[46]

ਇਹਨਾਂ ਵਿਕਾਰਾਂ ਦੀ ਥਾਂ ਗੁਰੂ ਸਿੱਖ ਨੂੰ ਸਤ, ਸੰਤੋਖ, ਦਇਆ, ਧਰਮ, ਨਾਮ-ਦਾਨ ਅਤੇ ਇਸ਼ਨਾਨ ਦ੍ਰਿੜ ਕਰਵਾਉਂਦਾ ਹੈ। ਭਾਈ ਗੁਰਦਾਸ ਗਿਆਰਵੀਂ ਵਾਰ ਦੀ ਤੀਸਰੀ ਪਉੜੀ ਵਿਚ ਇਸ ਸਿੱਖਿਆ ਨੂੰ ਧਾਰਨ ਕਰਨ ਵਾਲੇ ਨੂੰ ਹੀ ਗੁਰਸਿੱਖ ਕਹਿੰਦੇ ਹਨ:

ਗੁਰਮੁਖਿ ਜਨਮੁ ਸਕਾਰਥਾ ਗੁਰਸਿਖ ਮਿਲਿ ਗੁਰ ਸਰਣੀ ਆਇਆ।
ਆਦਿ ਪੁਰਖੁ ਆਦੇਸ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ।
ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਵਲ ਗੁਰ ਲਾਇਆ।
ਸਤਿਗੁਰ ਪੁਰਖੁ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ।
ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀ ਪਾਇਆ।
ਕਾਮ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰ ਤਜਾਇਆ।
ਸਤੁ ਸੰਤੋਖ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
ਗੁਰ ਸਿੱਖ ਲੈ ਗੁਰਸਿਖੁ ਸਦਾਇਆ।[47]

ਜਦੋਂ ਸਿੱਖ ਸਭ ਚਿੰਤਾਵਾਂ ਛੱਡ ਕੇ ਸਤਿਗੁਰੂ ਦਾ ਪੱਲਾ ਫੜ ਲਵੇ ਤਾਂ ਗੁਰੂ ਆਪਣੇ ਸੇਵਕਾਂ ਦੀ ਲਾਜ-ਪਤ ਰੱਖਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਅੱਗੇ ਸਿੱਖਾਂ ਨੇ ਅਰਦਾਸ ਕੀਤੀ ਕਿ ਜਨਮ ਮਰਨ ਤੋਂ ਮੁਕਤੀ ਕਿਵੇਂ ਹੋਵੇ ਗੁਰੂ ਰਾਮਦਾਸ ਜੀ ਨੇ ਦਇਆ-ਦ੍ਰਿਸ਼ਟੀ ਕਰਦਿਆਂ ਬਚਨ ਕੀਤਾ ਕਿ ਹੇ ਭਾਈ! ਤੁਸੀਂ ਗੁਰੂ ਦੇ ਸਿੱਖਾਂ ਦੀ ਟਹਿਲ-ਸੇਵਾ ਕਰੋ। ਭਾਈ ਪੂਰੋ ਜੀ, ਭਾਈ ਮਾਣਕ ਜੀ ਅਤੇ ਭਾਈ ਬਿਸਨ ਦਾਸ ਜੀ ਨੇ ਸਿੱਖਾਂ ਦੀ ਸੇਵਾ ਕੀਤੀ। ਗੁਰਸਿੱਖਾਂ ਦੀ ਸੇਵਾ ਕਰਦੇ ਅਤੇ ਆਪਣੇ ਪਰਿਵਾਰ ਨੂੰ ਵੀ ਗੁਰੂ ਸਿੱਖਾਂ ਦੀ ਸੇਵਾ ਕਰਨ ਅਤੇ ਸਿਮਰਨ ਵਲ ਲਾਇਆ। ਅੰਤ ਸਮੇਂ

ਸਣੇ ਪਰਿਵਾਰ ਆਪਣੇ ਜੀਵਨ ਨੂੰ ਸਫਲ ਕੀਤਾ ਭਾਈ ਗੁਰਦਾਸ ਨੇ ਇਸ ਪ੍ਰਥਾਇ ਵਰਣਨ ਨੂੰ ਗਿਆਰਵੀਂ ਵਾਰ ਵਿਚ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ:

ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ।

ਪੂਰੋ ਮਾਣਕ ਚੰਦ ਹੈ ਬਿਸਨ ਦਾਸੁ ਪਰਵਾਰ ਸਧਾਰਾ।[48]

ਇਸ ਤਰ੍ਹਾਂ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦਾ ਇਤਿਹਾਸਕ ਮਹੱਤਵ ਹੈ ਕਿਉਂਕਿ ਪੁਰਾਤਨ ਸਿੱਖਾਂ ਦੇ ਨਾਵਾਂ ਦੀ ਜਾਣਕਾਰੀ ਲਈ ਕੇਵਲ ਇਹੀ ਵਾਰ ਇਕੋ ਇਕ ਸਰੋਤ ਹੈ। ਭਾਵੇਂ ਭਾਈ ਗੁਰਦਾਸ ਨੇ ਇਹਨਾਂ ਸਿੱਖਾਂ ਦੇ ਪਿਛੋਕੜ ਅਤੇ ਜੀਵਨ ਬਾਰੇ ਵੇਰਵਾ ਨਹੀਂ ਦਿੱਤਾ ਪਰੰਤੂ ਸਿੱਖ ਨਾਮਾਵਲੀ ਦੇਣ ਵੇਲੇ ਅਧਿਆਤਮਿਕਤਾ ਤੇ ਅਧਿਆਤਮਿਕ ਸਾਧਨਾਂ ਨਾਲ ਸੰਬੰਧਿਤ ਕਥਾ-ਪ੍ਰਸੰਗਾਂ ਨੂੰ ਸਿੱਖਾਂ ਦੇ ਨਾਵਾਂ ਨਾਲ ਸੰਬੰਧਿਤ ਕਰਕੇ ਉਹਨਾਂ ਦੀ ਸੰਖੇਪ ਅਭਿਵਿਅਕਤੀ ਕੀਤੀ ਹੈ। ਇਨ੍ਹਾਂ ਪ੍ਰਸੰਗਾਂ ਦੀ ਸਿੱਖੀ ਜੀਵਨ ਵਿਚ ਬਹੁਤ ਮਹੱਤਤਾ ਹੈ। ਇਨ੍ਹਾਂ ਪ੍ਰਸੰਗਾਂ ਨੂੰ ਧਿਆਨ ਵਿਚ ਰੱਖਦਿਆਂ ਸਿੱਖ ਜੀਵਨ ਜਾਚ ਸਿੱਖਦਾ ਹੈ ਅਤੇ ਅਜਿਹੀ ਜੀਵਨ ਜਾਚ ਅਜੋਕੇ ਸਮਾਜ ਲਈ ਅਤਿ ਜ਼ਰੂਰੀ ਅਤੇ ਮਹੱਤਵਪੂਰਨ ਹੈ। ਜਿਹਨਾਂ ਜੀਵਾਂ ਨੇ ਸਤਿਗੁਰੂ ਜੀ ਦੇ ਚਰਨ ਕਮਲਾਂ ਨੂੰ ਪਰਸਿਆ ਭਾਵ ਗੁਰ-ਦੀਖਿਆ ਪ੍ਰਾਪਤ ਕਰਕੇ ਇਸ ਦੀ ਕਮਾਈ ਕੀਤੀ ਉਹ ਪਸ਼ੂ ਪ੍ਰੇਤ ਭਾਵ ਪਸ਼ੂ-ਬਿਰਤੀਆਂ ਦੇ ਧਾਰਨੀ ਅਵਗਤ ਜੂਨਾਂ ਦੀ ਭਟਕਣਾ ਵਿਚ ਪਏ ਹੋਏ ਲੋਕ, ਦੈਵੀ ਗੁਣਾਂ ਨਾਲ ਸਿੰਗਾਰੇ ਮਨੁੱਖ ਬਣ ਗਏ, ਉਨ੍ਹਾਂ ਦੇ ਸਾਰੇ ਦੁੱਖ-ਦਲਿੱਦਰ ਦੂਰ ਹੋ ਗਏ। ਸਤਿਗੁਰੂ ਜੀ ਨੇ ਨਿਗੁਣੇ ਜੀਵਾਂ ਨੂੰ ਵੀ ਦੈਵੀ ਗੁਣਾਂ ਨਾਲ ਸੁਗੰਧਤ ਕਰ ਦਿੱਤਾ। ਗੁਰੂ ਸ਼ਬਦ ਸ਼ਕਤੀ ਨੇ ਉਨ੍ਹਾਂ ਨੂੰ ਸਧਾਰਨ ਕਾਠ ਤੋਂ ਚੰਦਨ ਬਣਾ ਦਿੱਤਾ। ਇਸ ਬਾਰੇ 'ਭੱਟ ਨਲ ਜੀ' ਦਾ ਪ੍ਰਵਚਨ ਹੈ:

ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥

ਸਤਿਗੁਰੂ ਚਰਨ ਜਿਨ ਪਰਸਿਆ ਸੋ ਪਸੁ ਪਰੇਤੁ ਸੁਰਿਨਰ ਭਾਇਆ।[49]

ਭਾਈ ਗੁਰਦਾਸ ਆਦਰਸ਼ ਸਿੱਖਾਂ ਦੀ ਉਦਾਹਰਣ ਦਿੰਦਿਆਂ ਗੁਰੂ ਰਾਮਦਾਸ ਦੇ ਸਮੇਂ ਦੇ ਤਿੰਨ ਸਿੱਖਾਂ ਭਾਈ ਪਦਾਰਥਾ, ਭਾਈ ਤਾਰੂ ਅਤੇ ਭਾਈ ਭਾਰੂ ਦੀ ਸੇਵਾ ਭਾਵਨਾ ਅਤੇ

ਨਿਰ-ਸੁਆਰਥ ਗੁਰੂ ਪ੍ਰਤੀ ਸਮਰਪਣ ਦੀ ਵਡਿਆਈ ਕਰਦੇ ਹਨ। ਇਨ੍ਹਾਂ ਨੇ ਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਰੋਜ਼ਾਨਾ ਕਥਾ-ਕੀਰਤਨ ਸੁਣਦਿਆਂ ਅਤੇ ਸੇਵਾ ਕਰਦਿਆਂ ਹੋਇਆਂ ਅੰਤ ਵੇਲੇ ਮੁਕਤੀ ਪ੍ਰਾਪਤ ਕਰ ਲਈ। ਇਹਨਾਂ ਤਿੰਨਾਂ ਸਿੱਖਾਂ ਦੀ ਗਿਣਤੀ ਆਦਰਸ਼ ਸਿੱਖਾਂ/ਪੁਰਖਾਂ ਵਿਚ ਕਰਦੇ ਹੋਏ ਭਾਈ ਗੁਰਦਾਸ ਲਿਖਦੇ ਹਨ:

> ਪੁਰਖੁ ਪਦਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ।।
> ਸਤਿਗੁਰ ਸਚੁ ਸਵਾਰਣਹਾਰਾ।।[50]

ਭਾਈ ਗੁਰਦਾਸ ਅਨੁਸਾਰ ਗੁਰੂ ਸ਼ਬਦ, ਗੁਰਮੰਤਰ ਜਾਂ ਨਾਮੁ, ਵਾਹਿਗੁਰੂ ਹੀ ਹੈ। ਇਹ ਗੁਪਤ ਨਹੀਂ, ਪਰਗਟ ਹੈ। ਨਾਮ ਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ। ਗੁਰਸਿੱਖ ਨੂੰ ਹਮੇਸ਼ਾਂ ਗੁਰੂ 'ਤੇ ਟੇਕ ਰੱਖਣੀ ਚਾਹੀਦੀ ਹੈ ਅਤੇ ਉਸ ਦੀ ਕਿਰਪਾ ਨਾਲ ਸਿੱਖ ਸਦਾ ਲਈ ਗੁਰੂ ਦਰ 'ਤੇ ਪਰਵਾਨ ਹੋ ਜਾਂਦਾ ਹੈ। ਭਾਈ ਗੁਰਦਾਸ ਸਤਿਗੁਰੂ ਦੀ ਕਿਰਪਾਲਤਾ ਬਾਰੇ ਗਿਆਰਵੀਂ ਵਾਰ ਵਿਚ ਲਿਖਦੇ ਹਨ:

> ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਵਲ ਗੁਰ ਲਾਇਆ।।
> ਸਤਿਗੁਰੁ ਪੁਰਖ ਦਇਆਲੁ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ।।[51]

ਸਪੱਸ਼ਟ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਅਤੇ ਸਿੱਖ ਦੇ ਰਿਸ਼ਤੇ ਦੀ ਰੂਪ ਵਿਧੀ ਇਸ ਤਰ੍ਹਾਂ ਹੈ, ਗੁਰਸਿੱਖੀ ਵਿਚ ਗੁਰੂ ਤੇ ਸਿੱਖ ਦੀ ਪ੍ਰੀਤ ਅਲੌਕਿਕ ਵਰਤਾਰਾ ਹੈ। ਸਿੱਖ ਦਾ ਆਪਣੇ ਗੁਰੂ ਨਾਲ ਸੱਚਾ ਰਿਸ਼ਤਾ ਕਾਇਮ ਹੋ ਜਾਂਦਾ ਹੈ ਅਤੇ ਉਸ ਸਿੱਖ ਦੇ ਮਨ ਵਿਚ ਸਹਿਣਸੀਲਤਾ, ਇਕਸੁਰਤਾ, ਅਮਨ-ਸ਼ਾਂਤੀ ਅਤੇ ਪ੍ਰੇਮ-ਪਿਆਰ ਦੀ ਸੁਰ ਮਾਨਵ ਪਿਆਰ ਦੀਆਂ ਗੰਢਾਂ ਨੂੰ ਹੋਰ ਵਧੇਰੇ ਪੀਡੀਆਂ ਕਰ ਦੇਂਦੀ ਹੈ। ਅਜਿਹੀ ਦਸ਼ਾ ਵਿਚ ਉਸਦੇ ਜੀਵਨ ਦੀ ਮੁਕਤੀ ਹੋ ਜਾਂਦੀ ਹੈ ਅਤੇ ਉਹ ਸਫ਼ਲ ਜੀਵਨ ਜੀਊਣ ਦੇ ਸਮਰਥ ਹੁੰਦਾ ਹੈ। ਗੁਰਬਾਣੀ ਦੀ ਵਿਚਾਰਧਾਰਾ, ਵਸਤੂ-ਜਗਤ ਤੇ ਸੰਸਾਰਕ ਜੀਵਨ ਨਾਲ ਉਸੇ ਤਰ੍ਹਾਂ ਅੰਤਰ-ਸੰਬੰਧਿਤ ਹੈ ਜਿਸ ਤਰ੍ਹਾਂ ਦੈਵੀ ਤੇ ਪਰਾਸੰਸਾਰਕ ਨਾਲ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਗੁਰੂ ਅਤੇ ਸਿੱਖ ਦੇ ਆਪਸੀ ਰਿਸ਼ਤੇ ਵਸਤੂ-ਜਗਤ ਵਿਚੋਂ ਵਿਚਰਦੇ ਹੋਏ ਪੂਰਨ ਰੂਪ ਵਿਚ ਪਾਰਲੌਕਿਕ ਜਗਤ ਨਾਲ ਜੁੜੇ ਹੋਏ ਪ੍ਰਤੀਤ ਹੁੰਦੇ ਹਨ।

# ਹਵਾਲੇ ਅਤੇ ਟਿੱਪਣੀਆਂ

1. ਡਾ. ਜਗਬੀਰ ਸਿੰਘ, ***ਗੁਰਮਤਿ ਕਾਵਿ: ਸਿਧਾਂਤ ਤੇ ਵਿਹਾਰ***, ਪੰਨਾ 11
2. ਡਾ. ਪ੍ਰੀਤਮ ਸਿੰਘ ਭਾਟੀਆ, ***ਪੰਜਾਬੀ ਦੁਨੀਆਂ*** (ਭਾਈ ਗੁਰਦਾਸ ਅੰਕ), ਪੰਨਾ 65
3. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 40
4. ਡਾ. ਸੁਖਪਾਲ ਸਿੰਘ ਥਿੰਦ, ***ਬਿਰਤਾਂਤ ਸ਼ਾਸਤਰ, ਉਤਰ-ਆਧੁਨਿਕ ਪਰਿਪੇਖ***, ਪੰਨਾ 127
5. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 211
6. ਸੰਤ ਸਿੰਘ ਸੇਖੋਂ, ***ਭਾਈ ਗੁਰਦਾਸ ਇਕ ਅਧਿਐਨ***, ਪੰਨਾ 15
7. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 223
8. ਉਹੀ, ਪੰਨਾ 218
9. ***ਆਦਿ ਗ੍ਰੰਥ***, ਪੰਨਾ 15
10. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 377
11. ਉਹੀ, ਪੰਨਾ 232
12. ਉਹੀ, ਪੰਨਾ 234
13. ਉਹੀ, ਪੰਨਾ 212
14. ਡਾ.ਤਰਲੋਕ ਸਿੰਘ ਕੰਵਰ***, ਗੁਰੂ ਨਾਨਕ ਦਾ ਕਾਵਿ ਸ਼ਾਸਤਰ***, ਪੰਨਾ 118
15. ਪ੍ਰੋ.ਬਲਕਾਰ ਸਿੰਘ, ***ਗੁਰਮਤਿ ਵਿਵੇਚਨ***, ਪੰਨਾ 98
16. Dr. Radhe Krishnan, ***Indian Philosophy***, Vol. I, page 562
17. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 211

18. ਉਹੀ, ਪੰਨਾ 212

19. ਉਹੀ, ਪੰਨਾ 213

20. ਪ੍ਰੋ. ਬਲਕਾਰ ਸਿੰਘ, ***ਗੁਰਮਤਿ ਵਿਵੇਚਨ***, ਪੰਨਾ 101

21. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ,*** ਪੰਨਾ 212-213

22. ਉਹੀ, ਪੰਨਾ 214

23. ਉਹੀ, ਪੰਨਾ 512

24. ਪ੍ਰੋ. ਬਲਕਾਰ ਸਿੰਘ, ***ਗੁਰਮਤਿ ਵਿਵੇਚਨ***, ਪੰਨਾ 102

25. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 36

26. ਉਹੀ, ਪੰਨਾ 38

27. ਉਹੀ, ਪੰਨਾ 39

28. ਉਹੀ, ਪੰਨਾ 40

29. ਡਾ. ਦਰਸ਼ਨ ਸਿੰਘ, ***ਸਿੱਖ ਧਰਮ ਵਿਚ ਗੁਰੂ ਦਾ ਸਥਾਨ, ਸਿੱਖ ਫਲਸਫੇ ਦੀ ਰੂਪ ਰੇਖਾ*** (ਸੰਪਾ. ਪ੍ਰੀਤਮ ਸਿੰਘ), ਪੰਨਾ 79

30. ਡਾ. ਗੁਲਜ਼ਾਰ ਸਿੰਘ ਕੰਗ, ***ਸ਼ਬਦ ਦਾ ਸੰਕਲਪ***, ਪੰਨਾ 101

31. Dr.Sher Singh, ***Philosophy of Sikhism***, page 100

32. ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ, ***ਹਿੰਦੀ ਸਾਹਿਤਯ ਕੀ ਭੂਮਿਕਾ***, ਪੰਨਾ 55

33. ਡਾ.ਗੁਲਜ਼ਾਰ ਸਿੰਘ ਕੰਗ, ***ਸ਼ਬਦ ਦਾ ਸੰਕਲਪ***, ਪੰਨਾ 104

34. ਪਰਸੂਰਾਮ ਚਤੁਰਵੇਦੀ, ***ਉੱਤਰੀ ਭਾਰਤ ਕੀ ਸੰਤ ਪਰੰਪਰਾ***, ਪੰਨਾ 5

35. ***ਸੰਤ ਪਲਟੂ ਸਾਹਿਬ ਕੀ ਬਾਨੀ***, ਭਾਗ 1, ਕੁੰਡਲ 2

36. ਡਾ. ਗੁਲਜ਼ਾਰ ਸਿੰਘ ਕੰਗ, ***ਸ਼ਬਦ ਦਾ ਸੰਕਲਪ***, ਪੰਨਾ 106

37. ***ਆਦਿ ਗ੍ਰੰਥ***, ਪੰਨਾ 921

38. ਉਹੀ, ਪੰਨਾ 921

39. ਉਹੀ, ਪੰਨਾ 918

40. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 211

41. ਜਯਰਾਮ ਮਿਸ਼ਰ, ***ਨਾਨਕ ਬਾਣੀ***, ਪੰਨਾ 827

42. ਡਾ. ਵਜ਼ੀਰ ਸਿੰਘ, ***ਗੁਰਮੁੱਖ ਦੀ ਪਰਿਭਾਸ਼ਾ***, ਪੰਨਾ 125

43. ਨਿਰਮਲ ਜੋਸ਼ੀ, ***ਚਿੰਤਨ***, ਪੰਨਾ 101

44. ***ਆਦਿ ਗ੍ਰੰਥ***, ਪੰਨਾ 942

45. ਉਹੀ, ਪੰਨਾ 943

46. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 251

47. ਉਹੀ, ਪੰਨਾ 213

48. ਉਹੀ, ਪੰਨਾ 224

49. ***ਆਦਿ ਗ੍ਰੰਥ***, ਪੰਨਾ 1399

50. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 224

51. ਉਹੀ, ਪੰਨਾ 213

## ਅਧਿਆਇ ਛੇਵਾਂ

*

*

*

# ਭਾਈ ਗੁਰਦਾਸ ਦੀਆਂ ਵਾਰਾਂ: ਬਿਰਤਾਂਤਕ ਪ੍ਰਵਚਨ

(ੳ) ਨਵੇਂ ਅਧਿਆਤਮਕ ਅਤੇ ਵਿਵਹਾਰਕ ਆਚਾਰ ਦੀ ਪਰਿਕਲਪਨਾ

(ਅ) ਗਿਆਨ ਅਤੇ ਰੋਸ ਦੇ ਸੰਤੁਲਿਤ ਪਾਸਾਰਾਂ ਦੀ ਸਿਰਜਣਾ

(ੲ) ਮਾਨਵੀ ਪਹਿਚਾਣ ਦੀ ਬਿਰਤਾਂਤਕਤਾ

(ਸ) ਵਿਅਕਤੀ, ਸਮੂਹ ਅਤੇ ਪ੍ਰਮਾਰਥ ਦੇ ਸੰਤੁਲਨ ਦੀ ਜਗਿਆਸਾ

## ਅਧਿਆਇ ਛੇਵਾਂ

# ਭਾਈ ਗੁਰਦਾਸ ਦੀਆਂ ਵਾਰਾਂ : ਬਿਰਤਾਂਤਕ ਪ੍ਰਵਚਨ

ਭਾਈ ਗੁਰਦਾਸ ਦੀ ਰਚਨਾ ਦਾ ਮੁੱਖ ਉਦੇਸ਼ ਗੁਰਮਤਿ ਦਾ ਪ੍ਰਚਾਰ ਕਰਨਾ ਸੀ। ਉਹਨਾਂ ਦੀ ਰਚਨਾ ਵਿਚ ਗੁਰਬਾਣੀ ਦੀ ਵਿਚਾਰਧਾਰਾ ਜਾਂ ਭਾਵ ਸਮੱਗਰੀ ਨੂੰ ਹੀ ਲੋਕਾਈ ਸਾਹਮਣੇ ਤਰਕਮਈ ਆਧਾਰ ਤੇ ਸਰਲ ਤੇ ਸੌਖੀ ਭਾਸ਼ਾ ਵਿਚ ਅਭਿਵਿਕਤ ਕੀਤਾ ਗਿਆ ਹੈ। ਉਹਨਾਂ ਦੀ ਰਚਨਾ ਵਿਚਲੀ ਸਾਰੀ ਵਿਚਾਰ-ਸਮੱਗਰੀ ਗੁਰਮਤਿ ਵਿਚਾਰਧਾਰਾ ਦੀ ਪੁਨਰ-ਵਿਆਖਿਆ ਹੈ। ਫਲਸਰੂਪ ਭਾਈ ਗੁਰਦਾਸ ਦੇ ਵਾਰ-ਕਾਵਿ ਨੂੰ ਗੁਰਮਤਿ ਦੇ ਸੰਦਰਭ ਵਿਚ ਵਿਚਾਰਨਾ ਤੇ ਸਮਝਣਾ ਹੀ ਉਚਿਤ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਦੀ ਗਿਣਤੀ ਬਾਰੇ ਵਿਦਵਾਨਾਂ ਵਿਚ ਇਕ-ਮਤ ਨਹੀਂ ਹੈ। ਇਹਨਾਂ ਦੀਆਂ 40 ਵਾਰਾਂ ਉਪਲਬਧ ਹਨ ਜਿਹਨਾਂ ਵਿਚੋਂ 39 ਵਾਰਾਂ ਬਾਰੇ ਤਾਂ ਕੋਈ ਸੰਕਾ ਨਹੀਂ ਪਰੰਤੂ ਪਹਿਲੀ ਵਾਰ ਦੀ ਪਉੜੀ ਨੰਬਰ 49 ਅਤੇ 40ਵੀਂ ਵਾਰ ਬਾਰੇ ਵਿਦਵਾਨਾਂ ਵਿਚ ਇਕ ਮੱਤ ਨਹੀਂ। ਇਹ ਨਿਰਨਾ ਅਜੇ ਖੋਜ ਦਾ ਮੁਹਤਾਜ ਹੈ ਜੋ ਇਸ ਸ਼ੋਧ-ਪ੍ਰਬੰਧ ਦੇ ਅਧਿਐਨ ਦਾ ਖੇਤਰ ਨਹੀਂ। ਭਾਈ ਗੁਰਦਾਸ ਸਿੱਖ ਧਰਮ ਦੇ ਪ੍ਰਮੁੱਖ ਪ੍ਰਚਾਰਕ ਅਤੇ ਪ੍ਰਵਕਤਾ ਸਨ। ਉਹਨਾਂ ਦੀ ਵਾਰ-ਰਚਨਾ ਸਮੱਗਰੀ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਮਤਿ ਦੀ ਵਿਆਖਿਆ ਨਾਲ ਸੰਬੰਧ ਰੱਖਦੀ ਹੈ। ਇਹਨਾਂ ਵਾਰਾਂ ਦੇ ਬਿਰਤਾਂਤ ਵਿਚ ਭਾਈ ਗੁਰਦਾਸ ਦੇ ਦਾਰਸ਼ਨਿਕ ਅਤੇ ਅਧਿਆਤਮਕ ਵਿਚਾਰਾਂ ਨੂੰ ਵੀ ਜਬਾਨ ਮਿਲੀ ਹੈ। ਭਾਵੇਂ ਇਹਨਾਂ ਵਿਚਾਰਾਂ ਦੇ ਮੂਲ ਸੰਕੇਤ ਗੁਰਬਾਣੀ ਵਿਚ ਮਿਲ ਜਾਂਦੇ ਹਨ ਪਰ ਭਾਈ ਗੁਰਦਾਸ ਨੇ ਇਹਨਾਂ ਨੂੰ ਅਧਿਕ ਵਿਸਤਾਰ ਅਤੇ ਸਪਸ਼ਟਤਾ ਨਾਲ ਇਤਨੇ ਸੁਚੱਜੇ ਰੂਪ ਵਿਚ ਪੇਸ਼ ਕੀਤਾ ਹੈ ਕਿ ਉਹ ਆਪਣੇ ਆਪ ਵਿਚ ਮੌਲਿਕ ਬਣ ਗਏ ਹਨ।

ਭਾਈ ਗੁਰਦਾਸ ਦੀ ਪਹਿਲੀ ਵਾਰ ਨਾਇਕ ਗੁਰੂ ਨਾਨਕ ਦੇਵ ਜੀ ਦੇ ਯਸ਼ ਦਾ ਬਿਰਤਾਂਤਣ ਕਰਦੀ ਹੈ। ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦੀ ਸਥਿਤੀ ਅਤੇ ਗੁਰੂ ਦੀ ਅਤਿਅੰਤ ਲੋੜ, ਗੁਰੂ ਆਗਮਨ ਦਾ ਪ੍ਰਭਾਵ, ਨਵੇਂ ਮੱਤ (ਗੁਰਮਤਿ) ਦਾ ਪ੍ਰਚਾਰ ਤੇ ਪਾਸਾਰ ਆਦਿ ਪੱਖਾਂ ਨੂੰ ਬਹੁਤ ਹੀ ਭਾਵਨਾਮਈ ਬਿਰਤਾਂਤ ਵਿਚ ਚਿਤਰਿਆ ਹੈ।

ਭਾਈ ਗੁਰਦਾਸ ਨੇ ਬਾਕੀ ਵਾਰਾਂ ਵਿਚ ਪਰਮਾਤਮਾ, ਸਰਬਸ਼ਕਤੀਮਾਨ ਅਤੇ ਸਰਬ ਕਰਤਾ ਰੂਪ, ਗੁਰੂ ਤੇ ਚੇਲੇ ਦੇ ਪਰਸਪਰ ਅਧਿਆਤਮਕ ਸੰਬੰਧਾਂ, ਗੁਰਮੁੱਖ, ਸਾਧ-ਸੰਗਤ, ਬ੍ਰਹਮ ਗਿਆਨੀ ਆਦਿ ਦੇ ਸੰਕਲਪਾਂ ਨੂੰ ਬਿਰਤਾਂਤਿਆ ਹੈ। ਸੱਤਵੀਂ ਵਾਰ ਵਿਚ ਸੱਚੇ ਗੁਰ-ਸਿੱਖ ਦੀ ਮਰਿਆਦਾ ਨੂੰ ਭਾਰਤੀ ਸਭਿਆਚਾਰ ਦੇ ਵਿਰਸੇ ਵਿਚ ਰੱਖ ਕੇ ਸਪਸ਼ਟ ਕੀਤਾ ਗਿਆ ਹੈ। ਅੱਠਵੀਂ ਤੇ ਨੌਵੀਂ ਵਾਰ ਵਿਚ ਅਧਿਆਤਮਿਕ ਜਗਿਆਸੂਆਂ ਅਤੇ ਮਨੁੱਖੀ ਪੇਸ਼ਿਆਂ, ਵਿਕਾਰਾਂ ਅਤੇ ਰੁਝਾਨਾਂ ਦਾ ਵਰਣਨ ਕਰਕੇ ਫਿਰ ਗੁਰਮੁਖ ਦੀ ਵਿਸ਼ੇਸ਼ਤਾ ਦੱਸੀ ਹੈ। ਗੁਰਮੁਖ ਦਾ ਸਰਬ ਪ੍ਰਮੁੱਖ ਗੁਣ ਨਿਮਰਤਾ ਹੈ ਜਿਸ ਨੂੰ ਸਥਾਪਿਤ ਕਰਨ ਲਈ ਧਰਤੀ, ਜਲ ਤੇ ਬ੍ਰਿਛ ਆਦਿ ਵਸਤੂਆਂ ਦੀ ਗਤੀਵਿਧੀ ਨੂੰ ਦ੍ਰਿਸ਼ਟਾਂਤ ਵਜੋਂ ਵਰਤਿਆ ਹੈ।

ਦਸਵੀਂ ਵਾਰ ਵਿਚ ਨਾਮ ਭਗਤੀ ਅਤੇ ਇਸ ਮਾਰਗ ਤੇ ਟੁਰਨ ਵਾਲੇ ਭਗਤਾਂ ਦਾ ਜਸ ਹੈ। ਭਗਤੀ-ਮਾਰਗ ਵਲ ਭਗਤ ਕਿਵੇਂ ਲੱਗੇ, ਉਨ੍ਹਾਂ ਦੀ ਦ੍ਰਿੜਤਾ ਨੇ ਔਖੇ ਪੈਂਡੇ ਦੀਆਂ ਔਕੜਾਂ ਨੂੰ ਕਿਵੇਂ ਪਾਰ ਕੀਤਾ ਅਤੇ ਇਕ ਵਿਜਈ ਨਾਇਕ ਵਾਂਗ ਕਿਵੇਂ ਉਹਨਾਂ ਦੀ ਜੈ-ਜੈ ਕਾਰ ਹੋਈ, ਆਦਿ ਦਾ ਕਲਾਮਈ ਚਿਤਰਨ ਕੀਤਾ ਗਿਆ ਹੈ। ਭਾਈ ਗੁਰਦਾਸ ਨੇ ਪੌਰਾਣਿਕ ਅਤੇ ਇਤਿਹਸਾਕ ਸਾਮੱਗਰੀ ਨੂੰ ਕਲਾ-ਸੁਯੋਗਤਾ ਨਾਲ ਆਪਣੇ ਆਸ਼ੇ ਦੀ ਪੂਰਤੀ ਲਈ ਵਰਤਿਆ ਹੈ।

ਗਿਆਰਵੀਂ ਵਾਰ ਨੂੰ 'ਭਗਤ ਰਤਨਾਵਲੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਿਚ ਪਹਿਲੇ ਤੋਂ ਛੇਵੇਂ ਗੁਰੂ ਦੇ ਪ੍ਰਮੁੱਖ ਸਿੱਖਾਂ ਦੇ ਨਾਂ ਗਿਣਵਾਏ ਗਏ ਹਨ। ਇਸ ਵਾਰ ਦੇ ਪਹਿਲੇ ਪੱਖ ਵਿਚ ਗੁਰਮੁੱਖ, ਗੁਰਸਿੱਖ, ਗੁਰ-ਚਰਨ ਅਤੇ ਗੁਰੂ-ਸਿੱਖ ਦੇ ਪਰਸਪਰ-ਪ੍ਰੇਮ ਨੂੰ ਦਰਸਾਇਆ ਗਿਆ ਹੈ।

12ਵੀਂ ਤੋਂ 26ਵੀਂ ਵਾਰ ਵਿਚ ਬਾਰ-ਬਾਰ ਗੁਰਸਿੱਖ ਦੇ ਆਚਰਣ ਦੀ ਗੌਰਵਤਾ, ਆਤਮਾ ਤੇ ਗੁਰੂ ਦੇ ਸਰੂਪ, ਗੁਰਸਿੱਖਾਂ ਦੀ ਸੇਵਾ ਕਰਨ ਦੇ ਪ੍ਰਸੰਗ, ਗੁਰੂ ਦਾ ਮਹੱਤਵ ਅਤੇ ਨਿਗੁਰੇ ਦੀ ਅਵਸਥਾ ਦਾ ਚਿਤਰਣ, ਮਨਮੁੱਖਾਂ ਦੀ ਬੇਕਾਰ ਵਸਤੂਆਂ ਨਾਲ ਤੁਲਨਾ, ਕਾਦਰ ਦੀ ਕੁਦਰਤ ਦੀ ਅਨੰਤਤਾ, ਗੁਰਮੁਖ ਦੀ ਜੀਵਨ-ਜਾਚ ਨੂੰ ਸਪਸ਼ਟ ਕਰਨਾ, ਨਿਮਰਤਾ ਦੇ ਗੁਣ ਆਦਿ ਦਾ ਵਰਣਨ ਕੀਤਾ ਗਿਆ ਹੈ।

27ਵੀਂ ਵਾਰ 'ਪੀਰ ਮੁਰੀਦਾਂ ਦੀ ਵਾਰ' ਹੈ। ਇਸ ਵਾਰ ਵਿਚ ਲੈਲਾ-ਮਜਨੂੰ, ਸੋਰਠ-ਬੀਜਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ ਅਤੇ ਹੀਰ-ਰਾਂਝਾ ਆਦਿ ਦੇ ਇਸ਼ਕ-ਹਕੀਕੀ ਤੱਥ ਦੁਆਰਾ ਇਹਨਾਂ ਦੀ ਉੱਚਤਾ ਨੂੰ ਉਜਾਗਰ ਕੀਤਾ ਗਿਆ ਹੈ। ਅਜਿਹੀ ਪ੍ਰੀਤ ਹੀ ਸੱਚੀ, ਮਹੱਤਵਪੂਰਨ ਤੇ ਚਿਰ-ਸਥਾਈ ਹੈ। ਇਹ ਪ੍ਰੇਮ ਅਵਸਥਾ ਅਦਵੈਤ-ਸਰੂਪੀ ਹੈ।

28ਵੀਂ ਵਾਰ ਤੋਂ 32ਵੀਂ ਵਾਰ ਵਿਚ ਵੀ, ਸਿੱਖੀ ਦੇ ਸਰੂਪ, ਉਸਦੇ ਪਰਉਪਕਾਰੀ ਤੇ ਸੀਤਲ ਗੁਣ, ਸਾਧ-ਸੰਗਤ ਦਾ ਮਹੱਤਵ, ਗੁਰਮੁੱਖ ਤੇ ਮਨਮੁੱਖ ਨੂੰ ਸੱਚ ਤੇ ਕੂੜ ਨਾਲ ਤੁਲਨਾਉਣਾ, ਰੱਬੀ ਨਾਂ ਦੀ ਮਹੱਤਤਾ ਜਿਸ ਨੂੰ ਜਪ ਕੇ ਦੁਰਕਰਮੀ ਵੀ ਤਰ ਜਾਂਦੇ ਹਨ ਆਦਿ ਦਾ ਵਰਣਨ ਦ੍ਰਿਸ਼ਟਾਂਤਾਂ ਤੇ ਉਪਮਾਵਾਂ ਦੁਆਰਾ ਬਿਰਤਾਂਤਿਆ ਹੈ। ਤੇਤੀਵੀਂ ਵਾਰ ਵਿਚ ਗੁਰਮੁਖ ਤੇ ਮਨਮੁੱਖ ਦਾ ਟਾਕਰਾ ਕੀਤਾ ਗਿਆ ਹੈ ਅਤੇ ਮਨਮੁੱਖ ਨੂੰ ਦੋਬਾਜਰੇ ਦੇ ਵਿਸ਼ੇਸ਼ਣ ਰਾਹੀਂ ਅਨੇਕ ਉਪਮਾਵਾਂ ਦੇ ਕੇ ਉਸ ਦੇ ਕਿਰਦਾਰ ਨੂੰ ਸਪਸ਼ਟ ਕੀਤਾ ਗਿਆ ਹੈ। ਚੌਤੀਵੀਂ ਵਾਰ ਵਿਚ ਵੀ ਗੁਰਮੁਖ ਤੇ ਮਨਮੁੱਖ ਦਾ ਟਾਕਰਾ ਕਰਕੇ ਗੁਰਮੁੱਖ ਲਈ ਸਨਮੁੱਖ ਅਤੇ ਮਨਮੁੱਖ ਲਈ ਬੇਮੁੱਖ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ ਪੈਂਤੀਵੀਂ ਵਾਰ ਵਿਚ ਮਨਮੁੱਖ ਵਿਅਕਤੀ ਦਾ ਚਿਤਰਣ ਕਰਕੇ ਉਸ ਨੂੰ ਨਿੰਦਕ, ਅਕ੍ਰਿਤਘਣ, ਲੂਣ ਹਰਾਮੀ, ਅਸਾਧ ਤੇ ਪੂਜਾ ਦਾ ਧਾਨ ਖਾਣ ਵਾਲਾ ਆਦਿ ਵਿਸ਼ੇਸ਼ਣਾ ਨਾਲ ਉਸ ਦੇ ਕਿਰਦਾਰ ਨੂੰ ਚਿਤਰਿਆ ਹੈ। ਛੱਤੀਵੀਂ ਵਾਰ ਨੂੰ 'ਮੀਣਿਆਂ ਦੀ ਵਾਰ' ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਵਾਰ ਵਿਚ ਭਾਈ ਗੁਰਦਾਸ ਨੇ ਪ੍ਰਿਥੀ ਚੰਦ ਅਤੇ ਉਸ ਦੀ ਸੰਤਾਨ ਦੁਆਰਾ ਕੀਤੇ ਗਏ ਮੰਦੇ ਕਰਮਾਂ ਦਾ ਬਿਰਤਾਂਤ ਪ੍ਰਸਤੁਤ ਕੀਤਾ ਹੈ। ਇਹ ਵਾਰ ਮੀਣਿਆਂ ਦੇ ਨਾਂਹ-ਪੱਖੀ ਵਤੀਰੇ ਨੂੰ ਪੇਸ਼ ਕਰਦੀ ਹੈ।

ਅਤੇ ਉਦਯੋਗੀਕਰਨ ਦੇ ਇਸ ਦੌਰ ਵਿਚ ਸਾਡਾ ਜੀਵਨ ਅਤੇ ਮਨੁੱਖੀ ਕਦਰਾਂ-ਕੀਮਤਾਂ ਬਹੁਤ ਪ੍ਰਭਾਵਿਤ ਹੋਈਆਂ ਹਨ। ਇਕ ਪਾਸੇ ਮਨੁੱਖੀ ਜ਼ਿੰਦਗੀ ਵਿਚ ਜੇਕਰ ਸੁੱਖ-ਸੁਵਿਧਾ ਦਾ ਵਾਧਾ ਹੋਇਆ ਹੈ ਤਾਂ ਦੂਜੇ ਪਾਸੇ ਮਾਰੂ ਹਥਿਆਰਾਂ ਦੀ ਦੌੜ ਅਤੇ ਦੂਜਿਆਂ ਦੇ ਸਾਧਨਾਂ ਨੂੰ ਆਰਥਿਕ ਪੱਧਰ ਤੇ ਹੜੱਪ ਲੈਣ ਦੀ ਭਾਵਨਾ ਨੇ ਨੈਤਿਕਤਾ ਅਤੇ ਵਿਵਹਾਰਕ ਆਚਾਰ ਆਦਿ ਨੂੰ ਬਹੁਤ ਵੱਡੀ ਢਾਹ ਲਾਈ ਹੈ। ਜੀਵਨ ਦੀ ਸੁੱਖਮਈ ਅਵਸਥਾ ਲਈ ਲੋਕਾਂ ਦੀ ਦੌੜ ਪਦਾਰਥਾਂ ਵਲ ਲੱਗੀ ਹੋਈ ਹੈ ਤੇ ਧਰਮ-ਕਰਮ ਲਈ ਉਹਨਾਂ ਕੋਲ ਕੋਈ ਸਮਾਂ ਨਹੀਂ ਹੈ। ਅਜਿਹੀ ਸਥਿਤੀ ਵਿਚ ਗੁਰਮਤਿ ਸਿਧਾਂਤ ਮਨੁੱਖ ਲਈ ਜੀਵਨ-ਮਾਰਗ ਨਿਰਧਾਰਿਤ ਕਰਨ ਵਿਚ ਅਤਿਅੰਤ ਸਹਾਈ ਹੋ ਸਕਦੇ ਹਨ। ਇਹਨਾਂ ਸਿਧਾਂਤਾਂ ਦੀ ਵਿਆਖਿਆ ਅਤੇ ਬਿਰਤਾਂਤ ਪ੍ਰਸਤੁਤੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਕ ਆਦਰਸ਼ਕ ਮਾਡਲ ਵਜੋਂ ਮਾਨਵਵਾਦੀ ਨਜ਼ਰੀਏ ਤੋਂ ਪੇਸ਼ ਹੋਈ ਹੈ।

ਸਿੱਖ ਸੰਸਾਰ ਵਿਚ ਗੁਰੂ ਗ੍ਰੰਥ ਸਾਹਿਬ ਇਕ ਧਰਮ ਗ੍ਰੰਥ ਹੀ ਨਹੀਂ ਸਗੋਂ ਇਹ ਜੀਵੰਤ-ਗੁਰੂ ਜਾਂ ਸ਼ਬਦ-ਗੁਰੂ ਵੀ ਹੈ ਜਿਸਦੇ ਸੰਦੇਸ਼ ਦੀ ਰੋਸ਼ਨੀ ਵਿਚ ਸਿੱਖ ਆਪਣੇ ਰੋਜ਼ਾਨਾ ਮਸਲਿਆਂ ਲਈ ਭਾਵੇਂ ਉਹ ਨਿੱਜੀ ਹੋਣ, ਸਿਆਸੀ, ਸਮਾਜਿਕ ਤੇ ਧਾਰਮਿਕ ਹੋਣ, ਉਨ੍ਹਾਂ ਦੇ ਹੱਲ ਲਈ ਇਸ ਤੋਂ ਸੇਧ ਪ੍ਰਾਪਤ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੈਵੀ-ਸੰਦੇਸ਼ ਹੈ ਜੋ ਗੁਰੂ ਨਾਨਕ ਤੇ ਨਾਨਕ ਜੋਤ ਦੇ ਰੂਹਾਨੀ ਅਨੁਭਵ ਦੀ ਉਤਪਤੀ ਦਾ ਸਾਰ-ਤੱਤ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਪਰਮਾਰਥ ਪਰਮਾਤਮਾ ਤੋਂ ਸਿੱਧੇ ਤੌਰ ਤੇ ਪ੍ਰਾਪਤ ਹੋਇਆ ਦੈਵੀ-ਸੰਦੇਸ਼ ਹੈ:

(ੳ) ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।।[2]

(ਅ) ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।।[3]

(ੲ) ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।[4]

ਭਾਈ ਗੁਰਦਾਸ ਦੁਆਰਾ ਰਚਿਆ ਸਾਰਾ ਪੰਜਾਬੀ ਵਾਰ-ਕਾਵਿ ਗੁਰਬਾਣੀ ਦੀ ਉਪਰੋਕਤ ਵਿਚਾਰਧਾਰਾ ਦੀ ਪੁਨਰ ਸਥਾਪਨਾ ਕਰਦਾ ਹੈ। ਅਧਿਆਤਮਿਕ ਅਤੇ ਵਿਵਹਾਰਕ ਆਚਾਰ ਜਾਂ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਜਿਹੇ ਸ਼ੁੱਧ ਤੱਥ ਉਪਲਬਧ

ਹਨ ਜਿਹਨਾਂ ਨੂੰ ਗੁਰਬਾਣੀ ਦੇ ਸਿਧਾਂਤਾਂ ਦੀ ਓਟ ਲੈ ਕੇ ਬਿਰਤਾਂਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਆਧਿਆਤਮਿਕ ਖੇਤਰ ਦੇ ਨਾਲ ਨਾਲ ਵਿਵਹਾਰਕ ਪੱਧਰ ਤੇ ਲੋਕ-ਜੀਵਨ ਮਾਰਗ ਦਾ ਇਕ ਅਮੁੱਲਾ ਗਾਡੀ-ਰਾਹ ਹੈ।

ਉਸਾਰੂ ਸਾਹਿਤ ਚੰਗੇ ਮਾਰਗ ਦਾ ਪ੍ਰਤੀਕ ਹੈ। ਪੁਖਤਾ ਅਤੇ ਸਿਹਤਮੰਦ ਸਾਹਿਤ ਸੰਸਾਰ ਦੇ ਹਰ ਹਿੱਸੇ 'ਚ ਤਰਜਮਾਨਿਆ ਜਾਵੇਗਾ। ਇਸ ਲਈ ਉਹ ਸਾਹਿਤ ਜੋ ਜਾਤੀ, ਧਰਮ, ਜ਼ਬਾਨ, ਫ਼ਿਰਕਾ ਆਦਿ ਦੀਆਂ ਦੀਵਾਰਾਂ ਟੱਪ ਕੇ ਖੁਲ੍ਹੇ ਗਲੋਬਲ ਸੰਸਾਰ ਵਿਚ ਆਪਣੀ ਨੁਹਾਰ ਨੂੰ ਨਿਖਾਰਦਾ ਹੈ, ਉਹ ਹਰ ਸਮਾਜ ਵਿਚ ਸਤਿਕਾਰਿਆ ਤੇ ਸਵਿਕਾਰਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਮੂਲ ਭਾਵਨਾ ਨੂੰ ਰੂਪਮਾਨ ਕਰਨ ਲਈ ਭਾਈ ਗੁਰਦਾਸ ਨੇ ਰੂਪਕ ਪੱਖ ਤੋਂ ਪ੍ਰਬੀਨ ਵਾਰਾਂ ਦੀ ਰਚਨਾ ਕਰਦੇ ਹੋਏ, ਉਸ ਸਮੇਂ ਦੇ ਪ੍ਰਚਲਤ ਸਮਾਜਕ ਜੀਵਨ 'ਚੋਂ ਬੇਸ਼ੁਮਾਰ ਮਿਥਿਹਾਸਕ, ਇਤਿਹਾਸਕ, ਸਮਾਜਕ ਕੁਰੀਤੀਆਂ ਅਤੇ ਕਈ ਹੋਰ ਪੱਖਾਂ ਨੂੰ ਸਾਹਮਣੇ ਰੱਖਿਆ ਹੈ।

ਭਾਈ ਗੁਰਦਾਸ ਨੇ ਆਪਣੀਆਂ ਰਚਨਾਵਾਂ ਵਿਚ ਮਾਨਵੀ ਜੀਵਨ-ਜਾਚ ਦਾ ਅਜਿਹਾ ਆਦਰਸ਼ਕ ਮਾਡਲ ਪ੍ਰਸਤੁਤ ਕੀਤਾ ਹੈ ਜਿਸ ਅਧੀਨ 'ਸਭਿ ਮੈਂ ਨੂਰ ਨੂਰ ਹੈ ਸੋਇ, ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ, ਨਾ ਕੋ ਬੈਰੀ ਨਾਹਿ ਬਿਗਾਨਾ, ਤੂੰ ਸਾਂਝਾ ਬਾਪ ਹਮਾਰਾ ਅਤੇ ਸਭੈ ਸਾਂਝੀਵਾਲ ਸਦਾਇਨ" ਦੇ ਮਹਾਂਵਾਕਾਂ ਅਨੁਸਾਰ ਮਾਨਵੀ ਕਿਰਦਾਰ, ਮਾਨਵੀ ਸਭਿਆਚਾਰ ਅਤੇ ਵਿਸ਼ਵ ਸਭਿਆਚਾਰ ਦੀ ਸਿਰਜਣਾ ਆਦਿ ਦਾ ਸੰਦੇਸ਼ ਮਾਨਵੀ ਸਰੋਕਾਰਾਂ ਹਿੱਤ ਨਿਰੰਤਰ ਕਾਰਜਸ਼ੀਲ ਹੋ ਰਿਹਾ ਹੈ। ਡਾ. ਦੀਵਾਨ ਸਿੰਘ ਅਨੁਸਾਰ:

> ਭਾਈ ਗੁਰਦਾਸ ਜੀ ਦੀ ਗੁਰਮਤਿ ਵਿਆਖਿਆ ਇੰਨੀ ਸੰਪੂਰਨ ਹੈ ਕਿ ਗੁਰਸਿੱਖੀ ਦਾ ਪੂਰਾ ਅਨੁਭਵ, ਪੂਰਾ ਆਦਰਸ਼, ਪੂਰਾ ਦਰਸ਼ਨ ਇਸ ਵਿਚ ਉਪਸਥਿਤ ਹੈ। ਹਰ ਇਕ ਵਾਰ ਵਿਚ, ਹਰ ਇਕ ਪਉੜੀ ਵਿਚ, ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਦੇ ਖ਼ਜਾਨੇ ਭਰਪੂਰ ਹਨ। ਇਸ ਮਹਾਨ ਅਧਿਆਤਮਕ ਸਾਗਰ ਵਿਚ ਅਗੰਮੀ ਮੋਤੀਆਂ ਦੀ ਇੰਨੀ

ਭਾਈ ਗੁਰਦਾਸ ਕੇਵਲ ਟੀਕਾਕਾਰ ਹੀ ਨਹੀਂ ਕਿ ਉਹ ਸ਼ਬਦਾਂ ਦੇ ਅਰਥ, ਸਪਸ਼ਟ ਸ਼ਬਦਾਂ ਵਿਚ ਬਿਆਨ ਕਰਨ ਵਿਚ ਦਿਲਚਸਪੀ ਰੱਖਦੇ ਹੋਣ, ਸਗੋਂ ਉਹ ਸਿੱਖੀ ਵਿਸ਼ਵਾਸ ਅਤੇ ਗੁਰ ਸ਼ਬਦ ਦੀ ਵਿਆਖਿਆ ਕਰਦੇ ਹੋਏ ਗੁਰੂ-ਬਾਣੀ ਸੰਦੇਸ਼ ਨੂੰ ਆਪਣੇ ਸਮੇਂ ਦੀਆਂ ਪ੍ਰਸਥਿਤੀਆਂ ਅਤੇ ਸਰੋਕਾਰਾਂ ਦੇ ਪ੍ਰਸੰਗ ਵਿਚ ਅਰਥ ਪੂਰਨ ਅਤੇ ਕਾਰਜਸ਼ੀਲ ਰੂਪ ਵਿਚ ਪ੍ਰਗਟਾਉਣ ਦੇ ਯਤਨ ਕਰਦੇ ਹਨ। ਵਿਚਾਰ ਜਾਂ ਭਾਵ ਅਨੁਭਵ ਦੇ ਸੰਚਾਰ ਪ੍ਰਗਟਾਵੇ ਲਈ ਵਰਤੀ ਤਕਨੀਕ ਤੇ ਵਿਧੀ-ਵਿਧਾਨ ਨੇ ਹੀ ਭਾਈ ਗੁਰਦਾਸ ਜੀ ਦੀ ਕਾਵਿ-ਮਈ ਵਿਆਖਿਆ ਨੂੰ ਸਭ ਤੋਂ ਵੱਧ ਸ਼ਕਤੀਸ਼ਾਲੀ ਰੂਪ ਵਿਚ ਢਾਲਿਆ ਹੈ। ਗੁਰੂ ਬਾਣੀ ਦੇ ਵਿਚਾਰ-ਭਾਵ ਨੂੰ ਲੈ ਕੇ ਭਾਈ ਗੁਰਦਾਸ ਨੇ ਉਹਨੂੰ ਇਕ ਨਵੀਂ ਸਿਰਜਨਾ ਵਿਚ ਢਾਲਿਆ ਹੈ। ਭਾਈ ਗੁਰਦਾਸ ਦੇ ਇਸ ਕਾਵਿ-ਗੁਣ ਬਾਰੇ ਪ੍ਰੋ. ਪੂਰਨ ਸਿੰਘ ਨੇ ਲਿਖਿਆ ਹੈ:

> ਉਨ੍ਹਾਂ ਦੀਆਂ ਰਚਨਾਵਾਂ ਗੁਰੂ-ਸੰਦੇਸ਼ ਦੀ ਮੌਲਿਕ ਵਿਆਖਿਆ ਹਨ। ਉਹ ਸਿੱਖ ਕਵੀ ਹਨ ਜੋ ਕਿ ਆਪਣੇ ਅਰਥਾਂ ਦੇ ਸਪਸ਼ਟੀਕਰਨ ਲਈ ਵੇਦਾਂ, ਸ਼ਾਸਤਰਾਂ ਦਾ ਸਹਾਰਾ ਲੈਣ ਦੀ ਥਾਂ ਆਲੇ-ਦੁਆਲੇ ਦੀਆਂ ਵਸਤਾਂ ਤੇ ਰੱਬ ਦੀ ਰਚਨਾ ਦਾ ਸਹਾਰਾ ਲੈਂਦੇ ਹਨ।[9]

ਤਤਕਾਲੀ ਪ੍ਰਸਥਿਤੀਆਂ ਵਿਚ ਸਮਾਜਿਕ ਅਤੇ ਧਾਰਮਿਕ ਫਿਰਕਿਆਂ ਜਾਂ ਵਿਭਿੰਨ ਵਰਗਾਂ ਦੇ ਮਾਨਵ-ਵਿਰੋਧੀ ਸਰੋਕਾਰਾਂ ਨੂੰ ਨਿਕਾਰਦਿਆਂ ਭਾਈ ਗੁਰਦਾਸ ਜਗਤ ਨੂੰ ਆਪਣੀ ਕਲਪਨਾ ਅਨੁਸਾਰ ਨਵੇਂ ਅਧਿਆਤਮਿਕ ਅਤੇ ਵਿਵਹਾਰਕ ਆਚਾਰ ਦੀ ਪਰਿਕਲਪਨਾ ਵਿਚ ਇਉਂ ਪੇਸ਼ ਕਰਦੇ ਹਨ:

> ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ।
> ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ।[10]

ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਇਕ ਆਦਰਸ਼ਕ ਸਮਾਜਿਕ ਸੰਕਲਪ ਦੇ ਬਿਰਤਾਂਤ ਨੂੰ ਸਿਰਜਿਆ ਜਾ ਸਕਦਾ ਹੈ। ਉਹਨਾਂ ਨੇ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਪ੍ਰਕਰਣ ਵਿਚ ਸਿੱਖ ਧਰਮ ਦੇ ਸੰਕਲਪ ਨੂੰ ਇਉਂ ਚਿਤਰਿਆ ਹੈ:

ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾਂ ਦੇ ਦੁਖ ਸਬਾਇਆ।

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।[11]

ਸਿੱਖ ਸਮਾਜ ਵਰਣ ਰਹਿਤ ਅਤੇ ਊਚ-ਨੀਚ ਦੇ ਭੇਦ ਭਾਵ ਤੋਂ ਮੁਕਤ ਹੈ। ਗੁਰੂ ਨਾਨਕ ਦੇਵ ਦੁਆਰਾ ਚਲਾਏ ਨਿਰਮਲ ਪੱਥ ਦਾ ਮੂਲ ਰੂਪ, ਆਦਰਸ਼ ਸਿੱਖ ਸਮਾਜ ਦੀ ਸਥਾਪਨਾ ਦਾ ਬੀਜ ਰੂਪ ਹੈ। ਗੁਰੂ ਨਾਨਕ ਨੇ ਧਾਰਮਿਕ, ਸਮਾਜਿਕ ਅਤੇ ਵਿਹਾਰਿਕ ਸਾਰੇ ਦ੍ਰਿਸ਼ਟੀਕੋਣਾਂ ਤੋਂ ਸਖ਼ਤ ਸ਼ਬਦਾਂ ਵਿਚ ਜਾਤ-ਪਾਤ ਪ੍ਰਥਾ ਦਾ ਵਿਰੋਧ ਕੀਤਾ। ਸਾਰਿਆਂ ਅੰਦਰ ਇਕ ਜੋਤ ਦਾ ਪ੍ਰਕਾਸ਼ ਹੈ ਫਿਰ ਜਾਤ-ਪਾਤ ਦਾ ਵਿਤਕਰਾ ਕਿਉਂ? ਭਾਈ ਗੁਰਦਾਸ ਨੇ ਵੀ ਜਿਸ ਸਮਾਜਿਕ ਸੰਕਲਪ ਨੂੰ ਪੇਸ਼ ਕੀਤਾ ਹੈ ਉਸ ਦਾ ਮੂਲ ਆਧਾਰ ਸੰਕਲਪ ਵੀ ਗੁਰੂ ਨਾਨਕ ਵਾਲਾ ਹੈ। ਸਿੱਖ ਸਮਾਜ ਵਿਚ ਬਰਾਬਰੀ ਅਤੇ ਇਕ ਸਮਾਜ ਦੇ ਸੰਕਲਪ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਭਾਈ ਗੁਰਦਾਸ ਗੁਰਬਾਣੀ ਦੀ ਜਾਤਿ-ਪਾਤ ਅਤੇ ਵਰਣ ਵਿਰੋਧੀ ਸੁਰ ਵਿਚ ਸੁਰ ਮਿਲਾਉਂਦਿਆਂ ਨਵੀਨ ਸਮਾਜ ਨੂੰ ਇਹਨਾਂ ਸੀਮਾਵਾਂ ਤੋਂ ਉੱਚਾ ਉਠਾਉਂਦਿਆਂ ਸਾਰੀ ਮਨੁੱਖਤਾ ਨੂੰ ਇਕੋ ਵਰਣ ਵਿਚ ਪਰਵਰਤਿਤ ਕਰਨਾ ਲੋਚਦੇ ਹਨ:

(1) ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।

ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।[12]

(2) ਚਾਰਿ ਵਰਨਿ ਇਕ ਵਰਨ ਕਰਿ ਵਰਨ ਅਵਰਨ ਤਮੋਲ ਗੁਲਾਲੇ।

ਅਸਟ ਧਾਤੁ ਇਕੁ ਧਾਤੁ ਕਰਿ ਵੇਦ ਕਤੇਬ ਨ ਭੇਦੁ ਵਿਚਾਲੇ।[13]

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਮਨੁੱਖ ਦੇ ਸ਼ੁਭ ਵਿਚਾਰਾਂ ਨੂੰ ਇਕ ਅਜਿਹੀ ਵਸਤੂ ਵਾਂਗ ਦਰਸਾਇਆ ਹੈ ਜਿਸ ਨੂੰ ਕਿਸੇ ਬਰਤਨ ਵਿਚ ਸੰਭਾਲਿਆ ਜਾ ਸਕਦਾ ਹੈ। ਉਸੇ ਤਰ੍ਹਾਂ ਸ਼ੁਭ ਵਿਚਾਰਾਂ ਨੂੰ ਵੀ ਆਪਣੇ ਮਨ ਰੂਪੀ ਭਾਂਡੇ ਵਿਚ ਸਾਂਭਿਆ ਜਾ ਸਕਦਾ ਹੈ।

ਨਾਨਕ ਆਖੇ, 'ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ।

ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।[14]

ਗੁਰਬਾਣੀ ਵਿਚ 'ਹਉਮੈ' ਨੂੰ ਇਕ ਦੀਰਘ ਰੋਗ ਮੰਨਿਆ ਗਿਆ ਹੈ। ਹਉਮੈ-ਗ੍ਰਸਤ ਆਤਮਾ, ਪਰਮਾਤਮਾ ਨਾਲ ਇਕ ਸੁਰ ਨਹੀਂ ਹੋ ਸਕਦੀ। ਆਤਮਾ ਪਰਮਾਤਮਾ ਵਿਚਕਾਰ ਹਉਮੈ ਦਾ ਅਸਤਿਤਵ ਨਦੀ ਤੇ ਤਲਾਬ ਵਿਚਕਾਰ ਉਸਰੀ ਕੰਧ ਵਾਂਗ ਹੈ ਜੋ ਨਦੀ ਅਤੇ ਤਲਾਬ ਦੇ ਪਾਣੀ ਨੂੰ ਮਿਲਣ ਨਹੀਂ ਦਿੰਦੀ। ਆਤਮਾ ਤੇ ਪਰਮਾਤਮਾ ਦੀ ਆਤਮਿਕ ਅਭੇਦਤਾ ਲਈ ਹਉਮੈ ਦੀ ਕੰਧ ਢਾਹ ਦੇਣਾ ਲਾਜ਼ਮੀ ਹੈ। ਹਉਮੈ ਗ੍ਰਸਤ ਪ੍ਰਵਿਰਤੀ ਨੂੰ ਭਾਈ ਗੁਰਦਾਸ ਨੇ ਡੁੱਬਣ ਦੀ ਕਿਰਿਆ ਦੁਆਰਾ ਰੂਪਮਾਨ ਕੀਤਾ ਹੈ ਜਿਵੇਂ:

ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।[15]

ਭਾਈ ਗੁਰਦਾਸ ਦੀ ਸਿਰਜਨਾਤਮਕ ਅਤੇ ਨਵੀਂ ਕਲਾਤਮਿਕ ਜੁਗਤ ਦੀ ਥਾਹ ਪਾਉਣਾ ਅਸੰਭਵ ਜਾਪਦਾ ਹੈ। ਉਹਨਾਂ ਦੀ ਰਚਨਾ ਵਿਚ ਕੁਝ ਭਾਵਨਾਵਾਂ ਅਤਿ ਹੀ ਸੂਖਮ-ਰੂਪ ਵਿਚ ਛੁਪੀਆਂ ਹੋਈਆਂ ਹਨ ਜਿਵੇਂ ਭਾਈ ਗੁਰਦਾਸ ਦੀ ਰਾਜਸੀ ਭਾਵਨਾ ਦਾ ਇਕ ਨਿਵੇਕਲਾ ਸਰੂਪ ਇਹ ਵੀ ਹੈ ਕਿ ਉਨ੍ਹਾਂ ਦੁਨਿਆਵੀ ਰਾਜਿਆਂ ਦੀ ਅਧੀਨਗੀ ਦਾ ਖੰਡਨ ਕਰਕੇ, ਅਧਿਆਤਮਿਕ ਗੁਰੂ ਨੂੰ ਹੀ ਸਰੇਸ਼ਟ ਸਥਾਨ ਦਿੱਤਾ ਹੈ:

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।
ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ।[16]

ਈਰਖਾ ਮਨੁੱਖ ਦੀ ਆਤਮਾ ਨੂੰ ਅਗਨੀ ਵਾਂਗ ਨਸ਼ਟ ਕਰ ਦਿੰਦੀ ਹੈ। ਗੁਰੂ ਨਾਨਕ ਜੀ ਤੇ ਸਿੱਧਾਂ ਦੀਆਂ ਗੋਸ਼ਟਾਂ ਨੂੰ ਭਾਈ ਗੁਰਦਾਸ ਨੇ ਈਰਖਾ ਦੇ ਪ੍ਰਕਰਣ ਵਿਚ ਅਗਨੀ ਦਾ ਬਿੰਬ ਇਉਂ ਪ੍ਰਸਤੁਤ ਕੀਤਾ ਹੈ:

ਤਾਰੇ ਤੋੜੇ ਭੰਗਰਿ ਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾ ਅਗਨਿ ਨ ਬੁਝੈ ਬੁਝਾਈ।[17]

ਗੁਰੂ ਦੀ ਸਿੱਖਿਆ ਤੇ ਅਮਲ ਕਰਕੇ ਮਨੁੱਖ ਵਹਿਮਾਂ-ਭਰਮਾਂ ਤੋਂ ਮੁਕਤ ਹੋ ਕੇ ਜਨਮ-ਮਰਨ ਦੇ ਆਵਾਗਵਣ ਤੋਂ ਵੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਮਨੁੱਖ ਦੇ ਵਿਅਕਤੀਗਤ ਅਤੇ ਸਮਾਜੀ ਅਮਲ ਵਿਚ ਜਦੋਂ ਪਰ-ਤਨ, ਪਰ-ਧਨ, ਪਰ-ਨਿੰਦਾ ਆਦਿ ਦਾ ਤਿਆਗ, ਸੱਚ ਤੇ ਮਿੱਠਾ ਬੋਲਣਾ, ਨਿਵ ਚਲਣਾ, ਪਰਉਪਕਾਰ ਕਰਨਾ, ਸੇਵਾ ਕਰਨੀ ਆਦਿ ਸਦਾਚਾਰਕ ਵਿਵਹਾਰ ਦਾ ਅਮਲੀ ਵਰਤਾਰਾ ਹੋ ਜਾਂਦਾ ਹੈ ਤਾਂ ਮਨੁੱਖੀ ਜੀਵਨ ਦੀ ਇਕ ਨਵੀਂ ਘਾੜਤ ਘੜੀ ਜਾਂਦੀ ਹੈ:

(ੳ) ਪਰ ਤਨ ਪਰ ਧਨ ਪਰ ਨਿੰਦ ਮੇਟਿ ਨਾਮੁ ਦਾਨੁ ਇਸਨਾਨੁ ਦਿੜਾਇਆ।
ਗੁਰਮਤਿ ਮਨੁ ਸਮਝਾਇ ਕੈ ਬਾਹਰਿ ਜਾਂਦਾ ਵਰਜਿ ਰਹਾਇਆ।[18]

(ਅ) ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।
ਪਰਧਨੁ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੈ।[19]

ਧਰਮ ਸੰਬੰਧੀ ਵਿਚਾਰਾਂ ਦੀ ਅਭਿਵਿਅਕਤੀ ਸਮੇਂ ਭਾਈ ਗੁਰਦਾਸ ਨੇ ਹਿੰਦੂ, ਮੁਸਲਮਾਨ ਅਤੇ ਨਾਥਾਂ-ਜੋਗੀਆਂ ਦੇ ਧਾਰਮਿਕ ਕਰਮ-ਕਾਂਡਾਂ, ਫੋਕਟ ਧਰਮ ਨੂੰ ਆਪਣੇ ਸਨਮੁੱਖ ਰੱਖ ਕੇ, ਭੇਖੀ ਧਰਮ ਦੀ ਕਸੁੰਭੜੇ ਦੇ ਰੰਗ ਨਾਲ ਤੁਲਨਾ ਕੀਤੀ ਹੈ। ਭਾਈ ਗੁਰਦਾਸ ਨੇ ਫੋਕਟ ਧਰਮੀਆਂ ਦੇ ਵਿਵਹਾਰਕ ਆਚਾਰ 'ਤੇ ਕਰਾਰੀ ਚੋਟ ਮਾਰਦਿਆਂ ਕਿਹਾ ਕਿ ਅਜਿਹਾ ਧਰਮ-ਕਰਮ ਸਦੀਵੀ ਰਹਿਣ ਵਾਲਾ ਨਹੀਂ ਇਹ ਜਲਦੀ ਹੀ ਕਸੁੰਭੜੇ ਦੇ ਰੰਗ ਦੀ ਤਰ੍ਹਾਂ ਖ਼ਤਮ ਹੋ ਜਾਵੇਗਾ:

ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗੁ ਕੁਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।[20]

ਕਰਾਮਾਤਾਂ ਦਾ ਖੰਡਨ ਕਰਦੇ ਹੋਏ, ਵਹਿਮਾਂ ਤੋਂ ਮੁਕਤ ਹੋਣ ਲਈ ਭਾਈ ਗੁਰਦਾਸ ਅਧਿਆਤਮਿਕ ਤੌਰ 'ਤੇ 'ਸ਼ਬਦ' ਗੁਰੂ ਅਤੇ 'ਸਤਿਨਾਮ' ਦੇ ਲੜ ਲੱਗਣ ਦੀ ਪ੍ਰੇਰਨਾ ਦਿੰਦੇ ਹੋਏ ਅਧਿਆਤਮਿਕਤਾ ਦਾ ਮਾਰਗ ਦ੍ਰਿੜ ਕਰਵਾਉਂਦੇ ਹਨ:

ਇਹਿ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।
ਸਤਿ ਨਾਮੁ ਬਿਨੁ ਬਾਦਰਿ ਛਾਈ।[21]

ਸਮੁੱਚੀ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚੋਂ ਵਗਦੀ ਵਿਚਾਰਧਾਰਕ ਧਾਰਾ ਤੋਂ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਸਿੱਖ ਅਤੇ ਭਗਤੀ ਲਹਿਰ ਨਿਰਸੰਦੇਹ ਹੇਠਲੇ ਵਰਗ ਦਾ ਕੁਲੀਨ ਵਰਗ ਦੇ ਖਿਲਾਫ ਵਿਦਰੋਹ ਸੀ। ਸਿੱਖ ਲਹਿਰ ਦੀ ਸਿਧਾਂਤਕ ਅਤੇ ਅਧਿਆਤਮਿਕ ਰਮਜ਼ ਨੂੰ ਜੇਕਰ ਗੰਭੀਰਤਾ ਨਾਲ ਵਿਚਾਰੀਏ ਤਾਂ ਇਕ ਗੱਲ ਬੜੀ ਸਪਸ਼ਟ ਹੋ ਜਾਂਦੀ ਹੈ ਕਿ ਇਹਨਾਂ ਦਾ ਅਧਿਆਤਮਕ ਸੰਦਰਭ ਵਿਚ ਇਸਲਾਮ ਅਤੇ ਹਿੰਦੂ ਆਦਿ ਮੁੱਖ ਧਰਮਾਂ ਨਾਲ ਕਿਧਰੇ ਵੀ ਵਿਰੋਧ ਨਹੀਂ, ਵੱਖਰਤਾ ਜ਼ਰੂਰ ਹੋ ਸਕਦੀ ਹੈ। ਸੂਫ਼ੀ ਜਿਹੜੇ ਉਸ ਸਮੇਂ ਇਸਲਾਮ ਦੇ ਯੋਗ ਮਦੱਈ ਸਨ, ਉਹਨਾਂ ਨਾਲ ਕਿਧਰੇ ਵੀ ਗੁਰਮਤਿ ਵਿਚ ਵਿਰੋਧ ਨਹੀਂ ਬਲਕਿ ਉਹਨਾਂ ਵਿਚਕਾਰ ਸੁਖਾਵਾਂ ਸੰਬਾਦ ਅਤੇ ਪਛਾਣ ਰਿਸ਼ਤਾ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਉਪਲਬਧ ਹੈ।

ਦੋਹਾਂ ਸੰਸਕ੍ਰਿਤੀਆਂ ਅਤੇ ਅਧਿਆਤਮਿਕ ਸੰਦਰਭਾਂ ਦੇ ਇਸ ਸੁਖਾਵੇਂ ਰਿਸ਼ਤੇ ਵਿਚੋਂ ਮਾਨਵ ਦੇ ਨਵੇਂ ਸੰਕਲਪ ਲਈ ਨਵੇਂ ਪਰਿਪੇਖ ਸਿਰਜੇ ਗਏ। ਜੇਕਰ ਧਾਰਮਿਕ ਵਿਸ਼ਵਾਸ ਤਿਆਗ ਕੇ ਸਿੱਖ ਧਰਮ ਦੇ ਸਿਧਾਂਤਕ ਆਧਾਰਾਂ ਦਾ ਅਧਿਐਨ ਕੀਤਾ ਜਾਵੇ ਤਾਂ ਸਿੱਖ ਧਰਮ ਦੇ ਮੂਲ ਅਧਿਆਤਮਕ ਸੰਦਰਭ ਸਮੁੱਚੀ ਮਾਨਵਤਾ ਪ੍ਰਤਿ ਹਾਂ-ਪੱਖੀ ਕਿਰਿਆਵਾਂ ਦੇ ਪੂਰਕ ਸਿੱਧ ਹੋਣਗੇ। ਇਸ ਤਰ੍ਹਾਂ ਭਾਈ ਗੁਰਦਾਸ ਦੀ ਰਚਨਾ ਵਿਚੋਂ ਹਵਾਲਿਆਂ ਦੇ ਬਿਰਤਾਂਤਕ ਪ੍ਰਸੰਗਾਂ ਤੋਂ ਸਿੱਖੀ ਜੀਵਨ ਦੀ ਨਵੀਂ ਘਾੜਤ ਭਾਵ ਸਿੱਖੀ ਜੀਵਨ ਦੇ ਆਦਰਸ਼ ਸੰਬੰਧੀ ਗੱਲਾਂ ਆਪਣੇ ਆਪ ਸਪਸ਼ਟ ਹੋ ਜਾਂਦੀਆਂ ਹਨ। ਗੁਰਮਤਿ ਅਤੇ ਸਿੱਖ-ਸਮਾਜ ਦੀ ਮੂਲ ਸਮੱਸਿਆ ਨੂੰ ਰਵਾਇਤੀ ਅਰਥਾਂ ਰਾਹੀਂ ਗ੍ਰਹਿਣ ਕਰਵਾ ਕੇ ਭਾਈ ਗੁਰਦਾਸ ਨੇ ਸਿੱਖੀ ਜੀਵਨ ਜਾਚ ਦੀ ਦੀਵਾਰ ਨੂੰ ਹੋਰ ਮਜ਼ਬੂਤ ਕੀਤਾ ਹੈ।

### (ਅ) ਗਿਆਨ ਅਤੇ ਰੋਸ ਦੇ ਸੰਤੁਲਿਤ ਪਾਸਾਰਾਂ ਦੀ ਸਿਰਜਨਾ

ਤਤਕਾਲੀ ਸਮਾਜਿਕ ਤੇ ਧਾਰਮਿਕ ਸਥਿਤੀ, ਜਿਸ ਨੂੰ ਗੁਰੂ ਨਾਨਕ ਦੇਵ ਨੇ ਧਰਮ ਦੇ ਹੁੰਦਿਆਂ ਵੀ ਧਰਮ ਦੀ ਅਣਹੋਂਦ ਦੀ ਸਥਿਤੀ ਦੇ ਤੌਰ ਤੇ ਦ੍ਰਿਸ਼ਟਮਾਨ ਕੀਤਾ ਸੀ। ਭਾਈ ਗੁਰਦਾਸ ਨੇ ਵੀ ਗੁਰੂ ਨਾਨਕ ਵਾਂਗ ਧਰਮ ਵਿਸ਼ੇਸ਼ ਦੇ ਵਿਰੋਧ ਵਿਚ ਭੁਗਤਣ ਦੀ ਥਾਂ ਤਤਕਾਲੀ ਸਮੇਂ ਦੀ ਸਰਵ-ਪੱਖੀ ਗਿਰਾਵਟ ਦਾ ਬਿਆਨ ਕੀਤਾ ਹੈ। ਗੁਰੂ ਨਾਨਕ ਪ੍ਰਸੰਗ ਵਿਚ ਧਰਮ ਨੂੰ ਗਿਰਾਵਟ

'ਚੋਂ ਕੱਢ ਕੇ ਉਸ ਨੂੰ ਕਾਰਜਸ਼ੀਲ ਰੂਪ ਵਿਚ ਸਥਾਪਿਤ ਕਰਨਾ, ਭਾਈ ਗੁਰਦਾਸ ਦਾ ਮੁੱਖ ਉਦੇਸ਼ ਸੀ। ਇਸ ਦ੍ਰਿਸ਼ਟੀ ਤੋਂ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗਿਆਨ ਅਤੇ ਰੋਸ ਦੀਆਂ ਸੰਤੁਲਤ ਰਚਨਾਵਾਂ ਆਖਿਆ ਜਾ ਸਕਦਾ ਹੈ। ਇਥੇ ਰੋਸ ਤੋਂ ਭਾਵ ਰੁਸਣਾ ਨਹੀਂ ਸਗੋਂ ਤਤਕਾਲੀ ਧਾਰਮਿਕ ਤੇ ਸਮਾਜਿਕ ਨਿਘਾਰ ਪ੍ਰਤਿ ਅਫਸੋਸ ਪ੍ਰਗਟਾਉਣ ਤੋਂ ਹੈ। ਜੁਗ-ਗਰਦੀ ਦੇ ਰੋਸ ਵਿਚ ਗਿਆਨ ਦੇ ਵਰਤਾਰੇ ਨੂੰ ਕਾਰਜਸ਼ੀਲ ਹੁੰਦੇ ਵਿਖਾਉਣਾ ਉਹਨਾਂ ਦਾ ਮੁੱਖ ਉਦੇਸ਼ ਸੀ:

ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।
ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।
ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।
ਸਤਿਗੁਰ ਬਾਝ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।
ਗੁਰ ਮਰਮੇਸਰ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ।
ਚੜੇ ਸੂਰ ਮਿਟਿ ਜਾਇ ਅੰਧਾਰਾ।[22]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦੋ ਭਾਵਾਂ ਦੀ ਸੰਤੁਲਤਾ ਨੂੰ ਲਗਾਤਾਰ ਕਾਰਜਸ਼ੀਲ ਹੁੰਦੇ ਵੇਖਿਆ ਜਾ ਸਕਦਾ ਹੈ। ਅਧਿਆਤਮਿਕ ਬਿਰਤੀ ਵਾਲੇ ਵਾਰ-ਕਾਵਿ ਵਿਚਲੇ ਲੋਕ-ਧਾਰਾਈ ਭਾਵਾਂ ਦੇ ਸਰੋਕਾਰਾਂ ਅਤੇ ਸੰਦਰਭਾਂ ਦਾ ਭਾਈ ਗੁਰਦਾਸ ਇਉਂ ਪ੍ਰਤਿਬਿੰਬਣ ਕਰਦੇ ਹਨ:

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।

ਮੰਜ਼ਿਲ ਆਉਂਦੀ ਹੈ। ਸਨਾਤਨੀ ਸਭਿਆਚਾਰਕ ਮੁੱਲਾਂ ਵਾਂਗ ਗੁਰਬਾਣੀ ਵਿਚ ਸਨਾਤਨੀ ਗਿਆਨ ਵਿਧੀ ਦੀ ਆਲੋਚਨਾ ਵੀ ਹੋਈ ਹੈ। ਇਹ ਵਿਧੀ ਸ਼ਾਸਤ੍ਰਾਰਥ (ਸੰਵਾਦ) ਦੀ ਹੈ, ਵੇਦ, ਪੁਰਾਣ ਸਿਮਰਤੀਆਂ ਇਸਦੇ ਚਿਹਨਕ ਹਨ। ਇਸ ਦਾ ਉਦੇਸ਼ ਮਨੁੱਖ ਨੂੰ ਆਤਮ-ਸੋਝੀ ਦੇ ਕੇ, ਉਸ ਨੂੰ ਮਨੁੱਖੀ ਆਪੇ ਤੋਂ ਚੇਤੰਨ ਕਰਕੇ ਉਸ ਨੂੰ ਮਾਇਆਮਈ ਬੰਧਨਾਂ ਤੋਂ ਮੁਕਤ ਕਰਨਾ ਸੀ। ਪਰ ਮੱਧਕਾਲ ਦੇ ਸਮੇਂ ਵਿਚ ਇਹ ਗਿਆਨ-ਵਿਧੀ ਪਾਖੰਡ ਬਣ ਕੇ ਰਹਿ ਗਈ ਸੀ। ਮਨੁੱਖ ਨੂੰ ਜੀਵਨ ਦੇ ਸੱਚ ਦੀ ਸੋਝੀ ਦੇਣ ਦੀ ਬਜਾਇ ਇਹ ਸੱਚ ਤੋਂ ਦੂਰ ਲਿਜਾਂਦੀ ਸੀ, ਕਿਉਂਕਿ ਇਸ ਦੇ ਪੈਰੋਕਾਰ-ਕਾਜ਼ੀ, ਪੰਡਿਤ, ਜੋਗੀ ਆਦਿ ਸਥਾਪਤੀ ਭਾਵ ਵਕਤ ਦੇ ਹਾਕਮਾਂ ਦੇ ਹਿੱਤਾਂ ਦੇ ਬੁਲਾਰੇ ਬਣ ਚੁੱਕੇ ਸਨ। ਪੁਜਾਰੀ ਵਰਗ ਸ਼ਾਸਤਰਾਂ ਦੀ ਵਿਆਖਿਆ ਹਾਕਮ-ਵਰਗ ਦੇ ਹਿੱਤਾਂ ਅਨੁਸਾਰ ਕਰ ਰਹੇ ਸਨ। ਜਿਵੇਂ ਕਿ ਭਾਈ ਗੁਰਦਾਸ ਦੇ ਪ੍ਰਸੰਗ ਵਿਚ ਪਿਛੇ ਜ਼ਿਕਰ ਕਰ ਆਏ ਹਾਂ। ਸ਼ਾਸਤਰ ਅਤੇ ਪੁਜਾਰੀ ਵਰਗ ਆਪਣੀ ਨੈਤਿਕ-ਸਮਾਜਕ ਜ਼ਿੰਮੇਂਵਾਰੀ ਤੋਂ ਥਿੜਕ ਚੁੱਕੇ ਸਨ।

ਗੁਰੂ ਨਾਨਕ ਬਾਣੀ ਵਿਚ ਕਿਤਾਬੀ ਗਿਆਨ ਪਿਛਲੱਗ ਪੁਜਾਰੀ ਵਰਗ ਨੂੰ 'ਅੰਧੇ ਅਕਲੀ ਬਾਹਰੇ' ਜਾਂ 'ਅਸਲ ਖਰ' ਕਹਿ ਕੇ ਛੁਟਿਆਇਆ ਗਿਆ ਹੈ ਅਤੇ ਕਿਤਾਬੀ ਗਿਆਨ ਦੇ ਪਿਛਲਗ ਵੇਦ ਪਾਠੀ ਦੀ ਕਾਰ ਨੂੰ ਪਾਖੰਡ ਕਹਿ ਕੇ ਭੰਡਿਆ ਗਿਆ ਹੈ, ਜੋ ਵੇਦ ਦੇ ਧਰਮ ਨੂੰ ਜਾਣੇ ਬਿਨਾਂ ਤੋਤਾ-ਰਟਣੀ ਪਾਠ ਵਿਚ ਖਚਿਤ ਹੋ ਕੇ ਖੁਦ ਵੀ ਖੁਆਰ ਹੋ ਰਹੇ ਸਨ। ਅਗਿਆਨਤਾ, ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ ਉਹ ਅਗਿਆਨੀ ਹੋਣ ਤੋਂ ਬਿਨਾਂ ਮੂਰਖ ਵੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ 'ਮੂਰਖ ਨਾਲ ਨਾ ਲੁਝੀਐ' ਭਾਵ ਮੂਰਖ ਨਾਲ ਬੋਲ-ਬੁਲਾਰਾ ਕਰਨਾ ਜਾਂ ਕਿਸੇ ਵੀ ਤਰ੍ਹਾਂ ਦਾ ਵਾਦ-ਵਿਵਾਦ ਕਰਨਾ ਉਚਿਤ ਨਹੀਂ। ਭਾਈ ਗੁਰਦਾਸ ਮੂਰਖ ਵਿਅਕਤੀ ਬਾਰੇ ਗਿਆਨ ਦਿੰਦੇ ਸਮਾਜਿਕ ਸੱਚ ਨੂੰ ਇਸ ਤਰ੍ਹਾਂ ਉਘਾੜਦੇ ਹਨ:

> ਮੂਰਖ ਤਿਸ ਨੋ ਆਖੀਐ ਬੋਲੁ ਨ ਸਮਝੈ ਬੋਲਿ ਨ ਜਾਣੈ।
> ਹੋਰੋ ਕਿਹੁ ਕਰਿ ਪੁਛੀਐ ਹੋਰੋ ਕਿਹੁ ਕਰਿ ਆਖਿ ਵਖਾਣੈ।[28]

ਭਾਵ ਜਿਸ ਵਿਅਕਤੀ ਨੂੰ ਸਮਾਜ 'ਚ ਉਠਣ ਬੈਠਣ ਅਤੇ ਵਿਚਰਨ ਦੀ ਲੋੜੀਂਦੀ ਸੋਝੀ ਨਾ ਹੋਵੇ, ਜੀਵਨ-ਜਾਚ ਪੱਖੋਂ ਬੋਲਚਾਲ ਦਾ ਸਲੀਕਾ ਨਾ ਹੋਵੇ, ਸਮੇਂ ਦੀ ਸਦ-ਉਪਯੋਗਤਾ ਨਾ ਸਮਝਦਾ ਹੋਵੇ, ਆਪਣੀ ਹੱਠੀ ਧਰਤੀ ਤੇ ਕਾਇਮ ਰਹਿੰਦਾ ਹੋਇਆ, ਦੂਜਿਆਂ ਦੇ ਅਨਮੋਲ ਵਿਚਾਰਾਂ ਦੀ ਕਦਰ ਨਾ ਕਰੇ, ਸਮਾਜਿਕ ਕਦਰਾਂ-ਕੀਮਤਾਂ ਨੂੰ ਅੱਖੋਂ ਪਰੋਖੇ ਕਰੇ ਉਹ ਦੁਨੀਆਂ ਦੀ ਨਜ਼ਰ 'ਚ ਮੂਰਖ ਹੀ ਗਰਦਾਨਿਆ ਜਾਂਦਾ ਹੈ। ਭਾਈ ਗੁਰਦਾਸ ਗਿਆਨ ਦੀ ਰੋਸ਼ਨੀ ਅਤੇ ਅਗਿਆਨਤਾ ਦੀ ਹਨੇਰੇ ਅੰਧਕਾਰ ਨਾਲ ਤੁਲਨਾ ਕਰਦੇ ਲਿਖਦੇ ਹਨ:

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।

ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।[29]

ਮਨੁੱਖ ਨੂੰ ਉਸਦੀ ਮਤਿ ਹੀ ਜੀਵਨ-ਮਾਰਗ ਦਸਦੀ ਹੈ। ਮਤਿ ਨੂੰ ਬਾਣੀ ਅਰਦਾਸ ਅਨੁਸਾਰ 'ਮਤਿ-ਪਤਿ ਦਾ ਰਾਖਾ ਵਾਹਿਗੁਰੂ' ਦਾ ਦਰਜਾ ਗਿਆਨ ਨਾਲ ਹੈ ਜਿਵੇਂ ਬੱਚੇ ਨੂੰ ਬਚਪਨ ਵਿਚ ਆਪਣੀ ਮਾਂ ਦੁਆਰਾ ਚੰਗੇ-ਮੰਦੇ ਗੁਣਾਂ ਦਾ ਬੋਧ ਹੁੰਦਾ ਹੈ। ਭਾਈ ਗੁਰਦਾਸ ਨੇ ਮਤਿ ਜਾਂ ਅਕਲ ਲਈ ਮਾਂ ਦਾ ਬਿੰਬ ਸਹੀ ਜੀਵਨ ਮਾਰਗ ਤੇ ਚਲਣ ਲਈ ਪ੍ਰਸਤੁਤ ਕੀਤਾ ਹੈ।

ਨਾਨਕ ਆਖੇ, ਭੰਗਰਿ ਨਾਥਹੈ ! ਤੇਰੀ ਮਾਉ ਕੁਚਜੀ ਆਹੀ।[30]

ਅਗਿਆਨਤਾ ਦਾ ਹਨੇਰਾ ਸੱਚੇ ਗੁਰੂ ਦੇ ਬ੍ਰਹਮ ਗਿਆਨ ਨਾਲ ਹੋ ਸਕਦਾ ਹੈ। ਭਰਮ ਭੁਲੇਖਿਆਂ ਦੇ ਪਾਸਾਰਾਂ ਕਾਰਨ ਭਾਈ ਗੁਰਦਾਸ ਨੇ ਕਲਿਯੁਗ ਨੂੰ ਹਨੇਰੇ ਦਾ ਰੂਪ ਦਿੰਦਿਆਂ ਕਿਹਾ ਹੈ:

ਕਲਿ ਜੁਗਿ ਧੁੰਧੂਕਾਰਾ ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ।

ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ।[31]

ਭਾਈ ਗੁਰਦਾਸ ਦੀ ਰਚਨਾ ਵਿਚ ਦੂਹਰੇ ਗਿਆਨ ਦੀ ਸੰਵੇਦਨਾ ਹੈ। ਇਹ ਗਿਆਨਮਈ ਤਿੱਖੀ ਸੁਰ ਲੌਕਿਕ ਅਨੁਭਵ ਖੇਤਰ ਤੋਂ ਪਾਰਲੌਕਿਕ ਅਨੁਭਵ-ਖੇਤਰ ਵਲ ਅਗਰਸਰ ਹੁੰਦੀ ਹੋਈ ਇਕੋ ਸਮੇਂ ਇੰਦਰਿਆਵੀ ਅਤੇ ਪਰਾਇੰਦਰਿਆਵੀ ਵਿਸ਼ੇਸ਼ਤਾਵਾਂ ਦਾ ਪ੍ਰਦਰਸ਼ਨ ਕਰਦੀ ਹੈ। ਅਗਿਆਨਤਾ ਕਾਰਨ ਅਗਿਆਨੀ ਆਪਣੀਆਂ ਇੰਦਰਿਆਵੀ ਇੱਛਾਵਾਂ ਨੂੰ ਆਨੰਦ, ਖੁਸ਼ੀ

ਸਮਝ ਲੈਂਦੇ ਹਨ ਜੋ ਕਿ ਅਸਥਾਈ ਪ੍ਰਾਪਤੀ ਹੈ। ਅਗਿਆਨਤਾ ਕਾਰਨ ਉਨ੍ਹਾਂ ਭੌਤਿਕ ਵਸਤਾਂ ਤੇ ਅਸਥਾਈ ਰਿਸ਼ਤਿਆਂ ਨੂੰ ਆਪਣਾ ਸਮਝ ਕੇ ਪਿਆਰ ਕਰਨ ਲੱਗਦੇ ਹਨ। ਅਸੀਂ ਇਹ ਨਹੀਂ .ਸੋਚਦੇ ਕਿ ਸਾਡਾ ਜੀਵਨ ਅਸਥਾਈ ਹੈ। ਭੌਤਿਕ ਵਸਤਾਂ ਦੀ ਮਾਲਕੀ ਵੀ ਅਸਥਾਈ ਹੈ। ਭੌਤਿਕ ਸੰਸਾਰ ਚਲਦਾ ਰਹਿੰਦਾ ਹੈ ਅਤੇ ਹਰ ਵਸਤੂ ਸਮੇਂ ਵਾਂਗ ਹੀ ਪਰਿਵਰਤਨਸ਼ੀਲ ਹੈ। ਤਤਕਾਲੀ ਸਮਾਜ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਸੱਚ-ਰੂਪੀ ਗਿਆਨ ਤੋਂ ਵਿਹੂਣੇ ਸਨ। ਇਹਨਾਂ ਦੋਹਾਂ ਨੇ ਸੱਚ ਨਹੀਂ ਪਛਾਣਿਆ। ਧਾਰਮਿਕ ਕਹਾਉਣ ਵਾਲੇ ਵਿਅਕਤੀ ਵੀ ਧਾਰਮਿਕ ਪੁਸਤਕਾਂ ਵਿਚਲੇ ਗਿਆਨ ਨੂੰ ਪਛਾਣਦੇ ਨਹੀਂ ਸਨ:

ਸੁਣਿ ਆਖਾਣਿ ਵਖਾਣੁ ਆਖਿ ਵਖਾਣਿਆ।
ਹਿੰਦੂ ਮੁਸਲਮਾਣੁ ਨ ਸਚੁ ਸਿਞਾਣਿਆ।
ਦਰਗਹ ਪਤਿ ਪਰਵਾਣੁ ਮਾਣੁ ਨਿਮਾਣਿਆ।
ਵੇਦ ਕਤੇਬ ਕੁਰਾਣੁ ਨ ਅਖਰ ਜਾਣਿਆ।
ਦੀਨ ਦੁਨੀ ਹੈਰਾਣੁ ਚੋਜ ਵਿਡਾਣਿਆ।
ਕਾਦਰ ਨੋ ਕੁਰਬਾਣੁ ਕੁਦਰਤਿ ਮਾਣਿਆ।[32]

ਗਿਆਨ-ਵਿਹੂਣੀ, ਕੁਰਾਹੇ ਪਈ, ਭਰਮਾਂ 'ਚ ਫਸੀ ਅਤੇ ਭੁੱਲੀ-ਭਟਕੀ ਲੋਕਾਈ ਨੂੰ ਰੱਬੀ ਅਕੀਦਤ ਅਤੇ ਕਦਰਾਂ-ਕੀਮਤਾਂ ਦੇ ਮਹੱਤਵ ਪੱਖੋਂ ਸੁਚੇਤ ਕਰਨ ਵਾਲੇ ਭਾਈ ਗੁਰਦਾਸ ਨੇ ਕੰਵਲ ਦੇ ਫੁੱਲ ਦੀ ਨਿਆਈਂ ਨਿਰਲੇਪ ਰਹਿ ਕੇ ਸੰਸਾਰਕ ਪਦਾਰਥਾਂ ਤੋਂ ਦੂਰ ਰਹਿਣ ਦੀ ਸਿਖਿਆ ਦਿੱਤੀ ਹੈ। ਉਹ ਅਜਿਹੇ ਮਨੁੱਖ ਦਾ ਸੰਕਲਪ ਸਿਰਜਦੇ ਹਨ, ਜੋ ਆਪਣੇ ਆਪ ਨੂੰ ਸੰਸਾਰਕ ਝਮੇਲਿਆਂ 'ਚੋਂ ਕੱਢ ਕੇ ਆਪਣੇ ਜੀਵਨ ਦੇ ਮੁੱਲ ਨੂੰ ਜਾਣਦਿਆਂ ਹੋਇਆਂ ਆਪਣੇ ਜੀਵਨ ਦਾ ਉਦੇਸ਼ ਬਣਾਉਣ ਲਈ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਸਤਿ ਦਾ ਅਨੁਭਵ ਪ੍ਰਾਪਤ ਕਰੇ:

ਲੋਕ ਵੇਦ ਸੁਣਿ ਆਖਦਾ ਸੁਣਿ ਸੁਣਿ ਗਿਆਨੀ ਗਿਆਨ ਵਖਾਣੈ।
ਸੁਰਗ ਲੋਕ ਸਣੁ ਮਾਤ ਲੋਕ ਸੁਣਿ ਸੁਣਿ ਸਾਤ ਪਤਾਲੁ ਨ ਜਾਣੈ।

ਭੂਤ ਭਵਿਖ ਨ ਵਰਤਮਾਨ ਆਦਿ ਮਧਿ ਅੰਤ ਹੋਏ ਹੈਰਾਣੈ।

ਉਤਮ ਮਧਮ ਨੀਚ ਹੋਇ ਸਮਝਿ ਨ ਸਕਨਿ ਚੋਜ ਵਿਡਾਣੈ।

ਰਜ ਗੁਣ ਤਮ ਗੁਣ ਆਖੀਐ ਸਤਿ ਗੁਣ ਸੁਣ ਆਖਾਣ ਵਖਾਣੈ।[33]

ਹਰ ਮਨੁੱਖੀ ਭਾਈਚਾਰਾ ਆਪਣੇ ਵਿਰਸੇ ਦੀਆਂ ਸਾਹਿੱਤਕ ਰਚਨਾਵਾਂ ਨੂੰ ਵੇਲੇ ਦੀ ਪ੍ਰਧਾਨ ਚੇਤਨਾ ਵਿਧੀ ਅਤੇ ਗਿਆਨ ਅਨੁਭਵ ਅਨੁਸਾਰ ਹੀ ਪੜ੍ਹਦਾ ਤੇ ਵਿਚਾਰਦਾ ਹੈ। ਸਾਹਿਤਕ ਰਚਨਾਵਾਂ ਸ਼ਬਦਾਂ ਦੇ ਮਾਧਿਅਮ ਰਾਹੀਂ ਪਾਠ (text) ਦੇ ਰੂਪ ਵਿਚ ਸੰਗਠਿਤ ਹੁੰਦੀਆਂ ਹਨ ਜਿਹਨਾਂ ਦਾ ਆਪਣਾ ਰਚਨਾਵੀ ਵਿਵੇਕ ਅਤੇ ਸਮਾਜਿਕ-ਇਤਿਹਾਸਕ ਸੰਦਰਭ ਹੁੰਦਾ ਹੈ। ਉਸ ਦੀਆਂ ਅਰਥ ਧੁਨੀਆਂ ਨੂੰ ਮਾਨਵੀ ਸਰੋਕਾਰਾਂ ਦੇ ਸਮਕਾਲੀਨ ਸੰਦਰਭ ਵਿਚ ਰੱਖ ਕੇ ਵਾਚਣਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਦੀ ਰਚਨਾ ਕਿਸੇ ਪੂਰਬ ਸਿਰਜਿਤ ਪਾਠ ਦੁਆਰਾ ਅਸਲ ਵਿਚ ਉਸ ਯੁੱਗ-ਅਨੁਕੂਲ ਨਵੀਂ ਪਹਿਚਾਣ ਦੀ ਬਿਰਤਾਂਤਕਤਾ ਵਲ ਔਹੜਦੀ ਹੋਈ ਉਸ ਨੂੰ ਅਰਥ-ਸਾਰਥਕਤਾ ਦੇ ਨਵੇਂ ਆਯਾਮ ਬਖ਼ਸ਼ਦੀ ਹੈ। ਇਹ ਕਿਸੇ ਰਚਨਾ-ਪਾਠ ਨੂੰ ਇਕ ਇਕਹਿਰੇ ਜਾਂ ਨਿਸ਼ਚਿਤ ਅਰਥਾਂ ਦਾ ਸੰਚਾਰ ਕਰਨ ਵਾਲੀ ਬੰਦ ਸੰਰਚਨਾ ਨਹੀਂ ਸਗੋਂ ਅਰਥ-ਸਾਰਥਕਤਾ ਦੀਆਂ ਅਨੇਕਾਂ ਹੀ ਸੰਭਾਵਨਾਵਾਂ ਨੂੰ ਜਗਾਉਣ ਵਾਲੀ ਸਿਰਜਣਾ ਹੈ। ਅਤੀਤਕਾਲੀ ਵਿਰਸੇ ਦੇ ਕਿਸੇ ਵੀ ਸਾਹਿਤਕ ਪਾਠ ਨੂੰ ਵਰਤਮਾਨ ਵਿਚ ਸਾਰਥਕ ਤੇ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨ ਲਈ ਉਸ ਨੂੰ ਅੰਤਰ-ਅਨੁਸ਼ਾਸਨੀ ਅਤੇ ਬਹੁ-ਪਰਿਪੇਖੀ ਬਣਾਉਣ ਦੀ ਲੋੜ ਹੁੰਦੀ ਹੈ। ਭਾਈ ਗੁਰਦਾਸ ਦੀ ਰਚਨਾ ਵਿਚ ਅਜਿਹੀ ਬਿਰਤੀ ਬਾਹਰੀ ਭਰਮ-ਭੁਲੇਖਿਆਂ ਨੂੰ ਨਿਕਾਰਦੀ ਹੈ ਅਤੇ ਲੋਕਾਂ ਨੂੰ ਬੁਨਿਆਦੀ ਅਸਲੀਅਤ ਦੀ ਸਾਰਥਕਤਾ ਨੂੰ ਗ੍ਰਹਿਣ ਕਰਵਾਉਣ ਵਲ ਰੁਚਿਤ ਹੁੰਦੀ ਹੈਃ

ਦੁਹੁ ਮਿਲਿ ਜੰਮੇ ਦੁਇ ਜਣੇ ਦੁਹੁ ਜਣਿਆਂ ਦੁਇ ਰਾਹ ਚਲਾਏ।

ਹਿੰਦੂ ਆਖਨਿ ਰਾਮ ਰਾਮੁ ਮੁਸਲਮਾਣਾਂ ਨਾਉ ਖੁਦਾਏ।

ਹਿੰਦੂ ਪੂਰਬਿ ਸਉਰਿਆਂ ਪਛਮਿ ਮੁਸਲਮਾਣਿ ਨਿਵਾਏ।

ਗੰਗ ਬਨਾਰਸਿ ਹਿੰਦੂਆਂ ਮਕਾ ਮੁਸਲਮਾਣੁ ਮਨਾਏ।

ਵੇਦ ਕਤੇਬਾਂ ਚਾਰਿ ਚਾਰਿ ਚਾਰ ਵਰਨ ਚਾਰਿ ਮਜ਼ਹਬ ਚਲਾਏ।

ਪੰਜ ਤਤ ਦੋਵੈ ਜਣੇ ਪਉਣੁ ਪਾਣੀ ਬੈਸੰਤਰੁ ਛਾਏ।

ਇਕ ਥਾਉਂ ਦੁਇ ਨਾਉਂ ਧਰਾਏ।[34]

ਉਪਰੋਕਤ ਰਚਨਾ ਦਾ ਮੂਲ ਤਰਕ-ਤਲਾਸ਼ ਇਹ ਹੈ ਕਿ ਜਦੋਂ ਮੁੱਢਲੀ ਸੁੰਨ-ਅਵਸਥਾ ਵਿਚ ਵਖਰੇਵੇਂ ਗੈਰ ਹਾਜ਼ਰ ਸਨ ਤਾਂ ਇਹਨਾਂ ਦੀ ਵਰਤਮਾਨ ਹੋਂਦ ਵੀ ਸਦੀਵੀ ਮਹੱਤਵ ਨਹੀਂ ਰੱਖਦੀ। ਇਸ ਤਰ੍ਹਾਂ ਇਹ ਰਚਨਾ ਆਪਣੇ ਸਿਰਜਿਤ ਪਾਠ ਰਾਹੀਂ ਮਨੁੱਖੀ ਚੇਤਨਾ ਨੂੰ ਬ੍ਰਹਿਮੰਡੀ ਵਿਸਤਾਰ ਪ੍ਰਦਾਨ ਕਰਦੀ ਹੈ ਅਤੇ ਆਪੇ ਦੀ ਤੰਗ ਵਲਗਣ ਵਿਚੋਂ ਨਿਕਲ ਕੇ ਸਮੁੱਚੇ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਜਿਊਣ ਦਾ ਅਹਿਸਾਸ ਜਗਾਉਂਦੀ ਹੈ। ਇਹ ਪਰਸਪਰ ਵੈਰ-ਵਿਰੋਧ, ਈਰਖਾ, ਨਫ਼ਰਤ ਅਤੇ ਵਿਤਕਰਿਆਂ ਦੀ ਸ਼ਿਕਾਰ ਮਾਨਵਤਾ ਨੂੰ ਬਰਾਬਰੀ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ। ਪਰ ਇਹ ਧਰਮਾਂ, ਕੌਮਾਂ ਜਾਂ ਸਭਿਆਚਾਰਾਂ ਦੀ ਭਿੰਨਤਾ ਅਤੇ ਵੰਨ-ਸੁਵੰਨਤਾ ਨੂੰ ਮਿਟਾ ਕੇ ਤਾਨਾਸ਼ਾਹੀ ਢੰਗ ਨਾਲ ਏਕੀਕਰਣ ਸਥਾਪਿਤ ਕਰਨਾ ਨਹੀਂ ਸਗੋਂ ਭਿੰਨਤਾਵਾਂ ਦਾ ਆਦਰ ਕਰਨ ਵਾਲੀ ਇਕਸੁਰਤਾ ਪੈਦਾ ਕਰਨਾ ਲੋੜਦੀ ਹੈ।

ਭਾਈ ਗੁਰਦਾਸ ਮਨੁੱਖ ਦੁਆਰਾ ਉਸਦੇ ਮਨ ਨੂੰ ਗੁਰੂ ਦੇ ਗਿਆਨ ਨਾਲ ਜੋੜਨ ਦਾ ਸੰਕੇਤ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਜਦੋਂ 'ਮਨੁ ਜੀਤੇ ਜਗੁ ਜੀਤਿਆ' ਦੀ ਗੱਲ ਕਰਦੇ ਹਨ ਤਾਂ ਉਹ ਸਾਰੇ ਦੁੱਖਾਂ ਦਾ ਕੇਂਦਰ ਮਨ ਨੂੰ ਮੰਨਦੇ ਹਨ ਜੋ ਸਰੀਰ ਅੰਦਰ ਹੈ ਅਤੇ ਮਨੁੱਖੀ ਤ੍ਰਿਸ਼ਨਾਵਾਂ ਨੂੰ ਭਟਕਾਉਂਦਾ ਹੈ। ਮਨ ਕੇਵਲ ਗਿਆਨ ਰਾਹੀਂ ਹੀ ਟਿਕਾਊ ਵਿਚ ਆਉਂਦਾ ਹੈ। "ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।।'[35] ਦਾ ਅਸਲ ਅਰਥ ਹੀ ਇਹ ਹੈ ਕਿ ਮਨ ਨੂੰ ਕੇਵਲ ਗਿਆਨ ਰਾਹੀਂ ਹੀ ਵੱਸ ਵਿਚ ਕੀਤਾ ਜਾ ਸਕਦਾ ਹੈ ਅਤੇ ਇਹ ਗਿਆਨ ਗੁਰੂ ਨੇ ਦੇਣਾ ਹੈ। ਗੁਰਬਾਣੀ ਵਿਚ ਇਹਨਾਂ ਮਾਨਸਿਕ ਗੁੰਝਲਾਂ ਦਾ ਸਪਸ਼ਟ ਰੂਪ ਵਿਚ ਨਿਤਾਰਾ ਕੀਤਾ ਗਿਆ ਹੈ:

ਚਰਨ ਕਮਲ ਪ੍ਰਭੁ ਹਿਰਦੈ ਧਿਆਏ।।

ਰੋਗ ਗਏ ਸਗਲੇ ਸੁਖ ਪਾਏ॥

ਗੁਰਿ ਦੁਖੁ ਕਾਟਿਆ ਦੀਨੋ ਦਾਨ॥

ਸਫਲ ਜਨਮੁ ਜੀਵਨ ਪਰਵਾਨੁ॥

ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ॥

ਕਹੁ ਨਾਨਕ ਜਪਿ ਜੀਵੇ ਗਿਆਨੀ॥[36]

ਭਾਈ ਗੁਰਦਾਸ ਨੇ ਮਨੁੱਖ ਨੂੰ ਦੁੱਖਾਂ ਤੋਂ ਮੁਕਤ ਹੋਣ ਲਈ ਵਾਰ-ਵਾਰ ਪ੍ਰੇਰਿਆ ਹੈ ਕਿ ਸਤਿਗੁਰੂ ਦੀ ਮਿਹਰ ਨਾਲ ਸ਼ਬਦ ਗਿਆਨ ਰਾਹੀਂ ਮੁਕਤੀ ਮਿਲ ਸਕਦੀ ਹੈ। ਇਸ ਤਰ੍ਹਾਂ ਇਸ ਰਚਨਾ ਵਿਚ ਭਾਈ ਗੁਰਦਾਸ ਦੀ ਵਿਚਾਰਧਾਰਾ ਦੀ ਸਭ ਤੋਂ ਵੱਡੀ ਪ੍ਰਾਪਤੀ ਭਿੰਨਤਾਵਾਂ ਅਤੇ ਵਿਲੱਖਣਤਾਵਾਂ ਦਾ ਆਦਰ ਕਰਨ ਅਤੇ ਪਰਸਪਰ ਵੈਰ-ਵਿਰੋਧ ਮਿਟਾ ਕੇ ਸਾਂਝ ਦੇ ਸੂਤਰ ਤਲਾਸ਼ ਕਰਨ ਵਿਚ ਨਿਹਿਤ ਹੈ। ਇਨ੍ਹਾਂ ਵਾਰਾਂ ਦਾ ਸਮੁੱਚਾ ਪ੍ਰਵਚਨ ਇਸੇ ਕਿਸਮ ਦੇ ਸੰਵਾਦ ਅਤੇ ਸੁਮੇਲ ਦੇ ਸੰਦੇਸ਼ ਨੂੰ ਸੰਤੁਲਤਤਾ ਨਾਲ ਸੰਚਾਰਿਤ ਕਰਦਾ ਹੈ।

### (ੲ) ਮਾਨਵੀ ਪਹਿਚਾਣ ਦੀ ਬਿਰਤਾਂਤਕਤਾ

ਸਾਹਿਤ ਦੇ ਕਿਸੇ ਵੀ ਰੂਪ ਵਿਚ ਮਾਨਵ ਦਾ ਸੰਕਲਪ ਨਿਰਪੱਖ ਟਿਕਿਆ ਪਿਆ ਨਹੀਂ ਹੁੰਦਾ ਬਲਕਿ ਇਸਦੀ ਤਲਾਸ਼ ਲਈ ਸਾਂਸਕ੍ਰਿਤਕ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੁੰਦਾ ਹੈ। ਮੱਧਕਾਲ ਦਾ ਸਮਾਂ ਵਿਭਿੰਨ ਸੰਸਕ੍ਰਿਤੀਆਂ ਦੇ ਪ੍ਰਸਪਰ ਸਾਂਸਕ੍ਰਿਤਕ ਸੰਸ਼ਲੇਸ਼ਣ (Cultural synthesis) ਦਾ ਸਮਾਂ ਹੈ। ਭਾਰਤ ਵਿਚ ਮੁਸਲਮਾਨਾਂ ਦੇ ਪ੍ਰਵੇਸ਼ ਤੋਂ ਪਹਿਲਾਂ ਯੂਨਾਨੀ, ਹੂਨ, ਕੁਸ਼ਾਨ, ਮਿਥੀਅਨ ਅਤੇ ਪਾਰਥੀਅਨ ਸਭਿਆਚਾਰਾਂ ਦਾ ਪ੍ਰਵੇਸ਼ ਹੁੰਦਾ ਹੈ। ਇਹਨਾਂ ਸਭਿਆਚਾਰਾਂ ਦਾ ਆਰੀਆਈ ਸਭਿਆਚਾਰ ਨਾਲ ਸਾਂਸਕ੍ਰਿਤਿਕ ਤਨਾਉ ਜਾਂ ਸੰਸਲੇਸ਼ਣ ਨਹੀਂ ਬਲਕਿ ਆਤਮ-ਸਮਰਪਣ ਹੈ, ਜਦੋਂ ਕਿ ਇਸਲਾਮੀ ਸਭਿਆਚਾਰ ਨਾਲ ਪਹਿਲੀ ਮਿਲਣੀ ਵਿਚ ਤਨਾਉ ਵੀ ਹੈ ਅਤੇ ਬਾਅਦ ਵਿਚ ਡੂੰਘਾ ਸੰਸ਼ਲੇਸ਼ਣ ਵੀ। ਇਹ ਦੋਵੇਂ ਸਭਿਆਚਰ ਸੰਬਾਦਕ ਬਿਰਤੀ ਰਾਹੀਂ ਸਾਂਸਕ੍ਰਿਤਕ ਸਮੂਹਾਂ

ਸੰਦਰਭਾਂ ਵਿਚ ਸਮਝਣ ਦਾ ਤਾਰਕਿਕ ਚਿੰਤਨ ਪੈਦਾ ਕੀਤਾ। ਇਹ ਗਤੀਸ਼ੀਲਤਾ ਅਵਸ਼ ਹੀ ਨਵੇਂ ਮਾਨਵੀ ਸੰਕਲਪਾਂ ਅਤੇ ਸਰੋਕਾਰਾਂ ਦੀ ਮੁਦੱਈ ਹੈ।

ਦਰਅਸਲ ਮਾਨਵ ਦੀ ਹੋਂਦ ਬਾਰੇ ਜਿਹੜੇ ਵੀ ਨਵੇਂ ਸੰਕਲਪ ਮੱਧਕਾਲ ਵਿਚ ਪੈਦਾ ਹੋਏ, ਉਨ੍ਹਾਂ ਦੇ ਦਾਰਸ਼ਨਿਕ ਆਧਾਰ ਸੈਮਟਿਕ ਵਿਚਾਰਧਾਰਾ ਅਤੇ ਭਾਰਤੀ ਦਰਸ਼ਨ ਦੇ ਸੰਜੋਗ ਵਿਚੋਂ ਦਿਸ਼ਾ ਲੈ ਰਹੇ ਹਨ। ਇਸ ਸੰਜੋਗ ਵਿਚੋਂ ਜਿਹੜਾ ਨਵਾਂ ਚਿੰਤਨ ਉਦੈ ਹੋਇਆ, ਉਹ ਦੋ ਭਿੰਨ ਸਾਂਸਕ੍ਰਿਤਕ ਸੰਦਰਭਾਂ ਵਿਚੋਂ ਸਮੱਗਰੀ ਪ੍ਰਾਪਤ ਕਰਕੇ ਇਕ ਅਜਿਹੀ ਚੇਤਨਾ ਨਾਲ ਜੁੜਿਆ ਜਿਹੜੀ ਪੁਰਾਣੇ ਨੂੰ ਸਵੀਕਾਰ ਵੀ ਕਰਦੀ ਹੈ ਅਤੇ ਪੁਰਾਣੇ ਨੂੰ ਬੇਦਰਦੀ ਨਾਲ ਨਕਾਰਦੀ ਵੀ ਹੈ। ਇਸ ਦੋ ਪੱਖੀ ਚੇਤਨਾ ਨੇ ਆਪਣੇ ਚਿੰਤਨ ਦੇ ਵਿੱਤ-ਵਿਸਤਾਰ ਲਈ ਨਵੇਂ ਸੰਦਰਭ ਪਛਾਣੇ। ਜਿਵੇਂ ਦੋ ਵਿਰੋਧੀ ਜੁਜ ਮਿਲ ਕੇ ਨਵੀਂ ਪ੍ਰਕ੍ਰਿਤਕ ਹੋਂਦ ਨੂੰ ਜਨਮ ਦਿੰਦੇ ਹਨ, ਜਿਹੜੀ ਉਹਨਾਂ ਵਿਚੋਂ ਜਨਮ ਲੈ ਕੇ ਵੀ ਖ਼ੁਦਮੁਖਤਾਰ ਪ੍ਰਾਣਧਾਰੀ ਹੋਂਦ ਬਣਦੀ ਹੈ। ਬਿਲਕੁਲ ਇਸੇ ਤਰ੍ਹਾਂ ਅਜਿਹੇ ਨਵੇਂ ਮਾਨਵੀ ਤੱਥਾਂ/ਮੁੱਲਾਂ ਦੀ ਸਿਰਜਣਾ ਇਨ੍ਹਾਂ ਦੋ ਵਿਰੋਧੀ ਸੰਸਕ੍ਰਿਤੀਆਂ ਦੇ ਸੰਜੋਗ ਤੇ ਸੰਬਾਦ ਵਿਚੋਂ ਹੋਈ। ਸਿੱਖ ਅਤੇ ਭਗਤੀ ਲਹਿਰ ਦੇ ਦਾਰਸ਼ਨਿਕ ਆਧਾਰ ਇਸ ਗੱਲ ਦਾ ਪ੍ਰਮਾਣ ਹਨ ਕਿ ਇਕ ਪਾਸੇ ਇਹਨਾਂ ਭਾਰਤੀ ਦਰਸ਼ਨ ਨਾਲ ਵੀ ਰਿਸ਼ਤਾ ਬਣਾਈ ਰੱਖਿਆ ਅਤੇ ਦੂਜੇ ਪਾਸੇ ਸੈਮਟਿਕ ਵਿਚਾਰਧਾਰਾ ਨੂੰ ਵੀ ਪ੍ਰਵਾਨ ਕੀਤਾ।

ਸਪਸ਼ਟ ਹੈ ਕਿ ਜਿਹੜਾ ਮਾਨਵੀ ਚਿੰਤਨ ਦੋਹਾਂ ਦਰਸ਼ਨਾਂ ਵਿਚੋਂ ਉਦੈ ਹੋਇਆ, ਉਸ ਦੀ ਆਪਣੀ ਖ਼ੁਦਮੁਖਤਾਰੀ ਹੈ, ਆਪਣੇ ਮਾਨਵੀ ਮੁੱਲ ਹਨ। ਜਿਹੜੀਆਂ ਰਿਚਊਅਲਜ਼ (ਰੂੜ੍ਹੀਵਾਦੀ ਰਸਮਾਂ) ਇਸ ਨਵੇਂ ਚਿੰਤਨ ਨੂੰ ਪ੍ਰਵਾਨ ਨਹੀਂ ਉਹਨਾਂ ਦਾ ਨਕਾਰਨਾ ਵੀ ਚਿੰਤਨ ਵਿਚ ਸ਼ਾਮਲ ਹੈ। ਗਤੀਹੀਣ ਰਿਚਊਅਲਜ਼ (ਰਸਮਾਂ) ਦੇ ਨਕਾਰਨ ਨੂੰ ਕਈ ਵਿਦਵਾਨ ਵੱਖ-ਵੱਖ ਪ੍ਰਸੰਗਾਂ ਵਿਚ ਵੱਖ-ਵੱਖ ਅਰਥ ਦਿੰਦੇ ਹਨ, ਜਿਵੇਂ ਮਾਰਕਸਵਾਦੀ ਆਲੋਚਕ ਪ੍ਰੋ. ਸੰਤ ਸਿੰਘ ਸੇਖੋਂ "ਸਿੱਖ ਲਹਿਰ ਨੂੰ ਇਸਲਾਮ ਦੇ ਵਿਰੋਧ ਵਿਚ ਖੜੀ ਧਾਰਮਿਕ ਕਿਰਸਾਨੀ ਨੂੰ ਲੋਕਾਂ ਦੀ ਲਹਿਰ ਵਜੋਂ ਪੇਸ਼ ਕਰਦਾ ਹੈ।"[37]

ਗੁਰਮਤਿ ਸਾਹਿਤ ਦਾ ਪ੍ਰਮਾਰਥੀ ਪ੍ਰਵਚਨ ਗਿਆਨ, ਸ਼ਕਤੀ, ਸੱਚ ਅਤੇ ਮਾਨਵ-ਕਲਿਆਣ ਦੇ ਪ੍ਰਤੀਮਾਨਕ ਚੌਖਟੇ ਸਿਰਜਣ ਦੀ ਪ੍ਰਕਿਰਿਆ ਦੀ ਖ਼ੂਬਸੂਰਤ ਉਦਾਹਰਣ ਹੈ। ਇਸ ਕਰਕੇ ਇਹ ਗਿਆਨ, ਸ਼ਕਤੀ ਅਤੇ ਦਮਨ ਦੇ ਕਾਰਜ ਵਿਚ ਰੁਝੀਆਂ ਹੋਈਆਂ ਮਾਨਵੀ ਸਰਗਰਮੀਆਂ ਪ੍ਰਤਿ ਮੁਜਾਹਮਤੀ ਦੇ ਪ੍ਰਸੰਗਾਂ ਦੀ ਸਿਰਜਣਾ ਕਰਦੇ ਹਨ। ਇਹ ਪ੍ਰਮਾਰਥੀ ਪ੍ਰਵਚਨ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਅਤੇ ਨਾਨਕ ਹੋਸੀ ਭੀ ਸਚੁ' ਦੀ ਪ੍ਰਤਿਨਿੱਧਤਾ ਕਰਨ ਵਾਲੇ ਅਨਾਦੀ ਸੱਚ ਦੇ ਆਦਰਸ਼ਾਂ ਦੀ ਰਚਨਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਵਾਸਤੇ ਇਥੇ 'ਸਚੈ ਉਰੈ ਸਭ ਕੋ, ਉਪਰ ਸਚੁ ਆਚਾਰ' ਹੋਣ ਕਰਕੇ, ਇਸਦੀ ਪ੍ਰਵਚਨ ਵਿਧੀ ਸ਼ਕਤੀ ਦੇ ਸੰਬੰਧਾਂ ਦੀਆਂ ਰਚਨਾ ਵਿਉਂਤਾਂ ਅਤੇ ਧਾਰਮਿਕ, ਸਮਾਜਿਕ ਅਤੇ ਮਰਯਾਦਾਤਮਕ ਸੰਸਥਾਵਾਂ ਵਿਚ ਸੰਚਿਤ ਸਥਾਪਤੀ ਦੇ ਸਿਖਲਾਈ ਦੇ ਪ੍ਰਬੰਧਾਂ ਦੀ ਨਿਆਂਹੀਣਤਾ ਨੂੰ ਉਜਾਗਰ ਕਰਦਾ ਹੈ। ਇਹ ਰਚਨਾਵਾਂ ਗਿਆਨ ਦੇ ਅਜਿਹੇ ਪ੍ਰਬੰਧਾਂ ਉਤੇ 'ਵੀਚਾਰ' ਕਰਨ ਬਾਰੇ ਚੇਤੰਨ ਕਰਦੀਆਂ ਹਨ, ਜੋ ਸਥਾਪਤੀ ਦੇ ਅਭਿਆਸਾਂ ਦਾ ਹਿੱਸਾ ਬਣ ਜਾਣ ਕਰਕੇ ਨਵੇਂ ਸਿਰੇ ਤੋਂ ਵਿਚਾਰ ਕਰਨ ਦੇ ਸਿਲਸਿਲੇ ਤੋਂ ਵੀਚਾਰੇ ਜਾਣ ਦੀਆਂ ਤਲਬਗਾਰ ਹਨ। ਅਜਿਹੀ ਹਾਲਤ ਵਿਚ ਹੀ ਗਿਆਨ, ਸ਼ਕਤੀ, ਸੱਚ ਅਤੇ ਮਾਨਵ-ਕਲਿਆਣ ਦੇ ਉਹ ਪਰਿਪੇਖ ਉਜਾਗਰ ਹੋ ਸਕਣਗੇ, ਜੋ ਸਥਾਪਤੀ ਦੇ ਅਨੁਸ਼ਾਸ਼ਨਾਂ ਰਾਹੀਂ ਦਮਨਕਾਰੀ ਅਭਿਆਸਾਂ ਦਾ ਹਿੱਸਾ ਬਣ ਚੁੱਕੇ ਹਨ।

ਮੱਧਕਾਲੀ ਪੰਜਾਬੀ ਸਾਹਿਤ ਦੀਆਂ ਭਿੰਨ ਭਿੰਨ ਕਾਵਿ-ਧਾਰਾਵਾਂ ਜਿਵੇਂ ਗੁਰਮਤਿ-ਕਾਵਿ, ਸੂਫ਼ੀ-ਕਾਵਿ, ਵਾਰ-ਕਾਵਿ, ਭਗਤੀ ਕਾਵਿ ਅਤੇ ਕਿੱਸਾ-ਕਾਵਿ ਆਦਿ ਆਪਣੇ ਆਪਣੇ ਰਚਨਾ ਸੰਦਰਭਾਂ ਦੇ ਤਹਿਤ ਆਜ਼ਾਦੀ ਦੀ ਜਗਿਆਸਾ ਅਧੀਨ ਸਰਗਰਮ ਹੋ ਕੇ ਆਪਣੇ ਉੱਪਰ, ਆਇਦ ਕੀਤੇ ਗਏ ਬੰਧਨਾਂ ਤੋਂ ਮੁਕਤ ਹੋਣ ਦੇ ਤਲਬਗਾਰ ਹਨ। ਇਹਨਾਂ ਦੇ ਨਾਇਕਾਂ ਦੀ ਸਰਗਰਮੀ ਨੂੰ ਆਤਮਿਕ ਅਤੇ ਪਰਾਭੌਤਿਕੀ ਆਜ਼ਾਦੀ ਦੇ ਅਭਿਆਸਾਂ (Practices of Liberty) ਦੀ ਕਿਰਿਆ-ਪ੍ਰਤਿਕਿਰਿਆ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਇਸੇ ਕਰਕੇ, ਇਹ ਕਾਵਿ ਧਾਰਾਵਾਂ ਵੱਖਰੇ-ਵੱਖਰੇ ਰਚਨਾ-ਸੰਦਰਭਾਂ ਦੀ ਸਿਰਜਣਾ ਕਰਦੀਆਂ ਹੋਈਆਂ, ਮਨੁੱਖ

### (ਸ) ਵਿਅਕਤੀ, ਸਮੂਹ ਅਤੇ ਪ੍ਰਮਾਰਥ ਦੇ ਸੰਤੁਲਨ ਦੀ ਜਗਿਆਸਾ

ਮੱਧਕਾਲ ਵਿਚ ਸਮਾਜ ਦੀ ਧਾਰਮਿਕ ਅਵਸਥਾ ਅਤਿਅੰਤ ਡਾਵਾਂਡੋਲ ਸੀ। ਪੰਜਾਬ ਵਿਚ ਨਾਥ/ਜੋਗੀ/ਸੰਨਿਆਸੀ ਅਤੇ ਹਿੰਦੂ ਧਰਮ ਦੇ ਹੋਰ ਧਾਰਮਿਕ ਆਗੂ ਵਿਅਕਤੀਗਤ ਪੱਧਰ ਤੇ ਵਿਚਰਦੇ ਹੋਏ ਵਿਅਕਤੀਗਤ ਮੁਕਤੀ ਦਾ ਪਾਠ ਪੜ੍ਹਾਉਂਦੇ ਸਨ। ਇਹ ਪਾਠ/ਸਿੱਖਿਆ ਮਨੁੱਖ ਨੂੰ ਸਮਾਜ ਤੋਂ ਭਾਂਜਵਾਦ ਦੀ ਸਿੱਖਿਆ ਦਿੰਦਾ ਸੀ। ਪਰੰਤੂ ਗੁਰੂ ਨਾਨਕ ਦੇਵ ਦੇ ਆਗਮਨ ਨਾਲ ਇਹ ਸਥਿਤੀ ਇਕ ਬਹੁਤ ਤਿੱਖਾ ਮੋੜ ਕੱਟਦੀ ਹੈ। ਗੁਰੂ ਨਾਨਕ ਵਿਚਾਰਧਾਰਾ ਦਾ ਅਤਿਅੰਤ ਕਾਰਜਸ਼ੀਲ ਮਾਡਲ ਜੋ ਲੋਕਾਈ ਸਾਹਮਣੇ ਆਇਆ ਉਹ ਹੈ ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛਕਣਾ। ਇਸ ਮਾਡਲ ਦਾ ਪ੍ਰਮਾਰਥੀ ਪ੍ਰਵਚਨ ਵਿਅਕਤੀਗਤ ਪੱਧਰ ਤੇ ਵਿਚਰਦਿਆਂ ਵਿਅਕਤੀ ਅਤੇ ਸਮੂਹ-ਵਿਅਕਤੀ ਵਿਚਕਾਰ ਇਕ ਕਿਰਿਆਸ਼ੀਲ ਸੰਤੁਲਨ ਕਾਇਮ ਕਰਦਾ ਹੈ। ਗੁਰੂ ਨਾਨਕ ਦੀ ਬਾਣੀ ਰਚਨਾ ਵਿਚਲਾ ਸਿਰਜਿਤ ਸੰਸਾਰ ਵਿਅਕਤੀਗਤ ਨੈਤਿਕ ਵਿਕਾਸ ਅਤੇ ਸਮੂਹ ਮਾਨਵਤਾ ਭਾਵ ਸਮਾਜਿਕ ਇਨਸਾਫ਼ ਦੇ ਆਦਰਸ਼ ਮੁੱਲਾਂ ਦਾ ਸੰਦੇਸ਼ ਸੰਚਾਰਿਤ ਕਰਦਾ ਹੈ।

ਭਾਈ ਗੁਰਦਾਸ ਦੀ ਸਮੁੱਚੀ ਵਾਰ-ਰਚਨਾ ਵਿਚ ਗੁਰਬਾਣੀ ਵਿਚਲੀ ਵਿਚਾਰ-ਵਿਧੀ ਅਪਣਾਈ ਗਈ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ, ਗੁਰਬਾਣੀ ਦੇ ਭਾਵ ਤੇ ਉਦੇਸ਼, ਨਗੀਨਿਆਂ ਵਾਂਗ ਜੜੇ ਪਏ ਹਨ। ਗੁਰਬਾਣੀ ਦੀ ਵਿਆਖਿਆ ਉਹਨਾਂ ਦੇ ਅਰਥਾਂ ਦੇ ਰੂਪ ਵਿਚ ਨਹੀਂ ਕੀਤੀ ਸਗੋਂ ਇਸਦੀ ਪੁਨਰ-ਸਿਰਜਨਾ ਦੁਆਰਾ ਅਨੇਕਾਂ ਪ੍ਰਤੀਕਾਂ, ਦ੍ਰਿਸ਼ਟਾਂਤਾਂ ਅਤੇ ਉਪਮਾਵਾਂ ਦੁਆਰਾ ਭਾਵ ਅਰਥ ਸਪਸ਼ਟ ਕੀਤੇ ਹਨ। ਭਾਈ ਗੁਰਦਾਸ ਨੇ ਗੁਰਮੁਖ ਜਾਂ ਗੁਰਸਿੱਖ ਦੀਆਂ ਉਦਾਹਰਣਾਂ ਦੁਆਰਾ ਇਕ ਨਰੋਏ ਸਮਾਜ ਦੀ ਸਿਰਜਨਾ ਵਲ ਇਕ ਕਾਰਜਸ਼ੀਲ ਕਦਮ ਪੁੱਟਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਸਮਕਾਲੀਨ ਇਤਿਹਾਸਕ ਯਥਾਰਥ ਦਾ ਮੂਲ ਪਛਾਣਦਿਆਂ ਹੋਇਆ ਮਨੁੱਖ ਦੀ ਨੈਤਿਕ ਜਾਗਰਤੀ ਦਾ ਸੰਦੇਸ਼ ਦਿੰਦੀਆਂ ਹਨ। ਵਿਅਕਤੀਆਂ

ਦੀ ਪਰਸਪਰ ਸਾਰਥਿਕਤਾ ਉਹਨਾਂ ਨੂੰ ਇਕ ਸਮੁੱਚ ਵਿਚ ਬੰਨ੍ਹਦੀ ਹੈ ਅਤੇ ਆਪਸੀ ਲੈਣ ਦੇਣ ਦੇ ਆਧਾਰ ਤੇ ਸਮਾਜ ਦੀ ਰਚਨਾ ਹੁੰਦੀ ਹੈ। ਜਿਥੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸਮਾਜ ਦੀਆਂ ਬੁਰਾਈਆਂ ਦੀ ਨਿੰਦਿਆ ਕੀਤੀ ਹੈ ਉਥੇ ਇਕ ਆਦਰਸ਼ ਸਮਾਜ ਦੀ ਉਸਾਰੀ ਵਾਸਤੇ ਠੋਸ ਰੂਪ-ਰੇਖਾ ਉਲੀਕੀ ਗਈ ਹੈ। ਆਦਰਸ਼ ਸਮਾਜ ਦੀ ਇਕਾਈ ਵਿਅਕਤੀ ਰੂਪ ਵਿਚ ਪੂਰਨ ਸੰਤੋਖੀ ਹੋਵੇ। ਇਕ ਅਜਿਹਾ ਸਮਾਜ ਜਿਸ ਵਿਚ ਸੰਤੁਸ਼ਟ ਵਿਅਕਤੀ ਸੇਵਾ ਦੇ ਕਰਮ ਵਿਚ ਲੀਨ ਰਹਿੰਦੇ ਹਨ ਉਹ ਕਰਮ ਕਰਦੇ ਹੋਏ ਪਰਮਾਤਮਾ ਦੇ ਸ਼ੁਕਰਾਨੇ ਵਿਚ ਵਿਚਰਦੇ ਹਨ ਅਤੇ ਮੰਦੇ ਕੰਮਾਂ ਵਲ ਨਹੀਂ ਖਿੱਚੇ ਜਾਂਦੇ, ਉਨ੍ਹਾਂ ਨੂੰ ਆਪਣੇ ਖਾਣ-ਪੀਣ, ਦੈਨਿਕ ਕਿਰਿਆਵਾਂ ਉਤੇ ਪੂਰੀ ਤਰ੍ਹਾਂ ਕਾਬੂ ਹੋਣਾ ਹੁੰਦਾ ਹੈ ਅਤੇ ਉਹ ਦੁਨਿਆਵੀ ਬੰਧਨਾਂ ਵਿਚ ਜਕੜੇ ਨਹੀਂ ਜਾਂਦੇ।

ਸਮਾਜ ਦੀ ਨੀਂਹ ਪਰਿਵਾਰਾਂ ਦੇ ਸਮੂਹ ਤੋਂ ਬੱਝਦੀ ਹੈ। ਪਰਿਵਾਰ ਦੇ ਮੈਂਬਰਾਂ ਦੀ ਨੈਤਿਕਤਾ, ਸਦਾਚਾਰ ਅਤੇ ਉਸਾਰੂ ਪ੍ਰਵਿਰਤੀਆਂ ਦੁਆਰਾ ਹੀ ਇਕ ਚੰਗੇ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਪਰੰਤੂ ਇਹ ਆਮ ਆਖ ਦਿੱਤਾ ਜਾਂਦਾ ਹੈ ਕਿ ਮਾਂ-ਪਿਉ ਬੱਚੇ ਦੀ ਪਾਲਣਾ ਕਰਦੇ ਹਨ, ਪੜ੍ਹਾਉਂਦੇ ਹਨ ਤੇ ਵਿਆਹੁੰਦੇ ਹਨ। ਇਸ ਤਰ੍ਹਾਂ ਜਾਗੀਰਦਾਰੀ ਸਮਾਜ ਪ੍ਰਤਿ ਇਹ ਸਮਝ ਲਿਆ ਜਾਂਦਾ ਹੈ ਜਾਂ ਇਹ ਫਰਜ਼ ਕਰ ਲਿਆ ਜਾਂਦਾ ਹੈ ਕਿ ਰਾਜਾ ਤੇ ਜਾਗੀਰਦਾਰ ਪਰਜਾ ਦੇ ਅਰਾਮ ਲਈ ਸਭ ਕੁਝ ਕਰਦੇ ਹਨ, ਪਰ ਇਸ ਝੂਠੇ ਧਰਵਾਸੇ ਦਾ ਫ਼ਲ ਸਦਾ ਭੈੜਾ ਨਿਕਲਦਾ ਹੈ ਤੇ ਵਿਚਾਰੀ ਸੰਤਾਨ ਸਦਾ ਨਿੰਦਦੀ ਆਈ ਹੈ। ਜਾਗੀਰਦਾਰੀ ਸਮਾਜ ਆਪਣੀ ਅੰਨ੍ਹੀ ਖ਼ੁਦਗਰਜ਼ੀ ਦੇ ਅਨੁਕੂਲ ਪੁੱਤਰ ਦੀ ਮਾਪਿਆਂ ਨਾਲ ਅਸੰਤੁਸ਼ਟਤਾ ਦਾ ਜ਼ਿੰਮੇਵਾਰ ਵਿਚਾਰੀ ਬੇਗਾਨੀ ਧੀ, ਨੂੰਹ ਨੂੰ ਠਹਿਰਾਂਦਾ ਆਇਆ ਹੈ। ਭਾਈ ਗੁਰਦਾਸ ਨੇ ਪ੍ਰਚਲਿਤ ਵਿਚਾਰਾਂ ਦੀ ਪੁਨਰ-ਸਿਰਜਨਾ ਕੀਤੀ ਹੈ ਪਰੰਤੂ ਇਸ ਵਿਚਾਰ ਪ੍ਰਬੰਧ ਦੀ ਪਿੱਠਭੂਮੀ ਵਿਚੋਂ ਜਿਹੜੇ ਭਾਵ ਉਜਾਗਰ ਹੁੰਦੇ ਹਨ ਉਹ ਸਮੂਹ ਦੇ ਸੰਤੁਲਨ ਨੂੰ ਪਰਿਵਾਰ ਦੇ ਵਿਅਕਤੀਗਤ ਰਿਸ਼ਤਿਆਂ ਵਿਚੋਂ ਕਾਇਮ ਕਰਨਾ ਲੋਚਦੇ ਹਨ:

ਮਾਤਾ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ।

ਰਹਸੀ ਅੰਗ ਨ ਮਾਣਈ ਗਾਵੈ ਸੋਹਿਲੜੇ ਸੁਖ ਸੋਈ।

ਦੀ ਲੋਚਾ ਰੱਖਦਾ ਹੈ। ਭਾਈ ਗੁਰਦਾਸ ਦੀ ਕਾਵਿ ਰਚਨਾ ਵਿਚ ਅਜਿਹੀ ਸੰਤੁਲਿਤ ਰਾਜਸੀ ਵਿਚਾਰਧਾਰਕ ਭਾਵਨਾ ਦਾ ਵਿਵਰਣ ਮਿਲਦਾ ਹੈ ਜਿਸ ਦੇ ਪਿਛੋਕੜ ਵਿਚੋਂ ਉਹਨਾਂ ਦੀ ਮਾਨਵੀ ਵਿਚਾਰਧਾਰਾ ਦੇ ਭਾਵ ਉਜਾਗਰ ਹੁੰਦੇ ਹਨ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।
ਵਰਤਿਆ ਪਾਪੁ ਸਭਸਿ ਜਗਿ ਮਾਂਹੀ।।[44]

ਭਾਈ ਗੁਰਦਾਸ ਨੇ ਗੁਰੂ ਘਰ ਵਿਚ ਵਾਪਰ ਰਹੀਆਂ ਸਾਰੀਆਂ ਘਟਨਾਵਾਂ ਆਪਣੇ ਅੱਖੀਂ ਵੇਖੀਆਂ। ਹਕੂਮਤੀ ਜ਼ੁਲਮ ਅਤੇ ਧਾਰਮਿਕ ਕੱਟੜਤਾ ਆਪਣੀ ਚਰਮ-ਸੀਮਾਂ ਤੱਕ ਪਹੁੰਚ ਚੁੱਕੀ ਸੀ। ਨਿਰੀ ਭਗਤੀ ਅਤੇ ਨੈਤਿਕ ਸਿਖਿਆ ਨਾਲ ਪਰਮਾਰਥ ਆਪਣੇ ਸਹੀ ਮਾਰਗ ਤੇ ਚਲਣ ਤੋਂ ਅਸਮਰਥ ਹੋ ਰਿਹਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਇਸ ਹਾਲਾਤ ਦਾ ਜਾਇਜਾ ਲੈਂਦਿਆਂ ਮਹਿਸੂਸ ਕੀਤਾ ਕਿ ਹੁਣ ਭਗਤੀ ਦੇ ਨਾਲ ਨਾਲ ਸ਼ਕਤੀ ਦੀ ਵੀ ਅਹਿਮ ਲੋੜ ਸੀ। ਜ਼ੁਲਮ ਅਤੇ ਅਨਿਆ ਨੂੰ ਠੱਲਣ ਲਈ ਸ਼ਕਤੀ ਦੀ ਲੋੜ ਸਮੇਂ ਦੀ ਜ਼ਰੂਰਤ ਬਣ ਗਈ ਸੀ। ਭਾਈ ਗੁਰਦਾਸ ਨੇ ਇਸ ਤਬਦੀਲੀ ਨੂੰ ਪ੍ਰਮਾਰਥ ਦੇ ਰਾਹ ਦਾ ਮੀਲ ਪੱਥਰ ਮੰਨਦਿਆਂ ਆਪਣੀ ਵਾਰ ਵਿਚ "ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।" ਕਹਿ ਕੇ ਗੁਰੂ ਹਰ ਗੋਬਿੰਦ ਜੀ ਦੇ ਰਾਜਸੀ ਵਿਅਕਤਿਤਵ ਨੂੰ ਰੂਪਮਾਨ ਕੀਤਾ ਹੈ। ਪਰੰਤੂ ਇਸ ਭਾਵਨਾ ਪਿਛੇ ਲੋਕਾਈ ਦੀ ਭਵਿਖਵਾਦੀ ਸੁਰਖਿਆ ਪ੍ਰਤਿ ਰੁਚੀ ਕੰਮ ਕਰਦੀ ਵਿਖਾਈ ਦਿੰਦੀ ਹੈ। ਇਸ ਭਾਵਨਾ ਦੇ ਸੁਹਜ-ਮੁੱਲ ਦੀ

ਪਹਿਚਾਣ ਇਸ ਦੇ ਆਂਤਰਿਕ ਤੱਤਾਂ ਦੀ ਸੰਤੁਲਤਤਾ ਵਿਚੋਂ ਉਭਰਦੀ ਦਿਖਾਈ ਦਿੰਦੀ ਹੈ। ਭਾਈ ਗੁਰਦਾਸ ਦੀ ਰਾਜਸੀ ਭਾਵਨਾ ਦਾ ਇਹ ਨਿਵੇਕਲਾ ਸਰੂਪ ਦੁਨਿਆਵੀ ਰਾਜਿਆਂ ਦੀ ਅਧੀਨਗੀ ਦਾ ਖੰਡਨ ਕਰਕੇ, ਅਧਿਆਤਮਿਕ ਗੁਰੂ ਨੂੰ ਹੀ ਸ੍ਰੇਸ਼ਟ ਮੰਨਦਾ ਹੈ ਜਿਸ ਤਹਿਤ ਵਿਅਕਤੀ-ਸਮੂਹ ਦੀ ਅਧਿਆਤਮਿਕ ਏਕਤਾ ਦੀ ਉੱਚਤਾ ਦ੍ਰਿਸ਼ਟੀਗੋਚਰ ਹੁੰਦੀ ਹੈ:

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।
ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ।
ਸਤਿਗੁਰੁ ਸਚੁ ਦਾਤਾਰੁ ਹੈ ਹੋਰੁ ਦਾਤੇ ਫਿਰਦੇ ਪਛਾਵੇ।
ਸਤਿਗੁਰੁ ਕਰਤਾ ਪੁਰਖੁ ਹੈ ਕਰਿ ਕਰਤੂਤਿ ਨਿਵਾਵਨਿ ਨਾਵੇ।
ਸਤਿਗੁਰੁ ਸਚਾ ਸਾਹੁ ਹੈ ਹੋਰੁ ਸਾਹ ਅਵੇਸਾਹ ਉਚਾਵੇ।
ਸਤਿਗੁਰੁ ਸਚਾ ਵੈਦੁ ਹੈ ਹੋਰੁ ਵੈਦੁ ਸਭ ਕੈਦ ਕੂੜਾਵੇ।
ਵਿਣ ਸਤਿਗੁਰੁ ਸਭਿ ਨਿਗੋਸਾਵੈ।।[45]

ਅਧਿਆਤਮਿਕਤਾ ਇਕ ਅਜਿਹਾ ਖੇਤਰ ਹੈ ਜਿਸ ਅਧੀਨ ਰਚਨਾ ਕਰਦੇ ਹੋਏ ਰਚਨਾਕਾਰ ਕੋਲ ਧਾਰਮਿਕ ਵਲਗਣਾਂ ਦਾ ਵਲਗਣ ਹੁੰਦਾ ਹੈ, ਜਿਸ ਨੂੰ ਉਹ ਪਾਰ ਨਹੀਂ ਕਰ ਸਕਦਾ। ਜੇਕਰ ਉਹ ਇਹਨਾਂ ਸੀਮਾਵਾਂ ਨੂੰ ਪਾਰ ਕਰਦਾ ਹੈ ਤਾਂ ਉਹ ਧਾਰਮਿਕ ਪਿੜ੍ਹ ਦੇ ਅਧੀਨ ਨਹੀਂ ਆਉਂਦਾ। ਇਸੇ ਕਾਰਨ ਰਚਨਾਕਾਰ ਧਾਰਮਿਕ ਪਰੰਪਰਾ ਦੀਆਂ ਸੀਮਾਵਾਂ ਅਧੀਨ ਵਿਚਰਦਾ ਹੋਇਆ ਮਨੁੱਖੀ ਕਾਰਜ ਵਿਚ ਖੁਲ੍ਹ ਦੇ ਸਕਣ ਦੇ ਅਸਮਰਥ ਹੁੰਦਾ ਹੈ ਪਰ ਇਸ ਸਭ ਦੇ ਬਾਵਜੂਦ ਭਾਈ ਗੁਰਦਾਸ ਦੀਆਂ ਵਾਰਾਂ ਦੀ ਇਕ ਸਮਾਜਿਕ ਸਾਰਥਿਕਤਾ ਹੈ ਅਤੇ ਇਹ ਸਾਰਥਿਕਤਾ ਵਿਅਕਤੀਗਤ ਪੱਧਰ ਤੇ ਮਨੁੱਖ ਨੂੰ ਨੇਕ, ਸਬਰ ਦਾ ਧਾਰਨੀ, ਮਿੱਠਾ ਤੇ ਉਚੇਰਾ ਬਣਾਉਣ ਦਾ ਯਤਨ ਕਰਦੀ ਹੈ। ਭਾਈ ਗੁਰਦਾਸ ਅਨੁਸਾਰ ਹਰ ਮਨੁੱਖ ਵਿਚ ਨੈਤਿਕਤਾ ਵਾਲੇ ਸਾਰੇ ਗੁਣ ਹੋਣੇ ਚਾਹੀਦੇ ਹਨ ਤਾਂ ਜੋ ਇਕ ਆਦਰਸ਼ ਸਮਾਜ ਦੀ ਸਥਾਪਨਾ ਹੋ ਸਕੇ। ਭਾਈ ਗੁਰਦਾਸ ਅਨੁਸਾਰ ਮਨੁੱਖ ਨੇ ਕੁੱਝ ਸਿੱਖਣਾ ਹੈ ਤਾਂ ਕਿ ਉਹ ਨਿਵਣਾ, ਸਹਿਨਸ਼ੀਲਤਾ, ਨਿਮਰਤਾ, ਮਿੱਠਾ ਬੋਲਣਾ, ਸੇਵਾ ਭਾਵਨਾ, ਕਿਰਤ

ਕਰਨ ਵਰਗੇ ਗੁਣਾਂ ਦਾ ਧਾਰਨੀ ਹੋਵੇ, ਕਿਉਂਕਿ ਅਜਿਹੇ ਗੁਣ ਵਿਅਕਤੀ ਤੇ ਸਮੂਹ ਦੇ ਸੰਤੁਲਨ ਨੂੰ ਕਾਇਮ ਕਰਦਿਆਂ ਪਰਮਾਤਮਾ ਦੀ ਪ੍ਰਾਪਤੀ ਲਈ ਪ੍ਰਮਾਰਥੀ ਵਸੀਲਾ ਬਣਦੇ ਹਨ।

ਭਾਈ ਗੁਰਦਾਸ ਨੇ ਵਿਸ਼ੇ ਪੱਖੋਂ ਉਹੀ ਵਸਤਾਂ ਲਈਆਂ ਹਨ ਜਿਹਨਾਂ ਨੂੰ ਗੁਰਮਤਿ ਵਿਚ ਪ੍ਰਵਾਨਗੀ ਮਿਲੀ ਹੋਈ ਹੈ। ਇਹ ਗੂੜ੍ਹ ਤੋਂ ਗੂੜ੍ਹ ਭਾਵਾਂ ਨੂੰ ਸੁਖੈਨ ਤੋਂ ਸੁਖੈਨ ਤਰੀਕੇ ਨਾਲ

## ਹਵਾਲੇ ਅਤੇ ਟਿੱਪਣੀਆਂ


1. ਡਾ. ਅਤਰ ਸਿੰਘ, ***ਦ੍ਰਿਸ਼ਟੀਕੋਣ***, ਪੰਨਾ 120
2. ***ਆਦਿ ਗ੍ਰੰਥ***, ਪੰਨਾ 722
3. ਉਹੀ, ਪੰਨਾ 763
4. ਉਹੀ, ਪੰਨਾ 628
5. ਡਾ. ਦੀਵਾਨ ਸਿੰਘ, ***ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ***, ਪੰਨਾ 107
6. ***ਆਦਿ ਗ੍ਰੰਥ***, ਪੰਨਾ 1
7. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 650
8. ਉਹੀ, ਪੰਨਾ 87
9. Prof. Puran Singh, ***Spirit of the Sikh***, Vol. II , Part-II,page 93
10. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 19
11. ਉਹੀ, ਪੰਨਾ 55
12. ਉਹੀ, ਪੰਨਾ 37
13. ਉਹੀ, ਪੰਨਾ 216

17. ਉਹੀ, ਪੰਨਾ 52
18. ਉਹੀ, ਪੰਨਾ 504
19. ਉਹੀ, ਪੰਨਾ 130
20. ਉਹੀ, ਪੰਨਾ 45
21. ਉਹੀ, ਪੰਨਾ 54
22. ਉਹੀ, ਪੰਨਾ 32
23. ਉਹੀ, ਪੰਨਾ 238
24. ਉਹੀ, ਪੰਨਾ 42
25. ਪ੍ਰੋ. ਹਰਨਾਮ ਦਾਸ, ***ਕਾਵਿ ਅਨੁਵਾਦ ਗੀਤਾ ਅੰਮ੍ਰਿਤ***, 4/23, ਪੰਨਾ 12
26. ***ਆਦਿ ਗ੍ਰੰਥ***, ਪੰਨਾ 849
27. ਉਹੀ, ਪੰਨਾ 1346
28. ਗਿਆਨੀ ਹਰਬੰਸ ਸਿੰਘ, ***ਵਾਰਾਂ ਭਾਈ ਗੁਰਦਾਸ ਜੀ***, ਪੰਨਾ 554
29. ਉਹੀ, ਪੰਨਾ 50
30. ਉਹੀ, ਪੰਨਾ 51
31. ਉਹੀ, ਪੰਨਾ 38
32. ਉਹੀ, ਪੰਨਾ 371
33. ਉਹੀ, ਪੰਨਾ 412
34. ਉਹੀ, ਪੰਨਾ 560
35. ***ਆਦਿ ਗ੍ਰੰਥ***, ਪੰਨਾ 469
36. ਉਹੀ, ਪੰਨਾ 806

ਜਾਂ ਬ੍ਰਹਿਮੰਡ ਦੀ ਸਰਵੋਤਮ ਸਰਬਸ਼ਕਤੀਮਾਨ ਅਤੇ ਸਰਬਵਿਆਪਕ ਹਸਤੀ ਹੈ। ਜੀਵ-ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ ਪਰੰਤੂ ਇਹ ਆਪਣੇ ਪੂਰਬਲੇ ਕਰਮਾਂ ਕਰਕੇ ਉਸ ਤੋਂ ਵਿਛੜੀ ਹੋਈ ਹੋਣ ਕਰਕੇ ਆਵਾਗਵਣ ਦੇ ਚੱਕਰ ਵਿਚ ਪਈ ਰਹਿੰਦੀ ਹੈ। ਮਨੁੱਖਾ ਜੀਵਨ ਸਭ ਤੋਂ ਉੱਤਮ ਹੈ। ਨਾਮ ਸਿਮਰਨ ਨਾਲ ਜੀਵ ਆਪਣੇ ਅਸਲੇ ਨਾਲ ਜੁੜ ਸਕਦਾ ਹੈ ਅਤੇ ਇਹੀ ਮਨੁੱਖਾ ਜੀਵਨ ਦਾ ਪਰਮ ਲਕਸ਼ ਹੈ। ਗੁਰਮਤਿ ਦੇ ਦੂਸਰੇ ਪੱਖ ਵਿਚ ਇਹ ਸੰਦੇਸ਼ ਹੈ ਕਿ ਪ੍ਰਭੂ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਣਾ ਜੀਵਨ ਉਚੇਰਾ ਅਤੇ ਆਦਰਸ਼ਕ ਬਣਾਉਣਾ ਚਾਹੀਦਾ ਹੈ। ਗੁਰਮਤਿ ਦੇ ਸੁਨਹਿਰੀ ਅਸੂਲਾਂ ਵਿਚ ਸਤਿ ਸੰਗਤ, ਨਾਮ ਸਿਮਰਨ, ਸੇਵਾ, ਨਿਮਰਤਾ, ਭਾਣਾ ਮੰਨਣਾ, ਪਰਉਪਕਾਰ ਕਰਨਾ, ਕਿਰਤ ਕਰਨਾ, ਵੰਡ ਕੇ ਛਕਣਾ ਆਦਿ ਮਹਾਨ ਗੁਣ ਸ਼ਾਮਲ ਹਨ। ਇਹਨਾਂ ਗੁਣਾਂ ਅਨੁਸਾਰ ਜ਼ਿੰਦਗੀ ਢਾਲ ਕੇ ਮਨੁੱਖ ਸੰਤ, ਬ੍ਰਹਮ ਗਿਆਨੀ, ਗੁਰਮੁਖ ਅਤੇ ਸਾਧ ਵਰਗੀ ਅਧਿਆਤਮਿਕ ਪਦਵੀ ਪ੍ਰਾਪਤ ਕਰਦਾ ਹੋਇਆ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਨੁੱਖ ਨੂੰ ਮਨਮੁੱਖਤਾ ਤਿਆਗ ਕੇ ਗੁਰਮੁਖਤਾ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਅਤੇ ਪਰਮਾਤਮਾ ਦਾ ਜਸ ਗਾਇਨ ਕਰਨ ਦੇ ਬਿਰਤਾਂਤ ਦੀ ਪੇਸ਼ਕਾਰੀ ਵਿਦਮਾਨ ਹੈ। ਇਹ ਵਾਰਾਂ ਸ਼ਾਂਤ ਰਸ ਪ੍ਰਧਾਨ ਹਨ ਜਿਹਨਾਂ ਦਾ ਮਹਾਂਨਾਇਕ ਪਰਮਾਤਮਾ ਹੈ। ਵਾਰਾਂ ਵਿਚ ਉਸ ਮਹਾਂਨਾਇਕ ਦੀ ਵਡਿਆਈ ਅਤੇ ਉਸਤਤ ਅਨੇਕਾਂ ਢੰਗਾਂ ਨਾਲ ਕੀਤੀ ਗਈ ਹੈ। ਇਹਨਾਂ ਅਧਿਆਤਮਿਕ ਵਾਰਾਂ ਵਿਚ ਨੇਕੀ ਅਤੇ ਬਦੀ ਦੀ ਹੀ ਟੱਕਰ ਹੁੰਦੀ ਹੈ। ਜੀਵ-ਆਤਮਾ ਦਾ ਪਰਮ ਆਤਮਾ ਨਾਲ ਮਿਲਾਪ ਕਰਾਉਣ ਲਈ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਨਾਲ ਟੱਕਰ ਲੈਣੀ ਪੈਂਦੀ ਹੈ ਅਤੇ ਅੰਤ ਵਿਚ ਜਿੱਤ ਸੱਚ ਦੀ ਹੀ ਹੁੰਦੀ ਹੈ। ਇਹਨਾਂ ਅਧਿਆਤਮਿਕ ਵਾਰਾਂ ਵਿਚ ਸੰਸਾਰਿਕ ਯੁੱਧਾਂ ਦੀ ਬੀਰਤਾ ਬਾਰੇ ਚਰਚਾ ਨਹੀਂ ਹੁੰਦੀ ਅਤੇ ਨਾ ਹੀ ਕਿਸੇ ਰਾਜੇ-ਮਹਾਰਾਜੇ, ਸਰਦਾਰ ਜਾਂ ਸੂਰਮੇ ਦੀ ਬਹਾਦਰੀ ਦਾ ਜਸ ਗਾਇਆ ਜਾਂਦਾ ਹੈ। ਇਸੇ ਤਰ੍ਹਾਂ ਇਹਨਾਂ ਅਧਿਆਤਮਿਕ ਵਾਰਾਂ ਦਾ ਨਾਇਕ ਵੀ ਕੋਈ ਦੁਨਿਆਵੀ ਯੋਧਾ ਨਹੀਂ ਸਗੋਂ ਗੁਰਮੁਖ ਯੋਧਾ ਹੁੰਦਾ ਹੈ ਜਿਸ ਨੂੰ ਵਿਕਾਰਾਂ ਨਾਲ ਸਿੱਧੀ ਟੱਕਰ ਲੈਣੀ ਪੈਂਦੀ ਹੈ।

ਇਹਨਾਂ ਅਧਿਆਤਮਿਕ ਵਾਰਾਂ ਵਿਚ ਕਰਤਾ ਪੁਰਖ ਦਾ ਵਰਣਨ ਕੀਤਾ ਹੁੰਦਾ ਹੈ ਅਤੇ ਉਸ ਦੀ ਪ੍ਰਾਪਤੀ ਲਈ ਗੁਰਮੁਖ ਨੂੰ ਸਤਿਗੁਰੂ ਦੀ ਸ਼ਰਨ ਵਿਚ ਜਾਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ।

ਜਿਥੇ ਭਾਈ ਗੁਰਦਾਸ ਜੀ ਨੂੰ ਇਕ ਸਫ਼ਲ ਗੁਰਮਤਿ ਸਿਧਾਂਤਾਂ ਦਾ ਵਿਆਖਿਆਕਾਰ, ਗੁਰਮਤਿ ਦਾ ਮਹਾਨ ਵਿਦਵਾਨ, ਭਾਸ਼ਾ ਵਿਗਿਆਨੀ ਅਤੇ ਇਤਿਹਾਸਕਾਰ ਮੰਨਿਆ ਜਾ ਸਕਦਾ ਹੈ ਉਥੇ ਟੀਕਾਕਾਰੀ ਦੀ ਕਲਾ ਉਹਨਾਂ ਦੀ ਇਕ ਨਿਵੇਕਲੀ ਪਹਿਚਾਣ ਨਿਰਧਾਰਤ ਕਰਦੀ ਹੈ। ਗੁਰਬਾਣੀ ਦੀ ਟੀਕਾਕਾਰੀ ਦਾ ਆਰੰਭ ਭਾਈ ਗੁਰਦਾਸ ਜੀ ਨੇ ਹੀ ਅਰੰਭਿਆ। ਗੁਰਬਾਣੀ ਦੀ ਵਿਆਖਿਆ ਨੂੰ ਸੰਖੇਪ ਅਰਥਾਂ ਵਿਚ ਸਮਝਾਉਣ ਵਾਲੇ ਭਾਈ ਗੁਰਦਾਸ ਜੀ ਨੂੰ ਪਹਿਲੇ ਟੀਕਾਕਾਰ ਹੋਣ ਦਾ ਮਾਣ ਪ੍ਰਾਪਤ ਹੈ। ਉਹਨਾਂ ਨੇ ਇਸ ਮੰਤਵ ਲਈ ਭਾਰਤੀ ਸੰਸਕ੍ਰਿਤੀ ਵਿਚੋਂ ਮਿੱਥਾਂ, ਅਖਾਣਾਂ ਅਤੇ ਲੋਕ-ਸਿਆਣਪਾਂ ਆਦਿ ਦੇ ਬਿਰਤਾਂਤ ਰਾਹੀਂ ਗੁਰਬਾਣੀ ਵਿਚਲੇ ਮੂਲ ਆਸ਼ੇ ਨੂੰ ਸਪਸ਼ਟ ਅਤੇ ਸਰਲ ਬਣਾ ਕੇ ਲੋਕਾਂ ਦੀ ਸਮਝ ਗੋਚਰੇ ਕੀਤਾ ਹੈ। ਉਹਨਾਂ ਨੇ ਭਾਰਤੀ ਸੰਸਕ੍ਰਿਤੀ ਅਤੇ ਅਧਿਆਤਮਿਕ ਸੰਸਾਰ 'ਚੋਂ ਸਾਮਗਰੀ ਲੈ ਕੇ ਲੋਕ ਪ੍ਰਚਲਤ ਕਾਵਿ-ਰੂਪ ਵਾਰ ਨੂੰ ਆਪਣੇ ਸੰਚਾਰ ਦਾ ਮਾਧਿਅਮ ਬਣਾਇਆ ਹੈ। ਉਹਨਾਂ ਦੀ ਵਾਰ-ਕਾਵਿ ਰਚਨਾ ਕੇਵਲ ਅਧਿਆਤਮਿਕ ਦਾਇਰੇ ਤੱਕ ਹੀ ਸੀਮਿਤ ਨਹੀਂ ਸਗੋਂ ਤੱਤਕਾਲੀ ਸਮਾਜਿਕ ਸਭਿਆਚਾਰ ਨੂੰ ਆਪਣੇ ਕਲੇਵਰ ਵਿਚ ਲਿਆਉਂਦੀ ਹੈ।

ਭਾਰਤੀ ਸੰਸਕ੍ਰਿਤੀ ਵਿਚੋਂ ਮਿੱਥਕ ਕਥਾਵਾਂ ਦਾ ਬਿਰਤਾਂਤ ਜਨ-ਜੀਵਨ ਵਿਚ ਸਦਾਚਾਰਕ ਅਤੇ ਨੈਤਿਕ ਸਿਖਿਆ ਦਾ ਇਕ ਪ੍ਰਪੱਕ ਰੂਪ ਧਾਰਨ ਕਰਦਾ ਹੈ। ਭਾਈ ਗੁਰਦਾਸ ਵੀ ਆਪਣੀ ਵਾਰ-ਕਾਵਿ ਰਚਨਾ ਵਿਚ ਇਹਨਾਂ ਇਤਿਹਾਸਕ ਅਤੇ ਮਿਥਿਹਾਸਕ ਕਥਾਵਾਂ ਦੇ ਬਿਰਤਾਂਤ ਨੂੰ ਗੁਰਬਾਣੀ ਦੇ ਆਸ਼ੇ ਅਨੁਸਾਰ ਵਰਤਦੇ ਹਨ। ਉਹਨਾਂ ਨੇ ਇਹਨਾਂ ਪੁਰਾਣਿਕ ਕਥਾਵਾਂ ਦੇ ਬਿਰਤਾਂਤ ਨੂੰ ਹੂ-ਬ-ਹੂ ਨਹੀਂ ਲਿਆ ਸਗੋਂ ਇਸ ਬਿਰਤਾਂਤ ਨੂੰ ਗੁਰਬਾਣੀ ਵਿਚਲੇ ਦ੍ਰਿਸ਼ਟਾਂਤਾਂ ਅਤੇ ਪ੍ਰਮਾਣਾਂ ਵਜੋਂ ਲੈ ਕੇ ਲੋਕ-ਮਾਨਸ ਵਿਚ ਬੈਠੇ ਵਿਸ਼ਵਾਸਾਂ ਨੂੰ ਦ੍ਰਿੜ ਕਰਵਾਇਆ ਹੈ ਅਤੇ

ਭਾਈ ਗੁਰਦਾਸ ਦੀਆਂ ਵਾਰਾਂ ਦੇ ਸਿਰਜਤ ਬਿਰਤਾਂਤ ਦਾ ਹੀ ਚਮਤਕਾਰ ਹੈ ਜਿਹੜਾ ਉਦਾਰ ਮਾਨਵਵਾਦੀ ਵਿਚਾਰਧਾਰਾ ਦੇ ਮਾਧਿਅਮ ਰਾਹੀਂ ਨਵੀਂ ਮਾਨਵੀ ਪਹਿਚਾਣ ਕਰਨ ਦੀ ਉਸਾਰੀ ਕਰਨ ਦਾ ਉਪਰਾਲਾ ਕਰਦਾ ਹੈ। ਇਹ ਇਕ ਅਜਿਹੇ ਆਦਰਸ਼ ਮਾਨਵ ਵਿਅਕਤੀ ਦਾ ਬਿਰਤਾਂਤ ਸਿਰਜਦਾ ਹੈ ਜਿਹੜਾ ਆਪਣੇ ਮਨੋਬਲ ਰਾਹੀਂ ਹਰ ਤਰ੍ਹਾਂ ਦੇ ਦਮਨ ਅਤੇ ਸ਼ੋਸ਼ਣ ਨੂੰ ਨਕਾਰ ਕੇ ਨਿਰਭੈ ਅਤੇ ਨਿਰਵੈਰ ਹੋ ਕੇ ਵਿਚਰਨ ਦੀ ਸ਼ਕਤੀ ਰੱਖਦਾ ਹੋਵੇ। ਇਸ ਤਰ੍ਹਾਂ ਇਕ ਆਦਰਸ਼ ਮਾਨਵ ਦਾ ਸੰਕਲਪ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਭਰਪੂਰਤਾ ਸਹਿਤ ਉਜਾਗਰ ਹੁੰਦਾ ਹੈ ਜਿਸ ਵਿਚਲਾ ਪ੍ਰਮਾਰਥ ਵਿਅਕਤੀ, ਸਮੂਹ ਅਤੇ ਸਮਾਜ ਦੇ ਕਲਿਆਣਕਾਰੀ ਪ੍ਰਯੋਜਨ ਲਈ ਯਤਨਸ਼ੀਲ ਰਹਿੰਦਾ ਹੈ।

# ਪੁਸਤਕ ਸੂਚੀ

**ਪੰਜਾਬੀ ਪੁਸਤਕਾਂ**


ਅਤਰ ਸਿੰਘ (ਡਾ.), **ਦ੍ਰਿਸ਼ਟੀਕੋਣ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

--------, **ਸੰਵੇਦਨਾ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984

ਅਰਸ਼ੀ, ਗੁਰਚਰਨ ਸਿੰਘ (ਡਾ.) (ਸੰਪਾ.), ***ਬਿਰਤਾਂਤ-ਸ਼ਾਸਤ੍ਰ ਅਤੇ ਪੰਜਾਬੀ ਚਿੰਤਨ***, ਪੰਜਾਬੀ ਅਕਾਦਮੀ, ਦਿੱਲੀ, 2006

ਅਰੋੜਾ, ਧਰਮਜੀਤ ਸਿੰਘ, **ਵਾਰਕਾਰ ਗੁਰੂ ਅਮਰਦਾਸ,** ਅਮੋਲ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973

ਸਤਿੰਦਰ ਸਿੰਘ (ਡਾ.), ***ਵਿਹਾਰਕ ਸਮੀਖਿਆ : ਕਵਿਤਾ ਤੇ ਵਾਰਤਕ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005

ਸ਼ਰਮਾ, ਜੀ. ਐੱਲ, ***ਬੁਲ੍ਹੇ ਸ਼ਾਹ ਵਿਵੇਚਨ ਤੇ ਰਚਨਾ,*** ਸੁੰਦਰ ਦਾਸ ਐਂਡ ਸੰਨਜ਼, ਅੰਮ੍ਰਿਤਸਰ, 1974

ਸਾਹਿਬ ਸਿੰਘ (ਪ੍ਰੋ.), **ਗੁਰਬਾਣੀ ਤੇ ਇਤਿਹਾਸ ਬਾਰੇ**, ਸਿੰਘ ਬ੍ਰਦਰਜ਼, ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ, 1966

-------, **ਗੁਰਬਾਣੀ ਵਿਆਕਰਣ**, ਪੰਜਾਬ ਲਿਟਰੇਰੀ ਪ੍ਰੈਸ ਅੰਮ੍ਰਿਤਸਰ, 1939

--------, **ਆਸਾ ਦੀ ਵਾਰ ਸਟੀਕ**, ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1970

-------, **ਦਸ ਵਾਰਾਂ ਸਟੀਕ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀ ਰਹਿਤ

ਸ਼ਾਂਤ, ਗੁਰਬਖਸ਼ ਸਿੰਘ (ਡਾ.), *ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1984

ਸ਼ਾਂਤੀ, ਸੇਠੀ *ਸੰਤ ਕਬੀਰ*, ਰਾਧਾ ਸੁਆਮੀ, ਬਿਆਸ, 2004

ਸੀਤਲ, ਜੀਤ ਸਿੰਘ (ਸੰਪਾ.), **ਪੰਜਾਬੀ ਬੀਰ ਸਾਹਿਤ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਸੇਖੋਂ, ਸੰਤ ਸਿੰਘ, **ਪੰਜਾਬੀ ਕਾਵਿ ਸ਼ਿਰੋਮਣੀ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964

------, **ਭਾਈ ਗੁਰਦਾਸ ਇਕ ਅਧਿਐਨ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975

ਸੰਧੂ, ਗੁਰਜੀਤ ਸਿੰਘ (ਡਾ.), *ਦਰਸ਼ਨ ਸਿੰਘ ਧੀਰ ਦਾ ਨਾਵਲੀ ਬਿਰਤਾਂਤ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2003

ਸੰਧੂ, ਗੁਰਪਾਲ ਸਿੰਘ (ਡਾ.), **ਭਾਸ਼ਾ ਵਿਗਿਆਨ ਅਤੇ ਸਾਹਿਤ ਸ਼ਾਸਤਰ**, ਲੋਕ ਗੀਤ ਪ੍ਰਕਾਸ਼ਨ, ਸਰਹਿੰਦ, 1989

--------, **ਚਿਹਨ ਵਿਗਿਆਨ ਦੇ ਤੱਤ**, ਲੋਕ ਗੀਤ ਪ੍ਰਕਾਸ਼ਨ, ਸਰਹਿੰਦ, 1991

-------, *ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਹਰਬੰਸ ਸਿੰਘ (ਗਿਆਨੀ), *ਵਾਰਾਂ ਭਾਈ ਗੁਰਦਾਸ ਜੀ,* ਖਾਲਸਾ ਸਾਹਿਤ ਸਦਨ, ਅੰਮ੍ਰਿਤਸਰ, 2004

ਹਰਿਭਜਨ ਸਿੰਘ (ਡਾ.), **ਮੁੱਲ ਤੇ ਮੁਲਾਂਕਣ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972

-------, **ਪਾਰਗਾਮੀ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1974

-------, **ਰਚਨਾ-ਸੰਰਚਨਾ,** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1977

--------, **ਸਾਹਿੱਤ ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲਾ ਸੰਸਕਰਣ, 1981

ਕਰਤਾਰ ਸਿੰਘ, ***ਸਿੱਖ ਇਤਿਹਾਸ,*** ਭਾਗ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੂਜੀ ਵਾਰ 1971

ਕਿਸ਼ਨ ਸਿੰਘ, **ਗੁਰਬਾਣੀ ਦਾ ਸੱਚ**, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1976

ਕੌਰ ਸਿੰਘ (ਅਕਾਲੀ), **ਗੁਰੂ ਸ਼ਬਦ ਰਤਨ ਪ੍ਰਕਾਸ਼,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1986

ਕੇਸਰ, ਕੇਸਰ ਸਿਘ (ਡਾ.), **ਸਾਹਿਤ-ਖੋਜ ਅਤੇ ਸਾਹਿਤ ਆਲੋਚਨਾ,** ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1996

ਕੁਲਵੰਤ ਸਿੰਘ (ਡਾ.), ***ਮਿੱਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,*** ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, 1982

ਕੁਲਵੰਤ ਕੌਰ (ਡਾ.), ***ਭਾਈ ਗੁਰਦਾਸ ਦੀਆਂ ਵਾਰਾਂ ਦਾ ਮਿੱਥ ਵਿਗਿਆਨਕ ਅਧਿਐਨ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1991

ਕੰਵਰ, ਤਿਰਲੋਕ ਸਿੰਘ (ਡਾ.), **ਸਾਹਿਤ ਅਧਿਐਨ ਦੀ ਸੰਰਚਨਾਵਾਦੀ ਪ੍ਰਣਾਲੀ,** ਅਰਵਿੰਦਰ ਹਨੂਵੰਤ ਪ੍ਰਕਾਸ਼ਨ, ਨਵੀਂ ਦਿੱਲੀ, 1976

-------, **ਪਾਠ ਤੇ ਪ੍ਰਸੰਗ**, ਨਵਯੁਗ ਪਬਲਿਸ਼ਰਜ਼, ਦਿੱਲੀ, 1985

-------, **ਸੰਚਾਰ ਸਭਿਆਚਾਰ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986

-------, **ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ**, ਲੋਕ ਗੀਤ ਪ੍ਰਕਾਸ਼ਨ, ਸਰਹਿੰਦ, 1988

ਗਰੇਵਾਲ, ਅਮਰਜੀਤ ਸਿੰਘ, ***ਪੰਜਾਬੀ ਸਭਿਆਚਾਰ : ਪਹਿਚਾਣ ਅਤੇ ਸ਼ਕਤੀ,*** ਸਿਮਰਨ ਪਬਲੀਕੇਸ਼ਨ, ਲੁਧਿਆਣਾ, 1998

ਗੁਰਭਗਤ ਸਿੰਘ (ਡਾ.), **ਉਤਰ-ਆਧੁਨਿਕਤਾਵਾਦ,** ਮਦਾਨ ਪਬਲੀਕੇਸ਼ਨ, ਪਟਿਆਲਾ, 2001

ਗਿੱਲ, ਤੇਜਵੰਤ ਸਿੰਘ (ਡਾ.), **ਪੰਜਾਬੀ ਸਭਿਆਚਾਰ, ਪ੍ਰਮਾਣ ਤੇ ਪ੍ਰਤੀਮਾਨ,** ਸਾਹਿਤ ਕਲਾ ਕੇਂਦਰ, ਲੁਧਿਆਣਾ, 1986

ਗੁਰਦਿੱਤ ਸਿੰਘ (ਗਿਆਨੀ), **ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ),** ਸਿੱਖ ਸਾਹਿਤ ਸੰਸਥਾਨ, ਚੰਡੀਗੜ੍ਹ, ਦਿੱਲੀ, 1990

ਗੰਡਾ ਸਿੰਘ (ਡਾ.), **ਪੰਜਾਬ ਦੀਆਂ ਵਾਰਾਂ,** ਸਰੋਵਰ ਪ੍ਰਿੰਟਿੰਗ ਪ੍ਰੈਸ, ਜਲੰਧਰ (ਮਿਤੀ ਰਹਿਤ)

ਘੁੰਮਣ, ਕਪੂਰ ਸਿੰਘ (ਡਾ.), ***ਭਾਈ ਗੁਰਦਾਸ ਜੀਵਨ ਤੇ ਰਚਨਾ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1983

ਘੁੰਮਣ, ਬਿਕਰਮ ਸਿੰਘ (ਡਾ.), **ਆਸਾ ਦੀ ਵਾਰ ਚਿੰਤਨ ਤੇ ਕਲਾ**, ਲਿਟਰੇਚਰ ਹਾਊਸ, ਅੰਮ੍ਰਿਤਸਰ, 1981

ਚੌਪਾ ਸਿੰਘ (ਭਾਈ), ***ਰਹਿਤਨਾਮੇ,*** (ਪਿਆਰਾ ਸਿੰਘ ਪਦਮ, ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995

ਜਗਜੀਤ ਸਿੰਘ (ਡਾ.), ***ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਆਲੋਚਨਾਤਮਕ ਅਧਿਐਨ***, ਪੈਪਸੂ ਬੁੱਕ ਡਿਪੂ, ਪਟਿਆਲਾ, 1974

ਜਗਬੀਰ ਸਿੰਘ (ਡਾ.), **ਬਾਣੀ-ਸੰਸਾਰ**, ਰਵਿੰਦਰ ਪ੍ਰਕਾਸ਼ਨ, ਦਿੱਲੀ, 1974

------, **ਬਿਰਤਾਂਤਕ ਗਲਪ ਸਿਧਾਂਤ ਤੇ ਸਮੀਖਿਆ,** ਆਰਸੀ ਪਬਲਿਸ਼ਰਜ਼, ਦਿੱਲੀ, 1992

-------, **ਸਮੀਖਿਆ ਵਿਹਾਰ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1997

-------, ***ਗੁਰਮਤਿ ਕਾਵਿ ਦਾ ਇਤਿਹਾਸ,*** ਪੰਜਾਬੀ ਅਕਾਦਮੀ, ਪਟਿਆਲਾ, 2004

--------, ***ਸਮਕਾਲੀ ਪੰਜਾਬੀ ਬਿਰਤਾਂਤ***, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006

ਜੱਗੀ, ਰਤਨ ਸਿੰਘ (ਡਾ.), **ਸਾਹਿਤ ਅਧਿਐਨ ਵਿਧੀਆਂ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

-------, ***ਭਾਈ ਗੁਰਦਾਸ: ਜੀਵਨ ਤੇ ਰਚਨਾ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974

ਤਾਰਨ ਸਿੰਘ, **ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1978

ਥਿੰਦ, ਸੁਖਪਾਲ ਸਿੰਘ (ਡਾ.), **ਬਿਰਤਾਂਤ ਸ਼ਾਸਤਰ ਉਤਰ-ਆਧੁਨਿਕ ਪਰਿਪੇਖ,** ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2002

ਦੀਪ, ਦਲੀਪ ਸਿੰਘ (ਡਾ.), ***ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਆਲੋਚਨਾਤਮਕ ਤੇ ਤੁਲਨਾਤਮਕ ਅਧਿਐਨ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000

ਦੀਵਾਨ ਸਿੰਘ (ਡਾ.), ***ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ,*** ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1968

ਧਨਵੰਤ ਕੌਰ (ਡਾ.), **ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ-ਸ਼ਾਸਤਰੀ ਅਧਿਐਨ,** ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1994

ਧਾਲੀਵਾਲ, ਬਲਦੇਵ ਸਿੰਘ (ਡਾ.), ***ਪੰਜਾਬੀ ਬਿਰਤਾਂਤਕ ਪ੍ਰਵਚਨ***, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਨਾਭਾ, ਕਾਨ੍ਹ ਸਿੰਘ (ਭਾਈ), ***ਗੁਰਮਤਿ ਸੁਧਾਕਰ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਨਾਰੰਗ, ਗੋਪੀ ਚੰਦ, **ਸੰਚਨਾਵਾਦ, ਉੱਤਰ-ਸੰਰਚਨਾਵਾਦ ਅਤੇ ਕਾਵਿ-ਸ਼ਾਸਤਰ** (ਅਨੁ.), ਸਾਹਿਤ ਅਕਾਦਮੀ, ਨਵੀਂ ਦਿੱਲੀ, 2002

ਨੂਰ, ਸੁਤਿੰਦਰ ਸਿੰਘ (ਡਾ.), **ਨਵੀਂ ਪੰਜਾਬੀ ਆਲੋਚਨਾ**, ਇਕੱਤੀ ਫਰਵਰੀ ਪ੍ਰਕਾਸ਼ਨ, ਦਿੱਲੀ, 1977

------, **ਸਾਹਿਤ ਸਿਧਾਂਤ ਤੇ ਵਿਹਾਰ**, ਆਰਸੀ ਪਬਲਿਸ਼ਰਜ਼, ਦਿੱਲੀ, 1994

------, **ਸਭਿਆਚਾਰ ਤੇ ਸਾਹਿਤ**, ਆਰਸੀ ਪਬਲਿਸ਼ਰਜ਼, ਦਿੱਲੀ, 1994

------, **ਸੰਵਾਦ ਸਿਰਜਣਾ**, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 1999

ਪਦਮ, ਪਿਆਰਾ ਸਿੰਘ, **ਪੰਜਾਬੀ ਵਾਰਾਂ**, ਕਲਮ ਮੰਦਰ, ਪਟਿਆਲਾ, 1980

------- (ਸੰਪਾ.), **ਪੰਜਾਬੀ ਵਾਰਾਂ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1951

ਪ੍ਰੇਮ ਪ੍ਰਕਾਸ਼ ਸਿੰਘ (ਡਾ.), ***ਅਰਸਤੂ ਦਾ ਕਾਵਿ-ਸ਼ਾਸਤ੍ਰ***, ਲਾਹੌਰ ਬੁਕ ਸ਼ਾਪ, ਲੁਧਿਆਣਾ, 1976

ਬਲਕਾਰ ਸਿੰਘ (ਪ੍ਰੋ.), *ਗੁਰਮਤਿ ਵਿਵੇਚਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

ਬਾਜਵਾ, ਮਲਕੀਤ ਸਿੰਘ (ਡਾ.), **ਗੁਰੂ ਅਰਜਨ ਦੇਵ ਬਾਣੀ ਤੇ ਸਰੋਦਿਕਤਾ,** ਸੁਰਤਾਲ ਪ੍ਰਕਾਸ਼ਨ, ਪਰਤਾਬਪੁਰਾ (ਜਲੰਧਰ), 1990

ਬੇਗੋਵਾਲ, ਜਸਵੰਤ (ਡਾ.), *ਭਾਈ ਗੁਰਦਾਸ ਜੀ ਦਾ ਵਾਰ-ਸੰਸਾਰ,* ਬਲਵੰਤ ਪ੍ਰਕਾਸ਼ਨ, ਜਲੰਧਰ, 2000

ਬੇਦੀ, ਕਾਲਾ ਸਿੰਘ (ਡਾ.), **ਵਾਰਕਾਰ ਗੁਰੂ ਨਾਨਕ**, ਪੰਜਾਬ ਬੁੱਕ ਸੈਂਟਰ, ਦਿੱਲੀ, 1968

--------, **ਵਾਰਾਂ ਗੁਰੂ ਨਾਨਕ**, ਪੰਜਾਬ ਬੁੱਕ ਸ਼ਾਪ, ਦਿੱਲੀ, 1969

ਬੇਦੀ, ਭਗਤ ਸਿੰਘ (ਡਾ.), **ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

ਭੱਟੀ, ਸੁਰਜੀਤ ਸਿੰਘ (ਡਾ.), **ਪਰੰਪਰਾ: ਪੁਨਰ ਚਿੰਤਨ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003

ਭਾਟੀਆ, ਹਰਿਭਜਨ ਸਿੰਘ (ਡਾ.), *ਪੰਜਾਬੀ ਆਲੋਚਨਾ: ਸਿਧਾਂਤ ਤੇ ਵਿਹਾਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988

------- (ਸੰਪਾ.), *ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ: ਸੰਬਾਦ ਤੇ ਮੁਲਾਂਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998

ਮਜੀਠੀਆ, ਸੁਦਰਸ਼ਨ ਸਿੰਘ (ਸੰਪਾ.), **ਸੰਤ ਸਾਹਿਤ**, ਰੂਪ ਕਮਲ ਪ੍ਰਕਾਸ਼ਨ, ਦਿੱਲੀ, 1962

ਮਨਮੋਹਨ ਸਿੰਘ (ਡਾ.), **ਗੁਰਮਤਿ ਕਾਵਿ ਅਤੇ ਭਗਤੀ ਧਾਰਾ**, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1981

ਰਘਬੀਰ ਸਿੰਘ (ਡਾ.) (ਸੰਪਾ.), **ਪੰਜਾਬੀ ਸਾਹਿਤ ਦੀ ਪਛਾਣ**, ਸਾਹਿਤ ਅਕਾਦਮੀ, ਦਿੱਲੀ, 1998

ਰਵੀ, ਰਵਿੰਦਰ ਸਿੰਘ (ਡਾ.), **ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ,** ਸੋਧ ਪ੍ਰਕਾਸ਼ਨ, ਪਟਿਆਲਾ, 1982

ਰਾਜਿੰਦਰ ਕੌਰ **ਭਾਈ ਗੁਰਦਾਸ ਦੀਆਂ ਵਾਰਾਂ: ਇਕ ਸਾਹਿਤਕ ਅਧਿਐਨ**, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1971

ਰਾਮ ਸਿੰਘ (ਪ੍ਰੋ.), ***ਗੁਰੂ ਨਾਨਕ ਦੀ ਸੁਹਜ ਕਲਾ,*** ਸਿੰਘ ਬ੍ਰਦਰਜ਼, ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ, 1968

ਲਾਂਬਾ, ਗੋਬਿੰਦ ਸਿੰਘ (ਡਾ.), **ਆਦਿ ਗ੍ਰੰਥ ਤੋਂ ਬਾਹਰਲੇ ਭਗਤ ਤੇ ਉਹਨਾਂ ਦਾ ਸਾਹਿਤ,** ਅਮਰਜੀਤ ਬੁੱਕ ਸਟੋਰ, ਪਟਿਆਲਾ, 1980

ਵਿਨੋਦ, ਟੀ. ਆਰ. (ਡਾ.), ***ਸੰਸਕ੍ਰਿਤੀ: ਸਿਧਾਂਤ ਅਤੇ ਵਿਹਾਰ,*** ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2004

ਵੀਰ ਸਿੰਘ (ਭਾਈ) (ਸੰਪਾ.), ***ਕਬਿਤ ਭਾਈ ਗੁਰਦਾਸ,*** ਖਾਲਸਾ ਸਮਾਚਾਰ, ਅੰਮ੍ਰਿਤਸਰ (ਦੂਜੀ ਵਾਰ) 1980

ਵੋਹਰਾ, ਆਸ਼ਾ ਨੰਦ (ਡਾ.), **ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਆਸਾ ਦੀ ਵਾਰ (ਇਕ ਸਾਂਸਕ੍ਰਿਤਿਕ ਅਧਿਐਨ)**, ਜੈਨ ਬੁੱਕ ਡਿਪੂ, ਰੋਹਤਕ


**ਹਿੰਦੀ ਪੁਸਤਕਾਂ**


ਓਝਾ, ਦਸਰਥ, **ਸਮੀਕਸ਼ਾ ਸਿਧਾਂਤ**, ਰਾਜਪਾਲ ਐਂਡ ਸੰਨਜ਼, ਦਿੱਲੀ, 1957

ਇਸ਼ਰ ਦਵਿੰਦਰ, ***ਉਤਰ ਆਧੁਨਿਕਤਾ: ਸਾਹਿਤਯ ਔਰ ਸੰਸਕ੍ਰਿਤੀ ਕੀ ਨਯੀ ਸੋਚ***, ਇੰਦਰ ਪ੍ਰਸਥ ਪ੍ਰਕਾਸ਼ਨ, ਦਿੱਲੀ, 1996

ਸ਼ਰਮਾ, ਰਾਜ ਕੁਮਾਰ (ਸੰਪਾ.), **ਵਿਚਾਰਧਾਰਾ ਔਰ ਸਾਹਿਤਯ,** ਰਾਜ ਪਬਲਿਸ਼ਰਜ਼ ਹਾਊਸ, ਦਿੱਲੀ, 1979

ਹਜ਼ਾਰੀ ਪ੍ਰਸਾਦ ਦ੍ਵਿਵੇਦੀ, ***ਹਿੰਦੀ ਸਾਹਿਤਯ ਕੀ ਭੂਮਿਕਾ***, ਹਿੰਦੀ ਗ੍ਰੰਥ ਰਤਨਾਕਰ, ਬੰਬਈ, 1963

-------, ***ਪਲਟੂ ਸਾਹਿਬ ਕੀ ਬਾਨੀ*** (ਭਾਗ-1), ਬੇਲਵੇਡਿਅਰ ਪ੍ਰਿੰਟਿੰਗ ਪ੍ਰੈਸ, ਇਲਾਹਾਬਾਦ, 1915

ਕੌਸ਼ਿਕ, ਨਿਰਮਲ ਕੁਮਾਰ, ***ਭਾਈ ਗੁਰਦਾਸ : ਵਿਅਕਤਿਤਵ ਔਰ ਕ੍ਰਿਤੀਤਵ,*** ਸੂਰਯ ਪ੍ਰਕਾਸ਼ਨ, ਦਿੱਲੀ, 1984

ਜਯਰਾਮ ਮਿਸ਼ਰ, ***ਨਾਨਕ ਬਾਣੀ,*** ਮਿੱਤਰ ਪ੍ਰਕਾਸ਼ਨ, ਇਲਾਹਾਬਾਦ, 1961

ਧਰਮ ਪਾਲ ਮੈਨੀ (ਡਾ.), **ਸੰਤੋਂ ਕੇ ਧਾਰਮਿਕ ਵਿਸ਼ਵਾਸ,** ਨਵਜੋਤ ਪਬਲੀਕੇਸ਼ਨਜ਼, ਮਲੇਰਕੋਟਲਾ, ਪ੍ਰਥਮ ਸੰਸਕਰਣ

--------, **ਮੱਧਯੁਗੀਨ ਨਿਰਗੁਣ ਚੇਤਨਾ**, ਲੋਕ ਭਾਰਤੀਯ ਪ੍ਰਕਾਸ਼ਨ, ਇਲਾਹਾਬਾਦ, ਪਹਿਲਾ ਸੰਸਕਰਣ

ਧਰਮਪਾਲ ਸਰੀਨ, **ਨੀਚ ਤੇ ਊਚ ਕੀਓ ਮੇਰੇ ਸਤਿਗੁਰੂ**, ਐਸ ਚੰਦ ਐਂਡ ਕੰਪਨੀ, ਨਈ ਦਿੱਲੀ, ਪਹਿਲਾ ਸੰਸਕਰਣ

ਪਰਸੂਰਾਮ ਚਤੁਰਵੇਦੀ, **ਉਤਰੀ ਭਾਰਤੀ ਕੀ ਸੰਤ ਪਰੰਪਰਾ**, ਭਾਰਤੀ-ਭੰਡਾਰ, ਤੀਜਾ ਸੰਸਕਰਣ, ਇਲਾਹਾਬਾਦ, 1972

--------, **ਹਿੰਦੀ ਕਾਵਯ ਮੇਂ ਪ੍ਰੇਮ ਪ੍ਰਵਾਹ**, ਕਿਤਾਬ ਮਹਲ, ਇਲਾਹਾਬਾਦ, ਪ੍ਰਥਮ ਸੰਸਕਰਣ

-------, **ਕਬੀਰ ਸਾਹਿਤਯ ਕੀ ਪਰਖ,** ਭਾਰਤੀ ਭੰਡਾਰ ਪ੍ਰਯਾਗ, ਪ੍ਰਥਮ ਸੰਸਕਰਣ

ਪਾਂਡੇ, ਮੈਨੇਜਰ, **ਸਾਹਿਤਯ ਕੇ ਸਮਾਜ-ਸ਼ਾਸਤਰ ਕੀ ਭੂਮਿਕਾ**, ਹਰਿਆਣਾ ਸਾਹਿਤਯ ਅਕਾਦਮੀ, ਚੰਡੀਗੜ੍ਹ, 1989

ਭਾਨ ਸਿੰਘ, ਉਦੈ ਅਤੇ ਸਾਥੀ (ਸੰਪਾ.), **ਸਾਹਿਤਯ ਅਧਿਐਨ ਕੀ ਦ੍ਰਿਸ਼ਟਾਏਂ**, ਨੈਸ਼ਨਲ ਪਬਲਿਸ਼ਿੰਗ ਹਾਊਸ, ਨਈਂ ਦਿੱਲੀ, 1980

ਮਾਰਕਸ ਕਾਰਲ, ਏਂਗਲਜ਼ ਫਰੈਡਰਿਕ, **ਸਾਹਿਤਯ ਔਰ ਕਲਾ**, ਰਾਜ ਕਮਲ ਪ੍ਰਕਾਸ਼ਨ, ਨਈਂ ਦਿੱਲੀ, 1991

ਮਿਸ਼ਰਾ, ਸ਼ਿਵ ਕੁਮਾਰ, **ਸਾਹਿਤਯ ਔਰ ਸਮਾਜਕ ਸੰਦਰਭ**, ਕਲਾ ਪ੍ਰਕਾਸ਼ਨ, ਦਿੱਲੀ, 1977

ਰਾਜਦੇਵ ਸਿੰਘ, **ਸੰਤ ਸਾਹਿਤਯ ਕੀ ਭੂਮਿਕਾ**, ਆਰਯਾ ਬੁੱਕ ਡੀਪੋ, ਨਈ ਦਿੱਲੀ, 1974

ਰਾਧਾ ਕ੍ਰਿਸ਼ਨਨ (ਡਾ.), **ਧਰਮ ਔਰ ਸਮਾਜ**, ਸਰਸਵਤ ਵਿਚਾਰ, ਨਈ ਦਿੱਲੀ, ਸੱਤਵਾਂ ਸੰਸਕਰਣ

ਰਾਜ ਕੁਮਾਰ ਵਰਮਾ (ਡਾ.), **ਕਬੀਰ ਕਾ ਰਹੱਸਵਾਦ**, ਸਾਹਿਤਯ ਭਵਨ ਲਿਮਟਿਡ ਇਲਾਹਾਬਾਦ, 11ਵਾਂ ਸੰਸਕਰਣ

## ਪੰਜਾਬੀ ਪੱਤਰਕਾਵਾਂ/ਮੈਗਜ਼ੀਨ

***ਖੋਜ ਦਰਪਣ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974

***ਗੁਰਮਤਿ ਪ੍ਰਕਾਸ਼***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਜਨਵਰੀ 1974

***ਪਰਖ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972

***ਪੰਜਾਬੀ ਦੁਨੀਆਂ***, ਭਾਈ ਗੁਰਦਾਸ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਸਤੰਬਰ-ਅਕਤੂਬਰ, 1968

------ ਭਾਈ ਗੁਰਦਾਸ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਫਰਵਰੀ, 1974

***ਨਾਨਕ ਪ੍ਰਕਾਸ਼***, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1978

## ENGLISH BOOKS:


Bal, Mieke, **Narratology, Introduction to the Theory of Narrative,** Toronto: University of Toronto Press, 1985

Barkes, Chris, ***Cultural Studies, Theory and Practice***, Sage Publication, London, 2000

Benerjee, Anil Chander, ***Guru Nanak And His Times***, Publication Bureau, Punjabi University, Patiala, 2nd Edition

Bhaba, Homi K, ***Nation and Narration***, Routledge, London, 1990

Booth Waynec, ***The Rhetonic of Fiction***, University of Chicago, Chicago, 1961

Cobley, Paul, ***Narrative,*** Routledge, London, 2001

Currie, Mark, ***Postmodern Narrative Theory,*** Macmillan Press Ltd., Hampshire, 1998

Eagleton, Terry, ***Marxism and Literary Criticism***, Methuen and Company Ltd., London, 1983

Fast, Haward, ***Literature and Reality***, People Publishing House, New Delhi, 1955

Fry, Northrop, ***Anatomy of Criticism***, Princeton, Universty Press, 1973

Genette, Gerard, ***Narrative Discourse,*** Basil Blackwell, Oxford, 1980

-----------, ***Narrative Discourse*** Reprinted, Cornell University Press, New York, 1988

Gerald, Prince, *Narratology: The Form and Functioning of Narrative*, Mouton, New York, 1982

Gill, Harjeet Singh, *Structure of Narrative in East and West*, Bahri Publications, 1989

Gorky, Maxim, *On Literature*, Progress Publishers, Moscow, 1976

Gurbhagat Singh, *Literature and Folklore, after Poststructuralism,* Ajanta Publications, Delhi, 1991

Hutcheon, Linda, *Narraistic Narrative*, Methuen, New York, 1980

Marx, K. And Engles, F., *On Literature and Art*, Progress Publishers, Moscow, 1976

Nirbhai Singh, *Bhagat Namdev in the Guru Granth*, Punjabi University, Patiala, 1981

Paul, Riceur, *Times and Narrative,* Vol. I, Baltimore, John Hopkins University, Press

Plekhanov, G., *Art and Social Life*, Progress, Publishers, Moscow, 1979

Prince, Gerarld, *Narratology: the Form and Functioning of Narrative,* Mouton, New York, 1982

Prem Lata, *Mystic Saints of India*, Ramanuj Sumeet Publications, Delhi Ist. Edition

Reader, Malvin, *Ethics and the Human*, Community, New York, 1964

Rimon-Kenan Shlomith, *Narrative Fiction: Contemporary Poetics*, Methuen and Company Ltd., London, 1983

Robert Scholes and Robert Kellogg. — ***The Nature of Narrative***, University Press, New York, 1978

Sewa, Ram Singh, — ***The Divine Master***, Rai Sahib M. Gulab Singh and Sons, Lahore, 1930

Tambling, Jeremy, — ***Narrative and Ideology***, Philadelphia: Open University Press Milton Keynes, 1991

Terence Hawkes, — ***Structuralism and Semiotics***, Methuen and Company, London, 1978

Uzell, Thomas.H., — ***Narrative Technique***, Brace World, Inc., New York, 1985

William, Raymond, — ***Marxism and Literature***, Oxford University, London, 1977

---------, — **Culture and Society**, Oxford University Press, 1977

## DICTIONARIES\ENCYCLOPAEDIAS

***ਹਿੰਦੀ ਸਾਹਿਤਯ ਕੋਸ਼*** (***ਭਾਗ ਇੱਕ***), ***ਪਰਿਭਾਸ਼ਕ ਸ਼ਬਦਾਵਲੀ***, ਗਿਆਨ ਮੰਡਲ, ਵਾਰਾਨਸੀ, 1985

***ਪੰਜਾਬੀ-ਅੰਗਰੇਜ਼ੀ ਕੋਸ਼***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 199

P.U. LIBRARY CHANDIGARH

A. Cuddon, **A Dictionary of Literature Terms,** Indian Book Cop. 1977

I, Frolove, **Dictionary of Philosophy,** Progress Publishers, Moscow, 1967

Murad Sefulinands, Richard. R, **A Dictionary of Philosophy**, Progress Quison (TR), Publications, Moscow, 1984

***Webster's Third New International Dictionary of English Language,*** Unabridged, Riverside Press in Cambridge, Massachusetts, 1961